# ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਫ਼ੈਕਲਟੀ ਆਫ ਸੋਸ਼ਲ ਸਾਇੰਸਿਜ਼
ਅਧੀਨ ਪੀਐਚ.ਡੀ. (ਧਰਮ ਅਧਿਐਨ)
ਦੀ ਡਿਗਰੀ ਹਿਤ ਪ੍ਰਸਤੁਤ

**ਖੋਜ-ਨਿਬੰਧ**

2014


ਨਿਗਰਾਨ:

ਡਾ. ਰਾਜਿੰਦਰ ਕੌਰ ਰੋਹੀ
ਪ੍ਰੋਫ਼ੈਸਰ, ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਖੋਜਾਰਥੀ

ਰੁਪਿੰਦਰਜੀਤ ਸਿੰਘ



**ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਪ੍ਰਮਾਣ-ਪੱਤਰ

ਪ੍ਰਮਾਣਿਕ ਕੀਤਾ ਜਾਂਦਾ ਹੈ ਕਿ ਰੁਪਿੰਦਰਜੀਤ ਸਿੰਘ ਨੇ ''**ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ"** ਵਿਸ਼ੇ 'ਤੇ ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਖੋਜ-ਕਾਰਜ ਹੈ ਅਤੇ ਉਸਦੀ ਮਿਹਨਤ ਦਾ ਸਿੱਟਾ ਹੈ। ਇਸ ਤੋਂ ਪਹਿਲਾਂ ਇਹ ਖੋਜ-ਨਿਬੰਧ ਕਿਸੇ ਵੀ ਉਪਾਧੀ ਲਈ ਕਿਤੇ ਵੀ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਨਿਬੰਧ ਨੂੰ ਪੀਐਚ.ਡੀ. ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਸਿਫਾਰਿਸ਼ ਕਰਦੀ ਹਾਂ।

**ਮਿਤੀ:**

**ਨਿਗਰਾਨ:**

**(ਡਾ. ਰਾਜਿੰਦਰ ਕੌਰ ਰੋਹੀ)**
**ਪ੍ਰੋਫੈਸਰ, ਧਰਮ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਘੋਸ਼ਣਾ-ਪੱਤਰ

ਮੈਂ ਬਿਆਨ ਕਰਦਾ ਹਾਂ ਕਿ ''**ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ**'' ਵਿਸ਼ੇ ਤੇ ਲਿਖੇ ਇਸ ਖੋਜ-ਨਿਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰੀ ਆਪਣੀ ਖੋਜ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਵਿਦਿਅਕ ਅਦਾਰੇ ਵੱਲੋਂ ਕੋਈ ਡਿਗਰੀ ਦਿੱਤੀ ਗਈ ਹੋਵੇ।

**ਪ੍ਰਤਿ ਹਸਤਾਖਰ:** **ਖੋਜਾਰਥੀ**

**(ਡਾ. ਰਾਜਿੰਦਰ ਕੌਰ ਰੋਹੀ)**
**ਪ੍ਰੋਫੈਸਰ, ਧਰਮ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

**(ਰੁਪਿੰਦਰਜੀਤ ਸਿੰਘ)**

# ਤਤਕਰਾ


| ਅਧਿਆਇ | ਵਿਸ਼ਾ | ਪੰਨਾ ਨੰ: |
|---|---|---|
| ਪਹਿਲਾ | **ਭੂਮਿਕਾ** | 1-10 |
| ਦੂਜਾ | **ਜੀਵਨ: ਭਾਈ ਨੰਦ ਲਾਲ ਗੋਯਾ** | 11-32 |
| ਤੀਜਾ | **ਜਾਣ-ਪਹਿਚਾਣ: ਰਚਨਾਵਾਂ ਭਾਈ ਨੰਦ ਲਾਲ ਗੋਯਾ** | 33-84 |
| ਚੌਥਾ | **ਸਿਧਾਂਤਕ ਵਿਸ਼ਲੇਸ਼ਣ: ਰਚਨਾਵਾਂ ਭਾਈ ਨੰਦ ਲਾਲ ਗੋਯਾ** | 85-207 |
| | **ਸਾਰ** | 208-224 |
| | **ਅੰਤਿਕਾ - 1** | 225-242 |
| | **ਅੰਤਿਕਾ - 2** | 243-248 |
| | **ਪੁਸਤਕ-ਸੂਚੀ** | 249-257 |

# ਅਧਿਆਇ – ਪਹਿਲਾ
# ਭੂਮਿਕਾ

ਇਸ ਖੋਜ ਨਿਬੰਧ ਦਾ ਵਿਸ਼ਾ ਹੈ, **'ਭਾਈ ਨੰਦ ਲਾਲ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ'**। ਨਿਰਸੰਦੇਹ ਅਤੇ ਬਿਨਾਂ ਕਿਸੇ ਵਾਦ-ਵਿਵਾਦ ਤੋਂ ਭਾਈ ਨੰਦ ਲਾਲ ਜੀ ਸਿੱਖ ਕੌਮ ਦੇ ਇਕ ਮਹਾਨ ਅਤੇ ਉੱਘੇ ਵਿਦਵਾਨ ਹੋਏ ਹਨ, ਪਰ ਨਾਲ ਹੀ ਉਹ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਇਕ ਮੰਨੇ-ਪ੍ਰਮੰਨੇ ਕਵੀ ਵੀ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਨੰਦਪੁਰ ਸਾਹਿਬ ਵਿਖੇ ਕਵੀਆਂ ਅਤੇ ਵਿਦਵਾਨਾਂ ਦਾ ਇਕ ਬਹੁਤ ਵੱਡਾ ਇਕੱਠ ਗੁਰੂ ਸਾਹਿਬ ਦੇ ਦਰਬਾਰ ਵਿਚ ਰਹਿਣ ਲੱਗ ਪਿਆ ਸੀ। ਲਗਭਗ ਉਹ ਸਾਰੇ ਵਿਦਵਾਨ ਤੇ ਕਵੀ ਗੁਰੂ ਸਾਹਿਬ ਦੀ ਸ਼ਖ਼ਸੀਅਤ, ਉਨ੍ਹਾਂ ਦੀਆਂ ਸਾਹਿਤਕ ਯੋਗਤਾਵਾਂ, ਰਚਨਾਵਾਂ ਅਤੇ ਉਨ੍ਹਾਂ ਦੇ ਦਿਲ ਦਰਿਆ ਤੋਂ ਲਾਭ ਪ੍ਰਾਪਤ ਕਰ ਰਹੇ ਸਨ। ਜਿਸ ਤਰ੍ਹਾਂ ਭਾਈ ਨੰਦ ਲਾਲ ਗੁਰਮਤਿ ਸਿਧਾਂਤਾਂ ਅਤੇ ਖਾਲਸਾ ਪੰਥ ਦੇ ਅੰਦਰੂਨੀ ਭਾਵਾਂ ਨੂੰ ਗੁਰੂ ਜੀ ਦੀ ਕਿਰਪਾ ਵਜੋਂ ਸਮਝ ਸਕੇ, ਉਹ ਯੋਗਤਾ ਉਸ ਸਮੇਂ ਦੇ ਹੋਰ ਕਿਸੇ ਵਿਦਵਾਨ ਵਿਚ ਸਾਨੂੰ ਵੇਖਣ ਨੂੰ ਪ੍ਰਾਪਤ ਨਹੀਂ ਹੁੰਦੀ। ਇਸ ਦੇ ਸਿੱਟੇ ਵਜੋਂ ਭਾਈ ਨੰਦ ਲਾਲ ਜੀ ਦੇ ਦਿਲ ਵਿਚ ਵਿਸ਼ੇਸ਼ ਤੌਰ ਤੇ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦੇ ਪਰਿਵਾਰ ਅਤੇ ਖਾਸ ਤੌਰ ਤੇ ਸਿੱਖ ਧਰਮ ਲਈ ਬਹੁਤ ਜ਼ਿਆਦਾ ਪ੍ਰੇਮ ਤੇ ਸ਼ਰਧਾ ਪੈਦਾ ਹੋ ਚੁੱਕੀ ਸੀ। ਉਹ ਗੁਰੂ ਘਰ ਦੇ ਪ੍ਰਤੀ ਸੱਚੀ ਆਸਥਾ ਤਾਂ ਰੱਖਦੇ ਹੀ ਸਨ, ਨਾਲ ਹੀ ਉਨ੍ਹਾਂ ਦੇ ਮਨ ਵਿਚ ਸੇਵਾ ਭਾਵ ਇਕ ਅਜਿਹਾ ਗੁਣ ਤੇ ਵਿਸ਼ੇਸ਼ਤਾ ਸੀ ਜਿਸ ਕਰਕੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਿੱਖ ਧਰਮ ਅਤੇ ਸਿੱਖੀ ਲਈ ਖਾਸ ਸਨਮਾਨ ਤੇ ਸ਼ਰਧਾ ਨੇ ਥਾਂ ਲੈ ਲਈ ਸੀ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਉਸ ਸਮੇਂ ਦੌਰਾਨ ਭਾਈ ਨੰਦ ਲਾਲ ਗੋਯਾ ਇਕ ਮਹਾਨ ਵਿਦਵਾਨ ਅਤੇ ਪ੍ਰਸਿੱਧ ਕਵੀ ਤੇ ਲੇਖਕ ਰਹੇ ਸਨ। ਇਹ ਨਿਸ਼ਚਿਤ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਆਪ ਗੁਰੂ ਗੋਬਿੰਦ ਸਿੰਘ ਜੀ ਦੇ 52 ਦਰਬਾਰੀ ਕਵੀਆਂ ਵਿਚੋਂ ਇਕ ਕਵੀ ਸਨ। ਜ਼ਿਆਦਾਤਰ ਵਿਦਵਾਨ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਗੁਰੂ ਸਾਹਿਬ ਦੇ ਦਰਬਾਰ ਵਿਚ ਉਨ੍ਹਾਂ ਦੀ ਉਨ੍ਹਾਂ ਕਵੀਆਂ ਵਿਚ ਆਪਣੀ ਹੀ ਕਿਸਮ ਦੀ ਥਾਂ ਅਤੇ ਪਹਿਚਾਣ ਸੀ। ਭਾਈ ਨੰਦ ਲਾਲ ਜੀ ਫਾਰਸੀ ਤੇ ਅਰਬੀ ਭਾਸ਼ਾਵਾਂ ਦੇ ਬਹੁਤ ਹੀ ਉੱਘੇ ਵਿਦਵਾਨ ਵਜੋਂ ਜਾਣੇ ਜਾਂਦੇ ਸਨ। ਨਾਲ ਹੀ ਉਨ੍ਹਾਂ ਦੀ ਸੰਸਕ੍ਰਿਤ, ਹਿੰਦੀ ਅਤੇ ਉਸ ਸਮੇਂ ਦੀਆਂ ਕਈ ਹੋਰ ਪ੍ਰਚਲਿਤ ਭਾਸ਼ਾਵਾਂ ਤੇ ਵੀ ਚੰਗੀ ਪਕੜ ਸੀ। ਉਨ੍ਹਾਂ ਦੀ ਵਿਦਿਅਕ ਯੋਗਤਾ ਦੇ ਕਾਰਨ ਹੀ ਉਨ੍ਹਾਂ ਨੂੰ ਦਰਬਾਰ ਵਿਚ ਕਾਫ਼ੀ ਜ਼ਿਆਦਾ ਸਨਮਾਨ ਪ੍ਰਾਪਤ ਸੀ। ਇਹ ਵੀ ਸੱਚ ਹੈ ਕਿ ਉਨ੍ਹਾਂ ਦਾ ਨਾਂ, ਉਨ੍ਹਾਂ ਦੀ ਯੋਗਤਾ ਕਰਕੇ ਉਸ ਸਮੇਂ ਦੇ ਵਿਦਵਾਨਾਂ ਵਿਚ ਖਾਸ ਥਾਂ ਰੱਖਦਾ ਸੀ।

ਉਨ੍ਹਾਂ ਦੀਆਂ ਰਚਨਾਵਾਂ ਸਿੱਖੀ ਸਿਧਾਂਤਾਂ ਨਾਲ ਭਰਪੂਰ ਸਨ, ਦੂਜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿੱਖੀ ਸਿਧਾਂਤ ਉਨ੍ਹਾਂ ਦੀਆਂ ਰਚਨਾਵਾਂ ਦਾ ਮੂਲ ਆਧਾਰ ਬਣ ਚੁੱਕੇ ਸਨ। ਸਿੱਖੀ ਜੀਵਨ-ਜਾਂਚ ਦਾ ਸ਼ਾਇਦ ਹੀ ਅਜਿਹਾ ਕੋਈ ਪਹਿਲੂ ਹੋਵੇ ਜਿਸ ਦਾ ਜ਼ਿਕਰ ਭਾਈ ਨੰਦ ਲਾਲ ਜੀ ਨੇ ਆਪਣੀਆਂ ਰਚਨਾਵਾਂ ਵਿਚ ਨਾ ਕੀਤਾ ਹੋਵੇ। ਇਹੋ ਕਾਰਨ ਸੀ ਕਿ ਉਨ੍ਹਾਂ ਦੀਆਂ ਰਚਨਾਵਾਂ ਜਲਦ ਹੀ ਹਰਮਨ ਪਿਆਰੀਆਂ ਬਣ ਗਈਆਂ। ਸਿੱਖ ਸਮਾਜ ਦੇ ਲੋਕਾਂ ਨੇ ਉਨ੍ਹਾਂ ਰਚਨਾਵਾਂ ਦਾ ਸਤਿਕਾਰ ਕੀਤਾ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਦੱਸੇ ਉਪਦੇਸ਼ਾਂ ਨੂੰ ਅਪਣਾਇਆ। ਇੱਥੇ ਇਹ ਲਿਖਣਾ ਜ਼ਰੂਰੀ ਬਣ ਜਾਂਦਾ ਹੈ ਕਿ ਭਾਈ ਨੰਦ ਲਾਲ ਗੋਯਾ ਦੀਆਂ ਰਚਨਾਵਾਂ ਨੇ ਸਿੱਖ ਧਰਮ ਅਤੇ ਸਿੱਖ ਗੁਰੂਆਂ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਤੇ ਰੌਸ਼ਨੀ ਪਾਉਣ ਦੇ ਨਾਲ-ਨਾਲ ਉਸ ਸਮੇਂ ਦੇ ਲੋਕਾਂ ਦੇ ਜੀਵਨ, ਉਨ੍ਹਾਂ ਦੇ ਸਮਾਜਿਕ ਤੇ ਆਰਥਿਕ ਪੱਧਰ ਤੇ ਵੀ ਚਾਨਣਾ ਪਾਇਆ। ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ ਕਿਸੇ ਵੀ ਮੁਲਕ ਦੇ ਰਾਜਨੀਤਿਕ ਜੀਵਨ ਨੂੰ ਉਸਦੇ ਸਮਾਜਿਕ-ਧਾਰਮਿਕ ਜੀਵਨ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ, ਇਸ ਲਈ ਗੋਯਾ ਨੇ ਉਸ ਸਮੇਂ ਦੇ ਰਾਜਨੀਤਿਕ ਵਾਤਾਵਰਣ ਅਤੇ ਮੁਗਲਾਂ ਰਾਹੀਂ ਹੋ ਰਹੀਆਂ ਜ਼ਿਆਦਤੀਆਂ/ਵਧੀਕੀਆਂ ਦਾ ਵਰਣਨ ਵੀ ਚੰਗੇ ਪੱਧਰ ਅਤੇ ਆਲੋਚਨਾਤਮਕ ਰੂਪ ਵਿਚ ਆਪਣੀ ਲਿਖਤਾਂ ਵਿਚ ਕੀਤਾ ਹੈ।

ਇਸ ਖੋਜ-ਨਿਬੰਧ ਵਿਚ ਉਨ੍ਹਾਂ ਦੀਆਂ ਰਚਨਾਵਾਂ ਵਿਚ ਮਿਲੇ ਸਿੱਖੀ ਸਿਧਾਂਤਾਂ ਨੂੰ ਵਿਸਥਾਰਪੂਰਵਕ ਅਤੇ ਆਲੋਚਨਾਤਮਕ ਤਰੀਕੇ ਨਾਲ ਬਿਆਨ ਕਰਨ ਦਾ ਮੇਰਾ ਨਿਮਾਣਾ ਜਿਹਾ ਯਤਨ ਜਾਂ ਕੋਸ਼ਿਸ਼ ਰਹੀ ਹੈ। ਉਂਜ ਤਾਂ ਭਾਈ ਨੰਦ ਲਾਲ ਗੋਯਾ ਦੀਆਂ ਰਚਨਾਵਾਂ ਉਪਰ ਪੰਜਾਬੀ ਦੇ ਕਈ ਵਿਦਵਾਨਾਂ ਅਤੇ ਸਾਹਿਤਕਾਰਾਂ ਨੇ ਕੰਮ ਕੀਤਾ ਹੈ। ਜਿੱਥੇ ਤੱਕ ਮੇਰੇ ਗਿਆਨ ਦਾ ਸੰਬੰਧ ਹੈ, ਇਸ ਵਿਸ਼ੇ ਤੇ ਹੁਣ ਤੱਕ ਧਾਰਮਿਕ ਜਾਂ ਇਤਿਹਾਸਕ ਪੱਖ ਤੋਂ ਅਕਾਦਮਿਕ ਪੱਧਰ ਦਾ ਕੋਈ ਵਿਸ਼ੇਸ਼ ਕੰਮ ਨਹੀਂ ਹੋਇਆ ਹੈ। ਇੱਥੇ ਇਹ ਦੱਸਣਾ ਵੀ ਯੋਗ ਹੈ ਕਿ ਭਾਈ ਸਹਿਬ ਦੀਆਂ ਸਾਰੀਆਂ ਰਚਨਾਵਾਂ/ਲਿਖਤਾਂ ਨੂੰ ਡੂੰਘਿਆਈ ਨਾਲ ਪੜ੍ਹਨ ਸਮਝਣ ਪਿਛੋਂ ਇਸ ਵਿਸ਼ੇ ਤੇ ਖੋਜ ਕਰਨ ਦਾ ਮੇਰਾ ਵਿਚਾਰ ਉਸ ਸਮੇਂ ਬਣਿਆ ਤੇ ਮਜ਼ਬੂਤ ਹੋਇਆ ਜਦੋਂ ਮੇਰੇ ਸਨਮਾਨ ਯੋਗ ਨਿਗਰਾਨ ਡਾ. ਰਾਜਿੰਦਰ ਕੌਰ ਰੋਹੀ ਜੀ ਨੇ ਮੈਨੂੰ ਇਹ ਕੰਮ ਕਰਨ ਲਈ ਉਤਸ਼ਾਹਿਤ ਕੀਤਾ, ਹਿੰਮਤ ਵਧਾਈ ਅਤੇ ਮੇਰਾ ਮਾਰਗ ਦਰਸ਼ਨ ਕੀਤਾ।

ਭਾਈ ਸਾਹਿਬ ਦੇ ਜਨਮ, ਉਨ੍ਹਾਂ ਦੇ ਮੁੱਢਲੇ ਜੀਵਨ ਅਤੇ ਸਿੱਖਿਆ ਦੇ ਸੰਬੰਧ ਵਿਚ ਅਲੱਗ-ਅਲੱਗ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਦਿੱਤੇ ਹਨ। ਕੁਝ ਵਿਦਵਾਨ ਆਪ ਜੀ ਦਾ ਜਨਮ 1643 ਈ. ਮੰਨਦੇ ਹਨ, ਜਦਕਿ ਕੁਝ ਵਿਦਵਾਨ 1633 ਈ. ਨੂੰ ਉਨ੍ਹਾਂ ਦੇ ਜਨਮ ਦਾ ਠੀਕ ਵਰ੍ਹਾ ਮੰਨਦੇ ਹਨ। ਕਾਫ਼ੀ ਪੜਚੋਲ ਕਰਨ ਤੋਂ ਬਾਅਦ ਜਿਨ੍ਹਾਂ ਆਧਾਰਾਂ ਤੇ ਵਿਦਵਾਨਾਂ ਨੇ ਇਹ ਦੋ

ਅਲੱਗ ਵਰ੍ਹੇ ਦੱਸੇ ਹਨ, ਉਨ੍ਹਾਂ ਦਾ ਅਧਿਐਨ ਕਰਨ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ 1633 ਈ. ਦਾ ਵਰ੍ਹਾ ਜ਼ਿਆਦਾ ਢੁੱਕਵਾਂ ਜਾਪਦਾ ਹੈ।

ਮੁੱਢ ਤੋਂ ਹੀ ਭਾਈ ਨੰਦ ਲਾਲ ਜੀ ਨੂੰ ਆਪਣੇ ਜੀਵਨ ਕਾਲ ਵਿਚ ਕਾਫ਼ੀ ਉਤਾਰ-ਚੜਾਅ ਦਾ ਸਾਹਮਣਾ ਕਰਨਾ ਪਿਆ। ਜਦ ਭਾਈ ਨੰਦ ਲਾਲ ਦੀ ਉਮਰ 17 ਵਰ੍ਹਿਆਂ ਦੀ ਸੀ ਤਾਂ ਉਨ੍ਹਾਂ ਦੇ ਸਿਰ ਤੋਂ ਉਨ੍ਹਾਂ ਦੀ ਮਾਂ ਦਾ ਸਾਇਆ ਉਠ ਗਿਆ। ਕੇਵਲ ਦੋ ਵਰ੍ਹਿਆਂ ਬਾਅਦ ਹੀ ਆਪ ਦੇ ਪਿਤਾ ਜੀ ਵੀ ਚਲਾਣਾ ਕਰ ਗਏ। ਉਨ੍ਹਾਂ ਦੇ ਮੁੱਢਲੇ ਜੀਵਨ ਤੋਂ ਇਹ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਮਾਂ-ਪਿਓ ਦੇ ਵਿਚਾਰਾਂ, ਜੀਵਨ ਸਾਦਗੀ ਅਤੇ ਸਹਿਜ-ਸੁਭਾਅ ਦਾ ਉਨ੍ਹਾਂ ਤੇ ਬਹੁਤ ਡੂੰਘਾ ਪ੍ਰਭਾਵ ਪਿਆ ਸੀ ਜਿਸ ਕਰਕੇ ਉਨ੍ਹਾਂ ਨੇ ਹੌਂਸਲਾ ਨਹੀਂ ਛੱਡਿਆ ਅਤੇ ਆਪਣੇ ਪਰਿਵਾਰ ਦੀ ਦੇਖ-ਰੇਖ ਕਰਨ ਵਿਚ ਜੁੱਟ ਗਏ।

ਮਾਤਾ-ਪਿਤਾ ਦੇ ਵਿਛੋੜੇ ਪਿਛੋਂ ਭਾਈ ਨੰਦ ਲਾਲ ਜੀ ਆਪਣੀ ਸਾਰੀ ਜਾਇਦਾਦ ਵੇਚਣ ਮਗਰੋਂ ਗਜ਼ਨੀ ਤੋਂ ਦਿੱਲੀ ਆ ਗਏ ਅਤੇ ਸ਼ਾਹਜਹਾਂ ਦੇ ਸ਼ਾਹੀ ਮੁਨਸ਼ੀਖਾਨੇ ਵਿਚ ਨੌਕਰੀ ਕਰਨ ਲੱਗ ਪਏ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਉਨ੍ਹਾਂ ਨੂੰ ਆਪਣੀ ਛੋਟੀ ਉਮਰ ਵਿਚ ਹੀ ਆਪਣੇ ਪਰਿਵਾਰ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਚੁੱਕਣੀ ਪਈ। ਇਨ੍ਹਾਂ ਔਕੜਾਂ ਦੇ ਬਾਵਜੂਦ ਉਨ੍ਹਾਂ ਨੇ ਨਾ ਤਾਂ ਕਦੇ ਆਪਣਾ ਹੌਂਸਲਾ ਛੱਡਿਆ ਅਤੇ ਨਾ ਹੀ ਲਿਖਣ ਦੇ ਖੇਤਰ ਵਿਚ ਰੁਚੀ ਛੱਡੀ, ਸਗੋਂ ਉਹ ਪੂਰੀ ਤਰ੍ਹਾਂ ਲਿਖਣ ਦੇ ਕੰਮ ਵਿਚ ਮਸ਼ਰੂਫ ਰਹੇ।

ਨੰਦ ਲਾਲ ਜੀ ਦਾ ਵਿਆਹ ਇਕ ਗੁਰੂ ਘਰ ਦੀ ਸ਼ਰਧਾਲੂ ਔਰਤ ਨਾਲ ਹੋਇਆ। ਉਸ ਔਰਤ ਦਾ ਉਨ੍ਹਾਂ ਦੇ ਜੀਵਨ ਤੇ ਬਹੁਤ ਜ਼ਿਆਦਾ ਪ੍ਰਭਾਵ ਪਿਆ। ਇਸ ਨੂੰ ਉਹ ਗੁਰੂ ਕਿਰਪਾ ਮੰਨਦੇ ਸਨ। ਆਪਣੀ ਪਤਨੀ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਣ ਪਿਛੋਂ ਉਨ੍ਹਾਂ ਨੇ ਗੁਰਮੁਖੀ ਸਿੱਖੀ ਅਤੇ ਕੁਝ ਰਚਨਾਵਾਂ ਵੀ ਗੁਰਮੁਖੀ (ਪੰਜਾਬੀ) ਵਿਚ ਲਿਖੀਆਂ। ਇਸ ਤਰ੍ਹਾਂ ਸਮੇਂ ਦੇ ਨਾਲ ਉਨ੍ਹਾਂ ਦਾ ਝੁਕਾਅ ਗੁਰੂ, ਗੁਰੂ ਘਰ ਅਤੇ ਸਿੱਖੀ ਦੇ ਸਿਧਾਂਤਾਂ ਵੱਲ ਵੱਧਦਾ ਚਲਾ ਗਿਆ। ਛੇਤੀ ਹੀ ਉਨ੍ਹਾਂ ਦੇ ਮਨ ਵਿਚ ਗੁਰੂ ਸਾਹਿਬ (ਗੁਰੂ ਗੋਬਿੰਦ ਸਿੰਘ ਜੀ) ਅਤੇ ਉਨ੍ਹਾਂ ਦੇ ਪਰਿਵਾਰ ਦੇ ਪ੍ਰਤੀ ਅਟੁੱਟ ਸ਼ਰਧਾ ਅਤੇ ਸਨਮਾਨ ਨੇ ਥਾਂ ਲੈ ਲਈ। ਇਥੇ ਇਹ ਲਿਖਣਾ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਭਾਈ ਨੰਦ ਲਾਲ ਗੋਯਾ ਨੇ ਪਹਿਲੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਨਾਲ ਸੰਬੰਧਤ ਸਾਰੀਆਂ ਮਹੱਤਵਪੂਰਨ ਘਟਨਾਵਾਂ ਦਾ ਬਿਓਰਾ ਆਪਣੀਆਂ ਲਿਖਤਾਂ ਵਿਚ ਕਈ ਥਾਵਾਂ ਤੇ ਵਿਸਤਾਰ ਵਿਚ ਦਿੱਤਾ ਹੈ, ਜਿਸ ਤੋਂ ਪਤਾ ਚੱਲਦਾ ਹੈ ਕਿ ਉਹ ਸਿੱਖ ਗੁਰੂਆਂ ਦੇ ਜੀਵਨ, ਉਨ੍ਹਾਂ ਦੇ ਆਦਰਸ਼ਾਂ ਅਤੇ ਸਿੱਖਿਆਵਾਂ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਰਹੇ ਹੋਣਗੇ। ਨਾਲ ਹੀ ਉਨ੍ਹਾਂ ਨੇ ਇਨ੍ਹਾਂ ਸਿੱਖ ਗੁਰੂਆਂ ਦੇ ਸਮੇਂ ਦੇ ਸਮਾਜਿਕ-ਧਾਰਮਿਕ ਜੀਵਨ ਦੇ ਨਾਲ-ਨਾਲ ਲੋਕਾਂ ਦੇ ਆਰਥਿਕ ਅਤੇ

ਰਾਜਨੀਤਿਕ ਜੀਵਨ ਦਾ ਵੀ ਵਰਣਨ ਦਿੱਤਾ ਹੈ ਤਾਂ ਜੋ ਉਸ ਸਮੇਂ ਦੇ ਇਤਿਹਾਸ ਦਾ ਲੋਕਾਂ ਨੂੰ ਗਿਆਨ ਪ੍ਰਾਪਤ ਹੋ ਸਕੇ ਅਤੇ ਉਹ ਗੁਰੂਆਂ ਰਾਹੀਂ ਦਿਖਾਏ ਗਏ ਮਾਰਗ ਤੇ ਚੱਲ ਸਕਣ।

ਭਾਈ ਨੰਦ ਲਾਲ ਦੇ ਜੀਵਨ ਵਿਚ ਉਦੋਂ ਸਭ ਤੋਂ ਵੱਡਾ ਮੋੜ ਆਇਆ ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਉਨ੍ਹਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਹੁਕਮ ਦਿੱਤਾ। ਜਦੋਂ ਉਨ੍ਹਾਂ ਨੂੰ ਇਸ ਬਾਰੇ ਪਤਾ ਚੱਲਿਆ ਤਾਂ ਰਾਤੋ-ਰਾਤ ਉਹ ਆਨੰਦਪੁਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਜਾ ਪੁੱਜੇ। ਆਨੰਦਪੁਰ ਸਾਹਿਬ ਵਿਚ ਪੁੱਜਣ ਪਿਛੋਂ, ਉਨ੍ਹਾਂ ਨੇ ਗੁਰੂ ਸਾਹਿਬ ਦੇ ਚਰਨਾਂ ਵਿਚ ਰਹਿੰਦਿਆਂ ਹੋਇਆਂ ਬਹੁਤ ਸਾਰੇ ਸਾਹਿਤ ਦੀ ਰਚਨਾ ਕੀਤੀ; ਉਥੇ ਉਨ੍ਹਾਂ ਨੇ ਗੁਰੂ ਘਰ ਵਿਚ ਚਲਾਏ ਜਾ ਰਹੇ ਲੰਗਰ ਦੀ ਸੇਵਾ ਵੀ ਕੀਤੀ। ਉਂਝ ਤਾਂ ਉਨ੍ਹਾਂ ਨੇ ਬਹੁਤ ਸਾਰਾ ਸਾਹਿਤ ਪਹਿਲਾਂ ਵੀ ਰਚਿਆ ਸੀ, ਪਰ ਜਿਹੜਾ ਸਾਹਿਤ ਮੁੱਖ ਤੌਰ ਤੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਜਾਂ ਦੂਜੇ ਸ਼ਬਦਾਂ ਵਿਚ ਉਨ੍ਹਾਂ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਰਚਿਆ, ਉਹ ਸੱਚ ਵਿਚ ਹੀ ਬੇਮਿਸਾਲ ਮੰਨਿਆ ਗਿਆ ਅਤੇ ਅੱਜ ਵੀ ਮੰਨਿਆ ਜਾਂਦਾ ਹੈ। ਇੱਥੇ ਅਸੀਂ ਜੇਕਰ ਉਨ੍ਹਾਂ ਦੀਆਂ ਮੁੱਖ ਰਚਨਾਵਾਂ ਦਾ ਜ਼ਿਕਰ ਕਰਦੇ ਹਾਂ ਤਾਂ ਨਿਸ਼ਚਿਤ ਤੌਰ ਤੇ ਸਾਨੂੰ ਉਨ੍ਹਾਂ ਦੀ ਸ਼ਖਸੀਅਤ ਦਾ ਪਤਾ ਤਾਂ ਚੱਲਦਾ ਹੀ ਹੈ, ਨਾਲ ਹੀ ਅਸੀਂ ਉਨ੍ਹਾਂ ਦੀ ਗੁਰੂ ਘਰ ਪ੍ਰਤੀ ਕੀ ਰੁਚੀ, ਸ਼ਰਧਾ, ਸਨਮਾਨ ਅਤੇ ਝੁਕਾਅ ਸੀ ਅਤੇ ਉਹ ਕਿੰਨ੍ਹਾਂ ਵਿਸ਼ਿਆਂ ਤੇ ਲਿਖ ਕੇ ਆਪਣੀ ਰਚਨਾਵਾਂ ਦੇ ਰਾਹੀਂ ਆਮ ਲੋਕਾਂ ਤੇ ਪ੍ਰਭਾਵ ਛੱਡਣਾ ਚਾਹੁੰਦੇ ਸਨ, ਉਸ ਦਾ ਵੀ ਸਾਨੂੰ ਚੰਗਾ ਗਿਆਨ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦੀਆਂ ਮਹੱਤਵਪੂਰਣ ਰਚਨਾਵਾਂ ਵਿਚੋਂ, ਜਿਨ੍ਹਾਂ ਦਾ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ, ਜ਼ਿੰਦਗੀਨਾਮਾ (ਫਾਰਸੀ), ਗਜ਼ਲੀਅਤ (ਫਾਰਸੀ), ਤੌਸ਼ੀਫ-ਓ-ਸਨਾ ਅਤੇ ਖਾਤਿਮ (ਫਾਰਸੀ), ਗੰਜਨਾਮਾ (ਫਾਰਸੀ), ਜੋਤ ਬਿਗਾਸ (ਫਾਰਸੀ), ਦਸਤੂਰੁਲ-ਇੰਨਸ਼ਾ (ਫਾਰਸੀ ਵਾਰਤਕ), ਅਰਜ਼ੁਲ ਅਲਫਾਜ (ਫਾਰਸੀ), ਰਹਿਤਨਾਮਾ (ਪੰਜਾਬੀ), ਜੋਤ ਬਿਗਾਸ (ਪੰਜਾਬੀ), ਤਨਖਾਹਨਾਮਾ (ਪੰਜਾਬੀ), ਆਦਿ ਮੁੱਖ ਰਚਨਾਵਾਂ ਹਨ। ਇਥੇ ਇਹ ਦੱਸਣਾ ਵੀ ਯੋਗ ਬਣਦਾ ਹੈ ਕਿ ਉਨ੍ਹਾਂ ਦੀ ਦੋਹਾਂ (ਫਾਰਸੀ ਅਤੇ ਪੰਜਾਬੀ) ਭਾਸ਼ਾਵਾਂ ਤੇ ਇਕੋ ਜਿਹੀ ਹੀ ਪਕੜ ਸੀ ਅਤੇ ਦੋਹਾਂ ਹੀ ਭਾਸ਼ਾਵਾਂ ਵਿਚ ਉਨ੍ਹਾਂ ਨੇ ਸਾਦਗੀ ਅਤੇ ਸਰਲਤਾ ਵਲ ਵਿਸ਼ੇਸ਼ ਧਿਆਨ ਦਿੱਤਾ।

ਜ਼ਿੰਦਗੀਨਾਮਾ ਦਾ ਮੁੱਖ ਵਿਸ਼ਾ ਗੁਰੂ ਸੇਵਾ ਤੇ ਪ੍ਰਭੂ ਭਗਤੀ ਹੈ। ਇਸ ਰਚਨਾ ਤੇ ਤਾਂ ਗੁਰਬਾਣੀ ਅਤੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਦਾ ਸਿੱਧਾ ਅਤੇ ਭਰਪੂਰ ਪ੍ਰਭਾਵ ਹੈ। ਇਸ ਰਚਨਾ ਵਿਚ ਬੰਦਗੀ ਉਪਰ ਵਧੇਰੇ ਜ਼ੋਰ ਦਿੱਤਾ ਹੈ। ਇਸ ਤੋਂ ਭਾਵ ਹੈ ਕਿ ਬੰਦੇ ਨੂੰ ਈਸ਼ਵਰ ਦੀ ਭਗਤੀ ਅਤੇ ਸੇਵਾ ਵਿਚ ਰਹਿਣਾ ਚਾਹੀਦਾ ਹੈ। ਗਜ਼ਲੀਅਤ ਰਚਨਾ ਇਕ ਸਦਾਚਾਰਕ ਅਤੇ ਅਧਿਆਤਮਕ ਪੱਖ ਤੋਂ ਬਹੁਤ ਹੀ ਪ੍ਰਸਿੱਧ ਅਤੇ ਹਰਮਨ ਪਿਆਰੀ ਰਚਨਾ ਹੈ। ਇਸ ਰਚਨਾ ਵਿਚ ਮਨੁੱਖੀ ਜੀਵਨ

ਨੂੰ ਚੰਗਾ, ਸਿਹਤਮੰਦ ਅਤੇ ਸਫ਼ਲ ਬਣਾਉਣ ਲਈ ਮਾਰਗ ਦਰਸ਼ਨ ਕਰਵਾਇਆ ਗਿਆ ਹੈ। ਸੱਚ ਤਾਂ ਇਹ ਹੈ ਕਿ ਇਸ ਰਚਨਾ ਨੂੰ ਪੜ੍ਹਨ ਤੋਂ ਬਾਅਦ ਪੜ੍ਹਨ ਵਾਲੇ ਦਾ ਜੀਵਨ ਕੇਵਲ ਪ੍ਰਭਾਵਿਤ ਹੀ ਨਹੀਂ ਹੁੰਦਾ ਸਗੋਂ ਪੂਰੀ ਤਰ੍ਹਾਂ ਬਦਲ ਜਾਂਦਾ ਹੈ ਅਤੇ ਉਹ ਆਦਮੀ ਗੁਰੂ ਸਾਹਿਬ ਦੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ।

ਤੌਸ਼ੀਫ-ਓ-ਸਨਾ ਅਤੇ ਖਾਤਿਮਾ, ਇਕ ਅਜਿਹੀ ਰਚਨਾ ਹੈ ਜਿਸ ਦੀ ਭਾਸ਼ਾ ਅਤੇ ਵਾਰਤਕ ਬਹੁਤ ਔਖੀ ਹੈ, ਪਰ ਇਸ ਰਚਨਾ ਨੂੰ ਪੜ੍ਹਨ ਅਤੇ ਸਮਝਣ ਪਿਛੋਂ ਆਦਮੀ ਨੂੰ ਆਪਣੇ ਜੀਵਨ ਦਾ ਅਸਲੀ ਅਰਥ ਸਮਝ ਆ ਜਾਂਦਾ ਹੈ। ਇਸ ਰਚਨਾ ਵਿਚ ਫਾਰਸੀ ਅਤੇ ਅਰਬੀ ਭਾਸ਼ਾ ਦੇ ਭਾਵੇਂ ਬਹੁਤ ਔਖੇ ਸ਼ਬਦ ਦਿੱਤੇ ਗਏ ਹਨ, ਪਰ ਉਨ੍ਹਾਂ ਸ਼ਬਦਾਂ ਨੂੰ ਸਮਝਣ ਪਿਛੋਂ ਪਤਾ ਚੱਲਦਾ ਹੈ ਕਿ ਭਾਈ ਨੰਦ ਲਾਲ ਜੀ ਇਕ ਬਹੁਤ ਹੀ ਉੱਘੇ ਅਤੇ ਉੱਚੇ ਪੱਧਰ ਦੇ ਵਿਦਵਾਨ ਸਨ। ਉਨ੍ਹਾਂ ਦੇ ਜੀਵਨ ਦਾ ਉਦੇਸ਼ ਇਕ ਪਾਸੇ ਗੁਰੂ ਸਾਹਿਬ ਦੇ ਪ੍ਰਤੀ ਆਪਣੀ ਭਾਵਨਾ ਨੂੰ ਦਿਖਾਉਣਾ ਸੀ ਅਤੇ ਦੂਜੇ ਪਾਸੇ ਆਮ ਲੋਕਾਂ ਨੂੰ ਇਹ ਦੱਸਣਾ ਅਤੇ ਸਮਝਾਉਣਾ ਸੀ ਕਿ ਬਿਨਾਂ ਪ੍ਰਭੂ ਭਗਤੀ ਅਤੇ ਗੁਰੂ ਸੇਵਾ ਦੇ ਜੀਵਨ ਵਿਚ ਨਾ ਤਾਂ ਸਫਲਤਾ ਮਿਲਦੀ ਹੈ ਅਤੇ ਨਾ ਹੀ ਮੁਕਤੀ ਤੇ ਮੋਕਸ਼ ਪ੍ਰਾਪਤ ਹੁੰਦਾ ਹੈ। ਇਸ ਰਚਨਾ ਵਿਚ ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਮੌਤ ਤਾਂ ਸਰੀਰ ਨੂੰ ਆਉਂਦੀ ਹੈ, ਆਤਮਾ ਨੂੰ ਨਹੀਂ, ਇਸ ਲਈ ਮਨੁੱਖ ਨੂੰ ਮੌਤ ਕੇਵਲ ਮੁਕਤੀ ਦਾ ਹੀ ਸੋਮਾ/ਰਸਤਾ ਸਮਝਣਾ ਚਾਹੀਦਾ ਹੈ ਅਤੇ ਇਸ ਤੋਂ ਡਰਨਾ ਨਹੀਂ ਚਾਹੀਦਾ। ਉਨ੍ਹਾਂ ਦੀ ਇਹ ਰਚਨਾ ਮਨੁੱਖ ਨੂੰ ਇਹ ਦੱਸਦੀ ਹੈ ਕਿ ਆਦਮੀ ਕਦੇ ਨਹੀਂ ਮਰਦਾ, ਕੇਵਲ ਉਸਦਾ ਨਾਸ਼ਵਾਨ ਸਰੀਰ ਹੀ ਮਰਦਾ ਹੈ। ਉਹ ਕਿਸੇ ਨਾ ਕਿਸੇ ਰੂਪ ਵਿਚ ਹੋਰ ਜਨਮ ਲੈ ਕੇ ਫਿਰ ਇਸ ਧਰਤੀ ਤੇ ਆਉਂਦਾ ਹੈ।

ਗੰਜਨਾਮਾ, ਉਨ੍ਹਾਂ ਦੀ ਇਕ ਹੋਰ ਪ੍ਰਸਿੱਧ ਰਚਨਾ ਹੈ ਜਿਸ ਵਿਚ ਉਨ੍ਹਾਂ ਨੇ ਦਸ ਗੁਰੂ ਸਾਹਿਬਾਨਾਂ ਦੀ ਉਸਤਤਿ ਕੀਤੀ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਧਰਮ ਦੇ ਵਿਕਾਸ ਦੇ ਲਈ ਕੀਤੇ ਗਏ ਕੰਮਾਂ ਅਤੇ ਉਪਰਾਲਿਆਂ ਦਾ ਇਸ ਰਚਨਾ ਵਿਚ ਕੇਵਲ ਜ਼ਿਕਰ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਕੰਮਾਂ ਦਾ ਮਹੱਤਵ ਵੀ ਦੱਸਿਆ ਹੈ। ਉਦਾਹਰਣ ਵਜੋਂ ਸੰਗਤ ਅਤੇ ਪੰਗਤ ਦੀ ਮਹੱਤਤਾ, ਬਾਓਲੀ ਦਾ ਨਿਰਮਾਣ ਤੇ ਮਹੱਤਵ, ਨਵੇਂ ਸ਼ਹਿਰਾਂ ਜਿਵੇਂ ਤਰਨਤਾਰਨ, ਕਰਤਾਰਪੁਰ, ਚੱਕ ਰਾਮਦਾਸਪੁਰ, ਆਦਿ ਦੀ ਉਸਾਰੀ ਦੇ ਪਿੱਛੇ ਉਦੇਸ਼ਾਂ ਅਤੇ ਇਨ੍ਹਾਂ ਸ਼ਹਿਰਾਂ ਦੇ ਮਹੱਤਵ ਨੂੰ ਦੱਸਣਾ ਅਤੇ ਗੁਰੂ ਸਾਹਿਬਾਨਾਂ ਪ੍ਰਤੀ ਆਪਣਾ ਪਿਆਰ, ਆਪਣੇ ਸੇਵਾ ਭਾਵ ਅਤੇ ਸਨਮਾਨ ਨੂੰ ਵਿਸਤ੍ਰਿਤ ਰੂਪ ਵਿਚ ਲਿਖਣਾ ਇਸ ਪੁਸਤਕ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਲੱਛਣ ਹਨ।

ਜੋਤਿ ਬਿਗਾਸ ਉਨ੍ਹਾਂ ਦੀ ਫਾਰਸੀ ਵਿਚ ਲਿਖੀ ਹੋਈ ਰਚਨਾ ਹੈ। ਇਸ ਰਚਨਾ ਵਿਚ ਭਾਈ ਨੰਦ ਲਾਲ ਜੀ ਨੇ ਗੁਰੂ ਸਾਹਿਬਾਨਾਂ ਦੇ ਕੰਮਾਂ ਦਾ ਵਰਣਨ ਦਿੱਤਾ ਹੈ। ਖਾਸ ਤੌਰ ਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਅਦਭੁਤ ਅਤੇ ਬੇਮਿਸਾਲ ਸ਼ਖਸੀਅਤ ਦਾ ਬਿਆਨ ਕੀਤਾ ਹੈ। ਇਸ ਰਚਨਾ ਵਿਚ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਅਧਿਆਤਮਕ ਦ੍ਰਿਸ਼ਟੀ ਤੋਂ ਸਮਝਣ ਲਈ ਕੇਵਲ ਕੋਸ਼ਿਸ਼ ਹੀ ਨਹੀਂ ਕੀਤੀ, ਸਗੋਂ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਰਾਹੀਂ ਦਿੱਤੀਆਂ ਕੁਰਬਾਨੀਆਂ ਦਾ ਵਰਣਨ ਕਰਦਿਆਂ ਹੋਇਆਂ ਇਸ ਗੱਲ ਨੂੰ ਉਜਾਗਰ ਕਰਦਿਆਂ ਹੋਇਆਂ ਸਥਾਪਿਤ ਕੀਤਾ ਹੈ ਕਿ ਇਸ ਰਚਨਾ ਦਾ ਖਾਸ ਮਹੱਤਵ ਹੈ। ਇਸ ਲਿਖਤ ਵਿਚ ਗੋਯਾ ਨੇ ਖਾਸ ਤੌਰ ਤੇ ਦਸਵੇਂ ਪਾਤਸ਼ਾਹ ਦੇ ਸ਼ਹਿਜ਼ਾਦਿਆਂ ਦੀ ਕੁਰਬਾਨੀਆਂ ਦਾ ਹਵਾਲਾ ਦਿੰਦੇ ਹੋਏ ਦੱਸਿਆ ਹੈ ਕਿ ਉਨ੍ਹਾਂ ਦਾ ਇਹ ਕੰਮ ਕਿਸੇ ਸਾਧਾਰਨ ਆਦਮੀ ਦਾ ਨਹੀਂ ਸੀ, ਸਗੋਂ ਈਸ਼ਵਰ ਰਾਹੀਂ ਭੇਜੀਆਂ ਗਈਆਂ ਮਹਾਨ ਆਤਮਾਵਾਂ ਦਾ ਕੰਮ ਸੀ। ਇਸ ਵਰਣਨ ਤੋਂ ਉਸ ਸਮੇਂ ਦੇ ਪਰਿਵਾਰਿਕ ਜੀਵਨ, ਮਨੁੱਖ ਦੀ ਸ਼ਖਸੀਅਤ ਦੇ ਨਾਲ-ਨਾਲ ਬੱਚਿਆਂ ਤੇ ਉਸ ਸਮੇਂ ਮਾਂ-ਪਿਓ ਦਾ ਕੀ ਪ੍ਰਭਾਵ ਹੁੰਦਾ ਸੀ ਅਤੇ ਲੋਕਾਂ ਦਾ ਆਪਣੀ ਸੰਸਕ੍ਰਿਤੀ ਅਤੇ ਸਭਿਅਤਾ ਨਾਲ ਕਿਹੋ ਜਿਹਾ ਰਾਬਤਾ ਸੀ, ਇਸਦਾ ਵੀ ਸਾਨੂੰ ਵਿਸਥਾਰ ਵਿਚ ਪਤਾ ਚੱਲਦਾ ਹੈ।

ਉਨ੍ਹਾਂ ਦੀ ਇਕ ਹੋਰ ਰਚਨਾ 'ਜੋਤਿ ਬਿਗਾਸ' ਸਿਰਲੇਖ ਅਧੀਨ ਪੰਜਾਬੀ ਵਿਚ ਲਿਖੀ ਹੋਈ ਹੈ। ਇਹ ਇਕ ਕਾਵਿ ਰਚਨਾ ਹੈ, ਜਿਸ ਵਿਚ ਕੁੱਲ 43 ਬੰਦ ਹਨ। ਇਹ ਫਾਰਸੀ ਜੋਤਿ ਬਿਗਾਸ ਦਾ ਅਨੁਵਾਦ ਨਹੀਂ ਸਗੋਂ ਇਹ ਅਸਲ ਵਿਚ ਪੰਜਾਬੀ ਭਾਸ਼ਾ ਵਿਚ ਹੀ ਲੇਖਕ ਰਾਹੀਂ ਲਿਖੀ ਗਈ ਰਚਨਾ ਹੈ। ਭਾਵੇਂ ਇਹ ਰਚਨਾ ਵੀ ਗੁਰੂ ਸਾਹਿਬ ਦੀ ਉਸਤਤਿ ਵਿਚ ਹੈ, ਪਰ ਇਸ ਰਚਨਾ ਵਿਚ ਸਿੱਖ ਸੰਸਥਾਵਾਂ ਦਾ ਵਿਸਥਾਰ ਵਿਚ ਵਰਣਨ ਕਰਦਿਆਂ ਹੋਇਆਂ ਵਿਸ਼ੇਸ਼ ਤੌਰ ਤੇ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਜੀਵਨ ਬਾਰੇ ਵਿਸਥਾਰ ਵਿਚ ਲਿਖਿਆ ਹੈ। ਨਾਲ ਹੀ ਉਨ੍ਹਾਂ ਨੇ ਇਨ੍ਹਾਂ ਸੰਸਥਾਵਾਂ ਦੇ ਮਹੱਤਵ ਤੇ ਵੀ ਚਾਨਣਾ ਪਾਇਆ ਹੈ।

ਦਸਤੂਰੁਲ ਇਨਸ਼ਾਹ ਉਨ੍ਹਾਂ ਦੀ ਫਾਰਸੀ ਵਿਚ ਲਿਖੀ ਇਕ ਹੋਰ ਮਹੱਤਵਪੂਰਨ ਰਚਨਾ ਹੈ, ਪਰ ਇਹ ਰਚਨਾ ਪੂਰੀ ਨਹੀਂ ਮਿਲਦੀ ਅਤੇ ਨਾਲ ਹੀ ਇਸਦੀ ਅਸਲ ਕਾਪੀ ਦਾ ਵੀ ਕੋਈ ਪਤਾ ਨਹੀਂ ਚੱਲਦਾ। ਇਹ ਫਾਰਸੀ ਵਿਚ ਲਿਖੇ ਖਤਾਂ ਦਾ ਇਕ ਸੰਗ੍ਰਹਿ ਹੈ। ਇਹ ਖਤ ਸੰਗ੍ਰਹਿ ਇਤਿਹਾਸਕ ਦ੍ਰਿਸ਼ਟੀ ਤੋਂ ਨਾ ਕੇਵਲ ਭਾਈ ਨੰਦ ਲਾਲ ਗੋਯਾ ਜੀ ਦੇ ਜੀਵਨ ਅਤੇ ਸਕੇ-ਸੰਬੰਧੀਆਂ ਬਾਰੇ ਹੀ ਦੱਸਦਾ ਹੈ ਸਗੋਂ ਪੰਜਾਬ, ਮੁਲਤਾਨ ਅਤੇ ਹੋਰ ਕਈ ਸ਼ਹਿਰਾਂ, ਉਨ੍ਹਾਂ ਦੇ ਸਮਾਜਿਕ, ਸੰਸਕ੍ਰਿਤਿਕ ਅਤੇ ਸਭਿਆਚਾਰਕ ਮਹੱਤਵ ਦੇ ਨਾਲ-ਨਾਲ ਸਿੱਖ ਗੁਰੂਆਂ ਨਾਲ ਸੰਬੰਧਾਂ ਬਾਰੇ ਵੀ

ਚਾਣਨਾ ਪਾਉਂਦਾ ਹੈ। ਸਿੱਖ ਇਤਿਹਾਸ ਦਾ ਇਹ ਇਕ ਵੱਡਮੁੱਲਾ ਖਜ਼ਾਨਾ ਹੈ ਜਿਸ ਤੋਂ ਸਾਨੂੰ ਉਸ ਸਮੇਂ ਦੇ ਆਮ ਲੋਕਾਂ ਦੇ ਜੀਵਨ ਪੱਧਰ ਅਤੇ ਲੋਕਾਂ ਦੀ ਸੋਚ ਬਾਰੇ ਪਤਾ ਵੀ ਚੱਲਦਾ ਹੈ।

ਅਰਜ਼ੁਲ ਅਲਫਾਜ਼ ਭਾਈ ਨੰਦ ਲਾਲ ਜੀ ਦੀ ਇਹ ਵੀ ਇਕ ਫਾਰਸੀ ਵਿਚ ਲਿਖੀ ਰਚਨਾ ਹੈ। ਇਹ ਕਾਵਿ ਰੂਪ ਵਿਚ ਲਿਖੀ ਹੋਈ ਹੈ; ਇਹ ਕਾਵਿ ਵੀ ਗੁਰੂ ਜਸ ਅਤੇ ਰੱਬੀ ਕਿਰਤ ਨਾਲ ਸੰਬੰਧਤ ਰਚਨਾ ਮੰਨੀ ਗਈ ਹੈ। ਇਸ ਕਾਵਿ ਵਿਚ ਫਾਰਸੀ ਸ਼ਬਦਾਵਲੀ ਦੀ ਵੱਡੇ ਪੱਧਰ ਤੇ ਵਰਤੋਂ ਕੀਤੀ ਗਈ ਹੈ। ਅਧਿਆਤਮਕ ਗਿਆਨ ਦੇ ਨਾਲ-ਨਾਲ ਇਸ ਕਾਵਿ ਰਚਨਾ ਵਿਚ ਦਾਰਸ਼ਨਿਕ ਵਿਚਾਰਾਂ ਦੀ ਵੀ ਕਾਫ਼ੀ ਮਾਤਰਾ ਵਿਚ ਪ੍ਰਾਪਤੀ ਹੁੰਦੀ ਹੈ। ਭਾਈ ਸਾਹਿਬ ਦੀ ਇਸ ਰਚਨਾ ਤੋਂ ਉਨ੍ਹਾਂ ਗੱਲਾਂ ਦਾ ਵੀ ਪਤਾ ਚੱਲਦਾ ਹੈ ਜਿਨ੍ਹਾਂ ਦੇ ਪ੍ਰਭਾਵ ਵਜੋਂ ਉਸ ਸਮੇਂ ਦੇ ਸਮਾਜਿਕ ਜੀਵਨ ਨੂੰ ਉੱਚਾ ਚੁੱਕਣ ਵਿਚ ਲੋੜੀਂਦੀ ਮਦਦ ਪ੍ਰਾਪਤ ਹੋਈ ਸੀ। ਭਾਈ ਨੰਦ ਲਾਲ ਨੇ ਉਸ ਸਮੇਂ ਦੇ ਲੋਕਾਂ ਦੇ ਜੀਵਨ ਦੀ ਸਾਦਗੀ ਅਤੇ ਸਹਿਜ ਸੁਭਾ ਦਾ ਬਹੁਤ ਹੀ ਪ੍ਰਭਾਵ ਵਾਲੇ ਢੰਗ ਨਾਲ ਵਰਣਨ ਕੀਤਾ ਹੈ।

ਰਹਿਤਨਾਮਾ, ਉਨ੍ਹਾਂ ਦੀ ਇਹ ਪੁਸਤਕ ਪੰਜਾਬੀ ਵਿਚ ਹੈ ਅਤੇ ਇਹ ਵੀ ਇਕ ਕਾਵਿ ਦੇ ਰੂਪ ਵਿਚ ਲਿਖੀ ਹੋਈ ਹੈ। ਇਸ ਵਿਚ ਸਿੱਖਾਂ ਦੇ ਨਿਤਨੇਮ ਅਤੇ ਕੰਮਾਂ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ। ਇਸ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਭਾਈ ਸਾਹਿਬ ਦੇ ਪ੍ਰਸ਼ਨਾਂ ਦੇ ਦਿੱਤੇ ਜਵਾਬ ਵਿਸਥਾਰ ਵਿਚ ਮਿਲਦੇ ਹਨ। ਇਸ ਰਚਨਾ ਵਿਚ ਗੁਰੂ ਸਰੂਪ ਬਾਰੇ ਅਤੇ ਮਹੱਤਵਪੂਰਣ ਦਾਰਸ਼ਨਿਕ ਵਿਚਾਰਾਂ ਬਾਰੇ ਵੀ ਬਹੁਤ ਕੁਝ ਪ੍ਰਾਪਤ ਹੁੰਦਾ ਹੈ। ਇਸ ਤੋਂ ਸਾਨੂੰ ਗੁਰੂ ਸਾਹਿਬ ਦੀ ਮਹਾਨ ਸ਼ਖਸੀਅਤ, ਉਨ੍ਹਾਂ ਦੇ ਪਰਿਵਾਰ, ਖਾਸ ਤੌਰ ਤੇ ਉਨ੍ਹਾਂ ਦੇ ਸਪੁੱਤਰਾਂ ਤੇ ਮਾਤਾ ਗੁਜਰੀ ਅਤੇ ਉਨ੍ਹਾਂ ਦੀ ਸੁਪਤਨੀ ਮਾਤਾ ਸੁੰਦਰੀ ਦੇ ਹੌਂਸਲੇ ਅਤੇ ਵੀਰਤਾ ਦਾ ਪਤਾ ਚੱਲਦਾ ਹੈ।

ਭਾਈ ਨੰਦ ਲਾਲ ਗੋਯਾ ਦੀ ਇਕ ਹੋਰ ਪੰਜਾਬੀ ਵਿਚ ਲਿਖੀ ਰਚਨਾ ਤਨਖਾਹਨਾਮਾ ਹੈ। ਇਸ ਰਚਨਾ ਵਿਚ ਖਾਲਸਾ ਦੀ ਸਥਾਪਨਾ ਤੋਂ ਬਾਅਦ ਦੀਆਂ ਘਟਨਾਵਾਂ ਦਾ ਵਿਸਥਾਰ ਵਿਚ ਵਰਣਨ ਦਿੱਤਾ ਗਿਆ ਹੈ ਜਿਸ ਕਰਕੇ ਇਸ ਰਚਨਾ ਨੂੰ ਇਤਿਹਾਸਕਾਰਾਂ ਰਾਹੀਂ ਉਸ ਸਮੇਂ ਦੇ ਇਤਿਹਾਸ ਲਿਖਣ ਵਿਚ ਮਦਦ ਦੇਣ ਵਾਲਾ ਇਕ ਮਹੱਤਵਪੂਰਣ ਸੋਮਾ ਮੰਨਿਆ ਗਿਆ ਹੈ। ਇਸ ਰਚਨਾ ਵਿਚ ਵੀ ਗੁਰੂ ਗੋਬਿੰਦ ਸਿੰਘ ਅਤੇ ਭਾਈ ਨੰਦ ਲਾਲ ਦੇ ਆਪਸ ਵਿਚ ਹੋਏ ਸੁਆਲ-ਜਵਾਬ ਵਿਸਥਾਰ ਵਿਚ ਦਿੱਤੇ ਗਏ ਹਨ। ਖਾਲਸਾ ਦੇ ਨਿਤਨੇਮ ਤੋਂ ਇਲਾਵਾ ਖਾਲਸਾ ਦੇ ਸਰੂਪ ਬਾਰੇ ਬਹੁਤ ਹੀ ਮਹੱਤਵਪੂਰਨ ਵੇਰਵਾ ਅੰਕਿਤ ਹੈ। ਭਾਈ ਨੰਦ ਲਾਲ ਨੇ ਨਿਸ਼ਚਿਤ ਤੌਰ ਤੇ ਇਸ ਪੁਸਤਕ ਨੂੰ ਲਿਖਦੇ ਹੋਇਆਂ, ਇਸ ਗੱਲ ਦਾ ਖਾਸ ਤੌਰ ਤੇ ਧਿਆਨ ਰੱਖਿਆ ਕਿ ਉਹ ਕੋਈ ਵੀ ਅਜਿਹੀ ਗੱਲ ਨਾ ਲਿਖਣ ਜਿਸ ਬਾਰੇ ਥੋੜ੍ਹਾ ਜਿਹਾ ਵੀ ਸ਼ੱਕ ਜਾਂ ਕਿੰਤੂ ਕਰਨ ਵਾਲੀ ਕੋਈ ਗੱਲ ਪੈਦਾ ਹੋਵੇ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਉਨ੍ਹਾਂ ਦੀਆਂ ਰਚਨਾਵਾਂ ਦਾ ਇਕ ਪਾਸੇ ਤਾਂ ਸਾਹਿਤਕ ਮਹੱਤਵ ਹੈ

ਅਤੇ ਦੂਜੇ ਪਾਸੇ ਇਤਿਹਾਸਕ ਮਹੱਤਵ ਵੀ ਓਨਾ ਹੀ ਹੈ, ਕਿਉਂਕਿ ਇਨ੍ਹਾਂ ਤੋਂ ਸਾਨੂੰ ਉਸ ਸਮੇਂ ਦੀਆਂ ਕਈ ਮਹੱਤਵਪੂਰਨ ਘਟਨਾਵਾਂ ਦਾ ਪਤਾ ਚੱਲਦਾ ਹੈ। ਨਾਲ ਹੀ ਇਹ ਵੀ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ (ਗੁਰੂ ਗੋਬਿੰਦ ਸਿੰਘ ਜੀ) ਦੇ ਜੀਵਨ ਵਿਚ ਉਸ ਸਮੇਂ ਕੀ-ਕੀ ਉਤਾਰ-ਚੜ੍ਹਾਅ ਆਏ। ਜੇ ਅਸੀਂ ਇਸ ਰਚਨਾ ਨੂੰ ਡੂੰਘਿਆਈ ਨਾਲ ਪੜ੍ਹੀਏ ਤਾਂ ਸਾਨੂੰ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ ਦੇ ਪਹਾੜੀ ਰਾਜਿਆਂ ਨਾਲ ਅਤੇ ਮੁਗਲਾਂ ਨਾਲ ਕਿਹੋ ਜਿਹੇ ਸੰਬੰਧ ਰਹੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੋਹਾਂ ਧਿਰਾਂ ਵੱਲੋਂ ਕਿਹੜੇ-ਕਿਹੜੇ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ। ਗੁਰੂ ਸਾਹਿਬ ਨੇ ਜਿਸ ਹਿੰਮਤ ਨਾਲ ਉਨ੍ਹਾਂ ਆਈਆਂ ਮੁਸੀਬਤਾਂ ਨੂੰ ਸਹਿਨ ਕੀਤਾ ਇਸ ਦਾ ਵੀ ਗਿਆਨ ਪ੍ਰਾਪਤ ਹੁੰਦਾ ਹੈ।

ਇੱਥੇ ਖੋਜ ਵਿਸ਼ੇ ਦੇ ਉਦੇਸ਼ਾਂ ਬਾਰੇ ਸੰਖੇਪ ਵਿਚ ਕੁਝ ਦੱਸਣਾ ਵਾਜਿਬ ਹੋਵੇਗਾ, ਜਿਸ ਤਰ੍ਹਾਂ ਕਿ ਇਸ ਖੋਜ-ਕਾਰਜ ਦੇ ਸਿਰਲੇਖ **'ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ'** ਤੋਂ ਸਾਫ਼ ਪਤਾ ਚੱਲਦਾ ਹੈ ਕਿ ਇਸ ਖੋਜ ਕਾਰਜ ਰਾਹੀਂ ਆਪ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਪੱਖ ਤੋਂ ਪਰਖਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਦੀ ਹਰ ਰਚਨਾ ਦੇ ਚੰਗੇ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ, ਪਰ ਖੋਜ ਦੀ ਆਲੋਚਨਾਤਮਕ ਸ਼ੈਲੀ ਰਹੀ ਹੈ। ਭਾਈ ਨੰਦ ਲਾਲ ਜੀ ਦੀਆਂ ਲਗਭਗ ਸਾਰੀਆਂ ਰਚਨਾਵਾਂ ਦਾ ਕੇਂਦਰ ਬਿੰਦੂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਹੀ ਰਹੇ ਹਨ, ਇਹ ਗੱਲ ਉਨ੍ਹਾਂ ਦੀਆਂ ਰਚਨਾਵਾਂ ਤੋਂ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ। ਗੁਰੂ ਸਾਹਿਬ ਦੀ ਮਹਾਨ ਸ਼ਖ਼ਸੀਅਤ ਦੀ ਵਡਿਆਈ ਨੂੰ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਦਾ ਮੁੱਖ ਆਧਾਰ ਬਣਾਉਂਦੇ ਹੋਇਆਂ ਆਪਣੀਆਂ ਰਚਨਾਵਾਂ ਵਿਚ ਗੁਰਮਤਿ ਅਤੇ ਸੂਫੀ ਸਿਧਾਂਤ ਦੀ ਰੂਹਾਨੀਅਤ ਦੇ ਕਈ ਭਾਵਪੂਰਣ ਵਿਚਾਰ ਦਿੱਤੇ ਹਨ ਅਤੇ ਇਸ ਖੋਜ-ਕਾਰਜ ਵਿਚ ਇਨ੍ਹਾਂ ਨੂੰ ਵੀ ਪਰਖਣ ਦਾ ਯਤਨ ਕੀਤਾ ਗਿਆ ਹੈ। ਇਥੇ ਇਹ ਦੱਸਣਾ ਵੀ ਯੋਗ ਬਣਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਇਲਾਵਾ ਬਾਕੀ ਕਈ ਗੁਰੂਆਂ ਦੇ ਕੰਮਾਂ ਬਾਰੇ, ਜਿਹੜੇ ਇਸ ਨਵੇਂ ਧਰਮ ਦੀ ਉਸਾਰੀ ਲਈ ਜ਼ਿੰਮੇਵਾਰ ਹੋਏ, ਉਨ੍ਹਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਸ ਬਾਰੇ ਅਸੀਂ ਉਪਰ ਲਿਖ ਚੁੱਕੇ ਹਾਂ।

ਜਿੱਥੇ ਤੱਕ ਅਪਣਾਈ ਗਈ ਖੋਜ ਵਿਧੀ ਦਾ ਸੰਬੰਧ ਹੈ ਅਧਿਆਤਮਕ ਬਾਰੀਕੀਆਂ ਅਤੇ ਤੱਥਾਂ ਨੂੰ ਸਮਝਣ ਲਈ ਇਸ ਖੋਜ ਕਾਰਜ ਵਿਚ ਸਿਧਾਂਤਕ ਵਿਸ਼ਲੇਸ਼ਣ ਵਿਧੀ ਨੂੰ ਅਪਣਾਇਆ ਗਿਆ ਹੈ। ਇਹ ਵੀ ਯਤਨ ਰਿਹਾ ਹੈ ਕਿ ਇਹ ਪੂਰਾ ਅਧਿਐਨ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦੇ ਆਲੋਚਨਾਤਮਕ ਤੇ ਤੁਲਨਾਤਮਕ ਅਧਿਐਨ ਤੇ ਨਿਰਭਰ ਹੋਵੇ। ਪਹਿਲੇ ਅਧਿਆਇ ਵਿਚ ਦਿੱਤੇ ਵਰਣਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਈ ਨੰਦ ਲਾਲ ਗੋਯਾ ਦੀ ਲੇਖਣ ਵਿਧੀ ਤੇ ਉਸ ਸਮੇਂ ਦੇ ਹੋਰ ਦੇਸ਼ਾਂ ਵਿਚ ਰਹਿਣ ਵਾਲੇ ਫਾਰਸੀ ਤੇ ਅਰਬੀ ਵਿਦਵਾਨਾਂ ਅਤੇ ਲੇਖਕਾਂ ਦੀਆਂ ਰਚਨਾਵਾਂ ਦਾ ਬਹੁਤ ਜ਼ਿਆਦਾ ਪ੍ਰਭਾਵ ਸੀ। ਉਨ੍ਹਾਂ ਵਿਦੇਸ਼ੀ ਫਾਰਸੀ ਲੇਖਕਾਂ ਦੀਆਂ ਰਚਨਾਵਾਂ ਦਾ

ਭਰਪੂਰ ਵਰਣਨ ਇਸ ਲਈ ਕੀਤਾ ਗਿਆ ਹੈ ਤਾਂ ਜੋ ਤੁਲਨਾਤਮਕ ਵਿਧੀ, ਜਿਹੜੀ ਇਸ ਖੋਜ ਨਿਬੰਧ ਦਾ ਮੁੱਖ ਆਧਾਰ ਰਹੀ ਹੈ, ਉਸਦਾ ਸਪੱਸ਼ਟ ਪਤਾ ਚੱਲ ਸਕੇ। ਇਸ ਵਿਸ਼ੇ ਸੰਬੰਧੀ ਹੋਰ ਵੀ ਕਈ ਕਾਰਜ ਪ੍ਰਾਪਤ ਹੁੰਦੇ ਹਨ, ਪਰ ਉਨ੍ਹਾਂ ਵਿਚ ਉਹ ਮੁੱਦਾ ਨਹੀਂ ਚੁੱਕਿਆ ਗਿਆ ਜਿਸ ਤੇ ਇਹ ਕੰਮ ਕੀਤਾ ਗਿਆ ਹੈ। ਭਾਈ ਸਾਹਿਬ ਦੀਆਂ ਰਚਨਾਵਾਂ ਉਪਰ ਅਕਾਦਮਿਕ ਪੱਧਰ ਤੇ ਇਕ ਕੰਮ ਪਹਿਲਾਂ ਵੀ ਹੋ ਚੁੱਕਿਆ ਹੈ ਅਤੇ ਇਕ ਹੋਰ ਵੀ ਹੋ ਰਿਹਾ ਹੈ। ਜਿਹੜਾ ਕੰਮ ਹੋ ਚੁੱਕਾ ਹੈ ਉਹ ਸ. ਉੱਤਮ ਸਿੰਘ ਭਾਟੀਆ ਨੇ 1973 ਈ. ਵਿਚ ਭਾਈ ਨੰਦ ਲਾਲ ਗੋਯਾ ਦਾ ਆਲੋਚਨਾਤਮਕ ਅਧਿਐਨ, ਹੋਣ ਵਾਲੀ ਐਮ.ਏ. ਫਾਰਸੀ ਭਾਗ ਦੂਜੇ ਦੀ ਪ੍ਰੀਖਿਆ ਦੇ ਇਕ ਪਰਚੇ ਦੇ ਇਵਜ਼ ਵਿਚ ਪੇਸ਼ ਕੀਤਾ ਸੀ ਅਤੇ ਜਿਹੜਾ ਕੰਮ ਹੋ ਰਿਹਾ ਹੈ ਉਹ ਸ. ਮਨਜੀਤ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਫਾਰਸੀ ਵਿਭਾਗ ਵਿਚ 'ਇਰਫਾਨ-ਓ-ਇਸ਼ਕ ਹਕੀਕੀ ਦਰ ਸੁਖਨ ਸਰਾਇ ਭਾਈ ਨੰਦ ਲਾਲ ਗੋਯਾ' ਤੇ ਕਰ ਰਹੇ ਹਨ। ਇਥੇ ਇਹ ਲਿਖਣਾ ਯੋਗ ਹੈ ਕਿ ਇਸ ਖੋਜ ਨਿਬੰਧ ਵਿਸ਼ੇ ਦੇ ਇਕ ਭਾਗ ਤੇ ਐਮ.ਫਿਲ. ਪੱਧਰ ਦਾ ਕੰਮ ਪਹਿਲਾਂ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਕਰ ਚੁੱਕਿਆ ਹਾਂ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਵਿਸ਼ੇ ਤੇ ਹੁਣ ਤੱਕ ਕੋਈ ਵੀ ਪੀ-ਐਚ.ਡੀ. ਪੱਧਰ ਤੇ ਅਕਾਦਮਿਕ ਕੰਮ ਨਹੀਂ ਹੋਇਆ, ਜਿਸ ਤੋਂ ਸਾਨੂੰ ਉਨ੍ਹਾਂ ਰਾਹੀਂ ਲਿਖੀਆਂ ਗਈਆਂ ਰਚਨਾਵਾਂ, ਰਚਨਾਵਾਂ ਵਿਚ ਦਿੱਤੇ ਹਵਾਲੇ ਅਤੇ ਉਨ੍ਹਾਂ ਦੇ ਮਹੱਤਵ ਦਾ ਪਤਾ ਚੱਲ ਸਕੇ। ਇਸ ਕਰਕੇ ਇਸ ਵਿਸ਼ੇ ਤੇ ਕੰਮ ਕਰਨ ਦਾ ਨਿਰਣੇ ਲਿਆ ਗਿਆ।

ਜਿੱਥੇ ਤੱਕ ਇਸ ਕੰਮ ਦੇ ਮੁੱਖ ਵਿਸ਼ਿਆਂ ਦਾ ਸੰਬੰਧ ਹੈ ਸਭ ਤੋਂ ਪਹਿਲਾ ਅਧਿਆਏ ਭੂਮਿਕਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਵਿਚ ਭਾਈ ਨੰਦ ਲਾਲ ਦੇ ਸਮੇਂ ਦੀਆਂ ਹੋਰ ਰਚਨਾਵਾਂ ਦਾ ਜ਼ਿਕਰ ਆਉਂਦਾ ਹੈ ਅਤੇ ਉਨ੍ਹਾਂ ਰਚਨਾਵਾਂ ਦਾ ਭਾਈ ਨੰਦ ਲਾਲ ਜੀਹ ਤੇ ਕੀ ਪ੍ਰਭਾਵ ਸੀ ਅਤੇ ਭਾਈ ਨੰਦ ਲਾਲ ਨੇ ਖੁੱਦ ਕਿੰਨ੍ਹਾਂ ਵਿਸ਼ਿਆਂ ਨੂੰ ਲੈ ਕੇ ਵੱਖ-ਵੱਖ ਪੁਸਤਕਾਂ ਰਚੀਆਂ ਇਸ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਗਿਆ ਹੈ। ਦੂਜੇ ਅਧਿਆਏ ਵਿਚ ਭਾਈ ਸਾਹਿਬ ਦੇ ਮੁੱਢਲੇ ਜੀਵਨ ਦੀ ਭਰਪੂਰ ਚਰਚਾ ਕੀਤੀ ਗਈ ਹੈ। ਉਨ੍ਹਾਂ ਦੇ ਬਚਪਨ, ਸਿੱਖਿਆ, ਮੁੱਢਲੀ ਨੌਕਰੀ, ਮਾਤਾ-ਪਿਤਾ ਅਤੇ ਉਨ੍ਹਾਂ ਦੇ ਪਰਿਵਾਰ ਦੀ ਹਾਲਤ ਬਾਰੇ ਦਸਦਿਆਂ ਹੋਇਆਂ ਕਿਹੜੀਆਂ ਉਨ੍ਹਾਂ ਦੇ ਜੀਵਨ ਵਿਚ ਤਬਦੀਲੀਆਂ ਆਈਆਂ, ਉਨ੍ਹਾਂ ਦੀ ਆਲੋਚਨਾਤਮਕ ਢੰਗ ਨਾਲ ਚਰਚਾ ਕੀਤੀ ਗਈ ਹੈ। ਤੀਜੇ ਅਧਿਆਇ ਦਾ ਸਿਰਲੇਖ ਜਾਣ-ਪਛਾਣ: ਰਚਨਾਵਾਂ ਭਾਈ ਨੰਦ ਲਾਲ ਗੋਯਾ ਦੇ ਅਧੀਨ ਯਤਨ ਰਿਹਾ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਦੇ ਹਰੇਕ ਪਹਿਲੂ ਨੂੰ ਉਭਾਰਿਆ ਜਾਵੇ ਅਤੇ ਭਾਈ ਨੰਦ ਲਾਲ ਦੀ ਲੇਖਕ ਦੇ ਰੂਪ ਵਿਚ ਸ਼ਖਸੀਅਤ ਨੂੰ ਕੇਵਲ ਉਭਾਰਿਆ ਹੀ ਨਾ ਜਾਵੇ ਸਗੋਂ ਹੋਰ ਲੇਖਕਾਂ ਨਾਲ ਉਨ੍ਹਾਂ ਦੀ ਤੁਲਨਾ ਕਰਕੇ ਉਨ੍ਹਾਂ ਨੂੰ ਇਕ ਖਾਸ ਲੇਖਕਾਂ ਦੇ ਵਰਗ ਵਿਚ ਰੱਖਿਆ ਜਾਵੇ।

ਸਿਧਾਂਤਕ ਵਿਸ਼ਲੇਸ਼ਣ: ਰਚਨਾਵਾਂ ਭਾਈ ਨੰਦ ਲਾਲ ਗੋਯਾ ਚੌਥੇ ਅਧਿਆਇ ਦਾ ਸਿਰਲੇਖ ਹੈ। ਇਸ ਵਿਚ ਭਾਈ ਸਾਹਿਬ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਇਸ ਆਧਾਰ ਤੇ ਉਸ ਸਮੇਂ ਦੀ ਕੀ ਹਾਲਤ ਸੀ, ਉਸਦਾ ਵਰਣਨ ਕੀਤਾ ਗਿਆ ਹੈ। ਜਿੱਥੇ ਤੱਕ ਇਸ ਖੋਜ ਕੰਮ ਦੇ ਸਿੱਟੇ ਦਾ ਪ੍ਰਸ਼ਨ ਹੈ ਉਸ ਵਿਚ ਇਹ ਦੱਸਣ ਦਾ ਯਤਨ ਰਿਹਾ ਹੈ ਕਿ ਭਾਈ ਨੰਦ ਲਾਲ ਜੀ ਦਾ ਜੀਵਨ ਕਿੰਨ੍ਹਾਂ-ਕਿੰਨ੍ਹਾਂ ਪੜਾਵਾਂ ਵਿਚੋਂ ਨਿਕਲ ਕੇ ਇਕ ਬਹੁਤ ਹੀ ਉੱਘੇ ਵਿਚਾਰਵਾਨ ਲੇਖਕ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ। ਉਨ੍ਹਾਂ ਦੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚ ਕੀ ਥਾਂ ਰਹੀ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੇ ਉਨ੍ਹਾਂ ਨੂੰ ਕਿਸ ਕਿਸਮ ਦਾ ਸਿਹਰਾ ਦਿੱਤਾ, ਇਸ ਦਾ ਵੀ ਪਤਾ ਚੱਲਦਾ ਹੈ। ਇਸ ਖੋਜ-ਕਾਰਜ ਦੇ ਅੰਤ ਵਿਚ ਪੁਸਤਕ-ਸੂਚੀ ਦਿੱਤੀ ਗਈ ਹੈ ਜਿਸ ਦੇ ਆਧਾਰ ਤੇ ਇਹ ਕੰਮ ਪੂਰਾ ਕੀਤਾ ਗਿਆ ਹੈ। ਨਿਚੋੜ ਵਜੋਂ ਫਿਰ ਦੋਹਰਾਣਾ ਠੀਕ ਹੋਵੇਗਾ ਕਿ ਸਿੱਖ ਵਿਦਵਾਨਾਂ ਵਿਚ ਭਾਈ ਨੰਦ ਲਾਲ ਗੋਯਾ ਦਾ ਨਾਂ ਮੋਢੀਆਂ ਵਿਚੋਂ ਇਕ ਹੈ। ਆਪ ਦੀਆਂ ਰਚਨਾਵਾਂ ਸਿੱਖ ਰੂਹਾਨੀਅਤ ਦਾ ਅਨਮੋਲ ਸੋਮਾ ਬਣ ਗਈਆਂ ਹਨ।

ਜਿੱਥੇ ਤੱਕ ਭਾਈ ਨੰਦ ਲਾਲ ਗੋਯਾ ਦੀ ਰਚਨਾਵਾਂ ਦੇ ਸਿਧਾਂਤਕ ਵਿਸ਼ਲੇਸ਼ਣ ਦਾ ਸੰਬੰਧ ਹੈ, ਕੋਸ਼ਿਸ਼ ਇਹ ਰਹੀ ਹੈ ਕਿ ਉਨ੍ਹਾਂ ਦੀ ਕਿਸੇ ਵੀ ਰਚਨਾ ਨੂੰ ਸਮੀਖਿਆ ਕੀਤੇ ਬਿਨਾਂ ਨਾ ਛੱਡਿਆ ਜਾਵੇ। ਨਾਲ ਹੀ ਯਤਨ ਰਿਹਾ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਵਿਚ ਦਿੱਤੇ ਵਿਸ਼ਿਆਂ ਨੂੰ ਸਰਲ ਭਾਸ਼ਾ ਅਤੇ ਤਰੀਕੇ ਨਾਲ ਪੇਸ਼ ਕੀਤਾ ਜਾਵੇ ਤਾਂ ਜੋ ਪੜ੍ਹਨ ਵਾਲੇ ਨੂੰ ਭਾਈ ਸਾਹਿਬ ਦੀਆਂ ਰਚਨਾਵਾਂ ਨੂੰ ਸਮਝਣ ਵਿਚ ਕਿਸੇ ਕਿਸਮ ਦੀ ਔਕੜ ਨਾ ਹੋਵੇ ਸਗੋਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਦਿੱਤੇ ਵਿਸ਼ਿਆਂ ਦਾ ਪ੍ਰਭਾਵ ਪੜ੍ਹਨ ਵਾਲੇ ਦੇ ਦਿਲੋ-ਦਿਮਾਗ ਤੇ ਬਣਿਆ ਰਹੇ। ਇਨ੍ਹਾਂ ਯਤਨਾਂ ਦੇ ਸਿੱਟੇ ਵਜੋਂ ਭਾਈ ਨੰਦ ਲਾਲ ਗੋਯਾ ਦੇ ਸਾਹਿਤਿਕ ਜੀਵਨ ਅਤੇ ਉਨ੍ਹਾਂ ਰਾਹੀਂ ਕੀਤੇ ਗਏ ਅਧਿਐਨ ਅਤੇ ਅਧਿਐਨ ਪਿਛੋਂ ਉਨ੍ਹਾਂ ਰਾਹੀਂ ਲਿਖੀਆਂ ਗਈਆਂ ਰਚਨਾਵਾਂ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਉਭਾਰਣ ਦਾ ਯਤਨ ਰਿਹਾ ਹੈ।

# ਅਧਿਆਇ – ਦੂਜਾ
# ਜੀਵਨ: ਭਾਈ ਨੰਦ ਲਾਲ ਗੋਯਾ

ਇਸ ਖੋਜ ਨਿਬੰਧ ਦੀ ਪ੍ਰਸਤਾਵਨਾ ਵਿਚ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਜਾ ਚੁੱਕਿਆ ਹੈ ਕਿ ਭਾਈ ਨੰਦ ਲਾਲ ਗੋਯਾ ਗੁਰੂ ਗੋਬਿੰਦ ਸਿੰਘ ਜੀ (ਦਸਵੇਂ ਪਾਤਸ਼ਾਹ) 52 ਦਰਬਾਰੀ ਕਵੀਆਂ ਦੀ ਮਾਲਾ ਦਾ ਇਕ ਮਣਕਾ ਜਾਂ ਮੋਤੀ ਸਨ। ਉਹ ਸਾਰੇ ਦੇ ਸਾਰੇ ਉੱਚ ਕੋਟੀ ਦੇ ਵਿਦਵਾਨ ਤਾਂ ਸਨ; ਹੀ ਨਾਲ ਹੀ ਉਹ ਮੰਨ-ਪ੍ਰਮੰਨੇ ਸਾਹਿਤਕਾਰ ਵੀ ਸਨ। ਉਨ੍ਹਾਂ ਦੀ ਗੁਰੂ ਸਾਹਿਬ ਵਿਚ ਪੂਰੀ ਆਸਥਾ ਤੇ ਸ਼ਰਧਾ ਸੀ ਅਤੇ ਉਹ ਪੂਰੀ ਤਰ੍ਹਾਂ ਨਾਲ ਗੁਰੂ ਸਾਹਿਬ ਪ੍ਰਤੀ ਸਮਰਪਿਤ ਸਨ। ਭਾਈ ਨੰਦ ਲਾਲ ਜੀ ਉਨ੍ਹਾਂ ਵਿਚੋਂ ਇਕ ਸਨ, ਉਹ ਫਾਰਸੀ, ਅਰਬੀ, ਸੰਸਕ੍ਰਿਤ ਅਤੇ ਹਿੰਦੀ ਦੇ ਬਹੁਤ ਉੱਘੇ ਵਿਦਵਾਨ ਤੇ ਰਚਨਾਕਾਰ ਸਨ। ਨਾਲ ਹੀ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵਿਸ਼ੇਸ਼ ਮਾਣ-ਸਨਮਾਣ ਨੂੰ ਪ੍ਰਾਪਤ ਕਰ ਚੁੱਕੇ ਸਨ। ਉਹ ਇਕ ਉੱਚੇ ਦਰਜੇ ਦੇ ਕਵੀ ਵੀ ਸਮਝੇ ਜਾਣ ਲੱਗ ਪਏ ਸਨ। ਸਾਹਿਤਕ ਪੱਖੋਂ ਉਨ੍ਹਾਂ ਦੀਆਂ ਰਚਨਾਵਾਂ ਅਤੇ ਸਾਹਿਤਕਾਰ ਪੱਖੋਂ ਉਨ੍ਹਾਂ ਦਾ ਸਥਾਨ ਕਾਫ਼ੀ ਉੱਚ ਕੋਟੀ ਦਾ ਸੀ।

ਇਸ ਅਧਿਆਇ ਵਿਚ ਅਸੀਂ ਖਾਸ ਤੌਰ ਤੇ ਭਾਈ ਨੰਦ ਲਾਲ ਗੋਯਾ ਦੀ ਜ਼ਿੰਦਗੀ, ਸ਼ਖ਼ਸੀਅਤ ਅਤੇ ਰਚਨਾਵਾਂ ਦਾ ਹਵਾਲਾ ਦੇ ਰਹੇ ਹਾਂ। ਭਾਈ ਨੰਦ ਲਾਲ ਜੀ ਦੇ ਜਨਮ ਬਾਰੇ ਸਾਨੂੰ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਮਿਲਦੇ ਹਨ। ਡਾ. ਹਰੀ ਰਾਮ ਗੁਪਤਾ (ਇਕ ਉੱਚ ਕੋਟੀ ਦੇ ਇਤਿਹਾਸਕਾਰ) ਆਪ ਦਾ ਜਨਮ 1643 ਈ. ਵਿਚ ਦੱਸਦੇ ਹਨ[1], ਜਦਕਿ ਭਾਈ ਸਾਹਿਬ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਡਾ. ਗੰਡਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਨੰਦ ਲਾਲ ਗੋਯਾ ਦਾ ਜਨਮ 1633 ਈ. ਮੰਨਦੇ ਹਨ।[2] ਇਨ੍ਹਾਂ ਦੋਹਾਂ ਮਿਤੀਆਂ ਵਿਚੋਂ ਬਾਅਦ ਦਾ ਵਿਚਾਰ (1633 ਈ. ਵਿਚ) ਜ਼ਿਆਦਾ ਵਧੇਰੇ ਵਿਦਵਾਨਾਂ ਨੇ ਠੀਕ ਮੰਨਿਆ ਹੈ। ਆਪ ਜੀ ਦੇ ਪਿਤਾ ਦਾ ਨਾਂ ਛੱਜੂ ਰਾਮ ਸੀ। ਛੱਜੂ ਰਾਮ ਖੁੱਦ ਵੀ ਫਾਰਸੀ ਅਤੇ ਅਰਬੀ ਭਾਸ਼ਾਵਾਂ ਦੇ ਚੰਗੇ ਵਿਦਵਾਨ ਸਮਝੇ ਜਾਂਦੇ ਸਨ। ਇਹੋ ਕਾਰਨ ਸੀ ਕਿ ਭਾਈ ਨੰਦ ਲਾਲ ਜੀ ਨੇ ਮੁੱਢਲੀ ਸਿੱਖਿਆ ਆਪਣੇ ਪਿਤਾ ਜੀ ਤੋਂ

---

1 ਹਰੀ ਰਾਮ ਗੁਪਤਾ, *ਹਿਸਟਰੀ ਆਫ ਸਿੱਖ ਗੁਰੂਜ਼*, ਪੰਨਾ 280; *ਸਿੱਖ ਧਰਮ*, ਸਿੱਖ ਮਿਸ਼ਨਰੀ ਸੈਂਟਰ, ਪੰਨਾ 210.

2 ਹਰਿਭਜਨ ਸਿੰਘ, *ਸਾਚੀ ਪ੍ਰੀਤ*, ਪੰਨਾ 15; ਪ੍ਰੋ. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ*, ਪੰਨਾ 68; ਡਾ. ਗੰਡਾ ਸਿੰਘ, *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਨਾ 2; ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 541; ਪ੍ਰੋ. ਸਾਹਿਬ ਸਿੰਘ, *ਜੀਵਨ-ਬਿਰਤਾਂਤ ਗੁਰੂ ਗੋਬਿੰਦ ਸਿੰਘ ਜੀ*, ਪੰਨਾ 114.

ਵਿਰਾਸਤ ਵਿਚ ਪ੍ਰਾਪਤ ਕੀਤੀ।[3] ਛੱਜੂ ਰਾਮ ਜੀ ਰੁਜ਼ਗਾਰ ਦੀ ਭਾਲ ਵਿਚ ਦਿੱਲੀ ਪੁੱਜੇ ਜਿੱਥੇ ਉਨ੍ਹਾਂ ਨੂੰ ਸ਼ਾਹਜਹਾਂ ਦੇ ਸ਼ਾਹੀ ਮੁਨਸ਼ੀਖਾਨੇ ਵਿਚ ਨੌਕਰੀ ਪ੍ਰਾਪਤ ਹੋਈ। ਇੱਥੇ ਇਹ ਦੱਸਣਾ ਜ਼ਰੂਰੀ ਬਣ ਜਾਂਦਾ ਹੈ ਕਿ ਮੁਗਲਾਂ ਦੀ ਧਾਰਮਿਕ ਨੀਤੀ ਅਤੇ ਵਤੀਰਾ ਉਸ ਸਮੇਂ ਤੱਕ ਉਦਾਰਵਾਦੀ ਹੀ ਰਿਹਾ ਸੀ। ਭਾਵੇਂ ਉਸ ਸਮੇਂ ਦਾ ਮੁਗਲ ਬਾਦਸ਼ਾਹ ਖ਼ੁੱਦ ਓਨਾ ਉਦਾਰਵਾਦੀ ਨਹੀਂ ਸੀ ਜਿੰਨਾ ਕਿ ਅਕਬਰ ਮਹਾਨ ਰਿਹਾ ਸੀ। ਚੰਗੀ ਕਾਰਗੁਜ਼ਾਰੀ ਕਾਰਨ ਉਨ੍ਹਾਂ ਨੇ ਸਭ ਦਾ ਦਿਲ ਜਿੱਤ ਲਿਆ। ਇਹੋ ਕਾਰਨ ਸੀ ਕਿ ਉਨ੍ਹਾਂ ਦੀ ਇਮਾਨਦਾਰੀ ਨੂੰ ਵੇਖਦਿਆਂ ਹੋਇਆਂ ਸ਼ਹਿਜ਼ਾਦਾ ਦਾਰਾ ਸ਼ਿਕੋਹ ਉਨ੍ਹਾਂ ਨੂੰ ਕੰਧਾਰ ਦੀ ਪਹਿਲੀ ਮੁਹਿੰਮ ਤੇ ਆਪਣੇ ਨਾਲ ਲੈ ਗਿਆ। ਉਥੇ ਉਨ੍ਹਾਂ ਨੂੰ, ਉਨ੍ਹਾਂ ਦੀ ਕਾਬਲੀਅਤ ਵੇਖਦਿਆਂ ਹੋਇਆਂ, ਦੀਵਾਨ ਦੇ ਅਹੁਦੇ ਤੇ ਨਿਯੁਕਤ ਕੀਤਾ ਗਿਆ। ਉਹ (ਛੱਜੂ ਰਾਮ) ਆਪਣੀ ਮੌਤ ਦੇ ਸਮੇਂ ਤੱਕ ਉਥੇ ਹੀ ਉਸੇ ਅਹੁਦੇ ਤੇ ਕੰਮ ਕਰਦੇ ਰਹੇ। ਜ਼ਿਆਦਾਤਰ ਇਤਿਹਾਸਕਾਰਾਂ ਅਤੇ ਹੋਰ ਸਾਹਿਤ ਦੇ ਵਿਦਵਾਨਾਂ ਰਾਹੀਂ ਮੰਨਿਆ ਗਿਆ ਹੈ ਕਿ ਉਨ੍ਹਾਂ (ਛੱਜੂ ਰਾਮ) ਦੀ ਮੌਤ ਲਗਭਗ 1652 ਈ. ਵਿਚ ਹੋਈ ਸੀ।[4] ਜਦ ਭਾਈ ਨੰਦ ਲਾਲ ਗੋਯਾ ਦੀ ਉਮਰ ਕੇਵਲ 19 ਵਰ੍ਹੇ ਹੀ ਸੀ।

ਸਭ ਤੋਂ ਪਹਿਲਾਂ ਅਸੀਂ ਉਨ੍ਹਾਂ ਦੇ ਪਿਤਾ ਪੁਰਖਿਆਂ ਦੇ ਅਸਲੀ ਵਤਨ ਬਾਰੇ ਜ਼ਿਕਰ ਕਰ ਰਹੇ ਹਾਂ। ਨੰਦ ਲਾਲ ਗੋਯਾ ਦੇ ਪਿਤਾ ਪੁਰਖਿਆਂ ਦੇ ਅਸਲੀ ਵਤਨ ਬਾਰੇ ਯਕੀਨੀ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਡਾ. ਗੰਡਾ ਸਿੰਘ ਦਾ ਵਿਚਾਰ ਹੈ ਕਿ ਆਪ ਦਾ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਪੰਜਾਬ ਵਿਖੇ ਪਹੁੰਚਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਪਹਿਲਾਂ ਤੋਂ ਹੀ ਆਪ ਦੇ ਪਿਤਾ ਪੁਰਖਿਆਂ ਦਾ ਸੰਬੰਧ ਪੰਜਾਬ ਨਾਲ ਤਾਂ ਰਿਹਾ ਹੀ ਹੋਵੇਗਾ, ਪਰ ਉਨ੍ਹਾਂ ਦਾ ਜ਼ਿਆਦਾ ਸੰਬੰਧ ਗੁਰੂ ਘਰ ਨਾਲ ਰਿਹਾ ਕਿਉਂਕਿ ਉਨ੍ਹਾਂ ਦੇ ਦਿਲ ਵਿਚ ਸਿੱਖ ਗੁਰੂਆਂ ਲਈ ਖਾਸ ਆਸਥਾ ਤੇ ਸ਼ਰਧਾ ਸੀ।[5] ਭਾਈ ਕਾਨ੍ਹ ਸਿੰਘ ਨਾਭਾ ਵੀ ਇਸੇ ਗੱਲ ਨਾਲ ਸਹਿਮਤ ਹਨ ਕਿ ਮੁਨਸ਼ੀ ਛੱਜੂ ਰਾਮ ਭਾਵ ਗੋਯਾ ਦੇ ਪਿਤਾ ਹਿੰਦੋਸਤਾਨ ਤੋਂ ਗਜ਼ਨੀ ਵੱਲ ਗਏ ਸਨ।[6] ਇਸਦਾ ਅਰਥ ਇਹ ਹੋਇਆ ਕਿ ਉਹ ਪਹਿਲਾਂ ਤੋਂ ਹੀ ਹਿੰਦੋਸਤਾਨ ਦੇ ਵਸਨੀਕ ਸਨ, ਪਰ ਇਨ੍ਹਾਂ ਦੇ ਵਡੇਰੇ ਗਜ਼ਨੀ ਅਫਗਾਨਿਸਤਾਨ ਦੇ ਰਹਿਣ ਵਾਲੇ ਸਨ।[7] ਇਤਿਹਾਸਕ ਤੱਥਾਂ ਦੀ ਅਣਹੋਂਦ ਕਾਰਨ ਖਾਨਦਾਨੀ ਰਵਾਇਤਾਂ ਨੂੰ ਰੱਦ ਕਰਨਾ ਮੁਸ਼ਕਿਲ ਹੈ। ਡਾ. ਗੰਡਾ ਸਿੰਘ ਦਾ ਕਹਿਣਾ ਹੈ ਕਿ ਮੁਨਸ਼ੀ ਛੱਜੂ ਰਾਮ ਰੁਜ਼ਗਾਰ ਦੀ ਤਲਾਸ਼ ਵਿਚ ਦਿੱਲੀ ਪੁੱਜੇ ਅਤੇ ਸ਼ਾਹੀ ਦਰਬਾਰ ਵਿਚ ਮੁਲਾਜ਼ਮ ਹੋ ਗਏ। ਸ਼ਹਿਜ਼ਾਦਾ ਦਾਰਾ ਸ਼ਿਕੋਹ ਜਦੋਂ

---

3 ਡਾ. ਗੰਡਾ ਸਿੰਘ, *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਨੇ 2-3.

4 ਉਹੀ।

5 ਗੰਡਾ ਸਿੰਘ, *ਕੁੱਲੀਯਾਤ ਭਾਈ ਨੰਦ ਲਾਲ ਗੋਯਾ*, ਪੰਨਾ 10.

6 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 541.

7 ਭਾਈ ਰਾਮ ਦਿਆਲ, *ਦ ਲਾਈਫ ਭਾਈ ਨੰਦ ਲਾਲ ਗੋਯਾ*, ਪੰਨਾ 3.

1639 ਈ. ਵਿਚ ਕੰਧਾਰ ਦੀ ਪਹਿਲੀ ਲੜਾਈ ਲਈ ਰਵਾਨਾ ਹੋਏ ਤਾਂ ਉਹ, ਜਿਵੇਂ ਕਿ ਉਪਰ ਲਿਖਿਆ ਜਾ ਚੁੱਕਾ ਹੈ ਕਿ ਮੁਨਸ਼ੀ ਛੱਜੂ ਰਾਮ ਨੂੰ ਆਪਣੇ ਨਾਲ ਇਸ ਮੁਹਿੰਮ ਵਿਚ ਲੈ ਗਏ।[8]

**ਗੋਯਾ ਦਾ ਜਨਮ:** ਰੱਬ ਦੀ ਮਰਜ਼ੀ ਕੁਝ ਅਜਿਹੀ ਸੀ ਕਿ ਛੱਜੂ ਰਾਮ ਦੇ ਘਰ ਜਿਹੜਾ ਬੱਚਾ ਪੈਦਾ ਹੁੰਦਾ ਸੀ, ਉਹ ਦੋ ਤਿਨ ਸਾਲ ਜਿਉਂਦਾ ਰਹਿੰਦਾ ਅਤੇ ਫਿਰ ਰੱਬ ਨੂੰ ਪਿਆਰਾ ਹੋ ਜਾਂਦਾ ਸੀ। ਪੰਜਾਹ ਸਾਲਾਂ ਤੱਕ ਉਨ੍ਹਾਂ ਦੇ ਘਰ ਕੋਈ ਔਲਾਦ ਜਿਉਂਦੀ ਨਾ ਰਹੀ। ਰੱਬ ਦੀ ਕਰਨੀ, 50 ਸਾਲਾਂ ਬਾਅਦ ਉਨ੍ਹਾਂ ਦੇ ਘਰ ਇਕ ਲੜਕੇ ਨੇ ਜਨਮ ਲਿਆ, ਜਿਸਦਾ ਨਾਂ ਨੰਦ ਲਾਲ ਰੱਖਿਆ ਗਿਆ। ਇਸ ਦੇ ਜਨਮ 'ਤੇ ਕੋਈ ਖੁਸ਼ੀ ਨਾ ਮਨਾਈ ਗਈ ਕਿਉਂਕਿ ਇਸ ਦੇ ਜਿਉਂਦੇ ਰਹਿਣ ਦੀ ਕੋਈ ਉਮੀਦ ਨਹੀਂ ਸੀ। ਇਸ ਕਰਕੇ ਨੰਦ ਲਾਲ ਦੀ ਜਨਮ ਦੀ ਕੋਈ ਨਿਸ਼ਚਿਤ ਮਿਤੀ ਨਹੀਂ ਮਿਲਦੀ। ਭਾਈ ਕਾਨ੍ਹ ਸਿੰਘ ਨਾਭਾ ਅਤੇ ਲਾਲਾ ਪਰਮਾਨੰਦ ਅਰੋੜਾ ਨੇ ਉਨ੍ਹਾਂ ਦਾ ਸਾਲ 1633 ਈ. ਦੱਸਿਆ ਹੈ।[9] ਪਰ ਇਨ੍ਹਾਂ ਨੇ ਇਸ ਸੰਬੰਧ ਵਿਚ ਕੋਈ ਸੋਮਾ ਨਹੀਂ ਦੱਸਿਆ ਹੈ। ਇਸ ਕਰਕੇ ਸ਼ੱਕ ਹੁੰਦਾ ਹੈ ਕਿ ਤਾਰੀਖੀ ਗਵਾਹੀ ਨਾ ਮਿਲਣ ਕਰਕੇ ਮਜ਼ਬੂਤੀ ਦੇ ਤੌਰ ਤੇ ਇਹੋ ਮੰਨਣਾ ਪਿਆ ਹੈ ਕਿ ਗੋਯਾ ਦਾ ਜਨਮ ਸਾਲ 1633 ਈ. ਵਿਚ ਹੀ ਹੋਇਆ ਸੀ।

**ਵਿੱਦਿਆ ਪ੍ਰਾਪਤੀ:** ਜਦੋਂ ਨੰਦ ਲਾਲ 6 ਵਰ੍ਹੇ ਦੇ ਹੋਏ ਤਾਂ ਮੁਨਸ਼ੀ ਛੱਜੂ ਰਾਮ ਨੇ ਉਨ੍ਹਾਂ ਨੂੰ ਅਰਬੀ, ਫਾਰਸੀ ਪੜ੍ਹਾਉਣ ਲਈ ਇਕ ਅਧਿਆਪਕ ਦਾ ਪ੍ਰਬੰਧ ਕੀਤਾ। ਗੋਯਾ ਮਿਹਨਤੀ ਅਤੇ ਯੋਗ ਬਾਲਕ ਸੀ। ਛੇਤੀ ਹੀ ਅਰਬੀ ਅਤੇ ਫਾਰਸੀ ਵਿਚ ਮਾਹਿਰ ਬਣ ਗਿਆ।[10] ਲਿਖਣ ਪੜ੍ਹਨ ਅਤੇ ਸ਼ੇਅਰ ਕਹਿਣ ਦਾ ਵੀ ਉਨ੍ਹਾਂ ਨੂੰ ਬਚਪਨ ਤੋਂ ਹੀ ਸ਼ੌਕ ਸੀ ਜਿਸ ਦਾ ਪ੍ਰਮਾਣ ਉਸ ਦੀਆਂ ਗਦ ਅਤੇ ਪਦ (Prose and Poetry) ਦੀਆਂ ਰਚਨਾਵਾਂ ਹਨ। ਨੰਦ ਲਾਲ ਕਾਵਿ (Poetry) ਲਈ ਲਾਲ ਅਤੇ ਗੋਯਾ ਤੱਖਲੁਸ ਲਿਖਦੇ ਸਨ।[11]

**ਬੈਰਾਗੀ ਗੁਰੂ ਦੇ ਹੱਥੋਂ ਬੈਅਤ ਕਰਨੋਂ ਇਨਕਾਰ:** ਦੀਵਾਨ ਛੱਜੂ ਰਾਮ ਗੋਸਾਈ ਬੈਰਾਗੀ ਦਾ ਪੈਰੋਕਾਰ ਸੀ। ਜਦੋਂ ਗੋਯਾ 12 ਵਰ੍ਹਿਆਂ ਦਾ ਹੋਇਆ ਤਾਂ ਉਸਦੇ ਪਿਤਾ ਦੀਵਾਨ ਛੱਜੂ ਰਾਮ ਨੇ ਬੈਰਾਗੀ ਗੁਰੂ ਦੇ ਹੱਥੋਂ ਨੰਦ ਲਾਲ ਨੂੰ ਤੁਲਸੀ ਦੀ ਕੰਠੀ ਪਹਿਨਣ ਦੀ ਰਸਮ ਦਾ ਆਯੋਜਨ ਕੀਤਾ, ਨੰਦ ਲਾਲ ਬੈਰਾਗੀ ਦੇ ਹੱਥੋਂ ਕੰਠੀ ਪਹਿਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਮੈਨੂੰ ਅਜਿਹੇ ਰੱਬ ਦੇ ਨਾਂ ਦੀ ਮਾਲਾ ਪਹਿਣਾਓ ਜਿਹੜੀ ਕਦੀ ਨਾ ਟੁੱਟੇ। ਜਦੋਂ ਵੈਰਾਗੀ ਗੁਰੂ ਨੇ ਇਹ ਗੱਲ ਸੁਣੀ ਤਾਂ ਉਹ ਪਰਤ ਗਿਆ। ਪਿਤਾ ਨੇ ਕਈ ਵਾਰ ਬੈਰਾਗੀ ਦੇ ਹੱਥੋਂ ਬੈਅਤ (ਸਿਖਿਅਤ) ਹੋਣ ਅਤੇ

---

8 ਗੰਡਾ ਸਿੰਘ, *ਉਹੀ*, ਪੰਨੇ 10-11.

9 ਭਾਈ ਕਾਨ੍ਹ ਸਿੰਘ ਨਾਭਾ, ਮੀਰ ਮੁਨਸ਼ੀ ਦੱਸਦੇ ਹਨ, ਮਹਾਨ ਕੋਸ਼, ਪੰਨਾ 541

10 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਜਿਲਦ ਦੂਜੀ, ਪੰਨਾ 769.

11 ਭਾਈ ਰਾਮ ਦਿਆਲ, ਦ ਲਾਇਫ ਆਫ ਭਾਈ ਨੰਦ ਲਾਲ ਗੋਯਾ, ਪੰਨਾ 20

ਕੰਠੀ ਪਹਿਨਣ ਲਈ ਕਿਹਾ ਪਰ ਉਹ ਆਪਣੇ ਇਰਾਦੇ ਤੇ ਅੜੇ ਰਹੇ।[12] ਇਹ ਰਵਾਇਤ ਗੁਰੂ ਨਾਨਕ ਸਾਹਿਬ ਦੇ ਬਚਪਨ ਵਿਚ ਹਰਦਿਆਲ ਪੰਡਿਤ ਤੋਂ ਜਨੇਊ ਪਹਿਨਣ ਤੋਂ ਇਨਕਾਰ ਕਰਨ ਦੇ ਸਮਾਨ ਲੱਗਦੀ ਹੈ। ਤੀਜੇ ਦਿਨ ਆਪਣੇ ਪੁੱਤਰ ਨੂੰ ਬੈਰਾਗੀ ਦੇ ਹੱਥੋਂ ਕੰਠੀ ਪਹਿਨਣ ਲਈ ਆਖਿਆ ਤਾਂ ਬੈਰਾਗੀ ਨੇ ਕਿਹਾ ਕਿ ਮੇਰੇ ਕੋਲ ਅਜਿਹੀ ਕੰਠੀ ਨਹੀਂ ਹੈ ਜਿਹੜੀ ਨੰਦ ਲਾਲ ਚਾਹੁੰਦਾ ਹੈ। ਚੰਗਾ ਇਹੋ ਹੋਵੇਗਾ ਕਿ ਉਸ ਨੂੰ ਆਪਣੀ ਮਰਜ਼ੀ ਅਨੁਸਾਰ ਆਪਣਾ ਰੂਹਾਨੀ ਆਗੂ ਮੰਨਣ ਲਈ ਆਜਾਦ ਛੱਡ ਦਿੱਤਾ ਜਾਵੇ। ਗੁਰੂ ਦੀ ਇਸ ਰਾਏ ਨੇ ਛੱਜ ਰਾਮੂ ਨੂੰ ਚੁੱਪ ਕਰਵਾ ਦਿੱਤਾ। ਬੈਰਾਗੀ ਨੇ ਨੰਦ ਲਾਲ ਦਾ ਗੁਰੂ ਬਨਣ ਤੋਂ ਹਮੇਸ਼ਾ ਲਈ ਇਨਕਾਰ ਕਰ ਦਿੱਤਾ।

**ਮਾਤਾ-ਪਿਤਾ ਦਾ ਅਕਾਲ ਚਲਾਣਾ:** ਨੰਦ ਲਾਲ ਜੀ ਨੇ ਅਜੇ ਜਵਾਨੀ ਵਿਚ ਪੈਰ ਹੀ ਰੱਖਿਆ ਸੀ ਕਿ ਉਨ੍ਹਾਂ ਦੀ ਮਾਤਾ ਜੀ ਚਲਾਣਾ ਕਰ ਗਏ। ਉਸ ਸਮੇਂ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਨੰਦ ਲਾਲ ਜੀ ਦੀ ਉਮਰ ਕੇਵਲ 17 ਵਰ੍ਹੇ ਦੀ ਸੀ। ਉਨ੍ਹਾਂ ਦੀ ਮਾਤਾ ਜੀ ਦੀ ਮੌਤ ਨੂੰ ਅਜੇ ਦੋ ਸਾਲ ਹੀ ਹੋਏ ਸਨ ਕਿ ਉਨ੍ਹਾਂ ਦੇ ਪਿਤਾ ਛੱਜੂ ਰਾਮ ਜੀ ਦਾ ਵੀ ਚਲਾਣਾ ਹੋ ਗਿਆ। ਡਾ. ਗੰਡਾ ਸਿੰਘ ਵੀ ਨੰਦ ਲਾਲ ਦੀ ਮਾਤਾ ਦੇ ਅਕਾਲ ਚਲਾਣਾ ਕਰਨ ਸਮੇਂ ਗੋਯਾ ਦੀ ਉਮਰ 16-17 ਸਾਲ ਹੀ ਦੱਸਦੇ ਹਨ। ਹਨ।[13] ਦੀਵਾਨ ਛੱਜੂ ਰਾਮ ਦੀ ਮੌਤ ਦਾ ਸਾਲ 1652 ਈ. ਲਿਖਦੇ ਹਨ ਜਿਸਦਾ ਉਪਰੋਕਤ ਜ਼ਿਕਰ ਕੀਤਾ ਜਾ ਚੁੱਕਾ ਹੈ। ਮਾਤਾ ਪਿਤਾ ਦੇ ਵਿਛੋੜੇ ਪਿੱਛੋਂ ਨੰਦ ਲਾਲ ਲਈ ਰਿਸ਼ਤੇਦਾਰੀ ਵਿਚੋਂ ਸਿਰਫ ਨਾਨਕੇ ਰਿਸ਼ਤੇਦਾਰ ਹੀ ਜਿੰਦਾ ਰਹਿ ਗਏ ਸਨ। ਇਸ ਤਰ੍ਹਾਂ ਆਪ ਦੇ ਦਿਲ ਤੇ ਡੂੰਘੀ ਸੱਟ ਵੱਜੀ। ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਮੋਢਿਆਂ ਤੇ ਪਰਿਵਾਰਕ ਜ਼ਿੰਮੇਵਾਰੀ ਪਈ ਅਤੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਨ੍ਹਾਂ ਉਪਰ ਇਕ ਤਰ੍ਹਾਂ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਭਾਈ ਨੰਦ ਲਾਲ ਜੀ ਨੇ ਪ੍ਰਚਲਿਤ ਰੀਤੀ-ਰਿਵਾਜ਼ ਅਨੁਸਾਰ ਗਜ਼ਨੀ ਦੇ ਹਾਕਿਮ ਤੋਂ ਆਪਣੇ ਪਿਤਾ ਵਾਲੇ ਅਹੁਦੇ ਉਪਰ ਨਿਯੁਕਤ ਕੀਤੇ ਜਾਣ ਦੀ ਮੰਗ ਕੀਤੀ, ਪਰ ਉਨ੍ਹਾਂ ਦੀ ਛੋਟੀ ਉਮਰ ਅਤੇ ਤਜ਼ਰਬਾ ਨਾ ਹੋਣ ਕਾਰਨ ਉਨ੍ਹਾਂ ਨੂੰ ਇਹ ਅਹੁਦਾ ਪ੍ਰਾਪਤ ਨਾ ਹੋ ਸਕਿਆ ਅਤੇ ਉਨ੍ਹਾਂ ਨੂੰ ਕੋਈ ਦੂਜਾ ਛੋਟਾ-ਮੋਟਾ ਅਹੁਦਾ ਸਵੀਕਾਰ ਕਰਨ ਲਈ ਕਿਹਾ ਗਿਆ।[14] ਇਸ ਸਬੰਧ ਵਿਚ ਸਾਨੂੰ ਵਿਸਥਾਰ ਵਿਚ ਇਹ ਪਤਾ ਚੱਲਦਾ ਹੈ ਕਿ ਆਪਣੇ ਮਾਤਾ ਪਿਤਾ ਦੇ ਸੰਸਕਾਰ ਤੋਂ ਫਾਰਗ ਹੋਣ ਪਿਛੋਂ ਭਾਈ ਨੰਦ ਲਾਲ ਗਜ਼ਨੀ ਦੇ ਨਵਾਬ ਦੇ ਦਰਬਾਰ ਵਿਚ ਹਾਜ਼ਿਰ ਹੋਏ ਅਤੇ ਆਪਣੇ ਪਿਤਾ ਦੀ ਥਾਂ ਮੁਲਾਜ਼ਮਤ ਲਈ ਅਰਜ਼ ਕੀਤੀ। ਨਵਾਬ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ 'ਤੇਰੇ ਪਿਤਾ ਜੀ ਤਾਂ

---

12 ਗੰਡਾ ਸਿੰਘ, ਕੁੱਲੀਯਾਤ ਭਾਈ ਨੰਦ ਲਾਲ ਗੋਯਾ, ਪੰਨਾ 13.

13 ਗੰਡਾ ਸਿੰਘ, ਕੁੱਲੀਯਾਤ ਭਾਈ ਨੰਦ ਲਾਲ ਗੋਯਾ, ਪੰਨਾ 13; ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਜਿਲਦ ਦੂਜੀ, ਪੰਨਾ 769; ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 541.

14 ਹਰਿਭਜਨ ਸਿੰਘ, ਉਹੀ, ਪੰਨਾ 16.

ਦੀਵਾਨੀ ਦਾ ਕੰਮ ਸਾਂਭਣ ਲਈ ਤਜ਼ਰਬਾ ਰੱਖਦੇ ਸਨ, ਪਰ ਤੇਰੀ ਉਮਰ ਬਹੁਤ ਘੱਟ ਹੈ ਜਦੋਂ ਤੇਰੀ ਉਮਰ ਕੁਝ ਵੱਡੀ ਹੋਵੇਗੀ ਤੇਰੇ ਪਿਤਾ ਦੀ ਥਾਂ ਤੈਨੂੰ ਰੱਖ ਲਿਆ ਜਾਵੇਗਾ।' ਇਹ ਗੱਲ ਨੰਦ ਲਾਲ ਨੂੰ ਚੰਗੀ ਨਾ ਲੱਗੀ ਅਤੇ ਅੱਗੋਂ ਲਈ ਨਾ ਸਿਰਫ ਨਵਾਬ ਕੋਲ ਜਾਣ ਲਈ ਤੋਬਾ ਕੀਤੀ ਸਗੋਂ ਗਜ਼ਨੀ ਸ਼ਹਿਰ ਨੂੰ ਵੀ ਹਮੇਸ਼ਾ ਲਈ ਛੱਡ ਦਿੱਤਾ। ਨਵਾਬ ਤੋਂ ਅਜਿਹਾ ਸੁਣ ਕੇ ਅਤੇ ਮੁਗਲ ਸਰਕਾਰ ਦਾ ਵਤੀਰਾ ਦੇਖ ਕੇ ਉਹ ਬਹੁਤ ਦੁਖੀ ਹੋਏ। ਹੁਣ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਗਜ਼ਨੀ ਸ਼ਹਿਰ ਵਿਚ ਆਪਣੀ ਖਾਣਦਾਨੀ ਰਵਾਇਤਾਂ ਨੂੰ ਕਾਇਮ ਨਹੀਂ ਰੱਖ ਸਕਣਗੇ। ਸਿੱਟੇ ਵਜੋਂ ਉਨ੍ਹਾਂ ਨੇ ਹਿੰਦੋਸਤਾਨ ਆਉਣ ਦਾ ਨਿਸ਼ਚੈ ਕੀਤਾ ਅਤੇ ਆਖਿਰਕਾਰ ਗਜ਼ਨੀ ਛੱਡ ਹੀ ਦਿੱਤਾ।[15]

**ਗਜ਼ਨੀ ਨਵਾਬ ਦੇ ਦਰਬਾਰ ਵਿਚ ਮੁਲਾਜ਼ਮਤ ਕਰਨ ਦਾ ਯਤਨ:** ਜਿਵੇਂ ਤਰ੍ਹਾਂ ਕਿ ਉਪਰੋਕਤ ਲਿਖਿਆ ਜਾ ਚੁੱਕਾ ਹੈ ਕਿ ਭਾਈ ਸਾਹਿਬ ਦੇ ਪਿਤਾ ਜੀ ਗਜ਼ਨੀ ਵਿਚ, ਜੋ ਕਿ ਉਸ ਸਮੇਂ ਅਫਗਾਨਿਸਤਾਨ ਦਾ ਇਕ ਮਸ਼ਹੂਰ ਸ਼ਹਿਰ ਸੀ, ਕਾਫੀ ਦੇਰ ਤੱਕ ਨੌਕਰੀ ਕਰ ਚੁੱਕੇ ਸਨ। ਉਹ ਕਾਫੀ ਰੁਪਏ ਅਤੇ ਜਾਇਦਾਦ ਅਕਾਲ ਚਲਾਣੇ ਦੇ ਸਮੇਂ ਉਥੇ ਛੱਡ ਗਏ ਸਨ। ਇੱਥੇ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਉਨ੍ਹਾਂ ਦਾ ਇਹ ਰੁਪਿਆ ਖਿੰਡਿਆ ਹੋਇਆ ਸੀ। ਨੰਦ ਲਾਲ ਸਾਰੀ ਜਾਇਦਾਦ ਵੇਚ ਕੇ ਅਤੇ ਉਸਦੇ ਇਵਜ ਵਿਚ ਰੁਪਏ ਇਕੱਠਾ ਕਰਕੇ ਮੁਲਤਾਨ ਵੱਲ ਤੁਰ ਪਏ। ਕਾਫਲੇ ਦਾ ਸਰਦਾਰ ਦੀਵਾਨ ਛੱਜੂ ਰਾਮ ਦਾ ਦੋਸਤ ਸੀ, ਜੋ ਨੰਦ ਲਾਲ ਨੂੰ ਮੁਲਤਾਨ ਲੈ ਆਇਆ। ਨੰਦ ਲਾਲ ਆਪਣੇ ਦੋ ਸੇਵਕਾਂ ਸਮੇਤ ਮੁਲਤਾਨ ਪਹੁੰਚਿਆ ਅਤੇ ਇਸੇ ਥਾਂ ਤੇ ਪੱਕੇ ਤੌਰ ਤੇ ਰਹਿਣ ਲੱਗੇ। ਮੁਲਤਾਨ ਉਸ ਸਮੇਂ ਹਿੰਦੋਸਤਾਨ ਦਾ ਇਕ ਬਹੁਤ ਹੀ ਪ੍ਰਸਿੱਧ ਵਪਾਰਕ ਸ਼ਹਿਰ ਸੀ। ਇਹ ਦਿੱਲੀ ਅਤੇ ਪੰਜਾਬ ਦੇ ਵਪਾਰੀਆਂ ਦਾ ਇਕ ਬਹੁਤ ਵੱਡਾ ਕੇਂਦਰ ਸੀ। ਭਾਈ ਨੰਦ ਲਾਲ ਜੀ ਇਸ ਸ਼ਹਿਰ ਦੀ ਸੰਘਣੀ ਵਸੋਂ ਵਿਚ ਨਹੀਂ ਰਹਿਣਾ ਚਾਹੁੰਦੇ ਸਨ, ਸਗੋਂ ਉਹ ਇਕ ਅਜਿਹੀ ਥਾਂ ਚਾਹੁੰਦੇ ਸਨ ਜਿੱਥੇ ਉਹ ਸਹਿਜ ਤਰੀਕੇ ਨਾਲ ਜੀਵਨ ਬਿਤਾ ਸਕਣ। ਸ਼ਹਿਰੋਂ ਬਾਹਰ ਦਿੱਲੀ ਦਰਵਾਜ਼ੇ ਦੇ ਨੇੜੇ ਇਕ ਖੂਹ ਅਤੇ ਖੱਤਰੀਆਂ ਦੇ ਘਰ ਵੇਖੇ, ਜਿਥੇ ਉਨ੍ਹਾਂ ਨੇ ਕੁਝ ਜ਼ਮੀਨ ਖਰੀਦ ਕੇ ਆਪਣਾ ਘਰ ਪਾ ਲਿਆ। ਹੋਰ ਕਈ ਲੋਕਾਂ ਨੂੰ ਵੀ ਮਕਾਨ ਬਣਾਉਣ ਲਈ ਕਿਹਾ ਅਤੇ ਰੁਪਏ ਉਧਾਰ ਦੇ ਕੇ ਉਨ੍ਹਾਂ ਦੇ ਘਰ ਬਣਵਾਏ। ਇਸ ਤਰ੍ਹਾਂ ਕਈ ਹਿੰਦੂ ਅਤੇ ਮੁਸਲਮਾਨਾਂ ਦੇ ਘਰ ਆਬਾਦ ਹੋ ਗਏ। ਨੰਦ ਲਾਲ ਦੇ ਸੇਵਕ ਜਿਹੜੇ ਅਫਗਾਨਿਸਤਾਨ ਤੋਂ ਆਏ ਸਨ, ਨੰਦ ਲਾਲ ਨੂੰ ਆਕਾ (ਆਗਾ) ਕਹਿ ਕੇ ਬੁਲਾਉਂਦੇ ਸਨ। ਇਸੇ ਕਰਕੇ ਸਾਰੀ ਆਬਾਦੀ ਦਾ ਨਾਂ ਆਗਾਪੁਰਾ ਪੈ ਗਿਆ। ਸਾਰੇ ਲੋਕ ਇਸ ਨਵੇਂ ਮੁਹੱਲੇ ਨੂੰ ਆਗਾਪੁਰ ਦੇ ਨਾਂ ਨਾਲ ਬੁਲਾਉਣ ਲੱਗੇ।[16] ਇੱਥੇ ਆ ਕੇ ਭਾਈ ਨੰਦ ਲਾਲ ਦਾ

---

15 ਡਾ. ਗੰਡਾ ਸਿੰਘ, ਉਹੀ, ਪੰਨਾ 3.

16 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 541.

ਕੁਝ ਚੰਗੇ ਲੋਕਾਂ ਨਾਲ ਮੇਲ-ਜੋਲ ਵਧਿਆ। ਆਪ ਜੀ ਦੇ ਬਹੁਤ ਹੀ ਨਿਮਾਣੇ ਸੁਭਾਅ ਅਤੇ ਸੱਚੇ ਸੁੱਚੇ ਹੋਣ ਕਾਰਨ ਆਪ ਦੀ ਛੇਤੀ ਹੀ ਪ੍ਰਸਿੱਧੀ ਹੋਈ ਅਤੇ ਉਥੇ ਦੇ ਸਮਾਜ ਵਿਚ ਉਨ੍ਹਾਂ ਦਾ ਨਾਂ ਹੋਇਆ। ਆਗਾਪੁਰ ਦੇ ਇਕ ਖੱਤਰੀ ਨੇ ਜਦੋਂ ਨੰਦ ਲਾਲ ਨੂੰ ਸਮਝਦਾਰ ਦੌਲਤਮੰਦ, ਆਲਿਮ, ਮਿੱਠ ਬੋਲੜੀ ਜ਼ੁਬਾਨ ਅਤੇ ਬਹੁਤ ਹੀ ਸਬੂਰੀ ਵਾਲੇ ਸੁਭਾਅ ਨੂੰ ਵੇਖ ਕੇ, ਆਪਣੀ ਧੀ ਦਾ ਵਿਆਹ ਨੰਦ ਲਾਲ ਜੀ ਨਾਲ ਕਰ ਦਿੱਤਾ। ਭਾਈ ਨੰਦ ਲਾਲ ਦੀ ਜਦ 45 ਵਰ੍ਹਿਆਂ ਦੀ ਉਮਰ ਸੀ, ਉਦੋਂ ਉਨ੍ਹਾਂ ਦੇ ਘਰ ਪਹਿਲੇ ਪੁੱਤਰ ਨੇ ਜਨਮ ਲਿਆ। ਉਨ੍ਹਾਂ ਨੇ ਉਸਦਾ ਨਾਂ ਲਖਪਤ ਰਾਏ ਰੱਖਿਆ। ਫਿਰ ਦੋ ਸਾਲ ਬਾਅਦ ਆਪ ਦੇ ਘਰ ਦੂਜੇ ਪੁੱਤਰ ਨੇ ਜਨਮ ਲਿਆ ਅਤੇ ਉਸਦਾ ਨਾਂ ਉਨ੍ਹਾਂ ਨੇ ਲੀਲਾ ਰਾਮ ਰੱਖਿਆ।[17] ਲਖਪਤ ਰਾਏ ਦੇ ਬਾਰੇ ਸਿੱਖ ਇਤਿਹਾਸ ਵਿਚ ਕੇਵਲ ਜ਼ਿਕਰ ਹੀ ਨਹੀਂ ਮਿਲਦਾ ਸਗੋਂ ਉਨ੍ਹਾਂ ਰਾਹੀਂ ਮੁਗਲਾਂ ਦੇ ਵਿਰੁੱਧ ਦਿੱਤੀ ਗਈ ਕੁਰਬਾਨੀ ਦੀ ਮਹਾਨਤਾ ਦਾ ਵੀ ਵਰਣਨ ਪ੍ਰਾਪਤ ਹੁੰਦਾ ਹੈ। ਇੱਥੇ ਇਹ ਲਿਖਣਾ ਵਾਜਿਬ ਹੋਵੇਗਾ ਕਿ ਆਪ (ਭਾਈ ਨੰਦ ਲਾਲ) ਜੀ ਦੀ ਪਤਨੀ ਗੁਰੂ ਘਰ ਦੀ ਲੰਬੇ ਸਮੇਂ ਤੋਂ ਸ਼ਰਧਾਲੂ ਸੀ। ਇਹੋ ਕਾਰਨ ਸੀ ਕਿ ਉਹ ਨਿੱਤ ਅੰਮ੍ਰਿਤ ਵੇਲੇ ਬਾਣੀ ਉਚਾਰਣ ਕਰਦੀ ਸੀ ਅਤੇ ਨਾਲ ਹੀ ਉਸ ਬਾਣੀ ਨੂੰ ਆਪਣੇ ਪਤੀ (ਨੰਦ ਲਾਲ ਗੋਯਾ) ਨੂੰ ਸੁਣਾਉਂਦੀ ਸੀ। ਡਾ. ਗੰਡਾ ਸਿੰਘ ਅਤੇ ਪ੍ਰੋ. ਪਿਆਰਾ ਸਿੰਘ ਦਾ ਵਿਚਾਰ ਹੈ ਕਿ ਇਸਦਾ ਭਾਈ ਨੰਦ ਲਾਲ ਦੇ ਦਿਲੋ-ਦਿਮਾਗ ਤੇ ਬਹੁਤ ਹੀ ਡੂੰਘਾ ਪ੍ਰਭਾਵ ਪਿਆ ਅਤੇ ਉਨ੍ਹਾਂ ਨੂੰ ਹੋਰ ਜ਼ਿਆਦਾ ਸ਼ਾਂਤੀ, ਸਬੂਰੀ ਅਤੇ ਸੁਖ-ਚੈਨ ਪ੍ਰਾਪਤ ਹੋਇਆ। ਇੱਥੇ ਉਨ੍ਹਾਂ ਨੇ ਗੁਰਮੁਖੀ ਕੇਵਲ ਪੜ੍ਹੀ ਹੀ ਨਹੀਂ, ਸਗੋਂ ਸਿੱਖੀ ਵੀ। ਅੱਗੇ ਚਲ ਕੇ ਉਨ੍ਹਾਂ ਨੇ ਗੁਰਮੁਖੀ ਦਾ ਪੂਰਾ ਫਾਇਦਾ ਚੁੱਕਿਆ, ਜਦ ਉਨ੍ਹਾਂ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਦਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਕੁਝ ਕਿਤਾਬਾਂ ਗੁਰਮੁਖੀ (ਪੰਜਾਬੀ) ਵਿਚ ਲਿਖੀਆਂ।[18] ਉਨ੍ਹਾਂ ਦੀਆਂ ਪੰਜਾਬੀ ਵਿਚ ਲਿਖੀਆਂ ਪੁਸਤਕਾਂ ਇਕ ਤਾਂ ਭਾਈ ਨੰਦ ਲਾਲ ਜੀ ਦੇ ਉੱਚੇ ਦਰਜੇ ਦੇ ਰਚਨਾਕਾਰ (ਲੇਖਕ) ਹੋਣ ਬਾਰੇ ਦੱਸਦੀਆਂ ਹਨ ਅਤੇ ਦੂਜਾ ਇਨ੍ਹਾਂ ਪੁਸਤਕਾਂ ਤੋਂ ਉਸ ਸਮੇਂ ਦੀ ਸਮਾਜਿਕ-ਧਾਰਮਿਕ ਹਾਲਤ ਕਿਹੋ ਜਿਹੀ ਸੀ ਅਤੇ ਨਾਲ ਹੀ ਸਿੱਖ ਧਰਮ ਦਾ ਵਿਕਾਸ ਅਤੇ ਜ਼ੋਰ ਕਿਸ ਤਰ੍ਹਾਂ ਲਗਾਤਾਰ ਵੱਧ ਰਿਹਾ ਸੀ, ਉਸਦਾ ਗਿਆਨ ਹੁੰਦਾ ਹੈ। ਇਥੇ ਇਹ ਦੱਸਣਾ ਜ਼ਰੂਰੀ ਬਣ ਜਾਂਦਾ ਹੈ ਕਿ ਉਸ ਸਮੇਂ ਦੇ ਰਾਜਨੀਤਿਕ ਹਾਲਾਤ ਗੁਰੂ ਘਰ ਦੇ ਖਿਲਾਫ ਸਨ ਅਤੇ ਗੁਰੂ ਗੋਬਿੰਦ ਸਿੰਘ ਜੀ ਲਗਾਤਾਰ ਮੁਗਲਾਂ ਰਾਹੀਂ ਕੀਤੇ ਜਾ ਰਹੇ ਜ਼ੁਲਮਾਂ ਦੇ ਖਿਲਾਫ ਜੂਝ ਰਹੇ ਸਨ।

---

17 ਭਾਈ ਵੀਰ ਸਿੰਘ, ਉਹੀ, ਪੰਨਾ 11.

18 ਹਰਿਭਜਨ ਸਿੰਘ, ਉਹੀ, ਪੰਨੇ 16-17.

ਫਿਰ ਉਹ 1652 ਈ. ਵਿਚ ਹਾਕਿਮ ਨਵਾਬ ਵਸਾੱਫ ਖਾਂ ਦੇ ਦਫਤਰ ਵਿਚ ਮੁਨਸ਼ੀ ਦੇ ਅਹੁਦੇ ਤੇ ਨਿਯੁਕਤ ਕੀਤੇ ਗਏ। ਨਵਾਬ ਸਾਹਿਬ ਕਿਉਂਕਿ ਆਪ ਜੀ ਦੇ ਪਿਤਾ ਛੱਜੂ ਰਾਮ ਜੀ ਦੇ ਚੰਗੇ ਜਾਣੂ ਸਨ। ਇਸ ਲਈ ਇਹ ਆਪ ਜੀ ਦੀ ਸਭ ਤੋਂ ਵੱਡੀ ਸਿਫਾਰਸ਼ ਸੀ, ਪਰ ਇਸ ਤੋਂ ਵੀ ਵੱਧ ਕੇ ਉਨ੍ਹਾਂ ਦੀ ਇਮਾਨਦਾਰੀ ਅਤੇ ਮਿਹਨਤ ਦੀ ਆਦਤ ਤੋਂ ਨਵਾਬ ਕਾਫੀ ਪ੍ਰਭਾਵਿਤ ਸੀ। ਇਸ ਕਾਰਨ ਆਪ ਛੇਤੀ ਹੀ ਮੀਰ ਮੁਨਸ਼ੀ ਦੇ ਅਹੁਦੇ ਨੂੰ ਪ੍ਰਾਪਤ ਕਰ ਸਕੇ। ਭਾਈ ਨੰਦ ਲਾਲ ਭੱਕਰ ਦੇ ਕਿਲ੍ਹੇਦਾਰ ਅਤੇ ਫੌਜਦਾਰ ਵੀ ਬਣਾਏ ਗਏ, ਪਰ ਸਭ ਤੋਂ ਵੱਡਾ ਅਹੁਦਾ ਉਨ੍ਹਾਂ ਨੂੰ ਮੁਲਤਾਨ ਦੀ ਨਾਇਬ ਸੂਬੇਦਾਰੀ ਦੇ ਰੂਪ ਵਿਚ ਪ੍ਰਾਪਤ ਹੋਇਆ।[19] ਉਨ੍ਹਾਂ ਦੀ ਲਗਾਤਾਰ ਤਰੱਕੀ ਤੋਂ ਪਤਾ ਚੱਲਦਾ ਹੈ ਕਿ ਭਾਈ ਨੰਦ ਲਾਲ ਜੀ ਕੋਈ ਸਾਧਾਰਨ ਆਦਮੀ ਨਹੀਂ ਸਨ, ਸਗੋਂ ਉਹ ਆਪਣੇ ਕਰਤੱਵਾਂ, ਆਪਣੇ ਵਿਵਹਾਰ ਅਤੇ ਵਤੀਰੇ ਤੇ ਨਾਲ ਹੀ ਆਪਣੀ ਇਮਾਨਦਾਰੀ ਦੇ ਕਾਰਨ ਲਗਾਤਾਰ ਜਾਗਰੂਕ ਬਣੇ ਰਹੇ। ਲਾਲਾ ਪਰਮਾਨੰਦ ਦੀਆਂ ਰਚਨਾਵਾਂ ਵਿਚ ਭਾਈ ਨੰਦ ਲਾਲ ਗੋਯਾ ਦੀਆਂ ਫੌਜੀ ਸੇਵਾਵਾਂ ਦਾ ਵੀ ਵਰਣਨ ਪ੍ਰਾਪਤ ਹੁੰਦਾ ਹੈ। ਇੱਥੇ ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਦੀ ਦਿਲਚਸਪੀ ਭਾਵੇਂ ਸੈਨਿਕ ਦਾਇਰੇ ਵਿਚ ਨਾ ਰਹੀ ਹੋਵੇ, ਪਰ ਉਸਦੇ ਮਾਲਿਕ ਉਸਦੀ ਇਮਾਨਦਾਰੀ ਅਤੇ ਵਫਾਦਾਰੀ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਨੇ ਇਸ ਖੇਤਰ ਵਿਚ ਵੀ ਭਾਈ ਨੰਦ ਲਾਲ ਜੀ ਤੋਂ ਲਾਭ ਲੈਣ ਦਾ ਯਤਨ ਜ਼ਰੂਰ ਕੀਤਾ ਹੋਵੇਗਾ।[20]

**ਧਰਮ:** ਨੰਦ ਲਾਲ ਨੇ 21 ਵਰ੍ਹਿਆਂ ਦੀ ਉਮਰ ਤੱਕ ਕੋਈ ਖਾਸ ਧਰਮ ਅਖਤਿਆਰ ਨਹੀਂ ਸੀ ਕੀਤਾ। ਉਸ ਦੀ ਪਤਨੀ ਅਤੇ ਸਹੁਰਾ ਪਰਿਵਾਰ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਸਨ ਅਤੇ ਉਨ੍ਹਾਂ ਦੀ ਬਾਣੀ ਵਿਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦੇ ਘਰ ਦੇ ਨਜ਼ਦੀਕ ਇਕ ਬੇਦੀਆਂ ਦਾ ਸਿੱਖ ਗੁਰਦੁਆਰਾ ਵੀ ਸੀ ਜਿਸ ਨੂੰ ਹੁਣ ਬਾਬਾ ਕਾਹਨ ਪੱਤ ਦੀ ਧਰਮਸ਼ਾਲਾ ਆਖਦੇ ਹਨ। ਨੰਦ ਲਾਲ ਦੀ ਪਤਨੀ ਅਤੇ ਮਾਤਾ ਪਿਤਾ ਸੇਵਾ ਲਈ ਉਥੇ ਜਾਇਆ ਕਰਦੇ ਸਨ। ਕੁਝ ਚਿਰ ਬਾਅਦ ਨੰਦ ਲਾਲ ਨੂੰ ਵੀ ਗੁਰਬਾਣੀ ਨਾਲ ਮੁਹੱਬਤ ਹੋ ਗਈ। ਗੁਰਬਾਣੀ ਪੜ੍ਹਨ ਲਈ ਗੁਰਮੁਖੀ ਸਿੱਖੀ ਅਤੇ ਗੁਰਬਾਣੀ ਯਾਦ ਕੀਤੀ। ਜਦੋਂ ਮੁਲਤਾਨ ਦੇ ਨਵਾਬ ਨੇ ਨੰਦ ਨਾਲ ਬਾਰੇ ਸੁਣਿਆ ਤਾਂ ਉਸ ਨੂੰ ਆਪਣੇ ਕੋਲ ਬੁਲਾਇਆ। ਇਲਮੀ ਕਾਬਲੀਅਤ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਇਸ ਨੂੰ ਆਪਣਾ ਮੀਰ ਮੁਨਸ਼ੀ ਨਿਯੁਕਤ ਕਰ ਲਿਆ। ਇਹ ਅਰਬੀ ਫਾਰਸੀ ਦੇ ਵੱਡੇ ਵਿਦਵਾਨ ਅਤੇ ਮਾਹਿਰ ਸਨ। ਨਿਵੇਕਲੇ ਸੁਭਾਅ ਕਰਕੇ ਨੰਦ ਲਾਲ ਨਵਾਬ ਦੇ ਬਹੁਤ ਨੇੜੇ ਹੋ ਗਏ। ਸਿੱਟੇ ਵਜੋਂ ਦਰਬਾਰੀਆਂ ਨੂੰ ਉਨ੍ਹਾਂ ਨਾਲ ਈਰਖਾ ਹੋਈ ਅਤੇ ਈਰਖਾ ਕਰਕੇ ਉਨ੍ਹਾਂ ਵਿਰੁੱਧ ਝੂਠੀਆਂ ਸ਼ਿਕਾਇਤਾਂ

---

19 ਡਾ. ਗੰਡਾ ਸਿੰਘ, ਉਹੀ, ਪੰਨਾ 5.

20 ਉਹੀ।

ਕਰਨੀਆਂ ਸ਼ੁਰੂ ਕਰ ਦਿੱਤੀਆਂ। ਪੰਜ-ਛੇ ਸਾਲ ਮੁਲਾਜ਼ਮਤ ਕਰਨ ਤੋਂ ਬਾਅਦ ਭਾਈ ਨੰਦ ਲਾਲ ਨੇ ਨਵਾਬ ਨੂੰ ਆਪਣਾ ਅਸਤੀਫਾ ਦੇ ਦਿੱਤਾ।[21]

ਡਾ. ਗੰਡਾ ਸਿੰਘ, ਲਾਲਾ ਪਰਮਾਨੰਦ ਦੀ ਰਚਨਾ 'ਦ ਲਾਈਫ ਐਂਡ ਵਰਕਸ ਆਫ ਭਾਈ ਨੰਦ ਲਾਲ ਗੋਯਾ' ਦੇ ਹਵਾਲੇ ਨਾਲ ਲਿਖਦੇ ਹਨ[22] ਕਿ ਮੁਨਸ਼ੀ ਨੰਦ ਲਾਲ ਦੀ ਰਚਨਾ ਦਸਤੂਰੁਲ ਇਨਸ਼ਾ ਤਵਾਰੀਖੇ ਮੁਲਤਾਨ ਅਤੇ ਪੰਜਾਬ ਸੰਬੰਧੀ ਬਹੁਤ ਹੀ ਕੀਮਤੀ ਸਰਮਾਇਆ ਹੈ। ਇਸ ਵਿਚ ਉਸ ਸਮੇਂ ਦੇ ਹਾਲਾਤ ਨੂੰ ਬਹੁਤ ਸੁਚੱਜੇ ਢੰਗ ਨਾਲ ਬਿਆਨ ਕੀਤਾ ਗਿਆ ਹੈ। ਉਹ ਨਾ ਕੇਵਲ ਦੇਸ਼ ਦੇ ਰਾਜਨੀਤੀ ਅਤੇ ਸਮਾਜਿਕ ਹਾਲਾਤ ਤੇ ਰੌਸ਼ਨੀ ਪਾਉਂਦੀ ਹੈ, ਸਗੋਂ ਨੰਦ ਲਾਲ ਗੋਯਾ ਦੀ ਜ਼ਿੰਦਗੀ ਦਾ ਵੀ ਨਕਸ਼ਾ ਸਾਡੇ ਸਾਹਮਣੇ ਪੇਸ਼ ਕਰਦੀ ਹੈ। ਉਹ ਕਿਵੇਂ 1652 ਈ. ਵਿਚ ਆਪਣਾ ਅਰਬੀ ਫਾਰਸੀ ਦੀ ਲਿਆਕਤ ਹੋਣ ਕਰਕੇ ਮੁਲਤਾਨ ਦੇ ਨਵਾਬ ਦੇ ਦਰਬਾਰ ਵਿਚ ਮੀਰ ਮੁਨਸ਼ੀ ਨਿਯੁਕਤ ਹੋਏ ਸਨ ਕਿਉਂਕਿ ਮੁਲਤਾਨ ਦੇ ਨਵਾਬ ਨੰਦ ਲਾਲ ਗੋਯਾ ਦੇ ਪਿਤਾ ਜੀ ਦੇ ਜਾਣੂ ਸਨ। ਸਭ ਤੋਂ ਵੱਡੀ ਸਿਫਾਰਿਸ਼ ਆਪ ਦੀ ਲਿਆਕਤ ਅਤੇ ਇਮਾਨਦਾਰੀ ਸੀ। ਆਪ ਨੂੰ ਖੋਲਰ ਦਾ ਫੌਜਦਾਰ ਵੀ ਬਣਾਇਆ ਗਿਆ। ਵੱਖ-ਵੱਖ ਅਹੁਦਿਆਂ ਤੇ ਕੰਮ ਕਰਦਿਆਂ ਆਪ ਨੇ ਦੀਨਾਪੁਰ, ਖਰੋੜ, ਫਤਿਹਪੁਰ, ਪਰਗਨਾ ਮਹੀਉਂਦੀਨਪੁਰਾ ਦਾ ਪ੍ਰਬੰਧ ਸੰਭਾਲਿਆ। ਸਭ ਤੋਂ ਅਹਿਮ ਅਹੁਦਾ ਜਿਸ ਤੇ ਆਪ ਕੰਮ ਕਰਦੇ ਰਹੇ ਉਹ ਮੁਲਤਾਨ ਵਿਖੇ ਨਾਇਬ ਸੂਬੇਦਾਰੀ ਦਾ ਸੀ। ਦਸਤੂਰੁਲ ਇਨਸ਼ਾ ਕਿਤਾਬ ਵਿਚ ਆਪ ਦੀਆਂ ਫੌਜੀ ਸੇਵਾਵਾਂ ਦਾ ਵੀ ਪਤਾ ਚੱਲਦਾ ਹੈ। ਮੁਲਤਾਨ ਦੇ ਸਰਦਾਰ ਨੇ ਪਹਾੜੀਆਂ ਦੇ ਨੇੜੇ ਤੇੜੇ ਸੱਤ ਹਜ਼ਾਰ ਫੌਜ ਜਮ੍ਹਾਂ ਕਰ ਲਈ ਸੀ। ਚਾਰ ਚੁਫੇਰੇ ਸ਼ੋਰ ਸ਼ਰਾਬਾ ਸੀ। ਨੰਦ ਲਾਲ ਇਕ ਜਰਨੈਲ ਦੇ ਰੂਪ ਵਿਚ ਫੌਜ ਵਿਚ ਸ਼ਾਮਿਲ ਹੋਏ। ਬਹਾਦੁਰੀ ਅਤੇ ਦਲੇਰੀ ਕਾਰਨ ਕਰਕਸ ਸਾਹੂ ਭੱਜ ਨਿਕਲਿਆ। ਉਸ ਦੇ ਤਿੰਨ ਹਜ਼ਾਰ ਫੌਜੀਆਂ ਨੂੰ ਕੈਦ ਕਰ ਲਿਆ ਗਿਆ। ਸਾਹੂ ਨੂੰ ਵੀ ਫੜ ਲਿਆ ਗਿਆ ਜਿਸ ਕਾਰਨ ਲੋਕਾਂ ਨੇ ਠੰਡਾ ਸਾਂਹ ਲਿਆ ਅਤੇ ਪਹਾੜੀ ਰਾਜਿਆਂ ਨੇ ਜ਼ਿਮੀਦਾਰਾਂ ਤੋਂ ਵਾਅਦੇ ਲਏ ਕਿ ਹੋਰ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਲਈ ਰੁਕਾਵਟ ਨਹੀਂ ਬਣਨਗੇ। ਇਸ ਤਰ੍ਹਾਂ ਹਿੰਦੁਸਤਾਨ ਨਾਲ ਹੋਰ ਦੇਸ਼ਾਂ ਦੇ ਵਪਾਰਕ ਸੰਬੰਧ ਇਕ ਵਾਰ ਫਿਰ ਤੋਂ ਸਥਾਪਿਤ ਹੋ ਗਏ। ਤੀਹ ਸਾਲਾਂ ਤੱਕ ਆਪ ਇਹ ਸੇਵਾ ਨਿਭਾਉਂਦੇ ਰਹੇ। ਸ਼ਹਿਜ਼ਾਦਾ ਆਜ਼ਮ ਅਤੇ ਸ਼ਹਿਜ਼ਾਦਾ ਮੁਹੰਮਦ ਅਕਬਰ (1678-79 ਈ.) ਦੇ ਸ਼ਾਸਨ ਕਾਲ ਦੌਰਾਨ ਉਹ ਉਨ੍ਹਾਂ ਦੇ ਦਰਬਾਰ ਵਿਚ ਮੁਲਾਜ਼ਮ ਵੀ ਰਹੇ।

---

[21] ਭਾਈ ਰਾਮ ਦਿਆਲ, ਦ ਲਾਇਫ ਆਫ ਭਾਈ ਨੰਦ ਲਾਲ ਗੋਯਾ, ਪੰਨਾ 5

[22] ਗੰਡਾ ਸਿੰਘ, ਕੁੱਲੀਯਾਤ ਭਾਈ ਨੰਦ ਲਾਲ ਗੋਯਾ, ਪੰਨੇ 15-16.

**ਆਗਰਾ ਜਾਣਾ:** ਜਦੋਂ ਨੰਦ ਲਾਲ ਦਾ ਵੱਡਾ ਪੁੱਤਰ ਪੰਜ ਸਾਲ ਅਤੇ ਛੋਟਾ ਪੁੱਤਰ ਤਿੰਨ ਸਾਲ ਦਾ ਹੋਇਆ ਤਾਂ ਆਪ ਬੱਚਿਆਂ ਅਤੇ ਪਤਨੀ ਨੂੰ ਸਹੁਰੇ ਘਰ ਛੱਡ ਕੇ ਆਗਰਾ ਵੱਲ ਤੁਰ ਪਏ।[23] ਦੋ ਸੇਵਕਾਂ ਵਿਚੋਂ ਇਕ ਨੂੰ ਆਪਣੇ ਨਾਲ ਅਤੇ ਦੂਜੇ ਨੂੰ ਉਥੇ ਆਪਣੇ ਪਰਿਵਾਰ ਨਾਲ ਛੱਡ ਦਿੱਤਾ। ਇਸ ਤੋਂ ਬਾਅਦ ਉਹ ਕੁਝ ਦਿਨ ਲਾਹੌਰ ਰਹੇ। ਰਸਤੇ ਵਿਚ ਵੱਡੇ ਸ਼ਹਿਰਾਂ ਜਿਵੇਂ ਅੰਮ੍ਰਿਤਸਰ ਅਤੇ ਹੋਰ ਕਸਬਿਆਂ ਨੂੰ ਵੀ ਵੇਖਿਆ। ਗੁਰੂ ਗੋਬਿੰਦ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਉਹ ਆਨੰਦਪੁਰ ਸਾਹਿਬ ਪਹੁੰਚੇ ਅਤੇ ਫਿਰ ਆਗਰਾ ਵੱਲ ਰਵਾਨਾ ਹੋ ਗਏ।

**ਆਗਰਾ ਵਿਚ ਮੁਲਾਜ਼ਮਤ:** ਇਨ੍ਹਾਂ ਦਿਨਾਂ ਔਰੰਗਜ਼ੇਬ ਦਾ ਵੱਡਾ ਪੁੱਤਰ ਮੁਅੱਜ਼ਮ ਆਗਰਾ ਦਾ ਸੂਬੇਦਾਰ ਸੀ। ਨੰਦ ਲਾਲ ਨੇ ਸੂਬੇਦਾਰ ਦੀ ਸ਼ਾਨ ਵਿਚ ਕੁਝ ਕਸੀਦੇ ਲਿਖ ਕੇ ਪੇਸ਼ ਕੀਤੇ। ਮੁਅੱਜ਼ਮ ਉਨ੍ਹਾਂ ਨੂੰ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਉਸ ਨੇ ਨੰਦ ਲਾਲ ਨੂੰ ਆਪਣੇ ਕੋਲ ਬੁਲਾਇਆ। ਨੰਦ ਲਾਲ ਨੇ ਸਾਰੀ ਕਹਾਣੀ ਗਜ਼ਨੀ ਤੋਂ ਹੁਣ ਤੱਕ ਦੀ ਕਹਿ ਸੁਣਾਈ। ਸ਼ਹਿਜ਼ਾਦਾ ਨੇ ਅਗਲੇ ਦਿਨ ਫਿਰ ਉਸ ਨੂੰ ਬੁਲਾਇਆ। ਦੂਜੇ ਦਿਨ ਮੁਨਸ਼ੀ ਨੰਦ ਲਾਲ ਸ਼ਹਿਜ਼ਾਦਾ ਦੇ ਦਰਬਾਰ ਵਿਚ ਹਾਜ਼ਰ ਹੋਇਆ। ਉਨ੍ਹਾਂ ਨੇ ਨੰਦ ਲਾਲ ਨੂੰ ਮੀਰ ਮੁਨਸ਼ੀ ਦਾ ਅਹੁਦਾ ਪੇਸ਼ ਕੀਤਾ। ਨੰਦ ਲਾਲ ਨੇ ਖਿੜੇ ਮੱਥੇ ਹਾਮੀਂ ਭਰਦਿਆਂ ਹੋਏ ਇਸ ਅਹੁਦੇ ਨੂੰ ਮੰਜ਼ੂਰ ਕੀਤਾ ਅਤੇ ਉਨ੍ਹਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਇਸ ਅਹੁਦੇ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਨ੍ਹਾਂ ਦੀਆਂ ਲਿਖਤਾਂ ਦੀਆਂ ਗੱਲਾਂ ਦਿੱਲੀ ਦਰਬਾਰ ਪਹੁੰਚੀਆਂ ਤਾਂ ਗੋਯਾ ਦੀ ਬਹੁਤ ਤਾਰੀਫ ਕੀਤੀ ਜਾਣ ਲੱਗੀ।

**ਆਗਰਾ ਤੋਂ ਚਲੇ ਜਾਣਾ:** ਆਗਰਾ ਵਿਚ ਨੰਦ ਲਾਲ ਲਈ ਜ਼ਿਆਦਾ ਸਮੇਂ ਠਹਿਰਣਾ ਰਾਸ ਨਾ ਆਇਆ ਕਿਉਂਕਿ ਇਕ ਵਾਰ ਔਰੰਗਜ਼ੇਬ ਨੇ ਅਦਾਲਤ ਵਿਚ ਆਲਿਮਾਂ, ਫਾਜ਼ਿਲਾਂ ਅਤੇ ਮੌਲਵੀਆਂ ਤੋਂ ਕੁਰਆਨ ਸ਼ਰੀਫ ਦੀ ਇਕ ਆਇਤ ਦਾ ਅਨੁਵਾਦ ਅਤੇ ਵਿਆਖਿਆ ਪੁੱਛੀ ਤਾਂ ਸ਼ਹਿਜ਼ਾਦਾ ਮੁਅੱਜ਼ਮ ਨੇ ਬਹੁਤ ਕੋਸ਼ਿਸ਼ ਕੀਤੀ, ਪਰ ਕਿਸੇ ਦੀ ਵੀ ਇਹ ਗੱਲ ਸਮਝ ਤੋਂ ਬਾਹਰ ਸੀ। ਅੰਤ ਵਿਚ ਸ਼ਹਿਜ਼ਾਦਾ ਨੇ ਭਾਈ ਨੰਦ ਲਾਲ ਨਾਲ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਨੇ ਆਪਣੀ ਸਮਝ ਤੋਂ ਕੰਮ ਲੈਂਦਿਆਂ ਉਸ ਦਾ ਅਨੁਵਾਦ ਅਤੇ ਵਿਆਖਿਆ ਦੱਸੀ ਜਿਸ ਤੋਂ ਔਰੰਗਜ਼ੇਬ ਦਾ ਪੁੱਤਰ ਮੁਅੱਜ਼ਮ ਬਹੁਤ ਪ੍ਰਭਾਵਿਤ ਹੋਇਆ ਅਤੇ ਔਰੰਗਜ਼ੇਬ ਨੇ ਉਨ੍ਹਾਂ ਨੂੰ ਬਹੁਤ ਸਾਰਾ ਇਨਾਮ ਦਿੱਤਾ। ਔਰੰਗਜ਼ੇਬ ਨੇ ਸ਼ਹਿਜ਼ਾਦਾ ਨੂੰ ਹੈਰਾਨੀ ਨਾਲ ਇਹ ਵੀ ਕਿਹਾ ਕਿ ਅਜਿਹੇ ਆਲਿਮ ਅਤੇ ਫਾਜ਼ਿਲ ਨੇ ਅਜੇ ਤੱਕ ਦੀਨ-ਏ-ਇਸਲਾਮ ਕਿਉਂ ਨਹੀਂ ਕਬੂਲ ਕੀਤਾ ਸੀ।[24]

---

23 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਵਿਚ ਮੁਲਤਾਨ ਛੱਡਣ ਦਾ ਸਾਲ 1682 ਈ. ਦਿੱਤਾ ਹੈ, ਪੰਨਾ 541.

24 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਜਿਲਦ ਦੂਜੀ, ਪੰਨਾ 770.

ਪਰੰਤੂ ਰਾਮ ਦਿਆਲ ਸਿੰਘ ਇਸ ਘਟਨਾ ਨੂੰ ਕੁਝ ਇਸ ਤਰ੍ਹਾਂ ਬਿਆਨ ਕਰਦੇ ਹਨ[25] ਕਿ ਜਦੋਂ ਭਾਈ ਨੰਦ ਲਾਲ ਨੂੰ ਸ਼ਹਿਜ਼ਾਦਾ ਮੁਅੱਜ਼ਮ ਦੇ ਕੋਲ ਮੀਰ ਮੁਨਸ਼ੀ ਨਿਯੁਕਤ ਕੀਤਾ ਤਾਂ ਕੁਝ ਸਮੇਂ ਲਈ ਔਰੰਗਜ਼ੇਬ ਦੌਰੇ ਤੇ ਆਗਰਾ ਗਿਆ। ਸਰਕਾਰੀ ਦਰਬਾਰ ਲੱਗਿਆ ਹੋਇਆ ਸੀ। ਬਹੁਤ ਲੋਕ ਦਰਬਾਰ ਵਿਚ ਹਾਜ਼ਰ ਸਨ। ਅਗਲੇ ਦਿਨ ਕਈ ਆਲਿਮਾਂ ਨੇ ਦੀਵਾਨ ਵਿਚ ਭਾਸ਼ਣ ਦਿੱਤੇ। ਔਰੰਗਜ਼ੇਬ ਨੂੰ ਕੁਰਆਨ ਸ਼ਰੀਫ ਦੀ ਇਕ ਆਇਤ ਦੀ ਵਿਆਖਿਆ ਤੇ ਅਰਥ ਬਾਰੇ ਤਸੱਲੀ ਨਹੀਂ ਹੋਈ। ਔਰੰਗਜ਼ੇਬ ਕਾਫੀ ਆਲਿਮਾਂ ਨਾਲ ਉਸ ਬਾਰੇ ਗੱਲਬਾਤ ਕਰ ਚੁੱਕਿਆ ਸੀ, ਪਰ ਗੱਲ ਨਹੀਂ ਬਣੀ। ਬਾਦਸ਼ਾਹ ਨੇ ਸਾਰਿਆਂ ਨੂੰ ਇਸ ਤੇ ਗੌਰ ਕਰਨ ਲਈ ਕਿਹਾ। ਅੰਤ ਵਿਚ ਸ਼ਹਿਜ਼ਾਦਾ ਨੇ ਕੁਝ ਦਿਨ ਦੀ ਮੋਹਲਤ ਮੰਗੀ ਅਤੇ ਮਹਿਫਲ ਉਠਾ ਦਿੱਤੀ ਗਈ। ਸ਼ਹਿਜ਼ਾਦੇ ਨੇ ਇਸ ਤੇ ਆਪ ਵੀ ਗੌਰ ਕੀਤੀ ਅਤੇ ਮੌਲਵੀਆਂ ਕਾਜ਼ੀਆਂ ਨੂੰ ਵੀ ਬੁਲਾ ਕੇ ਪੁੱਛਿਆ। ਸ਼ਾਹਜ਼ਾਦੇ ਦਾ ਖਾਣਾ-ਪੀਣਾ ਹਰਾਮ ਹੋ ਗਿਆ। ਮੁਅੱਜ਼ਮ ਨੇ ਇਹ ਸਾਰੀ ਗੱਲਬਾਤ ਭਾਈ ਨੰਦ ਲਾਲ ਨੂੰ ਸੁਣਾਈ ਤਾਂ ਭਾਈ ਨੰਦ ਲਾਲ ਨੇ ਕਿਹਾ ਕਿ ਇਹ ਤਾਂ ਮਾਮੂਲੀ ਗੱਲ ਹੈ। ਉਸ ਨੇ ਇਸ ਢੰਗ ਨਾਲ ਅਨੁਵਾਦ ਅਤੇ ਵਿਆਖਿਆ ਕੀਤੀ ਕਿ ਸਾਰੀ ਪ੍ਰੇਸ਼ਾਨੀ ਖਤਮ ਹੋ ਗਈ ਅਤੇ ਸਾਰੇ ਸ਼ੰਕੇ ਦੂਰ ਹੋ ਗਏ।

ਸ਼ਹਿਜ਼ਾਦਾ ਅੱਠਵੇਂ ਦਿਨ ਔਰੰਗਜ਼ੇਬ ਦੇ ਦਰਬਾਰ ਵਿਚ ਹਾਜ਼ਿਰ ਹੋਇਆ ਜਿਥੇ ਬਹੁਤ ਸਾਰੇ ਆਲਿਮ ਮੌਜੂਦ ਸਨ। ਬਾਦਸ਼ਾਹ ਨੇ ਉਸ ਆਇਤ ਬਾਰੇ ਯਾਦ ਕਰਵਾਇਆ। ਸ਼ਹਿਜ਼ਾਦੇ ਨੇ ਬਾਦਸ਼ਾਹ ਅਨੁਸਾਰ ਉਸ ਆਇਤ ਦਾ ਸਹੀ ਅਨੁਵਾਦ ਅਤੇ ਵਿਆਖਿਆ ਕਰ ਦਿੱਤੀ। ਬਾਦਸ਼ਾਹ ਬਹੁਤ ਖੁਸ਼ ਹੋਇਆ। ਬਾਦਸ਼ਾਹ ਨੇ ਸ਼ਹਿਜ਼ਾਦੇ ਨੂੰ ਪੁੱਛਿਆ ਕਿ ਇਹ ਵਿਆਖਿਆ ਉਸ ਨੇ ਆਪ ਕੀਤੀ ਸੀ, ਤਾਂ ਉਸ ਨੇ ਸੱਚ ਗੱਲ ਕਹਿ ਸੁਣਾਈ ਕਿ ਇਸਦਾ ਸਿਹਰਾ ਭਾਈ ਨੰਦ ਲਾਲ ਗੋਯਾ ਨੂੰ ਜਾਂਦਾ ਸੀ। ਮੀਰ ਮੁਨਸ਼ੀ ਨੂੰ ਦਰਬਾਰ ਵਿਚ ਹਾਜ਼ਰ ਹੋਣ ਲਈ ਕਿਹਾ ਗਿਆ। ਬਾਦਸ਼ਾਹ ਨੇ ਦੁਬਾਰਾ ਅਰਥ ਪੁੱਛੇ ਤਾਂ ਨੰਦ ਲਾਲ ਨੇ ਫਿਰ ਉਸ ਅਨੁਸਾਰ ਅਨੁਵਾਦ ਦੱਸ ਦਿੱਤਾ ਤਾਂ ਬਾਦਸ਼ਾਹ ਨੇ ਪੰਜ ਸੋ ਰੁਪਏ ਇਨਾਮ ਵਜੋਂ ਉਸ ਨੂੰ ਦਿੱਤੇ। ਉਸ ਦੇ ਚਲੇ ਜਾਣ ਤੋਂ ਬਾਅਦ ਬਾਦਸ਼ਾਹ ਨੇ ਮੁਅੱਜ਼ਮ ਨੂੰ ਕਿਹਾ ਕਿ ਉਸ (ਗੋਯਾ) ਨੂੰ ਦੀਨ-ਏ-ਇਸਲਾਮ ਦੀ ਪ੍ਰੇਰਣਾ ਦਿੱਤੀ ਜਾਵੇ। ਨੰਦ ਲਾਲ ਨੇ ਇਸ ਗੱਲ ਨੂੰ ਨਹੀਂ ਮੰਨਿਆ ਅਤੇ ਕਿਹਾ ਕਿ ਉਹ ਇਸ ਦਾ ਫੈਸਲਾ ਕੁਝ ਦਿਨਾਂ ਬਾਅਦ ਦੱਸ ਦੇਵੇਗਾ।[26]

**ਆਗਰਾ ਤੋਂ ਰਵਾਨਗੀ:** ਮੁੱਕਦੀ ਗੱਲ ਨੰਦ ਲਾਲ ਦੀ ਜ਼ਹਾਨਤ ਉਸਦੇ ਲਈ ਮੁਸੀਬਤ ਬਣੀ। ਉਸ ਲਈ ਦੋ ਹੀ ਰਸਤੇ ਰਹਿ ਗਏ ਸਨ, ਇਕ ਤਾਂ ਇਸਲਾਮ ਕਬੂਲ ਕਰੇ ਜਾਂ ਕਿਸੇ ਸੁਰੱਖਿਅਤ

---

25 ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ, ਜਿਲਦ 12, ਪੰਨਾ 5077-78.

26 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 541.

ਥਾਂ ਚਲਾ ਜਾਵੇ। ਗਿਆਸੁੱਦੀਨ ਨਾਮੀ ਦਾਰੋਗਾ ਭਾਈ ਨੰਦ ਲਾਲ ਦਾ ਦੋਸਤ ਸੀ।[27] ਉਸ ਨਾਲ ਦੀਨੀ ਮਸਲਿਆਂ ਤੇ ਬਹਿਸ ਕਰ ਲੈਂਦਾ ਸੀ। ਨੰਦ ਲਾਲ ਨੂੰ ਆਪਣਾ ਧਾਰਮਿਕ ਆਗੂ ਮੰਨਦਾ ਸੀ। ਇਕ ਦਿਨ ਮੁਨਸ਼ੀ ਨੰਦ ਲਾਲ ਨੇ ਉਸ ਨੂੰ ਬੁਲਾ ਕੇ ਕਿਹਾ ਕਿ ਸ਼ਹਿਜ਼ਾਦਾ ਮੁਅੱਜ਼ਮ ਉਸ ਨੂੰ ਇਸਲਾਮ ਧਰਮ ਅਪਣਾਉਣ ਲਈ ਲਗਾਤਾਰ ਪ੍ਰੇਰਿਤ ਕਰ ਰਿਹਾ ਸੀ। ਇਸ ਲਈ ਨੰਦ ਲਾਲ ਦਾ ਅਜਿਹੀ ਸਥਿਤੀ ਵਿਚ ਆਗਰਾ ਰਹਿਣਾ ਠੀਕ ਨਹੀਂ ਸੀ ਜਾਪਦਾ। ਅਜਿਹੇ ਹਾਲਾਤ ਵਿਚ ਆਗਰਾ ਨੂੰ ਛੱਡਣਾ ਪਿਆ। ਗਿਆਸੁੱਦੀਨ ਨੂੰ ਗੋਯਾ ਤੇ ਇੰਨਾ ਜ਼ਿਆਦਾ ਭਰੋਸਾ ਸੀ ਕਿ ਉਸਨੇ ਕਿਹਾ ਕਿ ਉਹ ਵੀ ਉਨ੍ਹਾਂ ਦੇ ਨਾਲ ਹੀ ਉਥੋਂ ਜਾਵੇਗਾ, ਤਾਂ ਗੋਯਾ ਨੇ ਕਿਹਾ ਜੇਕਰ ਦੋਵੇਂ ਗਏ ਤਾਂ ਪਕੜੇ ਜਾਣਗੇ; ਚੰਗਾ ਇਹੋ ਹੋਵੇਗਾ ਕਿ ਕੁਝ ਦਿਨਾਂ ਬਾਅਦ ਦਾਰੋਗਾ ਛੁੱਟੀ ਲੈ ਕੇ ਲਾਹੌਰ ਆ ਕੇ ਉਨ੍ਹਾਂ ਨੂੰ ਮਿਲ ਜਾਵੇ।

**ਆਨੰਦਪੁਰ ਪਹੁੰਚਣਾ:** ਅੰਤ ਭਾਈ ਨੰਦ ਲਾਲ ਨੇ ਉਸੇ ਰਾਤ ਨੂੰ ਆਗਰਾ ਛੱਡਿਆ[28] ਅਤੇ ਲੰਬੀਆਂ ਲੰਬੀਆਂ ਮੰਜ਼ਿਲਾਂ ਤੈਅ ਕਰਦਿਆਂ ਹੋਇਆਂ ਇਕ ਹਫਤੇ ਅੰਦਰ ਲਾਹੌਰ ਪਹੁੰਚ ਗਿਆ। ਉਥੇ ਕਿਸੇ ਤਰ੍ਹਾਂ ਇਕ ਸਰਾਂ ਵਿਚ ਠਹਿਰੇ। ਦੂਜੇ ਦਿਨ ਗਜ਼ਨੀ ਵਾਲੇ ਸੇਵਕ ਦੀ ਮੌਤ ਹੋ ਗਈ, ਉਸ ਨੂੰ ਲਾਹੌਰ ਵਿਚ ਹੀ ਦਫਨਾ ਦਿੱਤਾ ਗਿਆ। ਜਦੋਂ ਸ਼ਹਿਜ਼ਾਦਾ ਨੂੰ ਪਤਾ ਲੱਗਿਆ ਕਿ ਨੰਦ ਲਾਲ ਆਗਰਾ ਛੱਡ ਗਿਆ ਸੀ ਤਾਂ ਸਾਰੇ ਪਾਸੇ ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਦਾ ਕੋਈ ਪਤਾ ਨਹੀਂ ਚੱਲਿਆ। ਚਾਰ ਦਿਨਾਂ ਤੋਂ ਬਾਅਦ ਗਿਆਸੁੱਦੀਨ ਵੀ ਇਕ ਮਹੀਨੇ ਦੀ ਛੁੱਟੀ ਲੈ ਕੇ ਲਾਹੌਰ ਪਹੁੰਚ ਗਿਆ। ਗਿਆਸੁੱਦੀਨ ਨੂੰ ਗੋਯਾ ਨੇ ਵੇਖਿਆ ਤਾਂ ਖੁਸ਼ੀ ਦੇ ਮਾਰੇ ਫੁੱਲਿਆ ਨਹੀਂ ਸਮਾਇਆ। ਹੁਣ ਗੋਯਾ ਦੇ ਨਾਲ ਗਿਆਸੁੱਦੀਨ ਆਨੰਦਪੁਰ ਪਹੁੰਚ ਗਿਆ। ਅਗਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਗਏ। ਗੋਯਾ ਆਪਣੇ ਨਾਲ ਕੁਝ ਤੋਹਫੇ ਭੇਂਟ ਕਰਨ ਲਈ ਲਿਆਇਆ ਸੀ। ਉਸ ਨੇ ਉਹ ਨਜ਼ਰਾਨੇ ਵਜੋਂ ਪੇਸ਼ ਕੀਤੇ। ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੋਏ। ਗਿਆਸੁੱਦੀਨ ਨੇ ਵੀ ਪੰਜਾਹ ਮੋਹਰਾਂ[29] ਭੇਂਟ ਕੀਤੀਆਂ। ਦੋਹਾਂ ਨੇ ਆਪਣੀ ਕਹਾਣੀ ਗੁਰੂ ਜੀ ਨੂੰ ਸੁਣਾਈ। ਗੁਰੂ ਜੀ ਨੇ ਗਿਆਸੁੱਦੀਨ ਤੋਂ ਪੁੱਛਿਆ ਕਿ ਤੁਸੀਂ ਕਿਸ ਦੇ ਮੁਰਸ਼ਦ ਹੋ? ਤਾਂ ਉਸਨੇ ਕਿਹਾ ਕਿ ਮੈਂ ਨੰਦ ਲਾਲ ਜੀ ਨੂੰ ਆਪਣਾ ਮੁਰਸ਼ਦ ਮੰਨਿਆ ਹੋਇਆ ਹੈ। ਇਕ ਸਿੱਖ ਜਿਸ ਦਾ ਨਾਂ ਆਲਮ ਸਿੰਘ ਸੀ, ਗੁੱਸੇ ਹੋਇਆ ਅਤੇ ਕਿਹਾ ਕਿ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਸ ਨੂੰ ਇਹ ਨਹੀਂ ਕਹਿਣਾ ਚਾਹੀਦਾ ਸੀ।[30] ਇਸ ਤੇ ਗੁਰੂ ਜੀ ਨੇ ਫ਼ਰਮਾਇਆ ਕਿ

---

27 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਜਿਲਦ ਦੂਜੀ, ਪੰਨੇ 770, 772

28 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ 541 ਤੇ 1697 ਈ. ਦਿੱਤਾ ਗਿਆ ਹੈ।

29 ਭਾਈ ਰਾਮ ਦਿਆਲ, ਦ ਲਾਇਫ ਆਫ ਭਾਈ ਨੰਦ ਲਾਲ ਗੋਯਾ, ਪੰਨਾ 15

30 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਜਿਲਦ ਦੂਜੀ, ਪੰਨਾ 776-78..

ਗਿਆਸੁੱਦੀਨ ਨੰਦ ਲਾਲ ਦਾ ਮੁਰੀਦ ਸੀ ਅਤੇ ਨੰਦ ਲਾਲ ਮੇਰਾ ਮੁਰੀਦ, ਜਿਸ ਦਾ ਅਰਥ ਇਹ ਹੋਇਆ ਕਿ ਦੋਵੇਂ ਮੇਰੇ ਮੁਰੀਦ ਹਨ। ਗੁਰੂ ਜੀ ਨੇ ਦੋਹਾਂ ਦੇ ਠਹਿਰਣ ਦਾ ਪ੍ਰਬੰਧ ਕਰਵਾਇਆ ਅਤੇ ਉਨ੍ਹਾਂ ਨੂੰ ਸੰਗਤ ਦੀ ਸੇਵਾ ਕਰਨ ਦਾ ਹੁਕਮ ਦਿੱਤਾ। ਗਿਆਸੁੱਦੀਨ ਦੀ ਇਕ ਮਹੀਨੇ ਦੀ ਛੁੱਟੀ ਖਤਮ ਹੋ ਚੁੱਕੀ ਸੀ। ਇਸ ਲਈ ਉਹ ਆਗਰਾ ਲਈ ਤੁਰ ਪਿਆ। ਗੋਯਾ ਉਥੇ ਹੀ ਠਹਿਰ ਗਿਆ ਅਤੇ ਉਸ ਤੋਂ ਵਾਅਦਾ ਲਿਆ ਕਿ ਉਹ ਨੰਦ ਲਾਲ ਦੇ ਆਨੰਦਪੁਰ ਆਉਣ ਠਹਿਰਣ ਬਾਰੇ ਕਿਸੇ ਨੂੰ ਨਹੀਂ ਦੱਸੇਗਾ।

ਗੁਰੂ ਗੋਬਿੰਦ ਸਿੰਘ ਆਪਣੀ ਜ਼ੁਬਾਨ ਤੋਂ ਧਰਮ ਦਾ ਉਪਦੇਸ਼ ਤਾਂ ਦਿੰਦੇ ਹੀ ਸੀ, ਉਹ ਇਸ ਗੱਲੋਂ ਵੀ ਚੰਗੀ ਤਰ੍ਹਾਂ ਜਾਣੂੰ ਸਨ ਕਿ ਜਦੋਂ ਤੱਕ ਸਿੱਖਾਂ ਵਿਚ ਸਿੱਖਿਆ ਦਾ ਪ੍ਰਸਾਰ ਤੇ ਪ੍ਰਚਾਰ ਨਹੀਂ ਹੋਵੇਗਾ, ਉਦੋਂ ਤੱਕ ਉਹ ਕੇਵਲ ਧਰਮ ਦੇ ਰਸਮੋ-ਰਿਵਾਜਾਂ ਵਿਚ ਉਲਝੇ ਰਹਿਣਗੇ। ਰੂਹਾਨੀ ਤਰੱਕੀ ਨਹੀਂ ਕਰ ਸਕਣਗੇ, ਨਾ ਹੀ ਗੁਰੂ ਸਾਹਿਬਾਨ ਦੀ ਗੱਲਾਂ ਦਾ ਉਨ੍ਹਾਂ ਦੇ ਦਿਲਾਂ ਤੇ ਅਸਰ ਹੋਵੇਗਾ। ਇਸੇ ਕਰਕੇ ਉਨ੍ਹਾਂ ਨੇ ਆਪਣੇ ਦਿਲੋ-ਦਿਮਾਗ ਵਿਚ ਇਹ ਫੈਸਲਾ ਕਰ ਲਿਆ ਸੀ ਕਿ ਉਹ ਦੁਨੀਆਂ ਦੇ ਮਾਲ-ਅਸਬਾਬ ਦੇ ਨਾਲ-ਨਾਲ ਇਲਮ ਦੀ ਦੌਲਤ ਤੋਂ ਵੀ ਆਮ ਲੋਕਾਂ ਨੂੰ ਜਾਣੂ ਕਰਵਾਉਣਗੇ।[31]

ਡਾ. ਗੰਡਾ ਸਿੰਘ ਦਾ ਕਹਿਣਾ ਹੈ ਕਿ, ''ਦੁਨੀਆਂ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਸਿਰਫ ਰੂਹਾਨੀ, ਜੰਗਜੂ, ਧਾਰਮਿਕ ਆਗੂ ਹੀ ਮਸ਼ਹੂਰ ਨਹੀਂ ਸਨ, ਸਗੋਂ ਉਹ ਆਪਣੇ ਸਮੇਂ ਦੇ ਆਲਿਮ, ਸ਼ਾਇਰ, ਇਲਮ-ਓ-ਅਦਬ ਦੇ ਕਦਰਦਾਨ ਅਤੇ ਸਰਪ੍ਰਸਤ ਵੀ ਸਨ। ਉਸ ਸਮੇਂ ਦੇ ਹਿੰਦੋਸਤਾਨ ਵਿਚ ਆਨੰਦਪੁਰ ਤੋਂ ਇਲਾਵਾ ਕੋਈ ਹੋਰ ਥਾਂ ਅਜਿਹੀ ਨਜ਼ਰੀਂ ਨਹੀਂ ਆਉਂਦੀ ਜਿੱਥੇ ਇਕੋ ਸਮੇਂ ਇੰਨੇ ਅਹਿਲੇ ਕਲਮ ਅਤੇ ਇਲਮ ਵਾਲੇ ਵਿਦਵਾਨ ਮੌਜੂਦ ਹੋਣ। ਪੰਜਾਬੀ, ਬ੍ਰਿਜ ਭਾਸ਼ਾ ਅਤੇ ਫਾਰਸੀ ਆਦਿ ਭਾਸ਼ਾਵਾਂ ਦੇ ਸਿਰਕੱਢ ਸ਼ਾਇਰ ਜਿਨ੍ਹਾਂ ਦੀ ਤਾਦਾਦ ਇਤਿਹਾਸਕਾਰਾਂ ਨੇ 52 ਦੱਸੀ ਹੈ, ਗੁਰੂ ਗੋਬਿੰਦ ਸਿੰਘ ਦੇ ਸਾਹਿਤਕ ਦਰਬਾਰ ਦੀ ਰੌਣਕ ਸਨ, ਜਿਨ੍ਹਾਂ ਨੇ ਉਨ੍ਹਾਂ ਭਾਸ਼ਾਵਾਂ ਵਿਚੋਂ ਆਪਣੇ ਕਲਾਮ ਤੋਂ ਇਲਾਵਾ ਪੰਜਾਬੀ ਦੇ ਇਲਮੀ ਖਜ਼ਾਨੇ ਨੂੰ ਪ੍ਰਫੁੱਲਿਤ ਕਰਨ ਲਈ ਹੋਰ ਕਈ ਜ਼ੁਬਾਨਾਂ ਵਿਚ ਸਾਹਿਤਕ ਅਨੁਵਾਦ ਕੀਤੇ।''[32] ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਵੱਡੀ ਖੂਬੀ ਇਹ ਵੀ ਸੀ ਕਿ ਉਹ ਇਲਮ ਦੇ ਪ੍ਰਸਾਰ ਤੇ ਪ੍ਰਚਾਰ ਲਈ ਬਹੁਤ ਜ਼ਿਆਦਾ ਯਤਨ ਕਰਦੇ ਸਨ। ਆਪ ਨੂੰ ਇਲਮ ਦਾ ਬਹੁਤ ਜ਼ਿਆਦਾ ਸ਼ੌਕ ਸੀ, ਇਸ ਲਈ ਆਪ ਨੇ ਸੰਸਕ੍ਰਿਤ ਜ਼ੁਬਾਨ ਦੀਆਂ ਮਸ਼ਹੂਰ ਕਿਤਾਬਾਂ ਦਾ ਅਨੁਵਾਦ ਕਰਵਾਇਆ ਅਤੇ ਕਈ ਨਵੀਆਂ ਕਿਤਾਬਾਂ ਵੀ ਲਿਖਵਾਈਆਂ।

---

[31] ਰਾਮ ਸਰੂਪ ਕੌਸ਼ਲ, ਕਲਗੀਧਰ ਸ੍ਰੀ ਗੋਬਿੰਦ ਸਿੰਘ ਜੀ, ਪੰਨੇ 65-66

[32] ਡਾ. ਗੰਡਾ ਸਿੰਘ, ਕੁੱਲੀਯਾਤ ਭਾਈ ਨੰਦ ਲਾਲ ਗੋਯਾ, ਪੰਨਾ 18.

ਵਿਦਵਾਨਾਂ ਦੀ ਕਦਰ ਕੀਤੀ। ਮਹਾਂਭਾਰਤ ਦੇ ਅਨੁਵਾਦ ਲਈ 60-60 ਹਜ਼ਾਰ ਰੁਪਏ ਦਿੱਤੇ। ਹਿੰਦੋਸਤਾਨ ਵਿਚ ਜ਼ੁਲਮਾਂ ਨਾਲ ਸਤਾਏ ਹੋਏ ਲੋਕਾਂ ਲਈ ਉਹ ਪਨਾਹ ਦਾ ਸੋਮਾ ਸਾਬਿਤ ਹੋਏ।[33] ਨੰਦ ਲਾਲ ਗੋਯਾ ਵੀ ਪ੍ਰੇਸ਼ਾਨੀਆਂ ਦਾ ਮਾਰਿਆ ਸ਼ਾਇਰ ਸੀ, ਇਸੇ ਕਰਕੇ ਗੁਰੂ ਗੋਬਿੰਦ ਸਿੰਘ ਦੀ ਸੇਵਾ 'ਚ ਆਇਆ, ਜਿਥੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹੂਲੀਅਤ ਪ੍ਰਾਪਤ ਹੋਈ।

ਮੁਨਸ਼ੀ ਨੰਦ ਲਾਲ ਜੀ ਨੂੰ ਸ਼ਾਇਰੋ-ਸ਼ਾਇਰੀ ਦਾ ਸ਼ੋਂਕ ਵਿੱਦਿਆ ਪ੍ਰਾਪਤ ਕਰਦੇ ਸਮੇਂ ਹੀ ਪੈ ਗਿਆ ਸੀ। ਸਿੱਖ ਧਰਮ ਦੀਆਂ ਕਿਤਾਬਾਂ ਦੇ ਅਧਿਐਨ ਤੋਂ ਗੁਰੂ ਭਗਤੀ ਅਤੇ ਰੱਬੀ ਇਸ਼ਕ ਵੱਲ ਧਿਆਨ ਹੋ ਗਿਆ ਸੀ। ਭਾਈ ਸਾਹਿਬ ਨੇ ਸਭ ਤੋਂ ਪਹਿਲਾਂ ਜਿਹੜੀ ਰਚਨਾ ਲਿਖੀ ਅਤੇ ਗੁਰੂ ਸਾਹਿਬ ਅੱਗੇ ਪੇਸ਼ ਕੀਤੀ ਉਸਦਾ ਸਿਰਲੇਖ 'ਬੰਦਗੀਨਾਮਾ' ਸੀ।[34] ਗੁਰੂ ਸਾਹਿਬ ਨੇ ਇਸ ਨੂੰ ਸ਼ਾਮ ਵੇਲੇ ਕਥਾ ਦੇ ਤੌਰ[35] ਤੇ ਗਾਉਣ ਦਾ ਹੁਕਮ ਦਿੱਤਾ ਅਤੇ ਭਾਈ ਨੰਦ ਲਾਲ ਨੂੰ ਵਧਾਈ ਦਿੱਤੀ। ਹੁਣ ਗੁਰੂ ਸਾਹਿਬ ਨੇ 'ਬੰਦਗੀਨਾਮਾ' ਦਾ ਨਾਂ ਬਦਲੇ ਕੇ 'ਜ਼ਿੰਦਗੀਨਾਮਾ' ਰੱਖ ਦਿੱਤਾ। ਭਾਈ ਰਾਮ ਦਿਆਲ ਅਨੁਸਾਰ ਮੁਨਸ਼ੀ ਨੰਦ ਲਾਲ ਨੂੰ 'ਭਾਈ ਸਾਹਿਬ' ਦੀ ਉਪਾਧੀ ਅਦਾ ਕੀਤੀ ਗਈ।[36] ਡਾ. ਗੰਡਾ ਸਿੰਘ ਅਨੁਸਾਰ ਮੁਨਸ਼ੀ ਨੰਦ ਲਾਲ ਨੂੰ ਆਨੰਦਪੁਰ ਵਿਖੇ ਰਹਿੰਦਿਆਂ ਕੁਝ ਸਮਾਂ ਬੀਤ ਚੁੱਕਿਆ ਸੀ। ਮੁਲਤਾਨ ਤੋਂ ਉਨ੍ਹਾਂ ਦੇ ਪਰਿਵਾਰ ਦੀ ਖਬਰ ਸਾਰ ਲੈ ਕੇ ਇਕ ਬੰਦਾ ਆਨੰਦਪੁਰ ਸਾਹਿਬ ਪਹੁੰਚਿਆ ਜਿਸ ਦਾ ਗੁਰੂ ਸਾਹਿਬ ਨੂੰ ਪਤਾ ਚੱਲਿਆ। ਨਾਲ ਹੀ ਗੁਰੂ ਸਾਹਿਬ ਨੂੰ ਇਹ ਵੀ ਪਤਾ ਚੱਲਿਆ ਕਿ ਗੋਯਾ ਦੀ ਪਤਨੀ ਆਪਣੇ ਦੋਹਾਂ ਪੁੱਤਰਾਂ ਨਾਲ ਆਪਣੇ ਪੇਕੇ ਘਰ ਰਹਿ ਰਹੀ ਸੀ। ਗੁਰੂ ਸਾਹਿਬ ਨੇ ਨੰਦ ਲਾਲ ਨੂੰ ਕਿਹਾ ਕਿ ਜੇਕਰ ਉਸ ਨੂੰ ਮਨਜ਼ੂਰ ਹੋਵੇ ਤਾਂ ਉਸ ਦੇ ਬੱਚਿਆਂ ਦੀ ਰੱਖਿਆ ਅਤੇ ਖਾਧ-ਖੁਰਾਕ ਲਈ ਸਿੱਖ ਸੰਗਤਾਂ ਦੇ ਨਾਂ ਭੇਜੇ ਜਾਣ ਵਾਲੇ ਹੁਕਮਨਾਮਿਆਂ ਵਿਚ ਇਹ ਲਿੱਖ ਦਿੱਤਾ ਜਾਵੇ ਕਿ ਗੁਰੂ ਦਰਬਾਰ ਦੀ ਬਜਾਏ ਜਿਹੜੀ ਭੇਟਾ ਉਨ੍ਹਾਂ ਦੇ ਬੱਚਿਆਂ ਨੂੰ ਭੇਟ ਹੋਵੇਗੀ, ਉਹ ਵੀ ਗੁਰੂ ਘਰ ਵੱਲੋਂ ਸਵੀਕਾਰ ਕੀਤੀ ਜਾਵੇਗੀ। ਪਰ ਮੁਨਸ਼ੀ ਨੰਦ ਲਾਲ ਗੋਯਾ ਨੇ ਸਤਿਕਾਰ ਸਹਿਤ ਗੁਰੂ ਸਾਹਿਬ ਨੂੰ ਬੇਨਤੀ ਕਰਦਿਆਂ ਹੋਇਆਂ ਇਹ ਕਿਹਾ ਕਿ ਉਹ ਕਾਫੀ ਲੰਮੇ ਸਮੇਂ ਤੋਂ ਉਨ੍ਹਾਂ ਦੀ ਸੇਵਾ ਵਿਚ ਹੈ ਅਤੇ ਨਾਲ ਹੀ ਉਹ ਸ਼ਾਹਿਬਜ਼ਾਦਿਆਂ ਅਤੇ ਨਵਾਬਾਂ ਦਾ ਦੀਵਾਨ ਰਹਿ ਚੁੱਕਿਆ ਹੈ ਤੇ ਰੱਬ ਦੀ ਮਿਹਰ ਨਾਲ ਉਸਦਾ ਵਧੀਆ ਗੁਜ਼ਾਰਾ ਚੱਲ ਰਿਹਾ ਹੈ। ਉਹ ਨਜ਼ਰ ਨਿਆਜ਼ ਦੀ ਦੌਲਤ ਤੋਂ ਆਪਣੀ ਔਲਾਦ ਨੂੰ ਦੂਰ ਰੱਖਣਾ ਚਾਹੁੰਦਾ ਹੈ ਅਤੇ ਗੁਰੂ ਘਰ ਦੀ ਦੂਆ ਚਾਹੁੰਦਾ ਹੈ ਕਿ ਉਸਦਾ ਖਾਨਦਾਨ ਮਿਹਨਤ ਮੁਸ਼ੱਕਤ ਕਰਕੇ ਰੋਜ਼ੀ ਰੋਟੀ ਕਮਾਉਂਦਾ ਰਹੇ। ਗੁਰੂ ਜੀ

---

33 ਵੀਰ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੱਦ ਅਤੇ ਦਰਬਾਰ, ਪੰਨਾ 5.

34 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਜਿਲਦ ਦੂਜੀ, ਪੰਨਾ 775

35 ਪੰਜਾਬੀ ਜ਼ੁਬਾਨ ਵਿਚ ਕਥਾ, ਧਾਰਮਿਕ ਕਿਤਾਬਾਂ ਦੇ ਕਿੱਸੇ ਜਾਂ ਗੁਰਬਾਣੀ ਦੀ ਵਿਆਖਿਆ ਕਰਨ ਨੂੰ ਆਖਦੇ ਹਨ।

36 ਭਾਈ ਰਾਮ ਦਿਆਲ, ਦ ਲਾਇਫ ਆਫ ਭਾਈ ਨੰਦ ਲਾਲ ਗੋਯਾ, ਪੰਨਾ 15

ਇਹ ਸੁਣ ਕੇ ਬਹੁਤ ਖੁਸ਼ ਹੋਏ ਅਤੇ ਕਿਹਾ 'ਮਨ ਭਾਈ ਸਾਹਿਬ, ਮਨ ਭਾਈ ਸਾਹਿਬ'।[37] ਸੰਖੇਪ ਵਿਚ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਇਸੇ ਸਮੇਂ ਹੀ ਭਾਈ ਨੰਦ ਲਾਲ ਨੂੰ ਭਾਈ ਸਾਹਿਬ ਦੀ ਉਪਾਧੀ ਨਾਲ ਨਿਵਾਜਿਆ ਗਿਆ। ਉਸੇ ਦਿਨ ਤੋਂ ਹੀ ਨੰਦ ਲਾਲ ਨੂੰ 'ਭਾਈ ਸਾਹਿਬ' ਦੇ ਨਾਂ ਨਾਲ ਸੰਬੋਧਤ ਕੀਤਾ ਜਾਣ ਲੱਗਾ। ਅਰਥਾਤ ਮੁਨਸ਼ੀ ਨੰਦ ਲਾਲ ਗੋਯਾ ਭਾਈ ਨੰਦ ਲਾਲ ਗੋਯਾ ਬਣ ਗਏ।

ਗੁਰੂ ਸਾਹਿਬ ਨੇ ਆਪ ਨੂੰ ਦੀਵਾਨੀ ਦਾ ਅਹੁਦਾ ਦੇਣਾ ਚਾਹਿਆ, ਆਪ ਨੇ ਲੰਗਰ ਦੀ ਸੇਵਾ ਨੂੰ ਚੰਗਾ ਸਮਝਿਆ। ਉਸ ਸਮੇਂ ਆਨੰਦਪੁਰ ਦੇ ਸਾਰੇ ਡੇਰਿਆਂ ਵਿਚ ਲੰਗਰ ਪ੍ਰਥਾ ਲਗਾਤਾਰ ਚੱਲ ਰਹੀ ਸੀ।[38] ਇਸੇ ਤਰ੍ਹਾਂ ਭਾਈ ਨੰਦ ਲਾਲ ਦੇ ਡੇਰੇ ਵਿਚ ਵੀ ਲੰਗਰ ਕਾਇਮ ਹੋ ਚੁੱਕਿਆ ਸੀ, ਜਿੱਥੇ ਜ਼ਰੂਰਤਮੰਦਾਂ ਅਤੇ ਅਨਾਥਾਂ ਨੂੰ ਹਰ ਸਮੇਂ ਖਾਣਾ ਤਿਆਰ ਮਿਲਦਾ ਸੀ। ਨੰਦ ਲਾਲ ਆਪ ਇਹ ਸੇਵਾ ਨਿਭਾਉਂਦੇ ਸਨ। ਇਕ ਵਾਰ ਡੇਰਿਆਂ ਵਿਚ ਚੰਗੇ ਖਾਣੇ ਦੇਣ ਲਈ ਬਹਿਸ ਚੱਲ ਰਹੀ ਸੀ, ਤਾਂ ਗੁਰੂ ਜੀ ਨੇ ਆਪ ਭੇਸ ਬਦਲ ਕੇ ਲੰਗਰ ਘਰ ਦੌਰਾ ਕੀਤਾ ਜਿਥੇ ਹਰ ਵੇਲੇ ਖਾਣਾ ਤਿਆਰ ਮਿਲਦਾ ਸੀ ਅਤੇ ਕੋਈ ਵੀ ਲੰਗਰ ਦੀ ਸੇਵਾ ਕਰਨ ਤੋਂ ਇਨਕਾਰ ਨਹੀਂ ਸੀ ਕਰਦਾ।

ਕਈ ਵਿਦਵਾਨਾਂ ਜਿਵੇਂ ਪ੍ਰੋ. ਪਿਆਰਾ ਸਿੰਘ ਪਦਮ, ਭਾਈ ਕਾਨ੍ਹ ਸਿੰਘ ਨਾਭਾ ਅਤੇ ਭਾਈ ਸਾਹਿਬ ਸਿੰਘ ਦੇ ਵਿਚਾਰ ਵੀ ਹਨ ਕਿ ਭਾਈ ਨੰਦ ਲਾਲ ਜੀ ਆਪਣੇ ਸਿੱਖੀ ਸਿੱਦਕ, ਸੇਵਾ ਭਾਵ ਅਤੇ ਸੂਝ-ਬੂਝ ਕਾਰਨ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਚੰਗਾ ਮਾਣ-ਸਨਮਾਣ ਪ੍ਰਾਪਤ ਕਰ ਚੁੱਕੇ ਸਨ। ਉਥੇ ਵੱਖ-ਵੱਖ ਤਰ੍ਹਾਂ ਦੇ ਕਵੀ ਤੇ ਵਿਦਵਾਨ ਆਉਂਦੇ, ਆਪਣੀ-ਆਪਣੀ ਕਾਬਲੀਅਤ ਜਾਂ ਜੌਹਰ/ਕਲਾ ਦਾ ਪ੍ਰਦਰਸ਼ਨ ਕਰਦੇ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ, ਜਦੋਂ ਉਹ ਆਪ ਸਭਾ ਦੇ ਵਿਚ ਹਾਜ਼ਿਰ ਨਹੀਂ ਹੁੰਦੇ ਸਨ ਤਾਂ ਭਾਈ ਨੰਦ ਲਾਲ ਗੋਯਾ ਦਰਬਾਰ ਵਿਚ ਸਾਰੇ ਵਿਦਵਾਨਾਂ ਅਤੇ ਕਵੀਆਂ ਦੀ ਨਿਗਰਾਨੀ ਕਰਦੇ ਸਨ ਕਿਉਂਕਿ ਗੁਰੂ ਸਾਹਿਬ ਨੇ ਆਪਣੇ ਦਰਬਾਰ ਦੇ ਸਾਹਿਤਕਾਰਾਂ ਤੇ ਵਿਦਵਾਨਾਂ ਦਾ ਨੰਦ ਲਾਲ ਗੋਯਾ ਨੂੰ ਮੁਖੀ ਥਾਪਿਆ ਹੋਇਆ ਸੀ। ਇਹ ਸਭ ਤੋਂ ਜ਼ਿਆਦਾ ਸਨਮਾਣ ਦੀ ਗੱਲ ਸੀ ਜਿਹੜੀ ਭਾਈ ਨੰਦ ਲਾਲ ਜੀ ਨੂੰ ਗੁਰੂ ਸਾਹਿਬ ਵਲੋਂ ਪ੍ਰਾਪਤ ਹੋਈ।[39]

1705 ਈ. ਤੱਕ ਆਪ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਮੌਜੂਦ ਸਨ। ਪਰ ਜਦੋਂ ਸਰਸਾ ਨਦੀ ਗੁਰੂ ਸਾਹਿਬ ਪਾਰ ਕਰ ਰਹੇ ਸਨ ਤਾਂ ਉਥੇ ਉਨ੍ਹਾਂ ਦਾ ਵਿਛੋੜਾ ਪਿਆ। ਭਾਈ ਨੰਦ ਲਾਲ ਜੀ ਕਿਧਰੇ ਵਿਛੜ ਗਏ। ਬਾਅਦ ਵਿਚ ਇਹ ਪਤਾ ਚੱਲਿਆ ਕਿ 1707 ਈ. ਵਿਚ

---

37 ਡਾ. ਗੰਡਾ ਸਿੰਘ, *ਕੁੱਲੀਯਾਤ ਭਾਈ ਨੰਦ ਲਾਲ ਗੋਯਾ*, ਪੰਨਾ 21.

38 ਪੰਜਾਬੀ ਜ਼ੁਬਾਨ ਵਿਚ ਲੰਗਰ ਉਸ ਖਾਣੇ ਨੂੰ ਆਖਦੇ ਹਨ ਜਿਸਦਾ ਕੋਈ ਪੈਸਾ ਨਾ ਦੇਣਾ ਪਵੇ।

39 ਪ੍ਰੋ. ਪਿਆਰਾ ਸਿੰਘ ਪਦਮ, ਕਲਾਮ ਭਾਈ ਨੰਦ ਲਾਲ ਗੋਯਾ, ਪੰਨਾ 8.

ਭਾਈ ਨੰਦ ਲਾਲ ਜੀ ਆਪਣੇ ਪੁਰਾਣੇ ਮਾਲਿਕ ਬਹਾਦੁਰ ਸ਼ਾਹ ਕੋਲ ਚਲੇ ਗਏ ਸਨ। ਉਹ ਉਸ ਸਮੇਂ ਦਿੱਲੀ ਦੇ ਤਖਤ ਤੇ ਬਿਰਾਜਮਾਨ ਸੀ। ਇਹ ਵੀ ਪਤਾ ਚੱਲਦਾ ਹੈ ਕਿ ਜਦੋਂ ਬਹਾਦੁਰ ਸ਼ਾਹ ਦੇ ਭਰਾ ਆਜ਼ਮ ਨੇ ਬਗਾਵਤ ਕੀਤੀ ਤਾਂ ਬਹਾਦੁਰ ਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਚਾਹੁੰਦੇ ਸਨ। ਉਨ੍ਹਾਂ ਦੀ ਮਦਦ ਦੀ ਅਰਜ਼ੀ ਭਾਈ ਨੰਦ ਲਾਲ ਗੋਯਾ ਜੀ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਲੈ ਕੇ ਗਏ ਸਨ।[40] ਇੱਥੇ ਭਾਈ ਨੰਦ ਲਾਲ ਗੋਯਾ ਜੀ ਦੀਆਂ ਰਚਨਾਵਾਂ ਬਾਰੇ ਸੰਖੇਪ ਵਿਚ ਦੇਣਾ ਉਚਿਤ ਹੋਵੇਗਾ ਕਿਉਂਕਿ ਉਨ੍ਹਾਂ ਦੀਆਂ ਰਚਨਾਵਾਂ ਤੋਂ ਇਹ ਪਤਾ ਚੱਲਦਾ ਹੈ ਕਿ 1710 ਈ. ਤੱਕ ਆਪ ਬਾਦਸ਼ਾਹ ਬਹਾਦੁਰ ਸ਼ਾਹ ਨਾਲ ਹੀ ਰਹੇ ਸਨ ਅਤੇ ਬਾਅਦ ਵਿਚ ਆਪ ਬਾਦਸ਼ਾਹ ਦੇ ਚਲਾਣੇ ਪਿਛੋਂ ਜਾਂ ਥੋੜ੍ਹਾ ਸਮਾਂ ਪਹਿਲਾਂ 1712 ਈ. ਵਿਚ ਮੁਲਤਾਨ ਆ ਗਏ ਸਨ।[41] ਉਨ੍ਹਾਂ ਨੇ ਮੁਲਤਾਨ ਆ ਕੇ ਆਮ ਲੋਕਾਂ ਦੀ ਸੇਵਾ ਕੀਤੀ, ਇਕ ਪਾਠਸ਼ਾਲਾ ਖੋਲ੍ਹ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਇਹ ਪਾਠਸ਼ਾਲਾ ਅੰਗਰੇਜ਼ਾਂ ਦੇ ਰਾਜ ਕਾਇਮ ਹੋਣ ਤੱਕ ਚੱਲਦੀ ਰਹੀ। ਭਾਈ ਨੰਦ ਲਾਲ ਜੀ ਨੇ ਆਪਣਾ ਬਾਕੀ ਦਾ ਸਾਰਾ ਜੀਵਨ ਇੱਥੇ ਹੀ ਬਿਤਾਇਆ। ਮਹਾਨ ਕੋਸ਼ ਦੇ ਰਚੇਤਾ ਨੇ ਆਪ ਦਾ ਦੇਹਾਂਤ (ਮੌਤ) 1705 ਈ. ਦੱਸੀ ਹੈ;[42] ਪਰ ਨਵੀਂ ਖੋਜ ਮੁਤਾਬਕ ਉਨ੍ਹਾਂ ਦਾ ਦੇਹਾਂਤ 1713 ਈ. ਤੋਂ ਬਾਅਦ ਹੋਇਆ, ਇਹ ਦੱਸਿਆ ਗਿਆ ਹੈ।[43]

ਜਿਵੇਂ ਕਿ ਅਸੀਂ ਪਹਿਲਾਂ ਲਿਖ ਚੁੱਕੇ ਹਾਂ ਕਿ ਭਾਈ ਨੰਦ ਲਾਲ ਜੀ ਨੇ ਬਹੁਤ ਸਾਰੀਆਂ ਰਚਨਾਵਾਂ ਲਿਖੀਆਂ, ਪਰ ਸਿੱਖ ਧਰਮ ਦੀ ਸਿੱਖਿਆ ਦੇ ਪ੍ਰਭਾਵ ਹੇਠ ਆ ਕੇ ਜਿਹੜੀਆਂ ਰਚਨਾਵਾਂ ਲਿਖੀਆਂ ਉਹ ਡਾ. ਗੰਡਾ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਵੀਰ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ ਦੇ ਅਨੁਸਾਰ ਕੁੱਲ 11 ਹਨ। ਇਨ੍ਹਾਂ ਦੇ ਨਾਂ ਇੱਥੇ ਅਸੀਂ ਦੇ ਰਹੇ ਹਾਂ: (i) ਜ਼ਿੰਦਗੀਨਾਮਾ (ਫਾਰਸੀ), (ii) ਗਜ਼ਲੀਆਤ (ਫਾਰਸੀ), (iii) ਤੌਸ਼ੀਫ-ਓ-ਸਨਾ ਅਤੇ ਖਾਤਿਮ (ਫਾਰਸੀ), (iv) ਗੰਜ ਨਾਮਾ (ਫਾਰਸੀ), (v) ਜੋਤ ਬਿਗਾਸ (ਫਾਰਸੀ ਕਵਿਤਾ), (vi) ਜੋਤ ਬਿਗਾਸ (ਪੰਜਾਬੀ ਕਵਿਤਾ), (vii) ਰਹਿਤ ਨਾਮਾ (ਪੰਜਾਬੀ ਕਵਿਤਾ), (viii) ਤਨਖਾਹ ਨਾਮਾ (ਪੰਜਾਬੀ ਕਵਿਤਾ), (ix) ਦਸਤੂਰੁਲ ਇਨਸ਼ਾ (ਫਾਰਸੀ ਵਾਰਤਕ), (x) ਅਰਜ਼ੁਲ ਅਲਫਾਜ਼ (ਫਾਰਸੀ ਕਵਿਤਾ), (xi) ਸਾਖੀ ਰਹਿਤ ਕੀ (ਪੰਜਾਬੀ) (ਰਹਿਤਨਾਮਾ, ਸਮਸ਼ੇਰ ਸਿੰਘ ਅਸ਼ੋਕ)।

**ਗੁਰੂ ਪ੍ਰਤੀ ਮੁਹੱਬਤ ਅਤੇ ਸ਼ਰਧਾ:** ਆਨੰਦਪਰ ਵਿਚ ਭਾਈ ਨੰਦ ਲਾਲ ਦੇ ਰਹਿਣ ਦੌਰਾਨ ਆਲਿਮਾਂ, ਫਾਜ਼ਿਲਾਂ ਅਤੇ ਸ਼ਾਇਰਾਂ ਦੀ ਬਹੁਤ ਜ਼ਿਆਦਾ ਗਿਣਤੀ ਉਥੇ ਮੌਜੂਦ ਸੀ ਜਿਨ੍ਹਾਂ ’ਤੇ ਗੁਰੂ

---

40 ਡਾ. ਗੰਡਾ ਸਿੰਘ, ਉਹੀ, ਪੰਨਾ 10.
41 ਉਹੀ, ਪੰਨਾ 13.
42 ਮਹਾਨ ਕੋਸ਼, ਪੰਨਾ 542.
43 ਪ੍ਰੋ. ਪਿਆਰਾ ਸਿੰਘ ਪਦਮ, ਉਹੀ, ਪੰਨਾ 10.

ਸਾਹਿਬ ਦੀ ਬੰਦਾ ਪਰਵਰੀ, ਕਦਰਦਾਨੀ ਅਤੇ ਮਿਹਰਬਾਨੀ ਸੀ, ਪਰ ਜਿਹੜਾ ਪਿਆਰ ਮੁਹੱਬਤ ਭਾਈ ਨੰਦ ਲਾਲ ਦੇ ਦਿਲ ਵਿਚ ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਅਤੇ ਸਿੱਖ ਧਰਮ ਦੀ ਰੂਹਾਨੀ ਤਾਲੀਮ ਤੋਂ ਪੈਦਾ ਹੋਈ ਮਾਲੂਮ ਹੁੰਦਾ ਹੈ ਕਿ ਉਹ ਬਹੁਤ ਘੱਟ ਸ਼ਾਇਰਾਂ ਅਤੇ ਵਿਦਵਾਨਾਂ ਨੂੰ ਨਸੀਬ ਹੋਇਆ ਸੀ। ਇਸ ਗੱਲ ਦਾ ਜਿਉਂਦਾ ਜਾਗਦਾ ਸਬੂਤ ਉਨ੍ਹਾਂ ਦੀਆਂ ਲਿਖਤਾਂ ਹਨ ਜਿਹੜੀਆਂ, ਮੌਜੂਦ ਹਨ। ਗੁਰੂ ਸਾਹਿਬ ਜੀ ਦੀ ਆਪ ਤੇ ਵਿਸ਼ੇਸ਼ ਮਿਹਰ ਸੀ, ਇਹੋ ਕਾਰਨ ਸੀ ਕਿ ਉਨ੍ਹਾਂ ਦੀ ਇਨ੍ਹਾਂ ਲਗਭਗ ਸਾਰੀ ਲਿਖਤਾਂ ਵਿਚ ਗੁਰੂ ਸਾਹਿਬ ਦੀ ਕੇਵਲ ਸ਼ਖਸੀਅਤ ਦਾ ਹੀ ਵਰਣਨ ਨਹੀਂ ਮਿਲਦਾ, ਸਗੋਂ ਉਨ੍ਹਾਂ ਰਾਹੀਂ ਦਿੱਤੀਆਂ ਗਈਆਂ ਕੁਰਬਾਨੀਆਂ ਅਤੇ ਉਨ੍ਹਾਂ ਦੀ ਸੋਚ ਅਤੇ ਦਰਸ਼ਨ ਸ਼ਾਸਤਰ ਦਾ ਵੀ ਪੂਰਾ ਗਿਆਨ ਮਿਲਦਾ ਹੈ।

**ਭਾਈ ਨੰਦ ਲਾਲ ਗੋਯਾ ਦੇ ਕਲਾਮ ਦਾ ਮਰਤਬਾ:** ਭਾਈ ਨੰਦ ਲਾਲ ਦੇ ਕਲਾਮ ਦੀ ਅਕਸਰ ਦਰਬਾਰ ਵਿਚ ਚਰਚਾ ਹੁੰਦੀ ਰਹਿੰਦੀ ਸੀ। ਹੁਣ ਵੀ ਗੁਰਦੁਆਰਿਆਂ ਵਿਚ ਵਿਸ਼ੇਸ਼ ਤੌਰ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰਬਾਣੀ ਅਤੇ ਭਾਈ ਗੁਰਦਾਸ ਦੇ ਕਲਾਮ ਤੋਂ ਇਲਾਵਾ ਸਿਰਫ ਭਾਈ ਨੰਦ ਲਾਲ ਗੋਯਾ ਦੇ ਸ਼ੇਅਰਾਂ ਸੰਬੰਧੀ ਕੀਰਤਨ ਦੀ ਆਗਿਆ ਹੈ। ਸਿੱਖ ਜਗਤ ਵਿਚ ਇਹ ਵਿਸ਼ੇਸ਼ ਸਨਮਾਨ ਮੰਨਿਆ ਗਿਆ ਹੈ ਜਿਹੜਾ ਭਾਈ ਨੰਦ ਲਾਲ ਗੋਯਾ ਨੂੰ ਹੀ ਗੁਰੂ ਘਰ ਤੋਂ ਪ੍ਰਾਪਤ ਹੋਇਆ ਸੀ।

**ਆਨੰਦਪੁਰ ਤੋਂ ਪ੍ਰਵਾਸ:** ਭਾਈ ਨੰਦ ਲਾਲ ਗੋਯਾ ਦਸੰਬਰ, 1704 ਈ. ਤੱਕ ਗੁਰੂ ਸਾਹਿਬ ਦੇ ਕੋਲ ਆਨੰਦਪੁਰ ਸਾਹਿਬ ਵਿਖੇ ਰਹੇ। ਜਦੋਂ ਆਨੰਦਪੁਰ ਸਾਹਿਬ ਦੀ ਵੱਡੀ ਲੜਾਈ ਸ਼ੁਰੂ ਹੋਈ ਤਾਂ ਗੁਰੂ ਸਾਹਿਬ ਨੇ ਸਾਰੇ ਸ਼ਾਇਰਾਂ ਅਤੇ ਅਦੀਬਾਂ ਨੂੰ ਬਹੁਤ ਸਾਰੇ ਇਨਾਮ ਦੇ ਕੇ ਇਹ ਕਿਹਾ ਕਿ ''ਹੁਣ ਇਕ ਜ਼ਬਰਦਸਤ ਲੜਾਈ ਹੋਣ ਵਾਲੀ ਹੈ। ਤੁਹਾਡੀਆਂ ਜ਼ਿੰਦਗੀਆਂ ਬਹੁਤ ਕੀਮਤੀ ਹਨ। ਇਸ ਲਈ ਤੁਸੀਂ ਅਜਿਹਾ ਸਮਾਂ ਆਉਣ ਤੋਂ ਪਹਿਲਾਂ ਇਥੋਂ ਚਲੇ ਜਾਓ, ਇਹੋ ਚੰਗਾ ਹੋਵੇਗਾ।''[44] ਇਸ ਤਰ੍ਹਾਂ ਪਿਆਰ ਅਤੇ ਮੁਹੱਬਤ ਦੇ ਨਾਲ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਵਿਦਾ ਕੀਤਾ। ਆਨੰਦਪੁਰ ਦੇ ਸਾਰੇ ਸ਼ਾਇਰ, ਆਦੀਬ ਇੱਧਰ-ਉਧਰ ਚਲੇ ਗਏ। ਸਰਸਾ ਨਦੀ ਦੇ ਕਿਨਾਰੇ ਗੁਰੂ ਸਾਹਿਬ ਦੇ ਪਰਿਵਾਰ ਦੇ ਮੈਂਬਰ ਅਤੇ ਭਾਈ ਨੰਦ ਲਾਲ ਗੋਯਾ ਗੁਰੂ ਸਾਹਿਬ ਤੋਂ ਵਿਛੜ ਗਏ ਅਤੇ ਉਹ ਕੇਵਲ ਵੱਖਰੇ ਹੀ ਨਹੀਂ ਸਗੋਂ ਉਸ ਪਿਛੋਂ ਉਹ ਕਦੇ ਵੀ ਫਿਰ ਇਕੱਠੇ ਨਹੀਂ ਹੋ ਸਕੇ।

**ਆਨੰਦਪੁਰ ਤੋਂ ਬਾਅਦ ਦਾ ਜੀਵਨ:** ਭਾਈ ਨੰਦ ਲਾਲ ਗੋਯਾ 1705-06 ਈ. ਵਿਚ ਕਿੱਥੇ ਰਹੇ, ਇਸ ਬਾਰੇ ਕੁਝ ਪਤਾ ਨਹੀਂ ਚਲਦਾ। ਹਾਂ, ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਜੋ ਜੀਵਨ 1707 ਈ. ਵਿਚ ਸ਼ੁਰੂ ਹੋਇਆ, ਉਹ ਆਫਤ ਭਰਿਆ ਸੀ ਅਤੇ ਹੁਣ ਉਹ ਆਪ ਨਵੇਂ ਸਿਰਿਓਂ

---

44 ਭਾਈ ਵੀਰ ਸਿੰਘ, ਗੁਰੂ ਗੋਬਿੰਦ ਸਿੰਘ ਦਾ ਕੱਦ ਜਾਂ ਦਰਬਾਰ, ਪੰਨੇ 11-12.

ਬਾਦਸ਼ਾਹ ਬਹਾਦੁਰ ਸ਼ਾਹ ਜ਼ਫਰ ਦੇ ਕੋਲ ਪਹੁੰਚ ਗਏ। ਬਹਾਦੁਰ ਸ਼ਾਹ ਜ਼ਫਰ ਦਾ ਭਾਈ ਸ਼ਹਿਜ਼ਾਦਾ ਆਜ਼ਮ ਤਖਤੋਤਾਜ਼ ਦਾ ਦਾਅਵਾ ਕਰਕੇ ਦੱਖਣ ਵਲੋਂ ਇਕ ਫੌਜ ਦੇ ਨਾਲ ਦਿੱਲੀ ਵੱਲ ਰਵਾਨਾ ਹੋਇਆ। ਭਾਈ ਨੰਦ ਲਾਲ ਗੋਯਾ ਬਾਦਸ਼ਾਹ ਬਹਾਦੁਰ ਸ਼ਾਹ ਜ਼ਫਰ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਲਈ ਉਨ੍ਹਾਂ ਦੀ ਸੇਵਾ 'ਚ ਹਾਜ਼ਿਰ ਹੋਇਆ। ਗੁਰੂ ਗੋਬਿੰਦ ਸਿੰਘ ਬਾਦਸ਼ਾਹ ਬਹਾਦੁਰ ਸ਼ਾਹ ਜ਼ਫਰ ਤੋਂ ਉਸਦੇ ਪਿਤਾ ਔਰੰਗਜ਼ੇਬ ਦੇ ਜ਼ੁਲਮਾਂ ਦਾ ਬਦਲਾ ਲੈਣ ਦੀ ਬਜਾਏ, ਉਸਦੇ ਤਖਤ ਖੋਹੇ ਜਾਣ ਤੋਂ ਬਾਅਦ ਉਸ ਦੀ ਮਦਦ ਵਜੋਂ 200-300 ਸੂਰਬੀਰ ਅਤੇ ਬਹਾਦਰ ਸਿਪਾਹੀ ਭੇਜ ਦਿੱਤੇ। ਇਸ ਤਰ੍ਹਾਂ ਬਾਦਸ਼ਾਹ ਬਹਾਦੁਰ ਸ਼ਾਹ ਜ਼ਫਰ ਨੇ ਫਤਿਹ ਪਾਈ। ਤਖਤ-ਏ-ਮੁਗਲੀਆ ਵਿਚ ਫਿਰ ਤੋਂ ਰੌਣਕ ਆ ਗਈ। ਦੱਖਣ ਵਲੋਂ ਵਾਰਿਸ ਸ਼ਾਹ ਦੇ ਭਰਾ ਕਾਮ ਬਖਸ਼ ਦੀ ਬਗਾਵਤ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ। ਇਸ ਲਈ ਬਾਦਸ਼ਾਹ ਬਹਾਦੁਰ ਸ਼ਾਹ ਜ਼ਫਰ ਨੂੰ ਇਸ ਵੱਲ ਫੌਰੀ ਪਰਤਣਾ ਪਿਆ। ਉਸ ਵੇਲੇ ਤੱਕ ਗੁਰੂ ਸਾਹਿਬ ਅਤੇ ਬਹਾਦੁਰ ਸ਼ਾਹ ਜ਼ਫਰ ਦੇ ਵਿਚਕਾਰ ਚੱਲ ਰਹੀ ਗੱਲਬਾਤ ਦਾ ਕੋਈ ਫੈਸਲਾਕੁਨ ਸਿੱਟਾ ਨਹੀਂ ਨਿਕਲਿਆ। ਇਸ ਲਈ ਗੁਰੂ ਸਾਹਿਬ ਜੀ ਬਾਦਸ਼ਾਹ ਦੇ ਨਾਲ ਦੱਖਣ ਵੱਲ ਤੁਰ ਪਏ, ਪਰ ਸਾਨੂੰ ਨੰਦ ਲਾਲ ਗੋਯਾ ਦੇ ਸੰਬੰਧ ਵਿਚ ਕੁਝ ਵੀ ਪਤਾ ਨਹੀਂ ਚੱਲਦਾ ਕਿ ਉਹ ਹੁਣ ਕਿੱਥੇ ਚਲੇ ਗਏ ਸਨ।

ਜਦੋਂ ਸ਼ਾਹੀ ਕੈਂਪ ਸਤੰਬਰ 1708 ਈ. ਦੇ ਮਹੀਨੇ ਦੇ ਸ਼ੁਰੂ ਵਿਚ ਨੰਦੇੜ ਦੇ ਮੁਕਾਮ ਤੇ ਪਹੁੰਚਿਆ ਤਾਂ ਗੁਰੂ ਸਾਹਿਬ ਮੌਕਾ ਪਾ ਕੇ ਮਾਧੋ ਸ਼ਾਹ ਦੇ ਡੇਰੇ 'ਚ ਚਲੇ ਗਏ। ਉਨ੍ਹਾਂ ਦੇ ਸਾਥੀਆਂ ਨੇ ਡੇਰੇ ਦੇ ਨਾਲ ਨੇੜੇ ਖੁੱਲ੍ਹੀ ਥਾਂ ਗੌਸ਼ਤ (ਮਾਸ) ਪਕਾਉਣਾ ਸ਼ੁਰੂ ਕੀਤਾ। ਮਾਧੋ ਦਾਸ ਦੇ ਡੇਰੇ ਵਾਲਿਆਂ ਅਤੇ ਨੰਦੇੜ ਦੇ ਹਿੰਦੂਆਂ ਨੇ ਇਸ ਗੱਲ ਦੀ ਸ਼ਿਕਾਇਤ ਬਾਦਸ਼ਾਹ-ਏ-ਵਕਤ ਕੋਲ ਕੀਤੀ ਅਤੇ ਬਾਦਸ਼ਾਹ ਨੇ ਮੌਕੇ ਤੇ ਜਾ ਕੇ ਹਾਲਾਤ ਦਾ ਜਾਇਜ਼ਾ ਲਿਆ ਤਾਂ ਉਥੇ ਕੁੱਝ ਵੀ ਨਾ ਹੋਣ ਕਰਕੇ ਸ਼ਿਕਾਇਤ ਕਰਨ ਵਾਲਿਆਂ ਨੂੰ ਸ਼ਰਮਿੰਦਾ ਹੋਣਾ ਪਿਆ। ਇਸ ਗੱਲ ਦਾ ਜ਼ਿਕਰ ਕਰਦਿਆਂ ਢਾਡੀ ਨੱਥੂ ਮੱਲ ਆਪਣੀ ਸਮਕਾਲੀ ਰਚਨਾ *ਅਮਰਨਾਮਾ* ਵਿਚ ਭਾਈ ਨੰਦ ਲਾਲ ਦੀ ਬਾਦਸ਼ਾਹ ਦੇ ਨਾਲ ਮੁਲਾਕਾਤ ਅਤੇ ਮੌਜੂਦਗੀ ਦੇ ਸੰਬੰਧ ਵਿਚ ਲਿਖਦਾ ਹੈ। ਹਿੰਦੂਆਂ ਨੇ ਜਦੋਂ ਬੰਦੇ ਵੱਲ ਨਿਗਾਹ ਕੀਤੀ ਤਾਂ ਉਨ੍ਹਾਂ ਨੇ ਬਾਦਸ਼ਾਹ-ਏ-ਵਕਤ ਕੋਲ ਸ਼ਿਕਾਇਤ ਕੀਤੀ। ਸਾਰੇ ਮਾਲਦਾਰਾਂ, ਅਮੀਰਾਂ ਅਤੇ ਕਰੀਬੀਆਂ ਨੇ ਬਾਦਸ਼ਾਹ ਦੇ ਅੱਗੇ ਆ ਕੇ ਆਵਾਜ਼ ਦਿੱਤੀ ਕਿ ਗੁਰੂ ਸਾਹਿਬ ਨੇ ਬਾਦਸ਼ਾਹ ਦੇ ਸਾਹਮਣੇ ਆ ਕੇ ਕਿਹਾ ਸੀ ਕਿ ਹਿੰਦੂਆਂ ਨੂੰ ਨਾ ਮਾਰੋ, ਅਸੀਂ ਤੁਹਾਡੇ ਤੋਂ ਮਦਦ ਚਾਹੁੰਦੇ ਹਾਂ। ਅਸੀਂ ਸਾਰੇ ਨਿਹੱਥੇ ਖੜੇ ਹਾਂ ਅਤੇ ਤਬਾਹ ਹੋ ਜਾਵਾਂਗੇ। ਨਾਲ ਹੀ ਉਨ੍ਹਾਂ ਨੇ ਆਪਣੇ ਦੁੱਖਾਂ ਤੇ ਤਕਲੀਫਾਂ ਦੀ ਕਹਾਣੀ ਵੀ ਸੁਣਾਈ। ਹੁਣ ਬਾਦਸ਼ਾਹ ਨੇ ਉਨ੍ਹਾਂ ਬਾਰੇ ਸੋਚਿਆ।[45] ਉਪਰੋਕਤ

---

[45] ਅਮਰਨਾਮਾ ਸੰਪਾਦਕ ਗੰਡਾ ਸਿੰਘ, ਪੰਨਾ 45.

ਰਚਨਾ ਤੋਂ ਪਤਾ ਚੱਲਦਾ ਹੈ ਕਿ ਭਾਈ ਨੰਦ ਲਾਲ ਗੋਯਾ ਉਸ ਵੇਲੇ ਬਹਾਦੁਰ ਸ਼ਾਹ ਦੇ ਇਕ ਨੇੜੇ ਦੇ ਸਾਥੀ ਹੋਣ ਦੀ ਸੂਰਤ ਵਿਚ ਉਸ ਦੇ ਸ਼ਾਹੀ ਲਸ਼ਕਰ ਵਿਚ ਮੌਜੂਦ ਸਨ।

ਡਾ. ਗੰਡਾ ਸਿੰਘ, ਲਾਲਾ ਪਰਮਾਨੰਦ ਇਸ ਸੰਬੰਧੀ ਮਜ਼ਮੂਨ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ, ''ਕਿਉਂਕਿ ਭਾਈ ਸਾਹਿਬ ਦੇ ਉਪਰੋਕਤ ਖਤ ਦਸਤੂਰੁਲ ਇਨਸ਼ਾ ਵਿਚ ਫਰੁੱਖਸ਼ੀਯਰ ਦੇ ਤਖਤ ਤੋਂ ਉਤਰਨ ਦਾ ਜ਼ਿਕਰ ਮਿਲਦਾ ਹੈ, ਇਸ ਲਈ ਇਹ ਗੱਲ ਬਗੈਰ ਸ਼ੱਕ ਤੋਂ ਕਹੀ ਜਾ ਸਕਦੀ ਹੈ ਕਿ ਆਪ 1713 ਈ. ਤੱਕ ਜ਼ਿੰਦਾ ਸਨ। ਪਰ ਆਪ ਦੱਖਣ ਤੋਂ ਕਦੋਂ ਅਤੇ ਕਿਹੜੇ ਹਾਲਾਤ ਵਿਚ ਆਪਣੇ ਘਰ ਮੁਲਤਾਨ ਪਹੁੰਚੇ, ਭਰੋਸੇਯੋਗ ਇਤਿਹਾਸਕਾਰ ਦਸਤਾਵੇਜ਼ਾਂ ਦੀ ਗੈਰ ਹਾਜ਼ਰੀ ਵਿਚ ਇਹ ਗੱਲ ਸੱਚਾਈ ਨਾਲ ਨਹੀਂ ਕਹੀ ਜਾ ਸਕਦੀ ਕਿ ਦੱਖਣ ਦੀ ਲੜਾਈ ਤੋਂ ਵਾਪਸੀ ਤੇ ਬਹਾਦੁਰ ਸ਼ਾਹ ਨੂੰ ਅਜਮੇਰ ਦੇ ਨਜ਼ਦੀਕ ਪੰਜਾਬ ਵਿਚ ਬੰਦਾ ਸਿੰਘ ਬਹਾਦੁਰ ਦੀਆਂ ਜਿੱਤਾਂ ਦੀਆਂ ਖਬਰਾਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ। ਜਦੋਂ ਬਾਦਸ਼ਾਹ ਸਿੱਧਾ ਪੰਜਾਬ ਵੱਲ ਆਇਆ ਤਾਂ ਭਾਈ ਨੰਦ ਲਾਲ (1710 ਈ) ਸ਼ਾਹੀ ਸੈਨਾ ਦੇ ਕੈਂਪ ਨਾਲ ਹੀ ਸਨ। ਬਾਦਸ਼ਾਹ ਦੀ ਮੌਤ ਤੋਂ ਬਾਅਦ ਜਾਂ ਕੁਝ ਚਿਰ ਪਹਿਲਾਂ 1712 ਈ. ਵਿਚ ਉਹ ਮੁਲਤਾਨ ਚਲੇ ਗਏ ਅਤੇ ਉਥੇ ਹੀ ਰੱਬ ਨੂੰ ਪਿਆਰੇ ਹੋ ਗਏ।''[46] ਪਰ ਰਾਮ ਦਿਆਲ ਖਾਨਦਾਨੀ ਰਵਾਇਤ ਅਨੁਸਾਰ ਲਿਖਦੇ ਹਨ ਕਿ ਭਾਈ ਨੰਦ ਲਾਲ ਨੇ 72 ਸਾਲ ਦੀ ਉਮਰ ਤੱਕ ਗੁਰੂ ਸਾਹਿਬ ਦੀ ਸੇਵਾ ਕੀਤੀ ਅਤੇ ਗੁਰੂ ਦੇ ਚਰਨਾਂ ਵਿਚ ਆਪਣੇ ਅੰਤਿਮ ਸਾਹ ਲਏ।[47] ਕਿਉਂਕਿ ਭਾਈ ਨੰਦ ਲਾਲ ਦਾ ਜਨਮ ਸਾਲ 1633 ਈ. ਮੰਨਿਆ ਗਿਆ ਹੈ, ਇਸ ਲਈ ਉਪਰੋਕਤ ਰਵਾਇਤ ਅਨੁਸਾਰ ਉਨ੍ਹਾਂ ਨੇ 1715 ਈ. ਵਿਚ ਵਫਾਤ ਪਾਈ। ਜਦੋਂ ਅਮਰਨਾਮਾ ਦੀ ਗਵਾਹੀ ਅਨੁਸਾਰ ਭਾਈ ਸਾਹਿਬ 1708 ਈ. ਵਿਚ ਨੰਦੇੜ ਦੇ ਸਥਾਨ ਤੇ ਬਹਾਦੁਰ ਸ਼ਾਹ ਦੇ ਨਾਲ ਸਨ, ਇਸ ਲਈ ਇਹੋ ਸਹੀ ਸਿੱਧ ਹੁੰਦਾ ਹੈ ਕਿ ਉਹ 1715 ਈ. ਤੱਕ ਜਿਉਂਦੇ ਸਨ।[48]

**ਤਾਲੀਮੀ ਅਦਾਰੇ ਦਾ ਕਾਇਮ ਕਰਨਾ:** ਮੁਲਤਾਨ ਪਹੁੰਚ ਕੇ ਗੋਯਾ ਨੇ ਅਪਣੀ ਜ਼ਿੰਦਗੀ ਦੇ ਆਖਰੀ ਦਿਨ ਰੱਬ ਅਤੇ ਲੋਕਾਂ ਦੀ ਸੇਵਾ ਲਈ ਬਿਤਾਏ। ਮੁਲਤਾਨ ਵਿਖੇ ਇਕ ਤਾਲੀਮੀ ਅਦਾਰਾ ਕਾਇਮ ਕੀਤਾ ਜਿਥੇ ਬਗੈਰ ਕਿਸੇ ਧਰਮ ਦੇ ਮਤਭੇਦ ਅਤੇ ਨਸਲੀ ਵਿਤਕਰੇ ਤੋਂ ਫਾਰਸੀ ਅਰਬੀ ਦੀ ਮੁੱਢਲੀ ਸਿੱਖਿਆ ਤੋਂ ਲੈ ਕੇ ਉਸ ਸਮੇਂ ਦੀ ਪ੍ਰਚੱਲਤ ਸਿੱਖਿਆ ਤੱਕ ਵਧੀਆ ਤੋਂ ਵਧੀਆ ਤਾਲੀਮ ਦੇਣ ਦਾ ਉਪਰਾਲਾ ਕੀਤਾ ਗਿਆ। ਆਪ ਮੁੱਖ ਅਧਿਆਪਕ ਦੇ ਤੌਰ ਤੇ ਸੇਵਾਵਾਂ ਨਿਭਾਉਂਦੇ ਰਹੇ। ਬੜੇ ਚਾਅ ਨਾਲ ਹਰੇਕ ਧਰਮ ਦੇ ਲੋਕ ਦੀਨੀ ਅਤੇ ਸੰਸਾਰਕ ਸਿੱਖਿਆ ਗ੍ਰਹਿਣ ਕਰ ਆਪਣੇ ਜੀਵਨ

46 ਡਾ. ਗੰਡਾ ਸਿੰਘ, ਕੁੱਲੀਯਾਤ ਭਾਈ ਨੰਦ ਲਾਲ ਗੋਯਾ, ਪੰਨਾ 25.

47 ਭਾਈ ਰਾਮ ਦਿਆਲ, ਦ ਲਾਇਫ ਆਫ ਭਾਈ ਨੰਦ ਲਾਲ ਗੋਯਾ, ਪੰਨਾ 20

48 ਹਰੀ ਰਾਮ ਗੁਪਤਾ, ਹਿਸਟਰੀ ਆਫ ਸਿੱਖ, ਪੰਨਾ 285.

ਦੀਆਂ ਮੰਜ਼ਿਲਾਂ ਤੈਅ ਕਰਦੇ ਰਹੇ। ਡਾ. ਗੰਡਾ ਸਿੰਘ ਨੇ ਲਾਲਾ ਪਰਮਾਨੰਦ ਦੇ ਮਜ਼ਮੂਨ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ[49] ਕਿ ਇਸ ਤਾਲੀਮੀ ਅਦਾਰੇ ਦਾ ਕੰਮ ਆਪ ਦੀ ਜ਼ਿੰਦਗੀ ਤੋਂ ਬਾਅਦ ਜਾਰੀ ਰਿਹਾ ਅਤੇ ਆਪ ਦੀ ਔਲਾਦ 1849 ਈ. ਵਿਚ ਮੁਲਤਾਨ ਵਿਖੇ ਅੰਗਰੇਜ਼ੀ ਅਮਲਦਾਰੀ ਹੋ ਜਾਣ ਤੋਂ ਕਾਫੀ ਸਮੇਂ ਬਾਅਦ ਉਸ ਦੀ ਸਰਪ੍ਰਸਤੀ ਕਰਦੀ ਰਹੀ। 20ਵੀਂ ਸਦੀ ਦੇ ਮੁੱਢ ਤੱਕ ਕਿੰਨੇ ਸਫੈਦ ਕੱਪੜਿਆਂ ਵਾਲੇ ਜਦੋਂ ਇਸ ਅਦਾਰੇ ਕੋਲੋਂ ਲੰਘਦੇ ਤਾਂ ਸਤਿਕਾਰ ਵਜੋਂ ਸੀਸ ਨਿਵਾਉਂਦੇ ਅਤੇ ਆਖਦੇ ਕਿ ਇਸ ਅਦਾਰੇ ਦੇ ਭਾਈ ਜਸਰਾਮ ਤੋਂ ਅਸੀਂ ਵਿੱਦਿਆ ਪ੍ਰਾਪਤ ਕੀਤੀ ਹੈ।

**ਸ਼ਖਸੀਅਤ:** ਭਾਈ ਨੰਦ ਲਾਲ ਗੋਯਾ ਜੀ ਦੀ ਸ਼ਖਸੀਅਤ ਬਹੁਤ ਸਾਰੀਆਂ ਸਿਫਤਾਂ ਭਰੀ ਸੀ। ਇਨ੍ਹਾਂ ਦਾ ਕਲਾਮ ਅਤੇ ਬਿਆਨ ਆਪਣੀ ਮਿਸਾਲ ਆਪ ਸੀ। ਇਨ੍ਹਾਂ ਅਰਕਾਂ ਦੇ ਬਾਗ ਵਿਚ ਅਜਿਹੇ ਸੁਹਾਵਣੇ ਫੁੱਲ ਉਗਾਏ ਸਨ ਜਿਨ੍ਹਾਂ ਨੂੰ ਪੱਤਝੜ ਦਾ ਡਰ ਨਹੀਂ ਸੀ, ਸਗੋਂ ਸਦਾ ਬਾਹਾਰ ਫੁੱਲ ਸਨ। ਸ਼ਾਇਰੀ ਦੇ ਬਾਗ ਵਿਚ ਆਬ-ਏ-ਹਯਾਤ ਦੇ ਚਸ਼ਮੇ ਬਹਾ ਦਿੱਤੇ ਸਨ। ਆਪ ਦਾ ਕਲਾਮ ਅਤੇ ਆਲਿਮ ਫਾਜ਼ਿਲ ਸੀ। ਗੁਰੂ ਗੋਬਿੰਦ ਸਾਹਿਬ ਦੀ ਬੇਪਨਾਹ ਮੁਹੱਬਤ ਉਨ੍ਹਾਂ ਨਾਲ ਸੀ। ਉਨ੍ਹਾਂ ਹਰੇਕ ਲਫਜ਼ ਮੁਰਸ਼ਦੇ ਕਾਮਿਲ ਦੀ ਮੁਹੱਬਤ, ਸ਼ਰਧਾ ਅਤੇ ਪਿਆਰ ਦਾ ਸਬੂਤ ਸੀ। ਹਰ ਸ਼ੇਅਰ ਦਿਲੋਂ ਝਲਕ ਰਿਹਾ ਸੀ।

ਜਿੱਥੇ ਸ਼ੇਅਰਾਂ ਵਿਚ ਆਪ ਨੇ ਕਮਾਲ ਲਿਖਿਆ, ਉਥੇ ਕੁਦਰਤ ਨੇ ਆਪ ਨੂੰ ਨਰਮ ਸੁਭਾਅ, ਸੱਚਾਈ, ਸਾਦਗੀ ਅਤੇ ਸਮਝ ਦੀ ਦੌਲਤ ਨਾਲ ਮਾਲਾ-ਮਾਲ ਕੀਤਾ ਸੀ। ਬੰਦਗੀ ਅਤੇ ਮਾਲਿਕ ਦੀ ਆਗਿਆਕਾਰੀ ਦੀ ਦੌਲਤ ਨਾਲ ਭਰਪੂਰ ਸਨ। ਉਨ੍ਹਾਂ ਦੇ ਮੂੰਹੋਂ ਹੱਕ-ਸੱਚ ਦੀ ਆਵਾਜ਼ ਨਿਕਲਦੀ ਸੀ। ਹਰ ਕੰਮ ਨਫਸ ਦੇ ਵਿਰੁੱਧ ਕਰਨ ਦਾ ਯਤਨ ਕਰਦੇ ਸਨ। ਉਨ੍ਹਾਂ ਨੇ ਆਪਣੇ ਜੀਵਨ ਦੇ ਰਸਤੇ ਵਿਚ ਲੱਖਾਂ ਚਿਰਾਗ ਰੋਸ਼ਨ ਕਰ ਦਿੱਤੇ, ਜਿਨ੍ਹਾਂ ਦੀ ਰੋਸ਼ਨੀ ਹਨੇਰੀ ਵਿਚ ਡੁੱਬੀ ਲੋਕਾਈ ਮੰਜ਼ਿਲ ਤੱਕ ਪਹੁੰਚ ਸਕੀ।

ਭਾਈ ਨੰਦ ਲਾਲ ਗੋਯਾ ਦੇ ਸਦਾਚਾਰ ਅਤੇ ਅਖਲਾਕ ਨਿਵੇਕਲੇ ਸਨ। ਉਹ ਬਹੁਤ ਸਾਰੀਆਂ ਚੰਗੀਆਂ ਖੂਬੀਆਂ ਦੇ ਮਾਲਕ ਸਨ। ਇਸੇ ਕਰਕੇ ਹਰੇਕ ਧਰਮ ਦੇ ਲੋਕ ਆਪ ਨੂੰ ਪਸੰਦ ਕਰਦੇ ਹਨ। ਆਪ ਰੱਬ ਨੂੰ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਮਿਟਾਉਣ ਲਈ ਵੀ ਤਿਆਰ ਹਨ। ਮੁਕੰਮਲ ਉਸਤਾਦ ਦੀ ਨਜ਼ਰ ਨੇ ਇਨ੍ਹਾਂ ਨੂੰ ਹਰ ਖੇਤਰ ਵਿਚ ਕਾਮਯਾਬੀ ਨਾਲ ਨਿਵਾਜਿਆ। ਉਨ੍ਹਾਂ ਵਿਚ ਨਿਮਰਤਾ ਅਤੇ ਨਿਮਾਣਾਪਣ ਵੀ ਸੀ, ਉਹ ਖੁਦ ਫਰਮਾਉਂਦੇ ਹਨ ਕਿ ''ਮੈਂ ਤਾਂ ਇੱਕ ਮੁੱਠੀ

---

[49] ਡਾ. ਗੰਡਾ ਸਿੰਘ, ਕੁੱਲੀਆਤ ਭਾਈ ਨੰਦ ਲਾਲ ਗੋਯਾ, ਪੰਨਾ 26.

ਭਰ ਖਾਕ ਹਾਂ, ਇਹ ਸਾਰੀ ਦੌਲਤ ਮੇਰੇ ਕਾਮਿਲ ਮੁਰਸ਼ਿਦ ਦੀ ਮਿਹਰਬਾਨੀ ਨਾਲ ਹੀ ਮਿਲੀ ਹੈ।"[50]

## ਭਾਈ ਨੰਦ ਲਾਲ ਗੋਯਾ ਦੀਆਂ ਰਚਨਾਵਾਂ

**ਦੀਵਾਨੇ ਗੋਯਾ:** ਆਪ ਦੀ ਸਭ ਤੋਂ ਵੱਧ ਧਨੀ ਤੇ ਮਸ਼ਹੂਰ ਰਚਨਾ ਦੀਵਾਨੇ ਗੋਯਾ ਹੈ। ਇਸ ਵਿਚ ਸੂਫੀਵਾਦ ਦਾ ਰੰਗ ਝਲਕਦਾ ਹੈ। ਇਹ 63 ਗਜ਼ਲਾਂ ਤੇ ਆਧਾਰਿਤ ਹੈ ਜਿਸ ਵਿਚ ਸ਼ੇਅਰ ਅਤੇ ਸ਼ੇਅਰ ਕਹਿਣ ਦੇ ਬਹੁਤ ਸਾਰੇ ਨੁਕਤੇ ਸਾਂਝੇ ਕੀਤੇ ਸਨ। ਸੂਫੀਵਾਦ ਦਾ ਰੰਗ, ਦਰਦ, ਹਿਕਮਤ, ਮਾਰਫਤ ਨਾਲ ਭਰਪੂਰ ਹੈ। ਲਿਖਣ ਦਾ ਢੰਗ ਬਹੁਤ ਵੱਧੀਆ, ਨਜ਼ਮ ਵਿਚ ਚੁਸਤੀ, ਖਿਆਲਾਂ ਵਿਚ ਉਚਾਈ ਅਤੇ ਖੂਬਸੂਰਤੀ ਹੈ। ਰੂਹਾਨੀ ਅਤੇ ਨਸੀਹਤਾਂ ਦੇ ਦਫ਼ਤਰ ਖੋਲ੍ਹ ਖੋਲ੍ਹ ਕੇ ਬਿਆਨ ਕਰ ਛੱਡੇ ਹਨ।

**ਰੁਬਾਈਆਂ ਤੇ ਗੋਯਾ:** ਗੋਯਾ ਨੇ ਕੁੱਲ 18 ਰੁਬਾਈਆਂ ਲਿਖੀਆਂ ਜੋ ਸੂਫੀਵਾਦ ਅਤੇ ਇਸ਼ਕੇ ਹਕੀਕੀ ਦੇ ਰੰਗ ਵਿਚ ਰੰਗੀਆਂ ਹੋਈਆਂ ਹਨ। ਜ਼ੁਬਾਨ ਅਤੇ ਬਿਆਨ ਬਹੁਤ ਸਾਦਾ ਹੈ। ਇਨ੍ਹਾਂ ਰੁਬਾਈਆਂ ਬਾਰੇ ਅਸੀਂ ਚੌਥੇ ਅਧਿਆਇ ਵਿਚ ਵਿਸਥਾਰ ਵਿਚ ਲਿਖਿਆ ਹੈ।

**ਜ਼ਿੰਦਗੀਨਾਮਾ:** ਜਿਵੇਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਆਪ ਨੇ ਮਸਨਵੀ ਆਨੰਦਪੁਰ ਵਿਖੇ ਲਿਖੀ ਬੰਦਗੀਨਾਮਾ ਨਾਲ ਮਸ਼ਹੂਰ ਹੈ ਅਤੇ ਆਪਣੇ ਕਾਮਿਲ ਮੁਰਸ਼ਿਦ ਗੁਰੂ ਗੋਬਿੰਦ ਸਿੰਘ ਨੂੰ ਭੇਂਟ ਕੀਤੀ ਹੈ, ਜਿਸ ਦੇ ਅਧਿਐਨ ਤੋਂ ਖੁਸ਼ ਹੋ ਕੇ ਇਸਦਾ ਨਾਂ ਗੁਰੂ ਗੋਬਿੰਦ ਸਿੰਘ ਰਾਹੀਂ ਜ਼ਿੰਦਗੀਨਾਮਾ ਰੱਖਿਆ ਗਿਆ। ਇਸ ਦਾ ਮਜ਼ਮੂਨ ਇਸ਼ਕੇ ਇਲਾਹੀ ਅਤੇ ਬੰਦਗੀ-ਏ-ਖੁਦਾ ਹੈ। ਇਸ ਨੂੰ ਰੱਬ ਦੇ ਬੰਦਿਆਂ ਦੀ ਬੈਠਕ ਵਿਚ ਬੈਠਣ ਵਾਲਿਆਂ ਨੇ ਬਹੁਤ ਪਸੰਦ ਕੀਤਾ ਹੈ। ਇਸ ਦਾ ਹਰ ਸ਼ੇਅਰ ਇਲਾਹੀ ਮਾਰਫਤ ਦੀ ਝਲਕ ਹੈ। ਸੂਫੀਵਾਦ ਰੱਬ ਤੱਕ ਪਹੁੰਚਣ ਦਾ ਪਾਕੀਜ਼ਾ ਵਸੀਲਾ ਹੈ ਅਤੇ ਨਸੀਹਤ ਨਾਲ ਭਰਪੂਰ ਹੈ। ਹਰ ਸ਼ੇਅਰ ਰਸਤੇ ਤੇ ਚਿਰਾਗ ਵਾਂਗ ਜਿਹੜੇ ਇਸ ਰਸਤੇ ਤੇ ਚੱਲਣ ਵਾਲਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

**ਜੋਤ ਬਿਗਾਸ:** ਮਸਨਵੀ ਜੋਤ ਬਿਗਾਸ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਜੋਤ ਵਿਚ ਨੂਰੇ ਇਲਾਹੀ ਦਾ ਵਰਣਨ ਦਿੱਤਾ ਹੈ ਅਤੇ ਉਨ੍ਹਾਂ ਦੇ ਵਾਰਿਸ ਗੁਰੂਆਂ ਦਾ ਸਿਲਸਿਲੇਵਾਰ ਜ਼ਿਕਰ ਕੀਤਾ ਗਿਆ ਹੈ। ਜੋਤ ਬਿਗਾਸ ਭਾਈ ਨੰਦ ਲਾਲ ਗੋਯਾ ਦਾ ਇਕ ਪਾਕੀਜ਼ਾ ਗੁਲਦਸਤਾ ਹੈ ਜਿਸ ਵਿਚ ਸ਼ਰਧਾਂਜਲੀਆਂ ਪੇਸ਼ ਕੀਤੀਆਂ ਗਈਆਂ ਹਨ। ਘੱਟ ਸ਼ਬਦਾਂ ਅਤੇ ਨਪੇ ਤੁਲੇ ਲਫਜ਼ਾਂ ਵਿਚ ਬਿਆਨ ਕੀਤਾ ਗਿਆ ਹੈ। ਇਹ ਮਸਨਵੀ ਦੇ ਵਜ਼ਨ ਤੇ ਲਿਖੀ ਹੋਈ ਹੈ ਜਿਸ ਵਿਚ ਕੁਦਰਤੀ ਰਵਾਨੀ ਦੇ ਨਾਲ-ਨਾਲ ਸ਼ਬਦਾਂ ਦਾ ਜੋਸ਼ ਵੀ ਠਾਠਾਂ ਮਾਰਦਾ ਹੈ।

---

[50] ਭਾਈ ਗੰਡਾ ਸਿੰਘ, ਕੁੱਲੀਯਾਤ ਭਾਈ ਨੰਦ ਲਾਲ ਗੋਯਾ, ਪੰਨਾ 103.

**ਗੰਜਨਾਮਾ:** ਗੱਦ ਅਤੇ ਪੱਦ **(Prose and Poetry)** ਨੂੰ ਇਕੱਠਾ ਕਰਨਾ ਹੈ ਜਿਸ ਵਿਚ ਲੇਖਕ ਨੇ ਸਭ ਤੋਂ ਪਹਿਲਾਂ ਨਜ਼ਮ ਵਿਚ ਸਤਿਗੁਰੂ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ। ਫਿਰ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੱਕ ਇਕ ਤੋਂ ਬਾਅਦ ਦੂਜੇ ਨੂੰ ਗੱਦ ਅਤੇ ਪੱਦ ਵਿਚ ਕੇਵਲ ਸਿਫਤ ਸਲਾਹ ਦਿੱਤੀ ਹੈ ਅਤੇ ਆਪਣੇ ਆਪ ਵਿਚ ਇਹ ਸ਼ਰਧਾ ਦਾ ਮਹੱਤਵਪੂਰਣ ਨਮੂਨਾ ਹੈ।

**ਅਰਜ਼ੁਲ ਅਲਫਾਜ਼:** ਮਸਨਵੀ ਅਰਜ਼ੁਲ ਅਲਫਾਜ਼ ਵਿਚ ਭਾਈ ਨੰਦ ਲਾਲ ਗੋਯਾ ਨੇ ਫਾਰਸੀ ਅਤੇ ਅਰਬੀ ਲਫਜ਼ਾਂ ਦੀਆਂ ਤਰਕੀਬਾਂ ਅਤੇ ਇਕ ਬਹੁਤ ਵੱਡਾ ਖਜ਼ਾਨਾ ਦਿੱਤਾ ਹੈ। ਬਹੁਵਚਨ ਤੋਂ ਬਹੁਵਚਨ ਲਫਜਾਂ ਨੂੰ ਨਿਵੇਕਲੇ ਢੰਗ ਨਾਲ ਤਰਤੀਬ ਦੇ ਰਾਹੀਂ ਰੱਬ ਦੀ ਵਡਿਆਈ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜਿਹੜੇ ਆਸ਼ਿਕਾਂ ਦੇ ਮੁਰਸ਼ਿਦ ਆਖੇ ਜਾਂਦੇ ਹਨ, ਦੀ ਵੀ ਤਾਰੀਫ ਕੀਤੀ ਗਈ ਹੈ। ਨਫਜ਼ ਅਤੇ ਰੂਹ, ਤਾਰਿਆਂ ਦਾ ਇਲਮ ਅਤੇ ਸੱਤੇ ਅਸਮਾਨਾਂ ਦੇ ਮਜ਼ਮੂਨ ਨੂੰ ਵੀ ਉਘਾੜਿਆ ਗਿਆ ਹੈ। ਦੀਨੀ ਵਿਦਿਆਰਥੀਆਂ ਅਤੇ ਫਲਸਫਿਆਂ ਦੇ ਸਿਧਾਂਤਾਂ ਦਾ ਇਕ ਵੱਡਾ ਖਜ਼ਾਨਾ ਹੈ।

**ਖਾਤਮਾ:** ਗੱਦ ਦੀ ਕਿਤਾਬ ਤੌਸ਼ੀਫ-ਓ-ਸਨਾ ਦੇ ਅੰਤਲੇ 21 ਸ਼ੇਅਰਾਂ 'ਤੇ ਆਧਾਰਿਤ ਹੈ, ਨਜ਼ਮ ਤੇ ਖਤਮ ਕੀਤੀ ਗਈ ਹੈ, ਇਨ੍ਹਾਂ ਸ਼ੇਅਰਾਂ ਵਿਚ ਸਾਧ ਸੰਗਤ, ਗੁਰੂ ਦਾ ਖਾਲਸਾ ਦਾ ਉੱਚਾ ਰੁਤਬਾ ਦੱਸਿਆ ਗਿਆ ਹੈ ਅਤੇ ਸਾਧ ਸੰਗਤ ਦੀ ਸਿਫਤ ਬਿਆਨ ਕੀਤੀ ਗਈ ਹੈ।

**ਤੌਸ਼ੀਫ-ਓ-ਸਨਾ:** ਜਿਵੇਂ ਕਿ ਇਹ ਦੋਹਾਂ ਤੋਂ ਹੀ ਝਲਕਦਾ ਹੈ ਕਿ ਤੌਸ਼ੀਫ ਰੱਬ ਦੀ ਉਸਤਤ ਅਤੇ ਵਡਿਆਈ ਦਾ ਜ਼ਿਕਰ ਹੈ। ਆਪਣੇ ਕਾਮਿਲ ਮੁਰਸ਼ਿਦ ਦੀ ਗੱਦ ਵਿਚ ਵੱਡਿਆਈ ਕੀਤੀ ਗਈ ਹੈ। ਲੇਖਕ ਨੇ ਆਪਣੇ ਮਾਲਿਕ-ਏ-ਹਕੀਕੀ ਦੀ ਵੀ ਪ੍ਰਸ਼ੰਸਾ ਕੀਤੀ ਹੈ। ਸ਼ਰਧਾ ਅਤੇ ਮੁਹੱਬਤ ਵਿਚ ਫਾਰਸੀ ਅਤੇ ਅਰਬੀ ਤਰਕੀਬਾਂ ਦੀ ਸ਼ਕਲ ਉੱਭਰ ਕੇ ਆਉਂਦੀ ਹੈ। ਫਾਰਸੀ ਅਤੇ ਅਰਬੀ ਦੇ ਬੋਝਲ ਲਫਜ਼ਾਂ ਦੀ ਭਰਮਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਭਾਈ ਨੰਦ ਲਾਲ ਗੋਯਾ ਨੂੰ ਫਾਰਸੀ ਅਤੇ ਅਰਬੀ ਜ਼ੁਬਾਨਾਂ ਤੇ ਮਹਾਰਤ ਹਾਸਲ ਸੀ।

**ਦਸਤੂਰ-ਉਲ-ਇਨਸ਼ਾ:** ਇਹ ਭਾਈ ਨੰਦ ਲਾਲ ਗੋਯਾ ਦੇ ਖਤਾਂ ਦਾ ਸੰਗ੍ਰਹਿ ਹੈ ਜਿਹੜਾ ਭਾਈ ਸਾਹਿਬ ਨੇ ਸਮੇਂ-ਸਮੇਂ ਆਪਣੇ ਅਜ਼ੀਜ਼ ਦੋਸਤਾਂ ਤੇ ਸ਼ਾਗਿਰਦਾਂ ਨੂੰ ਲਿਖੇ ਸਨ। ਲਾਲਾ ਪਰਮਾਨੰਦ ਅਰੋੜਾ ਨੇ ਦਸਤੂਰੁਲ-ਇਨਸ਼ਾ ਦਾ ਨੁਸਖਾ ਭਾਈ ਸਾਹਿਬ ਦੇ ਖਾਨਦਾਨ ਤੋਂ ਲੈ ਕੇ ਬਿਆਨ ਕੀਤਾ ਹੈ। ਇਸ ਅਨੁਸਾਰ ਦਸਤੂਰਲ ਇਨਸ਼ਾ, ਤਵਾਰੀਖੇ ਮੁਲਤਾਨ ਅਤੇ ਪੰਜਾਬ ਸੰਬੰਧੀ ਬਹੁਤ ਵੱਡਾ

ਖਜ਼ਾਨਾ ਹੈ। ਇਹ ਲਿਖਤਾਂ ਸਿਰਫ ਦੇਸ਼ ਦੇ ਰਾਜਨੀਤਿਕ-ਸਮਾਜਿਕ-ਸੰਸਕ੍ਰਿਤਿਕ ਮਾਮਲਿਆਂ ਤੇ ਹੀ ਰੌਸ਼ਨੀ ਨਹੀਂ ਪਾਉਂਦੀਆਂ ਹਨ ਸਗੋਂ ਖੁਦ ਭਾਈ ਨੰਦ ਲਾਲ ਗੋਯਾ ਦੀ ਜ਼ਿੰਦਗੀ ਦੇ ਉਤਰਾਅ ਚੜਾਅ ਦਾ ਵੀ ਇੰਨ-ਬਿੰਨ ਨਕਸ਼ਾ ਸਾਡੇ ਸਾਹਮਣੇ ਪੇਸ਼ ਕਰਦੀਆਂ ਹਨ। ਪਰ ਅਫਸੋਸ ਇਸ ਗੱਲ ਦਾ ਹੈ ਕਿ ਲਾਲਾ ਪਰਮਾਨੰਦ ਦਾ ਵੇਖਿਆ ਹੋਇਆ ਨੁਸਖਾ ਹੁਣ ਨਹੀਂ ਮਿਲਦਾ, ਜਿਹੜੀ ਨਕਲ ਕੁਲੀਯਾ ਤੇ ਭਾਈ ਨੰਦ ਲਾਲ ਗੋਯਾ (ਸੰਪਾਦਕ ਗੰਡਾ ਸਿੰਘ) ਵਿਚ ਦਰਜ ਹੈ, ਉਹ ਅਧੂਰੀ ਹੈ।

ਇਸ ਵਿਚ ਉਸਦਾ ਸਾਰਾ ਵੇਰਵਾ ਮੌਜੂਦ ਹੈ ਜਿਸ ਦਾ ਜ਼ਿਕਰ ਲਾਲਾ ਪਰਮਾਨੰਦ ਨੇ ਕੀਤਾ ਹੈ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਾਈ ਨੰਦ ਲਾਲ ਗੋਯਾ ਦੀਆਂ ਲਗਭਗ ਸਾਰੀਆਂ ਰਚਨਾਵਾਂ ਉਸ ਸਮੇਂ ਦੇ ਹਾਲਾਤਾਂ ਤੇ ਅਤੇ ਸਿੱਖ ਗੁਰੂਆਂ, ਵਿਸ਼ੇਸ਼ਕਰ ਗੁਰੂ ਗੋਬਿੰਦ ਸਿੰਘ ਦੇ ਜੀਵਨ, ਸ਼ਖਸੀਅਤ ਉਨ੍ਹਾਂ ਦੀ ਸਿੱਖਿਆ ਤੇ ਵਿੱਦਿਆ ਵਿਚ ਰੁਚੀ ਬਾਰੇ ਵਿਸਥਾਰ ਵਿਚ ਦੱਸਦੀਆਂ ਹਨ ਅਤੇ ਨਾਲ ਹੀ ਗੁਰੂ ਸਾਹਿਬ ਨਾਲ ਭਾਈ ਨੰਦ ਲਾਲ ਦੇ ਕਿਹੋ ਜਿਹੇ ਸੰਬੰਧ ਲੰਬੇ ਸਮੇਂ ਤੱਕ ਰਹੇ ਅਤੇ ਗੁਰੂ ਸਾਹਿਬ ਦੀ ਨਜ਼ਰਾਂ ਵਿਚ ਭਾਈ ਨੰਦ ਲਾਲ ਦੀ ਕੀ ਥਾਂ ਸੀ, ਇਸ ਦਾ ਵੀ ਇਨ੍ਹਾਂ ਰਚਨਾਵਾਂ ਤੋਂ ਸਾਨੂੰ ਵਿਸਥਾਰ ਵਿਚ ਪਤਾ ਚੱਲਦਾ ਹੈ। ਇਹ ਇਕ ਅਲੱਗ ਗੱਲ ਹੈ ਕਿ ਇਨ੍ਹਾਂ ਰਚਨਾਵਾਂ ਤੇ ਹੁਣ ਤੱਕ ਕੋਈ ਆਲੋਚਨਾਤਮਕ ਕੰਮ ਨਹੀਂ ਹੋਇਆ ਹੈ ਜਦ ਕਿ ਉਨ੍ਹਾਂ ਦੀ ਰਚਨਾਵਾਂ ਦਾ ਆਲੋਚਨਾਤਮਕ ਅਧਿਐਨ ਹੋਣਾ ਪੰਜਾਬੀ ਸਾਹਿਤ ਅਤੇ ਗੁਰੂ ਸਾਹਿਤ ਦੇ ਸਮੇਂ ਦੇ ਇਤਹਾਸ ਨੂੰ ਚੰਗੀ ਤਰ੍ਹਾਂ ਜਾਣਨ ਲਈ ਇਹ ਉਪਰਾਲਾ ਕਰਨਾ ਜ਼ਰੂਰੀ ਬਣ ਜਾਂਦਾ ਹੈ।

# ਅਧਿਆਇ – ਤੀਜਾ
# ਜਾਣ–ਪਹਿਚਾਣ: ਰਚਨਾਵਾਂ ਭਾਈ ਨੰਦ ਲਾਲ ਗੋਯਾ

ਇਸ ਖੋਜ ਨਿਬੰਧ ਦੀ ਪ੍ਰਸਤਾਵਨਾ ਵਿਚ ਇਹ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਜਾ ਚੁੱਕਿਆ ਹੈ ਕਿ ਭਾਈ ਨੰਦ ਲਾਲ ਗੋਯਾ ਗੁਰੂ ਗੋਬਿੰਦ ਸਿੰਘ ਜੀ (ਦਸਵੇਂ ਪਾਤਸ਼ਾਹ) ਦੇ ਦਰਬਾਰੀ ਕਵੀਆਂ ਦੀ ਮਾਲਾ ਦਾ ਇਕ ਮਣਕਾ ਜਾਂ ਮੋਤੀ ਸਨ। ਇਹ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਕਵੀ ਗਿਣਤੀ ਵਿਚ 52 ਸਨ। ਉਹ ਸਾਰੇ ਦੇ ਸਾਰੇ ਉੱਚ ਕੋਟੀ ਦੇ ਵਿਦਵਾਨ ਅਤੇ ਸਾਹਿਤਕਾਰ ਸਨ। ਨਾਲ ਹੀ ਉਹ ਸਭ ਗੁਰੂ ਸਾਹਿਬ ਪ੍ਰਤੀ ਪੂਰੀ ਤਰ੍ਹਾਂ ਨਾਲ ਸਮਰਪਿਤ ਸਨ। ਭਾਈ ਨੰਦ ਲਾਲ ਜੀ ਸੰਸਕ੍ਰਿਤ, ਹਿੰਦੀ, ਅਰਬੀ ਅਤੇ ਫਾਰਸੀ ਦੇ ਬਹੁਤ ਉੱਘੇ ਵਿਦਵਾਨ ਅਤੇ ਰਚਨਾਕਾਰ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵਿਸ਼ੇਸ਼ ਮਾਣ-ਸਨਮਾਣ ਨੂੰ ਪ੍ਰਾਪਤ ਕਰ ਚੁੱਕੇ ਸਨ ਅਤੇ ਇਕ ਉੱਚੇ ਦਰਜੇ ਦੇ ਕਵੀ ਵੀ ਸਮਝੇ ਜਾਣ ਲੱਗ ਪਏ ਸਨ। ਸਾਹਿਤਕ ਪੱਖੋਂ ਉਨ੍ਹਾਂ ਦੀਆਂ ਰਚਨਾਵਾਂ ਅਤੇ ਸਾਹਿਤਕਾਰ ਪੱਖੋਂ ਉਨ੍ਹਾਂ ਦਾ ਆਪਣਾ ਸਥਾਨ ਕਾਫੀ ਉੱਚ ਕੋਟੀ ਦਾ ਸੀ।

ਅਸੀਂ ਪਹਿਲੇ ਅਤੇ ਦੂਜੇ ਅਧਿਆਏ ਵਿਚ ਨੰਦ ਲਾਲ ਗੋਯਾ ਦੀ ਰਚਨਾਵਾਂ ਅਤੇ ਰਚਨਾਵਾਂ ਦੇ ਸਿਰਲੇਖਾਂ ਜਾਂ ਨਾਵਾਂ ਬਾਰੇ ਲਿਖ ਚੁੱਕੇ ਹਾਂ। ਇੱਥੇ ਹੁਣ ਅਸੀਂ ਇਨ੍ਹਾਂ ਰਚਨਾਵਾਂ ਵਿਚ ਲਿਖੇ ਵਿਸ਼ਿਆਂ ਬਾਰੇ ਲਿਖਣ ਜਾ ਰਹੇ ਹਾਂ। ਇਨ੍ਹਾਂ ਵਿਸ਼ਿਆਂ ਦਾ ਸਰੂਪ ਕੀ ਹੈ, ਅਸੀਂ ਉਸਦੀ ਵਿਆਖਿਆ ਉਨ੍ਹਾਂ ਵਿਚ ਦਿੱਤੇ ਹਵਾਲੇ ਦੇ ਆਧਾਰ ਤੇ ਲਿਖਣ ਦਾ ਯਤਨ ਕਰ ਰਹੇ ਹਾਂ। ਉਨ੍ਹਾਂ ਦੀਆਂ ਰਚਨਾਵਾਂ ਭਾਵੇਂ ਸਿੱਖ ਗੁਰੂਆਂ ਨਾਲ ਅਤੇ ਉਨ੍ਹਾਂ ਰਾਹੀਂ ਕੀਤੇ ਕੰਮਾਂ ਨਾਲ ਜ਼ਿਆਦਾ ਸੰਬੰਧ ਰੱਖਦੀਆਂ ਹਨ, ਪਰ ਇਹ ਵੀ ਸੱਚ ਹੈ ਕਿ ਭਾਈ ਨੰਦ ਲਾਲ ਗੋਯਾ ਨੇ ਆਪਣੀਆਂ ਲਗਭਗ ਸਾਰੀਆਂ ਰਚਨਾਵਾਂ ਵਿਚ ਗਜ਼ਲਾਂ ਲਿਖਣ ਤੇ ਜ਼ਿਆਦਾ ਜ਼ੋਰ ਦਿੱਤਾ ਹੈ। ਇਨ੍ਹਾਂ ਗਜ਼ਲਾਂ ਦੇ ਕੀ ਵਿਸ਼ੇ ਰਹੇ- ਉਨ੍ਹਾਂ ਬਾਰੇ ਇੱਥੇ ਜਾਣਨਾ ਅਤੇ ਲਿਖਣਾ ਜਰੂਰੀ ਬਣ ਜਾਂਦਾ ਹੈ। ਸਭ ਤੋਂ ਪਹਿਲਾਂ ਅਸੀਂ ਉਨ੍ਹਾਂ ਦੀਆਂ ਗਜ਼ਲਾਂ ਦਾ ਵਰਨਣ ਆਲੋਚਨਾਤਮਕ ਰੂਪ ਵਿਚ ਕਰਨ ਲੱਗੇ ਹਾਂ।

**ਗਜ਼ਲ ਦੇ ਅਰਥ:** ਗਜ਼ਲ ਅਰਬੀ ਜ਼ੁਬਾਨ ਦਾ ਲਫਜ਼ ਹੈ ਜਿਸਦੇ ਅਰਥ ਹਨ- ਔਰਤਾਂ ਅਤੇ ਉਨ੍ਹਾਂ ਨਾਲ ਜੁੜੀਆਂ ਇਸ਼ਕ ਦੀਆਂ ਗੱਲਾਂ। ਦੂਜਾ, ਇਸ ਤੋਂ ਭਾਵ ਹੈ ਔਰਤਾਂ ਦੀਆਂ ਸਿਫਤਾਂ ਅਤੇ ਉਨ੍ਹਾਂ ਦੀ ਖੂਬਸੂਰਤੀ ਨਾਲ ਜੁੜੀਆਂ ਗੱਲਾਂ, ਦੂਜੇ ਸ਼ਬਦਾਂ ਵਿਚ ਗਜ਼ਲ ਵਿਚ ਕੁਝ ਸ਼ੇਅਰ ਮੁਕੱਰਰ ਕੀਤੇ ਜਾਂਦੇ ਹਨ। ਇਹ ਬਾਰਾਂ ਸ਼ੇਅਰਾਂ ਤੋਂ ਵੱਧ ਨਾ ਹੋਣ। ਹਰ ਸ਼ੇਅਰ ਪਹਿਲੇ ਸ਼ੇਅਰ ਤੋਂ ਵੱਖਰਾ ਨਾ

ਹੋਵੇ ਇਸ ਲਿਖਤ ਨੂੰ ਵੀ ਗਜ਼ਲ ਕਿਹਾ ਜਾਂਦਾ ਹੈ।[1] ਸ਼ਬਦਾਰਥਕ ਅਰਥਾਂ ਵਿਚ ਔਰਤਾਂ ਦੇ ਨਾਲ ਇਸ਼ਕ ਆਸ਼ਿਕੀ ਦੀਆਂ ਗੱਲਾਂ ਅਤੇ ਗੱਲਬਾਤ ਕਰਨ ਨੂੰ ਵੀ ਗਜ਼ਲ ਆਖਦੇ ਹਨ। ਸਰਲ ਸ਼ਬਦਾਂ ਵਿਚ ਔਰਤਾਂ ਦੇ ਨਾਲ ਇਸ਼ਕਬਾਜ਼ੀ ਕਰਨ ਨੂੰ ਵੀ ਗਜ਼ਲ ਕਹਿੰਦੇ ਹਨ ਜਿਸ ਵਿਚ ਕੁਝ ਸ਼ੇਅਰ ਇਕੋ ਵਜ਼ਨ ਅਤੇ ਇਕੋ ਕਾਫੀਏ ਅਧੀਨ ਲਿਖੇ ਜਾਂਦੇ ਹਨ ਜਿਸਦਾ ਮਜ਼ਮੂਨ ਇਸ਼ਕ ਨਾਲ ਸੰਬੰਧਿਤ ਹੁੰਦਾ ਹੈ ਅਤੇ ਉਸ ਵਿਚ ਮਾਸ਼ੂਕ ਦੇ ਹਾਲਾਤ ਤਸਵੀਰ ਜਮਾਲ ਕਮਾਲ ਦਰਜ ਕੀਤਾ ਜਾਂਦਾ ਹੈ। ਪਹਿਲਾ ਮਿਸਰਾ ਮਤਲਾ ਅਖਵਾਉਂਦਾ ਹੈ। ਕਾਫੀਏ ਦੇ ਸਾਰੇ ਹਰਫ ਇਕ ਵਜ਼ਨ ਦੇ ਹੁੰਦੇ ਹਨ। ਕੁੱਝ ਕਹਿੰਦੇ ਹਨ ਕਿ ਗਜ਼ਲ ਦੇ ਸ਼ੇਅਰ 7 ਤੋਂ 13 ਤੱਕ ਹੁੰਦੇ ਹਨ, ਕਿਸੇ ਸੂਰਤ ਵਿਚ 13 ਤੋਂ ਇਕ ਦੋ ਸ਼ੇਅਰ ਵੱਧ ਵੀ ਹੋ ਸਕਦੇ ਹਨ। ਅਜਿਹੇ ਸ਼ੇਅਰਾਂ ਨੂੰ ਗਜ਼ਲ ਕਹਿੰਦੇ ਹਨ।

ਗਜ਼ਲ ਦਾ ਅਸਲ ਨਾਂ ਇਹ ਹੈ ਕਿ ਜਿਸ ਵਿਚ ਮਹਿਬੂਬ ਨਾਲ ਗੱਲ ਕਰਨ ਦੀ ਚਾਹ ਅਤੇ ਉਸਦੇ ਸਦਾਚਾਰ ਤੇ ਉਸਦੇ ਨਾਲ ਸਾਂਝ ਬਾਰੇ ਦੱਸਿਆ ਜਾਂਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦੇ ਜੋੜ ਨੂੰ ਗਜ਼ਲ ਆਖਦੇ ਹਨ।[2] ਔਰਤਾਂ ਨਾਲ ਗੱਲਾਂ ਬਾਤਾਂ ਕਰਨੀਆਂ, ਔਰਤਾਂ ਦੇ ਹੁਸਨ ਦੀ ਵਡਿਆਈ ਕਰਨੀ, ਨਜ਼ਮ ਦੀ ਇਕ ਵੰਨਗੀ, ਜਿਸ ਵਿਚ ਇਸ਼ਕ ਅਤੇ ਮੁਹੱਬਤ ਦਾ ਜ਼ਿਕਰ ਹੁੰਦਾ ਹੈ, ਉਸ ਨੂੰ ਵੀ ਗਜ਼ਲ ਕਿਹਾ ਜਾਂਦਾ ਹੈ।[3] ਅਬਦੁਲ ਕਾਦਿਰ ਸੋਰਾਵਰਦੀ ਗਜ਼ਲ ਦੀ ਤਾਰੀਫ ਇਸ ਤਰ੍ਹਾਂ ਕਰਦੇ ਹਨ ਕਿ ਗਜ਼ਲ ਸ਼ੇਅਰ ਦੀ ਉਹ ਸ਼ਕਲ ਹੈ ਜਿਸ ਵਿਚ ਇਕ ਹੀ ਵਜ਼ਨ ਅਤੇ ਇਕ ਹੀ ਕਾਫੀਏ ਦੇ ਕੁਝ ਸ਼ੇਅਰ ਹੁੰਦੇ ਹਨ।

ਦਰਅਸਲ ਗਜ਼ਲ ਦੀ ਤਰੱਕੀ ਸੂਫੀਵਾਦ ਦੇ ਇਤਿਹਾਸ ਨਾਲ ਹੀ ਸ਼ੁਰੂ ਹੋਈ। ਸੂਫੀਵਾਦ ਦਾ ਸੰਬੰਧ ਵਾਰਦਾਤ ਅਤੇ ਜਜ਼ਬਾਤ ਨਾਲ ਹੈ। ਉਸ ਦੀ ਤਾਲੀਮ ਦਾ ਪਹਿਲਾ ਅਲਿਫ ਬੇ ਇਸ਼ਕ ਮੁਹੱਬਤ ਹੈ। ਸੂਫੀਵਾਦ ਦਾ ਮੁੱਢ ਭਾਵੇਂ ਤੀਜੀ ਸਦੀ ਹਿਜਰੀ ਦੇ ਆਗਾਜ਼ ਨਾਲ ਹੋਇਆ ਪਰ ਪੰਜਵੀਂ ਸਦੀ ਹਿਜਰੀ ਵਿਚ ਪੂਰੇ ਜ਼ੋਬਨ ਦਾ ਜਮਾਨਾ ਸੀ ਨਾਲ ਇਹੋ ਗਜ਼ਲ ਦੀ ਤਰੱਕੀ ਦਾ ਵੀ ਜ਼ਮਾਨਾ ਸੀ। ਇਸ਼ਕੇ ਹਕੀਕੀ ਕਰਕੇ ਮਿਜਾਜ਼ੀ ਵੀ ਪ੍ਰਵਾਨ ਚੜ੍ਹਿਆ। ਇਸ ਅੱਗ ਨੇ ਕਿੰਨੇ ਦਿਲ ਅਤੇ ਸੀਨੇ ਸਾੜੇ, ਮੂੰਹੋਂ ਜੋ ਨਿਕਲਦਾ ਸੀ ਉਹ ਜੋਸ਼ ਭਰਿਆ ਹੁੰਦਾ ਸੀ। ਦਿਲ ਰੱਖਣ ਵਾਲੇ ਤਾਂ ਇਕ ਪਾਸੇ ਰਹੇ। ਲਾਲਚੀ ਲੋਕਾਂ ਦੀਆਂ ਗੱਲਾਂ ਵਿਚ ਵੀ ਅਸਰ ਝਲਕਣ ਲੱਗਾ।"[4] ਸੂਫੀਵਾਦ ਸਿਰਫ ਇਕ ਧਾਰਮਿਕ ਪਰੰਪਰਾ ਹੈ ਜਿਹੜੀ ਧਾਰਮਿਕ ਅਕੀਦਿਆਂ ਅਤੇ ਚਿੰਤਨ ਦਾ ਕੇਂਦਰ ਹੈ।

---

1 ਮੁਹੰਮਦ ਪਾਦਸ਼ਾਹ, ਫਰਹੰਗ ਆਨੰਦਰਾਜ, ਜਿਲਦ 4, ਪੰਨਾ 345; ਫਟੈਨਗੋਸ, ਪਰਸੀਅਨ, ਇੰਗਲਿਸ਼ ਡਿਕਸ਼ਨਰੀ, ਪੰਨਾ 887.

2 ਜਲਾਲੁਦੀਨ ਹਮਾਈ, ਤਾਰੀਖ-ਏ-ਅਦਵਿਏਤ-ਏ-ਇਰਾਨ, ਪੰਨਾ 57.

3 ਫਿਰੋਜ਼ੁੱਦੀਨ, ਫਿਰੋਜ਼ੁੱਲਿਗਾਤ, ਪੰਨਾ 490.

4 ਸ਼ਿਬਲੀ, ਸ਼ਿਅਰੁਲ ਅਜਮ ਹਿੱਸਾ ਪੰਜਵਾਂ, ਪੰਨਾ 112.

ਇਹੋ ਕਾਰਨ ਸੀ ਕਿ ਗੋਯਾ ਦੀਆਂ ਲਗਭਗ ਸਾਰੀਆਂ ਰਚਨਾਵਾਂ ਵਿਚ ਗਜ਼ਲ ਲਿਖਣ ਦੀਆਂ ਸਾਰੀਆਂ ਖੂਬੀਆਂ ਮਿਲਦੀਆਂ ਹਨ।

ਇਸ਼ਕ ਗਜ਼ਲ ਦਾ ਮੌਜ਼ੂ ਤਾਂ ਸੀ ਹੀ, ਪਰ ਇਸ ਇਸ਼ਕ ਨਾਲ ਰੱਬੀ ਇਸ਼ਕ ਵਿਚ ਜਾਨ ਪੈ ਗਈ। ਇਹ ਖੂਬੀ ਗੋਯਾ ਦੀਆਂ ਗਜ਼ਲਾਂ ਵਿਚ ਸਾਫ ਤੇ ਵੱਡੇ ਪੱਧਰ ਤੇ ਪ੍ਰਾਪਤ ਹੁੰਦੀ ਹੈ। ਸੂਫੀਵਾਦ ਦੀਆਂ ਇਨ੍ਹਾਂ ਗੱਲਾਂ ਨੇ ਇਸ਼ਕ ਦੇ ਫਲਸਫੇ ਨੂੰ ਹੋਰ ਵਸੀਅ ਕਰ ਦਿੱਤਾ। ਸੂਫੀਵਾਦ ਦੀ ਵਿਆਖਿਆ ਕਰਨ ਲਈ ਹਿਕਮਤ ਅਤੇ ਅਖਲਾਕ ਦੇ ਲਈ ਹੋਰ ਥਾਂ ਮਿਲ ਗਈ। ਮੁੱਕਦੀ ਗੱਲ ਇਹ ਹੈ ਕਿ ਸਾਰੀਆਂ ਗੱਲਾਂ ਗਜ਼ਲ ਵਿਚ ਸਮਾ ਕੇ ਉਸ ਦਾ ਸ਼ਿੰਗਾਰ ਬਣ ਗਈਆਂ। ਗਜ਼ਲ ਵਿਚ ਰੰਗੀਨੀ ਦੇ ਨਾਲੋਂ-ਨਾਲ ਉਥਾਨ ਅਤੇ ਤਰੱਕੀ ਆਈ।

ਹਕੀਮ ਸਨਾਈ (ਵਫਾਤ 525 ਹਿਜਰੀ) ਸਭ ਤੋਂ ਪਹਿਲਾ ਸ਼ਾਇਰ ਸੀ। ਉਸ ਨੇ ਗਜ਼ਲ ਨੂੰ ਸਹੀ ਅਰਥਾਂ ਵਿਚ ਖੂਬਸੂਰਤੀ ਦਿੱਤੀ। ਸਨਾਈ ਈਰਾਨ ਦੇ ਸਭ ਤੋਂ ਵੱਡੇ ਸੂਫੀ ਸ਼ਾਇਰ ਹਨ। ਉਨ੍ਹਾਂ ਨੇ ਇਸ ਨੂੰ ਸਮਝਣ ਦਾ ਯਤਨ ਕੀਤਾ। ਇਨ੍ਹਾਂ ਦੇ ਅਰਥਾਂ ਨੂੰ ਆਪਣੇ ਸ਼ੇਅਰਾਂ ਵਿਚ ਪੇਸ਼ ਕੀਤਾ। ਇਨ੍ਹਾਂ ਦਾ ਕਲਾਮ ਪੁਖਤਾ ਹੈ। ਈਰਾਨ ਦੇ ਸੂਫੀ ਸ਼ਾਇਰਾਂ ਦੇ ਬਾਦਸ਼ਾਹ ਮੌਲਾਨਾ ਜਲਾਲੁੱਦੀਨ ਰੂਮੀ ਉਨ੍ਹਾਂ ਦੀ ਤਾਰੀਫ ਵਿਚ ਲਿਖਦੇ ਹਨ- ''ਅੱਤਾਰ ਰੂਹ ਹੈ ਅਤੇ ਸਨਾਈ ਉਸ ਦੀ ਅੱਖ, ਅਸੀਂ ਸਾਰੇ ਸਨਾਈ ਅੱਤਾਰ ਆਦਿ ਆ ਰਹੇ ਹਾਂ।'' ਇਸ ਤਰ੍ਹਾਂ ਆਪਣੀ ਮਸਨਵੀ ਵਿਚ ਸਨਾਈ ਨੂੰ ਯਾਦ ਕਰਦੇ ਹਾਂ- ਤੁਰਕ ਮੈਨੂੰ ਜੋਸ਼ ਦਿਵਾਉਂਦਾ ਹੈ ਪਰ ਮੈਂ ਅੱਧ ਪੱਕਾ ਹਾਂ, ਇਹ ਸਾਰੀਆਂ ਗੱਲਾਂ ਹਕੀਮ ਗਜ਼ਨਵੀ ਤੋਂ ਮੈਂ ਸੁਣੀਆਂ। ਸਨਾਈ ਨੇ ਗਜ਼ਲ ਨੂੰ ਜਜ਼ਬਾਤ ਨਾਲ ਲਬਰੇਜ਼ ਕਰ ਦਿੱਤਾ। ਇਸ ਦੇ ਨਾਲ ਜ਼ੁਬਾਨ ਦੀ ਨਜ਼ਾਕਤ, ਸਫਾਈ, ਰਵਾਨੀ ਅਤੇ ਸਲਾਸਤ ਵੀ ਪੈਦਾ ਕੀਤੀ। ਹੇਠ ਦਿੱਤੇ ਇਕ ਸ਼ੇਅਰ ਦੇ ਭਾਵ ਜਾਂ ਅਰਥ ਤੋਂ ਇਸ ਗੱਲ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ:

> ''ਇਸ਼ਕ ਕੋਈ ਛੋਟੀ ਮੋਟੀ ਕਹਾਣੀ ਨਹੀਂ ਹੈ, ਇਸ਼ਕ ਦੇ ਰਾਹ ਵਿਚ ਕੋਈ ਸ਼ਕਾਇਤ ਨਹੀਂ ਹੈ, ਮਾਸ਼ੂਕ ਦੇ ਇਸ਼ਕ ਨੂੰ ਗ੍ਰਹਿਣ ਨਹੀਂ ਹੈ, ਆਸ਼ਿਕਾਂ ਦੇ ਦਰਦ ਨੂੰ ਕੌਣ ਸਮਝੇ? ਜਦੋਂ ਇਸ਼ਕ ਦੀਆਂ ਗੱਲਾਂ ਜ਼ਾਹਰ ਹੁੰਦੀਆਂ ਹਨ, ਇਸ਼ਕ ਕਰਨ ਦੀ ਤਾਕਤ ਖਤਮ ਨਹੀਂ ਹੁੰਦੀ, ਮੇਰੇ ਦਿਲ ਵਿਚ ਸ਼ਿਕਾਰੀ ਹੈ ਇਸ਼ਕ ਦਾ, ਪਰ ਮੈਂ ਆਪਣੀ ਜ਼ੁਬਾਨ ਤੋਂ ਇਸ਼ਕ ਦਾ ਨਾਂ ਲੈਣਾ ਚੰਗਾ ਨਹੀਂ ਸਮਝਦਾ।''

ਹਕੀਮ ਸਨਾਈ ਤੋਂ ਬਾਅਦ ਔਹਦੀ ਅਸਫਹਾਨੀ ਨੇ ਗਜ਼ਲ ਦੇ ਬਾਗ ਨੂੰ ਸਿੰਜਿਆ। ਗਜ਼ਲ ਦੀਆਂ ਰਮਜ਼ਾਂ ਅਤੇ ਜਜ਼ਬਾਤ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਦੀਆਂ ਗਜ਼ਲਾਂ ਵਿਚ

ਸਾਦਗੀ ਤੇ ਸਰਲਤਾ ਹੋਰਾਂ ਨਾਲੋਂ ਜ਼ਿਆਦਾ ਪਾਈ ਜਾਂਦੀ ਹੈ।[5] ਨਮੂਨੇ ਵਜੋਂ: ''ਆਦਮੀਆਂ ਦੇ ਹਾਲ ਤੋਂ ਪਤਾ ਚੱਲਦਾ ਹੈ ਕਿ ਸ਼ਰਾਬੀ ਕੌਣ ਹੈ, ਹਰ ਤਰ੍ਹਾਂ ਦੀ ਖ਼ੁਸ਼ੀ ਇਸ ਗੱਲੋਂ ਜ਼ਾਹਿਰ ਹੋ ਜਾਂਦੀ ਹੈ, ਮੋਮਿਨ ਦੀਨ ਤੋਂ ਜਦੋਂ ਬਾਹਰ ਨਿਕਲਦਾ ਹੈ ਅਤੇ ਸੂਫੀ ਭਰੋਸੇ ਤੋਂ ਤਾਂ ਉਹ ਮੁਹੰਮਦ ਦੇ ਆਸ਼ਿਕਾਂ ਵਿਚ ਨਹੀਂ ਗਿਣਿਆ ਜਾਂਦਾ।''[6]

ਹਾਲੀ ਦੇ ਅਨੁਸਾਰ ਸਾਅਦੀ ਦੀ ਗਜ਼ਲ ਵਿਚ ਦਿੱਤੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ:

ਉਨ੍ਹਾਂ ਦੀ ਗਜ਼ਲ ਦੀਆਂ ਬਹਿਰਾਂ ਅਤੇ ਜ਼ਮੀਨ ਸ਼ਾਇਰੀ ਗਜ਼ਲ ਲਈ ਬੇਹੱਦ ਮੁਨਾਸਿਬ ਹੈ।

ਇਸ਼ਕ ਮੁਹੱਬਤ ਵਿਚ ਉਨ੍ਹਾਂ ਦੀ ਸੁਭਾਅ ਵਜੋਂ ਦਿਲਚਸਪੀ ਆਪਣੀ ਮਿਸਾਲ ਆਪ ਹੈ। ਇਨ੍ਹਾਂ ਨਜ਼ਦੀਕ ਸੱਚਾ ਇਸ਼ਕ ਹੈ, ਬਨਾਵਟ ਅਤੇ ਵਿਖਾਵਾ ਬਿਲਕੁਲ ਪਸੰਦ ਨਹੀਂ।

ਖਾਸ ਦ੍ਰਿਸ਼ਾਂ ਦੇ ਅੱਖੀਂ ਡਿੱਠੇ ਹਾਲਾਤ, ਦਿਲ ਤੇ ਗਿਰੀਆਂ ਹੋਈਆਂ ਗੱਲਾਂ ਗਜ਼ਲ ਦੀ ਸਜਾਵਟ ਹਨ।

ਹਾਲਾਤ ਅਤੇ ਦਿਲ ਦੀ ਕੈਫੀਅਤ ਦੇ ਜਜ਼ਬਾਤ ਸ਼ਕਲਾਂ ਦੇ ਰੂਪ ਵਿਚ ਹਰ ਪਾਸੇ ਮੌਜੂਦ ਹਨ।

ਸਾਦਗੀ, ਸਫਾਈ ਦੇ ਬਾਵਜੂਦ ਅਕਸਰ ਨਜ਼ਾਕਤ ਅਤੇ ਚੋਚਲਾਪਣ ਪਾਇਆ ਜਾਂਦਾ ਹੈ। ਸਾਅਦੀ-ਪੱਥਰਾਂ ਦੇ ਟੁਕੜਿਆਂ ਨੂੰ ਘੜ ਕੇ ਇਕ ਖ਼ੂਬਸੂਰਤ ਅਤੇ ਕੀਮਤੀ ਮਹਿਲ ਉਸਾਰ ਦਿੰਦੇ ਹਨ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਅਦੀ ਦੀਆਂ ਗਜ਼ਲਾਂ ਦਾ ਮੈਦਾਨ ਜ਼ਿਆਦਾਤਰ ਹੇਠ ਲਿਖੇ ਮਜ਼ਮੂਨਾਂ 'ਚ ਬੰਨਿਆ ਮਿਲਦਾ ਹੈ-

ਅਜਿਹੇ ਲੋਕ ਜਿਹੜੇ ਧਰਮ ਦੇ ਦਾਇਰੇ ਤੋਂ ਉਪਰ ਉਠ ਕੇ ਜ਼ਿੰਦਗੀ ਗੁਜ਼ਾਰਦੇ ਹਨ ਉਨ੍ਹਾਂ ਦੀਆਂ ਗੱਲਾਂ ਕਰਨੀਆਂ, ਦੁਨੀਆਂ ਨੂੰ ਕੁਝ ਦਿਨਾਂ ਦਾ ਖੇਡ ਦੱਸਣਾ, ਰੁਸਵਾਈ ਅਤੇ ਬਦਨਾਮੀ ਤੋਂ ਡਰਾਉਣਾ, ਇਸ਼ਕ ਹਕੀਕੀ ਅਤੇ ਮਿਜ਼ਾਜੀ ਦੇ ਫਰਕ ਨੂੰ ਜ਼ਾਹਿਰ ਕਰਨਾ, ਸਾਲੀ ਅਤੇ ਮੁਤਰਬ ਨੂੰ ਬੁਲਾਉਣਾ, ਉਨ੍ਹਾਂ ਤੋਂ ਸ਼ਰਾਬ ਦੀ ਤਲਬ ਕਰਨਾ, ਸਵੇਰ ਦੀ ਠੰਡੀ ਹਵਾ, ਫੁੱਲਾਂ ਦੀ ਖੁਸ਼ਬੂ ਨੂੰ

---

[5] ਸ਼ਿਬਲੀ, ਸ਼ਿਅਰੁਲਅਜਮ, ਹਿੱਸਾ ਪੰਜਵਾਂ, ਪੰਨਾ 116.
[6] ਉਹੀ, ਪੰਨਾ 37.

ਸੰਬੋਧਨ ਕਰਨਾ, ਉਨ੍ਹਾਂ ਨੂੰ ਏਲਚੀ ਬਣਾ ਕੇ ਲੋਕਾਂ ਨੂੰ ਪੈਗਾਮ ਦੇਣਾ, ਮੁਰਾਦਾਂ ਅਤੇ ਹਸਰਤਾਂ ਬਿਆਨ ਕਰਨੀਆਂ ਆਦਿ ਵਿਸ਼ੇਸ਼ ਹਨ।[7]

ਹਰ ਵਿਸ਼ੇ ਹੇਠ ਗਜ਼ਲ ਲਿਖੀ ਜਾਣ ਲੱਗੀ। ਇਸੇ ਕਰਕੇ ਗਜ਼ਲ ਕਹਿਣ ਵਾਲਿਆਂ ਦੀ ਗਿਣਤੀ ਬਹੁਤ ਵੱਧ ਗਈ। ਜਦੋਂ ਚਾਰ ਚੁਫੇਰੇ ਗਜ਼ਲ ਨਜ਼ਰੀ ਆਉਣ ਲੱਗੀ ਤਾਂ ਸਿੱਟਾ ਇਹ ਨਿਕਲਿਆ ਕਿ ਜਿਵੇਂ ਹਾਲੀ ਨੇ ਕਿਹਾ ਕਿ ਲੋਕ ਕਸ਼ੀਦਾ, ਮਸਨਵੀ ਨੂੰ ਛੱਡ ਕੇ ਗਜ਼ਲ ਤੇ ਟੁੱਟ ਪਏ।[8] ਗਜ਼ਲ ਹਕੀਕਤ ਵਿਚ ਸਾਡੇ ਜਜ਼ਬਿਆਂ ਦੀ ਤਰਜ਼ਮਾਨ, ਸਾਡੀ ਸ਼ਾਇਰੀ ਦੀ ਜਾਨ ਅਤੇ ਸਾਡੀ ਜ਼ਮੀਰ ਦੀ ਜ਼ੁਬਾਨ ਬਣ ਗਈ। ਜਿਵੇਂ ਕਿ ਗਜ਼ਲ ਦੀਆਂ ਕੁਝ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਵੀ ਹਨ :

1. **ਸੋਹਬਤ (ਮਿਲਣੀ ਰੰਗਲਵੀ)** ਮੁਸੀਬਤਾਂ ਪ੍ਰੇਸ਼ਾਨੀਆਂ ਦਾ ਅਹਿਸਾਸ ਕੁਝ ਬਾਮੁਰਾਦੀਆਂ ਅਤੇ ਕੁਝ ਨਾ ਮੁਰਾਦੀਆਂ।
2. **ਬਹਾਰ ਦਾ ਮੌਸਮ:** ਗੁਲੋ ਬੁਲਬੁਲ ਦੇ ਮਾਮਲੇ, ਆਪਣੇ ਆਪ ਮੂੰਹੋਂ ਨਿਕਲਣ ਵਾਲੇ ਨਰਮ ਨਾਜ਼ੁਕ ਬੋਲ।
3. **ਸ਼ਰਾਬ:** ਇਸ ਦੀ ਰੱਬ ਨਾਲ ਪਹੁੰਚਣ ਵਾਲੀ ਗੱਲ, ਖੁਸ਼ੀਆਂ ਅਤੇ ਮੌਜ ਮਸਤੀਆਂ ਦਾ ਜ਼ਿਕਰ।
4. **ਮੌਸੀਕੀ:** ਇਸ ਦੀਆਂ ਆਪਦੀਆਂ ਵਿਸ਼ੇਸ਼ਤਾਵਾਂ, ਇਸ ਦੇ ਸੁਣਨ ਅਤੇ ਸੁਣਾਉਣ ਦੇ ਵਾਕਿਆਤ।

ਇਹ ਸਾਰੀਆਂ ਉਹੀ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਛੇਵੀਂ ਸਦੀ ਹਿਜਰੀ ਵਿਚ ਗਜ਼ਲ ਦੀ ਖੂਬੀ ਦੇ ਕਾਰਨ ਬਣੇ। ਅਮੀਰ ਖੁਸਰੋ ਦੀ ਗਜ਼ਲ ਮੁਹੱਬਤ ਅਤੇ ਜ਼ਿੰਦਗੀ ਦੀ ਸੱਚੀ ਤਰਜ਼ੁਮਾਨ ਬਣ ਕੇ ਸਾਹਿਤ ਵਿਚ ਦਾਖਲ ਹੁੰਦੀ ਹੋਈ ਦਿਲ ਦਾ ਇਲਾਜ ਬਣ ਕੇ ਹਰ ਦਿਲ ਵਿਚ ਸਮਾ ਗਈ। ਦੁਖੀ ਦਿਲਾਂ ਤੇ ਮੱਲ੍ਹਮ ਦਾ ਕੰਮ ਕੀਤਾ।

ਅਮੀਰ ਖੁਸਰੋ ਦੀ ਸ਼ੋਹਰਤ ਵਿਚ ਸਭ ਤੋਂ ਜ਼ਿਆਦਾ ਯੋਗਦਾਨ ਆਪ ਦੀ ਗਜ਼ਲ ਹੈ। ਆਪ ਹਿੰਦੋਸਤਾਨ ਦੇ ਸਭ ਤੋਂ ਵੱਡੇ ਗਜ਼ਲ ਕਹਿਣ ਵਾਲੇ ਸਨ। ਉਨ੍ਹਾਂ ਦੀਆਂ ਗਜ਼ਲਾਂ ਵਿਚ ਦੁੱਖ ਦਰਦ, ਇਸ਼ਕ ਮੁਹੱਬਤ, ਨਿਮਰਤਾ, ਸਾਦਗੀ, ਆਪਣਾਪਣ, ਸੂਫੀਵਾਦ, ਮੌਸੀਕੀ, ਨਜ਼ਾਕਤ ਵਰਗੀਆਂ ਸਿਫਤਾਂ ਨਾਲ ਭਰਪੂਰ ਹਨ। ਅੱਜ ਵੀ ਸਮਾਅ ਦੀ ਮਹਿਫਿਲ ਵਿਚ ਆਪ ਦੀਆਂ ਗਜ਼ਲਾਂ ਕੱਵਾਲੀ

---

7 ਹਾਲੀ: ਹਯਾਤ-ਏ-ਸਾਅਦੀ, ਪੰਨੇ 175-82.
8 ਉਹੀ, ਪੰਨੇ 174.

ਦੇ ਰੂਪ ਵਿਚ ਗਾਈਆਂ ਜਾਂਦੀਆਂ ਹਨ। ਮੁਹੰਮਦ ਅਬਦੁਲ ਗਨੀ ਲਿਖਦੇ ਹਨ: ''ਜ਼ੁਬਾਨ ਦੀ ਮਿਠਾਸ, ਦਿਲ ਤੋਂ ਦਿਲ ਤੱਕ ਦਾ ਸਫਰ ਇਨ੍ਹਾਂ ਦੀਆਂ ਗਜ਼ਲਾਂ ਵਿਚ ਐਨਾ ਢੁਕਵਾਂ ਹੈ ਕਿ ਸਿਰਫ ਰੋਦਕੀ ਅਤੇ ਸਾਅਦੀ ਹੀ ਇਸ ਰੁਤਬੇ ਤਕ ਪਹੁੰਚ ਸਕਦੇ ਹਨ। ਉਨ੍ਹਾਂ ਨੇ ਇਸ ਵਿਚ ਇਕ ਹੋਰ ਚੀਜ਼ ਦਾ ਵਾਧਾ ਕੀਤਾ, ਉਹ ਇਹ ਕਿ ਆਪਣੀਆਂ ਗਜ਼ਲਾਂ ਵਿਚ ਮੌਸੀਕੀ ਦਾ ਰੰਗ ਭਰ ਦਿੱਤਾ ਜਿਸ ਨਾਲ ਫਾਰਸੀ ਗਜ਼ਲ ਵਿਚ ਹੋਰ ਨਿਖਾਰ ਆਇਆ ਅਤੇ ਸੂਫੀਆਂ ਦੀ ਮਹਿਫਿਲ ਵਿਚ ਜ਼ਿਆਦਾ ਮਕਬੂਲ ਬਣਾ ਦਿੱਤਾ।''[9]

ਦਰਅਸਲ ਅਮੀਰ ਖੁਸਰੋਂ ਦੀਆਂ ਗਜ਼ਲਾਂ ਹਦੋਂ ਨਹੀਂ ਵੱਧੀਆਂ, ਇਨ੍ਹਾਂ ਦਾ ਵਿਸ਼ਾ ਆਸ਼ਿਕਾਨਾ ਰਿਹਾ ਹੈ। ਦੀਦਾਰ ਕਰਨ ਦੀ ਚਾਹਣਾ, ਯਾਰ ਦੀ ਜੁਦਾਈ, ਨਰਗਿਸ ਦਾ ਬੀਮਾਰ ਹੋਣਾ, ਸ਼ਮਾਂ ਦੇ ਜਲਣ ਦੀ ਕਹਾਣੀ, ਯਾਦ ਦੇ ਦਰਸ਼ਨ ਦੇ ਕਰਿਸ਼ਮੇ, ਜੁਲਫਾਂ, ਹੰਝੂਆਂ, ਪਲਕਾਂ, ਜ਼ੁਬਾਨ ਅਤੇ ਕਲਾਮ ਤੇ ਬਹਿਸ ਕੀਤੀ ਗਈ ਹੈ। ਜ਼ਾਹਿਦਾਂ ਅਤੇ ਭਟਕੇ ਲੋਕਾਂ ਦੇ ਵਿਚਕਾਰ ਇਕ ਬਹਿਸ ਕੀਤੀ ਗਈ ਹੈ। ਸੋਹਣੀ ਅੱਖ ਅਤੇ ਮਟਕਣ ਅਤੇ ਕਾਲਣ ਦੀ ਤਾਰੀਫ ਕੀਤੀ ਗਈ ਹੈ।

ਇਸ ਪਿਛੋਂ ਖਵਾਜੋ ਕਿਰਮਾਨੀ (ਵਫਾਤ 752 ਹਿਜਰੀ) ਅਮੀਰ ਕਿਰਮਾਨੀ ਜਿਹੜਾ ਖਵਾਜੋ ਦਾ ਸਮਕਾਲੀ ਸੀ, ਉਬੈਦ ਜਾਕਾਨੀ (ਵਫਾਤ 773 ਹਿਜਰੀ) ਇਮਾਦੁੱਦੀਨ ਅਲੀ ਫਕੀਰ ਕਿਰਮਾਨੀ (ਵਫਾਤ 773 ਹਿਜਰੀ) ਅਤੇ ਸਲਮਾਨ ਸਾਊਦੀ (ਵਫਾਤ 778 ਹਿਜਰੀ) ਨੇ ਗਜ਼ਲ ਨੂੰ ਤਰੱਕੀ ਦਿੱਤੀ ਅਤੇ ਨਵੀਂਆਂ ਰਾਹਾਂ ਵੀ ਤਲਾਸ਼ ਕੀਤੀਆਂ ਜਿਹੜੀਆਂ ਜ਼ਮਾਨੇ ਦੇ ਅਨੁਕੂਲ ਸਨ।

ਪਰ ਸ਼ਿਬਲੀ ਨੌਮਾਨੀ ਖਵਾਜੋ ਅਤੇ ਸਲਮਾਨ ਦੇ ਬਾਰੇ ਆਲੋਚਨਾਤਮਕ ਰੂਪ ਵਿਚ ਲਿਖਦੇ ਹਨ- ''ਲੇਕਿਨ ਸਲਮਾਨ ਅਤੇ ਖਵਾਜੋ ਦੋਵੇਂ ਤਸੱਵੁਫ ਤੋਂ ਵਾਂਝੇ ਸਨ। ਇਸ ਲਈ ਇਨ੍ਹਾਂ ਫੁੱਲਾਂ ਵਿਚ ਨਾ ਤਾਂ ਰੰਗ ਸੀ ਅਤੇ ਨਾ ਹੀ ਖੁਸ਼ਬੂ।''[10]

ਖਵਾਜੋ ਹਾਫਿਜ਼ ਤੋਂ ਬਾਅਦ ਜੁਨੈਦ (ਵਫਾਤ 800 ਹਿਜ), ਕਮਾਲਉੱਦੀਨ ਮਸਊਦ ਖਜੰਦੀ (ਵਫਾਤ 803 ਹਿਜਰੀ), ਸ਼ਮਸੁੱਦੀਨ ਮੁਹੰਮਦ ਸ਼ੀਰੀਨ ਮਗਰਬੀ ਤਬਰੇਜ਼ੀ (ਵਫਾਤ 809 ਹਿਜਰੀ), ਨਿਅਮੁੱਤਲਾਹ ਵਲੀ (ਵਫਾਤ 850 ਹਿਜਰੀ), ਅਮੀਰ ਸ਼ਾਹੀ (ਵਫਾਤ 857 ਹਿਜਰੀ), ਖਿਆਲ ਬੁਖਰਾਈ (ਵਫਾਤ 850 ਹਿਜਰੀ)। ਅਮੀਰ ਸ਼ਾਹੀ (ਵਫਾਤ 857 ਹਜਿ.), ਆਦਿ ਨੇ ਗਜ਼ਲ ਨੂੰ ਸਿਖਰ ਤੱਕ ਪਹੁੰਚਾਉਣ ਦੇ ਯਤਨ ਕੀਤੇ। ਇਨ੍ਹਾਂ ਤੋਂ ਇਲਾਵਾ ਨੁਰੁੱਦੀਨ ਅਬਦੁਰ ਰਹਿਮਾਨ ਜਾਮੀ (ਵਫਾਤ 895 ਹਿਜਰੀ) ਜਿਸ ਨੇ ਗਜ਼ਲ ਦੇ ਪਿਛਲੇ ਸ਼ਾਇਰਾਂ ਦੀ ਪੈਰਵੀ ਕੀਤੀ, ਹਾਫਿਜ਼ ਨੂੰ ਸਾਹਮਣੇ ਰੱਖਿਆ। ਇਨ੍ਹਾਂ ਦੀ ਸ਼ਾਇਰੀ ਵਿਚ ਆਰਿਫਾਨਾ ਕਿਸਮ ਦੀਆਂ ਗਜ਼ਲਾਂ ਵਿਚ ਹੱਸਾਸ

---

9 ਮੁਹੰਮਦ ਅਬਦੁਲ ਗਨੀ, ਪਰੀ ਮੁਗਲ ਪਰਯੀਅਨ ਇਕ ਹਿੰਦੋਸਤਾਨ, ਪੰਨਾ 383.

10 ਸ਼ਿਬਲੀ, ਸ਼ਿਅਰੁਲ ਅਜਮ, ਹਿੱਸਾ ਪੰਜਵਾਂ, ਪੰਨਾ 38

ਅਤੇ ਦਿਲ ਦੇ ਦਰਦ ਦੀਆਂ ਕਹਾਣੀਆਂ ਨੂੰ ਪੇਸ਼ ਕੀਤਾ ਗਿਆ, ਪਰ ਗਜ਼ਲ ਵਿਚ ਸੂਫੀਆਨਾ ਰੰਗ ਅਤੇ ਸ਼ਾਇਰੀ ਭਾਰੂ ਰਹੀ।

ਜਾਮੀ ਤੋਂ ਬਾਅਦ ਗਜ਼ਲ ਦੀ ਦੁਨੀਆਂ ਵਿਚ ਕੋਈ ਬਹੁਤਾ ਇਜ਼ਾਫਾ ਨਹੀਂ ਹੋਇਆ। ਕਈ ਤਾਂ ਇਸ ਦੌਰ ਨੂੰ ਖੜੋਤ ਦਾ ਜ਼ਮਾਨਾ ਆਖਦੇ ਹਨ। ਇਸ ਸਮੇਂ ਸਫਵੀ ਦੌਰ ਆਇਆ ਜਿਸ ਨਾਲ ਸਾਰੇ ਈਰਾਨ ਵਿਚੋਂ ਬਾਦਸ਼ਾਹੀ ਨਿਜ਼ਾਮ ਖਤਮ ਹੋਇਆ ਅਤੇ ਨਵੀਂ ਸਰਕਾਰ ਕਾਇਮ ਹੋਈ। ਇਹ ਖਾਨਦਾਨ ਸ਼ਾਇਰਾਂ ਦਾ ਬਹੁਤ ਕਦਰਦਾਨ ਸੀ। ਇਸੇ ਕਰਕੇ ਗਜ਼ਲ ਦੀ ਦੁਨੀਆਂ ਵਿਚ ਜੋ ਚੁਪ ਧਾਰੀ ਹੋਈ ਸੀ, ਖਤਮ ਹੋ ਗਈ। ਸਫਵੀ ਹੁਕਮਰਾਨਾਂ ਨੇ ਜ਼ਬਰਦਸਤੀ ਸ਼ੀਆ ਹਕੂਮਤ ਕਾਇਮ ਕੀਤੀ ਜਿਸ ਕਰਕੇ ਸੂਫੀਆਨਾ ਗਜ਼ਲ ਦਾ ਰਹਿਣਾ ਮੁਸ਼ਕਿਲ ਹੋ ਗਿਆ। ਕੁਝ ਲੋਕ ਨਕਲਾਂ ਨੂੰ ਪਸੰਦ ਕਰਦੇ ਸਨ। ਫੁੱਲ ਸਨ ਖੁਸ਼ਬੂ ਨਹੀਂ, ਸ਼ਰਾਬ ਸੀ ਪਰ ਨਸ਼ਾ ਨਹੀਂ, ਹੁਸਨ ਸੀ ਪਰ ਦਿਲਫੇਰਬੀ ਨਹੀਂ, ਢਾਂਚਾ ਸੀ ਪਰ ਰੂਹ ਨਹੀਂ। ਮੌਲਾਨਾ ਰੂਮ, ਸਨਾਈ, ਔਹਦੀ ਅਤੇ ਸੁਲਤਾਨਅਬੂ ਸਈਦਾ ਦਾ ਸ਼ਬਦ ਇਹੋ ਦੱਸਦਾ ਹੈ ਕਿ ਕਿੱਥੋਂ ਪੈਦਾ ਹੋਏ ਹਾਂ।

ਮੁਗਲੀਆ ਦੌਰ ਵਿਚ ਫਾਰਸੀ ਅਦਬ ਦਾ ਜ਼ੋਰ ਹੋਰ ਚਮਕਿਆ। ਇਸ ਖਾਨਦਾਨ ਦੇ ਅਕਸਰ ਬਾਦਸ਼ਾਹ ਅਤੇ ਅਮੀਰ ਵਜ਼ੀਰ ਵੀ ਸ਼ੇਅਰ ਕਹਿਣ ਲੱਗੇ ਸਨ। ਇਨ੍ਹਾਂ ਦੇ ਦਰਬਾਰ ਵਿਚ ਫਾਰਸੀ ਸਾਹਿਤਕਾਰਾਂ ਦਾ ਜ਼ੋਰ ਸ਼ੋਰ ਰਹਿੰਦਾ ਸੀ। ਅਕਬਰ ਭਾਵੇਂ ਅਨਪੜ੍ਹ ਸੀ ਪਰ ਆਲਿਮਾਂ ਫਾਜ਼ਿਲਾਂ ਦਾ ਕਦਰਦਾਨ ਸੀ। ਸਾਹਿਤ ਨੂੰ ਪ੍ਰਫੁੱਲਿਤ ਕਰਨ ਲਈ ਯੋਗ ਢੰਗ ਅਪਣਾਏ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਆਮ ਲੋਕ ਵੀ ਫਾਰਸੀ ਸਿੱਖਣ ਲੱਗੇ ਅਤੇ ਫਾਰਸੀ ਨੂੰ ਸਰਕਾਰੀ ਭਾਸ਼ਾ ਬਣਾ ਦਿੱਤਾ। ਸਿੱਟੇ ਵਜੋਂ ਹਿੰਦੂ ਸਾਹਿਬਾਨ ਵੀ ਫਾਰਸੀ ਸਿੱਖਣ ਲੱਗੇ। ਹੋਰ ਧਰਮਾਂ ਵਿਚ ਵੀ ਇਕ ਨਵੀਂ ਫਿਜ਼ਾ ਕਾਇਮ ਹੋ ਗਈ। ਜਹਾਂਗੀਰ ਤੋਂ ਲੈ ਕੇ ਸ਼ਾਹਜਹਾਂ ਤੱਕ ਫਾਰਸੀ ਇਲਮ-ਓ-ਅਦਬ ਦੀ ਖੂਬ ਤਰੱਕੀ ਹੋਈ। ਇਸ ਪਿਛੋਂ ਹੌਲੀ-ਹੌਲੀ ਨਿਖਾਰ ਆਉਣ ਲੱਗਿਆ। ਇਸ ਦੌਰ ਦੇ ਪ੍ਰਸਿੱਧ ਸ਼ਾਇਰ ਫੈਜ਼ੀ, ਉਰਫੀ, ਨਜ਼ੀਰੀ, ਜ਼ਹੂਰੀ, ਤਾਲਿਬ ਆਮਲੀ, ਅਬੂ ਤਾਲਿਬ ਕਲੀਮ, ਸਾਇਬ, ਕੁਦਸੀ, ਗਨੀ ਕਾਸ਼ਮੀਰੀ, ਚੰਦਰ ਭਾਨ ਬ੍ਰਾਹਮਣ, ਕਾਸਿਰ ਅਲੀ ਸਰਹਿੰਦੀ, ਬੇਦਿਲ ਅਤੇ ਹੁਜੀਂ ਦੇ ਨਾਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ।

ਸਭ ਤੋਂ ਵੱਧ ਖੁਸ਼ੀ ਦੀ ਗੱਲ ਤਾਂ ਇਹ ਹੈ ਕਿ ਇਸੇ ਦੌਰ ਦੇ ਗਜ਼ਲਗੋ ਸ਼ਾਇਰ (1633 ਈ. 1715 ਈ.) ਵਿਚ ਭਾਈ ਨੰਦ ਲਾਲ ਗੋਯਾ ਦਾ ਵੀ ਜ਼ਿਕਰ ਆਉਂਦਾ ਹੈ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਨਾਲ ਜੁੜੇ ਹੋਏ ਸਨ। ਇਨ੍ਹਾਂ ਦੀ ਪੈਦਾਇਸ਼ ਗਜ਼ਨਾ ਵਿਖੇ ਹੋਈ ਸੀ। ਕੁਝ ਹਾਲਾਤ ਕਰਕੇ 1697 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਆਨੰਦਪੁਰ ਪੱਕੇ ਤੌਰ ਤੇ ਰਹਿਣ ਲੱਗੇ। ਗੁਰੂ ਸਾਹਿਬ ਇਲਮ-ਓ-ਅਦਬ ਦੇ ਕਦਰਦਾਨ ਸਨ। ਉਨ੍ਹਾਂ ਨੂੰ ਆਪ ਵੀ ਪੜ੍ਹਨ ਦਾ ਸ਼ੌਕ

ਸੀ। ਭਾਰਤ ਦੇ ਬਹਾਦੁਰਾਂ ਦੇ ਕਿੱਸੇ-ਕਹਾਣੀਆਂ ਸੁਣ ਕੇ, ਇਸੇ ਕਰਕੇ ਕਈ ਸ਼ਾਇਰ ਆਪਣੇ ਦਰਬਾਰ ਵਿਚ ਮੁਲਾਜ਼ਮ ਰੱਖੇ ਗਏ ਸਨ। ਫਾਰਸੀ ਗਜ਼ਲ ਅਤੇ ਸੰਸਕ੍ਰਿਤ ਦੇ ਜਾਣੂ ਸਨ। ਪੁਰਾਣੀਆਂ ਧਾਰਮਿਕ ਕਿਤਾਬਾਂ, ਛੇ ਸ਼ਾਸਤਰਾਂ, ਉਪਨਿਸ਼ਦਾਂ ਅਤੇ ਪੁਰਾਣਾਂ ਆਦਿ ਦਾ ਗਿਆਨ ਵੀ ਉਨ੍ਹਾਂ ਨੂੰ ਬਹੁਤ ਸੀ ਅਤੇ ਇਨ੍ਹਾਂ ਨੂੰ ਬਹੁਤ ਸ਼ੌਕ ਨਾਲ ਸੁਣਿਆ ਕਰਦੇ ਸਨ।[11] ਭਾਈ ਨੰਦ ਲਾਲ ਗੋਯਾ ਵੀ ਗੁਰੂ ਸਾਹਿਬ ਦੇ ਕੋਲ ਫਿਕਰ-ਓ-ਫਨ ਦਾ ਮੁਜ਼ਾਹਰਾ ਕਰਦੇ ਰਹੇ। ਇਨ੍ਹਾਂ ਦਾ ਦੀਵਾਨ 63 ਗਜ਼ਲਾਂ ਤੇ ਆਧਾਰਿਤ ਹੈ।

**ਭਾਈ ਨੰਦ ਲਾਲ ਗੋਯਾ ਦੀਆਂ ਗਜ਼ਲਾਂ ਦੇ ਵਿਸ਼ੇ:** ਦਰਅਸਲ ਗਜ਼ਲ ਇਸ਼ਕ ਦੇ ਵਿਸ਼ੇ, ਕੁਦਰਤ ਸੰਬੰਧੀ, ਖਿਆਲਾਤ ਅਤੇ ਵੇਖ ਰਹੇ ਨਜ਼ਾਰਿਆਂ ਦੇ ਇਜ਼ਹਾਰ ਦੇ ਲਈ ਬਹੁਤ ਢੁੱਕਵੀਂ ਸਿਨਫ ਹੈ। ਆਸ਼ਿਕ ਇਸ ਵਿਚ ਆਪਣੇ ਖਿਆਲਾਤ ਅਤੇ ਜਜ਼ਬਾਤ ਨੂੰ ਹਕੀਮ ਅਤੇ ਨਿਜੀ ਨਜ਼ਾਰਿਆਂ, ਨੁਕਤਿਆਂ ਨੂੰ ਹਮ ਵਜ਼ਨ ਸ਼ੇਅਰਾਂ ਵਿਚ ਪਰੋ ਕੇ ਕਾਫੀਆਂ ਦੀ ਰੱਸੀ ਵਿਚ ਬੰਨ੍ਹ ਕੇ ਬਿਆਨ ਕਰਦਾ ਹੈ। ਇਸ ਤਰ੍ਹਾਂ ਗਜ਼ਲ ਇਸ਼ਕ ਅਤੇ ਮੁਹੱਬਤ ਦੇ ਦਾਖਲੀ ਵਿਸ਼ਿਆਂ ਦੇ ਲਈ ਰਹਿ ਗਈ।[12] ਮੁਹੱਬਤ ਦੇ ਅਰਥ ਉੱਕਾ ਇਹ ਨਹੀਂ ਕਿ ਉਹ ਕਿਸੇ ਮਨੁੱਖ ਨਾਲ ਹੀ ਹੋਵੇ ਸਗੋਂ ਜ਼ਮੀਨ ਤੋਂ ਲੈ ਕਿ ਆਸਮਾਨ ਤੱਕ ਮੁਹੱਬਤ ਕੀਤੀ ਜਾ ਸਕਦੀ ਹੈ। ਮੁਹੱਬਤ ਦੀ ਇਸ ਖੁੱਲ੍ਹ-ਡੁੱਲ ਨੇ ਸੂਫੀਵਾਦ ਨੂੰ ਗਜ਼ਲ ਦੀ ਦੁਨੀਆਂ ਵਿਚ ਦਾਖਲ ਹੋਣ ਦੀ ਆਗਿਆ ਦਿੱਤੀ ਹੈ।[13]

ਸੂਫੀਵਾਦ ਤੇ ਗਜ਼ਲ ਨੂੰ ਹੋਰ ਉੱਚਾ ਚੁੱਕਿਆ, ਇਸ਼ਕ ਅਤੇ ਹੁਸਨ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਭਾਵ ਜਿੱਥੇ ਇਸ਼ਕ ਹੋਵੇਗਾ, ਖਿੱਚ ਵੀ ਹੋਵੇਗੀ ਕਿਉਂਕਿ ਹੁਸਨ-ਏ-ਕਾਮਿਲ ਸਿਰਫ ਹਕੀਕੀ ਇਸ਼ਕ ਵਿਚ ਪਾਇਆ ਜਾਂਦਾ ਹੈ। ਇਸ ਲਈ ਇਸ਼ਕ ਵਿਚ ਉਹੀ ਕਾਮਿਲ ਹੋਵੇਗਾ ਜਿਹੜਾ ਸੱਚੇ ਪਿਆਰ ਵਿਚ ਖੁੱਭਿਆ ਹੋਵੇਗਾ। ਇਹੋ ਕਾਰਨ ਹੈ ਕਿ ਸੂਫੀਆਂ ਦੀ ਸ਼ਾਇਰੀ ਵਿਚ ਜਿਹੜਾ ਜਜ਼ਬਾ ਅਤੇ ਅਸਰ ਹੈ, ਹੋਰਾਂ ਦੇ ਕਲਾਮ ਵਿਚ ਰਤਾ ਕੁ ਵੀ ਅਸਰ ਨਹੀਂ ਪਾਇਆ ਜਾਂਦਾ। ਸੂਫੀਆਂ ਦਾ ਮਤਲਬ ਸੱਚਾ ਇਸ਼ਕ ਹੈ, ਇਸ ਕਰਕੇ ਇਨ੍ਹਾਂ ਦਾ ਇਸ਼ਕ ਨਿਸ਼ਕਾਮ ਸੇਵਾ ਭਾਵਨਾ ਅਤੇ ਪਾਕ ਸਾਫ ਕਿਸੇ ਹੋਰ ਝੰਬੇਲੇ ਤੋਂ ਦੂਰ ਹੁੰਦਾ ਹੈ। ਮਿਜਾਜ਼ੀ ਇਸ਼ਕ ਖਤਮ ਹੋਣ ਵਾਲਾ ਹੈ ਜਿਸ ਵਿਚ ਉਹ ਜ਼ੋਰ, ਜਜ਼ਬਾ ਅਤੇ ਸਬਰ ਸੰਤੋਖ ਨਹੀਂ ਹੁੰਦਾ ਜਿਹੜਾ ਇਸ਼ਕ-ਏ-ਹਕੀਕੀ ਵਿਚ ਮਿਲਦਾ ਹੈ।

ਸੂਫੀਵਾਦ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਹ ਲਫਜ ਜਿਹੜੇ ਇਸ਼ਕ ਅਤੇ ਸ਼ਰਾਬ ਲਈ ਆਮ ਵਰਤੇ ਜਾਂਦੇ ਹਨ ਇਨ੍ਹਾਂ ਸਾਰਿਆਂ ਨੂੰ ਹਕੀਕਤ ਅਤੇ ਰਾਜ਼ ਨਿਆਜ਼ ਦੀ ਅਸਲ ਸ਼ਕਲ

---

11 ਉਹੀ।

12 ਅਬਦੁਲ ਕਾਦਿਰ ਸਰਵਰੀ, ਜਦੀਦ ਉਰਦੂ ਸ਼ਾਇਰੀ, ਪੰਨਾ 48.

13 ਆਲ ਅਹਿਮਦ ਸਰੂਰ, ਤਨਕੀਦੇ, ਦੇ ਬੁਨਿਆਦੀ ਮਸਾਇਲ, ਪੰਨਾ 213.

ਦਿੱਤੀ। ਇਹ ਨਿਸਬਤ ਉਸ ਦੇ ਹਕੀਕੀ ਇਸ਼ਕ ਨੂੰ ਸਾਫ-ਸਾਫ ਇਸ ਤਰ੍ਹਾਂ ਬਿਆਨ ਕੀਤਾ ਜਾਵੇ ਜਿਵੇਂ ਛੋਟੇ ਦਰਜੇ ਦਾ ਸ਼ਾਇਰ ਤਬੀਅਤ ਠੀਕ ਤੇ ਚੰਗੇ ਸ਼ੇਅਰਾਂ ਨੂੰ ਨਜ਼ਮ ਤੌਹੀਦ ਅਤੇ ਰਿਸਾਲਤ ਆਦਿ ਨੂੰ ਲਿਖਦਾ ਹੈ।[14] ਹਜ਼ਰਤ ਮੌਲਾਨਾ ਰੂਮ ਲਿਖਦੇ ਹਨ, ''ਬਹੁਤ ਵਧੀਆ ਉਹ ਹੋਵੇਗਾ ਜਿਹੜਾ ਦੋਸਤਾਂ ਦੇ ਭੇਦਾਂ ਨੂੰ ਉਘਾੜੇ, ਇਸੇ ਤਰ੍ਹਾਂ ਚੰਗਾ ਇਹ ਹੋਵੇਗਾ ਜਿਹੜਾ ਦੂਜਿਆਂ ਦੀਆਂ ਕਹਾਣੀਆਂ ਦਾ ਜ਼ਿਕਰ ਕਰੇ।''

ਗਜ਼ਲ ਦਾ ਹਰ ਸ਼ੇਅਰ ਆਪਣੇ ਆਪ ਵਿਚ ਨਜ਼ਮ ਹੁੰਦਾ ਹੈ। ਗਜ਼ਲ ਲਿਖਣ ਵਾਲਾ ਯਤਨ ਕਰਦਾ ਹੈ ਕਿ ਉਹ ਕਿਸੇ ਤਰ੍ਹਾਂ ਇਕ ਸ਼ੇਅਰ ਦੇ ਕੁਝ ਸ਼ਬਦਾਂ ਵਿਚ ਬਹੁਤ ਸਾਰੇ ਸ਼ਬਦ ਭਰ ਦੇਵੇ। ਅਜਿਹੇ ਇਕੱਲੇ ਸ਼ਬਦਾਂ ਵਿਚ ਕਈ ਅਰਥ ਨਿਕਲ ਆਉਂਦੇ ਹਨ। ਇਕ ਸ਼ਬਦ ਕਿਹਾ ਨਾ ਜਾਵੇ ਕਿੰਨੀਆਂ ਗੱਲਾਂ ਅੱਖਾਂ ਦੇ ਸਾਹਮਣੇ ਆ ਗਈਆਂ ਜਿਵੇਂ, 'ਇਕ ਰਾਤ ਮਜਨੂੰ ਲੈਲਾ ਨੂੰ ਮਿਲਿਆ ਤਾਂ ਲੈਲਾ ਨੇ ਕਿਹਾ ਤੂੰ ਬੇਹਿੰਮਤਾ ਇਸ਼ਕ ਕਰਨ ਵਾਲਾ ਹੈਂ, ਜੇਕਰ ਤੈਂ ਆਸ਼ਿਕ ਬਣਨਾ ਹੈ ਤਾਂ ਮਜਨੂੰ ਨਾ ਬਣ'।[15]

ਮਜਨੂੰ ਸ਼ਬਦ ਨੇ ਮਜਨੂੰ ਦੀਆਂ ਸਾਰੀਆਂ ਖੂਬੀਆਂ ਲੈ ਆਂਦੀਆਂ। ਇਸੇ ਕਰਕੇ ਗਜ਼ਲ ਵਿਚ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਨਾ ਸਿਰਫ ਅਢੁੱਕਵਾਂ ਹੈ ਸਗੋਂ ਨਾ ਮੁਨਾਸਿਬ ਹੈ। ਮਿਰਜ਼ਾ ਗਾਲਿਬ ਲਿਖਦੇ ਹਨ- ''ਆਪਣੇ ਪ੍ਰੇਮੀ ਦੇ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਨਾਲ ਕੰਮ ਨਹੀਂ ਚੱਲਦਾ, ਜਦੋਂ ਤੱਕ ਉਸ ਨਾਲ ਬੁਰਾ ਭਲਾ ਅਤੇ ਤੇਜ਼ ਨਾ ਬੋਲਿਆ ਜਾਵੇ।''[16]

ਹਕੀਕਤ ਇਹ ਹੈ ਕਿ ਸ਼ੇਅਰ ਸਮਝਣਾ ਸ਼ੇਅਰ ਕਹਿਣ ਤੋਂ ਘੱਟ ਨਹੀਂ। ਖੁਸ਼ਨਸੀਬ ਹਨ ਉਹ ਲੋਕ ਜਿਨ੍ਹਾਂ ਨੂੰ ਕੁਦਰਤ ਨੇ ਸ਼ੇਅਰ ਸਮਝਣ ਦਾ ਹੁਨਰ ਅਦਾ ਕੀਤਾ ਹੈ, ਸਹੀ ਕਿਹਾ ਗਿਆ ਹੈ-

''ਸ਼ੇਅਰ ਕਹਿਣਾ ਭਾਵੇਂ ਮੋਤੀ ਤਲਾਸ਼ ਕਰਨਾ ਹੁੰਦਾ ਹੈ
ਸ਼ੇਅਰ ਸਮਝਣਾ ਸ਼ੇਅਰ ਕਹਿਣ ਨਾਲੋਂ ਵੀ ਮੁਸ਼ਕਿਲ ਹੈ।''[17]

ਉਪਰੋਕਤ ਰੌਸ਼ਨੀ ਭਾਈ ਨੰਦ ਲਾਲ ਗੋਯਾ ਜਿਹੜੇ ਇਕ ਸੂਫੀ ਸ਼ਾਇਰ ਹਨ, ਦੀਆਂ ਗਜ਼ਲਾਂ ਵਿਚ ਪ੍ਰਯੋਗ ਕੀਤੇ ਗਈ। ਤਮਸੀਲੀ ਲਫਜ਼ਾਂ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਦੀਆਂ ਗਜ਼ਲਾਂ ਦੇ ਵਿਸ਼ੇ ਤੈਅ ਕੀਤੇ ਜਾਂਦੇ ਹਨ।

---

14 ਸੱਯਦ ਅਮੀਰ ਹਸਨ ਨੂਰਾਨੀ, ਜਦੀਦ ਤਾਰੀਖੇ ਅਦਬੇ ਉਰਦੂ, ਪੰਨਾ 20.
15 ਦੀਵਾਨ-ਏ-ਹਾਫਿਜ਼ ਅਨੁਵਾਦ ਸੱਜਾਦ ਹੁਸੈਨ, ਪੰਨਾ 204.
16 ਦੀਵਾਨ-ਏ-ਗਾਲਿਬ ਸੰਪਾਦਕ ਮਾਲਿਕ ਰਾਮ, ਪੰਨਾ 53.
17 ਸਦੀਕ ਮਸਊਦ ਹਸਨ ਰਿਜ਼ਵੀ, ਹਮਾਰੀ ਸ਼ਾਇਰੀ ਕੀ ਵੁਸਅਤ, ਹਿੱਸਾ ਦੂਜਾ, ਪੰਨਾ 126.

**ਜ਼ਿੰਦਗੀ ਦਾ ਮੰਤਵ:** ਕਿਸੇ ਢੰਗ ਸ਼ਾਇਰੀ ਨੇ ਜ਼ਿੰਦਗੀ ਦੇ ਮੰਤਵ ਨੂੰ ਕਿੰਨੇ ਸੋਹਣੇ ਮੰਤਵ ਨਾਲ ਸਪੱਸ਼ਟ ਬਿਆਨ ਕੀਤਾ ਹੈ ਕਿ ਆਗਿਆਕਾਰੀ, ਬੰਦਗੀ ਅਤੇ ਸਿਮਰਨ ਦੇ ਲਈ ਰੂਹ ਨੇ ਹਸਤੀ ਦਾ ਲਿਬਾਸ ਪਹਿਨਿਆ ਹੋਇਆ ਹੈ। ਪਰ ਹੋਰ ਕੋਈ ਗਰਜ਼, ਮਤਲਬ, ਸੌਕ, ਜਾਂ ਦੁਨੀਆਂ ਦੀ ਰੰਗੀਨੀ ਅਤੇ ਖੁਸ਼ਹਾਲੀ ਦਾ ਨਕਸ਼ਾ ਇੱਥੇ ਆਉਣ ਲਈ ਦਿੱਲ ਖਿੱਚਵਾਂ ਨਹੀਂ, ਜ਼ਿੰਦਗੀ ਦਾ ਮੰਤਵ ਤਾਂ ਸਿਰਫ ਇਬਾਦਤ ਹੈ ਹੋਰ ਕੁਝ ਨਹੀਂ- ਬੰਦਗੀ ਕਰਨਾ ਹੀ ਅਸਲ ਮੰਤਵ ਹੈ, ਮੇਰੇ ਵਜੂਦ ਲਈ ਪਰ ਤੇਰਾ ਇਸ ਦੁਨੀਆਂ ਵਿਚ ਆਉਣ ਦਾ ਹੋਰ ਕੋਈ ਸ਼ੌਕ ਨਹੀਂ।

**ਮੁਰਸ਼ਿਦ-ਏ-ਕਾਮਿਲ ਦੇ ਪੈਰਾਂ ਦੀ ਧੂੜ:** ਦਿਲ ਦੀ ਰੌਸ਼ਨੀ ਲਈ ਮੁਰਸ਼ਿਦ-ਏ-ਕਾਮਿਲ ਚਾਹੀਦਾ ਹੈ ਜਿਸ ਦੀ ਸੇਵਾ ਕਰਨ ਨਾਲ ਮਨੁੱਖ ਦਾ ਦਿਲ ਰੌਸ਼ਨ ਹੋ ਜਾਂਦਾ ਹੈ। ਜੇਕਰ ਰੱਬ ਦੀ ਤਲਾਸ਼ ਕਰਨ ਵਾਲਿਆਂ ਨੂੰ ਇਹ ਗੱਲ ਨਸੀਬ ਹੋ ਜਾਵੇ ਤਾਂ ਉਨ੍ਹਾਂ ਦੇ ਪੈਰਾਂ ਦੀ ਮਿੱਟੀ ਦਿਲ ਵਿਚ ਰੌਸ਼ਨੀ ਪੈਦਾ ਕਰ ਦੇਵੇਗੀ। ਰੱਬ ਦੀ ਰਾਹ ਤਲਾਸ਼ ਕਰਨ ਵਾਲਿਆਂ ਵਿਚ ਉਨ੍ਹਾਂ ਦੀ ਅੱਖ ਦਾ ਸੁਰਮਾ ਬਣ ਜਾਵਾਂ। ਜਦੋਂ ਮਨੁੱਖ ਕਾਮਿਲ ਉਸਤਾਦ ਦੇ ਪੈਰਾਂ ਦੀ ਮਿੱਟੀ ਨੂੰ ਆਪਣੀ ਅੱਖਾਂ ਦਾ ਸੁਰਮਾ ਬਣਾ ਲੈਂਦਾ ਹੈ ਤਾਂ ਉਸ ਨੂੰ ਹਕੀਕੀ ਮਹਿਬੂਬ ਦੇ ਦਰਸ਼ਨ ਹੋ ਜਾਂਦੇ ਹਨ। ਓ ਗੋਯਾ ਜਦੋਂ ਤੂੰ ਆਪਣੇ ਮੁਰਸ਼ਿਦ-ਏ-ਕਾਮਿਲ ਨੂੰ ਵੇਖ ਲਵੇਂਗਾ ਤਾਂ ਤੈਨੂੰ ਸੱਚ ਦੇ ਦੀਦਾਰ ਹੋ ਜਾਣਗੇ, ਫਿਰ ਤੂੰ ਸੱਚੇ ਮਾਲਿਕ ਨੂੰ ਨਹੀਂ ਵੇਖੇਂਗਾ। ਅੱਖਾਂ ਰੱਖਣ ਵਾਲਿਆਂ ਨੂੰ ਤਾਂ ਉਸ ਸੁਰਮੇ ਦੀ ਵੀ ਜ਼ਰੂਰਤ ਨਹੀਂ, ਤੂੰ ਤਾਂ ਆਦਮੀਆਂ ਦੇ ਰਾਹ ਦੀ ਖਾਨ ਨੂੰ ਸੁਰਮਾ ਸਮਝੀਂ ਬੈਠਾ ਹੈਂ।

ਕਾਮਿਲ ਉਸਤਾਦ ਦੇ ਦਰਗਾਹ ਦੀ ਰਤਾ ਕੁ ਮਿੱਟੀ ਮਨੁੱਖ ਨੂੰ ਸੋਨਾ ਬਣਾਉਣ ਵਾਲਾ ਬਣਾ ਦਿੰਦੀ ਹੈ। ਹਰੇਕ ਫਕੀਰ ਨੂੰ ਸਾਰੀ ਦੁਨੀਆਂ ਦਾ ਬਾਦਸ਼ਾਹ ਬਣਾ ਸਕਦੀ ਹੈ। ਸਾਰੀ ਦੁਨੀਆਂ ਦੇ ਦੁੱਖਾਂ ਦਾ ਇਲਾਜ ਕਰਦੀ ਹੈ। ਇਸ ਲਈ ਦੁਨੀਆਂ ਦੀ ਸਾਰੀ ਦੌਲਤ ਉਸ ਦੇ ਦਰ ਦੀ ਮਿੱਟੀ ਤੇ ਕੁਰਬਾਨ ਕਰਨੀ ਚਾਹੀਦੀ ਹੈ। ਜਦੋਂ ਤੱਕ ਮਨੁੱਖ ਅਜਿਹਾ ਨਹੀਂ ਕਰਦਾ, ਆਪਣਾ ਮੰਤਵ ਪ੍ਰਾਪਤ ਨਹੀਂ ਕਰ ਸਕਦਾ।

ਗੋਯਾ ਤਾਂ ਆਪਣੇ ਮੁਰਸ਼ਿਦ ਕਾਮਿਲ ਦੀ ਦਰਗਾਹ ਦੀ ਖਾਕ ਸੈਂਕੜੇ ਤਾਜਾਂ ਤੋਂ ਵਧੇਰੇ ਚੰਗੀ ਸਮਝਦੇ ਸਨ ਅਤੇ ਕਹਿੰਦੇ ਹਨ ਕਿ ਜੇਕਰ ਮੈਂ ਤਾਜ ਦੀ ਇੱਛਾ ਕਰਾਂ ਤਾਂ ਮੈਂ ਪਾਪੀ ਹਾਂ। ਜਦੋਂ ਮੈਂ ਆਪਣੇ ਮੁਰਸ਼ਿਦ ਦਾ ਦਾਮਨ ਫੜ ਲਿਆ ਤਾਂ ਜ਼ਰੇ ਵਾਂਗ ਉਸ ਦੇ ਪੈਰਾਂ ਦੀ ਖਾਕ ਬਣ ਗਿਆ।

ਗੁਰੂ ਅਰਜਨ ਦੇਵ ਸਾਹਿਬ ਫਰਮਾਉਂਦੇ ਹਨ ਕਿ ਅੱਲਾਹ ਵਾਲੇ (ਨੇਕ ਲੋਕਾਂ) ਦੇ ਪੈਰਾਂ ਦੀ ਮਿੱਟੀ ਸਦਕੇ ਹੀ ਮਨੁੱਖ ਆਪਣੇ ਆਪ ਨੂੰ ਮਿਟਾ ਸਕਦਾ ਹੈ।

ਨਾਨਕ ਸੰਤ ਚਰਨ ਸੰਗਿ ਉਧਰੇ ਹੋਰ ਮਾਇਆ ਮਗਨ ਚਲੇ ਸਭਿ ਡਾਰੀ।[18]

ਇਸੇ ਕਰਕੇ ਉਹ ਰੱਬ ਤੱਕ ਪਹੁੰਚੇ ਹੋਏ ਲੋਕਾਂ ਦੇ ਪੈਰਾਂ ਦੀ ਧੂੜ ਦੀ ਤਮੰਨਾ ਕਰਦੇ ਹਨ।

ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ।[19]

ਜਿਹੜੇ ਲੋਕ ਇਨ੍ਹਾਂ ਰੱਬ ਤੱਕ ਪਹੁੰਚੇ ਹੋਏ ਨੇਕ ਲੋਕਾਂ ਦੀ ਧੂੜ ਨੂੰ ਆਪਣੇ ਮੱਥੇ ਤੇ ਲਗਾ ਲੈਂਦੇ ਹਨ ਤਾਂ ਉਨ੍ਹਾਂ ਦੇ ਦਿਲਾਂ ਵਿਚੋਂ ਲੋਕਾਂ ਦੀ ਨਫਰਤ ਖਤਮ ਹੋ ਜਾਂਦੀ ਹੈ।

ਧੂਰਿ ਸੰਤਨ ਕੀ ਮਸਤਕਿ ਲਾਇ, ਜਨਮ ਜਨਮ ਕੀ ਦੁਰਮਤਿ ਮਲੁ ਜਾਇ।[20]

ਗੁਰੂ ਨਾਨਕ ਸਾਹਿਬ ਨੇ ਵੀ ਇਹੋ ਇੱਛਾ ਪ੍ਰਗਟ ਕੀਤੀ ਸੀ, ਜੇਕਰ ਉਨ੍ਹਾਂ ਨੇ ਆਪਣੇ ਸੱਚੇ ਮਾਲਕ ਦੇ ਪੈਰਾਂ ਦੀ ਧੂੜ ਦੀ ਰਤਾ ਕੁ ਮਿੱਟੀ ਖੈਰਾਤ ਦੇ ਤੌਰ ਤੇ ਮਿਲ ਜਾਵੇ ਤਾਂ ਉਹ ਉਸ ਨੂੰ ਆਪਣੇ ਮੱਥੇ ਤੇ ਲਗਾ ਲੈਣ, ਅਜਿਹੀ ਖੈਰਾਤ ਬਹੁਤ ਘੱਟ ਨਸੀਬ ਹੁੰਦੀ ਹੈ।

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ
ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ।[21]

ਸਗੋਂ ਇਥੋਂ ਤੱਕ ਇੱਛਾ ਪ੍ਰਗਟ ਕੀਤੀ ਹੈ ਕਿ ਉਹ ਹਕੀਕੀ ਮਹਿਬੂਬ ਦੇ ਪੈਰਾਂ ਦੀ ਧੂੜ ਸਦਾ ਬਣੇ ਰਹਿਣ।

ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ।[22]

ਰੱਬ ਤੱਕ ਪਹੁੰਚਦਿਆਂ ਹੋਇਆਂ ਬੰਦਾ ਗਿਆਨ ਦੇ ਸਾਰੇ ਇਸ਼ਾਰਿਆਂ ਤੋਂ ਵਾਕਿਫ ਹੁੰਦਾ ਹੈ। ਰੱਬ ਦੇ ਭੇਦਾਂ ਦੀਆਂ ਹਕੀਕਤਾਂ ਅਤੇ ਰੱਬ ਦੇ ਨੂਰ ਦੀਆਂ ਦਲੀਲਾਂ ਜ਼ਾਹਿਰ ਕਰਦਾ ਹੈ। ਆਰਿਫ ਰੱਬ ਦੇ ਇਸ਼ਕ ਵਿਚ ਖੋ ਜਾਂਦਾ ਹੈ ਅਤੇ ਉੱਠਦਾ ਬੈਠਦਾ, ਸੌਂਦਾ ਜਾਗਦਾ ਉਸ ਦੀ ਮੁਕੰਮਲ ਕੁਦਰਤ ਵਿਚ ਲੀਨ ਹੋ ਜਾਂਦਾ ਹੈ। ਆਰਿਫ ਤੇ ਜਦੋਂ ਹਾਲ ਦੀ ਕੈਫੀਅਤ ਸ਼ੁਰੂ ਹੋ ਜਾਂਦੀ ਹੈ ਤਾਂ ਉਹ ਉਸ ਵਿਚ ਅਜਿਹਾ ਖੋ (ਗਰਕ ਹੋ) ਜਾਂਦਾ ਹੈ ਕਿ ਜੇਕਰ ਹਜ਼ਾਰਾਂ ਫਰਿਸ਼ਤੇ ਵੀ ਉਸ ਨਾਲ ਗੱਲਬਾਤ ਕਰਨਾ ਚਾਹੁਣ ਤਾਂ ਉਹ ਉਧਰ ਧਿਆਨ ਨਹੀਂ ਦਿੰਦਾ। ਰੱਬ ਦਾ ਇਹ ਬੰਦਾ ਸਦਾ ਹੱਸਦਾ ਰਹਿੰਦਾ ਹੈ। ਜਦੋਂ ਰੱਬ ਦੀ ਮਖਲੂਕ ਫਰਿਸ਼ਤਿਆਂ ਨੂੰ ਵੇਖਦਾ ਹੈ ਤਾਂ ਉਹ ਉਨ੍ਹਾਂ ਨੂੰ ਵੇਖ ਕੇ ਹੱਸਦਾ ਹੈ। ਆਰਿਫ ਦੋਵੇਂ ਜਹਾਨਾਂ ਤੋਂ ਆਪਣਾ ਨਾਤਾ ਤੋੜ ਕੇ ਆਉਣ ਵਾਲੇ ਕੱਲ ਲਈ ਸੋਚਦਾ ਹੈ। ਜਦੋਂ ਇਕਾਂਤ ਵਿਚ ਇਕੱਲਾ ਰਹਿ ਜਾਂਦਾ ਹੈ ਤਾਂ ਉਹ ਹਰੇਕ ਚੀਜ਼ ਤੋਂ ਬੇਨਿਆਜ਼ ਹੋ ਜਾਂਦਾ

---

[18] ਗੁਰੂ ਗ੍ਰੰਥ ਸਾਹਿਬ, ਪੰਨਾ 1388
[19] ਉਹੀ, ਪੰਨਾ 618.
[20] ਉਹੀ, ਪੰਨਾ 897.
[21] ਉਹੀ, ਪੰਨਾ 468.
[22] ਉਹੀ, ਪੰਨਾ 989.

ਹੈ। ਆਰਿਫ ਦਾ ਸਭ ਤੋਂ ਛੋਟਾ ਦਰਜਾ ਇਹ ਹੈ ਕਿ ਉਹ ਰੱਬ ਦੀਆਂ ਸਿਫਤਾਂ ਦਾ ਪ੍ਰਗਟਾਵਾ ਕਰਦਾ ਹੈ। ਆਰਿਫ ਚੁੱਪ ਰਹਿੰਦਾ ਹੈ ਜਿਵੇਂ ਰੱਬ ਨਾਲ ਗੱਲਾਂ ਕਰਦਾ ਹੋਵੇ। ਆਰਿਫ ਉਹ ਹੈ ਜਿਹੜਾ ਆਪਣੇ ਦਿਲੋਂ ਸਾਰੀਆਂ ਬੇਕਾਰ ਗੱਲਾਂ ਕੱਢ ਦੇਵੇ। ਉਸਦਾ ਕਮਾਲ ਇਹ ਹੈ ਕਿ ਦੋਸਤ ਦੀ ਰਾਹ ਵਿਚ ਆਪਣੇ ਆਪ ਨੂੰ ਜਲਾ ਕੇ ਸੁਆਹ ਕਰ ਦੇਵੇ। ਇਸ ਦਾ ਕੰਮ ਰੱਬੀ ਯਾਦ ਵਿਚ ਆਪਣੇ ਆਪ ਨੂੰ ਮਿਟਾ ਦੇਵੇ। ਇਹ ਦੁਨੀਆਂ ਦਾ ਦੁਸ਼ਮਣ ਅਤੇ ਰੱਬ ਦਾ ਦੋਸਤ ਹੁੰਦਾ ਹੈ। ਇਸ ਨੂੰ ਦੁਨੀਆਂ ਦੇ ਸ਼ੋਰ ਸ਼ਰਾਬੇ ਦੀ ਕੋਈ ਖਬਰ ਨਹੀਂ ਰਹਿੰਦੀ। ਇਸ ਦਾ ਕੰਮ ਬੇਨਿਆਜ਼ੀ ਹੈ। ਇਸ ਦੀ ਆਦਤ ਨਿਸ਼ਕਾਮ ਸੇਵਾ ਭਾਵਨਾ ਹੈ। ਮੁਹੱਬਤ ਵਿਚ ਨਿਪੁੰਣ ਹੁੰਦਾ ਹੈ। ਆਪਣੇ ਉਹੀ ਦੋਸਤ ਨਾਲ ਗੱਲਬਾਤ ਕਰਦਾ ਹੈ ਜਿਹੜਾ ਉਸ ਦਾ ਜਿਗਰੀ ਦੋਸਤ ਹੁੰਦਾ ਹੈ।

ਗੋਯਾ ਲਿਖਦੇ ਹਨ ਕਿ ਆਰਿਫ ਸੱਚਾ ਹੁੰਦਾ ਹੈ ਜਿਸ ਦੀ ਮਲਕੀਅਤ ਵਿਚ ਕੁਝ ਨਾ ਹੋਵੇ। ਇਸ ਦਾ ਭਰੋਸਾ ਇਹ ਹੈ ਕਿ ਉਹ ਰੱਬ ਤੋਂ ਇਲਾਵਾ ਕਿਸੇ ਹੋਰ ਵੱਲ ਧਿਆਨ ਨਾ ਦੇਵੇ। ਜਿਹੜਾ ਸਵੇਰੇ ਉੱਠੇ ਤਾਂ ਰਾਤ ਦੀ ਫਿਕਰ ਨਾ ਕਰੇ। ਰੱਬ ਦੀ ਯਾਦ ਤੋਂ ਇਲਾਵਾ ਕਿਸੇ ਹੋਰ ਦੀ ਯਾਦ ਨਾ ਕਰੇ। ਇਸ ਦੀ ਮਿਸਾਲ ਸੂਰਜ ਵਾਂਗ ਹੈ ਜਿਹੜਾ ਸਾਰੀ ਦੁਨੀਆਂ ਨੂੰ ਰੌਸ਼ਨੀ ਅਤੇ ਚਮਕ ਬਖਸ਼ਦਾ ਹੈ।[23] ਆਰਿਫ ਉਹ ਆਦਮੀ ਹੈ ਜਿਸ ਨੂੰ ਜ਼ਾਤ ਸਿਫਾਤ ਦੀਆਂ ਚੀਜ਼ਾਂ ਦਾ ਗਿਆਨ ਹੋਵੇ ਅਤੇ ਸਮੂਹਿਕ ਸਾਰੀਆਂ ਜ਼ਾਹਰੀ ਅਤੇ ਇਸ ਦੀ ਹਕੀਕਤ ਅਤੇ ਮਹੱਤਤਾ ਤੋਂ ਜਾਣੂ ਹੋਵੇ, ਜ਼ਿੰਦਗੀ ਅਤੇ ਆਰਿਫ ਦੀਆਂ ਘੱਟਦੀਆਂ ਵੱਧਦੀਆਂ ਹਾਲਤਾਂ ਤੋਂ ਜਾਣੂੰ ਹੋਵੇ ਜਿਸ ਨੇ ਆਪਣੇ ਆਪ ਨੂੰ ਪਛਾਣ ਲਿਆ ਹੋਵੇ, ਉਸ ਨੇ ਰੱਬ ਨੂੰ ਪਛਾਣ ਲਿਆ ਹੋਵੇ ਅਤੇ ਭੇਦ ਉਸ ਤੇ ਜ਼ਾਹਿਰ ਹੋਏ ਹੋਣ।[24]

ਗੋਯਾ ਅਨੁਸਾਰ ਉਹੀ ਦਿਲ ਵਾਲਾ ਹੈ ਜਿਸ ਦੇ ਦਿਲ ਵਿਚ ਰੱਬੀ ਸ਼ੌਕ ਹੋਵੇ, ਹਰ ਅਕਲ ਵਾਲੇ ਦਾ ਇਹ ਕੰਮ ਨਹੀਂ ਹੁੰਦਾ, ਕੰਮ ਕਰਨ ਵਾਲਾ ਕੋਈ ਪਾਗਲ ਨਹੀਂ ਹੁੰਦਾ। ਉਹੀ ਆਰਿਫ ਹੈ ਜਿਹੜਾ ਰੱਬ ਤੋਂ ਆਪਣੀ ਪ੍ਰੇਸ਼ਾਨੀ ਨਹੀਂ ਲੁਕਾਉਂਦਾ, ਉਸ ਦੇ ਜ਼ਿਕਰ ਤੋਂ ਇਲਾਵਾ ਬਾਕੀ ਸਾਰੀਆਂ ਗੱਲਾਂ ਨੂੰ ਫਜ਼ੂਲ ਸਮਝੇ। ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਕਹੇ। ਉਸ ਦੀ ਯਾਦ ਅਤੇ ਬਾਣੀ ਤੋਂ ਇਲਾਵਾ ਕੋਈ ਹੋਰ ਗੱਲ ਨਾ ਕਹੇ। ਰੱਬ ਦੇ ਬੰਦੇ ਸਦਾ ਹਕੀਕੀ ਰੱਬ ਦੇ ਜਮਾਲ ਵਿਚ ਹੀ ਰਹਿੰਦੇ ਹਨ। ਆਪਣੀਆਂ ਵੱਡਮੁੱਲੀਆਂ ਚੀਜ਼ਾਂ ਰੱਬੀ ਰਾਹ ਵਿਚ ਕੁਰਬਾਨ ਕਰਨ ਲਈ ਤਿਆਰ ਰਹਿੰਦੇ ਹਨ। ਉਸ ਦੀਆਂ ਆਪਣੀਆਂ ਸੁਗੰਧਾਂ ਨੂੰ ਆਮ ਲੋਕਾਂ ਵਿਚ ਫੈਲਾਉਣ ਦਾ ਯਤਨ ਕਰੇ, ਉਸ ਦੇ ਰਸਤੇ ਸੈਂਕੜੇ ਰੋਕਾਂ ਨੂੰ ਚਲਾਉਣ ਦਾ ਯਤਨ ਕਰੇ। ਯਕੀਨੀ ਤੌਰ ਤੇ ਉਨ੍ਹਾਂ ਨੂੰ ਰੱਬ ਵੱਲ

---

23 ਸੱਯਦ ਸਬਾਹੁੱਦੀਨ ਅਬਦੁਰ ਰਹਿਮਾਨ, ਬਜ਼ਮ-ਏ-ਸੂਫੀਆ, ਪੰਨੇ 78-81.

24 ਫਰੀਉੱਦਦੀਨ ਸਦੀ ਇਸਤਲਾਹਾ, ਸੂਫੀਆ, ਪੰਨਾ 54.

ਲਿਆਉਣ ਦੀ ਕੋਸ਼ਿਸ਼ ਕਰੇ ਤਾਂ ਉਹ ਉੱਕਾ ਹੀ ਕਿਸੇ ਹੋਰ ਚੀਜ਼ ਵੱਲ ਧਿਆਨ ਨਾ ਦੇਵੇ। ਅਕਸਰ ਲੋਕ ਅਜਿਹੇ ਲੋਕਾਂ ਵੱਲ ਧਿਆਨ ਨਹੀਂ ਦਿੰਦੇ।

**ਗੋਯਾ:** ਤੇਰੇ ਲਈ ਮੈਂ ਹਜ਼ਾਰ ਸੱਜਦੇ ਕਰ ਸਕਦਾ ਹਾਂ, ਤੇਰੇ ਲਈ ਹੀ ਮੈਂ ਕਾਅਬੇ ਦੇ ਆਲੇ-ਦੁਆਲੇ ਚੱਕਰ ਵੀ ਲਗਾ ਸਕਦਾ ਹਾਂ। ਹਰ ਥਾਂ ਤੂੰ ਨਹੀਂ ਹੈਂ, ਪਰ ਤੇਰਾ ਜਮਾਲ ਹਰ ਥਾਂ ਹੈ। ਦਿਲ ਵਾਲੇ ਤਾਂ ਤੇਰੇ ਨਜ਼ਾਰੇ ਨੂੰ ਵੇਖ ਲੈਂਦੇ ਹਨ, ਆਪਣੀ ਜਾਨ ਵੀ ਤੇਰੇ ਲਈ ਕੁਰਬਾਨ ਕਰਨ ਲਈ ਤਿਆਰ ਹਨ, ਤੇਰੇ ਨਾਮ ਨਾਲ ਮੇਰਾ ਮੁਰਦਾ ਦਿਲ ਜਿਊਂਦਾ ਹੋ ਜਾਂਦਾ ਹੈ। ਸ਼ੀਸ਼ੇ ਵਿਚ ਜਦੋਂ ਸ਼ਕਲ ਵੇਖਦਾ ਹਾਂ ਤਾਂ ਤੇਰਾ ਨਜ਼ਾਰਾ ਨਜ਼ਰੀਂ ਆਉਂਦਾ ਹੈ। ਸ਼ੀਸ਼ਾ ਵੀ ਤੇਰੇ ਹੱਕ-ਸੱਚ ਦੀ ਹਾਮੀ ਭਰਦਾ ਹੈ। ਹਰ ਥਾਂ ਤੇਰਾ ਜਮਾਲ ਵੇਖਦਾ ਹਾਂ। ਮੇਰੇ ਦੋਸਤ, ਤੇਰੇ ਤੋਂ ਬਗੈਰ ਕਿਸੇ ਹੋਰ ਦੀ ਸ਼ਕਲ ਚੰਗੀ ਨਹੀਂ ਲਗਦੀ। ਆਰਿਫ ਲੋਕਾਂ ਨੂੰ ਵੀ ਇਹੋ ਚੀਜ਼ ਚੰਗੀ ਲੱਗਦੀ ਹੈ। ਆਸ਼ਿਕਾਂ ਨੂੰ ਉਸ ਕੂਚੇ ਤੋਂ ਚੰਗਾ ਕੂਚਾ (ਮੁਹੱਆ) ਹੋਰ ਕੋਈ ਚੰਗਾ ਨਹੀਂ ਲਗਦਾ। ਆਸ਼ਿਕ ਜਦੋਂ ਉਸ ਦੇ ਇਸ਼ਕ ਵਿਚ ਗਰਕ ਹੋ ਜਾਂਦੇ ਹਨ, ਉਸਦੀ ਮਰਜ਼ੀ ਤੋਂ ਬਗੈਰ ਸਾਹ ਲੈਣਾ ਵੀ ਚੰਗਾ ਨਹੀਂ ਸਮਝਦੇ। ਗੋਯਾ ਇਸੇ ਕਰਕੇ ਹਰੇਕ ਬੰਦੇ ਨੂੰ ਰੱਬ ਦਾ ਰੂਪ ਸਮਝਦੇ ਹਨ। ਆਪਣੇ ਆਪ ਨੂੰ ਆਰਿਫ ਦਾ ਗੁਲਾਮ ਮੰਨਦੇ ਹਨ। ਰੱਬ ਨਾਲ ਇਸ਼ਕ ਰੱਖਣ ਵਾਲੇ ਨੂੰ ਬਾਦਸ਼ਾਹ ਦੇ ਬਰਾਬਰ ਸਗੋਂ ਉਸ ਤੋਂ ਵੀ ਉੱਚਾ ਸਮਝਦੇ ਹਨ। ਜਿਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥[25]

**ਗੋਯਾ:** ਆਪਣੇ ਗੁਰੂ ਦੀ ਸੇਵਾ ਕਰਨਾ ਹੈ ਮਿੱਟੀ ਨੂੰ ਸੋਨਾ ਬਣਾਉਣਾ।
ਬਾਦਸ਼ਾਹ ਵੀ ਉਸ ਨੂੰ ਆਪਣਾ ਕਰੀਬੀ ਬਣਾ ਲੈਂਦਾ ਹੈ।
ਗਰੀਬਾਂ ਦੇ ਹਾਲ ਤੋਂ ਕੋਈ ਆਦਮੀ ਵੀ ਬੇਖਬਰ ਨਹੀਂ ਹੈ।
ਅਸੀਂ ਹੀ ਉਨ੍ਹਾਂ ਕੋਲ ਜਾਂਦੇ ਹਾਂ ਭਾਵੇਂ ਬਾਦਸ਼ਾਹ ਨਾ ਜਾਵੇ।

ਜਿਹੜੇ ਲੋਕ ਰੱਬ ਦੇ ਨੇੜਲੇ ਬੰਦੇ ਇਸ਼ਕ ਦੇ ਇਸ਼ਾਰਿਆਂ ਨੂੰ ਸਮਝਣ ਵਾਲੇ ਹਨ, ਉਹ ਹੀ ਹਮੇਸ਼ਾ ਕਾਇਮ ਰਹਿਣ ਵਾਲੇ ਹਨ।

**ਗੋਯਾ:** ਜਿਹੜਾ ਸੱਚੇ ਇਸ਼ਕ ਵਿਚ ਆਪਣੇ ਆਪ ਨੂੰ ਮਿਟਾ ਲੈਂਦਾ ਹੈ
ਜਿਹੜਾ ਇਸ਼ਕ ਦੇ ਇਸ਼ਾਰਿਆਂ ਤੋਂ ਵਾਕਿਫ ਹੋ ਜਾਂਦਾ ਹੈ
ਰੱਬ ਦੇ ਇਸ਼ਕ ਤੋਂ ਬਗੈਰ ਹੋਰ ਕੋਈ ਇਸ਼ਕ ਨਹੀਂ
ਰੱਬ ਦੇ ਇਸ਼ਕ ਨਾਲ ਹੀ ਮਨੁੱਖ ਫਨਾ ਹੁੰਦਾ ਹੈ।[26]

---

[25] ਗੁਰੂ ਗੰਥ ਸਾਹਿਬ, ਪੰਨਾ 721.
[26] ਦੀਵਾਨ-ਏ-ਹਾਫਿਜ਼, ਪੰਨਾ 149.

ਆਰਿਫ ਤੋਂ ਬਗੈਰ ਕਦੀਂ ਨਿਜਾਤ ਨਹੀਂ ਹੋ ਸਕਦੀ, ਜ਼ਮੀਨ ਅਤੇ ਜ਼ਮਾਨੇ ਵਾਲਿਆਂ ਨੇ ਇਨ੍ਹਾਂ ਨੂੰ ਆਪਣਾ ਬਣਾਇਆ ਹੈ। ਮਨੁੱਖ ਹਮੇਸ਼ਾ ਹੀ ਜਿਊਂਦਾ ਰਹਿੰਦਾ ਹੈ। ਗੋਯਾ ਬੰਦਗੀ ਤੋਂ ਬਗੈਰ ਮਨੁੱਖ ਦੀ ਕੋਈ ਨਿਸ਼ਾਨੀ ਹੀ ਨਹੀਂ ਰਹਿੰਦੀ। ਗੁਰੂ ਤੇਗ ਬਹਾਦੁਰ ਸਾਹਿਬ ਫਰਮਾਉਂਦੇ ਹਨ:

ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤ ਮੈਂ ਕਿਨ ਜਪਿਓ ਗੁਰ ਮੰਤੁ।[27]

ਭਾਵ ਜਿਹੜੇ ਲੋਕਾਂ ਨੇ ਰੱਬ ਦਾ ਸਿਮਰਨ ਕੀਤਾ ਉਹ ਹਮੇਸ਼ਾ ਜਿਊਂਦੇ ਰਹਿਣਗੇ। ਰੱਬ ਨੂੰ ਪਾਉਣ ਦਾ ਇਲਾਜ ਦਿਲ ਵਾਲਿਆਂ ਦੇ ਕੋਲ ਹੈ। ਸਿਰਫ ਜੰਗਲਾਂ ਵਿਚ ਵਸੇਰਾ ਕਰਨ ਨਾਲ ਰੱਬ ਨਹੀਂ ਮਿਲਦਾ। ਇਹ ਹੱਕ ਸੱਚ ਦਾ ਸੌਦਾ ਦਿਲ ਵਾਲਿਆਂ ਕੋਲ ਮਿਲੇਗਾ, ਜੰਗਲਾਂ ਵਿਚ ਘੁੰਮਣ ਫਿਰਨ ਨਾਲ ਗੱਲ ਨਹੀਂ ਬਣਦੀ। ਇਸ ਹੱਕ-ਸੱਚ ਦੇ ਸ਼ੌਕ ਪ੍ਰਾਪਤ ਕਰਨ ਲਈ ਵੀ ਸੱਚੇ ਰੱਬ ਦੇ ਆਸ਼ਿਕਾਂ ਕੋਲ ਜਾਣਾ ਪਵੇਗਾ। ਇਹ ਸੰਸਾਰਕ ਪ੍ਰੇਮੀਆਂ ਕੋਲ ਨਹੀਂ ਸਗੋਂ ਸੱਚੇ ਪ੍ਰੇਮੀਆਂ ਦੇ ਰਸਤੇ ਤੇ ਮਿਲੇਗਾ।

**ਗੋਯਾ:** ਰੱਬ ਦੇ ਰਾਹ ਤੇ ਚੱਲਣ ਵਾਲੇ ਦੱਸਦੇ ਹਨ ਕਿ ਯਕੀਨ ਨਾਲ ਇਹ ਗੱਲ ਕਹੀ ਜਾ ਸਕਦੀ ਹੈ ਕਿ ਖਿਦਮਤ ਕਰਨ ਵਾਲਾ ਮਨੁੱਖ ਦੁਨੀਆਂ ਦੇ ਦੁੱਖਾਂ ਤੋਂ ਨਿਜਾਤ ਪਾ ਲੈਂਦਾ ਹੈ।

ਹੱਕ-ਸੱਚ ਤੇ ਚੱਲਣ ਵਾਲਿਆਂ ਦੀ ਗੁਰੂ ਸਾਹਿਬਾਨ ਨੇ ਵੀ ਸੇਵਾ ਕੀਤੀ ਹੈ। ਗੁਰੂ ਤੇਗ ਬਹਾਦੁਰ ਫਰਮਾਉਂਦੇ ਹਨ ਕਿ ਜਿਹੜਾ ਇਨਸਾਨ ਗ਼ਮ, ਖੁਸ਼ੀ, ਸੋਨਾ ਅਤੇ ਮਿੱਟੀ ਨੂੰ ਇਕ ਬਰਾਬਰ ਸਮਝਦਾ ਹੈ ਕਿਸੇ ਦੀ ਬੁਰਾਈ ਜਾਂ ਤਾਰੀਫ ਨਹੀਂ ਕਰਦਾ। ਉਸ ਨੂੰ ਨਾ ਲਾਲਚ ਹੋਵੇ ਨਾ ਹੰਕਾਰ ਕਰਦਾ ਹੋਵੇ, ਉਸ ਨੂੰ ਕਿਸੇ ਤਰ੍ਹਾਂ ਦੀ ਸ਼ੋਹਰਤ ਅਤੇ ਬੇਇਜ਼ਤੀ ਦਾ ਲਿਹਾਜ਼ ਨਾ ਹੋਵੇ, ਸਾਰੀਆਂ ਇੱਛਾਵਾਂ ਤੋਂ ਪਾਕ ਹੋਵੇ, ਨਫਸ ਦਾ ਕੈਦੀ ਨਾ ਹੋਵੇ ਉਹ ਹੱਕ ਦਾ ਹਾਮੀ ਹੈ, ਰੱਬ ਉਸ ਦੇ ਦਿਲ ਵਿਚ ਵਸਿਆ ਰਹਿੰਦਾ ਹੈ ਅਤੇ ਰੱਬ ਦੀਆਂ ਸਿਫਤਾਂ ਵਾਲਾ ਮਨੁੱਖ ਬਣ ਜਾਂਦਾ ਹੈ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।[28]

ਸੁਖੁ ਦੁਖੁ ਜਿਹ ਪਰਸੈ ਨਹੀਂ ਲੋਭੁ ਮੋਹੁ ਅਭਿਮਾਨੁ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥

---

[27] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429.
[28] ਗੁਰੂ ਗ੍ਰੰਥ ਸਾਹਿਬ, ਪੰਨੇ 633-34.

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥[29]

ਗੁਰੂ ਅਰਜਨ ਦੇਵ ਜੀ ਸੁਖਮਨੀ ਵਿਚ ਸੱਚੇ ਆਸ਼ਿਕ ਦੇ ਬਾਰੇ ਆਪਣੇ ਖਿਆਲਤ ਦਾ ਇਜ਼ਹਾਰ ਕਰਦੇ ਹੋਏ ਫਰਮਾਉਂਦੇ ਹਨ ਕਿ ਉਸ ਦਾ ਦਿਲ ਅਤੇ ਮੂੰਹ ਸੱਚਾਈ ਦੇ ਜੇਵਰ ਨਾਲ ਸੋਹਣਾ ਹੋ ਜਾਂਦਾ ਹੈ ਅਤੇ ਉਹ ਰੱਬ ਤੋਂ ਬਗੈਰ ਕਿਸੇ ਵੱਲ ਨਿਗਾਹ ਚੁੱਕ ਕੇ ਨਹੀਂ ਵੇਖਦਾ ਜਿਵੇਂ ਕਮਲ ਦਾ ਫੁੱਲ ਚਿੱਕੜ ਵਿਚ ਹੁੰਦੇ ਹੋਏ ਵੀ ਗੰਦਗੀ ਤੋਂ ਪਾਕ ਰਹਿੰਦਾ ਹੈ, ਇਸੇ ਤਰ੍ਹਾਂ ਰੱਬ ਦੇ ਦਰਵੇਸ਼ ਬੰਦੇ ਸੰਸਾਰਕ ਬੰਧਨਾ ਤੋਂ ਪਾਕ ਹੁੰਦੇ ਹਨ। ਸੱਚੇ ਆਸ਼ਿਕ ਸੂਰਜ ਵਾਂਗ ਸਾਰਿਆਂ ਨੂੰ ਸ਼ਾਂਤੀ ਬਖਸ਼ਦੇ ਹਨ। ਉਹ ਰੱਬ ਨੂੰ ਇਕੋ-ਇਕ ਮੰਨਣ ਤੋਂ ਇਲਾਵਾ ਕਿਸੇ ਵੱਲ ਅੱਖ ਚੁੱਕ ਕੇ ਨਹੀਂ ਵੇਖਦੇ। ਕਮਲ ਦੇ ਫੁੱਲ ਵਾਂਗ ਚਿੱਕੜ ਵਿਚ ਹੁੰਦੇ ਹੋਏ ਵੀ ਪਾਕ ਸਾਫ ਰਹਿੰਦੇ ਹਨ। ਦੁਨੀਆਂ ਵਿਚ ਰਹਿੰਦਿਆਂ ਪਾਪਾਂ ਤੋਂ ਪਾਕ ਸਾਫ ਰਹਿਣਾ ਹੀ ਨੇਕੀ ਹੈ। ਬਾਦਸ਼ਾਹ ਫਕੀਰ ਬਰਾਬਰ ਹੁੰਦੇ ਹਨ, ਦੋਸਤ ਵੈਰੀ ਵੀ ਬਰਾਬਰ, ਹੰਕਾਰ ਨਹੀਂ ਉਹ ਆਪਣੇ ਆਪ ਤੋਂ ਸਭ ਨੂੰ ਉੱਚਾ ਸਮਝਦੇ ਹਨ। ਹਰੇਕ ਤਰ੍ਹਾਂ ਦੀ ਕੈਦ ਤੋਂ ਆਜ਼ਾਦ, ਰੱਬ ਦੀ ਰੱਸੀ ਨਾਲ ਆਪਣੇ ਆਪ ਨੂੰ ਬੰਨ੍ਹ ਲੈਂਦੇ ਹਨ। ਕਿਸੇ ਹੋਰ ਤੋਂ ਨਹੀਂ ਮੰਗਦੇ, ਰੱਬ ਨੂੰ ਹੀ ਸਭ ਦਾ ਦਾਤਾ ਮੰਨਦੇ ਹਨ। ਨਿਮਰਤਾ ਉਨ੍ਹਾਂ ਦੇ ਦਿਲ ਵਿਚ ਵਾਸ ਕਰ ਲੈਂਦੀ ਹੈ। ਉਨ੍ਹਾਂ ਦੀ ਕਦਰ ਨੂੰ ਕੋਈ ਜਾਨਣ ਵਾਲਾ ਨਹੀਂ, ਆਰਿਫ ਕਦੀ ਮਿਟਦੇ ਨਹੀਂ।

**ਹੱਕ ਸੱਚ ਦੇ ਲੋਕਾਂ ਦੀ ਸੋਹਬਤ:** ਹੱਕ ਵਾਲੇ ਅਤੇ ਹੱਕ ਸੱਚ ਇਕ ਹੀ ਚੀਜ਼ ਹੈ। ਇਸ ਲਈ ਹੱਕ ਸੱਚ ਦੀ ਸੋਹਬਤ ਅਖਤਿਆਰ ਕਰਨ ਵਾਲੇ ਤੋਂ ਰੱਬ ਦੇ ਨੂਰ ਦੀ ਝਲਕ ਵਿਖਾਈ ਦਿੰਦੀ ਹੈ। ਉਨ੍ਹਾਂ ਦੀ ਸੋਹਬਤ ਕਰਕੇ ਰੱਬ ਨੂੰ ਮਿਲਣ ਦਾ ਸ਼ੌਂਕ ਤਰੱਕੀ ਪਾਉਂਦਾ ਹੈ। ਅਸੀਂ ਹਰ ਥਾਂ ਰੱਬ ਦੇ ਨੂਰ ਨੂੰ ਵੇਖਦੇ ਹਾਂ, ਜਿਹੜਾ ਬਜ਼ੁਰਗਾਂ ਦੀ ਸੋਹਬਤ ਨਾਲ ਹੀ ਮਿਲਦਾ ਹੈ। ਹੱਕ ਸੱਚ ਵਾਲਿਆਂ ਦੀ ਸੋਹਬਤ ਹੀ ਰੱਬ ਦਾ ਨੂਰ ਹੈ। ਤਲਬ ਕਰਨ ਵਾਲਿਆਂ ਲਈ ਇਹੋ ਰਾਹ ਹੈ। ਹਮੇਸ਼ਾ ਹੱਕ ਸੱਚ ਵਾਲਿਆਂ ਦੀ ਸੋਹਬਤ ਅਖਤਿਆਰ ਕਰ, ਅਸਲ ਵਿਚ ਰੱਬ ਨੂੰ ਤਲਾਸ਼ ਕਰਨਾ ਹੱਕ ਵਾਲਿਆਂ ਨੂੰ ਤਲਾਸ਼ ਕਰਨਾ ਹੈ। ਜੇਕਰ ਆਰਿਫ ਦੀ ਸੋਹਬਤ ਮਿਲ ਜਾਵੇ ਤਾਂ ਹੈਰਾਨੀ ਨਹੀਂ, ਇਹੋ ਚੀਜ਼ ਇਨਸਾਨ ਬਣਾਉਣ ਵਿਚ ਮਦਦਗਾਰ ਸਾਬਿਤ ਹੁੰਦੀ ਹੈ।

ਜਦੋਂ ਹੱਕ ਸੱਚ ਵਾਲਿਆਂ ਦੀ ਸੋਹਬਤ ਮਿਲ ਜਾਂਦੀ ਹੈ ਤਾਂ ਉਸ ਦੀ ਅੱਖ ਵਿਚ ਰੱਬ ਦਾ ਨੂਰ ਸਮਾਂ ਜਾਂਦਾ ਹੈ। ਗੋਯਾ ਅਨੁਸਾਰ- ''ਜਿਸ ਅੱਖ ਵਿਚ ਰੱਬ ਤੋਂ ਇਲਾਵਾ ਕਿਸੇ ਹੋਰ ਦਾ ਨੂਰ ਹੋਵੇਗਾ, ਉਹ ਹੱਕ ਵਾਲਿਆਂ ਨੂੰ ਕਿਵੇਂ ਤਲਾਸ਼ ਕਰ ਸਕਦੇ ਹਨ।''

---

29 ਉਹੀ, ਪੰਨੇ 1427.

ਹੱਕ ਸੱਚ ਨੂੰ ਪੰਜਾਬੀ ਵਿਚ ਸਾਧ ਸੰਗਤ ਕਿਹਾ ਜਾਂਦਾ ਹੈ। ਗੋਯਾ ਅਜਿਹੇ ਲੋਕਾਂ ਤੇ ਕੁਰਬਾਨ ਹੋਣ ਲਈ ਆਖਦਾ ਹੈ।

ਮੈਂ ਅਜਿਹੇ ਲੋਕਾਂ ਦੇ ਰਾਹ ਤੇ ਕੁਰਬਾਨ ਹੋ ਜਾਵਾਂ,
ਐ ਗੋਯਾ ਮੇਰਾ ਦਿਲ ਅਜਿਹਾ ਕਰਨ ਦੀ ਤਮੰਨਾ ਕਰਦਾ ਹੈ।

ਉਨ੍ਹਾਂ ਦੀ ਮਜਲਿਸ ਨੂੰ ਮਸਤਾਂ ਦੀ ਮਜਲਿਸ ਆਖਿਆ ਹੈ ਜਿਸ ਵਿਚ ਸਿਰਫ ਰੱਬ ਦੀ ਬਜ਼ੁਰਗੀ ਹੀ ਬਿਆਨ ਕੀਤੀ ਗਈ ਹੈ।

ਐ ਨਸੀਹਤ ਕਰਨ ਵਾਲੇ ਘੱਟ ਬੋਲ ਸਿਰਫ ਨਸੀਹਤ ਦੀਆਂ ਗੱਲਾਂ ਤੋਂ ਇਲਾਵਾ ਕੁਝ ਨਾ ਕਹਿ। ਇਹ ਬਜ਼ਮ ਕੋਈ ਕਿੱਸੇ-ਕਹਾਣੀਆਂ ਬਿਆਨ ਕਰਨ ਵਾਲੀ ਨਹੀਂ ਹੈ।

ਗੁਰੂ ਅਰਜਨ ਦੇਵ ਜੀ ਵੀ ਨੇਕ ਲੋਕਾਂ ਕੋਲ ਬੈਠਣ ਲਈ ਫਰਮਾਉਂਦੇ ਹਨ:

ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ।[30]

ਸਾਧੁਸੰਗਿ ਨਾਲ ਮਨ ਸਾਫ ਹੋ ਜਾਂਦਾ ਹੈ ਅਤੇ ਰੱਬ ਨੇੜੇ ਹੋ ਜਾਂਦਾ ਹੈ।

ਸਾਧ ਸੰਗਤ ਮਲ ਲਾਥੀ ਪਾਰਬ੍ਰਹਮ ਭਇਓ ਸਾਥੀ।[31]

ਸਾਧ ਸੰਗਤ ਨਾਲ ਮਨ ਦੀਆਂ ਇੱਛਾਵਾਂ ਸਾਰੀਆਂ ਪੂਰੀਆਂ ਹੋ ਗਈਆਂ ਅਤੇ ਮਨ ਸਾਂਤ ਹੋ ਗਿਆ।

ਕਹੁ ਨਾਨਕ ਜਉ ਸਾਧਸੰਗੁ ਪਾਇਆ।
ਬੁਝੀ ਤ੍ਰਿਸਨਾ ਮਹਾ ਸੀਤਲਾਇਆ।[32]

ਗੁਰੂ ਅਰਜਨ ਦੇਵ ਵੀ ਆਪਣੀ ਰਚਨਾ 'ਸੁਖਮਨੀ' ਵਿਚ ਨੇਕ ਲੋਕਾਂ ਦੀ ਸੋਹਬਤ ਅਖਤਿਆਰ ਕਰਨ ਲਈ ਆਪਣੀ ਰਾਏ ਦੱਸਦੇ ਹਨ ਕਿ ਅੱਲਾਹ ਵਾਲਿਆਂ ਦੀ ਸੋਹਬਤ ਕਰਨ ਵਾਲਾ ਇਨਸਾਨ ਕਾਮਯਾਬ ਹੋ ਜਾਂਦਾ ਹੈ। ਉਸ ਦੇ ਦਿਲ ਦੀ ਮੈਲ ਖਤਮ ਹੋ ਜਾਂਦੀ ਹੈ। ਹੰਕਾਰ ਮਿੱਟ ਜਾਂਦਾ ਹੈ। ਦਿਲ ਰੌਸ਼ਨ ਹੋ ਜਾਂਦਾ ਹੈ। ਦਿਲ ਦਾ ਹਨੇਰਾ ਖਤਮ ਹੋ ਜਾਂਦਾ ਹੈ। ਰੱਬ ਦਾ ਨਾਂ ਲੈਣ ਵਿਚ ਸੁਆਦ ਆਉਂਦਾ ਹੈ। ਦਿਲਾਂ ਵਿਚ ਮਨੁੱਖਤਾ ਨਾਲ ਪਿਆਰ ਅਤੇ ਨਿਰਮਤਾ ਆ ਜਾਂਦੀ ਹੈ। ਬੁਰੇ ਕੰਮਾਂ ਤੋਂ ਬਚਦਾ ਹੈ, ਕੋਈ ਮਨੁੱਖ ਇਸ ਨੂੰ ਬੁਰਾ ਨਹੀਂ ਲੱਗਦਾ, ਉਸਦਾ ਰੱਬ ਵੱਲ ਧਿਆਨ ਲੱਗਿਆ ਰਹਿੰਦਾ ਹੈ। ਆਪਾ ਮਿੱਟ ਜਾਂਦਾ ਹੈ। ਹਮੇਸ਼ਾ ਸ਼ਾਂਤੀ ਆ ਜਾਂਦੀ ਹੈ। ਸਹਿਣ ਕਰਨ ਦੀ ਭਾਵਨਾ ਅਤੇ ਤਾਕਤ ਆ ਜਾਂਦੀ ਹੈ, ਉਚੇ ਰੁਤਬੇ ਪ੍ਰਾਪਤ ਕਰ ਲੈਂਦਾ ਹੈ।

---

30 ਗੁਰੂ ਗ੍ਰੰਥ ਸਾਹਿਬ, ਪੰਨਾ 47.
31 ਉਹੀ, ਪੰਨਾ 625.
32 ਉਹੀ, ਪੰਨਾ 913.

ਹਰੇਕ ਧਰਮ ਦਾ ਸਤਿਕਾਰ ਕਰਨਾ ਸਿਰਫ ਰੱਬ ਦਾ ਨਾਂ ਲੈਣਾ ਹੈ, ਉਸ ਨੂੰ ਰੱਬ ਦੇ ਨਾਂ ਦਾ ਖਜ਼ਾਨਾ ਮਿਲ ਜਾਂਦਾ ਹੈ। ਨਸਲਾਂ ਸੁਧਰ ਜਾਂਦੀਆਂ ਹਨ, ਜੀਵਨ ਦਾ ਮੰਤਵ ਪੂਰਾ ਹੋ ਜਾਂਦਾ ਹੈ। ਦੁਨੀਆਂ ਵਿਚ ਇਜ਼ੱਤ ਅਤੇ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਰੱਬ ਨੂੰ ਨਹੀਂ ਭੁੱਲਦਾ, ਦੁੱਖ ਤਕਲੀਫ ਦੂਰ ਹੋ ਜਾਂਦੀ ਹੈ। ਮੁੱਕਦੀ ਗੱਲ ਇਹ ਹੈ ਕਿ ਰੱਬ ਦੇ ਪਹੁੰਚੇ ਹੋਏ ਬੰਦਿਆਂ ਨਾਲ ਮਿਲਣ ਦੇ ਬਹੁਤ ਜ਼ਿਆਦਾ ਲਾਭ ਹਨ।

**ਦੁਨੀਆਂ ਤੋਂ ਮੂੰਹ ਫੇਰਨਾ:** ਗੋਯਾ ਕਹਿੰਦੇ ਹਨ ਕਿ ਦੁਨੀਆਂ ਅਤੇ ਜੋ ਕੁਝ ਇਸ ਵਿਚ ਹੈ ਸਾਰਾ ਮਿਟਣ ਵਾਲਾ ਹੈ। ਗੋਯਾ ਫਿਰ ਕਹਿੰਦੇ ਹਨ, ''ਜੇਕਰ ਪਿਛਲੇ ਸਮੇਂ ਬਾਰੇ ਮੈਥੋਂ ਪੁੱਛੋਂ ਤਾਂ ਇਹ ਦੁਨੀਆਂ ਬਹੁਤ ਖਰਾਬ ਸੀ ਜਿਸ ਵਿਚ ਕਿੰਨੇ ਬਾਦਸ਼ਾਹ ਅਤੇ ਫਕੀਰ ਹੋ ਚੁੱਕੇ ਹਨ। ਦੁਨੀਆਂ ਨੇ ਸਿਕੰਦਰ ਵਰਗੇ ਵੱਡਿਆਂ ਨੂੰ ਤਬਾਹ ਕਰ ਦਿੱਤਾ ਹੈ। ਇਸ ਵਿਚ ਹਰ ਚੀਜ਼ ਮਿਟਣ ਵਾਲੀ ਹੈ ਜਿਹੜੇ ਆਸ਼ਿਕ ਇਸ਼ਕ ਦੀਆਂ ਰਮਜ਼ਾਂ ਤੋਂ ਜਾਣੂ ਹਨ।''

ਨੰਦ ਲਾਲ ਗੋਯਾ ਤਾਂ ਇਹ ਵੀ ਕਹਿੰਦੇ ਹਨ ਕਿ ਮੁੱਢ ਤੋਂ ਹੀ ਇਹ ਆਵਾਜ਼ ਲੱਗੀ ਸੀ ਕਿ ਦੁਨੀਆਂ ਹਮੇਸ਼ਾ ਰਹਿਣ ਦੀ ਥਾਂ ਨਹੀਂ ਹੈ।

ਐ ਗੋਯਾ ਮੁੱਢ ਤੋਂ ਹੀ ਇਹ ਅਵਾਜ਼ ਲੱਗੀ ਹੈ।
ਕਿ ਦੁਨੀਆਂ ਦਾ ਮੁੱਢ ਹੀ ਦੁਨੀਆਂ ਦਾ ਖਾਤਮਾ ਹੈ।

ਗੁਰੂ ਤੇਗ ਬਹਾਦਰ ਦੁਨੀਆਂ ਨੂੰ ਬੁਲਬੁਲਾ, ਸੁਪਨਾ ਅਤੇ ਰੇਤ ਦੀ ਦੀਵਾਰ ਕਹਿੰਦੇ ਹਨ-

ਜਿਉ ਸੁਪਨਾ ਅਰ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈਂ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥
ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥
ਕਹਿ ਨਾਨਕ ਥਿਰ ਨਾ ਰਹੇ ਜਿਉ ਬਾਲੂ ਦੀ ਭੀਤ।[33]

ਗੁਰੂ ਤੇਗ ਬਹਾਦਰ ਨੇ ਦੁਨੀਆਂ ਅਤੇ ਇਸ ਵਿਚ ਸਾਰੇ ਸਮਾਜ ਨੂੰ ਬਦਲ ਕੇ ਛਾਂ ਅਤੇ ਸੁਪਨੇ ਨਾਲ ਮਿਲਦਾ-ਜੁਲਦਾ ਦੱਸਿਆ ਹੈ।

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।[34]

ਗੁਰੂ ਨਾਨਕ ਫਰਮਾਉਂਦੇ ਹਨ ਕਿ ਅਸੀਂ ਕਿਸੇ ਦੇ ਨਾਲ ਰਿਸ਼ਤਾ-ਨਾਤਾ ਨਾ ਜੋੜੀਏ ਕਿਉਂਕਿ ਸਾਰੀ ਦੁਨੀਆਂ ਮਿੱਟ ਜਾਣ ਵਾਲੀ ਹੈ।

---

[33] ਗੁਰੂ ਗ੍ਰੰਥ ਸਾਹਿਬ, ਪੰਨੇ 38, 1427.
[34] ਉਹੀ, ਪੰਨਾ 219.

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰ।[35]

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।[36]

ਕਬੀਰ ਜੀ ਵੀ ਦੁਨੀਆਂ ਨੂੰ ਸੁਪਨੇ ਵਾਂਗ ਦੱਸਦੇ ਹਨ:

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ।[37]

ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਐ ਇਨਸਾਨ! ਜਿਹੜੀ ਚੀਜ਼ ਦੁਨੀਆਂ ਵਿਚ ਵਿਖਾਈ ਦੇ ਰਹੀ ਹੈ, ਸਾਰੀ ਫਨਾ ਹੋਣ ਵਾਲੀ ਹੈ।

ਬੰਦੇ ਚਸਮ ਦੀਦੰ ਫਨਾਇ।[38]

**ਜ਼ਿੰਦਗੀ ਦਾ ਖਤਮ ਹੋ ਜਾਣਾ:** ਇਹ ਤੈਅ ਸ਼ੁਦਾ ਹੈ ਕਿ ਮਨੁੱਖੀ ਜੀਵਨ ਖਤਮ ਹੋਣ ਵਾਲਾ ਹੈ ਜਿਸ ਦਾ ਇਕ ਦਿਨ ਮੁਕੱਰਰ ਹੋਇਆ ਹੈ, ਕੋਈ ਅਜਿਹੀ ਸਵੇਰ ਨਹੀਂ ਜਿਸ ਦੀ ਸ਼ਾਮ ਨਾ ਹੋਵੇ, ਕੋਈ ਅਜਿਹੀ ਬਹਾਰ ਨਹੀਂ ਜਿਸ ਦੀ ਖਿਜਾਂ (ਪਤਝੜ) ਨਾ ਹੋਵੇ। ਮਨੁੱਖੀ ਉਮਰ ਤੇਜ਼ ਹਵਾ ਵਾਂਗ ਲੰਘ ਰਹੀ ਹੈ ਅਤੇ ਮੌਜਾਂ ਵਾਂਗ ਅੱਗੇ ਵੱਧ ਰਹੀ ਹੈ। ਇਸ ਕਰਕੇ ਇਨਸਾਨ ਨੂੰ ਇਸ ਦਾ ਇਕ-ਇਕ ਪਲ ਸੰਭਲ ਕੇ ਰੱਬ ਦੀ ਯਾਦ ਵਿਚ ਲੰਘਾਉਣਾ ਚਾਹੀਦਾ ਹੈ। ਗੁਰੂ ਤੇਗ ਬਹਾਦਰ ਜੀ ਅਨੁਸਾਰ, ਰਾਵਨ ਵਰਗੇ ਵੀ ਇਸ ਜਹਾਨ ਤੋਂ ਰੁਖਸਤ ਹੋ ਗਏ ਕਿਉਂਕਿ ਇਥੇ ਸਦਾ ਰਹਿਣ ਵਾਲੀ ਕੋਈ ਚੀਜ਼ ਨਹੀਂ ਹੈ, ਦੁਨੀਆਂ ਇਕ ਸੁਪਨਾ ਹੈ।

ਏਹ ਸਰੀਰੁ ਸਭ ਮੂਲੁ ਹੈ ਮਾਇਆ॥[39]

**ਰੱਬ ਨਾਲ ਇਸ਼ਕ:** ਰੱਬ ਨਾਲ ਇਸ਼ਕ ਹੀ ਹਮੇਸ਼ਾ ਰਹਿਣ ਵਾਲਾ ਹੈ। ਬਾਕੀ ਸੰਸਾਰਿਕ ਸਾਰੀਆਂ ਚੀਜ਼ਾਂ ਖਤਮ ਹੋਣ ਵਾਲੀਆਂ ਹਨ।

ਬਿਨ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ।
ਇਕ ਖਿਨ ਮਹਿ ਬਿਸਰਿ ਸਭ ਜਾਇ॥[40]

ਜਗਤ ਮੇ ਝੂਠੀ ਦੇਖੀ ਪ੍ਰੀਤ॥
ਆਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥[41]

---

35 ਉਹੀ, ਪੰਨਾ 468
36 ਉਹੀ।
37 ਉਹੀ, ਪੰਨਾ 482.
38 ਉਹੀ, ਪੰਨਾ 723
39 ਉਹੀ, ਪੰਨਾ-1065.
40 ਉਹੀ, ਪੰਨਾ 720.
41 ਉਹੀ, ਪੰਨਾ 536.

ਦੁਨੀਆਂ ਵਿਚ ਸਾਰੇ ਰਿਸ਼ਤੇ ਮਤਲਬ ਪ੍ਰਸਤੀ ਦੇ ਹਨ, ਉਨ੍ਹਾਂ ਦਾ ਇਸ਼ਕ ਝੂਠਾ ਹੈ। ਜਿਸ ਮਨੁੱਖ ਦੇ ਦਿਲ ਵਿਚ ਰੱਬ ਦਾ ਇਸ਼ਕ ਹੈ ਉਹ ਦਿਲ ਵਾਲਾ ਹੈ। ਇਹ ਹਰੇਕ ਦਾ ਕੰਮ ਨਹੀਂ ਕਿ ਰੱਬ ਨਾਲ ਇਸ਼ਕ ਕਰ ਸਕੇ। ਇਸ ਲਈ ਸੱਚਾ ਆਸ਼ਿਕ ਉਹੀ ਹੈ ਜਿਸ ਦਾ ਸੰਬੰਧ ਆਪਣੇ ਮਾਲਿਕ ਨਾਲ ਪੱਕੇ ਤੌਰ ਤੇ ਹੋਵੇ। ਰੱਬ ਨਾਲ ਪਿਆਰ ਅਤੇ ਇਸ਼ਕ ਦੀ ਹਰ ਧਰਮ ਪ੍ਰੇਰਣਾ ਦਿੰਦਾ ਹੈ। ਉਸ ਦਾ ਦਿਲ ਰੱਬ ਦੇ ਇਸ਼ਕ ਨਾਲ ਭਰਪੂਰ ਅਤੇ ਜੁੜਿਆ ਰਹੇ। ਰੱਬ ਦਾ ਆਸ਼ਿਕ ਇਸ ਦੁਨੀਆਂ ਤੋਂ ਬਹੁਤ ਕੁਝ ਲੈ ਜਾਵੇਗਾ। ਰੱਬ ਦਾ ਸ਼ੌਕ ਮਨੁੱਖ ਨੂੰ ਭਾਵੇਂ ਫਨਾ ਕਰ ਦਿੰਦਾ ਹੈ, ਪਰ ਹਮੇਸ਼ਾ ਲਈ ਜਿਉਂਦਾ ਵੀ ਕਰ ਦਿੰਦਾ ਹੈ। ਇਸ ਦੀ ਦਾਸਤਾਨ ਸੁਣਨ ਲਈ ਇਨਸਾਨ ਹਮੇਸ਼ਾ ਤਤਪਰ ਰਹਿੰਦਾ ਹੈ।

ਸੁਣ! ਮੈਂ ਤੈਨੂੰ ਇਸ਼ਕ ਦੀ ਦਾਸਤਾਨ ਸੁਣਾਉਂਦਾ ਹਾਂ, ਤਾਂ ਜੋ ਤੇਰੀ ਗੱਲਬਾਤ ਵਿਚ ਜਾਨ ਇਸ਼ਕ ਕਰਕੇ ਆ ਜਾਵੇਗੀ। ਸਭ ਤੋਂ ਪਹਿਲੀ ਗੱਲ ਇਸ਼ਕ ਹੀ ਹੈ, ਸ਼ੇਅਰ ਲਿਖਣ ਤੋਂ ਪਹਿਲਾਂ ਵੀ ਇਸ਼ਕ ਹੀ ਹੈ। ਐ ਪਿਆਰੇ! ਇਸ਼ਕ ਕਰਕੇ ਹਮੇਸ਼ਾ ਜ਼ਿੰਦਾ ਰਹੇਗਾ। ਇਸ ਲਈ ਇਸ਼ਕ ਦੀ ਤਾਰ ਛੇੜਦਾ ਰਹਿ। ਇਸ ਦੁਨੀਆਂ ਵਿਚ ਇਸ਼ਕ ਤੋਂ ਬਗੈਰ ਕੁਝ ਵੀ ਨਹੀਂ ਹੈ। ਇਸ ਜੀਵਨ ਦਾ ਇਹ ਬਾਰੀਕ ਨੁਕਤਾ ਹੈ।

**ਗੁਰੂ ਅੰਗਦ ਦੇਵ ਜੀ ਅਨੁਸਾਰ ਰੱਬ ਨਾਲ ਇਸ਼ਕ :** ਮੌਲਾ ਦੇ ਇਸ਼ਕ ਵਿਚ ਡੁੱਬੇ ਇਨਸਾਨ ਨੂੰ ਹੀ ਆਸ਼ਿਕ ਕਿਹਾ ਜਾਂਦਾ ਹੈ। ਰੱਬ ਉਸ ਦੇ ਨਾਲ ਭਾਵੇਂ ਚੰਗਾ ਜਾਂ ਮੰਦਾ ਸਲੂਕ ਕਰੇ, ਤਾਂ ਵੀ ਉਹ ਉਸ ਦੇ ਅੱਗੇ ਆਪਣਾ ਸੀਸ ਝੁਕਾ ਦੇਵੇ, ਉਸ ਦੇ ਹੁਕਮ ਅੱਗੇ ਕੋਈ ਚੂੰ-ਚਾਂ ਦੀ ਗੁੰਜਾਇਸ਼ ਨਹੀਂ।

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥
ਚੰਗੈ ਚੰਗਾ ਕਰਿ ਮੰਨੇ ਮੰਦੇ ਮੰਦਾ ਹੋਇ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥[42]

**ਖੁੱਲਾ ਸੁਭਾਅ:** ਸੂਫੀਵਾਦ ਦਾ ਅਸਲੀ ਮਾਲਕ ਇਸ਼ਕ ਮੁਹੱਬਤ ਹੈ। ਇਸ ਦੁਨੀਆਂ ਵਿਚ ਦੁਸ਼ਮਣ ਅਤੇ ਦੋਸਤ ਦੀ ਤਮੀਜ਼ ਖਤਮ ਹੋ ਜਾਂਦੀ ਹੈ। ਹਰੇਕ ਚੀਜ਼ ਵਿਚ ਉਸ ਦਾ ਜਲਵਾ ਨਜ਼ਰੀਂ ਆਉਂਦਾ ਹੈ। ਸਾਰੀ ਦੁਨੀਆਂ ਮਾਸ਼ੂਕ ਨਜ਼ਰੀ ਆਉਂਦੀ ਹੈ। ਦੁਨੀਆਂ ਦਾ ਚਲਣਾ ਫਿਰਨਾ, ਵਿਰੋਧ ਵਾਲੀਆਂ ਚੀਜ਼ਾਂ ਦਿਲ ਨੂੰ ਲੁਭਾਉਂਦੀਆਂ ਹਨ। ਮਨੁੱਖ ਮਨੁੱਖ ਹੀ ਨਜ਼ਰੀ ਆਉਂਦੇ ਹਨ, ਪਰ ਭਾਈ ਨੰਦ ਲਾਲ ਗੋਯਾ ਦਾ ਦਿਲ ਧਰਮ ਦੇ ਨਾਂ ਤੇ ਲੜ ਰਹੇ ਲੋਕਾਂ ਨੂੰ ਵੇਖ ਕੇ ਦੁਖੀ ਨਜ਼ਰੀਂ ਆਉਂਦਾ ਹੈ। ਗੋਯਾ ਰੱਬ ਅੱਗੇ ਅਰਦਾਸ ਕਰਦੇ ਹਨ:

---

[42] ਗੁਰੂ ਗ੍ਰੰਥ ਸਾਹਿਬ, ਪੰਨਾ 474.

ਐ ਪ੍ਰਮਾਤਮਾ ਸਾਰੇ ਪਾਸੇ ਤੂੰ ਹੀ ਤੂੰ ਹੈ, ਪਰ ਮੇਰਾ ਦਿਲ ਦੁਨੀਆਂਦਾਰੀ ਤੋਂ ਪਾਕ ਨਹੀਂ ਹੋਇਆ, ਤੂੰ ਇਸ ਨੂੰ ਸੁਧਾਰਣ ਦੀ ਰਤਾ ਵੀ ਪ੍ਰਵਾਹ ਨਹੀਂ ਕਰਦਾ। ਐ ਮਾਲਿਕ ਮੈਨੂੰ ਤੇਰੀ ਪਛਾਣ ਵਾਲੀਆਂ ਅੱਖਾਂ ਅਨਾਇਤ ਕਰ, ਮੈਂ ਹਰੇਕ ਥਾਂ ਤੈਨੂੰ ਹੀ ਵੇਖਣਾ ਚਾਹੁੰਦਾ ਹਾਂ :

> ਮੈਂ ਕਾਅਬੇ ਅਤੇ ਬੁਤਖਾਨੇ ਰੱਬ ਨੂੰ ਵੇਖਿਆ
> ਜਿੱਥੇ ਵੀ ਗਿਆ ਤੈਨੂੰ ਹੀ ਵੇਖਿਆ, ਪੰਡਿਤ ਮੌਲਵੀ
> ਰੱਬ ਤੇ ਫਨਾ ਹਨ, ਹਰੇਕ ਥਾਂ ਮੁਹੱਬਤ ਦੇ ਪਿਆਲੇ
> ਹਾਜ਼ਰ ਹਨ, ਜਦੋਂ ਕੋਈ ਮੰਦਿਰ ਮਸਜਿਦ ਜਾਂਦਾ ਹੈ, ਰੱਬ
> ਨੂੰ ਹੀ ਵੇਖਦਾ ਹੈ, ਜੇਕਰ ਸੰਜੀਦਗੀ ਨਾਲ ਸੋਚੋ ਤਾਂ ਕਾਅਬੇ

ਅਤੇ ਬੁੱਤਖਾਨੇ ਵਿਚ ਤੇਰੀ ਮੁਹੱਬਤ ਝਲਕਦੀ ਹੈ।

ਬੁਤਖਾਨਿਆਂ ਅਤੇ ਕਾਅਬਿਆਂ ਵਿਚ ਰੱਬ ਦੀ ਬੰਦਗੀ ਕੀਤੀ ਜਾ ਰਹੀ ਹੈ, ਨਾਕੂਸ ਵਿਚ ਵੀ ਤੇਰਾ ਹੀ ਤਰਾਨਾ ਹੈ। ਇਸ਼ਕ ਦਾ ਧਰਮ ਸਭ ਤੋਂ ਵੱਖਰਾ ਹੈ। ਆਸ਼ਿਕਾਂ ਦਾ ਧਰਮ ਰੱਬ ਨਾਲ ਇਸ਼ਕ ਹੈ।

**ਗੋਯਾ ਅਨੁਸਾਰ ਊਚ ਨੀਚ:** ਸਾਡੇ ਧਰਮ ਵਿਚ ਰੱਬ ਤੋਂ ਇਲਾਵਾ ਕੋਈ ਪ੍ਰਸਤੀ ਨਹੀਂ ਹੈ, ਸਿਰ ਤੋਂ ਪੈਰਾ ਤੱਕ ਹੋਸ਼ ਵਿਚ ਰਹੋ, ਮਸਤੀ ਨਹੀਂ ਹੈ, ਰੱਬ ਦੀ ਯਾਦ ਤੋਂ ਇਕ ਪਲ ਵੀ ਗਾਫਿਲ ਨਾ ਰਹੋ, ਊਚ ਨੀਚ ਤੋਂ ਇਲਾਵਾ ਕੋਈ ਉੱਚਾ ਨੀਵਾਂ ਨਹੀਂ ਹੈ।

ਗੁਰੂ ਅਰਜਨ ਦੇਵ ਦੇ ਅਨੁਸਾਰ ਸਭ ਤੋਂ ਵਧੀਆ ਧਰਮ ਰੱਬ ਦਾ ਜ਼ਿਕਰ ਅਤੇ ਚੰਗੇ ਅਮਲ ਕਰਨਾ ਹੈ।

ਸਗਲ ਧਰਮ ਮਹਿ ਸ੍ਰੇਸ਼ਟ ਧਰਮੁ ਹਰਿ ਸਿਮਰਨਿ ਤੇਰਾ ਹੋਇ ਉਧਾਰੁ॥[43]

**ਗੋਯਾ:** ਤੇਰੇ ਇਲਾਵਾ ਹੋਰ ਕੋਈ ਨਹੀਂ ਨਜ਼ਰੀ ਆਉਂਦਾ, ਤੂੰ ਵੇਖਣ ਵਾਲੀ ਅੱਖ ਕਿਉਂ ਨਹੀਂ ਬਣਾਉਂਦਾ, ਹਰ ਥਾਂ ਜਿੱਥੇ ਵੇਖਦਾ ਹਾਂ ਤੂੰ ਹੀ ਤੂੰ ਹੈ। ਮੇਰੀ ਨਜ਼ਰ ਹੋਰ ਕਿਸੇ ਚੀਜ਼ ਵੱਲ ਨਹੀਂ ਜਾਂਦੀ, ਜ਼ਾਹਿਰ (ਇਬਾਦਤ ਕਰਨ ਵਾਲਾ) ਮੈਨੂੰ ਹੋਰ ਚੀਜ਼ਾਂ ਵੇਖਣ ਤੋਂ ਮਨ੍ਹਾ ਕਰਦਾ ਹੈ। ਅਸੀਂ ਆਪ ਆਪਣੇ ਦੋਸਤ ਵੱਲ ਹੀ ਤੱਕਦੇ ਰਹਿੰਦੇ ਹਾਂ। ਕਾਅਬੇ ਅਤੇ ਬੁਤਖਾਨੇ ਦੇ ਆਲੇ-ਦੁਆਲੇ ਚੱਕਰ ਕੱਟਦੇ ਹਾਂ, ਹੋਰ ਥਾਂ ਨਹੀਂ ਜਾਂਦੇ ਬਸ ਤੈਨੂੰ ਹੀ ਵੇਖਦੇ ਹਾਂ। ਇਸ ਗੱਲ ਦੀ ਪ੍ਰੋੜਤਾ ਗੁਰੂ ਸਾਹਿਬਾਨਾਂ ਨੇ ਵੀ ਕੀਤੀ ਹੈ।

---

43 ਗੁਰੂ ਗ੍ਰੰਥ ਸਾਹਿਬ, ਪੰਨਾ 895.

**ਗੁਰੂ ਅਰਜਨ ਦੇਵ ਜੀ  ਅਨੁਸਾਰ:**

> ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭ ਤੇਰਾ ਖੇਲੁ ਅਖਾੜਾ ਜੀਉ॥[44]
> ਸਦਾ ਸਦਾ ਤੂੰ ਹੈ ਸੁਖਦਾਈ॥[45]

**ਗੁਰੂ ਨਾਨਕ ਦੇਵ ਜੀ ਅਨੁਸਾਰ:**

> ਜਲਿ ਥਲਿ ਮਹੀਅਲਿ ਰਹਿਆ ਭਰਪੂਰਿ॥
> ਨਿਕਟਿ ਵਸੈ ਨਾਹੀ ਪ੍ਰਭੁ ਦੂਰਿ॥[46]
>
> ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ॥[47]

**ਗੁਰੂ ਰਾਮਦਾਸ ਜੀ ਅਨੁਸਾਰ:**

> ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ
> ਤੂੰ ਆਪੇ ਆਪ ਪੁਰਖੁ ਸੁਜਾਨੁ ਜੀਉ॥[48]

**ਗੋਯਾ, ਬਾਬਾ ਫਰੀਦ ਦੇ ਕਾਇਲ ਹਨ:** ਭਾਵੇਂ ਸਾਰੇ ਮੇਵੇ ਸੁਆਦਲੇ ਹਨ ਪਰ ਉਸ ਦਾ ਜ਼ਿਕਰ ਅਤੇ ਯਾਦ ਸਭ ਨਾਲੋਂ ਲਜ਼ੀਜ਼ ਹੈ, ਉਸ ਦੀਆਂ ਸਿਫਤਾਂ ਦਾ ਜ਼ਿਕਰ ਕਰਨਾ ਵੀ ਲਜ਼ੀਜ਼ ਹੈ, ਉਸ ਦਾ ਨਾਂ ਲੈਣ ਨਾਲ ਸਾਰਾ ਮੂੰਹ ਲਜ਼ੀਜ਼ ਹੋ ਜਾਂਦਾ ਹੈ।

**ਰੱਬ ਹਾਜ਼ਰ ਨਾਜ਼ਰ ਹੈ:** ਰੱਬ ਹਰੇਕ ਥਾਂ ਹਾਜ਼ਰ ਨਾਜ਼ਰ ਹੈ। ਹਰ ਚੀਜ਼ ਵਿਚ ਉਹ ਵਿਆਪਕ ਹੈ। ਉਸ ਦਾ ਦੀਦਾਰ ਕਰਨ ਵਿਚ ਕੋਈ ਰੁਕਾਵਟ ਨਹੀਂ ਆਉਂਦੀ, ਸ਼ਰਤ ਇਹ ਹੈ ਕਿ ਮਨੁੱਖ ਕੋਲ ਉਸ ਦਾ ਦੀਦਾਰ ਕਰਨ ਵਾਲੀਆਂ ਅੱਖਾਂ ਹੋਣ।

**ਨਜੀਰੀ:** ਜੇਕਰ ਹਕੀਕਤ ਦਾ ਪਰਦਾ ਜ਼ਾਹਿਰ ਹੋ ਜਾਵੇ ਤਾਂ ਵੇਖਣ ਵਾਲੀਆਂ ਅੱਖਾਂ ਵੀ ਧੋਖਾ ਖਾ ਜਾਣਗੀਆਂ।[49]

ਗੋਯਾ ਕਹਿੰਦੇ ਹਨ ਕਿ ਖੁਦਾ ਹਰੇਕ ਥਾਂ ਹਾਜ਼ਰ ਨਾਜ਼ਰ ਹੈ ਤਾਂ ਇਨਸਾਨ ਨੂੰ ਉਸਦੀ ਤਲਾਸ਼ ਵਿਚ ਜੰਗਲਾਂ ਵਿਚ ਕਿਉਂ ਖਾਕ ਛਾਣਨੀ ਚਾਹੀਦੀ ਹੈ, ਸਗੋਂ ਅੰਦਰ ਹੀ ਉਸ ਨੂੰ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਹੱਕ ਦੀ ਤਲਾਸ਼ ਹੈ ਤਾਂ ਉਹ ਦਿਲ ਵਾਲਿਆਂ ਕੋਲ ਹੁੰਦਾ ਹੈ। ਜੰਗਲਾਂ ਵਿਚ ਘੁੰਮਣ ਦਾ ਕੀ ਅਰਥ? ਸਗੋਂ ਰੱਬ ਤਾਂ ਸਾਹ ਰਗ-ਰਗ ਦੇ ਨੇੜੇ ਹੈ, ਕੁਰਾਨ ਸ਼ਰੀਫ ਵਿਚ ਵੀ

---

44 ਗੁਰੂ ਗ੍ਰੰਥ ਸਾਹਿਬ, ਪੰਨਾ 103.
45 ਉਹੀ, ਪੰਨਾ 106
46 ਉਹੀ, ਪੰਨਾ 736
47 ਉਹੀ, ਪੰਨਾ 660
48 ਉਹੀ, ਪੰਨਾ 448
49 ਗਜ਼ਲੀਆ ਤੇ ਨਜ਼ੀਰੀ, ਪੰਨਾ 34.

ਤਸਦੀਕ ਕਰਦਾ ਹੈ, ਨਹਨੂ ਇੱਲਾਹੀ ਮਿਨ ਹਬਲਿਲ ਵਰੀਦ।"[50] ਭਾਵੇਂ ਸਾਰੇ ਬੰਦਿਆਂ ਦੀ ਸਾਹ ਰਗ-ਰਗ ਦੇ ਨੇੜੇ ਹੈ ਪਰ ਇਹ ਵੀ ਉਸ ਮਾਲਿਕ ਦੀ ਮਰਜ਼ੀ ਤੇ ਨਿਰਭਰ ਕਰਦੀ ਹੈ।

ਗੁਰੂ ਤੇਗ ਬਹਾਦਰ ਫਰਮਾਉਂਦੇ ਹਨ ਕਿ ਤੁਸੀਂ ਜੰਗਲਾਂ ਵਿਚ ਕਿਉਂ ਜਾਂਦੇ ਹੋ, ਉਹ ਤਾਂ ਤੁਹਾਡੇ ਅੰਦਰ ਸਮਾਇਆ ਹੋਇਆ ਹੈ। ਰੱਬ ਮਨੁੱਖ ਵਿਚ ਇੰਜ ਰਮਿਆ ਹੋਇਆ ਹੈ ਜਿਵੇਂ ਫੁੱਲ ਵਿਚ ਖਸ਼ਬੂ ਅਤੇ ਸ਼ੀਸ਼ੇ ਵਿਚ ਅਕਸ। ਇਸ ਲਈ ਮਨੁੱਖ ਨੂੰ ਰੱਬ ਆਪਣੇ ਅੰਦਰ ਹੀ ਤਲਾਸ਼ ਕਰ ਲੈਣਾ ਚਾਹੀਦਾ ਹੈ।

> ਕਾਹੇ ਰੇ ਬਨ ਖੋਜਨ ਜਾਈ॥
> ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥[51]

ਗੋਯਾ ਕਹਿੰਦੇ ਹਨ ਕਿ ਉਸ ਨੂੰ ਹਰੇਕ ਥਾਂ ਰੱਬ ਵਿਖਾਈ ਦਿੰਦਾ ਹੈ। ਸਗੋਂ ਉਸ ਦੀਆਂ ਅੱਖਾਂ ਵਿਚ ਬਸੇਰਾ ਕਰ ਲਿਆ ਹੈ। ਮੈਂ ਜਦੋਂ ਤੇਰੇ ਸਿਵਾ ਕਿਸੇ ਹੋਰ ਨੂੰ ਵੇਖਦਾ ਹਾਂ ਤਾਂ ਸਮਝਦਾ ਹਾਂ ਕਿ ਰੱਬ ਦੀ ਕ੍ਰਿਪਾ ਤੋਂ ਵਾਂਝਾ ਰਹਿ ਗਿਆ ਹਾਂ। ਇਸ ਗੱਲ ਦੀ ਪ੍ਰੋੜਤਾ ਗੁਰੂ ਸਾਹਿਬਾਨ ਹੇਠ ਲਿਖੇ ਅਨੁਸਾਰ ਕਰਦੇ ਹਨ :

**ਗੁਰੂ ਨਾਨਕ ਦੇਵ ਜੀ ਅਨੁਸਾਰ:**

> ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥[52]
> ਜਲਿ ਥਲਿ ਮਹੀਅਲਿ ਭਰਿ ਪੁਰਿ ਲੀਣਾ ਆਪੇ ਸਰਬ ਸਮਾਣਾ॥[53]

**ਗੁਰੂ ਅੰਗਦ ਦੇਵ ਜੀ ਅਨੁਸਾਰ:**

> ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥[54]

**ਗੁਰੂ ਰਾਮਦਾਸ ਜੀ ਅਨੁਸਾਰ:**

> ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ।[55]
> ਏਕੋ ਹਰਿ ਰਵਿਆ ਸ੍ਰਬ ਥਾਇ॥[56]

---

50 ਕੁਰਆਨ ਸ਼ਰੀਫ, ਹਾਮੀਮ ਪਾਰਾ 26 ਸੂਰਤ ਕਾਫ।
51 ਗੁਰੂ ਗ੍ਰੰਥ ਸਾਹਿਬ, ਪੰਨਾ 684.
52 ਗੁਰੂ ਗ੍ਰੰਥ ਸਾਹਿਬ, ਪੰਨਾ 438.
53 ਉਹੀ, ਪੰਨਾ 596.
54 ਉਹੀ, ਪੰਨਾ 463.
55 ਉਹੀ, ਪੰਨਾ 448.
56 ਉਹੀ, ਪੰਨਾ 1177.

**ਗੁਰੂ ਅਰਜਨ ਦੇਵ ਜੀ ਅਨੁਸਾਰ:**

ਜਲਿ ਥਲਿ ਮਹਿਅਲਿ ਰਹਿਆ ਭਰਪੂਰਿ॥
ਨਿਕਟਿ ਵਸੈ ਨਾਹੀ ਪ੍ਰਭੁ ਦੂਰਿ॥[57]

**ਅੱਤਾਰ ਅਨਾਰ:** ਅਸੀਂ ਜਿਹੜੇ ਰੱਬ ਨੂੰ ਇਧਰ-ਉਧਰ ਤਲਾਸ਼ ਕਰਦੇ ਫਿਰਦੇ ਹਾਂ ਉਸ ਨੂੰ ਆਪਣੇ ਦਿਲ ਦੇ ਪਰਦੇ ਅੰਦਰ ਹੀ ਤਲਾਸ਼ ਕਰੀਏ ਤਾਂ ਉਹ ਉਥੇ ਹੀ ਮਿਲ ਜਾਵੇਗਾ।

ਭਾਈ ਨੰਦ ਲਾਲ ਗੋਯਾ ਹਕੀਕੀ ਜਮਾਲ ਦੀ ਤਮੰਨਾ ਕਰਦੇ ਹਨ ਅਤੇ ਇਸ਼ਕ ਹਕੀਕੀ ਵਿਚ ਡੁੱਬੇ ਹੋਏ ਹਨ। ਉਨ੍ਹਾਂ ਨੂੰ ਆਪਣੇ ਦੋਸਤ ਤੋਂ ਇਲਾਵਾ ਹੋਰ ਕੋਈ ਚੀਜ਼ ਨਜ਼ਰ ਨਹੀਂ ਆਉਂਦੀ। ਕਹਿੰਦੇ ਹਨ- ਮੈਂ ਆਪਣੇ ਯਾਰ ਤੋਂ ਇਲਾਵਾ ਕਿਸੇ ਹੋਰ ਯਾਰ ਦੀ ਤਮੰਨਾ ਨਹੀਂ ਕਰਦਾ। ਮੇਰੇ ਨਿੱਜੀ ਦਰਦ ਦੀ ਦਵਾ ਹੋਰ ਕੁੱਝ ਨਹੀਂ ਨਰਗਿਸ ਇਸ ਕਰਕੇ ਬੀਮਾਰ ਹੈ ਕਿ ਉਹ ਉਸ ਦੀ ਗੁਲਾਮ ਹੈ, ਅਸੀਂ ਖਿਜ਼ਰ ਅਤੇ ਮਸੀਹ ਨੂੰ ਅਜ਼ਾਦ ਨਹੀਂ ਕਰ ਸਕਦੇ, ਇਸ ਇਸ਼ਕ ਦੇ ਬੀਮਾਰ ਹਾਂ, ਰੱਬ ਕਰਕੇ ਸਾਨੂੰ ਪਛਾਣੋ, ਬੁਰਾ ਭਲਾ ਕਹੋ, ਦੁਆ ਦੀ ਤਮੰਨਾ ਕਰਦੇ ਹਾਂ।

**ਗੋਯਾ:** ਅਸੀਂ ਰੋਂਦੇ ਹੋਏ ਆਉਂਦੇ ਹਾਂ, ਅਸੀਂ ਜੋ ਇੰਜ ਕਰਦੇ ਹਾਂ, ਅਸੀਂ ਇਸ ਨੂੰ ਨਹੀਂ ਜਾਣਦੇ ਕਿ ਫਕੀਰ ਭੀਖ ਲਈ ਕਿਵੇਂ ਰੋਂਦਾ ਹੈ। ਲੈਲਾ ਦੀ ਊਠਨੀ ਕਿਵੇਂ ਸ਼ੋਰ ਮਚਾਉਂਦੀ ਹੈ ਜਿਵੇਂ ਮਜਨੂੰ ਨੂੰ ਜੰਗਲ ਵਿਚ ਕਿਸੇ ਰਾਹੀ ਨੇ ਫੜ੍ਹ ਲਿਆ ਹੋਵੇ।

ਲੈਲਾ ਦਾ ਹਾਲ ਮੈਥੋਂ ਨਾ ਪੁੱਛੋ। ਗੋਯਾ ਦਾ ਦਿਲ ਵੀ ਪ੍ਰੇਸ਼ਾਨ ਹੈ ਕਿ ਮਜਨੂੰ ਦੇ ਕਿੱਸੇ ਦਾ ਅਸਲ ਮੰਤਵ ਕੀ ਹੈ ਜਿਸ ਨੇ ਉਸ ਨੂੰ ਮਜਨੂੰ ਬਣਾ ਦਿੱਤਾ ਸੀ।

ਗੋਯਾ ਕਹਿੰਦੇ ਹਨ ਕਿ ਮਜਨੂੰ ਹੀ ਇਸ ਕਿੱਸੇ ਵਿਚ ਗ੍ਰਿਫਤਾਰ ਨਹੀਂ ਸੀ ਸਗੋਂ ਸਾਰੇ ਆਲਮ ਨੂੰ ਇਸ ਦੀ ਲਪੇਟ ਵਿਚ ਲੈ ਲਿਆ ਸੀ। ਕਹਿੰਦੇ ਹਨ ਕਿ ਜਦੋਂ ਤੱਕ ਯਾਰ ਦੇ ਇਸ਼ਕ ਦਾ ਨਸ਼ਾ ਚੜ੍ਹਿਆ ਰਹੇਗਾ, ਉਸ ਨੂੰ ਕਿਸੇ ਹਾਲਤ ਵਿਚ ਵੀ ਹੱਥੋਂ ਨਹੀਂ ਛੱਡਿਆ ਜਾਵੇਗਾ।

ਗੋਯਾ ਹਾਫਿਜ਼ ਵਾਂਗ ਇਹੋ ਕਹਿੰਦੇ ਹਨ ਕਿ ਜੇਕਰ ਮਨੁੱਖ ਨੇ ਆਪਣੀ ਜ਼ਾਤ, ਹਯਾਤ ਅਤੇ ਕਾਇਨਾਤ ਨੂੰ ਪਛਾਣ ਲਿਆ ਹੈ ਤਾਂ ਸਮਝੋ ਉਹ ਰੱਬ ਦਾ ਮਿੱਤਰ ਬਣ ਗਿਆ ਹੈ।

ਗੁਰੂ ਸਾਹਿਬਾਨ ਵੀ ਇਨਸਾਨ ਨੂੰ ਰੱਬ ਦਾ ਨੂਰ ਦੱਸਦੇ ਹਨ, ਰੱਬ ਨੂੰ ਪਛਾਣਨ ਲਈ ਪ੍ਰੇਰਦੇ ਹਨ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ॥[58]

---

[57] ਉਹੀ, ਪੰਨਾ 736.

[58] ਗੁਰੂ ਗ੍ਰੰਥ ਸਾਹਿਬ, ਪੰਨਾ 441.

ਗੋਯਾ ਕਹਿੰਦੇ ਹਨ ਕਿ ਬੇਸ਼ੱਕ ਇਸ ਨੂੰ ਪਤਾ ਨਹੀਂ ਕਿ ਮੈਂ ਕੌਣ ਹਾਂ, ਸਿਰਫ ਏਨਾ ਪਤਾ ਹੈ ਕਿ ਰੱਬ ਦਾ ਬੰਦਾ ਹਾਂ, ਰੱਬ ਹਰ ਹਾਲਤ ਵਿਚ ਉਸ ਦਾ ਮੁਹਾਫਿਜ਼ ਹੈ, ਤੂੰ ਕੌਣ ਹੈ, ਮੈਂ ਰੱਬ ਦਾ ਸਿਮਰਨ ਕਰਨ ਵਾਲਾ ਹਾਂ ਜਿਵੇਂ ਦੁਨੀਆਂ ਦਾ ਸੂਰਜ ਦੁਨੀਆਂ ਨੂੰ ਰੋਸ਼ਨੀ ਬਖਸ਼ਦਾ ਹੈ।

**ਗੁਰੂ ਅਮਰਦਾਸ ਮਨੁੱਖ ਨੂੰ ਕਾਇਨਾਤ ਦੱਸਦੇ ਹਨ:**

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ।[59]

**ਰੱਬ ਦੀ ਯਾਦ:** ਭਾਈ ਨੰਦ ਲਾਲ ਗੋਯਾ ਕਹਿੰਦੇ ਹਨ ਕਿ ਨਜ਼ਦੀਕੀ ਰੱਬ ਨੂੰ ਯਾਦ ਨਾ ਕਰਨਾ ਮਰਨ ਬਰਾਬਰ ਹੈ। ਜੇਕਰ ਤੂੰ ਰੱਬ ਨੂੰ ਯਾਦ ਨਹੀਂ ਕਰਨਾ ਤਾਂ ਤੇਰਾ ਇਸ ਦੁਨੀਆਂ ਵਿਚ ਜਿਉਣਾ ਮਰਨ ਬਰਾਬਰ ਹੈ। ਉਸਦੀ ਯਾਦ ਵਿਚ ਲੀਨ ਰਹਿਣ ਦਾ ਨਾਂ ਹੀ ਜ਼ਿੰਦਗੀ ਹੈ:

ਉਸਦੀ ਯਾਦ ਤੋਂ ਬਗੈਰ ਜਿਊਣਾ ਇੰਜ ਹੈ ਜਿਵੇਂ ਕੋਈ ਦੋਸਤੀ ਹੀ ਨਾ ਹੋਵੇ।
ਉਸਦੀ ਯਾਦ ਨਾਲ ਹੀ ਜਿਊਂਦੇ ਹਾਂ, ਉਸ ਦੇ ਅਹਿਸਾਨਾਂ ਤੋਂ ਸ਼ਰਮਿੰਦਾ ਹਾਂ।

**ਗੁਰੂ ਨਾਨਕ ਦੇਵ ਜੀ ਅਨੁਸਾਰ :** ਆਖਾਂ ਜੀਵਾ ਵਿਸਰੈ ਮਰਿ ਜਾਉ॥[60]

**ਗੁਰੂ ਅਰਜਨ ਦੇਵ ਜੀ ਅਨੁਸਾਰ:** ਹਰਿ ਬਿਸਤਰ ਸੋ ਮੂਆ॥[61]

ਇਸ ਲਈ ਕਹਿੰਦੇ ਹਨ ਕਿ ਜੇਕਰ ਜੀਵਨ ਰੱਬ ਦੀ ਯਾਦ ਵਿਚ ਗੁਜ਼ਰੇ ਤਾਂ ਚੰਗਾ ਹੈ। ਚੰਗਾ ਇਹੋ ਕਿ ਜੇਕਰ ਜੀਵਨ ਰੱਬੀ ਯਾਦ ਵਿਚ ਲੰਘਾ ਦੇਈਏ, ਨਹੀਂ ਤਾਂ ਏਥੇ ਆਉਣ ਦਾ ਕੀ ਫਾਇਦਾ। ਉਹ ਸਾਹ ਜਿਹੜਾ ਉਸ ਦੀ ਯਾਦ ਤੋਂ ਬਗੈਰ ਲੰਘਿਆ, ਉਹ ਮਰਿਆਂ ਬਰਾਬਰ ਹੈ। ਕਹਿੰਦੇ ਹਨ ਕਿ ਅਫਸੋਸ ਹੈ ਕਿ ਅੰਤਿਮ ਸਮੇਂ ਵੀ ਜੇ ਬੰਦਾ ਰੱਬ ਨੂੰ ਯਾਦ ਨਾ ਕਰੇ ਤਾਂ ਉਸਦਾ ਪੂਰਾ ਜੀਵਨ ਵਿਅਰਥ ਹੈ। ਇਸੇ ਗੱਲ ਨੂੰ ਗੁਰੂ ਅਰਜਨ ਦੇਵ ਜੀ ਹੇਠ ਲਿਖੇ ਅਨੁਸਾਰ ਫੁਰਮਾਉਂਦੇ ਹਨ:

ਤਿਸਹਿ ਧਿਆਵਹੁ ਸਾਸਿ ਗਿਰਾਸਿ॥[62]

ਅਤੇ ਇਹ ਵੀ ਸੱਚ ਹੈ ਕਿ ਜਿਹੜੀ ਘੜੀ ਰੱਬ ਦੀ ਯਾਦ ਵਿਚ ਨਾ ਗੁਜ਼ਰੇ ਉਹ ਮਨਹੂਸ ਹੈ। ਜੇਕਰ ਰੱਬ ਦੇ ਨਾਮ ਦਾ ਸਿਮਰਨ ਕੁਝ ਚਿਰ ਲਈ ਵੀ ਕਰ ਲਿਆ ਜਾਵੇ ਤਾਂ ਜੀਵਨ ਸਫਲ ਹੋ ਸਕਦਾ ਹੈ। ਕਬੀਰ ਸਾਹਿਬ ਫਰਮਾਉਂਦੇ ਹਨ ਕਿ ਜੇਕਰ ਮਨੁੱਖ ਇਬਾਦਤ ਗੁਜ਼ਾਰਾਂ ਦੇ ਨਾਲ ਰੱਬ

---

59 ਉਹੀ, ਪੰਨਾ 921.
60 ਉਹੀ, ਪੰਨਾ 349
61 ਉਹੀ, ਪੰਨਾ 407.
62 ਉਹੀ, ਪੰਨਾ 280.

ਸੰਬੰਧੀ ਇਕ ਅੱਧੀ ਘੜੀ ਵੀ ਗੱਲ ਕਰ ਲਵੇ ਤਾਂ ਉਸਦਾ ਲਾਭ ਹੀ ਲਾਭ ਹੈ। ਇਸ ਤੋਂ ਭਾਵ ਹੈ ਕਿ ਉਸਦੀ ਬੇੜੀ ਦੂਜੇ ਕਿਨਾਰੇ ਲਗ ਜਾਂਦੀ ਹੈ।

> ਕਬੀਰ ਏਕ ਘੜੀ ਆਧੀ ਘੜੀ
> ਆਧੀ ਹੂੰ ਤੇ ਆਧ॥
> ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ।[63]

ਇਸ ਲਈ ਨੰਦ ਲਾਲ ਰੱਬ ਨੂੰ ਯਾਦ ਕਰਨ ਲਈ ਹੋਰ ਤਾਕੀਤ ਕਰਦੇ ਹਨ:

> ਐ ਗੋਯਾ ਤੂੰ ਰੱਬ ਨੂੰ ਯਾਦ ਕਰ ਤਾਂ ਜੋ ਤੂੰ ਦੁਨੀਆਂ ਦੇ ਗਮਾਂ ਤੋਂ ਨਿਜ਼ਾਤ ਪਾ ਸਕੇਂ।
> ਰੱਬ ਨੂੰ ਯਾਦ ਕਰ ਹੋਰ ਯਾਦ ਕਰ ਐ ਮੇਰੇ ਮਿੱਤਰ ਭਾਵੇਂ ਤੂੰ ਕੁਝ ਕਹਿ ਰਿਹਾ ਹੋਵੇਂ।

ਇਸ਼ਕ ਦੇ ਬਿਮਾਰ ਦੇ ਲਈ ਬੰਦਗੀ ਦੀ ਦਾਰੂ ਬੇਮਿਸਾਲ ਇਲਾਜ ਹੈ, ਇਸ ਗੱਲ ਦਾ ਪ੍ਰਗਟਾਵਾ ਵੀ ਗੋਯਾ ਨੇ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਇਹ ਫੁਰਮਾਨ ਕੀਤਾ ਹੈ ਕਿ ਪ੍ਰਮਾਤਮਾ ਨੂੰ ਹਮੇਸ਼ਾ ਯਾਦ ਰੱਖਣਾ ਅਤੇ ਉਸਦਾ ਗੁਣ ਗਾਉਣਾ ਚਾਹੀਦਾ ਹੈ:

> ਗਾਵੀਐ ਸੁਣੀਐ ਮਨਿ ਰਖੀਐ ਭਾਉ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।[64]

ਭਾਵ ਜਿਨ੍ਹਾਂ ਨੇ ਰੱਬ ਨੂੰ ਯਾਦ ਕੀਤਾ ਉਨ੍ਹਾਂ ਨੂੰ ਨਰਕ ਦੀਆਂ ਪ੍ਰੇਸ਼ਾਨੀਆਂ ਤੋਂ ਮੁਕਤੀ ਮਿਲ ਜਾਂਦੀ ਹੈ। ਗੁਰੂ ਸਾਹਿਬਾਨ ਨੇ ਵੀ ਰੱਬ ਦੀ ਇਬਾਦਤ ਕਰਨ ਤੇ ਜ਼ੋਰ ਦਿੱਤਾ ਹੈ। ਗੁਰੂ ਨਾਨਕ ਸਾਹਿਬ ਮਨੁੱਖ ਨੂੰ ਸੰਬੋਧਨ ਕਰਦਿਆਂ ਫਰਮਾਉਂਦੇ ਹਨ ਕਿ ਤੂੰ ਰਾਤ ਸੌਂ ਕੇ ਤੇ ਦਿਨ ਖਾ ਪੀ ਕੇ ਗੁਜ਼ਾਰ ਦਿੰਦਾ ਹੈ। ਜ਼ਿੰਦਗੀ ਦੀ ਇਸ ਵੱਡਮੁੱਲੀ ਦਾਤ ਨੂੰ ਕੌਡੀਆਂ ਦੇ ਬਦਲੇ ਗਵਾ ਰਿਹਾ ਹੈ। ਰੱਬ ਦਾ ਨਾਮ ਨਹੀਂ ਲੈਂਦਾ ਇਸ ਕਰਕੇ ਪਿਛੋਂ ਪਛਤਾਵਾ ਕਰਨਾ ਪਵੇਗਾ।

> ਰੈਣਿ ਗਵਾਈ ਸੋਇ ਕੇ ਦਿਵਸੁ ਗਵਾਇਆ ਖਾਇ॥
> ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ [65]

ਗੁਰੂ ਅਰਜਨ ਦੇਵ ਜੀ ਵੀ ਕਹਿੰਦੇ ਹਨ ਕਿ ਇਨਸਾਨ ਨੂੰ ਰੱਬ ਦੀ ਯਾਦ ਵਿਚ ਰੁੱਝਿਆ ਰਹਿਣਾ ਚਾਹੀਦਾ ਹੈ ਤਾਂ ਜੋ ਗਮ ਉਸ ਤੋਂ ਦੂਰ ਹੋ ਜਾਣ ਅਤੇ ਇਹ ਕੰਮ ਸਾਰੀ ਉਮਰ ਜਾਰੀ ਰੱਖਣਾ ਚਾਹੀਦਾ ਹੈ।

> ਮਿਸਰਉ ਸਿਮਰਿ ਸਿਮਰਿ ਸੁਖੁ ਪਾਵਉ॥
> ਕਲਿ ਕਲੇਸ ਤਨ ਮਾਹਿ ਮਿਟਾਵਉ।[66]

---

[63] ਉਹੀ, ਪੰਨਾ 1377.
[64] ਉਹੀ, ਪੰਨਾ 2.
[65] ਉਹੀ, ਪੰਨਾ 156.

ਹਰਿ ਹਰਿ ਨਾਮੁ ਸਦਾ ਸਦ ਜਾਪਿ॥ [67]

ਗੁਰੂ ਅਮਰਦਾਸ ਜੀ ਉਨ੍ਹਾਂ ਇਨਸਾਨਾਂ ਨੂੰ ਮੁਕੰਮਲ ਕਹਿੰਦੇ ਹਨ ਜੋ ਹਰੇਕ ਸਮੇਂ ਰੱਬ ਦੀ ਯਾਦ ਵਿਚ ਰਹਿੰਦੇ ਹਨ।

ਜਿਨਾ ਸਾਸਿ ਗਿਰਾਸਿ ਨ ਵਿਸਰੈ, ਸੇ ਹਰਿ ਜਨ ਪੂਰੇ ਸਹੀ ਜਾਣਿ॥ [68]

**ਗੁਰੂ ਰਾਮਦਾਸ ਜੀ ਅਨੁਸਾਰ :**

ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ॥ [69]

ਗੁਰੂ ਅਮਰਦਾਸ ਜੀ ਵੀ ਰੱਬ ਦੇ ਨਾਮ ਨੂੰ ਸੁਖ ਅਤੇ ਸ਼ਾਂਤੀ ਪਹੁੰਚਾਉਣ ਵਾਲੀ ਦਵਾ-ਦਾਰੂ ਕਹਿੰਦੇ ਹਨ:

ਹਰਿ ਕਾ ਨਾਮੁ ਸਦਾ ਸੁਖਦਾਤਾ ਸਹਜੇ ਹਰਿ ਰਸੁ ਪੀਜੈ॥ [70]

**ਰੱਬ ਦੀ ਯਾਦ ਅਤੇ ਮਨੁੱਖ ਦਾ ਫਰਜ਼:** ਹਰੇਕ ਮਸ਼ੀਨ ਛੋਟੇ ਵੱਡੇ ਕਲ ਪੁਰਜਿਆਂ ਤੋਂ ਬਣਦੀ ਹੈ ਜੇਕਰ ਮਸ਼ੀਨ ਦਾ ਇਕ ਪੁਰਜ਼ਾ ਵੀ ਕੰਮ ਨਾ ਕਰੇ ਤਾਂ ਵੱਡੀ ਤੋਂ ਵੱਡੀ ਮਸ਼ੀਨ ਵੀ ਇਸ ਤੋਂ ਪ੍ਰਭਾਵਿਤ ਹੋ ਜਾਂਦੀ ਹੈ। ਇਸੇ ਤਰ੍ਹਾਂ ਦਾ ਸਰੀਰ ਵੀ ਕਈ ਪੁਰਜ਼ਿਆਂ ਦਾ ਮਜਮੂਆਂ ਹੈ। ਇਸ ਦੇ ਸਾਰੇ ਪੁਰਜੇ ਸਹੀ ਕੰਮ ਕਰਦੇ ਰਹਿਣ ਤਾਂ ਆਦਮੀ ਦਾ ਸਰੀਰ ਵੀ ਸਹੀ ਕੰਮ ਕਰਦਾ ਰਹਿੰਦਾ ਹੈ। ਮਨੁੱਖ ਦੇ ਹਰੇਕ ਹਿੱਸੇ ਲਈ ਜ਼ਰੂਰੀ ਹੈ ਕਿ ਆਪਣੀ ਡਿਊਟੀ ਨਿਭਾਉਂਦਾ ਰਹੇ। ਗੋਯਾ ਦਿਲ ਦੇ ਉਸੇ ਹਿੱਸੇ ਦੀ ਬਹੁਤ ਤਾਰੀਫ ਕਰਦੇ ਹਨ ਜਿਹੜਾ ਰੱਬੀ ਇਸ਼ਕ ਵਿਚ ਰੱਜਿਆ ਰਹਿੰਦਾ ਹੈ ਜਿਸ ਦਿਲ ਵਿਚ ਇਸ਼ਕ ਮੁਹੱਬਤ ਸ਼ੌਕ ਅਤੇ ਜ਼ੋਕ ਹੋਵੇ ਉਹ ਜ਼ਿਕਰ ਫਿਕਰ ਕਰਕੇ ਭਰਪੂਰ ਹੈ।

**ਗੁਰੂ ਅਰਜਨ ਦੇਵ ਜੀ ਅਨੁਸਾਰ:**

ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰ ਜੀਉ॥ [71]

ਗੋਯਾ ਮਨੁੱਖ ਨੂੰ ਯਾਦ ਕਰਾਉਂਦੇ ਹਨ ਕਿ ਉਹ ਆਪਣੇ ਦਿਲ ਨੂੰ ਹਮੇਸ਼ਾ ਰੱਬ ਦੀ ਯਾਦ ਵਿਚ ਲਗਾਈ ਰੱਖੇ ਤਾਂ ਜੋ ਸਗਤ ਦੇ ਪੁੱਲ ਤੋਂ ਲੰਘਣਾ ਆਸਾਨ ਹੋ ਜਾਵੇ ਜਿਸ ਦਿਲ ਵਿਚ ਇਮਾਨ ਅਤੇ ਹੱਕ ਹੈ ਤਾਂ ਉਹ ਪੁਲ ਸਗਤ ਤੋਂ ਅਸਾਨੀ ਨਾਲ ਗੁਜ਼ਰ ਜਾਵੇਗਾ।

---

66 ਉਹੀ, ਪੰਨਾ 262.
67 ਉਹੀ, ਪੰਨਾ 714.
68 ਉਹੀ, ਪੰਨਾ 651.
69 ਉਹੀ, ਪੰਨਾ 451.
70 ਉਹੀ, ਪੰਨਾ 1334.
71 ਉਹੀ, ਪੰਨਾ 97.

**ਗੁਰੂ ਅਮਰਦਾਸ ਜੀ ਅਨੁਸਾਰ:**

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥[72]
ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥[73]

**ਗੁਰੂ ਤੇਗ ਬਹਾਦਰ ਜੀ ਅਨੁਸਾਰ:**

ਰੇ ਮਨ ਰਾਮ ਸਿਉ ਕਰਿ ਪ੍ਰੀਤਿ।[74]

**ਅੱਖਾਂ ਦਾ ਫਰਜ਼:** ਆਪਣੀ ਅੱਖ ਤੋਂ ਹੱਕ ਸੱਚ ਤੋਂ ਬਿਨਾਂ ਕੁਝ ਨਾ ਵੇਖ ਕਿਉਂਕਿ ਅੱਖ ਸੱਚ ਵੇਖਣ ਲਈ ਹੀ ਹੈ। ਜਿਹੜੀ ਅੱਖ ਤੇਰੀ ਯਾਦ ਵਿਚ ਨਹੀਂ ਰੋਂਦੀ, ਹੰਝੂਆਂ ਦਾ ਦਰਿਆ ਨਹੀਂ ਵਹਾਉਂਦੀ, ਉਹ ਮੁਰਾਦ ਨੂੰ ਕਿਵੇਂ ਪਹੁੰਚ ਸਕਦੀ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੀ ਅੱਖ ਨੂੰ ਰੱਬ ਵੱਲ ਹੀ ਲਾਈ ਰੱਖੇ ਜਾਂ ਸਰੀਰ ਨੂੰ ਅੱਖ ਹੀ ਬਣਾ ਲੈਣਾ ਚਾਹੀਦਾ ਹੈ ਅਤੇ ਸਾਰੇ ਸਰੀਰ ਨੂੰ ਹਕੀਕੀ ਮਹਿਬੂਬ ਵੱਲ ਲੱਗਿਆ ਰਹਿਣਾ ਚਾਹੀਦਾ ਹੈ। ਇਸ ਦਾ ਪ੍ਰਮਾਣ ਸਾਨੂੰ ਗੁਰਬਾਣੀ ਵਿਚੋਂ ਵੀ ਮਿਲਦਾ ਹੈ।

**ਗੁਰੂ ਅਮਰਦਾਸ ਜੀ ਅਨੁਸਾਰ :**

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ
ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥[75]

**ਕੰਨ:** ਆਦਮੀ ਆਪਣੇ ਕੰਨਾਂ ਨੂੰ ਇੱਧਰ ਉੱਧਰ ਦੀਆਂ ਗੱਲਾਂ ਵਿਚ ਨਾ ਲਗਾਏ, ਸਿਰਫ ਰੱਬ ਦੀਆਂ ਗੱਲਾਂ ਸੁਨਣ ਲਈ ਹੀ ਲਗਾਉਣਾ ਚਾਹੀਦਾ ਹੈ।

ਤੈ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥[76]

**ਗੁਰੂ ਅਮਰਦਾਸ ਜੀ ਅਨੁਸਾਰ :**

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥[77]

**ਜੀਭ:** ਉਹ ਜ਼ੁਬਾਨ ਚੰਗੀ ਹੈ ਜਿਹੜੀ ਰੱਬ ਦਾ ਜ਼ਿਕਰ ਕਰਦੀ ਰਹੇ ਜਿਸ ਦੀ ਹਰ ਗੱਲ ਵਿਚ ਕੋਈ ਨਾ ਕੋਈ ਭੇਦ ਛੁਪਿਆ ਹੋਇਆ ਹੋਵੇ।

---

72 ਉਹੀ, ਪੰਨਾ 917.
73 ਉਹੀ, ਪੰਨਾ 918.
74 ਉਹੀ, ਪੰਨਾ 631.
75 ਉਹੀ, ਪੰਨਾ 922.
76 ਉਹੀ, ਪੰਨਾ 540.
77 ਉਹੀ, ਪੰਨਾ 922.

**ਗੁਰੂ ਰਾਮਦਾਸ ਜੀ ਅਨੁਸਾਰ:**

ਸਾ ਰਸਨਾ ਧਨੁ ਧੰਨੁ ਹੈ॥
ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ।[78]

**ਪੈਰ:** ਪੈਰ ਉਹ ਨੇ ਜਿਹੜੇ ਹੱਕ ਸੱਚ ਦੇ ਰਸਤੇ ਉਪਰ ਚਲਦੇ ਹੋਣ, ਹੱਕ ਨੂੰ ਤਲਾਸ਼ ਕਰਨ ਅਤੇ ਹੱਕ ਲਈ ਚੱਲਦੇ ਰਹਿਣ। ਜਿਵੇਂ ਹੇਠ ਲਿਖੇ ਅਨੁਸਾਰ ਗੁਰੂ ਅਰਜਨ ਦੇਵ ਸਾਹਿਬ ਫਰਮਾਉਂਦੇ ਹਨ:

ਸੇ ਚਰਣ ਸਹਾਵੇ ਜੋ ਹਰਿ ਮਾਰਗਿ ਚਲੇ
ਹਉ ਬਲਿ ਤਿਨ ਸੰਗਿ ਪਛਾਣਾ ਜੀਉ॥[79]

**ਗੋਯਾ:** ਜਿਹੜਾ ਮਨੁੱਖ ਤੇਰੇ ਸ਼ੌਕ ਵਿਚ ਕਦਮ ਚੁੱਕਦਾ ਹੈ ਤਾਂ ਰੱਬ ਉਸ ਲਈ ਨੌ ਤਬਕਾਂ ਦਾ ਇਲਮ ਜ਼ਾਹਿਰ ਕਰਦਾ ਹੈ।

**ਗੁਰੂ ਰਾਮਦਾਸ ਜੀ ਅਨੁਸਾਰ:**

ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ॥[80]

**ਸਾਹ ਲੈਣਾ:** ਉਹ ਸਮਾਂ ਚੰਗਾ ਹੈ ਜਿਹੜਾ ਰੱਬ ਦੀ ਯਾਦ ਵਿਚ ਲੰਘੇ, ਭਾਵ ਮਨੁੱਖ ਨੂੰ ਹਰੇਕ ਸਾਹ ਦੇ ਨਾਲ ਰੱਬ ਦੀ ਯਾਦ ਕਰਨੀ ਚਾਹੀਦੀ ਹੈ।

**ਗੁਰੂ ਅਰਜੁਨ ਦੇਵ ਜੀ ਅਨੁਸਾਰ:**

ਸਾਸਿ ਸਾਸਿ ਸਿਮਰਹੁ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥[81]

**ਹੱਥ:** ਮਨੁੱਖੀ ਹੱਥ ਦੀ ਡਿਊਟੀ ਹੈ ਕਿ ਮਹਿਬੂਬ-ਏ-ਹਕੀਕੀ ਦਾ ਦਾਮਨ ਨਾ ਛੱਡੇ। ਭਾਵ ਹੱਥ ਪਾਕ ਸਾਫ ਹਨ ਜਿਹੜੇ ਰੱਬ ਦੀ ਤਾਰੀਫ ਕਰਨ ਵਿਚ ਰੁੱਝੇ ਰਹਿੰਦੇ ਹਨ। ਗੁਰੂ ਅਰਜੁਨ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਦਿਲੋਂ ਜੀਭ ਨੂੰ ਰੱਬੀ ਯਾਦ ਵਿਚ, ਅੱਖਾਂ ਨੂੰ ਰੱਬੀ ਦੀਦਾਰ ਵਿਚ, ਕੰਨਾਂ ਨੂੰ ਰੱਬੀ ਗੱਲਾਂ ਵਿਚ ਲਗਾਈ ਰੱਖੇ।

ਅੰਤਰਿ ਗੁਰੁ ਆਰਾਧਨਾ ਜਿਹਵਾ ਜਪਿ ਗੁਰ ਨਾਉ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥[82]

---

[78] ਉਹੀ, ਪੰਨਾ 540.
[79] ਉਹੀ, ਪੰਨਾ 103.
[80] ਗੁਰੂ ਗ੍ਰੰਥ ਸਾਹਿਬ, ਪੰਨਾ; 540.
[81] ਉਹੀ, ਪੰਨਾ 295.

**ਗੁਰੂ ਨਾਨਕ ਦੇਵ ਜੀ ਅਨੁਸਾਰ:**

ਭਾਉ ਭਗਤਿ ਕਰਿ ਨੀਚੁ ਸਦਾਏ॥
ਤਉ ਨਾਨਕ ਮੋਖੰਤਰ ਪਾਏ॥[83]

ਇਬਾਦਤ ਤੇ ਭਰੋਸਾ ਕਰਨ ਵਾਲਾ ਮਨੁੱਖ ਤਰੱਕੀ ਦੀਆਂ ਮੰਜ਼ਿਲਾਂ ਪਾਉਂਦਾ ਰਹਿੰਦਾ ਹੈ। ਗੁਰੂ ਤੇਗ ਬਹਾਦਰ ਜੀ ਫਰਮਾਉਂਦੇ ਹਨ ਕਿ ਜਿਸ ਆਦਮੀ ਨੇ ਰੋਜ਼ੇ ਰੱਖੇ, ਹੱਜ ਕੀਤਾ, ਜ਼ਕਾਤ ਦਿੱਤੀ ਪਰ ਆਪਣੇ ਦਿਲ ਵਿਚ ਹੰਕਾਰ ਕੀਤਾ, ਉਸ ਨੇ ਆਪਣੇ ਨੇਕ ਅਮਲਾਂ ਨੂੰ ਬਰਬਾਦ ਕੀਤਾ। ਇਹ ਅਮਲ ਇੰਜ ਬਰਬਾਦ ਹੋ ਜਾਂਦੇ ਹਨ ਜਿਵੇਂ ਕੋਈ ਹਾਥੀ ਇਸ਼ਨਾਨ ਕਰਨ ਤੋਂ ਬਾਅਦ ਆਪਦੀ ਸੁੰਡ ਨਾਲ ਸਰੀਰ ਤੇ ਮਿੱਟੀ ਪਾ ਲਵੇ।

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ।[84]

ਘੁਮੰਡੀ ਮਨੁੱਖ ਜੰਨਤ ਵਿਚ ਵੀ ਨਹੀਂ ਜਾਵੇਗਾ।

ਜਿਹਿ ਪ੍ਰਾਨੀ ਹਉਮੈ ਤੁਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥[85]

**ਗੋਯਾ:** ਜੇਕਰ ਹੱਥ ਪੈਰ ਹਮੇਸ਼ਾ ਕੰਮ ਕਰਦੇ ਰਹਿਣ ਤਾਂ ਦਿਲ ਨੂੰ ਯਾਰ ਵੱਲ ਹੀ ਧਿਆਨ ਦੇਣਾ ਜ਼ਰੂਰੀ ਹੈ। ਇਕ ਵਾਰ ਭਗਤ ਤਰਲੋਚਨ ਸਵਾਮੀ ਨਾਮਦੇਵ ਨੂੰ ਮਿਲਣ ਗਏ, ਨਾਮਦੇਵ ਬੈਠੇ ਕੱਪੜੇ ਤੇ ਠੱਪੇ ਲਗਾ ਰਹੇ ਸੀ। ਇਹ ਵੇਖ ਕੇ ਭਗਤ ਤਰਲੋਚਨ ਜੀ ਨੇ ਕਿਹਾ :

ਨਾਮਾ ਮਾਇਆ ਮੋਹਿਆ ਕਹੈ ਤਲੋਚਨੁ ਮੀਤ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥[86]

ਭਾਵ ਨਾਮਦੇਵ ਨੂੰ ਪੈਸੇ ਦਾ ਲਾਲਚ ਹੋ ਗਿਆ ਹੈ। ਕੱਪੜੇ ਤੇ ਕਿਉਂ ਨਕਸ਼ ਨਿਗਾਰ ਬਣਾ ਰਿਹਾ ਹੈਂ? ਤੁਹਾਨੂੰ ਰੱਬ ਦੇ ਨਾਂ ਦੇ ਨਾਲ ਮੁਹੱਬਤ ਕਰਨੀ ਚਾਹੀਦੀ ਹੈ। ਨਾਮਦੇਵ ਜੀ ਦਾ ਜਵਾਬ ਸੀ:

ਨਾਮਾ ਕਹੇ ਤਿਲੋਚਨਾ ਮੁਖ ਤੇ ਰਾਮੁ ਸੰਭਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥[87]

---

82 ਉਹੀ, ਪੰਨਾ 517.
83 ਉਹੀ, ਪੰਨਾ 1428.
84 ਗੁਰੂ ਗ੍ਰੰਥ ਸਾਹਿਬ, ਪੰਨਾ 470.
85 ਉਹੀ, ਪੰਨਾ 1427.
86 ਉਹੀ, ਪੰਨੇ 1375-76

ਭਾਵ ਮਨੁੱਖ ਦੇ ਹੱਥ ਪੈਰ ਕੰਮ ਕਰਨ ਵਿਚ ਲੱਗੇ ਹੋਏ ਹੋਣ ਤਾਂ ਦਿਲ ਰੱਬ ਦੀ ਯਾਦ ਵਿਚ ਰਹਿਣਾ ਚਾਹੀਦਾ ਹੈ।

**ਗੋਯਾ:** ਤੂੰ ਸਾਰੀ ਉਮਰ ਆਪਣੇ ਯਾਰ ਦੇ ਮੁਹੱਲੇ ਵਿਚ ਗੁਜ਼ਾਰ ਦਿੱਤੀ ਪਰ ਤੂੰ ਕੀਮੀਆ ਨਹੀਂ ਬਣਿਆ।

**ਗੁਰੂ ਅਮਰਦਾਸ ਜੀ ਅਨੁਸਾਰ:**

ਸਤਿਗੁਰ ਕੀ ਸੇਵਾ ਸਫਲੁ ਹੈ ਕੋ ਕਰੇ ਚਿਤੁ ਲਾਇ॥
ਮਨ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥
ਬੰਧਨ ਤੋੜੈ ਮੁਕਤਿ ਹੋਇ ਸਚੇ ਰਹੇ ਸਮਾਇ॥
ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ॥
ਨਾਨਕ ਜੋ ਗੁਰੂ ਸੇਵੈ ਆਪਣਾ ਹੋਉ ਤਿਨ ਬਲਿਹਾਰੇ ਜਾਏ।[88]

ਭਾਵ ਆਪਣੇ ਉਸਤਾਦ ਦੀ ਦਿਲੋਂ ਕਦਰ ਕਰ, ਤਾਂ ਤੇਰੀ ਮੁਰਾਦ ਪੂਰੀ ਹੋਵੇਗੀ। ਤੇਰਾ ਹੰਕਾਰ ਖਤਮ ਹੋ ਜਾਵੇਗਾ ਅਤੇ ਜੰਨਤ ਵਿਚ ਜਾ ਕੇ ਪ੍ਰਵੇਸ਼ ਕਰੇਗਾ। ਰੱਬ ਦਾ ਨਾਂ ਤੇਰੇ ਦਿਲ ਵਿਚ ਸਮਾਂ ਜਾਵੇਗਾ। ਗੁਰੂ ਅਮਰਦਾਸ ਜੀ ਫਰਮਾਉਂਦੇ ਹਨ ਕਿ ਅਸੀਂ (ਪ੍ਰਮਾਤਮਾ ਦੇ ਬੰਦੇ) ਉਸ ਮਨੁੱਖ ਤੇ ਕੁਰਬਾਨ ਜਾਂਦੇ ਹਾਂ, ਜਿਹੜਾ ਆਪਣੇ ਮੁਰਸ਼ਦ ਦੀ ਸੇਵਾ ਨਿਭਾਉਂਦਾ ਹੈ।

**ਰੰਗ ਬਿਰੰਗੀ ਰਚਨਾ:** ਗੋਯਾ ਕਹਿੰਦੇ ਹਨ ਕਿ ਉਨ੍ਹਾਂ ਦਾ ਮਹਿਬੂਬ ਬਹੁਤ ਚਲਾਕ ਅਤੇ ਹੁਸ਼ਿਆਰ ਹੈ ਉਹ ਰੰਗ ਬਦਲਦਾ ਰਹਿੰਦਾ ਹੈ। ਕਦੀਂ ਉਹ ਪਾਪਾਂ ਤੋਂ ਪਾਕ ਸਾਫ ਸੂਫੀ ਬਣ ਬੈਠਦਾ ਹੈ। ਕਦੀਂ ਪ੍ਰਲੋਕ ਦਾ ਖਿਆਲ ਰੱਖਣ ਵਾਲਾ ਰੱਬ ਦੀ ਇਬਾਦਤ ਵਿਚ ਲੀਨ ਹੋ ਜਾਂਦਾ ਹੈ। ਕਦੀ ਕਲੰਦਰ ਦਾ ਰੂਪ ਧਾਰ ਲੈਂਦਾ ਹੈ। ਭਾਵ ਅਜਿਹਾ ਫਕੀਰ ਬਣ ਜਾਂਦਾ ਹੈ ਜੋ ਸਭ ਤੋਂ ਸਰਵੋਤਮ, ਦੋਵੇਂ ਜਹਾਨਾਂ ਤੋਂ ਬੇਨਿਆਜ਼ ਬਣ ਦੁਨੀਆਂ ਤੋਂ ਕਿਨਾਰਾ ਕਰਕੇ ਰੱਬ ਦੀ ਜ਼ਾਤ ਵਿਚ ਮਸਤ ਜਾਪਦਾ ਹੈ। ਕਹਿੰਦੇ ਹਨ:

ਕਦੀ ਸੂਫੀ ਕਦੀਂ ਇਬਾਦਤ ਗੁਜ਼ਾਰ, ਕਦੀਂ ਕਲੰਦਰ ਬਣ ਜਾਂਦਾ ਹੈ
ਮੇਰੇ ਮਹਿਬੂਬ ਦੇ ਕਈ ਰੰਗ ਹਨ ਭਾਵ ਰੰਗ ਬਦਲਦਾ ਰਹਿੰਦਾ ਹੈ।

ਇਕ ਥਾਂ ਮਹਿਬੂਬ ਨੂੰ ਅੱਯਾਰ (ਚਾਲਬਾਜ਼) ਕਹਿੰਦਾ ਹੈ:

ਅੱਜ ਦੀ ਰਾਤ ਮੈਂ ਆਪਣੇ ਮਹਿਬੂਬ ਦਾ ਚਿਹਰਾ ਵੇਖਿਆ,
ਆਸ਼ਿਕ ਦਾ ਮੂੰਹ ਅੱਯਾਰ ਮਹਿਬੂਬ ਦੇ ਹਾਰ ਵੱਲ ਗਿਆ।[89]

---

87 ਗੁਰੂ ਗ੍ਰੰਥ ਸਾਹਿਬ, ਪੰਨਾ 1376.

88 ਗੁਰੂ ਗ੍ਰੰਥ ਸਾਹਿਬ, ਪੰਨਾ 644.

89 ਗੰਡਾ ਸਿੰਘ, ਕੁੱਲੀਯਾਤੇ ਭਾਈ ਨੰਦ ਲਾਲ ਗੋਯਾ, ਪੰਨਾ 53.

**ਗੁਰੂ ਅਰਜਨ ਦੇਵ ਜੀ ਅਨੁਸਾਰ:**

ਨਾਨਾ ਰੂਪ ਨਾਨਾ ਜਾ ਕੇ ਰੰਗ॥
ਨਾਨਾ ਭੇਖ ਕਰਹਿ ਇਕ ਰੰਗ॥ [90]

ਭਾਗ ਵੱਖ-ਵੱਖ ਸ਼ਕਲਾਂ ਅਖਤਿਆਰ ਕਰਦਾ ਹੈ।

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥ [91]

**ਗੁਰੂ ਰਾਮਦਾਸ ਜੀ ਅਨੁਸਾਰ:**

ਆਪੇ ਜਗਤੁ ਉਪਾਇਦਾ ਮੇਰੇ ਗੋਵਿੰਦਾ ਹਰਿ ਆਪਿ ਖੇਲੈ ਬਹੁ ਰੰਗੀ ਜੀਓ॥ [92]

**ਗੁਰੂ ਤੇਗ ਬਹਾਦਰ ਜੀ ਅਨੁਸਾਰ:**

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ [93]

**ਨਫਸ ਦਾ ਸੁਧਾਰ:** ਦੋ ਰਸਤਿਆਂ ਰਾਹੀਂ ਚੀਜ਼ਾਂ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ। ਦਿਮਾਗੀ ਅਤੇ ਦਿਲ ਰਾਹੀਂ। ਦਿਮਾਗ ਰਾਹੀਂ ਪੰਜ ਜ਼ਹਿਰੀ ਤੌਰ ਤੇ ਪੰਜ ਅਦਰੂਨੀ ਤੌਰ ਤੇ, ਵੇਖਣ ਦੀ ਤਾਕਤ, ਸੁਨਣ, ਪੀਣ, ਸੁਆਦ ਅਤੇ ਵੇਖਣ ਜ਼ਾਹਿਰੀ ਹਨ। ਇਨ੍ਹਾਂ ਚੀਜ਼ਾਂ ਦੇ ਪਿੱਛੇ ਅਤੇ ਮੰਨਣ ਨਾਲ ਹੱਕ ਸੱਚ (ਰੱਬ) ਤੋਂ ਦੂਰੀ ਹੁੰਦੀ ਰਹਿੰਦੀ ਹੈ। ਦਿਲ ਰਾਹੀਂ ਮਹਿਸੂਸ ਕਰਨ ਵਾਲੀਆਂ ਚੀਜ਼ਾਂ ਨਾਲ ਹੱਕਸੱਚ ਨਾਲ ਨੇੜਤਾ ਹੁੰਦੀ ਹੈ। ਇਸ ਲਈ ਗੋਯਾ ਜ਼ਾਹਿਰੀ ਚੀਜ਼ਾਂ ਦੀਆਂ ਲੱਜ਼ਤਾਂ ਨੂੰ ਛੱਡ ਰੱਬ ਦੀ ਹਜ਼ੂਰੀ ਦੀ ਲੱਜ਼ਤ ਪ੍ਰਾਪਤ ਕਰਨ ਲਈ ਹਦਾਇਤ ਕਰਦੇ ਹਨ। ਕਹਿੰਦੇ ਹਨ ਕਿ: ''ਜਿਸ ਮਨੁੱਖ ਨੇ ਆਪਣੇ ਨਫਸ ਨੂੰ ਮਾਰ ਲਿਆ, ਉਸ ਨੇ ਮੁਰਾਦ ਪੂਰੀ ਹਾਸਲ ਕੀਤੀ। ਗੋਯਾ ਲਿਖਦੇ ਹਨ ਕਿ ਉਹ ਕੌਣ ਹੈ ਜਿਸ ਨੇ ਦਿਲ ਦੀ ਕੈਫੀਅਤ ਨੂੰ ਪ੍ਰਾਪਤ ਨਹੀਂ ਕੀਤਾ, ਹਰੇਕ ਮਨੁੱਖ ਆਪਣੇ ਨਫਸ ਤੇ ਗਜ਼ਬ ਕਰਦਾ ਹੈ।''

ਇੱਛਾਵਾਂ ਨੂੰ ਮਾਰਨ ਅਤੇ ਸੰਘਰਸ਼ ਕਰਨ ਨਾਲ ਮੁਰਾਦਾਂ ਪ੍ਰਾਪਤ ਹੁੰਦੀਆਂ ਹਨ। ਭਾਵ ਮਹਿਬੂਬ-ਏ-ਹਕੀਕੀ ਦਾ ਵਸਲ ਪ੍ਰਾਪਤ ਹੋ ਜਾਂਦਾ ਹੈ। ਹਜ਼ਰਤ ਹੁਜਵੀਰੀ ਫਰਮਾਉਂਦੇ ਹਨ ਕਿ, ''ਨਫਸ ਦੀ ਵਿਰੋਧਤਾ ਸਾਰੀਆਂ ਇਬਾਦਤਾਂ ਦਾ ਕੇਂਦਰ ਹੈ। ਨਫਸ ਦਾ ਖਤਮ ਹੋ ਜਾਣਾ ਰੱਬ

---

[90] ਗੁਰੂ ਗ੍ਰੰਥ ਸਾਹਿਬ, ਪੰਨਾ 284.
[91] ਉਹੀ, ਪੰਨਾ 296.
[92] ਉਹੀ, ਪੰਨਾ 174.
[93] ਉਹੀ, ਪੰਨਾ 537.

ਮਿਲਣ ਦੀ ਨਿਸ਼ਾਨੀ ਹੈ। ਨਫਸ ਦੀ ਪੈਰਵੀ ਰੱਬ ਦੀ ਵਿਰੋਧਤਾ ਹੈ। ਇੱਛਾਵਾਂ ਨੂੰ ਮਾਰਨਾ ਅਤੇ ਰੋਕਨਾ ਵੱਡਾ ਜ਼ਿਹਾਦ ਹੈ।"[94] ਉਪਰੋਕਤ ਗੱਲਾਂ ਵਿਚ ਗੋਯਾ ਦਾ ਪੱਕਾ ਯਕੀਨ ਹੈ।

**ਦਰਦਮੰਦਾਂ ਦੀ ਹਾਅ:** ਦਰਦਮੰਦਾਂ ਦੀ ਹਾਅ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਅਸਮਾਨ ਨੂੰ ਵੀ ਚੀਰਦਿਆਂ ਲੰਘ ਜਾਂਦੀ ਹੈ। ਇਸ ਲਈ ਹਾਅ ਤੋਂ ਬਚਣਾ ਚਾਹੀਦਾ ਹੈ। ਗੋਯਾ ਕਹਿੰਦੇ ਹਨ ਕਿ ਉਸ ਦੀ ਹਾਅ ਨੇ ਅਸਮਾਨ ਤੱਕ ਰੰਗ ਨੀਲਾ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਦਿਲ ਨੂੰ ਅੱਗ ਨਾਲ ਭਰ ਦਿੱਤਾ ਹੈ। ਹੱਥੋਂ ਨਿਕਲਿਆ ਹੋਇਆ ਤੀਰ ਮੁੜ ਨਹੀਂ ਆਉਂਦਾ। ਇਸੇ ਤਰ੍ਹਾਂ ਗਰੀਬ ਦਰਦਮੰਦ ਦੀ ਹਾਅ ਵੀ ਅਸਮਾਨ ਪਾਰ ਕਰਕੇ ਨਹੀਂ ਪਰਤਦੀ।[95]

> ਅੰਬਰ ਕਾਲਾ ਇਤ ਭਿਤ ਹੋਇਆ, ਅਸਾਂ ਦਰਦ ਮੰਦਾਂ ਦੀਆਂ ਆਹੀਂ
> ਤਾਰੇ ਚੰਗਾ ਜੁੱਸੇ ਵਿਚੋਂ, ਅੰਬਰ ਗਈਆਂ ਤਦਾਹੀਂ॥[96]

ਭਾਵ ਦੁਖੀ ਦਿਲ ਤੋਂ ਨਿਕਲੀ ਹੋਈ ਹਾਅ ਦਾ ਐਨਾ ਅਸਰ ਹੋਇਆ ਕਿ ਅਕਾਸ਼ ਨੂੰ ਕਾਲਾ ਨੀਲਾ ਬਣਾ ਦਿੱਤਾ। ਇਸ ਦਾ ਫੁਰਮਾਨ ਗੁਰਬਾਣੀ ਵਿਚ ਵੀ ਹੈ :

**ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:**

> ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥
> ਤੰਨਿ ਜੜਾਂਈ ਆਪਨੈ ਲਹਾਂ ਸੁ ਸਜਣੁ ਟੋਲਿ॥[97]

ਭਾਵ ਜੇਕਰ ਮੈਨੂੰ ਪਰ-ਉ-ਬਾਲ ਵਿਕਦੇ ਮਿਲ ਜਾਣ ਤਾਂ ਮੈਂ ਪੂਰਾ ਮੁੱਲ ਦੇ ਕੇ ਖਰੀਦ ਲਵਾਂ ਅਤੇ ਆਪਣੇ ਸਰੀਰ ਤੇ ਲਗਾ ਕੇ ਆਪਣੇ ਮਹਿਬੂਬ ਨੂੰ ਤਾਸ਼ ਕਰ ਲਵਾਂ। ਨੰਦ ਲਾਲ ਗੋਯਾ ਲਿਖਦੇ ਹਨ ਕਿ ਇਸ਼ਕ ਦੀਆਂ ਮੰਜ਼ਿਲਾਂ ਤੈਅ ਕਰਨ ਲਈ ਆਪਣੇ ਆਪ ਨੂੰ ਇਸ਼ਕ ਮੁਹੱਬਤ ਦੀ ਭੱਠੀ ਵਿਚ ਤਪਾਉਣਾ ਪੈਂਦਾ ਹੈ। ਮਹਿਬੂਬ ਦੇ ਕੂਚੇ ਵਿਚ ਪਹੁੰਚਣਾ ਬਹੁਤ ਕਠਿਨ ਹੈ। ਮਨਸੂਰ ਵਾਂਗ ਸੂਲੀ ਵੀ ਮਿਲ ਸਕਦੀ ਹੈ। ਮਨਸੂਰ ਨੇ ਇਸ਼ਕ ਦੀ ਰਾਹ ਵਿਚ ਆਪਣੇ ਆਪ ਨੂੰ ਕੁਰਬਾਨ ਕਰ ਲਿਆ। ਐ ਗੋਯਾ ਯਾਰ ਦੇ ਮੁਹੱਲੇ ਵਿਚ ਜਾਣ ਦਾ ਹੌਸਲਾ ਕਰਨ ਲਈ ਤਕਲੀਫਾਂ ਤੇ ਪ੍ਰੇਸ਼ਾਨੀਆਂ ਦੀ ਭੱਠੀ ਵਿਚ ਜਾਣਾ ਪੈ ਸਕਦਾ ਹੈ। ਸਿਰ ਦੀ ਬਾਜ਼ੀ ਵੀ ਲਗਾਈ ਜਾ ਸਕਦੀ ਹੈ। ਮਰਦ ਅਤੇ ਨਾ-ਮਰਦ ਵਿਚਕਾਰ ਇਹੋ ਫਰਕ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਜੇਕਰ ਮਨੁੱਖ ਨੂੰ ਆਪਣੇ ਹਕੀਕੀ ਮਹਿਬੂਬ ਨਾਲ ਇਸ਼ਕ ਕਰਨ ਦੀ ਤਮੰਨਾ ਹੈ ਤਾਂ ਉਸ ਨੂੰ ਮਹਿਬੂਬ ਦੀ ਗਲੀ ਵਿਚ

---

94 ਅਲੀ ਹਿਜਵੀਰੀ, ਕਸਫੁਲ ਮਹਜੂਬ, ਪੰਨਾ 45.
95 ਕੁੱਲੀਯਾਤੇ ਸਾਅਦੀ, ਪੰਨਾ 184.
96 ਹੀਰ ਦਮੋਦਰ ਸੰਪਾਦਨ ਡਾ. ਗੁਰਦੇਵ ਸਿੰਘ, ਪੰਨਾ 180.
97 ਗੁਰੂ ਗ੍ਰੰਥ ਸਾਹਿਬ, ਪੰਨਾ 1426.

ਸਿਰ ਨੂੰ ਤਲੀ ਤੇ ਰੱਖ ਕੇ ਜਾਣਾ ਪੈ ਸਕਦਾ ਹੈ। ਸਿਰ ਦੀ ਬਾਜੀ ਲਾਉਣ ਵਿਚ ਕੋਈ ਹੀਲ-ਓ-ਹੁੱਜ਼ਤ ਨਾ ਕਰੇ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ [98]

**ਰਹਿਬਰ ਦੀ ਮਹੱਤਤਾ:** ਗੋਯਾ ਲਿਖਦੇ ਹਨ ਕਿ ਮਹਿਬੂਬ-ਏ-ਹਕੀਕੀ ਨੂੰ ਪ੍ਰਾਪਤ ਕਰਨ ਲਈ ਰਹਿਬਰ ਦੀ ਬਹੁਤ ਜ਼ਰੂਰਤ ਹੈ। ਇਸ ਤੋਂ ਬਗੈਰ ਬਹੁਤ ਕਠਿਨ ਹੈ ਜੇਕਰ ਰਹਿਬਰ ਨਹੀਂ ਤਾਂ ਰਸਤਾ ਤਲਾਸ਼ ਕਰਨਾ ਬਹੁਤ ਮੁਸ਼ਕਿਲ ਹੈ ਅਤੇ ਕਹਿੰਦੇ ਹਨ ਕਿ ਇਸ ਦੇ ਪਾਕ ਕਦਮਾਂ ਦੀ ਖਾਕ (ਚਰਨ ਧੂੜ) ਤੇ ਦਿਲ ਤੇ ਜਾਣ ਤੋਂ ਕੁਰਬਾਨ ਹਾਂ ਜਿਸ ਨੇ ਮੇਰੀ ਹਕੀਕੀ ਮਹਿਬੂਬ ਦਾ ਰਸਤਾ ਦੱਸਿਆ ਹੈ ਅਤੇ ਕਹਿੰਦੇ ਹਨ ਕਿ ਹਕੀਕੀ ਮਹਿਬੂਬ ਨੂੰ ਹਰੇਕ ਪਾਸੇ ਤਲਾਸ਼ ਕਰ ਰਿਹਾ ਹਾਂ।

ਗੁਰੂ ਅੰਗਦ ਦੇਵ ਜੀ ਵੀ ਗੁਰੂ ਦੀ ਅਹਿਮੀਅਤ ਬਾਰੇ ਕਹਿੰਦੇ ਹਨ-

ਜੇ ਸਉ ਚੰਦਾ ਉਗਵਹਿ ਸੂਰਜ ਚੜਿਹ ਹਜ਼ਾਰ,
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ [99]

**ਹਾਫਿਜ਼:** ਮਹਿਬੂਬ ਦੇ ਕੂਚੇ ਤੋਂ ਬਗੈਰ ਪੈਰ ਚੁੱਕਣਾ ਅਤੇ ਪੁੱਟਣਾ ਬੇਦਲੀਲ ਹੈ ਜਿਸ ਨੇ ਇਹ ਨਹੀਂ ਸੋਚਿਆ, ਉਹ ਹੋਰ ਕੀ ਸੋਚੇਗਾ।

**ਗੁਰੂ ਅਰਜਨ ਦੇਵ ਜੀ ਅਨੁਸਾਰ:**

ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸੰਦੇਸਾ। [100]

ਭਾਵ ਮਹਿਬੂਬ-ਏ-ਹਕੀਕੀ ਤੱਕ ਪਹੁੰਚਾਉਣ ਵਾਲੇ ਲਈ ਸਭ ਕੁਝ ਕੁਰਬਾਨ ਹੈ।

ਆਸ਼ਿਕ ਮਹਿਬੂਬ ਦੇ ਰਸਤੇ ਤੇ ਆਪਣਾ ਸਿਰ ਅਤੇ ਪੈਰ ਵਿਛਾਉਣ ਲਈ ਤਿਆਰ ਹੈ, ਜੇਕਰ ਜਾਨ ਦੀ ਬਾਜ਼ੀ ਲਾਉਣੀ ਪਵੇ, ਉਹ ਵੀ ਲਾਉਣ ਲਈ ਤਿਆਰ ਹੈ। ਉਨ੍ਹਾਂ ਦੇ ਹਰ ਕਦਮ ਤੇ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹਾਂ, ਜੇਕਰ ਗੋਯਾ ਵਾਂਗ ਮੋਤੀ ਮੂੰਗਿਆਂ ਦੀ ਲਾਲਸਾ ਨਾ ਹੋਵੇ, ਮਹਿਬੂਬ ਦੀ ਹਰ ਖੁਸ਼ੀ ਤੇ ਹਰੇਕ ਚੀਜ਼ ਕੁਰਬਾਨ, ਕੋਈ ਉਜ਼ਰ ਨਹੀਂ, ਤਰੀਕਤ ਦੇ ਰਸਤੇ

98 ਗੁਰੂ ਗ੍ਰੰਥ ਸਾਹਿਬ, ਪੰਨਾ 1412.
99 ਗੁਰੂ ਗ੍ਰੰਥ ਸਾਹਿਬ, ਪੰਨਾ 463.
100 ਗੁਰੂ ਗ੍ਰੰਥ ਸਾਹਿਬ, ਪੰਨ 247.

ਤੇ ਬਹਾਨੇਬਾਜ਼ੀ ਨਹੀਂ ਚੱਲਦੀ। ਮਹਿਬੂਬ ਦੇ ਇਸ਼ਾਰਿਆਂ ਦਾ ਇੰਤਜ਼ਾਰ, ਮੇਰੇ ਵੱਲੋਂ ਕੋਈ ਕਮੀ ਨਹੀਂ ਹੋਵੇਗੀ।

**ਕਬੀਰ ਸਾਹਿਬ ਅਨੁਸਾਰ :**

ਕਬੀਰ ਜਉ ਤੁਹਿ ਸਾਧ ਪਿਰੰਗ ਕੀ ਸੀਸੁ ਕਾਟਿ ਕਰਿ ਗੋਇ॥
ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ॥[101]

ਮਹਿਬੂਬ ਦੀ ਮੁਹੱਬਤ ਵਿਚ ਆਪਣੇ ਸਿਰ ਦੀ ਗੇਂਦ ਬਣਾ ਕੇ ਉਸ ਦੇ ਰੰਗ ਵਿਚ ਆਪ ਰੰਗਣ ਲਈ ਤਿਆਰ ਹੈ। ਰੱਬ ਦੇ ਰਸਤੇ ਸਭ ਕੁਝ ਤਿਆਗ ਕਰਨ ਲਈ ਵੀ ਤਤਪਰ ਹੈ।

ਗੋਯਾ ਦੀ ਨਜ਼ਰ ਵਿਚ ਦਿਲ ਦੀ ਬਾਦਸ਼ਾਹੀ ਵਾਲਾ ਮਨੁੱਖ ਹੀ ਅਸਲ ਵਿਚ ਬਾਦਸ਼ਾਹ ਹੁੰਦਾ ਹੈ। ਲੋਕ ਪ੍ਰਲੋਕ ਤੋਂ ਉਪਰ ਉਠ ਕੇ ਉਹ ਆਦਮੀ ਹੀ ਬਾਦਸ਼ਾਹ ਹੈ ਜਿਸ ਨੇ ਹਕੀਕੀ ਮਹਿਬੂਬ ਨੂੰ ਪਾ ਲਿਆ ਹੈ।

**ਬੇਸਹਾਰਿਆਂ ਦੀ ਮੰਦੀ ਹਾਲਤ:** ਗਰੀਬ ਅਤੇ ਬੇਸਹਾਰੇ ਦੀ ਕੋਈ ਖਬਰਸਾਰ ਨਹੀਂ ਲੈਂਦਾ, ਦੁਨੀਆਂ ਵਿਚ ਖੁਸ਼ਹਾਲੀ ਵੇਲੇ ਸਾਰੇ ਰਿਸ਼ਤੇਦਾਰ ਨਾਲ ਟੁਰ ਪੈਂਦੇ ਹਨ। ਜੇਕਰ ਕੋਈ ਮੁਸ਼ਕਿਲ ਆ ਜਾਵੇ ਤਾਂ ਸਾਰੇ ਭੱਜ ਜਾਂਦੇ ਹਨ। ਗੁਰਬਾਣੀ ਵਿਚ ਲਿਖਿਆ ਹੈ-

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨਾ ਆਵਤ ਨੇਰੈ॥[102]

**ਗੋਯਾ ਲਿਖਦੇ ਹਨ:**

ਕਿਸੇ ਗਰੀਬ ਦੀ ਮਦਦ ਲਈ ਕੋਈ ਨਹੀਂ ਪਹੁੰਚਦਾ
ਬਾਦਸ਼ਾਹ ਦੀ ਖਬਰ ਸੀਰੀ ਲਈ ਅਸੀਂ ਸਾਰੇ ਪਹੁੰਚਦੇ ਹਾਂ।

ਇਸੇ ਕਰਕੇ ਮੁਥਾਜਾਂ ਅਤੇ ਬੇਸਹਾਰਿਆਂ ਤੇ ਰਹਿਮ ਕਰਨ ਦੀ ਅਪੀਲ ਕਰਦੇ ਹਾਂ। ਫਕੀਰਾਂ ਤੇ ਰਹਿਮ ਅਤੇ ਕਰਮ ਕਰੋ, ਇਨ੍ਹਾਂ ਕਰਕੇ ਹੀ ਦੁਨੀਆਂ ਵਿਚ ਖੁਸ਼ੀ ਹੈ।[103]

**ਲਾਲਚ:** ਨਿਰਸੰਦੇਹ ਲਾਲਚ ਬੁਰੀ ਬਲਾ ਹੈ, ਲਾਲਚੀ ਆਦਮੀ ਜਲੀਲ ਅਤੇ ਬਦਨਾਮ ਹੁੰਦਾ ਹੈ। ਆਦਮ ਦਾ ਕਿੱਸਾ ਯਾਦ ਕਰਨ ਯੋਗ ਹੈ, ਜੇਕਰ ਗਿਆਨ ਦਾ ਫਲ ਨਾ ਖਾਂਦਾ ਤਾਂ ਜੰਨਤ ਵਿਚੋਂ ਨਾ ਨਿਕਲਦਾ। ਲਾਲਚ ਕਰਕੇ ਆਦਮੀ ਨੂੰ ਆਪਣੀ ਇਜ਼ੱਤ ਬਰਬਾਦ ਨਹੀਂ ਕਰਨੀ ਚਾਹੀਦੀ।

---

101 ਉਹੀ, ਪੰਨਾ 1377.
102 ਗੁਰੂ ਗ੍ਰੰਥ ਸਾਹਿਬ, ਪੰਨਾ 634.
103 ਦੀਵਾਨ-ਏ-ਹਾਫਿਜ਼, ਪੰਨਾ 131.

ਗੋਯਾ ਕਹਿੰਦੇ ਹਨ ਕਿ ਜੇਕਰ ਤੂੰ ਲਾਲਚ ਵਿਚ ਆ ਕੇ ਕਿਸੇ ਅੱਗੇ ਹੱਥ ਫੈਲਾਵੇਂਗਾ ਤਾਂ ਹੋਰ ਲੋਕਾਂ ਦੇ ਅੱਗੇ ਤੇਰੀ ਇਜ਼ੱਤ ਮਿੱਟੀ ਵਿਚ ਮਿਲ ਜਾਵੇਗੀ। ਉਹ ਅੱਗੇ ਕਹਿੰਦੇ ਹਨ ਕਿ ਤੁਸੀਂ ਬਾਦਸ਼ਾਹ ਅੱਗੇ ਕਿਉਂ ਸਿਰ ਝੁਕਾਉਂਦੇ ਹੋ, ਲਾਲਚ ਛੱਡ ਦੇਵੋ, ਤੁਸੀਂ ਆਪ ਬਾਦਸ਼ਾਹ ਬਣ ਜਾਵੋਗੇ।

**ਸਵੇਰੇ ਜਲਦੀ ਉੱਠਣਾ:** ਗੋਯਾ ਸਵੇਰੇ ਜਲਦੀ ਉੱਠਣ ਦਾ ਜ਼ਿਕਰ ਉਚੇਚੇ ਤੌਰ ਤੇ ਕਰਦੇ ਹਨ ਕਿ ਜਿਸ ਦੀ ਰੱਬ ਨਾਲ ਤਾਰ ਜੁੜੀ ਹੁੰਦੀ ਹੈ ਉਸ ਨੂੰ ਨੀਂਦ ਨਹੀਂ ਆਉਂਦੀ। ਰੱਬ ਨੂੰ ਪਹੁੰਚੇ ਹੋਏ ਬੰਦੇ ਤਾਂ ਸਾਜਰੇ ਉੱਠ ਕੇ ਉਸ ਅੱਗੇ ਅਰਜ਼ੋਈਆ ਕਰਦੇ ਹਨ। ਸਵੇਰੇ ਸਾਜਰੇ ਦਾ ਸੌਣਾ ਉਨ੍ਹਾਂ ਨੇ ਹਰਾਮ ਸਮਝਿਆ ਹੋਇਆ ਹੈ। ਸ਼ੇਖ ਫਰੀਦ ਫਰਮਾਉਂਦੇ ਹਨ ਕਿ ਜਿਹੜਾ ਆਦਮੀ ਸਵੇਰੇ ਸਾਜਰੇ ਨਹੀਂ ਉੱਠਦਾ ਉਹ ਜਿਉਂਦੇ ਵੀ ਮੁਰਦਿਆਂ ਸਮਾਨ ਹੈ।

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥[104]

ਭਾਈ ਨੰਦ ਲਾਲ ਗੋਯਾ ਨੇ ਵੀ ਆਪਣੇ ਕਲਮ ਸੰਬੰਧੀ ਭਿੰਨ-ਭਿੰਨ ਸ਼ੇਅਰਾਂ ਵਿਚ ਜਿਹੜੇ ਖਿਆਲਾਤ ਦਾ ਇਜ਼ਹਾਰ ਕੀਤਾ ਹੈ ਉਸ ਨੂੰ ਸਿਰਫ ਸ਼ੇਅਰਾਂ ਦਾ ਦਾਅਵਾ ਕਰਨਾ ਮੁਨਾਸਿਬ ਨਹੀਂ ਜਾਪਦਾ, ਉਨ੍ਹਾਂ ਨੇ ਆਪਣੇ ਬਾਰੇ ਬੇਲਾਗ ਤਬਸਰਾ ਕੀਤਾ ਹੈ। ਆਪਣੀਆਂ ਵਿਲੱਖਣ ਸਿਫਤਾਂ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਦਾ ਕਲਾਮ ਸਾਫ-ਸੁਥਰਾ ਅਤੇ ਕੀਮਤੀ ਹੈ। ਗੋਯਾ ਦੇ ਸ਼ੇਅਰ ਜ਼ਿੰਦਗੀ ਨੂੰ ਮੁੜ ਸੁਰਜੀਤ ਕਰਨ ਵਾਲੇ ਹਨ ਜਿਨ੍ਹਾਂ ਵਿਚ ਪਾਕੀਜ਼ਗੀ, ਸੁਥਰਾਈ-ਸਫਾਈ ਦਾ ਖਿਆਲ ਰੱਖਿਆ ਗਿਆ ਹੈ। ਮਿਠਾਸ ਅਤੇ ਹਿੰਦੋਸਤਾਨੀ ਮੇਵਿਆਂ ਦਾ ਸੁਆਦ ਮਹਿਸੂਸ ਹੁੰਦਾ ਹੈ।

**ਪ੍ਰਮਾਤਮਾ ਦੇ ਇੰਤਜ਼ਾਰ ਦਾ ਸ਼ੌਕ:** ਗੋਯਾ ਪ੍ਰਮਾਤਮਾ ਦੇ ਇੰਤਜ਼ਾਰ ਦੇ ਬਿਆਨ ਨੂੰ ਬਹੁਤ ਸੁਚੱਜੇ ਢੰਗ ਨਾਲ ਬਿਆਨ ਕਰਦੇ ਹਨ ਕਿ ਮੈਂ ਆਪਣੇ ਮਹਿਬੂਬ ਦੇ ਇੰਤਜ਼ਾਰ ਕਰਕੇ ਆਪਣੀਆਂ ਅੱਖਾਂ ਸਫੈਦ ਕਰ ਲਈਆਂ ਹਨ। ਮੈਨੂੰ ਤੇਰੇ ਤੇ ਭਰੋਸਾ ਹੈ, ਅੱਜ ਦੀ ਰਾਤ ਫਿਰ ਮੈਂ ਤੈਨੂੰ ਉਡੀਕਦਾ ਰਿਹਾ। ਮਹਿਫਲ ਦੀ ਮੋਮਬੱਤੀ ਵਾਂਗ ਮੇਰਾ ਸਰੀਰ ਸੜ ਰਿਹਾ ਸੀ। ਉਸ ਦੀ ਉਡੀਕ ਅਤੇ ਦੀਦਾਰ ਲਈ ਮੈਂ ਜੰਨਤ ਕੁਰਬਾਨ ਕਰਦਾ ਹਾਂ। ਮੈਂ ਉਸ ਵੇਲੇ ਵੀ ਉਡੀਕ ਕਰਦਾ ਹਾਂ ਜਦੋਂ ਸਾਰੀ ਦੁਨੀਆਂ ਸੌਂ ਰਹੀ ਹੁੰਦੀ ਹੈ। ਉਡੀਕ ਵਿਚ ਆਖਦੇ ਹਨ, ਆ ਜਾਓ ਜਦੋਂ ਕਿ ਸਰੂ ਦੇ ਦਰਖਤ ਵੀ ਆਪਣੀ ਮਸਤੀ ਵਿਚ ਝੂਮ ਰਹੇ ਹਨ। ਉਸ ਵੇਲੇ ਆ ਜਾਓ ਜਦੋਂ ਬੁਲਬੁਲ ਅਤੇ ਫੁੱਲ ਤੇਰੀ ਉਡੀਕ ਵਿਚ ਖਿੜ ਰਹੇ ਹੋਣ। ਬਾਗ ਵਿਚੋਂ ਚਾਰ ਚੁਫੇਰਿਉਂ ਖੁਦਾ ਹਾਫਿਜ਼ ਦੀ ਅਵਾਜ਼ ਆ ਰਹੀ ਹੋਵੇ।

[104] ਉਹੀ, ਪੰਨਾ 468.

**ਉਰਫੀ:** ਪਤਾ ਨਹੀਂ ਉਸ ਦੇ ਆਉਣ ਵਿਚ ਕਿਉਂ ਦੇਰੀ ਹੋ ਰਹੀ ਹੈ। ਮੇਰੀ ਤਾਂ ਇਹ ਹਾਲਤ ਹੈ ਕਿ ਸਿਰ ਤੋਂ ਪੈਰਾਂ ਤੱਕ ਤੇਰੇ ਇੰਤਜ਼ਾਰ ਵਿਚ ਡੁੱਬਿਆ ਹੋਇਆ ਹਾਂ।

ਗੋਯਾ ਮਹਿਬੂਬ ਦੇ ਆਉਣ ਦੀ ਉਡੀਕ ਵਿਚ ਜੁਦਾਈ ਦੇ ਪਲ ਗੁਜ਼ਾਰਦਾ ਰਿਹਾ। ਉਸ ਅੱਗੇ ਹਾਲ ਦੁਆਹੀ ਕਰਦੇ ਹਨ। ਜੇਕਰ ਉਹ ਕੁਝ ਪਲਾਂ ਲਈ ਸੂਰਜ ਚੰਨ੍ਹ ਵਾਂਗ ਨਿਕਲ ਆਵੇ ਤਾਂ ਉਸ ਦੇ ਦੀਦਾਰ ਹੋ ਜਾਣ ਅਤੇ ਰੂਹ ਨੂੰ ਸਕੂਨ ਮਿਲ ਸਕੇ। ਕਹਿੰਦੇ ਹਨ ਕਿ ਤੇਰੇ ਬਗੈਰ ਸਾਰੀ ਦੁਨੀਆਂ ਵਿਚ ਹਨੇਰਾ ਛਾਇਆ ਹੋਇਆ ਹੈ। ਜੇਕਰ ਉਹ ਆਪਣਾ ਚਿਹਰਾ ਵਿਖਾ ਦੇਵੇ ਤਾਂ ਸਾਰੀ ਤਾਰੀਕੀ (ਹਨ੍ਹੇਰਾਪਣ) ਦੂਰ ਹੋ ਜਾਵੇ। ਭਾਈ ਨੰਦ ਲਾਲ ਗੋਯਾ ਆਪਣੀਆਂ ਅੱਖਾਂ ਨੂੰ ਮਹਿਬੂਬ ਦੀ ਕਿਆਮਗਾਹ ਦੱਸਦੇ ਹਨ। ਮਹਿਬੂਬ ਨੂੰ ਅੱਖਾਂ ਵਿਚ ਬੈਠਣ ਦੀ ਦਾਅਵਤ ਦਿੰਦੇ ਹਨ ਅਤੇ ਦੀਦਾਰ ਦੇ ਸ਼ੌਕ ਦਾ ਹਾਲ ਇਸ ਤਰ੍ਹਾਂ ਬਿਆਨ ਕਰਦੇ ਹਨ, ਮੈਂ ਤੇਰੇ ਘਰ ਦੇ ਅੱਗੇ ਮਰਿਆਂ ਵਾਂਗ ਪਿਆ ਹਾਂ। ਮੇਰੀਆਂ ਅੱਖਾਂ ਤੁਹਾਡਾ ਦੀਦਾਰ ਕਰ ਲੈਣ। ਮਹਿਬੂਬ ਨੂੰ ਮਸ਼ਵਰਾ ਦਿੰਦੇ ਹਨ ਕਿ ਬਾਗ ਵੱਲ ਆ ਜਾਵੋ ਤਾਂ ਜੋ ਮੈਂ ਤੁਹਾਡੇ ਦਰਸ਼ਨ ਕਰ ਲਵਾਂ। ਜੇਕਰ ਸੱਚੇ ਆਸ਼ਿਕ ਨੂੰ ਹਰ ਪਲ ਇਹ ਕਿਹਾ ਜਾਵੇ ਤਾਂ ਉਹ ਮਹਿਬੂਬ ਦਾ ਦੀਦਾਰ ਨਹੀਂ ਕਰ ਸਕਦਾ, ਫਿਰ ਵੀ ਉਹ ਦੀਦਾਰ ਲਈ ਜ਼ਿੱਦ ਕਰਦਾ ਹੈ।

> ਤੂ ਮੈਨੂੰ ਕਦੀਂ ਵੇਖ ਨਹੀਂ ਸਕਦਾ ਤੂ ਨਾ ਆਵੀਂ
> ਮੂਸਾ ਦੀਦਾਰ ਲਈ ਆਇਆ ਸੀ ਪਰ ਕਰ ਨਹੀਂ ਸਕਿਆ।

**ਗੁਰੂ ਅਮਰਦਾਸ ਜੀ ਵੀ ਕਹਿੰਦੇ ਹਨ:**

> ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨ ਖਰੀ ਨਿਮਾਣੀ॥
> ਮੈਂ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥[105]

**ਗੁਰੂ ਰਾਮਦਾਸ ਜੀ ਨੇ ਵੀ ਕਿਹਾ ਹੈ:**

> ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ॥
> ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ॥[106]

**ਗੁਰੂ ਅਰਜਨ ਦੇਵ ਦੇ ਸ਼ਬਦਾਂ ਵਿਚ:**

> ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਪਿਆਰੇ ਜੀਉ।[107]

---

[105] ਗੁਰੂ ਗ੍ਰੰਥ ਸਾਹਿਬ, ਪੰਨਾ 244.
[106] ਉਹੀ, ਪੰਨਾ 449.
[107] ਉਹੀ, ਪੰਨਾ 96.

**ਦੋਸਤੀ ਦੀ ਜੁਦਾਈ:** ਗੋਯਾ ਯਾਰ ਦੀ ਜੁਦਾਈ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਦੇ ਹਨ ਕਿ ਉਸ ਦਾ ਦਿਲ ਯਾਰ ਦੀ ਜੁਦਾਈ ਕਾਰਨ ਸੜ ਗਿਆ ਹੈ, ਜਾਨ ਵੀ ਬੇਚੈਨ ਰਹਿੰਦੀ ਹੈ। ਜੁਦਾਈ ਅਤੇ ਚਨਾਰ ਦੀ ਅੱਗ ਵਿਚ ਸੜਦਾ ਰਹਿੰਦਾ ਹੈ। ਮਹਿਬੂਬ ਦੀ ਜੁਦਾਈ ਆਦਮੀ ਨੂੰ ਇੰਜ ਬਣਾ ਦਿੰਦੀ ਹੈ ਜਿਵੇਂ ਕਿਸੇ ਧਾਤ ਨੂੰ ਢਾਲ ਕੇ ਸੋਨਾ ਬਣਾਉਣਾ। ਆਪਣੇ ਦਿਲ ਨੂੰ ਯਾਰ ਦੀ ਜੁਦਾਈ ਵਿਚ ਹੌਸਲਾ ਦਿੰਦਿਆਂ ਕਹਿੰਦੇ ਹਨ ਕਿ ਤੂੰ ਉਮੀਦ ਦੀ ਅੱਗ ਵਿਚ ਸੜਦਾ ਰਹਿ।

ਅੱਗੇ ਕਹਿੰਦੇ ਹਨ ਕਿ ਮਹਿਬੂਬ ਦੇ ਫਿਰਾਕ ਦੀਆਂ ਕੀ ਕੀ ਗੱਲਾਂ ਦੱਸੇ, ਜੁਦਾਈ ਕਰਕੇ ਉਸ ਦੇ ਦਿਲ ਤੇ ਕੀ ਗੁਜ਼ਰਦੀ ਹੈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਤਾਂ ਗੱਲਾਂ ਦਾ ਅਟੁੱਟ ਸਿਲਸਿਲਾ ਹੈ। ਮੈਂ ਉਸਦੀ ਜੁਦਾਈ ਦੀਆਂ ਗੱਲਾਂ ਵੀ ਕਿਸੇ ਨੂੰ ਬਿਆਨ ਨਹੀਂ ਕਰ ਸਕਦਾ।

ਗੋਯਾ ਦਾ ਦਾਅਵਾ ਹੈ ਕਿ ਉਹ ਇਕੱਲੇ ਹੀ ਮਹਿਬੂਬ-ਏ-ਹਕੀਕੀ ਵਿਚ ਹੀ ਨਹੀਂ ਜੂਝ ਰਹੇ, ਸਗੋਂ ਇਸ਼ਕ ਦੀ ਅੱਗ ਨੇ ਸਾਰੀ ਦੁਨੀਆਂ ਨੂੰ ਲਪੇਟ ਵਿਚ ਲੈ ਲਿਆ ਹੈ। ਹਜ਼ਾਰਾਂ ਸੀਨੇ ਉਸ ਦੇ ਹਿਜ਼ਰ ਵਿਚ ਤੜਫ ਰਹੇ ਹਨ। ਸਾਰੀ ਦੁਨੀਆਂ ਨੂੰ ਹੈਰਾਨੀ ਅਤੇ ਪ੍ਰੇਸ਼ਾਨੀ ਹੈ। ਤੇਰੇ ਹਿਜਰ ਵਿਚ ਮੇਰੀਆਂ ਅੱਖਾਂ ਵੀ ਰੋ ਰਹੀਆਂ ਹਨ। ਭਾਈ ਨੰਦ ਲਾਲ ਗੋਯਾ ਵਸਲ ਦੇ ਤਲਬਗਾਰ ਨੂੰ ਹਿਜ਼ਰ ਤੋਂ ਜਾਣੂ ਹੋਣ ਦੀ ਹਦਾਇਤ ਕਰਦੇ ਹਨ ਕਿਉਂਕਿ ਰਹਿਬਰ ਤੋਂ ਬਗੈਰ ਕੋਈ ਆਦਮੀ ਸਹੀ ਮੰਜ਼ਿਲ ਤੱਕ ਪਹੁੰਚ ਨਹੀਂ ਸਕਦਾ। ਹਿਜਰ ਰਹਿਬਰ ਦਾ ਕੰਮ ਕਰਦਾ ਹੈ।

ਗੋਯਾ ਕਹਿੰਦੇ ਹਨ ਕਿ ਅਸਮਾਨ ਧਰਤੀ ਦੀ ਹੋਂਦ ਵੀ ਨਹੀਂ ਸੀ ਜਦੋਂ ਤੇਰੇ ਮਿਲਣ ਦੀ ਤਾਂਘ ਨੇ ਮੈਨੂੰ ਤੇਰੇ ਅੱਗੇ ਸਜਦਾ ਕਰਨਾ ਸਿਖਾਇਆ। ਗੁਰਬਾਣੀ ਵਿਚ ਵੀ ਜੁਦਾਈ ਨੂੰ ਫੁਰਮਾਇਆ ਗਿਆ ਹੈ।

**ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:**

ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ॥
ਗੁਰ ਭੇਟੇ ਪਾਰਸੁ ਭਈਏ ਜੋਤੀ ਜੋਤਿ ਮਿਲਾਏ॥ [108]

**ਗੁਰੂ ਤੇਗ ਬਹਾਦੁਰ ਜੀ ਅਨੁਸਾਰ:**

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥ [109]

---

108 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 421.
109 ਗੁਰੂ ਗ੍ਰੰਥ ਸਾਹਿਬੁ, ਪੰਨਾ 633.

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਰੱਬ ਦੀ ਯਾਦ ਵਿਚ ਮਰ ਮਿੱਟ ਜਾਣਾ ਚਾਹੀਦਾ ਹੈ ਅਤੇ ਖ਼ੁੱਦ ਨੂੰ ਰੱਬ ਵਿਚ ਲੀਨ ਕਰ ਲੈਣਾ ਚਾਹੀਦਾ ਹੈ ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ।

**ਰੱਬ ਨੂੰ ਪਾਉਣਾ:** ਨਫਸ ਨੂੰ ਸਾਫ ਰੱਖਣਾ ਰੂਹ ਨੂੰ ਤਾਕਤ ਦੇਣਾ ਹੈ, ਰੱਬ ਨੂੰ ਪਾਉਣ ਦਾ ਸਾਧਨ ਹੈ ਜਿਸ ਨੂੰ ਇਲਮ-ਏ-ਬਾਤਿਨ ਆਖਦੇ ਹਨ। ਇਹ ਚੀਜ਼ ਅਕਲ ਅਤੇ ਇਲਮ ਨਾਲ ਨਹੀਂ ਮਿਲਦੀ ਸਗੋਂ ਸੰਘਰਸ਼ ਤੋਂ ਬਾਅਦ ਪ੍ਰਾਪਤ ਹੁੰਦੀ ਹੈ। ਗੋਯਾ ਅਨੁਸਾਰ- ਐ ਦਿਲ ਜਦੋਂ ਤੂੰ ਰੱਬ ਦੇ ਭੇਦਾਂ ਤੋਂ ਜਾਣੂ ਹੋ ਗਿਆ ਤਾਂ ਤੇਰੇ ਸੀਨੇ ਵਿਚ ਉਸ ਦੇ ਭੇਦ ਖੋਲ੍ਹ ਦਿੱਤੇ ਜਾਣਗੇ। ਗੁਰਬਾਣੀ ਵਿਚ ਦਰਜ ਹੈ:

ਸੇਵਾ ਕਿਰਤ ਹੋਇ ਨਹਿਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥ [110]

ਭਾਵ ਜਿਹੜਾ ਆਦਮੀ ਬਦਲੇ ਨੂੰ ਮੁੱਖ ਨਾ ਰੱਖਦਾ ਹੋਵੇ ਅਤੇ ਸੇਵਾ ਕਰਦਾ ਰਹੇ ਉਹ ਰੱਬ ਦੀ ਕੁਦਰਤ ਪ੍ਰਾਪਤ ਕਰ ਲੈਂਦਾ ਹੈ।

ਗੋਯਾ ਕਹਿੰਦੇ ਹਨ ਕਿ ''ਹਮੇਸ਼ਾ ਆਪਣੇ ਦਿਲ ਨੂੰ ਸਬਰ ਸੰਤੋਖੀ ਬਣਾ ਕੇ ਜ਼ਿੰਦਗੀ ਦੇ ਦਿਨ ਕੱਟ ਲੈ।" ਉਹ ਫਿਰ ਕਹਿੰਦੇ ਹਨ, ''ਸਾਕੀਆਂ ਉੱਠ ਕੇ ਬੈਠ ਅਤੇ ਆਪਣੇ ਮੂੰਹ ਵਿਚ ਸ਼ਰਾਬ ਰੱਖ ਲੈ ਅਤੇ ਪੀ ਕੇ ਆਪਣੇ ਦਿਮਾਗ ਨੂੰ ਰੰਗੀਨ ਬਣਾ ਲੈ।'' ਐ ਸਾਕੀ ਛੇਤੀ ਆ ਜਾਵੇ ਅਤੇ ਏਥੇ ਹਨੇਰੀ ਨੂੰ ਰੋਸ਼ਨੀ ਵਿਚ ਤਬਦੀਲ ਕਰ ਦੇਵੋ। ਮੈਨੂੰ ਸ਼ਰਾਬ ਦਾ ਅਜਿਹਾ ਨਸ਼ਾ ਚੜ੍ਹ ਜਾਵੇ ਜਿਸ ਨਾਲ ਮੇਰੇ ਸਾਰੇ ਛੁਪੇ ਹੋਏ ਭੇਦ ਪ੍ਰਗਟ ਹੋ ਜਾਣ।

**ਗੋਯਾ:** ਸਾਕੀ ਸ਼ੌਕ ਵਿਚ ਵਾਧਾ ਕਰਨ ਵਾਲੀ ਸ਼ਰਾਬ ਪਿਲਾ ਦਿਓ, ਤੇਰੇ ਚਿਹਰੇ ਨੂੰ ਵੇਖ ਲਵਾਂ ਅਤੇ ਜੁਦਾਈ ਦੀਆਂ ਘੜੀਆਂ ਦੂਰ ਹੋ ਜਾਣ। ਸ਼ਰਾਬ ਉਨ੍ਹਾਂ ਲਈ ਲਾਜ਼ਮੀ ਹੈ ਜਿਨ੍ਹਾਂ ਨੇ ਸੂਫੀਵਾਦ ਦੀਆਂ ਮੰਜ਼ਿਲਾਂ ਤੈਅ ਕਰਨੀਆਂ ਹਨ। ਇਸ ਵਾਸਤੇ ਸੁਰਾਹੀ, ਪਿਆਲਾ, ਸ਼ੀਸ਼ਾ, ਨਸ਼ਾ, ਖ਼ੁਮਾਰ, ਦਰਦ, ਨਗਮਾਂ ਅਤੇ ਸਰੂਰ ਇਸ ਦੇ ਜ਼ਰੂਰੀ ਅੰਗ ਹਨ। ਗੋਯਾ ਅਨੁਸਾਰ, ਮਸਤੀ ਵਾਲੇ ਲੋਕ ਰੰਗ-ਬਿਰੰਗੇ ਪਿਆਲਿਆਂ ਤੋਂ ਸੰਕੋਚ ਕਰਦੇ ਹਨ, ਪਿਆਸੇ ਬੰਦੇ ਨੂੰ ਤਾਂ ਪਾਣੀ ਵੀ ਮਿੱਠਾ ਲੱਗਦਾ ਹੈ।

ਮਸਤ ਲੋਕਾਂ ਨੂੰ ਰੰਗੀਨ ਪਿਆਲੇ ਦੀ ਜ਼ਰੂਰਤ ਇਸ ਤਰ੍ਹਾਂ ਹੁੰਦੀ ਹੈ ਜਿਵੇਂ ਪਿਆਸੇ ਨੂੰ ਪਾਣੀ ਦੀ ਜ਼ਰੂਰਤ ਹੋਵੇ। ਭਾਵ ਜਿਵੇਂ ਮਨੁੱਖ ਨੂੰ ਜਿਉਂਦੇ ਰਹਿਣ ਲਈ ਪਾਣੀ ਦੀ ਜ਼ਰੂਰਤ ਹੁੰਦੀ ਹੈ, ਇੰਜ ਹੀ ਅਜਿਹੇ ਦਿਲ ਦੀ ਜ਼ਰੂਰਤ ਹੁੰਦੀ ਹੈ ਜਿਸ ਤੇ ਹਰ ਤਰ੍ਹਾਂ ਦੀਆਂ ਗੱਲਾਂ ਜ਼ਾਹਿਰ ਹੁੰਦੀਆਂ ਹਨ। ਇਸ ਕਰਕੇ ਗੋਯਾ ਮਨੁੱਖ ਨੂੰ ਉਸ ਰੱਬੀ ਜ਼ਾਤ ਨਾਲ ਜੋੜਨਾ ਚਾਹੁੰਦਾ ਹੈ ਜਿਹੜਾ ਸ਼ੌਕ ਅਤੇ

---

110 ਗੁਰੂ ਗ੍ਰੰਥ ਸਾਹਿਬ, ਪੰਨਾ 286.

ਹਕੀਕਤ ਨੂੰ ਆਮ ਲੋਕਾਂ ਦੇ ਸਾਹਮਣੇ ਪੇਸ਼ ਕਰਨ ਦੀ ਤਾਕਤ ਬਖਸ਼ੇ। ਸੂਫੀ ਸਾਫ ਸੁਥਰੇ ਬਣਨ ਦੀ ਪ੍ਰੇਰਣਾ ਕਰਦੇ ਹਨ, ਭਾਵ ਰੱਬ ਦੀ ਜਾਤ ਤੋਂ ਇਲਾਵਾ ਹੋਰ ਸਾਰੀਆਂ ਚੀਜ਼ਾਂ ਤੋਂ ਪਾਕ ਸਾਫ ਹੋਣਾ। ਤਰੀਕਤ ਦੇ ਰਹਿਬਰਾਂ ਦੀ ਪੈਰਵੀ ਕਰਨਾ, ਮਨ ਦੀਆਂ ਇੱਛਾਵਾਂ ਨੂੰ ਮਾਰਨਾ, ਸਰੀਰਕ ਆਰਾਮ ਨੂੰ ਘਟਾਉਣਾ, ਇਬਾਦਤ-ਬੰਦਗੀ ਅਤੇ ਰੱਬ ਦਾ ਡਰ ਅਖਤਿਆਰ ਕਰਨਾ ਚਾਹੀਦਾ ਹੈ। ਅਜਿਹਾ ਅਮਲ ਕਰਨ ਨਾਲ ਮਨੁੱਖ ਨੂੰ ਆਪਣੇ ਜਾਮ ਅੰਦਰ ਵੀ ਆਪਣੇ ਮਹਿਬੂਬ ਦੀ ਸ਼ਕਲ ਨਜ਼ਰੀਂ ਆਉਂਦੀ ਹੈ। ਇਸ਼ਕ ਦੀ ਸ਼ਰਾਬ, ਰੱਬੀ ਯਾਦ ਅਤੇ ਮੁਰਸ਼ਿਦ-ਏ-ਕਾਮਿਲ ਦੇ ਫੈਜ਼ ਨਾਲ ਹੀ ਇਹ ਮਰਤਬਾ ਪ੍ਰਾਪਤ ਹੁੰਦਾ ਹੈ।

ਭਾਈ ਨੰਦ ਲਾਲ ਗੋਯਾ ਕਹਿੰਦੇ ਹਨ ਕਿ ਦੀਨ ਅਤੇ ਦੁਨੀਆਂ ਮੇਰੇ ਹੁਸੀਨ ਮਹਿਬੂਬ ਦੀ ਟੇਡੀ ਜ਼ੁਲਫ ਤੇ ਕੁਰਬਾਨ ਹੈ। ਇਕ ਇਕ ਵਾਲ ਦੀ ਕੀਮਤ ਦੋਵੇਂ ਜਹਾਨਾਂ ਤੋਂ ਜ਼ਿਆਦਾ ਹੈ।

ਉਪਰੋਕਤ ਸ਼ੇਅਰ ਵਿਚ ਸੂਫੀਆਨਾ ਤਰਜ਼ ਵਿਚ ਰੱਬ ਨਾਲ ਇਸ਼ਕ ਦਾ ਜਜ਼ਬਾ ਸ਼ਾਮਿਲ ਹੈ। ਇਸੇ ਅੰਦਾਜ਼ ਦੇ ਕੁਝ ਹੋਰ ਸ਼ੇਅਰਾਂ ਦਾ ਮਤਲਬ ਇਸ ਤਰ੍ਹਾਂ ਹੈ- ਤੇਰੀ ਜ਼ੁਲਫ ਦੇ ਗੇੜਪੇਚ ਤੋਂ ਕੋਈ ਵੀ ਆਦਮੀ ਬਾਹਰ ਨਹੀਂ, ਮੈਂ ਦੀਵਾਨੇ ਦਿਲ ਵਿਚ ਸੌਦੇ ਦਾ ਸੌਦਾਗਰ ਬਣ ਗਿਆ।

ਤੇਰੀ ਜੁਲਫ ਤੇ ਸਾਰੀ ਦੁਨੀਆਂ ਕੁਰਬਾਨ ਹੈ, ਜੇਕਰ ਕੁਝ ਪਲਾਂ ਲਈ ਇਸ ਨੂੰ ਬਿਖੇਰ ਦੇਵੇ ਤਾਂ ਕੀ ਨੁਕਸਾਨ ਹੈ। ਜੇਕਰ ਮਨੁੱਖ ਆਪਣੇ ਸੱਚੇ ਇਸ਼ਕ ਦਾ ਸੱਚੇ ਰੱਬ ਨਾਲ ਸੌਦਾ ਕਰ ਲਏ ਤਾਂ ਸਾਰੀ ਦੁਨੀਆਂ ਉਸ ਨਾਲ ਸੌਦਾ ਕਰਨ ਲਈ ਤਿਆਰ ਹੈ।

ਗੋਯਾ ਮੈਨੂੰ ਮੁਲਕ ਮਾਲ ਦਾ ਕੁਝ ਪਤਾ ਨਹੀਂ, ਮੈਂ ਤਾਂ ਤੇਰੀ ਜ਼ੁਲਫ ਨੂੰ ਹੀ ਹੁਮਾ ਦੀ ਛਾਂ ਸਮਝਦਾ ਹਾਂ। ਦੋਵੇਂ ਜਹਾਨਾਂ ਦੀ ਬਾਦਸ਼ਾਹੀ ਦੇ ਮੁਕਾਬਲੇ ਤੇਰੀ ਇਕ ਨਜ਼ਰ ਮੇਰੇ ਲਈ ਕਾਫੀ ਹੈ। ਤੇਰੀ ਜ਼ੁਲਫ ਦੀ ਛਾਂ ਹੁਮਾ ਦੇ ਪੰਖ ਵਾਂਗ ਹੈ।

> ਐ ਮਹਿਬੂਬ ਤੇਰੇ ਖੁਸ਼ਬੂ ਨਾਲ ਭਰੀ ਜ਼ੁਲਫ ਸਵੇਰੇ ਲਈ ਰੋਸ਼ਨੀ ਬਖਸ਼ਦੀ ਹੈ,
> ਜਦੋਂ ਜ਼ਾਹਿਰ ਨਹੀਂ ਸੀ ਉਹ ਸੂਰਜ ਨੂੰ ਵੀ ਮੱਧਮ ਕਰ ਦਿੰਦੀ ਹੈ।[111]

**ਗੋਯਾ:** ਜਦੋਂ ਸੂਰਜ ਨਿਕਲਿਆ ਤਾਂ ਇੰਝ ਸੀ ਕਿ ਜਿਵੇਂ ਸਵੇਰ ਦਾ ਸੁਪਨਾ ਹੋਵੇ ਤਾਂ ਮੈਂ ਅਜਿਹੀ ਸਵੇਰ ਨੂੰ ਸੌ-ਸੌ ਵਾਰੀ ਤਾਅਨੇ ਮਾਰੇ। ਜਦੋਂ ਮੇਰੀਆਂ ਡਰੀਆਂ ਹੋਈਆਂ ਅੱਖਾਂ ਉਸ ਦੇ ਸਾਹਮਣੇ ਰੋਈਆਂ ਤਾਂ ਡਰ ਵੀ ਜਾਂਦਾ ਰਿਹਾ।

ਗੋਯਾ ਬੇਨਤੀ ਕਰਦਾ ਹੈ ਕਿ ਮੇਰੇ ਮਹਿਬੂਬ ਤੋਂ ਬਿਨ੍ਹਾਂ ਦੁਨੀਆਂ ਵਿਚ ਹਨੇਰਾ ਛਾ ਗਿਆ। ਸੂਰਜ ਚੰਨ ਦੁਨੀਆਂ ਨੂੰ ਰੌਸ਼ਨ ਕਰਨ ਤੋਂ ਅਸਮਰਥ ਹਨ ਕਿਉਂਕਿ ਉਸਦੇ ਚਿਹਰੇ ਦੇ ਮੁਕਾਬਲੇ ਕੁਝ

---

[111] ਇਸਤਲਾ ਹਾਤੇ ਸੂਫੀਆ, ਪੰਨਾ 3.

ਵੀ ਹੈਸੀਅਤ ਨਹੀਂ ਰੱਖਦੇ। ਇਸ ਲਈ ਐ ਮਹਿਬੂਬ ਆਪਣਾ ਨੂਰਾਨੀ ਚਿਹਰਾ ਵਿਖਾ ਦੇਵੋ ਤਾਂ ਜੋ ਦੁਨੀਆਂ ਵਿਚ ਚਾਨਣ ਹੋ ਜਾਵੇ। ਗੋਯਾ ਆਪਣੇ ਹਕੀਕੀ ਮੁਰਸ਼ਿਦ ਦੀ ਹੋਂਦ ਨੂੰ ਉਜਾਗਰ ਕਰਦਾ ਹੈ ਕਿ ਸੈਂਕੜੇ ਮੋਮਬੱਤੀਆਂ ਤੇਰੇ ਸਦਕੇ ਹੁੰਦੀਆਂ ਰਹਿੰਦੀਆਂ ਹਨ। ਤੇਰੇ ਚਮਕਦੇ ਘੇਰੇ ਦੇ ਆਲੇ-ਦੁਆਲੇ ਮੋਮਬੱਤੀ ਦੀਆਂ ਅੱਖਾਂ ਜਾਨ ਦਿੰਦੀਆਂ ਰਹਿੰਦੀਆਂ ਹਨ। ਤੇਰੀਆਂ ਆਪਣੀਆਂ ਗੱਲਾਂ ਤੇ ਮੈਂ ਸੌ ਵਾਰੀ ਸਦਕੇ ਜਾਵਾਂ ਅਤੇ ਜਾਨ ਨਿਸਾਰ ਕਰਾਂ, ਤੇਰੀਆਂ ਗੱਲਾਂ ਤੇ ਕੁਰਬਾਨ ਹੋ ਜਾਵਾਂ।

ਗੁਰੂ ਨਾਨਕ ਦੇਵ ਜੀ ਆਪਣੇ ਮਹਿਬੂਬ-ਏ-ਹਕੀਕੀ ਨੂੰ ਆਪਣੇ ਇਨ੍ਹਾਂ ਖ਼ੂਬਸੂਰਤ ਲਫਜ਼ਾਂ ਨਾਲ ਯਾਦ ਕਰਦੇ ਹਨ।

> ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ ਤੇਰੇ ਭਗਤ ਸੋਹਹਿ ਦਰਬਾਰੇ॥ [112]

**ਗੁਰੂ ਅਰਜਨ ਦੇਵ ਜੀ ਵੀ ਕਹਿੰਦੇ ਹਨ:**

> ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਣਾ ਪ੍ਰਾਨ ਅਧਾਰਾ ਰਾਮ। [113]
> ਤੇਰਾ ਮੁਖੁ ਸੁਹਾਵਾ ਜੀਉ, ਸਹਿਜ ਧੁਨਿ ਬਾਣੀ॥ [114]

**ਮਹਿਬੂਬ ਦੀ ਠੋਡੀ ਦਾ ਟੋਆ:** ਜਿਸ ਦੇ ਅਰਥ ਠੋਡੀ ਅਤੇ ਖ਼ੂਬਸੂਰਤ ਹਨ, ਪਰ ਸੂਫੀਆਂ ਦੇ ਨਜ਼ਦੀਕ ਮਹਿਬੂਬ ਦੀ ਠੋਡੀ ਦਾ ਟੋਆ ਅਤੇ ਖ਼ੂਬਸੂਰਤੀ ਵੇਖਣ ਦੀ ਲਾਲਸਾ, ਮਹਿਬੂਬ ਦੇ ਕਹਿਰ ਨੂੰ ਆਖਦੇ ਹਨ।

ਗੋਯਾ ਅਨੁਸਾਰ, ਤੇਰੀ ਛੋਟੀ ਅਤੇ ਖ਼ੂਬਸੂਰਤ ਠੋਡੀ ਇੰਝ ਲਗਦੀ ਹੈ ਜਿਵੇਂ ਬਾਗ ਵਿਚ ਸੁਆਦਲਾ ਫਲ ਹੋਵੇ। ਉਸ ਦੇ ਵਾਲਾਂ ਦੇ ਪੇਚ ਦੁਨੀਆਂ ਨੂੰ ਧੋਖੇ ਵਿਚ ਪਾਉਂਦੇ ਹਨ। ਉਸ ਦੀ ਛੋਟੀ ਠੋਡੀ ਬਹੁਤ ਖ਼ੂਬਸੂਰਤ ਜਾਪਦੀ ਹੈ। ਪ੍ਰਮਾਤਮਾ ਦੀ ਖ਼ੂਬਸੂਰਤੀ ਦਾ ਵਰਨਣ ਗੁਰਬਾਣੀ ਵਿਚ ਵੀ ਇਸ ਤਰ੍ਹਾਂ ਦਿੱਤਾ ਹੈ:

> ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ
> ਆਸਾ ਲਗਿ ਜੀਵਤੇ ਜੀਉ॥ [115]

---

112 ਗੁਰੂ ਗ੍ਰੰਥ ਸਾਹਿਬ, ਪੰਨਾ 670.
113 ਉਹੀ, ਪੰਨਾ 542.
114 ਉਹੀ, ਪੰਨਾ 96.
115 ਉਹੀ, ਪੰਨਾ 80.

ਗੋਯਾ ਮਹਿਬੂਬ ਦੇ ਮੂੰਹ ਦੀ ਤਾਰੀਫ ਕਰਦਿਆਂ ਲਿਖਦੇ ਹਨ ਕਿ ਸ਼ੱਕਰ ਦੇ ਕੁੱਜੇ ਨੂੰ ਉਸ ਦੇ ਤੰਗ ਮੂੰਹ ਨਾਲ ਕੋਈ ਸੰਬੰਧ ਨਹੀਂ ਹੈ ਜਦੋਂ ਕਿ ਸਭ ਤੋਂ ਚੰਗੀ ਉਪਮਾ ਅਲੰਕਾਰ ਇਹੋ ਹੋ ਸਕਦਾ ਹੈ।

ਗੋਯਾ ਵਾਂਗ ਸਲਮਾਨ ਸਾਊਜੀ ਨੂੰ ਵੀ ਮਹਿਬੂਬ ਦੇ ਕੱਦ ਦੇ ਮੁਕਾਬਲੇ ਕੋਈ ਹੋਰ ਉੱਚੇ ਕੱਦ ਵਾਲੀ ਚੀਜ਼ ਨਜ਼ਰੀਂ ਨਹੀਂ ਆਉਂਦੀ। ਲੋਕ ਮਹਿਬੂਬ ਦੇ ਉੱਚੇ ਕੱਦ ਤੇ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹਨ ਕਿਉਂਕਿ ਉਸ ਦੀ ਬੈਠਕ ਵਿਚ ਮੁਰਦਾ ਦਿਲ ਵੀ ਮੁੜ ਸੁਰਜੀਤ ਹੋ ਜਾਂਦੇ ਹਨ।[116]

ਸ਼ਾਇਰ ਦੁਨੀਆਂ ਦੇ ਹਨੇਰੇ ਨੂੰ ਦੂਰ ਕਰਨ ਦੇ ਲਈ ਮਹਿਬੂਬ ਨੂੰ ਅਰਜ਼ ਕਰਦਾ ਹੈ ਕਿ ਉਹ ਆਪਣੇ ਉੱਚੇ ਕੱਦ ਕਰਕੇ ਆਪਣੇ ਚਿਹਰੇ ਨੂੰ ਵਿਖਾ ਦੇਵੇ ਤਾਂ ਜੋ ਉਸ ਦੀ ਹਜ਼ੂਰੀ ਵਿਚ ਹਰੇਕ ਚੀਜ਼ ਰੋਸ਼ਨ ਹੋ ਜਾਵੇ।

ਇਕ-ਇਕ ਸਾਹ ਵੀ ਤੇਰੀ ਯਾਦ ਵਿਚ ਲੰਘਦਾ ਹੈ, ਜਦੋਂ ਤੇਰੀ ਯਾਦ ਵਿਚ ਹੰਝੂ ਡਿਗਦੇ ਹਨ, ਇੰਜ਼ ਹਨ ਜਿਵੇਂ ਹੀਰੇ ਮੋਤੀ ਡਿੱਗਦੇ ਹੋਣ।

ਜਦੋਂ ਕੋਈ ਆਸ਼ਿਕ ਮਹਿਬੂਬ ਵੱਲ ਤੱਕਦਾ ਹੈ ਤਾਂ ਉਸ ਦੀਆਂ ਅੱਖਾਂ ਦੇ ਇਸ਼ਾਰਿਆਂ ਨਾਲ ਮੋਤੀ ਡਿਗਣ ਲਗ ਪੈਂਦੇ ਹਨ ਕਿਉਂਕਿ ਉਮੀਦ ਦੀ ਤਾਂਘ ਉਸ ਵੇਲੇ ਪੂਰੀ ਨਹੀਂ ਹੁੰਦੀ। ਜਦੋਂ ਤੱਕ ਹੰਝੂਆਂ ਦੀ ਲੜੀ ਅੱਖਾਂ ਚੋਂ ਨਾ ਡਿੱਗੇ।

ਜਦੋਂ ਇਨਸਾਨ ਮਾਰਫਤ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਮਹਿਬੂਬ-ਏ-ਹਕੀਕੀ ਨੂੰ ਇਲਾਜ ਲਈ ਪੁਕਾਰਦਾ ਹੈ। ਇਸ ਲਈ ਗੋਯਾ ਹਦਾਇਤ ਕਰਦਾ ਹੈ ਕਿ ਇਨਸਾਨ ਨੂੰ ਪਲਕਾਂ ਵਾਂਗ ਅੱਖ ਦਾ ਦਾਮਨ ਨਹੀਂ ਛੱਡਣਾ ਚਾਹੀਦਾ, ਜਦੋਂ ਤੱਕ ਆਰਜੂ ਪੂਰੀ ਨਾ ਹੋ ਜਾਵੇ।

**ਮੁਰਸ਼ਿਦ ਦੀ ਆਗਿਆਕਾਰੀ:** ਇਨਸਾਨ ਨੂੰ ਚਾਹੀਦਾ ਹੈ ਕਿ ਉਹ ਆਪਣੇ ਮੁਰਸ਼ਿਦ ਦੀ ਰਾਹ ਤੇ ਲਗਾਤਾਰ ਚੱਲਦਾ ਰਹੇ, ਜੇਕਰ ਉਹ ਮੁਰਸ਼ਿਦ ਦੇ ਰਸਤੇ ਦੀ ਤਲਾਸ਼ ਕਰਨ ਵਾਲਾ ਰਹੇਗਾ ਤਾਂ ਉਸ ਦੇ ਦਿਲ ਵਿਚ ਕਿਸੇ ਤਰ੍ਹਾਂ ਦਾ ਵਖਰੇਵਾਂ ਨਹੀਂ ਆਵੇਗਾ ਅਤੇ ਦਿਲ ਦੀ ਮੈਲ ਆਪਣੇ ਆਪ ਧੁਲ ਜਾਵੇਗੀ।

ਮੁਰਸ਼ਿਦ ਦੀ ਪੈਰਵੀ ਕਰਨ ਵਾਲੇ ਸਾਰੇ ਇਨਸਾਨ ਭਾਵੇਂ ਉਹ ਕਿਸੇ ਧਰਮ ਨਾਲ ਕਿਉਂ ਨਾ ਸੰਬੰਧ ਰੱਖਦੇ ਹੋਣ ਸਕੇ ਭਰਾਵਾਂ ਵਾਂਗ ਬਣ ਜਾਂਦੇ ਹਨ। ਦਿਲਾਂ ਵਿਚੋਂ ਊਚ-ਨੀਚ ਅਤੇ ਈਰਖਾ ਨਿਕਲ ਜਾਂਦੀ ਹੈ। ਸਾਰੀ ਦੁਨੀਆਂ ਇਕ ਰੰਗੀ ਨਜ਼ਰੀ ਆਉਣ ਲੱਗ ਪੈਂਦੀ ਹੈ। ਗੁਰੂ ਅਰਜਨ ਦੇਵ

---

116 ਕੁੱਲੀਯਾਤੇ ਤੇ ਸਲਮਾਨ ਸਾਊਜੀ, ਸੰਪਾਦਕ ਅਵਸਤਾ, ਪੰਨਾ 324.

ਵੀ ਫਰਮਾਉਂਦੇ ਹਨ ਕਿ ਜਦੋਂ ਮੈਂ ਰੱਬ ਤਕ ਪਹੁੰਚੇ ਹੋਏ ਲੋਕਾਂ ਦੀ ਬੈਠਕ ਵਿਚ ਨਹੀਂ ਬੈਠਦਾ ਤਦ ਤੱਕ ਸ਼ਾਂਤੀ ਨਹੀਂ ਆਉਂਦੀ ਅਤੇ ਬੈਠਣ ਨਾਲ ਮੈਨੂੰ ਕੋਈ ਬੇਗਾਨਾ ਨਹੀਂ ਵਿਖਾਈ ਦਿੰਦਾ, ਸਗੋਂ ਸਾਰਾ ਸੰਸਾਰ ਆਪਣਾ ਹੀ ਵਿਖਾਈ ਦਿੰਦਾ ਹੈ।

> ਬਿਸਰਿ ਗਈ ਸਭ ਤਾਤਿ ਪਰਾਈ॥
> ਜਬ ਤੇ ਸਾਧ ਸੰਗਤਿ ਮੋਹਿ ਪਾਈ॥
>
> ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥[117]

**ਬੇਅਦਬੀ:** ਇਸ਼ਕ ਇਕ ਕੁਦਰਤੀ ਖਿੱਚ ਹੈ ਜਿਹੜੀ ਮਨੁੱਖ ਵਿਚ ਪਾਈ ਜਾਂਦੀ ਹੈ। ਇਸ ਦਿਲ ਵਿਚ ਇਕ ਖਾਸ ਸ਼ੌਕ ਅਤੇ ਲੱਜ਼ਤ ਮਹਿਸੂਸ ਹੁੰਦੀ ਹੈ। ਮੂੰਹ ਤੇ ਆਪਣੇ ਆਪ ਮੁਹੱਬਤ ਦੇ ਅਲਫਾਜ਼ ਆ ਜਾਂਦੇ ਹਨ। ਇਸ਼ਕ ਮੁਹੱਬਤ ਦੀ ਬੋਲਬਾਣੀ ਵਿਚ ਨਰਮੀ ਅਤੇ ਹਲੀਮੀ ਆ ਜਾਂਦੀ ਹੈ। ਮੁਹੱਬਤ ਹੋਰ ਵੱਧ ਜਾਂਦੀ ਹੈ। ਕੰਜੂਸੀ ਸਖਾਵਤ ਵਿਚ ਬਦਲ ਜਾਂਦੀ ਹੈ। ਘੁਮੰਡ ਨਿਆਜ਼ ਵਿਚ ਤਬਦੀਲ ਹੋ ਜਾਂਦਾ ਹੈ, ਮੁਕੱਦੀ ਗੱਲ ਇਹ ਹੈ ਕਿ ਉਹ ਇਕ ਅਕਸੀਰ ਹੈ ਜਿਸ ਨਾਲ ਮਿੱਟੀ ਸੋਨਾ ਬਣ ਜਾਂਦੀ ਹੈ।

ਇਸ਼ਕ ਜਦੋਂ ਸੱਚਾ ਇਸ਼ਕ ਹੋ ਜਾਂਦਾ ਹੈ ਤਾਂ ਸਾਰੀ ਦੁਨੀਆਂ ਵਿਚ ਮਾਸ਼ੂਕ ਤੋਂ ਬਿਨਾ ਕੁਝ ਨਜ਼ਰੀਂ ਨਹੀਂ ਆਉਂਦਾ, ਸਗੋਂ ਆਸ਼ਿਕ ਖੁਦ ਮਾਸ਼ੂਕ ਬਣ ਜਾਂਦਾ ਹੈ। ਇਹੋ ਮੁਕਾਮ ਹੈ ਜਿੱਥੋਂ ਅਕਲ ਹੱਕ ਦੀ ਅਵਾਜ਼ ਉੱਠਦੀ ਹੈ। ਸੱਚੇ ਇਸ਼ਕ ਦੇ ਗੂੜ੍ਹੇ ਜਜ਼ਬੇ ਦੀ ਹਾਲਤ ਵਿਚ ਹਰੇਕ ਤਰ੍ਹਾਂ ਦੀ ਸ਼ੈਅ ਵਿਚ ਇਸ਼ਕ ਦਾ ਰੰਗ ਨਜ਼ਰੀਂ ਆਉਂਦਾ ਹੈ ਜਿਵੇਂ ਇਸ਼ਕ ਦੀ ਹਾਲਤ ਵਿਚ ਜੇਕਰ ਕੋਈ ਸੰਸਾਰਿਕ ਸਦਮਾ ਪੇਸ਼ ਆ ਜਾਵੇ ਤਾਂ ਉਸ ਨਾਲ ਵੀ ਸੁਆਦ ਆਉਂਦਾ ਹੈ। ਜਦੋਂ ਇਸ਼ਕ ਦੇ ਰਾਹ ਵਿਚ ਔਕੜ ਆਉਂਦੀ ਹੈ ਤਾਂ ਅਸੀਂ ਉਸ ਨੂੰ ਇਸ ਤਰ੍ਹਾਂ ਬਿਆਨ ਕਰ ਸਕਦੇ ਹਾਂ।

ਮੇਰੇ ਦਿਲ ਵਿਚ ਦੁਨੀਆਂ ਦਾ ਗਮ ਹੀ ਮਾਸ਼ੂਕ ਦਾ ਗਮ ਹੈ। ਜੇਕਰ ਮੇਰੇ ਹੱਥ ਵਿਚ ਸ਼ਰਾਬ ਦਾ ਪਿਆਲਾ ਆ ਜਾਵੇ ਤਾਂ ਸਾਰੇ ਦਿਲ ਦੇ ਭੇਦ ਖੁੱਲ੍ਹ ਜਾਣ।[118]

ਗੋਯਾ ਕਹਿੰਦੇ ਹਨ ਕਿ ਭਾਵੇਂ ਇਸ਼ਕ ਦੀ ਮੰਜ਼ਿਲ ਤੱਕ ਪਹੁੰਚਣਾ ਮੁਸ਼ਕਿਲ ਹੈ ਪਰ ਮਨਸੂਰ ਵਾਂਗ ਸੂਲੀ ਤੇ ਚੜ੍ਹਿਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਮਨੁੱਖ ਦੇ ਦਿਲ ਵਿਚ ਕੋਈ ਇੱਛਾ ਨਹੀਂ ਰਹਿੰਦੀ, ਦੀਨ ਦੁਨੀਆਂ ਦੋਵੇਂ ਮਿਲ ਜਾਂਦੇ ਹਨ।

## II

---

117 ਉਹੀ, ਪੰਨਾ 1299.

118 ਸ਼ਿਅਰ-ਏ-ਫਾਰਸੀ ਦਰ ਇੰਦੋ ਪਾਕ ਸੰਪਾਦਕ ਮੁਜ਼ੱਫਰਹੁਸੈਨ ਸਮੀਸ, ਪੰਨਾ 58.

## ਗੋਯਾ ਦੀਆਂ ਗਜ਼ਲਾਂ ਦੀਆਂ ਵਿਸ਼ੇਸ਼ਤਾਵਾਂ

ਗੋਯਾ ਨੇ ਆਪਣੇ ਮਹਿਬੂਬ ਨੂੰ ਮਿਲਣਾ ਹਕੀਕੀ ਮੰਜ਼ਿਲ ਨੂੰ ਪਾਉਣਾ ਦੱਸਿਆ ਹੈ। ਰੱਬ ਨੂੰ ਜੰਗਲਾਂ ਵਿਚ ਤਲਾਸ਼ ਕਰਨ ਦੀ ਜ਼ਰੂਰਤ ਨਹੀਂ, ਉਹ ਤਾਂ ਸਾਡੇ ਅੰਗ-ਸੰਗ ਰਹਿਣ ਵਾਲੀ ਚੀਜ਼ ਹੈ। ਉਸ ਦੀ ਪਾਕ ਜਾਤ ਹਰੇਕ ਥਾਂ ਮੌਜੂਦ ਹੈ। ਐ ਗੋਯਾ ਅਸੀਂ ਇਸ ਅਨਮੋਲ ਜ਼ਿੰਦਗੀ ਨੂੰ ਬੇਕਾਰ ਗੁਜ਼ਾਰ ਅਤੇ ਗਵਾਂ ਰਹੇ ਹਾਂ।

ਦੋਵੇਂ ਗਜ਼ਲਾਂ ਦਾ ਮੁਕਾਬਲਾ ਕਰਨ ਨਾਲ ਪਤਾ ਚੱਲਦਾ ਹੈ ਕਿ ਗੋਯਾ ਇਸ਼ਕ-ਏ-ਹਕੀਕੀ ਤੇ ਪਹੁੰਚਣ ਦਾ ਦਾਅਵਾ ਤਾਂ ਕਰਦਾ ਹੈ, ਪਰ ਹਾਫਿਜ਼ ਆਪਣੀ ਪਹੁੰਚ ਤੋਂ ਬਾਹਰ ਦੱਸਦਾ ਹੈ। ਗੋਯਾ ਇਸ਼ਕ ਦੀਆਂ ਮੰਜ਼ਿਲਾਂ, ਮਹਿਰੂਮੀਆਂ ਅਤੇ ਮੁਸੀਬਤਾਂ ਦਾ ਰੋਣਾ ਨਹੀਂ ਰੋਂਦਾ, ਸਗੋਂ ਉਸ ਦੀਆਂ ਬਰਕਤਾਂ, ਖੁਸ਼ੀਆਂ ਦੇ ਗੀਤ ਗਾਉਂਦਾ ਹੈ। ਗੋਯਾ ਬਹੁਤ ਭਰੋਸੇ ਨਾਲ ਕਹਿੰਦਾ ਹੈ ਕਿ ਐ ਸਾਕੀ ਮੈਨੂੰ ਮਾਰਫਤ ਦੀ ਸ਼ਰਾਬ ਦਾ ਪਿਆਲਾ ਪਿਲਾ ਦੇਵੋ, ਜਿਸ ਨਾਲ ਮੇਰੀਆਂ ਰੂਹਾਨੀ ਅੱਖਾਂ ਖੁੱਲ੍ਹ ਜਾਣ ਅਤੇ ਸਾਰੀਆਂ ਕਠਿਨਾਈਆਂ ਹੱਲ ਹੋ ਜਾਣ।

ਮੇਰਾ ਦਿਲ ਯਾਰ ਦੀ ਜੁਦਾਈ ਵਿਚ ਸੜ ਰਿਹਾ ਹੈ। ਉਸ ਦੀ ਜੁਦਾਈ ਦੀ ਅੱਗ ਚਾਰ ਚੁਫੇਰੇ ਫੈਲ ਚੁੱਕੀ ਹੈ। ਜੁਦਾਈ ਵਿਚ ਹਰੇਕ ਚੀਜ਼ ਸੜ ਰਹੀ ਹੈ। ਤੂੰ ਮੋਮਬੱਤੀ ਦੀ ਰੋਸ਼ਨੀ ਨੂੰ ਤਾਂ ਵੇਖਦਾ ਹੈ ਪਰ ਮੋਮਬੱਤੀ ਦੇ ਹੰਝੂਆਂ ਵੱਲ ਨਜ਼ਰ ਨਹੀਂ ਕਰਦਾ।[119] ਗੋਯਾ ਕਹਿੰਦੇ ਹਨ ਕਿ ਮੈਂ ਇਕੱਲਾ ਹੀ ਇਸ਼ਕ ਵਿਚ ਨਹੀਂ ਸੜਦਾ ਸਗੋਂ ਇਸ ਅੱਗ ਨੇ ਸਾਰੇ ਸੰਸਾਰ ਨੂੰ ਸਾੜ ਰੱਖਿਆ ਹੈ।

ਅਲਗਯਾਸ ਕਾਫੀਆਂ ਨੇ ਹੇਠ ਬਹੁਤ ਚੰਗੇ ਸ਼ੇਅਰਾਂ ਨੂੰ ਬੰਨ੍ਹਿਆ ਹੈ। ਕਹਿੰਦੇ ਹਨ ਕਿ ਮੇਰੀਆਂ ਦੋਵੇਂ ਅੱਖਾਂ ਤੈਨੂੰ ਵੇਖਣ ਲਈ ਬੇਤਾਬ ਹਨ। ਜੁਦਾਈ ਕੱਟੀ ਨਹੀਂ ਜਾਂਦੀ। ਮੈਂ ਉਸ ਦੀ ਤਾਂਘ ਦੇ ਸਹਾਰੇ ਦਿਨ ਕੱਟ ਰਿਹਾ ਹਾਂ।[120] ਕੋਈ ਸਾਹ ਵੀ ਉਸ ਦੀ ਯਾਦ ਤੋਂ ਖਾਲੀ ਨਹੀਂ ਲੰਘਦਾ, ਤੇਰੀਆਂ ਨਾਜ਼ੁਕ ਪਲਕਾਂ ਅਤੇ ਛੋਟੇ ਮੂੰਹ ਦੀ ਕੀ ਤਾਰੀਫ ਹੋ ਸਕਦੀ ਹੈ, ਉਸ ਦੀਆਂ ਪਲਕਾਂ ਟੇਡੀਆਂ ਤਲਵਾਰ ਵਰਗੀਆਂ ਲੱਗਦੀਆਂ ਹਨ।[121] ਗੋਯਾ ਲਿਖਦੇ ਹਨ, ਲੋਕਾਂ ਤੱਕ ਵਫਾ ਕਿਵੇਂ ਪਹੁੰਚੇ? ਗਰੀਬਾਂ ਦੀ ਅਵਾਜ਼ ਅੱਗੇ ਕਿਵੇਂ ਪਹੁੰਚੇ, ਤੇਰੇ ਕਲਾਮ ਨੂੰ ਅੱਗੇ ਨਹੀਂ ਪਹੁੰਚਾਇਆ, ਅਸੀਂ ਪਹੁੰਚੇ ਪਰ ਬਾਦਸ਼ਾਹ ਨਹੀਂ ਪਹੁੰਚੇ। ਕਾਇਨਾਤ ਦੀਆਂ ਹਜ਼ਾਰਾਂ ਚੀਜ਼ਾਂ ਬਾਜ਼ਾਰ ਵਿਚ ਮੌਜੂਦ ਹਨ, ਕਿਸੇ ਕੋਲ ਬਾਜ਼ਾਰੀ ਸਿੱਕਾ ਨਹੀਂ ਪਹੁੰਚਿਆ। ਸਾਡਾ ਦੋਸਤ ਕੌਣ ਹੈ, ਇਹ ਕੋਈ ਨਹੀਂ ਜਾਣਦਾ, ਇਸ਼ਕ ਦਾ ਹਕੀਮ ਕੀ ਇਲਾਜ ਕਹਿੰਦਾ ਹੈ, ਕੋਈ ਨਹੀਂ ਜਾਣਦਾ। ਉਸ ਦੇ ਦਰਦ ਦੀ

---

119 ਦੀਵਾਨ-ਏ-ਹਾਫਿਜ਼, ਪੰਨੇ 84-85.

120 ਉਹੀ, ਪੰਨੇ 106-7.

121 ਉਹੀ।

ਕਹਾਣੀ ਰੱਬ ਤੋਂ ਇਲਾਵਾ ਕੌਣ ਜਾਣਦਾ ਹੈ। ਮੈਨੂੰ ਮੇਰੇ ਮਹਿਬੂਬ ਦੇ ਪੈਰਾਂ ਦੀ ਮਿੱਟੀ ਮਿਲ ਜਾਵੇ, ਮੈਂ ਉਸ ਨੂੰ ਸੁਰਮਾ ਸਮਝ ਲਵਾਂ, ਉਹ ਮੇਰੇ ਲਈ ਕੀਮੀਆਂ ਦਾ ਕੰਮ ਕਰੇਗਾ।[122]

ਗੋਯਾ ਉਮਰ ਸੰਬੰਧੀ ਲਿਖਦੇ ਹਨ: 'ਤੈਂ ਕਦੀ ਲਾਲ ਗੁਲਾਬ ਫੁੱਲ ਦੀ ਉਮਰ ਦਾ ਅੰਦਾਜ਼ਾ ਲਗਾਇਆ ਹੈ, ਮੈਂ ਹੁਣ ਜਵਾਨੀ ਤੋਂ ਬੁਢਾਪੇ ਵੱਲ ਪੈਰ ਰੱਖ ਲਿਆ ਹੈ। ਤੇਰੇ ਫੁੱਲਾਂ ਵਰਗੇ ਚਿਹਰੇ ਨੂੰ ਵੇਖ ਕੇ ਜ਼ਿੰਦਗੀ ਵਿਚ ਇਕ ਨਵੀਂ ਬਹਾਰ ਆ ਜਾਂਦੀ ਹੈ। ਮੇਰੇ ਅੰਦਰ ਦਾ ਗਮ ਬਿਜਲੀ ਵਾਂਗ ਸੜ ਰਿਹਾ ਹੈ। ਇਸ ਨਵੀਂ ਬਹਾਰ ਵਿਚ ਪਤਝੜ ਦਾ ਮਾਹੌਲ ਬਣ ਗਿਆ ਹੈ। ਦਿਲ ਨੇ ਤੇਰੀ ਮੁਹੱਬਤ ਕਬੂਲ ਕਰ ਲਈ ਹੈ। ਹੁਣ ਇਸ ਦਿਲ ਵਿਚ ਕਿਸੇ ਹੋਰ ਦੀ ਮੁਹੱਬਤ ਦਾਖਲ ਨਹੀਂ ਹੋ ਸਕਦੀ।'

ਬਾਸ਼ ਸੰਬੰਧੀ ਲਿਖਦੇ ਹਨ: 'ਲਾਲ ਗੁਲਾਬ ਫੁੱਲ ਦੀ ਜ਼ਾਹਰੀ ਸਜਾਵਟ ਚੰਗੀ ਜਾਪਦੀ ਹੈ, ਸ਼ਰਾਬ ਦੇ ਪਿਆਲੇ ਨਾਲ ਜਾਹਰੀ ਸਫਾਈ ਸੁਥਰਾਈ ਦੇ ਕੀ ਅਰਥ? ਸਵੇਰ ਦੀ ਠੰਡੀ-ਠੰਡੀ ਹਵਾ ਵਿਚ ਫੁੱਲਾਂ ਦੀ ਖੁਸ਼ਬੂ ਵੀ ਆਉਂਦੀ ਹੈ। ਇਹ ਗੱਲ ਨਾ ਕਹਿ ਕਿ ਸਾਰੀ ਉਮਰ ਕਿਸ ਦੀ ਇਬਾਦਤ ਕੀਤੀ ਹੈ, ਮੈਨੂੰ ਤਾਂ ਮਹਿਬੂਬ ਤੋਂ ਇਲਾਵਾ ਕਿਸੇ ਹੋਰ ਵੱਲ ਵੇਖਣ ਦਾ ਮੌਕਾ ਨਹੀਂ ਮਿਲਿਆ। ਕੁਝ ਚਿਰ ਸ਼ਰਾਬ ਨੋਸ਼ੀ ਕੀਤੀ ਅਤੇ ਜ਼ਿਆਦਾ ਸਮਾਂ ਉਸ ਦੀ ਇਬਾਦਤ, ਹਰ ਵੇਲੇ ਮੇਰੀਆਂ ਅੱਖਾਂ ਉਸ ਵੱਲ ਹੀ ਤੱਕਦੀਆਂ ਹਨ। ਮੈਨੂੰ ਤਾਂ ਜਾਮ ਵਿਚ ਵੀ ਮੇਰੇ ਯਾਰ ਦੀ ਤਸਵੀਰ ਨਜ਼ਰੀਂ ਆਉਂਦੀ ਹੈ। ਜਿੱਧਰ ਮੂੰਹ ਕਰਦਾ ਹਾਂ, ਹਰੇਕ ਪਾਸੇ ਮਹਿਬੂਬ ਨਜ਼ਰੀਂ ਆਉਂਦਾ ਹੈ। ਐ ਹਾਫਿਜ਼! ਤੂੰ ਉਸ ਮਾਲਿਕ ਤੋਂ ਇਲਾਵਾ ਕਿਸੇ ਹੋਰ ਦੀ ਬੰਦਗੀ ਕਿਉਂ ਕਰਦਾ ਹੈ। ਆਪਣਾ ਧਿਆਨ ਕਿਸੇ ਹੋਰ ਵੱਲ ਲਾਉਣਾ ਵੀ ਬੜੀ ਭੁੱਲ ਹੈ। ਆਪਣੇ ਆਪ ਨੂੰ ਪੀਰ ਦੇ ਹਵਾਲੇ ਕਰ ਛੱਡ।। ਆਪਣੇ ਮਾਲਿਕ ਦੀ ਰਹਿਮਤ ਦਾ ਉਡੀਕਵਾਨ ਰਹਿ, ਸਾਰੇ ਮਸਲਿਆਂ ਦਾ ਹਲ ਉਸ ਦੇ ਕੋਲ ਹੈ।[123]

ਗੋਯਾ ਨੇ ਆਮ ਸ਼ਾਇਰਾਂ ਵਾਂਗ ਆਪਣਾ ਉਹੀ ਰਾਹ ਅਖਤਿਆਰ ਨਹੀਂ ਕੀਤਾ, ਸਗੋਂ ਹੋਰਾਂ ਵਾਂਗ ਮਾਸ਼ੂਕ ਦੀ ਜੁਦਾਈ, ਦੁੱਖ ਦਰਦ, ਮਾਯੂਸੀ ਅਤੇ ਮਹਿਰੂਮੀ ਦਾ ਜ਼ਿਕਰ ਨਹੀਂ ਮਿਲਦਾ, ਸਗੋਂ ਵਸਲ, ਐਸ਼ ਅਤੇ ਕਾਮਯਾਬੀ ਦੀ ਰਾਹ ਤੇ ਚੱਲਦੇ ਨਜ਼ਰੀਂ ਆਉਂਦੇ ਹਨ। ਮੇਰੀ ਸ਼ਾਇਰੀ ਮਹਿਬੂਬ ਦੇ ਰਾਹ ਦੀ ਤਲਾਸ਼ ਹੈ। ਬੇਕਾਰ ਰੋਣਾ-ਪਿੱਟਣਾ ਚੰਗਾ ਨਹੀਂ ਲੱਗਦਾ। ਰੱਬ ਦਾ ਨੂਰ ਚਾਰ ਚੁਫੇਰੇ ਨਜ਼ਰੀਂ ਆਉਂਦਾ ਹੈ। ਅਜਿਹੀ ਹਾਲਤ ਵਿਚ ਪ੍ਰੇਸ਼ਾਨੀ ਆਉਣ ਦਾ ਕੋਈ ਕੰਮ ਨਹੀਂ। ਬੇਕਾਰ ਚੱਕਰ ਕੱਟਣ ਦਾ ਕੀ ਫਾਇਦਾ? ਆਮ ਸੂਫੀ ਦੁਨੀਆਂ ਅਤੇ ਦੁਨੀਆਂ ਦੇ ਸਾਜ਼ੋ-ਸਮਾਨ ਤੋਂ ਕੰਨੀ

---

122 ਉਹੀ।

123 ਦੀਵਾਨ-ਏ-ਹਾਫਿਜ਼, ਪੰਨੇ 253-54.

ਕਤਰਾਉਂਦੇ ਨਜ਼ਰੀ ਆਉਂਦੇ ਹਨ, ਪਰ ਗੋਯਾ ਨੇ ਇਕ ਨਵਾਂ ਨਜ਼ਰੀਆ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਉਸ ਦੀ ਪਾਕ ਜ਼ਾਤ ਤੋਂ ਇਲਾਵਾ ਹੋਰ ਕੁਝ ਨਜ਼ਰੀਂ ਨਹੀਂ ਆਉਂਦਾ, ਸਮਝ ਨਹੀਂ ਆਉਂਦਾ ਕਿ ਦੁਨੀਆਂ ਕਿੱਧਰ ਤੁਰੀ ਫਿਰਦੀ ਹੈ।

ਸੂਫੀ ਸ਼ਾਇਰ ਇਸ ਜ਼ਿੰਦਗੀ ਵਿਚ ਮਹਿਬੂਬ ਦੇ ਵਿਸ਼ਾਲ ਅਤੇ ਰੱਬ ਦੀ ਮਾਰਫਤ ਨੂੰ ਨਾਮੁਮਕਿਨ ਸਮਝਦੇ ਹਨ। ਇਨ੍ਹਾਂ ਦੇ ਨਜ਼ਦੀਕ ਇਸ਼ਕ ਦਾ ਅੰਜ਼ਾਮ ਨਾਕਾਮੀ ਹੈ। ਇਸ ਲਈ ਇਨ੍ਹਾਂ ਦੇ ਕਲਾਮ ਵਿਚ ਮਾਯੂਸੀ ਹੁੰਦੀ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ ਦੁਨੀਆਂ ਨੂੰ ਛੱਡਣਾ ਅਤੇ ਇੱਛਾਵਾਂ ਨੂੰ ਮਾਰਨ ਦਾ ਪੈਗਾਮ ਮਿਲਦਾ ਹੈ। ਇਸ ਗੱਲ ਦਾ ਯਕੀਨ ਹੈ ਕਿ ਸੱਚੇ ਤਾਲਿਬ ਨੂੰ ਮਹਿਬੂਬ ਦਾ ਵਸਲ ਅਤੇ ਹਕੀਕਤ ਤੋਂ ਜਾਣਕਾਰੀ ਵੀ ਮਿਲ ਜਾਂਦੀ ਹੈ। ਕਲਾਮ ਤੋਂ ਇਹ ਪਤਾ ਚੱਲਦਾ ਹੈ ਕਿ ਰੂਹਾਨੀ ਅਤੇ ਖੁਸ਼ੀ ਦੀ ਤਰੰਗ ਵਿਚ ਲੀਨ ਹੋ ਕੇ ਰੂਹਾਨੀ ਕੈਫੀਅਤ ਦੇ ਨਸ਼ੇ ਵਿਚ ਮਸਤ ਹਨ। ਇਸ ਨਮੂਨੇ ਨੂੰ ਗਜ਼ਲ ਨੰ: 3 ਤੋਂ ਵੀ ਵੇਖਿਆ ਜਾ ਸਕਦਾ ਹੈ। ਇਸ ਦੀਵਾਨ ਦੀਆਂ ਕੁਝ ਗਜ਼ਲਾਂ ਨੂੰ ਛੱਡ ਕੇ ਬਾਕੀ ਕਲਾਮ ਵਿਚ ਮਾਯੂਸੀ ਨਜ਼ਰ ਆਉਂਦੀ ਹੈ। ਮਿਸਾਲ ਵਜੋਂ ਕੁਝ ਸ਼ੇਅਰ ਪੇਸ਼ ਹਨ।

ਜੇਕਰ ਅਕਲਮੰਦ ਦਿਲ ਹੈ ਤਾਂ ਉਸ ਦੇ ਕਿਨਾਰੇ ਯਾਰ ਰਹਿੰਦਾ ਹੈ
ਜੇਕਰ ਦਿਲ ਦੀ ਅੱਖ ਹੈ ਤਾਂ ਹਰੇਕ ਪਾਸੇ ਉਸ ਦਾ ਦੀਦਾਰ ਹੋ ਜਾਂਦਾ ਹੈ।

ਇਹ ਹਕੀਕਤ ਦੀ ਦੌਲਤ ਦਿਲ ਵਾਲਿਆਂ ਕੋਲ ਹੀ ਹੁੰਦੀ ਹੈ। ਸਮਝ ਨਹੀਂ ਆਉਂਦੀ ਕਿ ਜੰਗਲ ਵਿਚ ਕਿਉਂ ਘੁੰਮਦੇ ਫਿਰਦੇ ਹਨ? ਜਦੋਂ ਦਿਲ ਤੇਰੇ ਦਿਲ ਦੀ ਪਰੀਕਰਮਾ ਕਰਦਾ ਹੈ ਤਾਂ ਜੰਨਤ ਦੇ ਬਾਗ ਦੀ ਦੇਹਲੀ ਦਾ ਫਰਸ਼ ਸਮਝਦੇ ਹਾਂ। ਮੈਂ ਜਵਾਨ ਹਾਂ ਪਰ ਮੇਰਾ ਮੁਰਸ਼ਿਦ ਮਰਨ ਕਿਨਾਰੇ ਹੈ, ਤੂੰ ਖੁਸ਼ੀ ਕਿਉਂ ਮਾਣਦਾ ਹੈ, ਇਕ ਦਿਨ ਮੈਂ ਵੀ ਉਸ ਉਮਰ ਤੱਕ ਪਹੁੰਚ ਜਾਣਾ ਹੈ।

ਗੋਯਾ ਦੀ ਸ਼ਾਇਰੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਸ ਵਿਚ ਰੂਹਾਨੀਅਤ ਮਿਲਦੀ ਹੈ। ਆਮ ਸੂਫੀ ਸ਼ਾਇਰਾਂ ਦੇ ਨਜ਼ਰੀਏ ਨਾਲੋਂ ਵੱਖਰਾਪਣ ਹੈ। ਗੋਯਾ ਅਨੁਸਾਰ ਇਹ ਦੁਨੀਆਂ ਜੁਦਾਈ ਦੀ ਭੱਠੀ ਹੈ ਜਿਸ ਵਿਚ ਉਮਰ ਭਰ ਲਈ ਸੜਨਾ ਹੈ। ਮਿੱਟੀ ਬਣ ਕੇ ਮਿੱਟੀ ਵਿਚ ਮਿਲ ਜਾਣਾ ਹੈ ਤਾਂ ਜਾ ਕੇ ਪ੍ਰਮਾਤਮਾ ਨੂੰ ਮਿਲਣ ਦੀ ਤਾਂਘ ਉਭਰਦੀ ਹੈ, ਸਗੋਂ ਇਹ ਉਨ੍ਹਾਂ ਲਈ ਖੁਸ਼ ਖਬਰੀ ਹੈ ਕਿ ਹਕੀਕੀ ਮਹਿਬੂਬ ਇਸ ਦੁਨੀਆਂ ਵਿਚ ਕਾਇਨਾਤ ਬਣ ਕੇ ਸਮਾਇਆ ਹੋਇਆ ਹੈ। ਇਸ ਦਾ ਜਲਵਾ ਹਰੇਕ ਤਾਲਿਬ ਦੇ ਲਈ ਆਪਣਿਆਂ ਦੇ ਅੱਗੇ ਆ ਜਾਂਦਾ ਹੈ। ਉਸ ਦਾ ਵਿਸਾਲ ਹਰੇਕ ਸੱਚੇ ਆਦਮੀ ਨੂੰ ਆਪਣੇ ਜੀਵਨ ਵਿਚ ਨਸੀਬ ਹੋ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਸੱਚੇ ਰਸਤੇ ਵਿਚ ਆਉਣ ਵਾਲੀਆਂ ਔਕੜਾਂ ਪ੍ਰੇਸ਼ਾਨੀਆਂ ਨੂੰ ਝੱਲਣਾ ਪੈਂਦਾ ਹੈ।

ਸੂਫੀ ਸ਼ਾਇਰੀ ਵਿਚ ਪ੍ਰਮਾਤਮਾ ਦੀ ਤਾਰੀਫ ਕੀਤੀ ਗਈ ਹੈ। ਉਸ ਦੀ ਜ਼ਰੂਰਤ ਅਤੇ ਮਹੱਤਤਾ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਪੀਰ ਮੁਰਸ਼ਿਦ ਤੋਂ ਬਗੈਰ ਮੰਜ਼ਿਲ ਨੂੰ ਪਾਉਣਾ ਕਠਿਨ ਦੱਸਿਆ ਗਿਆ ਹੈ, ਪਰ ਗੋਯਾ ਇਸ ਨਜ਼ਰੀਏ ਨੂੰ ਮੰਜ਼ੂਰ ਕਰਨ ਦੇ ਬਾਵਜੂਦ ਮਨੁੱਖ ਵਿਚ ਸ਼ੌਕ ਅਤੇ ਜਜ਼ਬਾ ਪੈਦਾ ਕਰਨਾ ਚਾਹੁੰਦੇ ਹਨ, ਬਗੈਰ ਜਜ਼ਬੇ ਤੋਂ ਆਪਣਾ ਰਹਿਬਰ ਨਹੀਂ ਮਿਲ ਸਕਦਾ।

ਮਹਿਬੂਬ (ਪ੍ਰਮਾਤਮਾ) ਦੀ ਹਰੇਕ ਅਦਾ ਨੂੰ ਗੋਯਾ ਐਨੀ ਖੂਬਸੂਰਤੀ ਨਾਲ ਬਿਆਨ ਕਰਦਾ ਹੋਏ ਕਹਿੰਦੇ ਹਨ ਕਿ ਪੂਰੀ ਕਾਇਨਾਤ ਦੀ ਕੀਮਤ ਮੇਰੇ ਮਹਿਬੂਬ ਦੇ ਇੱਕ ਵਾਲ ਦੀ ਕੀਮਤ ਦੇ ਬਰਾਬਰ ਵੀ ਨਹੀਂ। ਇਸ ਖਿਆਲ ਨੂੰ ਗੋਯਾ ਦੇ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ।

ਉਸ ਹੀਰੇ (ਮਹਿਬੂਬ) ਦੀ ਕੀਮਤ ਤਾਂ ਸੱਚਾ ਆਸ਼ਿਕ ਹੀ ਜਾਣਦਾ ਹੈ। ਕੀਮਤ ਤਾਂ ਯਾਕੂਤ (ਹੀਰੇ) ਦੀ ਜਾਣਦੇ ਹਨ, ਪਰ ਮੇਰੀਆਂ ਅੱਖਾਂ ਚੋਂ ਨਿਕਲਣ ਵਾਲੇ ਹੀਰਿਆਂ ਦੀ ਕੀਮਤ ਕੋਈ ਨਹੀਂ ਜਾਣਦਾ। ਹਕੀਕੀ ਸ਼ਰਾਬ ਦਾ ਸੁਆਦ ਆਮ ਆਦਮੀ ਨਹੀਂ ਜਾਣਦਾ। ਗੋਯਾ ਇਸ ਖਿਆਲ ਨੂੰ ਬਹੁਤ ਸੁਚੱਜੇ ਢੰਗ ਨਾਲ ਪੇਸ਼ ਕਰਦੇ ਨਜ਼ਰੀਂ ਆਉਂਦੇ ਹਨ।

ਹੱਕ ਦੀਆਂ ਗੱਲਾਂ ਨੂੰ ਆਮ ਲੋਕਾਂ ਦੇ ਸਾਹਮਣੇ ਪੇਸ਼ ਕਰਨਾ ਸੂਫੀਆਂ ਦਾ ਕੰਮ ਨਹੀਂ ਹੈ। ਉਹ ਅਜਿਹਾ ਕਰਨ ਨੂੰ ਰੱਬ ਦੀ ਬੇਅਦਬੀ ਕਹਿੰਦੇ ਹਨ। ਗੋਯਾ ਕਹਿੰਦੇ ਹਨ- ਇਸ਼ਕ ਦੀ ਰਾਹ ਵਿਚ ਪਰਦੇ ਖੋਲ੍ਹਣਾ ਬੇਅਦਬਾਂ ਦਾ ਤਰੀਕਾ ਹੈ। ਇਸ ਰਸਤੇ ਤੇ ਚੱਲਣ ਵਾਲਿਆਂ ਲਈ ਮੁਸੀਬਤਾਂ ਦਾ ਆਉਣਾ ਯਕੀਨੀ ਹੈ।

ਭਾਈ ਨੰਦ ਲਾਲ ਗੋਯਾ ਨੇ ਵੱਖੋ-ਵੱਖ ਖਿਆਲ ਬਿਆਨ ਕੀਤੇ ਹਨ ਜਿਹੜੇ ਖਿਆਲਾਂ ਨੂੰ ਅਦਾ ਕੀਤਾ ਹੈ। ਉਨ੍ਹਾਂ ਵਿਚ ਜੋਸ਼ ਉਹੀ ਮਹਿਸੂਸ ਹੁੰਦਾ ਹੈ, ਜਿਹੜਾ ਗੋਯਾ ਦੇ ਦਿਲ ਤੇ ਬੀਤਿਆ ਹੈ ਕਿਉਂਕਿ ਕਲਾਮ ਦਾ ਬਿਆਨ ਇਕ ਵਜਨ ਵਾਲੀ ਚੀਜ਼ ਹੈ। ਇਸ ਲਈ ਇਸ ਦਾ ਅੰਦਾਜ਼ਾ ਇਨ੍ਹਾਂ ਮਿਸਾਲਾਂ ਨਾਲ ਹੀ ਲਗਾਇਆ ਜਾ ਸਕਦਾ ਹੈ।

ਮੇਰੇ ਇਸ਼ਕ ਦੀ ਰਫਤਾਰ ਦੀ ਕਹਾਣੀ ਸੁਣੋ ਕਿ ਇਸ਼ਕ ਦੀ ਕਹਾਣੀ ਵਿਚ ਕਿੰਨੀ ਲੱਜ਼ਤ ਹੈ। ਰੱਬ ਦੇ ਇਸ਼ਕ ਵਿਚ ਮਨੁੱਖ ਫਨਾ ਹੋ ਜਾਂਦਾ ਹੈ। ਇਸ਼ਕ ਦੇ ਕਾਰੋਬਾਰ ਵਿਚ ਮਨੁੱਖ ਲੀਨ ਹੋ ਜਾਂਦਾ ਹੈ। ਸੌ ਵਾਰੀ ਵੀ ਆਪਣਾ ਸਿਰ ਉਸ ਦੇ ਰਾਹ ਤੇ ਕੁਰਬਾਨ ਕਰ ਸਕਦਾ ਹਾਂ। ਇਸ਼ਕ ਦੀ ਦੀਵਾਰ ਦਾ ਤਕੀਆ ਬਣਾ ਸਕਦਾ ਹਾਂ। ਜੇਕਰ ਕੋਈ ਰੱਬ ਦੀ ਰਾਹ ਦੀ ਬੇਅਦਬੀ ਕਰਦਾ ਹੈ, ਮਨਸੂਰ ਵਾਂਗ ਉਸ ਨੂੰ ਸਜ਼ਾ ਭੁਗਤਨੀ ਪੈ ਸਕਦੀ ਹੈ। ਜੇਕਰ ਤੇਰਾ ਦਿਲ ਇਸ਼ਕ ਇਲਾਹੀ ਨਾਲ ਭਰਪੂਰ ਹੈ। ਇਸ਼ਕ ਦੇ ਬੋਝ ਨਾਲ ਕਮਰ (ਪਿੱਠ) ਵੀ ਟੇਢੀ ਹੋ ਸਕਦੀ ਹੈ। ਚੰਗੀ ਆਦਤ ਨਾਲ ਮਨੁੱਖ ਹਮੇਸ਼ਾ ਜਿਊਂਦਾ ਰਹਿੰਦਾ ਹੈ। ਇਸ਼ਕ ਦੀ ਤਾਰ ਦੀ ਤਾਲ ਮੁਗਧ ਕਰ ਦਿੰਦੀ ਹੈ। ਕਿੰਨੇ

ਸਰਕਾਰੀ ਬਾਦਸ਼ਾਹ ਆ ਕੇ ਚਲੇ ਗਏ। ਇਸ਼ਕ ਦੇ ਭੇਦਾਂ ਤੋਂ ਕੋਈ ਜਾਣੂੰ ਨਹੀਂ। ਬੰਦਗੀ ਤੋਂ ਬਗੈਰ ਕੋਈ ਚੀਜ਼ ਢੁੱਕਵੀਂ ਨਹੀਂ, ਗੋਯਾ ਕਹਿੰਦੇ ਹਨ ਕਿ ਹਰੇਕ ਮਨੁੱਖ ਇਸ਼ਕ ਦਾ ਬੀਮਾਰ ਨਹੀਂ।

ਗੋਯਾ ਪ੍ਰਮਾਤਮਾ ਦੀ ਜੁਦਾਈ ਦੀ ਗੱਲ ਕਰਨ ਤੋਂ ਬਾਅਦ ਮੇਲਾਪ ਦੀ ਗੱਲ ਕਰਦਿਆਂ ਕਹਿੰਦੇ ਹਨ ਕਿ ਹੋਸ਼ ਵਿਚ ਆਉ ਹੁਣ ਬਹਾਰ ਦੀ ਆਮਦ ਹੈ। ਬਹਾਰ ਆਈ, ਯਾਰ ਆਇਆ, ਸਕੂਨ ਆਇਆ। ਅੱਜ ਯਾਰ ਦੇ ਆਉਣ ਦੀ ਖਬਰ ਪਹੁੰਚ ਰਹੀ ਹੈ। ਮਨਸੂਰ ਨੇ ਅਨਲਹੱਕ ਕਿਹਾ ਸੂਲੀ ਤੇ ਚੜ੍ਹ ਗਿਆ। ਸਾਰੇ ਫੁੱਲ ਖਿੜ ਕੇ ਇਸ ਗੱਲ ਦਾ ਪੈਗਾਮ ਦਿੰਦੇ ਹਨ, ਨਵੀਂ ਬਹਾਰ ਦਾ ਸੁਨੇਹਾ ਆਉਣ ਵਾਲਾ ਹੈ। ਮਸਤ ਲੋਕਾਂ ਲਈ ਰੰਗਦਾਰ ਲਿਬਾਸ ਦੀ ਕੋਈ ਪਰਵਾਹ ਨਹੀਂ, ਪਿਆਸੇ ਲਈ ਮਿੱਠੇ ਪਾਣੀ ਦੀ ਕੀ ਚਾਹਤ।

ਜੇਕਰ ਦਿਲ ਸਮਝ ਰੱਖਦਾ ਹੈ ਤਾਂ ਯਾਰ ਲਈ ਥਾਂ ਬਣਾਵੇ, ਅੱਖ ਅਜਿਹੀ ਅੱਖ ਹੋਵੇ ਜਿਸ ਨਾਲ ਹਰ ਪਾਸੇ ਉਸ ਦਾ ਦੀਦਾਰ ਕਰੇ, ਹਰ ਪਾਸੇ ਪਹਾੜ ਹੈ ਉਸਦੀ ਤਜੱਲੀ ਨਜ਼ਰ ਆਉਂਦੀ ਹੈ, ਸੂਰਜ ਵੀ ਜਦੋਂ ਉਸ ਦੇ ਅੱਗੇ ਆਉਂਦਾ ਹੈ ਤਾਂ ਸ਼ਰਮਿੰਦਾ ਹੁੰਦਾ ਹੈ। ਸੂਰਜ ਉਸ ਦਾ ਸੇਵਕ ਬਣ ਜਾਂਦਾ ਹੈ।

ਜਿਸ ਮਹਿਫਲ ਵਿਚ ਮਹਿਬੂਬ ਦਾ ਜ਼ਿਕਰ ਨਹੀਂ, ਉਸ ਮਹਿਫਲ ਦੀ ਕੋਈ ਖੂਬਸੂਰਤੀ ਨਹੀਂ। ਜੇਕਰ ਦਿਲ ਵਿਚ ਮੌਲਾ ਨੂੰ ਮਿਲਣ ਦਾ ਸ਼ੌਕ ਹੈ, ਹਰੇਕ ਕੰਮ ਵਿਚ ਕੋਈ ਨਾ ਕੋਈ ਦੀਵਾਨਾਪਣ ਹੋਣਾ ਚਾਹੀਦਾ ਹੈ। ਐ ਨਸੀਹਤ ਕਰਨ ਵਾਲੇ! ਤੈਨੂੰ ਨਸੀਹਤ ਦੀਆਂ ਗੱਲਾਂ ਦੱਸਦਾ ਹਾਂ। ਮਸਤਾਂ ਦੀ ਮਹਿਫਲ ਵਿਚ ਇਸ਼ਕ ਦਾ ਕਿੱਸਾ ਸੁਣਾਉਂਦਾ ਹਾਂ। ਦਿਲ ਵਾਲਿਆਂ ਦੇ ਨਜ਼ਦੀਕ ਹੱਕ-ਸੱਚ ਹੀ ਅਸਲ ਚੀਜ਼ ਹੈ ਜਿਵੇਂ ਜੰਗਲ ਹੋਵੇ, ਵੀਰਾਨਾ ਨਾ ਹੋਵੇ। ਕੁੱਝ ਗੱਲਾਂ ਗੋਯਾ ਤੁਹਾਨੂੰ ਦੱਸਦਾ ਹੈ, ਮੌਲਾ ਦਾ ਸ਼ੌਕ ਤੁਹਾਡੇ ਅੰਦਰ ਕਾਅਬੇ ਅਤੇ ਬੁਤਖਾਨੇ ਵਿਚ ਫਰਕ ਦੱਸ ਦੇਵੇਗਾ।

ਜਿਹੜੀਆਂ ਦੋ ਅੱਖਾਂ ਦਿੱਤੀਆਂ ਹਨ, ਜਿਹੜੇ ਬੁੱਲ ਅਤੇ ਜ਼ੁਬਾਨ ਦਿੱਤੀ ਹੈ, ਉਸ ਦੀਆਂ ਨਿਆਮਤਾਂ ਹਨ। ਜੇਕਰ ਦਿਲ ਚੰਗੀ ਅਤੇ ਮੰਦੀ ਗੱਲ ਨੂੰ ਪਛਾਣਦਾ ਹੈ ਤਾਂ ਉਹ ਮੌਲਾ ਦੀ ਦਰਗਾਹ ਵਿਚ ਚੰਗਾ ਸਮਝਿਆ ਜਾਵੇਗਾ। ਮੁਕੱਦੀ ਗੱਲ ਇਹ ਹੈ ਕਿ ਗੋਯਾ ਨੇ ਬਿਆਨ ਦੇ ਜ਼ੋਰ ਤੇ ਜ਼ਿਆਦਾ ਧਿਆਨ ਦਿੱਤਾ ਹੈ, ਪਰ ਬਿਆਨ ਵਿਚ ਜ਼ਿਆਦਾ ਲੰਬੇ ਚੜਾਅ ਤੋਂ ਸੰਕੋਚ ਕੀਤਾ ਹੈ।

**ਬਿਆਨ ਦੀ ਸਾਦਗੀ:** ਸਾਦਗੀ, ਸੁਥਰਾਈ ਅਤੇ ਰਵਾਨੀ ਗੋਯਾ ਦੇ ਕਲਾਮ ਦੇ ਜ਼ਰੂਰੀ ਹਿੱਸੇ ਹਨ। ਛੋਟੀਆਂ ਬਹਿਰਾਂ ਵਿਚ ਇਹ ਸਿਫਤ ਵਿਸ਼ੇਸ਼ ਤੌਰ ਤੇ ਨਜ਼ਰ ਆਉਂਦੀ ਹੈ। ਉਨ੍ਹਾਂ ਦੇ ਨਜ਼ਦੀਕ ਬਿਆਨ ਦੀ ਸਾਦਗੀ ਦਾ ਅੰਦਾਜ਼ਾ ਬਹੁਤ ਦਿਲ ਖਿੱਚਵਾਂ ਹੈ ਜੋ ਸਾਅਦੀ ਅਤੇ ਖੁਸਰੋ ਨੂੰ ਯਾਦ ਕਰਵਾਉਂਦਾ ਹੈ। ਗੋਯਾ ਦਾ ਕਲਾਮ ਜ਼ੁਬਾਨ ਦੇ ਲਿਹਾਜ਼ ਨਾਲ ਬਹੁਤ ਸਾਫ ਸੁਥਰਾ ਹੈ। ਉਹ ਆਪਣੇ

ਸਾਫ ਸੁਥਰੇਪਣ ਨਾਲ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਮੇਰਾ ਦਿਲ ਯਾਰ ਦੀ ਜੁਦਾਈ ਵਿਚ ਸੜਦਾ ਹੈ, ਮੇਰੀ ਜਾਨ ਵੀ ਉਸ ਨਾਲ ਜੁੜੀ ਹੋਈ ਹੈ। ਇਸ਼ਕ ਵਿਚ ਮੈਂ ਇਕੱਲਾ ਨਹੀਂ ਸੜਦਾ, ਸਗੋਂ ਸਾਰੀ ਦੁਨੀਆਂ ਇਸ ਵਿਚ ਸੜ ਰਹੀ ਹੈ। ਪਿਆਸੇ ਨੂੰ ਮਿੱਠੇ ਪਾਣੀ ਦੀ ਕੀ ਤਲਾਸ਼, ਉਹ ਤਾਂ ਸ਼ਾਦੇ ਪਾਣੀ ਨਾਲ ਹੀ ਮਸਤ ਰਹਿੰਦੇ ਹਨ।

**ਨਿਤ ਪ੍ਰਤੀ ਗੱਲ:** ਗੋਯਾ ਦੇ ਕਲਾਮ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦੇ ਕਲਾਮ ਵਿਚ ਨਿਤ ਪ੍ਰਤੀ ਮੁਹਾਵਰੇ ਬਹੁਤ ਮਿਲਦੇ ਹਨ। ਵਾਕਾਂ ਦੀਆਂ ਤਰਕੀਬਾਂ ਜਿਹੜੀਆਂ ਨਿਤ ਪ੍ਰਤੀ ਪ੍ਰਯੋਗ ਕੀਤੀਆਂ ਜਾਂਦੀਆਂ ਹਨ। ਮੁਹਾਵਰਿਆਂ ਦਾ ਵੀ ਇਹੋ ਹਾਲ ਹੈ। ਮੁਹਾਵਰਾ ਉਸ ਸਮੇਂ ਬਣਦਾ ਹੈ, ਜਦੋਂ ਇਕ ਵਰਗ ਇਸ ਨੂੰ ਪ੍ਰਯੋਗ ਵਿਚ ਲੈ ਕੇ ਆਵੇ। ਇਕ ਹੋਰ ਗੱਲ ਤੇ ਧਿਆਨ ਦਿੱਤਾ ਜਾਂਦਾ ਹੈ ਕਿ ਫਾਰਸੀ ਜ਼ੁਬਾਨ ਵਿਚ ਨਿੱਜੀ ਸ਼ਬਦ ਅਤੇ ਅਰਮਾਨਾਂ ਅਤੇ ਜ਼ੁਬਾਨਾਂ ਦੇ ਬਹੁਤ ਘੱਟ ਪ੍ਰਯੋਗ ਕੀਤਾ ਜਾਵੇ। ਇਸ ਕਮੀ ਨੂੰ ਮਹਿਸੂਸ ਕਰਦਿਆਂ ਜ਼ੁਬਾਨ ਨੇ ਮੁਹਾਵਰਿਆਂ ਅਤੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ। ਸ਼ਾਇਰੀ ਲਈ ਜ਼ੁਬਾਨ ਤੇ ਮੁਹਾਰਤ ਹੋਣਾ ਅਤਿ ਜ਼ਰੂਰੀ ਹੈ। ਗੋਯਾ ਦੀ ਜ਼ੁਬਾਨ ਤੇ ਮੁਹਾਰਤ ਦੀ ਮਿਸਾਲ ਇਹ ਹੈ ਕਿ ਉਨ੍ਹਾਂ ਨੇ ਸਮੇਂ ਅਨੁਸਾਰ ਸਾਦਾ, ਨਿਤ ਪ੍ਰਤੀ ਮੁਹਾਵਰਿਆਂ ਦਾ ਪ੍ਰਯੋਗ ਕੀਤਾ। ਜਿਵੇਂ- ਹਾਅ ਦਾ ਅਸਮਾਨ ਤੇ ਜਾਣਾ, ਰੰਗ ਪੀਲਾ ਹੋ ਜਾਣਾ, ਦਿਲ ਦੀਆਂ ਹਵਾਈਆਂ ਉੜਨਾ, ਮੇਰੇ ਦਿਲ ਦੀ ਹਾਅ ਅਸਮਾਨ ਤੱਕ ਗਈ।

**ਸ਼ਾਬਾਸ਼ੀ ਦੇਣਾ**- ਐ ਗੋਯਾ ਆਪਣੇ ਦਿਲ ਨੂੰ ਸ਼ਾਬਾਸੀ ਦੇਵੋਂ ਕਿਉਂਕਿ ਇਹ ਆਪਣੇ ਯਾਰ ਦੀ ਜੁਦਾਈ ਵਿਚ ਰੋਂਦਾ ਹੈ।

**ਅਲਾਪ ਪਾਉਣ**- ਐ ਗੋਯਾ ਇਹ ਅੱਖ ਦਰਿਆ ਦੇ ਮੋਤੀ ਵਖੇਰਦੀ ਹੈ, ਤੇਰੇ ਬਗੈਰ ਦਿਲ ਵਿਚ ਖੁਸ਼ੀ ਕਿੱਥੇ ਆ ਸਕਦੀ ਹੈ।

**ਪਾਣੀ ਬਖਸ਼ ਦੇਣਾ**- ਇਜ਼ੱਤ ਬਖਸ਼ ਦੇਣਾ, ਦੁਨੀਆਂ ਵਾਲਿਆਂ ਨੂੰ ਇਜ਼ੱਤ ਬਖਸ਼ ਦੇਵੋ, ਇਸ ਨਾਲ ਹੀ ਤੇਰੀ ਇਜ਼ੱਤ ਵਿਚ ਵਾਧਾ ਹੋਵੇਗਾ।

**ਜ਼ਰੂਰਤ ਰੱਖਣਾ-** ਤੇਰੀ ਮੁਹੱਬਤ ਭਰੀ ਇਕ ਨਜ਼ਰ ਮੇਰੀ ਖੁਸ਼ੀ ਦਾ ਸਬੱਬ ਬਣਦੀ ਹੈ।

**ਓਪਰਾਪਣ ਹੋਣਾ-** ਓਪਰੇਪਣ ਵਿਚ ਨਾ ਰਹਿ, ਆਪਣੇ ਆਪ ਨੂੰ ਪਛਾਣ, ਇਸ ਨਾਲ ਹੀ ਰੱਬ ਦੀ ਪਛਾਣ ਹੋਵੇਗੀ।

**ਮੰਤਵ ਤੋਂ ਹੱਟਣਾ-** ਦੁਨੀਆਂ ਦੀ ਬਾਦਸ਼ਾਹੀ ਸ਼ੋਰ ਸ਼ਰਾਬੇ ਤੋਂ ਵੱਧ ਨਹੀਂ, ਦਰਵੇਸ਼ਾਂ ਦੇ ਲਈ ਇਸ ਵਿਚ ਉਲਝਣ ਤੋਂ ਹੱਟਣਾ ਹੈ।

**ਅੱਖਾਂ ਤੋਂ ਅੱਗੋਂ ਲੰਘਣਾ-** ਉਹ ਮਿਹਰਬਾਨ ਮੇਰੀਆਂ ਅੱਖੀਆਂ ਦੇ ਅੱਗੋਂ ਦੀ ਲੰਘਿਆ।

**ਰਾਹ ਤੇ ਅੱਖਾਂ ਵਿਛਾਉਣਾ**– ਜਦੋਂ ਮਹਿਬੂਬ ਲੰਘੇ ਤਾਂ ਉਸ ਲਈ ਮੈਂ ਅੱਖਾਂ ਵਿਛਾਉਂਦਾ ਹਾਂ।

**ਅਖਤਿਆਰ ਹੋਣਾ**– ਹਰ ਪਾਸੇ ਤੇਰੇ ਦੀਦਾਰ ਨੂੰ ਹੀ ਵੇਖਦਾ ਹਾਂ, ਮੈਨੂੰ ਇਸ ਗੱਲ ਦਾ ਅਖਤਿਆਰ ਮਿਲਣਾ ਚਾਹੀਦਾ ਹੈ।

**ਚਲਣਾ ਫਿਰਣਾ**– ਅਸੀਂ ਤੇਰੀਆਂ ਜ਼ੁਲਫਾਂ ਦੇ ਸਹਾਰੇ ਹੀ ਇਸ ਜਹਾਨ ਵਿਚ ਚੱਲ ਫਿਰ ਰਹੇ ਹਾਂ।

**ਦੋਵੇਂ ਜਹਾਨਾਂ ਵਿਚ ਹੱਥ ਫੈਲਾਉਣਾ**– ਅਸੀਂ ਬਾਦਸ਼ਾਹ ਦੇ ਪੈਰਾਂ ਦੇ ਹੇਠਾਂ ਆਪਣੇ ਹੱਥਾਂ ਨੂੰ ਵਿਛਾਉਣ ਲਈ ਤਿਆਰ ਹਾਂ।

**ਪੰਜੇ ਹੱਸਾਸ ਇੰਦਰੀਆਂ ਤੋਂ ਵਾਂਝੇ ਹੋਣਾ**– ਜਿਹੜੀਆਂ ਸਾਡੇ ਪੰਜ ਹੱਸਾਸ ਇੰਦਰੀਆਂ ਜਾਂ ਸਰੀਰ ਦੇ ਹਿੱਸੇ ਹਨ ਉਨ੍ਹਾਂ ਤੋਂ ਹੱਥ ਧੋ ਬੈਠੇ ਹਾਂ।

**ਬਰਬਾਦ ਹੋਣਾ**– ਤੇਰੀ ਨਿਗਾਹ ਨੇ ਮੇਰੇ ਦਿਲ ਤੇ ਅਜਿਹਾ ਜਾਦੂ ਕੀਤਾ ਹੈ ਕਿ ਸਭ ਕੁਝ ਬਰਬਾਦ ਹੋ ਗਿਆ ਹੈ।

**ਕੰਮ ਤੋਂ ਹੱਥ ਧੋਣਾ**– ਕਿੰਨੇ ਕੰਮ ਕੀਤੇ ਪਰ ਤੇਰੇ ਜ਼ੌਕ ਅਤੇ ਸ਼ੌਕ ਨੇ ਕੰਮ ਤੋ ਵਾਂਝਾ ਕਰ ਦਿੱਤਾ ਹੈ।

**ਮੰਤਵ ਨੂੰ ਪਾਉਣਾ**– ਗੋਯਾ ਇਸ ਮਿੱਟੀ ਦੇ ਸਰੀਰ ਵਿਚੋਂ ਇਕ ਅਵਾਜ਼ ਆਉਂਦੀ ਹੈ ਜਦੋਂ ਤੱਕ ਆਪਣੇ ਆਪ ਵੱਲ ਨਹੀਂ ਤੱਕਦਾ, ਮੰਤਵ ਨੂੰ ਨਹੀਂ ਪਾ ਸਕਦਾ।

**ਅੱਖ ਵਿਚ ਆਉਣਾ**– ਜਿਸ ਵੱਲ ਵੀ ਤੱਕਦਾ ਹਾਂ, ਉਸ ਤੋਂ ਸਿਵਾ ਕੁਝ ਨਜ਼ਰੀਂ ਨਹੀਂ ਆਉਂਦਾ।

**ਕਿਨਾਰੇ ਤੋਂ ਜਾਣੂੰ ਹੋਣਾ**– ਕਿਨਾਰੇ ਤੱਕ ਪਹੁੰਚਣ ਦੇ ਅਸੀਂ ਜਾਣੂੰ ਨਹੀਂ, ਮੇਰੀਆਂ ਅੱਖਾਂ ਤੇਰੀ ਯਾਦ ਵਿਚ ਦਰਿਆ ਬਹਾ ਰਹੀਆਂ ਹਨ।

ਗੋਯਾ ਦੇ ਕਲਾਮ ਵਿਚ ਸਦਾਏ ਦੀਆਂ ਹਸੀਨ ਢੁੱਕਵੀਆਂ ਮਿਸਾਲਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਨਿਰੋਲ ਆਮਦ ਅਤੇ ਗੈਰ ਇਰਾਦੀ ਹਨ ਜਿਸ ਨਾਲ ਉਨ੍ਹਾਂ ਦੀ ਕਲਾਮ ਵਿਚ ਪਕੜ ਦਾ ਅਨੁਮਾਨ ਲੱਗਦਾ ਹੈ।

ਗੋਯਾ ਸਿਰਫ ਸ਼ਬਦਾਂ ਦਾ ਹੀ ਵਾਰ-ਵਾਰ ਪ੍ਰਯੋਗ ਨਹੀਂ ਕਰਦੇ, ਸਗੋਂ ਸ਼ਬਦਾਂ ਦੇ ਉਤਾਰ-ਚੜਾਅ ਅਤੇ ਸੰਗੀਤ ਨਾਲ ਖੂਬਸੂਰਤੀ ਪੈਦਾ ਕਰਦੇ ਹਨ। ਪ੍ਰਸ਼ਨ ਚਿੰਨ੍ਹ ਦਾ ਪ੍ਰਯੋਗ ਨਾ ਸਿਰਫ ਕਲਮ ਦੀ ਖੂਬਸੂਰਤੀ ਵਿਚ ਵਾਧਾ ਕਰਦਾ ਹੈ, ਸਗੋਂ ਜਜ਼ਬਾਤ ਦੀ ਵੀ ਤਰਜ਼ਮਾਨੀ ਕਰਦਾ ਹੈ। ਕਿੱਥੇ ਸੂਫੀ ਕਿੱਥੇ ਇਬਾਦਤ ਗੁਜ਼ਾਰ ਕਿੱਥੇ ਕਲੰਦਰ, ਇਹ ਤਾਂ ਤੇਰੀ ਰਚਨਾ ਦੇ ਵੱਖੋ-ਵੱਖ ਰੰਗ ਹਨ।

ਗੋਯਾ ਮੌਸੀਕੀ ਵਿਚ ਅਜੀਬ ਕੈਫੀਅਤ ਪੈਦਾ ਕਰਕੇ ਰਿਦਮ ਦੀਆਂ ਵੱਖੋ-ਵੱਖ ਜ਼ਮੀਨਾਂ ਤਲਾਸ਼ ਕਰਦੇ ਹਨ ਜਿਵੇਂ ਪਰੀ ਵਰਗੀਆਂ ਗੱਲ੍ਹਾਂ, ਹਰੇਕ ਪਾਸੇ ਤੇਰਾ ਦੀਦਾਰ ਹੁੰਦਾ ਏ, ਰੰਗੀਨ ਪਿਆਲਿਆਂ, ਨਵੀਂ ਬਹਾਰ ਦਾ ਆਉਣਾ, ਦੋਸਤ ਵੱਲ ਜਾਣਾ, ਸੋਨਾ ਬਣਾਉਣਾ, ਉਮਰ ਦੇ ਕੰਢੇ ਤੇ, ਬੇਅਵਾਜ਼ ਹੋਣਾ, ਮੇਰੀ ਜਾਨ ਖੁਦਾ ਹਾਫਿਜ਼, ਇਸ਼ਕ ਦੀ ਰਾਹ ਤੇ, ਕਮਾਲ ਏ, ਹਰ ਹਾਲ ਵਿਚ, ਰੱਬ ਸਮਝਦਾ ਏ, ਤੇਰੀ ਨਿਗਾਹ ਨਾਲ, ਜੁਦਾਈ ਦਾ ਦਰਦ ਆਦਿ।

**ਲਫਜ਼ਾਂ ਵਿਚ ਜਾਦੂ ਅਤੇ ਨਵੇਂ ਨੁਕਤੇ ਤਲਾਸ਼ ਕਰਨਾ:** ਸ਼ਬਦਾਂ ਦੇ ਮਾਮੂਲੀ ਉਲਟ ਫੇਰ ਨਾਲ ਅਰਥਾਂ ਵਿਚ ਨਿਵੇਕਲਾਪਣ ਅਤੇ ਸ਼ਾਇਰ ਦਾ ਕਮਾਲ ਝਲਕਦਾ ਨਜ਼ਰੀ ਆਉਂਦਾ ਹੈ। ਸਾਅਦੀ, ਖੁਸਰੋ ਵੀ ਅਜਿਹੇ ਸ਼ਾਇਰਾਂ ਵਿਚੋਂ ਇਕ ਹਨ। ਗੋਯਾ ਦੀ ਸ਼ਾਇਰੀ ਵਿਚ ਵੀ ਇਹ ਚੀਜ਼ ਮਿਲਦੀ ਹੈ ਜਿਵੇਂ- ਗੋਯਾ ਦਾ ਹਰੇਕ ਸਾਹ ਉਸ ਦੀ ਯਾਦ ਵਿਚ ਮਸਤ ਰਹਿੰਦਾ ਹੈ। ਦਿਲ ਨੂੰ ਹੁਸ਼ਿਆਰ ਕਰਨ ਲਈ ਸ਼ਰਾਬ ਦਾ ਸਹਾਰਾ ਲਿਆ ਜਾਂਦਾ ਹੈ। ਦੁਨੀਆਂ ਹਨੇਰੀ ਰਾਤ ਹੈ, ਪਰ ਮਹਿਬੂਬ ਦੀ ਖੂਬਸੂਰਤੀ ਇਹ ਮਹਿਸੂਸ ਨਹੀਂ ਹੋਣ ਦਿੰਦੀ, ਮੈਨੂੰ ਤਾਂ ਇਹੋ ਮਹਿਸੂਸ ਹੁੰਦਾ ਏ, ਜਿਵੇਂ ਚਿਰਾਗ ਮੇਰੇ ਕੋਲ ਜਗ ਰਿਹਾ ਏ।

**ਦਾਇ (ਅਰਥਾਂ ਸਹਿਤ ਖੂਬੀਆਂ):** ਹੁਸਨ-ਏ-ਤਅਲੀਲ- ਕਿਸੇ ਚੀਜ਼ ਦਾ ਹਕੀਕੀ ਕਾਰਨ ਤਾਂ ਕੁਝ ਹੋਰ ਹੋਵੇ, ਪਰ ਸ਼ਾਇਰ ਸ਼ਾਇਰਾਨਾ ਤੌਰ ਤੇ ਹੋਰ ਕਾਰਨ ਬਿਆਨ ਕਰੇ ਜਿਵੇਂ- ਬੰਦਾ ਸਿਰਫ ਰੱਬ ਦੀ ਬੰਦਗੀ ਕਰਨ ਲਈ ਪੈਦਾ ਕੀਤਾ ਹੈ। ਇਸ ਤੋਂ ਇਲਾਵਾ ਇਸ ਦੇ ਆਉਣ ਦਾ ਕੋਈ ਮੰਤਵ ਨਹੀਂ। ਰੱਬ ਨੇ ਬੰਦਾ ਇਸ ਕਰਕੇ ਪੈਦਾ ਕੀਤਾ ਹੈ, ਜੇਕਰ ਉਸ ਦਾ ਨਾਂ ਨਹੀਂ ਲੈਂਦਾ ਤਾਂ ਉਹ ਮਿੱਟੀ ਦੀ ਢੇਰੀ ਹੈ। ਤੇਰਾ ਹੱਸਣਾ ਦੁਨੀਆਂ ਨੂੰ ਜ਼ਿੰਦਗੀ ਬਖਸ਼ਦਾ ਹੈ, ਦਿਲ ਵਾਲਿਆਂ ਲਈ ਸ਼ਾਂਤੀ ਵੀ ਇਸ ਵਿਚ ਹੈ। ਬੁਲਬੁਲ ਦਾ ਰੋਣਾ ਵੀ ਇਸੇ ਜੁਦਾਈ ਕਰਕੇ ਹੈ। ਹਿਰਨ ਜੰਗਲ ਵਿਚ ਵੀ ਇਹੋ ਅਰਦਾਸ ਕਰਦਾ ਹੈ। ਘੁੱਗੀ ਦੀ ਕੂਕ, ਬੁਲਬੁਲ ਦਾ ਰੋਣਾ, ਲਾਲ ਗੁਲਾਬ ਤੇ ਧੱਬਾ ਪੈਣਾ ਵੀ ਇਸੇ ਗੱਲ ਦੀ ਅਲਾਮਤ ਹੈ।

ਮੈਂ ਕਹਿੰਦਾ ਹਾਂ ਕਿ ਤੇਰੀ (ਪ੍ਰਮਾਤਮਾ) ਇਕ ਨਜ਼ਰ ਦੇ ਬਦਲੇ ਆਪਣੀ ਜਾਨ ਕੁਰਬਾਨ ਕਰਦਾ ਹਾਂ, ਪਰ ਮੇਰਾ ਅਤੇ ਤੇਰਾ ਆਪਸ ਵਿਚ ਕੋਈ ਮਿਲਾਪ ਨਹੀਂ ਹੁੰਦਾ। ਤੇਰੀ ਖੂਬਸੂਰਤੀ ਕਰਕੇ ਸਾਰੀ ਦੁਨੀਆਂ ਵਿਚ ਚਮਕ ਆਈ ਹੈ। ਗੋਯਾ ਕੌਣ ਹੈ? ਜਿਹੜਾ ਰੱਬ ਦਾ ਜ਼ਿਕਰ ਕਰਦਾ ਹੈ, ਅਸੀਂ ਤਾਂ ਸੂਰਜ ਵਾਂਗ ਚਮਕ ਰੱਖਦੇ ਹਾਂ। ਮੈਂ ਨਹੀਂ ਜਾਣਦਾ, ਅਸੀਂ ਕਿੱਥੇ ਹਾਂ, ਕੀ ਕਰਦੇ ਹਾਂ, ਪਰ ਉਸਦੇ ਬੰਦੇ ਹਾਂ, ਸਾਨੂੰ ਹਰ ਹਾਲ ਵਿਚ ਉਸ ਦੀ ਹਿਫਾਜ਼ਤ ਦਰਕਾਰ ਹੈ।

ਭਾਈ ਨੰਦ ਲਾਲ ਗੋਯਾ ਦਾ ਕਲਾਮ ਇਤਿਹਾਸਕ ਪਿਛੋਕੜ ਪੱਖੋਂ ਵੀ ਮਹੱਤਤਾ ਰੱਖਦਾ ਹੈ। ਉਹ ਗੰਗਾ-ਜਮੁਨਾ ਸਭਿਅਤਾ ਦੇ ਹਾਮੀ ਹਨ, ਜਿਨ੍ਹਾਂ ਮੁਗਲਾਂ ਦੇ ਦੌਰ ਵਿਚ ਉੱਤਰੀ ਭਾਰਤ ਹੀ ਨਹੀਂ ਸਗੋਂ ਸਾਰੇ ਹਿੰਦੋਸਤਾਨ ਵਿਚ ਇਕ ਨਾਮਣਾ ਖੱਟਿਆ। ਇਹ ਪ੍ਰਸਿੱਧਤਾ ਹਿੰਦੋਸਤਾਨੀ ਸੰਗੀਤ, ਚਿੱਤਰਕਲਾ, ਅਤੇ ਉਸਾਰੀ ਦੇ ਮੈਦਾਨ ਵਿਚ ਸਮਾਜਿਕ ਰਸਮ-ਓ-ਰਿਵਾਜ਼ ਵੀ ਸ਼ਾਮਿਲ ਹਨ।

ਇਲਮੀ ਅਤੇ ਸਾਹਿਤਕ ਦਾ ਮਿਲਣ-ਜੁਲਣ ਅਕਬਰ ਦੇ ਦੌਰ ਵਿਚ ਸਭ ਤੋਂ ਜ਼ਿਆਦਾ ਸਰਕਾਰੀ ਮਦਰੱਸਿਆਂ ਵਿਚ ਮਿਲਦਾ ਸੀ। ਇਨ੍ਹਾਂ ਮਦਰੱਸਿਆਂ ਵਿਚ ਅਰਬੀ, ਫਾਰਸੀ ਸਭ ਲਈ ਮਿਲ ਜੁਲ ਕੇ ਪੜ੍ਹੀ ਜਾਣ ਵਾਲੀ ਜ਼ੁਬਾਨ ਜ਼ਰੂਰੀ ਐਲਾਨੀ ਗਈ। ਫਾਰਸੀ ਸਾਹਿਤ, ਜ਼ੁਬਾਨ ਤੋਂ ਸਦਾਚਾਰਕ ਗਿਆਨ, ਗਣਿਤ, ਜੋਤਿਸ਼, ਡਾਕਟਰੀ, ਫਿਲਾਸਫੀ ਅਤੇ ਇਤਿਹਾਸ ਤੇ ਆਧਾਰਿਤ ਸੀ। ਇਸ ਤਰ੍ਹਾਂ ਵੱਖ-ਵੱਖ ਧਰਮਾਂ ਦੇ ਲੋਕਾਂ ਦੇ ਲਈ ਮਾਨਸਿਕ ਰੁਚੀ ਅਤੇ ਏਕੇ ਦਾ ਕੇਂਦਰ ਬਣ ਗਿਆ ਸੀ।

ਆਤਮਿਕ ਮੇਲ-ਜੋਲ ਪੈਦਾ ਕਰਨ ਵਿਚ ਸਭ ਤੋਂ ਵੱਡਾ ਹਿੱਸਾ ਭਗਤੀ ਅੰਦੋਲਨ ਦੇ ਸਿਰਕੱਢ ਬੰਦਿਆਂ ਦਾ ਸੀ। ਇਨ੍ਹਾਂ ਵਿਚ ਕਵੀਆਂ, ਜਿਵੇਂ ਕਿ ਕਬੀਰ ਆਦਿ ਨੇ ਇਹ ਯਤਨ ਕੀਤਾ ਸੀ ਕਿ ਹਿੰਦੂ ਮਤ ਅਤੇ ਇਸਲਾਮ ਦੇ ਜ਼ਾਹਰੀ ਢਾਂਚੇ ਨੂੰ ਛੱਡ ਕੇ ਨਿਰੋਲ ਦਿਲ ਦੀਆਂ ਤੰਦਾਂ ਨੂੰ ਜੋੜਨ ਵਾਲੀਆਂ ਅਜਿਹੀਆਂ ਨੀਹਾਂ ਕਾਇਮ ਕੀਤੀਆਂ ਜਾਣ ਜਿਸ ਵਿਚ ਹਿੰਦੂਮਤ ਅਤੇ ਇਸਲਾਮੀ ਸੂਫੀਵਾਦ ਘੁਲ-ਮਿਲ ਕੇ ਇਕ ਹੋ ਜਾਣ।

ਵੱਖੋ-ਵੱਖ ਧਰਮਾਂ ਦੀਆਂ ਰਸਮਾਂ ਅਤੇ ਹੱਦਾਂ ਤੋਂ ਅਜ਼ਾਦ ਕਰਵਾਉਣ ਵਿਚ ਸਫਲਤਾ ਨਹੀਂ ਮਿਲੀ, ਪਰ ਇਨ੍ਹਾਂ ਨੇ ਧਾਰਮਿਕ ਜ਼ਿੰਦਗੀ ਦੇ ਬੰਧਨਾਂ ਨੂੰ ਤੋੜ ਕੇ ਇਸ ਵਿਚ ਰਵਾਨੀ, ਤਾਜ਼ਮੀ, ਹਰਕਤ ਅਤੇ ਜ਼ਿੰਦਗੀ ਦੀ ਰੂਹ ਪੈਦਾ ਕਰਨ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਇਨ੍ਹਾਂ ਕਰਕੇ ਹਿੰਦੋਸਤਾਨ ਵਿਚ ਧਾਰਮਿਕ ਮੇਲ-ਜੋਲ ਅਤੇ ਸਾਂਝੀਵਾਲਤਾ ਦੀ ਅਜਿਹੀ ਲਹਿਰ ਚੱਲੀ ਜੋ ਇਸ ਤੋਂ ਪਹਿਲਾਂ ਕਿਸੇ ਥਾਂ ਨਜ਼ਰ ਨਹੀਂ ਆਉਂਦੀ ਸੀ।

ਇਸ ਧਾਰਮਿਕ ਖੁੱਲ੍ਹ-ਦਿਲੀ ਦਾ ਉਹ ਵਧੀਆ ਨਮੂਨਾ ਗੁਰੂ ਨਨਕ ਦੇਵ ਜੀ ਦੀਆਂ ਸਿੱਖਿਆਵਾਂ ਵਿਚ ਵਿਖਾਈ ਦਿੰਦਾ ਹੈ ਜਿਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਅਤੇ ਸਦਾਚਾਰਕ ਸਾਂਝ ਨੇ ਨਾ ਸਿਰਫ ਆਪਣੇ ਜ਼ਮਾਨੇ ਵਿਚ ਹੱਕ-ਸੱਚ ਦੇ ਪੁਜਾਰੀਆਂ ਨੂੰ ਸਿੱਧੇ ਰਸਤੇ ਪਾਇਆ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਵੀ ਇਸ ਗੱਲ ਨੂੰ ਯਾਦ ਰੱਖਣਗੀਆਂ।

ਭਾਈ ਨੰਦ ਲਾਲ ਗੋਯਾ ਨੇ ਉਸ ਸਾਂਝੀਵਾਲਤਾ ਦੇ ਮਾਹੌਲ ਨੂੰ ਸਿਰਜਿਆ ਅਤੇ ਨੀਂਹ ਰੱਖੀ। ਇਸ ਰੂਹਾਨੀਅਤ ਦੀ ਫਿਜ਼ਾ ਜਿਸ ਦੇ ਮੁੱਢ ਦੀ ਹਿੰਦੂ ਭਗਤਾਂ, ਮੁਸਲਿਮ ਸੂਫੀਆਂ ਨੇ ਸ਼ੁਰੂਆਤ ਕੀਤੀ ਅਤੇ ਉਨ੍ਹਾਂ ਨੇ ਇਸ ਪਰੰਪਰਾ ਨੂੰ ਅੱਗੇ ਤੋਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਪਰੰਪਰਾ ਦੀ ਰਾਹ ਵਿਚ ਅਕਬਰ ਨੇ ਜ਼ਿਆਦਾ ਹੁੰਗਾਰਾ ਨਾ ਦਿੱਤਾ। ਬਹੁਤ ਸਾਰੇ ਸਾਫ-ਸੁਥਰੀ ਗੱਲ ਕਹਿਣ ਵਾਲੇ ਜਿਨ੍ਹਾਂ ਵਿਚ ਭਾਈ ਨੰਦ ਲਾਲ ਗੋਯਾ ਵੀ ਸ਼ਾਮਿਲ ਸਨ, ਨੇ ਆਪਣੀ ਖੁੱਲ੍ਹੀ-ਡੁੱਲੀ ਫਿਜ਼ਾ ਵਿਚ ਜ਼ਿੰਦਗੀ ਗੁਜ਼ਾਰਨ ਨੂੰ ਤਰਜੀਹ ਦਿੱਤੀ।

ਮੁੱਕਦੀ ਗੱਲ ਇਹ ਕਿ ਗੋਯਾ ਦੀਆਂ ਗਜ਼ਲਾਂ ਵਿਚ ਇਲਮੀ ਅਤੇ ਅਦਬੀ ਇਕੋ ਜਿਹਾ ਰੰਗ ਝਲਕਦਾ ਮਹਿਸੂਸ ਹੁੰਦਾ ਹੈ ਜਿਸ ਤਰ੍ਹਾਂ ਮੱਧਕਾਲੀਨ ਦੌਰ ਵਿਚ ਸੀ। ਉਨ੍ਹਾਂ ਦੀਆਂ ਗਜ਼ਲਾਂ ਹਿੰਦੋਸਤਾਨੀ ਫਾਰਸੀ ਜ਼ੁਬਾਨ ਵਿਚ ਹਨ। ਇਨ੍ਹਾਂ ਦੀ ਸ਼ਾਇਰੀ ਵਿਚ ਉਹ ਸਾਰੀਆਂ ਖੂਬੀਆਂ ਮੌਜੂਦ ਹਨ ਜਿਹੜੀਆਂ ਚੰਗੇ ਸ਼ਾਇਰਾਂ ਵਿਚ ਹੋਣੀਆਂ ਚਾਹੀਦੀਆਂ ਹਨ। ਕਲਾਮ ਦਾ ਕੇਂਦਰ ਬਿੰਦੂ ਵੀ ਉਹੀ ਸੀ ਜਿਹੜਾ ਉਨ੍ਹਾਂ ਦੇ ਸਮਕਾਲੀ ਹਿੰਦੂ ਮੁਸਲਮਾਨ ਸ਼ਾਇਰਾਂ ਦੀ ਗਜ਼ਲ ਦਾ ਸੀ। ਇਸ਼ਕੇ ਹਕੀਕੀ ਦੀਆਂ ਉਹੀ ਹਾਲਤਾਂ ਪਾਈਆਂ ਜਾਂਦੀਆਂ ਹਨ ਜੋ ਕਲਾਮ ਦੀ ਜਿੰਦ ਜਾਨ ਹੁੰਦੀਆਂ ਹਨ, ਕਲਾਮ ਵਿਚ ਰੂਹਾਨੀ ਅਤੇ ਨਿਵੇਕਲੀਆਂ ਸਿਫਤਾਂ ਨੇ ਅਜੀਬ ਕੈਫੀਅਤ ਪੈਦਾ ਕਰ ਦਿੱਤੀ ਜਿਹੜੀ ਹੋਰਾਂ ਨੂੰ ਨਸੀਬ ਨਹੀਂ ਸੀ।

# ਅਧਿਆਇ ਚੌਥਾ

## ਸਿਧਾਂਤਕ ਵਿਸ਼ਲੇਸ਼ਣ: ਰਚਨਾਵਾਂ ਭਾਈ ਨੰਦ ਲਾਲ ਗੋਯਾ

**ਮਸਨਵੀ ਆਤ-ਏ-ਗੋਯਾ (ਮਸਨਵੀ ਜ਼ਿੰਦਗੀਨਾਮਾ):** ਮਸਨਵੀ ਦੇ ਅਰਥ ਡਿਕਸ਼ਨਰੀ ਅਨੁਸਾਰ ਦੋ ਹਿੱਸਿਆਂ ਜਾਂ ਦੋ ਅੰਗਾਂ ਵਾਲੀ ਚੀਜ਼ਾਂ ਨੂੰ ਮਸਨਵੀ ਆਖਦੇ ਹਨ। ਸ਼ਬਦਾਰਥਕ ਅਰਥ ਉਹ ਨਜ਼ਮ ਜਿਸ ਵਿਚ ਹਰੇਕ ਸ਼ੇਅਰ ਦੇ ਦੋਵੇਂ ਮਿਸਰਿਆਂ ਵਿਚ ਕਾਫ਼ੀਆ ਆਉਣ ਅਤੇ ਹਰ ਸ਼ੇਅਰ ਦਾ ਕਾਫ਼ੀਆ ਪਹਿਲੇ ਸ਼ੇਅਰ ਤੋਂ ਇਲਾਵਾ ਕੋਈ ਹੋਰ ਹੋਵੇ ਅਤੇ ਉਸ ਵਿਚ ਉਹ ਸਾਰੇ ਸ਼ੇਅਰਾਂ ਦਾ ਸੰਗ੍ਰਹਿ ਵਿਚ ਕੋਈ ਇਤਿਹਾਸਕ, ਫਰਜ਼ੀ, ਸਦਾਚਾਰਕ, ਸੱਭਿਆਚਾਰਕ, ਸਮਾਜੀ ਕਿੱਸਾ ਜਾਂ ਕਹਾਣੀ ਬਿਆਨ ਕੀਤੀ ਜਾਵੇ।[1]

ਮਸਨਵੀ ਸ਼ੇਅਰ ਦੀ ਉਹ ਕਿਸਮ ਹੈ ਜਿਸ ਨੂੰ ਕਸੀਦੇ ਦੇ ਵਿਰੁੱਧ ਕਿਹਾ ਜਾ ਸਕਦਾ ਹੈ। ਪਹਿਲੇ ਅਤੇ ਦੂਜੇ ਦੌਰ ਵਿਚ ਮਸਨਵੀ ਦੇ ਵਿਸ਼ੇ ਜ਼ਿਆਦਾਤਰ ਸੂਫ਼ੀਵਾਦ ਨਾਲ ਸੰਬੰਧਤ ਹੁੰਦੇ ਸਨ। ਗਜ਼ਲ ਵਿਚ ਵੱਖੋ-ਵੱਖ ਵਿਸ਼ੇ ਹੁੰਦੇ ਹਨ, ਜਿਵੇਂ ਅਹਿਸਾਸਾਤ-ਏ-ਕਲਬੀ ਅਤੇ ਵਾਰਦਾਤ-ਏ-ਕਲਬੀ ਜੋ ਅੰਦਰੂਨੀ ਜਜ਼ਬਿਆਂ ਦੀ ਪਟਾਰੀ ਹੈ, ਜਮਾਲ ਅਤੇ ਕਮਾਲ ਵੱਲ ਵੀ ਸੰਕੇਤ ਕੀਤਾ ਜਾਂਦਾ ਹੈ। ਪਰ ਮਸਨਵੀ ਫਨੀ (ਕਲਾਤਮਕ) ਖ਼ੂਬੀਆਂ ਅਤੇ ਸਲਾਹੀਅਤਾਂ ਨੂੰ ਉਜਾਗਰ ਕਰਨਾ, ਵਿਆਖਿਆ ਅਤੇ ਅਰਥਾਂ ਨੂੰ ਸਮਝਾਉਣਾ, ਸੁੰਨੀਆਂ ਦੇ ਸੂਫ਼ੀਵਾਦ ਦੇ ਹਾਮੀ ਲੋਕਾਂ ਦੇ ਹਾਲ-ਚਾਲ ਬਿਆਨ ਕਰਕੇ ਸ਼ਾਮਿਲ ਕਰਨਾ ਹੁੰਦਾ ਹੈ। ਸੂਫ਼ੀਵਾਦ ਦੇ ਅਸੂਲਾਂ ਅਤੇ ਇਸ ਦੇ ਇਸ਼ਾਰਿਆਂ ਵੱਲ ਨਜ਼ਰ ਦੌੜਾਣਾ ਵੀ ਸ਼ਾਮਿਲ ਹੈ। ਅਜਿਹੀਆਂ ਮਸਨਵੀਆਂ ਹਦੀਕਤੁਲ ਹਕੀਕਤ (ਸਨਾਈ) ਮਨਤਾ ਕੁੱਤੈਰ (ਅੱਤਾਰ) ਵਿਸ਼ੇਸ਼ ਤੌਰ ਤੇ ਮਸਨਵੀ ਜਲਾਲੁੱਦੀਨ ਰੂਮੀ ਵਿਚ ਇਸ ਤਰ੍ਹਾਂ ਦੇ ਸ਼ੇਅਰ ਮਿਲਦੇ ਹਨ।[2]

ਉਪਰੋਕਤ ਪੈਰ੍ਹਿਆਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮਸਨਵੀ ਦੇ ਸ਼ਬਦਾਰਥਕ ਅਰਥ ਦੋਹਰੇ ਹੁੰਦੇ ਹਨ। ਸ਼ਾਇਰਾਂ ਦੇ ਨਜ਼ਦੀਕ ਮਸਨਵੀਂ ਉਨ੍ਹਾਂ ਸ਼ੇਅਰਾਂ ਨੂੰ ਆਖਿਆ ਜਾਂਦਾ ਹੈ ਜਿਨ੍ਹਾਂ ਦੇ ਹਰ ਸ਼ੇਅਰ ਦੇ ਦੋ ਕਾਫੀਏ ਆਪਸ ਵਿਚ ਮਿਲਦੇ ਹੋਣ, ਪਰ ਦੂਜੇ ਸ਼ੇਅਰ ਦੇ ਕਾਫੀਏ ਤੋਂ ਵੱਖਰੇ ਹੋਣ। ਮਸਨਵੀਂ ਵਿਚ ਸ਼ੇਅਰਾਂ ਦੀ ਗਿਣਤੀ ਸੀਮਿਤ ਨਹੀਂ ਹੁੰਦੀ, ਵਿਸ਼ਾ

---

1 ਜਲਾਲੁੱਦੀਨ ਅਹਿਮਤ ਜਾਫਰੀ, ਨਸੀਮੁਲ ਬਲਾਗਤ, ਪੰਨਾ 112.

2 ਜ਼ੈਨ ਉਲ ਆਬਿਦੀਨ, ਸ਼ੇਅਰ ਓ ਅਦਬ-ਏ-ਫਾਰਸੀ, ਪੰਨਾ 148.

ਲਗਾਤਾਰ ਚੱਲਦਾ ਹੈ। ਸਾਰੀ ਨਜ਼ਮ ਇਕ ਹੀ ਬਹਿਰ ਵਿਚ ਹੁੰਦੀ ਹੈ। ਇਸ ਵਿਚ ਮਜ਼ਮੂਨਾਂ ਦੀ ਵੀ ਕੋਈ ਵਿਸ਼ੇਸ਼ਤਾ ਨਹੀਂ ਹੁੰਦੀ, ਖੁਸ਼ੀ-ਗ਼ਮੀ, ਸੂਫ਼ੀਵਾਦ, ਸਦਾਚਾਰਕ, ਫਲਸਫਾ ਆਦਿ ਜਿਸ ਮਜ਼ਮੂਨ ਨੂੰ ਚਾਹੋ ਇਸ ਵਿਚ ਬਿਆਨ ਕੀਤਾ ਜਾ ਸਕਦਾ ਹੈ।

ਹਿੰਦੋਸਤਾਨ ਵਿਚ ਬਾਅਦ ਦੇ ਮੱਧਕਾਲੀਨ ਯੁੱਗ ਦੇ ਦੌਰ ਵਿਚ ਬਹੁਤ ਸਾਰੇ ਕਿੱਸੇ ਕਹਾਣੀਆਂ ਲਿਖੇ ਗਏ। ਭਾਈ ਨੰਦ ਲਾਲ ਗੋਯਾ ਜਿਹੜੇ ਔਰੰਗਜ਼ੇਬ ਦੇ ਰਾਜਕਾਲ ਦੇ ਸ਼ਾਇਰ ਰਹੇ, ਨੇ ਵੀ ਮਸਨਵੀ ਜ਼ਿੰਦਗੀਨਾਮਾ, ਜੋਤ ਵਿਗਾਸ, ਗੰਜਨਾਮਾ, ਖਾਤਮਾ, ਅਰਜ਼ੁਲ ਅਲਫਾਜ਼ ਲਿਖੇ ਸਨ। ਉਨ੍ਹਾਂ ਦੇ ਜ਼ਿੰਦਗੀਨਾਮਾ ਦਾ ਨਾਂ ਗੁਰੂ ਗੋਬਿੰਦ ਸਿੰਘ ਨੇ ਬੰਦਗੀਨਾਮਾ ਰੱਖਿਆ ਸੀ ਪਰ ਰਵਾਇਤ ਦੇ ਅਨੁਸਾਰ ਜਦੋਂ ਇਹ ਮਸਨਵੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਪੇਸ਼ ਕੀਤੀ ਗਈ ਤਾਂ ਉਨ੍ਹਾਂ ਨੇ ਇਸ ਦਾ ਨਾਂ ਜ਼ਿੰਦਗੀਨਾਮਾ ਰੱਖਿਆ, ਜਿਸ ਬਾਰੇ ਹੇਠਾਂ ਲਿਖਿਆ ਜਾ ਰਿਹਾ ਹੈ।

**ਮਸਨਵੀ ਜ਼ਿੰਦਗੀਨਾਮਾ–** ਇਹ ਉੱਘੇ ਸ਼ਾਇਰ ਭਾਈ ਨੰਦ ਲਾਲ ਗੋਯਾ ਦੀ 510 ਸ਼ੇਅਰਾਂ ਤੇ ਆਧਾਰਿਤ ਇਕ ਨਾ ਮਿਲਣ ਵਾਲੀ ਮਸਨਵੀ ਹੈ, ਜਿਸ ਵਿਚ ਨਸੀਹਤਾਂ, ਇਬਾਦਤ, ਰਿਆਜ਼ਤ, ਜ਼ਿਕਰ-ਫਿਕਰ ਅਤੇ ਹਕੀਕਤਾਂ ਮਾਰਫਤ ਦਾ ਖਜ਼ਾਨਾ ਹੈ। ਜ਼ਿੰਦਗੀ ਦਾ ਮੰਤਵ ਇਹ ਹੈ ਕਿ ਇਹ ਮਸਨਵੀ ਰੱਬ ਦੇ ਰਸਤੇ ਤੇ ਚੱਲਣ ਵਾਲਿਆਂ ਲਈ ਰਹਿਮਤ ਅਤੇ ਸ਼ਫਕਤ ਹੈ।

ਗੋਯਾ ਦੀ ਇਹ ਰਚਨਾ ਮੌਲਾਨਾ ਰੂਮ ਦੀ ਮਸਨਵੀ ਦੀ ਯਾਦ ਕਰਵਾਉਂਦੀ ਹੈ ਕਿਉਂਕਿ ਇਸ ਵਿਚ ਵੀ ਉਹ ਨੁਕਤੇ ਮਾਰਫਤ ਦੇ ਦਰਜ ਹਨ ਜਿਨ੍ਹਾਂ ਦਾ ਪੜ੍ਹਨਾ ਅਤਿ ਜ਼ਰੂਰੀ ਹੈ। ਮੌਲਾਨਾ ਰੂਮ ਗੋਯਾ ਦੇ ਰੂਹਾਨੀ ਉਸਤਾਦ ਸਨ। ਮਸਨਵੀ ਜ਼ਿੰਦਗੀਨਾਮਾ ਮੌਲਾਨਾ ਰੂਮ ਦੇ ਖਿਆਲਾਂ ਦੀ ਕਹਾਣੀ ਬਿਆਨ ਕਰਦੀ ਹੈ। ਇਕ-ਇਕ ਸ਼ੇਅਰ ਦੀ ਤਾਰੀਫ ਕਰਨੀ ਬਣਦੀ ਹੈ।

ਗੋਯਾ ਦੇ ਜ਼ਮਾਨੇ ਦੀ ਰਵਾਇਤ ਅਨੁਸਾਰ ਜ਼ਿੰਦਗੀਨਾਮੇ ਦੀ ਸ਼ੁਰੂਆਤ ਬਿਸਮਿੱਲਾਹ ਤੋਂ ਸ਼ੁਰੂ ਕਰਦੇ ਹਨ। ਉਹ ਰੱਬ ਜਿਹੜਾ ਜ਼ਮੀਨ ਅਸਮਾਨ ਦਾ ਮਾਲਿਕ ਹੈ, ਜਿਹੜਾ ਜਿੰਨਾਂ ਅਤੇ ਇਨਸਾਨਾਂ ਨੂੰ ਜ਼ਿੰਦਗੀ ਬਖਸ਼ਦਾ ਹੈ। ਅੱਗੇ ਰੱਬ ਦੀ ਤਾਰੀਫ ਹੋਰ ਕਰਦੇ ਹਨ- ਤੂੰ ਹੀ ਕੁਦਰਤ ਰੱਖਣ ਵਾਲਾ ਹੈ, ਮੈਂ ਤਾਂ ਇਕ ਕਤਰਾ ਹਾਂ, ਮਿੱਟੀ ਨੂੰ ਸੂਰਜ ਵਾਂਗ ਚਮਕਾਉਣ ਵਾਲੇ ਤੁਸੀਂ ਹੀ ਹੋ, ਤੁਸੀਂ ਹੀ ਮਾਲਿਕ ਹੋ ਜਿਸ ਨੇ ਮਿੱਟੀ ਨੂੰ ਖੂਬਸੂਰਤੀ ਦਿੱਤੀ ਹੈ। ਤੂੰ ਹੀ

ਕੁਦਰਤ ਰੱਖਣ ਵਾਲਾ ਅਤੇ ਹੱਕ-ਸੱਚ ਹੈਂ। ਮੁੱਠੀ ਭਰ ਨੂੰ ਬੋਲਣ ਦੀ ਤਾਕਤ ਬਖਸ਼ਣ ਵਾਲਾ ਹੈਂ। ਐ ਮਾਲਿਕ! ਦਿਲ ਦੀ ਮੁਰਾਦ ਨੂੰ ਪੂਰੀ ਕਰ ਦੇਵੋ। ਇਸ ਟੁੱਟੇ ਹੋਏ ਦਿਲ ਨੂੰ ਜੋੜਨ ਵਾਲੇ ਤੁਸੀਂ ਹੀ ਹੋ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਗੋਯਾ ਦਾ ਉਸ ਮਾਲਿਕ ਵਿਚ ਅਟੁੱਟ ਵਿਸ਼ਵਾਸ ਸੀ ਜਿਸ ਨੂੰ ਅੱਜ ਤੱਕ ਕਿਸੇ ਨੇ ਨਹੀਂ ਵੇਖਿਆ ਸਗੋਂ ਜਿਸਦਾ ਸਰੂਪ ਨਿਰਾਕਾਰ ਹੈ।

**ਰੱਬ ਜਿਸ ਨੂੰ ਜ਼ਵਾਲ ਨਹੀਂ:** ਰੱਬ ਇਕ ਅਜਿਹੀ ਹਸਤੀ ਹੈ ਜਿਸ ਨੂੰ ਹਰੇਕ ਨੇ ਹੀ ਅਕਾਲ ਮੂਰਤ ਦੇ ਸ਼ਬਦਾਂ ਨਾਲ ਯਾਦ ਕੀਤਾ ਹੈ। ਭਾਵ ਰੱਬ ਦੀ ਸ਼ਕਲ ਅਤੇ ਹਸਤੀ ਨਾ ਮਿਟਣ ਵਾਲੀ ਹੈ। ਗੋਯਾ ਵੀ ਇਸੇ ਕਥਨ ਨੂੰ ਮੰਨਦੇ ਹਨ- ਉਸ ਦੇ ਅਰਥ ਬੇਸ਼ੁਮਾਰ ਹਨ ਕਿ ਤੂੰ ਜਾਣਦਾ ਹੈ, ਉਸ ਨੂੰ ਮੌਤ ਨਹੀਂ। ਦੋਵੇਂ ਜਹਾਨਾਂ ਦਾ ਮਾਲਕ ਦਿਲ ਵਿਚ ਵੱਸਦਾ ਹੈ, ਪਰ ਉਹ ਮਿੱਟੀ ਅਤੇ ਪਾਣੀ ਵਿਚ ਵੀ ਵਾਸ ਕਰ ਲੈਂਦਾ ਹੈ। ਭਾਵੇਂ ਰੱਬ ਮੌਤ ਦੀ ਕੈਦ ਤੋਂ ਬੇਨਿਆਜ਼ ਹੈ, ਪਰ ਇਸ ਦਾ ਅਰਥ ਇਹ ਨਹੀਂ ਕਿ ਅਸੀਂ ਰੱਬ ਦੀ ਜਾਤ ਤੋਂ ਇਨਕਾਰ ਕਰਨ ਵਾਲੇ ਹਾਂ। ਉਹ ਆਪਣੀ ਕੁਦਰਤ ਨਾਲ ਜ਼ਾਹਿਰ ਹੈ ਅਤੇ ਮੌਜੂਦ ਹੈ। ਉਹ ਹਰ ਚੀਜ਼ ਨੂੰ ਬਣਾਉਣ ਵਾਲਾ ਹੈ, ਉਸ ਦੀ ਕੁਦਰਤ ਪ੍ਰਤੱਖ ਹੈ, ਉਹ ਆਪਣੀ ਕੁਦਰਤ ਦੇ ਨਜ਼ਦੀਕ ਕੁਦਰਤ ਰੱਖਣ ਵਾਲਾ ਹੈ। ਕੁਦਰਤ ਰੱਖਣ ਵਾਲਾ ਅਤੇ ਉਹ ਆਪਣੀ ਕੁਦਰਤ ਤੋਂ ਪਛਾਣਿਆ ਜਾ ਸਕਦਾ ਹੈ। ਸਿੱਖਾਂ ਦੇ ਗੁਰੂ ਅੰਗਦ ਦੇਵ ਜੀ ਫਰਮਾਉਂਦੇ ਹਨ ਕਿ ਇਹ ਦੁਨੀਆਂ ਮਿਟਣ ਵਾਲੀ ਹੈ, ਜਿਵੇਂ:

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸ॥[3]

ਰੱਬ ਦੀ ਹੋਂਦ ਦੀਆਂ ਬਹੁਤ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਦੁਨੀਆਂ ਇਕ ਬਹੁਤ ਸੁੰਦਰ ਕਲਾ ਹੈ ਜਿਸ ਦੇ ਪੁਰਜ਼ੇ ਦਿਨ-ਰਾਤ ਕੰਮ ਵਿਚ ਲੱਗੇ ਰਹਿੰਦੇ ਹਨ। ਤਾਰੇ ਚੱਲ ਰਹੇ ਹਨ, ਦਰਿਆ ਵੱਗ ਰਹੇ ਹਨ, ਪਹਾੜ ਅੱਗ ਕੱਢ ਰਹੇ ਹਨ, ਹਵਾ ਹਰਕਤ ਵਿਚ ਹੈ, ਜ਼ਮੀਨ ਬਨਸਪਤੀ ਉਗਾ ਰਹੀ ਹੈ, ਰੁੱਖ ਹਿੱਲ ਰਹੇ ਹਨ। ਇਹ ਚੀਜ਼ਾਂ ਵੇਖ ਕੇ ਆਦਮੀ ਨੂੰ ਆਪਣੇ ਆਪ ਖਿਆਲ ਆਉਂਦਾ ਹੈ ਕਿ ਕੋਈ ਤਾਕਤਵਰ ਹੈ ਜਿਹੜਾ ਇਸ ਨੂੰ ਚਲਾ ਰਿਹਾ ਹੈ।[4]

---

3 ਗੁਰੂ ਗ੍ਰੰਥ ਸਾਹਿਬ, ਪੰਨਾ 463.

4 ਸ਼ਿਬਲੀ (ਜੀਵਨੀ) ਮੌਲਾਨਾ ਰੂਮ, ਪੰਨਾ 107.

ਇਸ ਗੱਲ ਦਾ ਇਜ਼ਹਾਰ ਉਸ ਸਮੇਂ ਦੇ ਕਈ ਵਿਦਵਾਨਾਂ ਦੀਆਂ ਲਿਖਤਾਂ ਵਿਚ ਪ੍ਰਾਪਤ ਹੁੰਦਾ ਹੈ ਕਿ ਹੱਥ ਛੁਪਿਆ ਹੋਇਆ ਹੈ ਉਸ ਦੀ ਕਲਮ ਚੱਲ ਰਹੀ ਹੈ, ਹਾਥੀ ਚੱਲਦਾ ਵਿਖਾਈ ਦਿੰਦਾ ਹੈ, ਪਰ ਸਵਾਰ ਨਜ਼ਰੀਂ ਨਹੀਂ ਆਉਂਦਾ। ਹਰੇਕ ਅਕਲ ਰੱਖਣ ਵਾਲਾ ਇਸ ਗੱਲ ਤੇ ਯਕੀਨ ਰੱਖਦਾ ਹੈ ਕਿ ਉਹੀ ਨਿਰਾਕਾਰ ਮਾਲਿਕ ਚੀਜ਼ਾਂ ਵਿਚ ਹਰਕਤ ਪੈਦਾ ਕਰਦਾ ਹੈ, ਉਹੀ ਹਿਲਾਉਂਦਾ ਹੈ। ਜੇਕਰ ਤੂੰ ਉਸ ਨੂੰ ਵੇਖਣਾ ਚਾਹੁੰਦਾ ਹੈ ਤਾਂ ਉਸ ਦੀਆਂ ਨਿਸ਼ਾਨੀਆਂ ਨੂੰ ਵੇਖ ਸਕਦਾ ਹੈ। ਸਰੀਰ ਅਤੇ ਉਸ ਵਿਚ ਜਾਨ ਉਸ ਦੇ ਹੁਕਮ ਨਾਲ ਹੀ ਚੱਲਦੀ ਹੈ, ਪਰ ਇਸ ਜਾਨ ਅਤੇ ਸਰੀਰ ਦੀ ਹਰਕਤ ਨੂੰ ਸਮਝਿਆ ਨਹੀਂ ਸਕਦਾ, ਜੇਕਰ ਤੂੰ ਇਹ ਗੱਲ ਨਹੀਂ ਸਮਝਦਾ ਤਾਂ ਸਮਝ ਲੈਣੀ ਚਾਹੀਦੀ ਹੈ।

**ਗੋਯਾ**: ਗੋਯਾ ਕਹਿੰਦੇ ਹਨ ਕਿ ਅਸੀਂ ਸਾਰੇ ਰੱਬ ਦਾ ਦੀਦਾਰ ਕਰਨ ਲਈ ਚਾਹਵਾਨ ਹਾਂ, ਇਹ ਸਾਰੀ ਕਾਇਨਾਤ ਰੱਬ ਦੇ ਬਾਗ ਵਾਂਗ ਹੈ। ਰੱਬ ਵੇਖਦਾ ਤੇ ਜਾਣਦਾ ਹੈ। ਉਪਰੋਕਤ ਦਲੀਲਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਭਾਵੇਂ ਰੱਬ ਦੀ ਕੋਈ ਸ਼ਕਲ ਨਹੀਂ, ਪਰ ਫਿਰ ਵੀ ਕਾਇਨਾਤ ਵਿਚ ਸਮਾਇਆ ਹੋਇਆ ਹੈ। ਕਾਇਨਾਤ ਦਾ ਸਾਰਾ ਕਾਰਖਾਨਾ ਉਸ ਦੇ ਚਲਾਏ ਹੀ ਚੱਲ ਰਿਹਾ ਹੈ। ਗੋਯਾ ਕਹਿੰਦੇ ਹਨ ਕਿ ਮਨੁੱਖ ਨੂੰ ਪੈਦਾ ਕਰਨਾ ਹੀ ਇਬਾਦਤ ਕਰਨਾ ਹੈ। ਇਹੋ ਜੀਵਨ ਦਾ ਕੇਂਦਰ ਬਿੰਦੂ ਹੈ, ਰੱਬ ਦੀਆਂ ਚੀਜ਼ਾਂ ਠੋਸ ਦਲੀਲਾਂ ਹਨ, ਇਨ੍ਹਾਂ ਨਾਲ ਉਸ ਨੂੰ ਪਛਾਣਿਆ ਜਾ ਸਕਦਾ ਹੈ। ਇਨਸਾਨ ਅਤੇ ਕਾਇਨਾਤ ਰੱਬ ਦੀਆਂ ਕਦੇ ਖਤਮ ਨਾ ਹੋਣ ਵਾਲੀਆਂ ਨਿਸ਼ਾਨੀਆਂ ਹਨ। ਜੇਕਰ ਮਨੁੱਖ ਨੇ ਆਪਣੇ ਆਪ ਨੂੰ ਪਛਾਣ ਲਿਆ ਤਾਂ ਸਮਝੋ ਕਿ ਉਸ ਨੇ ਰੱਬ ਨੂੰ ਪਛਾਣ ਲਿਆ।

ਗੋਯਾ ਇਹ ਵੀ ਲਿਖਦੇ ਹਨ ਕਿ ਹਰੇਕ ਮਨੁੱਖ ਆਪਣੇ ਆਪ ਨੂੰ ਪਛਾਣ ਲਏ, ਬੰਦਗੀ ਦੇ ਤਰੀਕੇ ਨੂੰ ਵੀ ਪਛਾਣੇ, ਉਸਦੇ ਸਰੀਰ ਵਿਚੋਂ ਕੋਈ ਚੀਜ਼ ਬਾਹਰ ਨਹੀਂ, ਸਗੋਂ ਉਹ ਆਪਣੇ ਹਰੇਕ ਸਾਹ ਨਾਲ ਉਸ ਦੀ ਪਛਾਣ ਕਰ ਸਕਦਾ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ॥[5]

ਗੁਰੂ ਸਾਹਿਬ ਵੀ ਇਹੋ ਫਰਮਾਉਂਦੇ ਹਨ ਕਿ ਐ ਦਿਲ! ਤੂੰ ਰੱਬ ਦੀ ਪਛਾਣ ਲਈ ਨਿਸ਼ਾਨੀ ਹੈਂ, ਤੈਨੂੰ ਆਪਣੇ ਅਸਲ ਵੱਲ ਗੌਰ ਕਰਨਾ ਚਾਹੀਦਾ ਹੈ। ਇਸ ਲਈ ਗੋਯਾ ਲਿਖਦਾ ਹੈ, ਹਰੇਕ ਦੇ ਸਰੀਰ ਵਿਚ ਉਹੀ ਹਾਜ਼ਰ ਹੈ, ਹਾਜ਼ਰ ਮਨਜ਼ੂਰ ਅਤੇ ਵੇਖਣ ਦੀ

[5] ਗੁਰੂ ਗ੍ਰੰਥ ਸਾਹਿਬ, ਪੰਨਾ 441.

ਤਾਕਤ ਰੱਖਣ ਵਾਲਾ ਹੈ। ਇਹ ਸਰੀਰ ਤਾਂ ਉਸ ਮਾਲਿਕ ਦੀ ਇਕ ਨਿਸ਼ਾਨੀ ਹੈ। ਰੱਬ ਦੀ ਰੌਸ਼ਨੀ ਨਾਲ ਚਮਕ ਰਿਹਾ ਹੈ। ਦੋਵੇਂ ਜਹਾਨਾਂ ਦਾ ਬਾਦਸ਼ਾਹ ਤਾਂ ਹਰੇਕ ਦੇ ਦਿਲ ਵਿਚ ਵਸਦਾ ਹੈ। ਉਸ ਦੀ ਜ਼ਾਤ ਮਿੱਟੀ ਅਤੇ ਪਾਣੀ ਵਿਚ ਵੀ ਮੌਜੂਦ ਹੈ। ਜਦੋਂ ਰੱਬ ਮਨੁੱਖ ਦੇ ਅੰਦਰ ਮੌਜੂਦ ਹੈ, ਤਾਂ ਉਸ ਨੂੰ ਤਲਾਸ਼ ਕਰਨ ਲਈ ਜੰਗਲਾਂ ਵਿਚ ਜਾਣਾ ਬੇਅਰਥ ਹੈ।

ਰੱਬ ਆਪਣੇ ਨਾਲ ਹੈ ਅਤੇ ਬੋਲਣ ਵੇਲੇ ਵੀ ਉਹੀ ਬੋਲਦਾ ਹੈ। ਤੂੰ ਤਾਂ ਉਸ ਵੱਲ ਐਵੇਂ ਹੀ ਭੱਜਦਾ-ਨੱਠਦਾ ਫਿਰਦਾ ਹੈ। ਉਹ ਤਾਂ ਸਾਹ ਨਾਲੀ ਤੋਂ ਵੀ ਨੇੜੇ ਹੈ ਤਾਂ ਫਿਰ ਜੰਗਲਾਂ ਵਿਚ ਜਾਣ ਦੀ ਕੀ ਲੋੜ? ਉਹ ਦਿਲ ਦੇ ਅੰਦਰ ਹੈ, ਪਰ ਤੂੰ ਦਿਲ ਤੋਂ ਬਾਹਰ ਵੇਖਦਾ ਹੈਂ। ਉਹ ਘਰ ਵਿਚ ਹੈ, ਪਰ ਤੂੰ ਘਰੋਂ ਬਾਹਰ ਵੇਖਦਾ ਹੈਂ। ਉਹ ਤਾਂ ਤੇਰੇ ਹਰ ਵਾਲ ਤੋਂ ਜ਼ਾਹਿਰ ਹੁੰਦਾ ਹੈ, ਤੂੰ ਬਾਹਰ ਕਿਉਂ ਭੱਜਿਆ ਨੱਠਿਆ ਫਿਰਦਾ ਹੈਂ। ਰੱਬ ਦਾ ਨੂਰ ਤਾਂ ਤੇਰੇ ਅੰਦਰ ਮੌਜੂਦ ਹੈ ਜਿਵੇਂ ਅਸਮਾਨ ਤੇ ਤਾਰੇ ਚਮਕਦੇ ਹੁੰਦੇ ਹਨ, ਦਿਲ ਦੀ ਅੱਖ ਨਾਲ ਉਸ ਨੂੰ ਵੇਖੋ। ਹਰੇਕ ਜ਼ੁਬਾਨ ਤੋਂ ਉਸੇ ਦੀ ਹੀ ਗੱਲ ਨਿਕਲਦੀ ਹੈ। ਇਹ ਸਾਰੀ ਕਾਇਨਾਤ ਉਸ ਨਾਲ ਭਰੀ ਹੋਈ ਹੈ। ਤੂੰ ਦੁਨੀਆਂ ਵਿਚ ਬੇਕਾਰ ਭੱਜਿਆ ਫਿਰਦਾ ਹੈਂ ਅਤੇ ਲੱਭਦਾ-ਫਿਰਦਾ ਹੈਂ ਕਿ ਰੱਬ ਕਿੱਥੇ ਹੈ? ਗੁਰੂ ਤੇਗ ਬਹਾਦਰ ਜੀ ਨੇ ਵੀ ਇਹੋ ਨਜ਼ਰੀਆ ਪੇਸ਼ ਕੀਤਾ ਹੈ ਕਿ ਐ ਇਨਸਾਨ! ਤੂੰ ਖੁਦਾ ਨੂੰ ਜੰਗਲਾਂ ਵਿਚ ਕਿਉਂ ਤਲਾਸ਼ ਕਰਦਾ ਹੈ, ਉਹ ਤਾਂ ਤੇਰੇ ਅੰਦਰ ਸਮਾਇਆ ਹੋਇਆ ਹੈ।

> ਕਾਹੇ ਰੇ ਬਨ ਖੋਜਨ ਜਾਈ॥
> ਸਰਬ ਨਿਵਾਸੀ ਸਦਾ ਅਲੇਪਾ ਤੂਹੀ ਸੰਗਿ ਸਮਾਈ॥[6]

**ਖਾਲਿਕ ਅਤੇ ਮਖਲੂਕ ਵਿਚ ਅੰਤਰ–** ਗੋਯਾ ਇਸ ਗੱਲ ਨੂੰ ਸਪੱਸ਼ਟ ਕਰਨਾ ਚਾਹੁੰਦੇ ਹਨ ਕਿ ਜੇਕਰ ਰੱਬ ਅਤੇ ਮਨੁੱਖ ਵਿਚ ਦਰਿਆ ਅਤੇ ਮੌਜ (ਲਹਿਰ) ਦਾ ਸੰਬੰਧ ਹੈ, ਜੇਕਰ ਗੌਰ ਨਾਲ ਵੇਖਿਆ ਜਾਵੇ ਤਾਂ ਉਨ੍ਹਾਂ ਵਿਚ ਇਕ ਰੰਗ ਵੀ ਹੈ ਅਤੇ ਫਰਕ ਵੀ ਬਹੁਤ ਜ਼ਿਆਦਾ ਹੈ। ਜਿਵੇਂ ਉਨ੍ਹਾਂ ਨੇ ਲਿਖਿਆ, ਮੈਂ ਇਕ ਲਹਿਰ ਹਾਂ, ਤੂੰ ਬਹੁਤ ਵੱਡਾ ਦਰਿਆ ਹੈਂ। ਅੰਤਰ ਜ਼ਮੀਨ ਅਸਮਾਨ ਜਿੰਨਾ ਹੈ, ਮੈਂ ਨਿਮਾਣਾ ਹਾਂ ਤੂੰ ਸਭ ਕੁਝ ਹੈਂ, ਮੈਂ ਇਕ ਲਹਿਰ ਹਾਂ ਤੂੰ ਵਿਸ਼ਾਲ ਤੇ ਬੇਮਿਸਾਲ ਹਸਤੀ ਹੈਂ। ਐ ਮੇਰੇ ਪਿਆਰੇ ਤੇਰੀ ਜਾਤ ਲਈ ਜ਼ਰੂਰੀ ਹੈ ਕਿ ਰੱਬ ਇੱਕ ਹੈ ਤੂੰ ਕਿੱਥੇ ਹੈਂ ਇਸ ਗੱਲ ਦੀ ਤਮੀਜ਼ ਕਰ ਲਵੋ। ਇਹ ਨੇਕ ਨਸੀਬੇ ਦੀ ਨਿਸ਼ਾਨੀ

---

[6] ਗੁਰੂ ਗ੍ਰੰਥ ਸਾਹਿਬ, ਪੰਨਾ 684.

ਹੈ, ਜੇਕਰ ਹੱਕ ਜਾਣਦਾ ਹੈਂ ਤਾਂ ਉਸ ਦੀ ਤਲਾਸ਼ ਵਿਚ ਲੱਗ ਜਾਵੋ। ਲਹਿਰ ਅਤੇ ਦਰਿਆ ਦਾ ਕੀ ਮੁਕਾਬਲਾ? ਜੇਕਰ ਉਸ ਦੀ ਸਵੱਲੀ ਨਜ਼ਰ ਪੈ ਜਾਵੇ ਤਾਂ ਉਸ ਦੀਆਂ ਨਿਆਮਤਾਂ ਦਾ ਕੀ ਟਿਕਾਣਾ? ਰੱਬ ਨੇ ਮਨੁੱਖ ਨੂੰ ਆਪਣੀਆਂ ਨਿਸ਼ਾਨੀਆਂ ਦਾ ਕੇਂਦਰ ਬਣਾਇਆ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਹੰਸ ਅਤੇ ਬਗਲੇ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ, ਪਰ ਉਸ ਦੀ ਸਵੱਲੀ ਨਜ਼ਰ ਕਾਂ ਨੂੰ ਵੀ ਹੰਸ ਬਣਾ ਸਕਦੀ ਹੈ।

**ਇਨਸਾਨ ਰੱਬ ਦੀ ਨਿਸ਼ਾਨੀ ਹੈ:** ਭਾਵੇਂ ਇਨਸਾਨ ਦਾ ਸਰੀਰ ਅੱਗ, ਪਾਣੀ, ਮਿੱਟੀ, ਹਵਾ ਤੋਂ ਮਿਲ ਕੇ ਬਣਿਆ ਹੈ, ਪਰ ਰੱਬ ਦੇ ਨੂਰ ਨਾਲ ਰੋਸ਼ਨ ਹੈ। ਤੇਰਾ ਸਰੀਰ ਤਾਂ ਹਵਾ, ਮਿੱਟੀ ਅਤੇ ਅੱਗ ਹੈ, ਤੂੰ ਤਾਂ ਰੱਬ ਦੀ ਜ਼ਾਤ ਦਾ ਇਕ ਕਤਰਾ ਹੈਂ। ਤੇਰਾ ਪਾਪੀ ਸਰੀਰ ਉਸ ਦੀ ਯਾਦ ਕਰੇ। ਇਨਸਾਨ ਤਾਂ ਰੱਬ ਦੀ ਨਿਸ਼ਾਨੀ ਹੈ। ਇਹ ਸਰੀਰ ਉਸ ਦੇ ਨੂਰ ਨਾਲ ਹੀ ਰੋਸ਼ਨ ਹੁੰਦਾ ਹੈ। ਰੱਬ ਦੇ ਨੂਰ ਤੋਂ ਬਗੈਰ ਕੋਈ ਚੀਜ਼ ਰੋਸ਼ਨ ਨਹੀਂ ਹੋ ਸਕਦੀ। ਜਦੋਂ ਮਨੁੱਖੀ ਦਿਲ ਰੱਬ ਦਾ ਵਸੇਰਾ ਹੈ ਤਾਂ ਉਸ ਦਾ ਨੂਰ ਇਸ ਵਿਚ ਮੌਜੂਦ ਹੈ। ਇਸ ਦੇ ਹਰ ਕੋਨੇ ਵਿਚ ਜੰਨਤ (ਸਵਰਗ) ਮੌਜੂਦ ਹੈ ਤਾਂ ਮਨੁੱਖ ਨੂੰ ਚਾਹੀਦਾ ਹੈ ਕਿ ਦੁਨੀਆਂ ਦੀ ਚਮਕ-ਦਮਕ ਨੂੰ ਛੱਡ ਕੇ ਆਪਣੇ ਆਪ ਨੂੰ ਉਸ ਦੇ ਰੰਗ ਵਿਚ ਰੰਗ ਲਵੇ।

ਇਹ ਦਿਲ ਤਾਂ ਰੱਬ ਦਾ ਵਸੇਰਾ ਹੈ, ਜੇਕਰ ਮੈਂ ਹੀ ਗੁੰਮ ਹੋ ਜਾਵਾਂ ਤਾਂ ਰੱਬ ਕੀ ਕਰੇ? ਮੇਰੇ ਦਿਲ ਦਾ ਘਰ ਉਸ ਦੇ ਨੂਰ ਨਾਲ ਰੋਸ਼ਨ ਹੈ, ਮੈਂ ਤਾਂ ਇਕ ਫੁੱਲ ਹਾਂ, ਉਹ ਤਾਂ ਬਾਗ ਹੈ। ਇਸ ਮਿੱਟੀ ਦੇ ਸਰੀਰ ਵਿਚ ਉਸ ਦਾ ਹੀ ਨੂਰ ਹੈ ਜਿਸ ਵਿਚ ਚਾਰ ਚੀਜ਼ਾਂ ਮਿਲੀਆਂ ਹੋਈਆਂ ਹਨ ਅਤੇ ਨੌਂ ਤਬਕ ਹਨ। ਤੂੰ ਤਾਂ ਬਾਗ ਵਿਚ ਸੈਰ ਕਰ ਰਿਹਾ ਹੈਂ, ਮੈਂ ਇਕ ਪੰਛੀ ਹਾਂ ਜਿਸ ਵਿਚ ਜਾਨ ਤੁਸੀਂ ਪਾਈ ਹੈ; ਜਿਸ ਵਿਚ ਲੱਖਾਂ ਹੀ ਬਹਿਸ਼ਤਾਂ ਸ਼ਾਮਿਲ ਹਨ। ਦੋਵੇਂ ਜਹਾਨਾਂ ਨੂੰ ਰਿਜ਼ਕ ਦੇਣ ਵਾਲਾ ਤੂੰ ਹੈਂ, ਉਸ ਦੀ ਤਾਕਤ ਨਾਲ ਹੀ ਉਸ ਨੂੰ ਯਾਦ ਕੀਤਾ ਜਾ ਸਕਦਾ ਹੈ। ਉਸ ਦੀ ਯਾਦ ਹੀ ਅਸਲ ਚੀਜ਼ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਉਨ੍ਹਾਂ ਦਾ ਦਿਲ ਹੀ ਮੰਦਰ ਅਤੇ ਤੀਰਥ ਹੈ।

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥[7]

ਇਸ ਲਈ ਸਾਰਿਆਂ ਨੂੰ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਇਸ ਇਨਸਾਨੀ ਤਸਵੀਰ ਨੂੰ ਬਣਾਉਣ ਵਾਲਾ ਕਲਾਕਾਰ ਮਨੁੱਖ ਦੇ ਅੰਦਰ ਹੀ ਮੌਜੂਦ ਹੈ। ਮਨੁੱਖ

---

[7] ਗੁਰੂ ਗ੍ਰੰਥ ਸਾਹਿਬ, ਪੰਨਾ 795.

ਤਾਂ ਰੱਬ ਦੇ ਨੂਰ ਦੀ ਇਕ ਕਿਰਨ ਹੈ, ਇਸ ਲਈ ਰੁਝੇਵੇਂ ਛੱਡ ਕੇ ਸ਼ਾਂਤੀ ਅਤੇ ਖੁਸ਼ ਰਹਿਣਾ ਚਾਹੀਦਾ ਹੈ।

ਨਕਸ਼ੇ ਬਣਾਉਣ ਵਾਲਾ ਉਹੀ ਹੈ। ਮਨੁੱਖ ਨੂੰ ਇੱਛਾਵਾਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ। ਉਹ ਤਾਂ ਨੂਰ ਹੀ ਨੂਰ ਹੈ। ਮੈਂ ਨੂਰ ਦੀ ਇਕ ਕਿਰਨ ਹਾਂ, ਗੁੱਸੇ ਅਤੇ ਗਮ ਵਿਚ ਨਹੀਂ ਰਹਿਣਾ ਚਾਹੀਦਾ। ਹੱਕ-ਸੱਚ ਤੋਂ ਇਲਾਵਾ ਹੋਰ ਕੋਈ ਚੀਜ਼ ਉਸ ਨੂੰ ਪਸੰਦ ਨਹੀਂ। ਤੂੰ ਆਪਣੇ ਦਿਲ ਨੂੰ ਟਟੋਲ ਕੇ ਵੇਖ, ਉਹ ਉਸ ਵਿਚ ਮੌਜੂਦ ਹੈ।

ਜਦੋਂ ਤੱਕ ਇਨਸਾਨ ਇਹ ਮਹਿਸੂਸ ਨਹੀਂ ਕਰਦਾ ਕਿ ਰੱਬ ਦਾ ਡੇਰਾ ਦਿਲਾਂ ਵਿਚ ਹੈ, ਉਸ ਵੇਲੇ ਤੱਕ ਰੱਬ ਨੂੰ ਨਹੀਂ ਪਛਾਣ ਸਕਦਾ। ਸਹੀ ਅਰਥਾਂ ਵਿਚ ਰੱਬ ਦੀ ਯਾਦ ਇਹੋ ਹੈ ਕਿ ਰੱਬ ਨੂੰ ਦਿਲ ਦਾ ਵਾਸਾ ਮੰਨੀਏ ਅਤੇ ਰੱਬ ਦੀ ਯਾਦ ਵਿਚ ਜ਼ਿੰਦਗੀ ਬਤੀਤ ਕਰੀਏ।

ਐ ਭਰਾ! ਰੱਬ ਨੂੰ ਹਮੇਸ਼ਾ ਯਾਦ ਰੱਖ ਅਤੇ ਸਮਝਣ ਦੀ ਕੋਸ਼ਿਸ਼ ਕਰ ਕਿ ਉਹ ਕੀ ਹੈ? ਉਹ ਦਿਲ ਵਿਚ ਹੈ ਪਰ ਕਿੱਥੇ ਹੈ? ਜੋ ਸਾਰਿਆਂ ਦੇ ਦਿਲਾਂ ਵਿਚ ਵਸਦਾ ਹੈ, ਦਿਲ ਉਸ ਦਾ ਵਸੇਰਾ ਹੈ। ਉਸ ਦੀ ਯਾਦ ਹੀ ਹੱਕ ਸੱਚ ਹੈ, ਗਮ ਨਹੀਂ, ਖੁਸ਼ ਰਹਿਣਾ ਚਾਹੀਦਾ ਹੈ। ਮਿੱਟੀ ਤੋਂ ਬਣਿਆ ਹੋਇਆ ਇਹ ਮਨੁੱਖ ਦਾ ਸਰੀਰ ਰੱਬ ਦੀ ਬੰਦਗੀ ਅਤੇ ਯਾਦ ਨਾਲ ਹੀ ਪਾਕ ਹੋ ਸਕਦਾ ਹੈ। ਜੇਕਰ ਇਨਸਾਨ ਰੱਬ ਦੀ ਯਾਦ ਨੂੰ ਛੱਡ ਕੇ ਹੋਰ ਗੱਲਾਂ ਵਿਚ ਰੁੱਝਿਆ ਰਹੇਗਾ ਤਾਂ ਆਖਿਰਤ ਦੇ ਦਿਨ ਸ਼ਰਮਿੰਦਗੀ ਅਤੇ ਪ੍ਰੇਸ਼ਾਨੀ ਵਿਚ ਪੈ ਜਾਵੇਗਾ।

ਇਸ ਸਰੀਰ ਦਾ ਮੰਤਵ ਹੀ ਉਸ ਦੀ ਯਾਦ ਹੈ, ਹੋਰ ਗੱਲਾਂ ਨਾਲ ਸ਼ਰਮਿੰਦਗੀ ਹੁੰਦੀ ਹੈ, ਜਿਸ ਰੱਬ ਨੇ ਇਸ ਮੁੱਠੀ ਭਰ ਇਨਸਾਨ ਨੂੰ ਖੂਬਸੂਰਤੀ ਬਖਸ਼ੀ ਹੈ, ਉਹ ਉਸ ਦੀ ਯਾਦ ਵਿਚ ਰੁੱਝਿਆ ਰਹੇ। ਉਸ ਦੀ ਯਾਦ ਨਾਲ ਜ਼ਿੰਦਗੀ ਵਿਚ ਜੇ ਰੌਣਕ ਆਵੇਗੀ ਤਾਂ ਦਿਲ ਉਸ ਦੀ ਯਾਦ ਵਿਚ ਰੁੱਝਿਆ ਰਹੇਗਾ। ਗੋਯਾ ਨਸੀਹਤ ਕਰਦੇ ਹਨ ਕਿ ਐ ਇਨਸਾਨ ! ਤੂੰ ਰੱਬ ਦੀ ਯਾਦ ਕਰ ਤਾਂ ਜੋ ਤੇਰਾ ਸਰੀਰ ਰੱਬ ਦੀ ਦਰਗਾਹ ਵਿਚ ਪਾਕ ਹੋ ਜਾਵੇ। ਤੇਰਾ ਰੁਤਬਾ ਵੀ ਦਿਨ-ਬ-ਦਿਨ ਤਰੱਕੀ ਕਰਦਾ ਰਹੇਗਾ। ਇਸ ਦੇ ਉਲਟ ਗੋਯਾ ਬੰਦੇ ਨੂੰ ਰੱਬੀ ਯਾਦ ਤੋਂ ਮੂੰਹ ਮੋੜਨਾ ਅਤੇ ਸੁਸਤੀ ਕਰਨ ਨੂੰ ਬੁਰਾ ਕੰਮ ਕਹਿੰਦੇ ਹਨ ਅਤੇ ਹਦਾਇਤ ਕਰਦੇ ਹਨ ਕਿ ਉਸ ਨੂੰ ਰੱਬ ਦੀ ਰਾਹ ਤੇ ਚੱਲਣਾ ਚਾਹੀਦਾ ਹੈ। ਇਸ ਗੱਲ ਦਾ ਅਫਸੋਸ

ਹੈ ਕਿ ਤੈਨੂੰ ਆਪਣੇ ਹਾਲ ਅਹਿਵਾਲ ਹੀ ਪਤਾ ਨਹੀਂ, ਤੂੰ ਸੁਸਤੀ ਅਤੇ ਲਾਪਰਵਾਹੀ ਵਿਚ ਹੈਂ। ਸੱਚਾਈ ਇਹ ਹੈ ਕਿ ਹੱਕ-ਸੱਚ ਦੇ ਰਾਹ ਤੇ ਚੱਲ, ਤੂੰ ਚਮਕਦੇ ਸੂਰਜ ਵਾਂਗ ਬਣ ਜਾਵੇਗਾ।

**ਜ਼ਿੰਦਗੀ ਮਨੁੱਖ ਦੇ ਹੱਥ ਵਿਚ ਨਹੀਂ:** ਮਨੁੱਖ ਕੀ ਹੈ? ਗੋਯਾ ਨੇ ਇਹ ਸਵਾਲ ਆਪਣੇ ਆਪ ਨੂੰ ਕੀਤਾ। ਇਸ ਦੇ ਜਵਾਬ ਵਿਚ ਆਪ ਹੀ ਕਹਿੰਦਾ ਹੈ ਕਿ ਇਹ ਮੁੱਠੀ ਭਰ ਮਿੱਟੀ ਤੋਂ ਜ਼ਿਆਦਾ ਕੁੱਝ ਨਹੀਂ, ਹੋਰ ਵੀ ਇਸ ਦੇ ਅਖਤਿਆਰ ਤੋਂ ਬਾਹਰ ਹੈ ਭਾਵ ਇਨਸਾਨੀ ਜ਼ਿੰਦਗੀ ਉਸ ਦੇ ਵਸ ਵਿਚ ਨਹੀਂ। ਪਤਾ ਨਹੀਂ ਕਿ ਇਹ ਕਦੋਂ ਮੌਤ ਆਉਣ ਦਾ ਕਾਰਨ ਬਣ ਜਾਵੇ। ਉਪਰੋਕਤ ਗੱਲਾਂ ਤੋਂ ਸਿੱਧ ਹੁੰਦਾ ਹੈ ਕਿ ਭਾਈ ਨੰਦ ਲਾਲ ਗੋਯਾ ਦਾ ਖਿਆਲ ਹੈ ਕਿ ਮਨੁੱਖ ਖੁਦ ਮੁਖਤਿਆਰ ਨਹੀਂ ਹੈ, ਕੋਈ ਹੋਰ ਤਾਕਤ ਹੈ ਜੋ ਇਸ ਤੋਂ ਕੰਮ ਲੈ ਰਹੀ ਹੈ। ਭਾਵੇਂ ਗੱਲ ਅਕਲ ਵਿਚ ਨਹੀਂ ਆਉਂਦੀ ਪਰ ਫਲਸਫਾ ਹੀ ਅੰਤਿਮ ਮੰਜ਼ਿਲ ਹੈ। ਮਿਟਣ ਵਾਲੀਆਂ ਚੀਜ਼ਾਂ ਵੀ ਇਸ ਵਿਚ ਸ਼ਾਮਿਲ ਹਨ। ਗੋਯਾ ਜਦੋਂ ਇਸ ਦੁਨੀਆਂ ਦੀ ਗੱਲਾਂ ਕਰਦੇ ਹਨ ਤਾਂ ਬਹੁਤ ਖੁਸ਼ ਅਤੇ ਨਸ਼ੇ ਦੀ ਕੈਫੀਅਤ ਧਾਰਨ ਕਰ ਲੈਂਦੇ ਹਨ। ਮੈਂ ਜੋ ਚੰਗੀਆਂ ਸਿਫਤਾਂ ਦਾ ਮਾਲਿਕ ਬਣਿਆ ਹਾਂ, ਇਹ ਤਾਂ ਉਸ ਦਾ ਕਰਮ ਹੈ, ਉਹੀ ਗੱਲ ਮੈਂ ਆਖਦਾ ਹਾਂ।[8] ਗੁਰੂ ਸਾਹਿਬ ਫਰਮਾਉਂਦੇ ਹਨ ਕਿ ਮਖਲੂਕ ਦੇ ਹੱਥ ਵਿਚ ਕੁਝ ਵੀ ਨਹੀਂ ਹੈ।

ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ॥[9]

**ਜ਼ਿੰਦਗੀ ਦਾ ਸਦਾ ਨਾ ਰਹਿਣਾ–** ਇਹ ਪੱਕੀ ਗੱਲ ਹੈ ਕਿ ਦੁਨੀਆਂ ਅਤੇ ਜੋ ਕੁਝ ਦੁਨੀਆਂ ਵਿਚ ਹੈ ਉਹ ਸਦਾ ਨਹੀਂ ਰਹਿੰਦਾ, ਸਿਰਫ ਹਕੀਕੀ ਇਸ਼ਕ ਸਦਾ ਰਹਿਣ ਵਾਲੀ ਅਤੇ ਕਾਇਮ ਰਹਿਣ ਵਾਲੀ ਚੀਜ਼ ਹੈ। ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਮਿੱਟੀ ਦਾ ਬਣਿਆ ਸਰੀਰ ਹੈ। ਹਰ ਜ਼ਮਾਨੇ ਵਿਚ ਉਸ ਦੇ ਨਾਂ ਅਤੇ ਯਾਦ ਵਿਚ ਕਾਇਮ ਰਹਿੰਦਾ ਹੈ। ਐ ਦੋਸਤ! ਆਉਣ ਵਾਲੀ ਜ਼ਿੰਦਗੀ ਬਾਰੇ ਸੋਚ, ਇਸ ਨਾਲ ਇਹ ਦੁਨੀਆਂ ਤੇਰੇ ਲਈ ਬਹਾਰ ਦਾ ਕੰਮ ਕਰੇਗੀ। ਗੁਰੂ ਤੇਗ ਬਹਾਦੁਰ ਵੀ ਹਰ ਪੈਦਾ ਹੋਈ ਚੀਜ਼ ਨੂੰ ਮਿਟਣ ਵਾਲੀ ਆਖਦੇ ਹਨ।

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥[10]

---

[8] ਦੀਵਾਨ-ਏ-ਹਾਫਿਜ਼, ਪੰਨਾ 287.

[9] ਗੁਰੂ ਗ੍ਰੰਥ ਸਾਹਿਬ, ਪੰਨਾ 469.

**ਆਪਣੇ ਆਪ ਨੂੰ ਵੇਖਣਾ:** ਹੰਕਾਰ ਨਾ ਕਰ, ਇਹ ਨਾ ਪਸੰਦ ਚੀਜ਼ ਹੈ। ਹਰੇਕ ਆਦਮੀ ਨੂੰ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ। ਹੰਕਾਰ ਕਰਨਾ ਅਨਪੜ੍ਹ ਲੋਕਾਂ ਦੀ ਨਿਸ਼ਾਨੀ ਹੈ। ਚੰਗੇ ਲੋਕਾਂ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ। ਹੰਕਾਰ ਨੇ ਹੀ ਸ਼ੈਤਾਨ ਨੂੰ ਰੁਸਵਾ ਕੀਤਾ ਸੀ। ਉਸ ਨੂੰ ਫਟਕਾਰਿਆ ਗਿਆ। ਹੰਕਾਰ ਸੋਚ ਨੂੰ ਖਤਮ ਕਰ ਦਿੰਦਾ ਹੈ। ਇਹ ਤਾਂ ਬਹੁਤ ਬੁਰੀ ਚੀਜ਼ ਹੈ, ਜਦੋਂ ਤੂੰ ਜਾਣਦਾ ਹੈ ਤਾਂ ਹੰਕਾਰ ਕਿਉਂ ਕਰਦਾ ਹੈਂ। ਹੰਕਾਰ ਖੁਦਪ੍ਰਸਤੀ, ਖੁਦ ਨੁਮਾਈ ਅਤੇ ਹੰਕਾਰ ਨੂੰ ਛੱਡ ਦੇਣਾ ਹਰੇਕ ਧਰਮ ਨੇ ਅਤੇ ਧਰਮ ਦੇ ਆਗੂਆਂ ਨੇ ਕਿਹਾ ਹੈ ਕਿਉਂਕਿ ਹੰਕਾਰ ਦਾ ਰੱਬ ਨਾਲ ਵੈਰ ਹੈ।

ਖੁਦਪ੍ਰਸਤੀ ਤੇਰੇ ਲਈ ਨੁਕਸਾਨ ਵਾਲੀ ਚੀਜ਼ ਹੈ, ਤੂੰ ਤਾਂ ਇਕ ਮੁੱਠੀ ਭਰ ਮਿੱਟੀ ਹੈਂ। ਖ਼ੁਦਪ੍ਰਸਤੀ ਤਾਂ ਬੇਅਕਲਾਂ ਦੀ ਨਿਸ਼ਾਨੀ ਹੈ। ਹੱਕਪ੍ਰਸਤੀ ਨਾਲ ਈਮਾਨ ਵਿਚ ਵਾਧਾ ਹੁੰਦਾ ਹੈ। ਆਰਿਫ ਲੋਕਾਂ ਦੀ ਜ਼ਿੰਦਗੀ ਤਾਂ ਰੱਬੀ ਯਾਦ ਵਿਚ ਲੰਘ ਜਾਂਦੀ ਹੈ। ਖ਼ੁਦ ਨੁਮਾਈ ਵਾਲੇ ਮਨੁੱਖ ਰੱਬ ਤੋਂ ਦੂਰ ਰਹਿੰਦਾ ਹੈ।

ਇਨਸਾਨ ਦਾ ਇਹ ਕਮਾਲ ਹੈ ਕਿ ਉਹ ਆਪਣੀ ਹਸਤੀ ਨੂੰ ਮਿਟਾ ਦੇਵੇ, ਆਪਣੇ ਆਪ ਨੂੰ ਨਾ ਭੁੱਲੇ, ਉਹ ਤਾਂ ਆਪਣੀ ਹਕੀਕਤ ਤੋਂ ਜਾਣੂ ਹੋ ਸਕਦਾ ਹੈ। ਅਸੀਂ ਜਿਹੜੀਆਂ ਪ੍ਰੇਸ਼ਾਨੀਆਂ ਵਿਚ ਰੁੱਝੇ ਹੋਏ ਹਾਂ, ਉਨ੍ਹਾਂ ਦਾ ਕਾਰਨ ਹੈ ਕਿ ਸਾਡੇ ਦਿਮਾਗ ਵਿਚ ਆਪਣੀ ਹੋਂਦ ਮੌਜੂਦ ਹੈ। ਜੇਕਰ ਅਸੀਂ ਇਸ ਹੋਂਦ ਨੂੰ ਸਮਝ ਕੇ ਜੀਵਨ ਗੁਜ਼ਾਰ ਦੇਈਏ ਤਾਂ ਹੀ ਹਮੇਸ਼ਾ ਦੀ ਖੁਸ਼ੀ ਪ੍ਰਾਪਤ ਕਰ ਸਕਦੇ ਹਾਂ।

ਇਸ ਲਈ ਹੱਕ ਤਲਬ ਕਰਨ ਵਾਲਿਆਂ ਲਈ ਜ਼ਰੂਰੀ ਹੈ ਕਿ ਖ਼ੁਦ ਪ੍ਰਸਤੀ ਨੂੰ ਛੱਡ ਦੇਣ। ਇਸ ਪਿਛੋਂ ਮੰਤਵ ਨੂੰ ਪ੍ਰਾਪਤ ਕਰ ਲਵੋਗੇ।

ਗੋਯਾ- ਐ ਦਿਲ! ਸਭ ਤੋਂ ਪਹਿਲਾਂ ਆਪਣੇ ਆਪ ਨੂੰ ਮਿਟਾ ਦੇਵੋ।
ਤਾਂ ਜੋ ਤੁਸੀਂ ਹੱਕ ਰਸਤੇ ਨੂੰ ਤਲਾਸ਼ ਕਰ ਸਕੋ।

ਗੁਰੂ ਸਾਹਿਬ ਦਾ ਵੀ ਫੁਰਮਾਨ ਹੈ:

ਆਪੁ ਗੁਵਾਇਐ ਤਾ ਸਹੁ ਪਾਇਐ ਅਉਰੁ ਕੈਸੀ ਚਤੁਰਾਈ॥ [11]

---

[10] ਉਹੀ, ਪੰਨਾ 1429.

[11] ਗੁਰੂ ਗ੍ਰੰਥ ਸਾਹਿਬ, ਪੰਨਾ 722.

ਕਬੀਰ ਸਾਹਿਬ ਜੀ ਨੇ ਵੀ ਇਸਦੀ ਹਾਮੀ ਭਰੀ ਹੈ ਅਤੇ ਨਾਲ ਹੀ ਕਿਹਾ ਕਿ ਅਜਿਹਾ ਕਰਨਾ ਵੀ ਬਹੁਤ ਮੁਸ਼ਕਿਲ ਹੈ:

ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ॥[12]

ਭਾਵ ਆਪਣੇ ਆਪ ਨੂੰ ਮਿਟਾਉਣ ਵਾਲਾ ਕੋਈ ਨਹੀਂ ਹੈ।

**ਨਿਮਰਤਾ:** ਇਸ ਕਰਕੇ ਗੋਯਾ ਨੇ ਮਨੁੱਖ ਨੂੰ ਖੁਦੀ ਹੰਕਾਰ ਕੱਢ ਕੇ ਨਿਮਰਤਾ ਅਖਤਿਆਰ ਕਰਨ ਲਈ ਆਖਿਆ ਹੈ।

ਸ਼ਰਮ ਕਰੋ, ਸ਼ਰਮ ਕਰੋ, ਸ਼ਰਮ ਕਰੋ, ਆਪਣੇ ਪੱਥਰ ਦਿਲ ਨੂੰ
ਮੋਮ ਕਰ ਲਵੋ, ਗਰੀਬੀ ਦੇ ਅਰਥ ਨਰਮੀ ਹੈ,
ਹਰ ਆਦਮੀ ਦੀ ਤਕਲੀਫ ਦੂਰ ਕਰਨ ਲਈ ਹਕੀਮ ਬਣ ਜਾਵੋ।

ਸਿੱਖ ਧਰਮ ਦੀ ਨਰਮੀ ਅਤੇ ਨਿਮਰਤਾ ਨੂੰ ਗਰੀਬੀ ਆਖਦੇ ਹਨ, ਇਸ ਨੂੰ ਹਰ ਦਰਦ ਦਾ ਇਲਾਜ ਦੱਸਦੇ ਹਨ। ਗੁਰੂ ਅਰਜੁਨ ਦੇਵ ਜੀ ਦਾ ਕਹਿਣਾ ਹੈ ਕਿ ਜਦੋਂ ਆਦਮੀ ਨਿਰਮਤਾ ਜ਼ਾਹਿਰ ਕਰਦਾ ਹੈ ਅਸਲ ਵਿਚ ਉਹ ਸਭ ਤੋਂ ਵੱਡਾ ਹੈ।

**ਦੀਨ ਅਤੇ ਦੁਨੀਆਂ:** ਗੋਯਾ ਦੀ ਨਜ਼ਰ ਵਿਚ ਦੋ ਜਹਾਨ ਰੱਬ ਦੇ ਨੂਰ ਦਾ ਇਕ ਕਿਣਕਾ ਅਤੇ ਉਸ ਟਹਿਣੀ ਦਾ ਇਕ ਦਾਣਾ ਹੈ। ਇਸ ਦੀ ਮਹੱਤਤਾ ਇਕ ਅਫਸਾਨੇ ਤੋਂ ਘੱਟ ਨਹੀਂ। ਇਹ ਦੁਨੀਆਂ ਅਤੇ ਉਹ ਦੁਨੀਆਂ ਇਕ ਅਫਸਾਨਾ ਹੈ, ਇਕ ਤਾਂ ਇਕ ਦਾਣੇ ਤੋਂ ਘੱਟ ਨਹੀਂ, ਦੋਵੇਂ ਜਹਾਨ ਉਸ ਦਾ ਨੂਰ ਹਨ। ਚੰਨ ਅਤੇ ਸੂਰਜ ਤਾਂ ਉਸ ਦੀ ਮਖਲੂਕ ਹਨ। ਹਰੇਕ ਆਦਮੀ ਅਤੇ ਔਰਤ ਦੇ ਮਨ ਵਿਚ ਉਸ ਦਾ ਇਸ਼ਕ ਹੈ। ਦੋਵੇਂ ਜਹਾਨ ਵਿਚ ਉਸ ਦਾ ਹੀ ਸ਼ੋਰ ਸ਼ਰਾਬਾ ਹੈ। ਦੋਵੇਂ ਜਹਾਨਾਂ ਵਿਚ ਉਸ ਦੀ ਹੀ ਹੱਕ ਪ੍ਰਸਤੀ ਹੈ। ਪਰ ਸਹੀ ਆਦਮੀ ਬਹੁਤ ਘੱਟ ਨਜ਼ਰੀਂ ਆਉਂਦੇ ਹਨ। ਦੋਵੇਂ ਜਹਾਨ ਉਸ ਦੇ ਆਦੇਸ਼ ਦੇ ਅਧੀਨ ਹਨ, ਉਸ ਤੇ ਹੀ ਕੁਰਬਾਨ ਹੁੰਦੇ ਹਨ।

ਦੋਵੇਂ ਜਹਾਨਾਂ ਦੀ ਬਾਦਸ਼ਾਹੀ ਉਸਦੀ ਹੀ ਹੈ। ਇਸ ਕਰਕੇ ਸਭ ਤੇ ਉਸ ਦੇ ਹੀ ਅਹਿਸਾਨ ਹਨ। ਦੋਵੇਂ ਜਹਾਨਾਂ ਤੇ ਉਸ ਦਾ ਹੀ ਅਹਿਸਾਨ ਹੈ। ਨਬੀ ਅਤੇ ਵਲੀ ਵੀ ਇਸ ਗੱਲ ਨੂੰ ਮੰਨਦੇ ਹਨ। ਉਸ ਸਮੇਂ ਦੀਆਂ ਪ੍ਰਾਪਤ ਰਚਨਾਵਾਂ ਤੋਂ ਸਾਫ ਪਤਾ ਚੱਲਦਾ ਹੈ ਕਿ ਦੁਨੀਆਂ ਕੀ ਹੈ? ਇਸ ਤੋਂ ਤੂੰ ਬੇਪਰਵਾਹ ਕਿਉਂ ਹੈ? ਮਰਦ-ਔਰਤ ਇਸ ਗੱਲ ਤੋਂ ਬੇਖਬਰ

---

12 ਉਹੀ, ਪੰਨਾ 1368.

ਕਿਉਂ ਹਨ? ਇਹ ਜਹਾਨ ਜਾਣ ਵਾਲਾ ਹੈ। ਰੱਬੀ ਯਾਦ ਹੀ ਹਮੇਸ਼ਾ ਰਹਿਣ ਵਾਲੀ ਚੀਜ਼ ਹੈ। ਇਹ ਦੁਨੀਆਂ ਤਾਂ ਇਕ ਅਫਸਾਨਾ ਹੈ, ਜਿਸ ਦਾ ਹਰੇਕ ਬੰਦਾ ਦੀਵਾਨਾ ਬਣਿਆ ਬੈਠਾ ਹੈ। ਸੁਸਤ ਲੋਕ ਸੁਪਨੇ ਵਿਚ ਸੌਂ ਰਹੇ ਹਨ, ਇਹ ਦੁਨੀਆਂ ਤਾਂ ਧੋਖੇ ਦੀ ਥਾਂ ਹੈ। ਜੇਕਰ ਅੰਦਰਲੀ ਅੱਖ ਹੈ ਤਾਂ ਦੋਵੇਂ ਜਹਾਨਾਂ ਦੀ ਹਕੀਕਤ ਵੇਖ ਸਕਦਾ ਹੈਂ।[13]

ਦੁਨੀਆਂ ਤਾਂ ਇਕ ਧੋਖਾ ਹੈ ਇਸ ਗੱਲ ਤੇ ਸਾਰਿਆਂ ਦੀ ਰਾਏ ਹੈ। ਦਾਸ ਗੁਪਤਾ ਨੇ ਆਪਣੀ ਕਿਤਾਬ *ਤਾਰੀਖ-ਏ-ਫਲਸਫਾ-ਏ-ਹਿੰਦ* ਵਿਚ ਇਸ ਸੰਬੰਧੀ ਕਾਫੀ ਚਰਚਾ ਕੀਤੀ ਹੈ। ਉਹ ਲਿਖਦਾ ਹੈ ਕਿ ਦੁਨੀਆਂ ਇਕ ਨੁਮਾਇਸ਼ ਹੈ, ਧੋਖਾ ਹੈ। ਇਸ ਦੀਆਂ ਜ਼ਾਹਿਰੀ ਸਾਫ-ਸੁਥਰੀਆਂ ਚੀਜ਼ਾਂ ਬੇ-ਹਕੀਕਤ ਹਨ। ਇਨ੍ਹਾਂ ਚੀਜ਼ਾਂ ਦਾ ਸਹੀ ਇਲਮ ਉਸ ਵੇਲੇ ਤੱਕ ਪਤਾ ਨਹੀਂ ਚਲੇਗਾ ਜਦੋਂ ਤੱਕ ਅਸੀਂ ਬ੍ਰਹਮ ਨੂੰ ਨਹੀਂ ਪਾ ਲੈਂਦੇ। ਉਸਨੂੰ ਪ੍ਰਾਪਤ ਕਰ ਲੈਣ ਅਤੇ ਅੰਤ ਵਿਚ ਦੁਨੀਆਂ ਦੀ ਹਕੀਕਤ ਦਾ ਪਤਾ ਲੱਗ ਜਾਣ ਦਾ ਇਕੋ ਤਰੀਕਾ ਹੈ। ਜਿਹੜਾ ਅਸੀਂ ਖਤਮ ਹੋਣ ਵਾਲੀ ਹਸਤੀ ਨੂੰ ਹਮੇਸ਼ਾ ਰਹਿਣ ਵਾਲੀ ਚੀਜ਼ ਸਮਝ ਬੈਠੇ ਹਾਂ। ਫਿਰ ਸਾਨੂੰ ਅੰਦਰਲੀ ਅੱਖ ਪ੍ਰਾਪਤ ਹੋ ਸਕਦੀ ਹੈ। ਜਦੋਂ ਤੱਕ ਦਿਲ ਇਨ੍ਹਾਂ ਇੱਛਾਵਾਂ ਅਤੇ ਦੁਨੀਆਂ ਦੀ ਲਾਲਸਾ ਤੋਂ ਪਾਕ ਨਹੀਂ ਹੁੰਦਾ, ਸੱਚ ਹੱਕ ਦਾ ਰਸਤਾ ਮਿਲਣਾ ਕਠਿਨ ਹੈ।[14]

ਗੋਯਾ ਲਿਖਦੇ ਹਨ ਕਿ ਉਸ ਮਾਲਿਕ ਦੀ ਤਲਾਸ਼ ਵਿਚ ਲੋਕ ਪ੍ਰੇਸ਼ਾਨ ਹਨ, ਹੱਕ ਸੱਚ ਤੋਂ ਦੂਰ ਭੱਜ ਰਹੇ ਹਨ। ਇਹ ਦੁਨੀਆਂ ਹਮੇਸ਼ਾ ਰਹਿਣ ਵਾਲੀ ਨਹੀਂ ਹੈ। ਸੱਚੇ ਸੁੱਚੇ ਲੋਕਾਂ ਦਾ ਤਾਂ ਇਹੋ ਤਰੀਕਾ ਹੈ। ਇਹ ਦੁਨੀਆਂ ਛੇਤੀ ਹੀ ਮਿੱਟ ਜਾਣ ਵਾਲੀ ਹੈ, ਇਹੋ ਗੱਲ ਯਾਦ ਰੱਖਣ ਵਾਲੀ ਹੈ। ਇਸ ਦੁਨੀਆਂ ਦੀ ਮਿਸਾਲ ਉਹ ਇੰਝ ਦਿੰਦੇ ਹਨ ਜਿਵੇਂ ਕੋਈ ਆਦਮੀ ਸੁਪਨਾ ਵੇਖ ਰਿਹਾ ਹੋਵੇ।

**ਗੋਯਾ**- ਇਹ ਚਮਕ-ਦਮਕ ਖਤਮ ਹੋਣ ਵਾਲੀ ਹੈ, ਰੱਬ ਦੀ ਯਾਦ ਹਮੇਸ਼ਾ ਰਹਿਣ ਵਾਲੀ ਹੈ। ਇਹ ਦੁਨੀਆਂ ਕੁਝ ਦਿਨਾਂ ਦੀ ਖੇਡ ਹੈ। ਅੰਤ ਚੰਗੇ ਕੰਮ ਹੀ ਨਾਲ ਰਹਿ ਜਾਣਗੇ। ਬੰਦੇ ਦਾ ਵਾਸਤਾ ਆਪਣੇ ਮਾਲਿਕ ਨਾਲ ਪੈਂਦਾ ਹੈ। ਇਸ ਲਈ ਚੰਗਾ ਇਹੋ ਹੈ ਕਿ ਦੁਨੀਆਂ ਦੀ ਸਾਰੀਆਂ ਚੀਜ਼ਾਂ ਨੂੰ ਤਿਆਗ ਕੇ ਹਮੇਸ਼ਾ ਰਹਿਣ ਵਾਲਾ ਪਿਆਲਾ ਪੀਣ ਦਾ ਯਤਨ ਕਰੇ। ਇਸ ਦਾ ਸਭ ਤੋਂ ਵਧੀਆ ਇਲਾਜ ਰੱਬ ਦੀ ਯਾਦ ਹੈ।

---

13 ਸੱਯਦ ਅਬਦੁੱਲਾਹ, ਅਦਬੀਯਾਤੇ ਫਾਰਸੀ ਮੇਂ ਹਿੰਦੁਓਂ ਕਾ ਹਿੱਸਾ, ਪੰਨਾ 308.

14 ਦਾਸ ਗੁਪਤਾ, ਏ ਹਿਸਟਰੀ ਆਫ ਹਿੰਦੂ ਫਿਲਾਸਫੀ, ਪੰਨਾ 443.

ਉਸ ਸਮੇਂ ਦੀਆਂ ਫਾਰਸੀ ਲਿਖਤਾਂ ਤੋਂ ਪਤਾ ਚੱਲਦਾ ਹੈ ਕਿ ਮਨੁੱਖ ਦਾ ਕੋਈ ਵੀ ਪਲ ਰੱਬ ਦੀ ਨਜ਼ਰ ਤੋਂ ਦੂਰ ਨਹੀਂ ਹੈ। ਜੇ ਕੋਈ ਦੁਨੀਆਂ ਤੋਂ ਮੂੰਹ ਮੋੜਦਾ ਹੈ, ਸ਼ਾਂਤੀ ਪਾ ਲੈਂਦਾ ਹੈ, ਜੇਕਰ ਤੁਸੀਂ ਆਰਾਮ ਨੂੰ ਛੱਡ ਦੇਵੋਗੇ ਤਾਂ ਹਮੇਸ਼ਾ ਸੁੱਖ ਸ਼ਾਂਤੀ ਵਾਲਾ ਪਿਆਲਾ ਪੀ ਲਵੋਗੇ।[15]

**ਚੰਨ ਅਤੇ ਸੂਰਜ:** ਰੱਬ ਨੇ ਚੰਨ ਅਤੇ ਸੂਰਜ ਨੂੰ ਦੁਨੀਆਂ ਨੂੰ ਰੌਸ਼ਨੀ ਦੇਣ ਲਈ ਬਣਾਇਆ ਹੈ। ਗੋਯਾ ਇਸ ਨੂੰ ਰੱਬ ਦਾ ਨੂਰ ਦੇਣ ਵਾਲਾ ਮਜ਼ਦੂਰ ਆਖਦਾ ਹੈ। ਦੋਵੇਂ ਜਹਾਨਾਂ ਦੀ ਰੌਸ਼ਨੀ ਉਸ ਜਹਾਨ ਨਾਲ ਹੈ, ਉਹ ਦੁਨੀਆਂ ਨੂੰ ਰੌਸ਼ਨੀ ਦੇਣ ਵਾਲਾ ਮਜ਼ਦੂਰ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਫੁਰਮਾਇਆ ਹੈ, ਕਿ ਸੂਰਜ, ਚੰਨ ਰੱਬ ਦੇ ਹੁਕਮ ਅਨੁਸਾਰ ਚੱਲਦੇ ਹੋਏ ਸੇਵਾ ਕਰਦਿਆਂ ਕਰੋੜਾਂ ਮੀਲਾਂ ਦਾ ਸਫਰ ਤੈਅ ਕਰ ਲੈਂਦੇ ਹਨ।

ਭੈ ਵਿਚਿ ਸੂਰਜੁ ਭੈ ਵਿਚਿ ਚੰਦਿ॥ ਕੋਹ ਕਰੋੜੀ ਚਲਤ ਨ ਅੰਤੁ॥[16]

**ਹੱਕ ਕੀ ਹੈ?–** ਗੋਯਾ ਹੱਕ ਦੀ ਤਾਰੀਫ ਕਰਦਿਆਂ ਹੱਕ ਦਾ ਅਰਥ ਇਸ ਤਰ੍ਹਾਂ ਦੱਸਦੇ ਹਨ, ਉਹ ਖੁੱਦ ਨੂੰ ਕਹਿੰਦੇ ਹਨ, ਹੱਕ ਕੀ ਹੈ? ਜਿਸ ਦੀ ਹਰ ਪਲ ਯਾਦ ਕੀਤੀ ਜਾਵੇ, ਉਹੀ ਹੱਕ ਹੈ। ਹਰੇਕ ਮਨੁੱਖ ਉਸ ਦੀ ਮਹੱਤਤਾ ਬਾਰੇ ਜਾਣਦਾ ਹੈ। ਬੰਦੇ ਲਈ ਜ਼ਰੂਰੀ ਹੈ ਕਿ ਉਸ ਪ੍ਰਤੀ ਆਗਿਆਕਾਰੀ ਰਹੇ। ਬੇਅਦਬ ਹਮੇਸ਼ਾ ਹੱਕ ਤੋਂ ਦੂਰ ਰਹਿੰਦਾ ਹੈ। ਰੱਬ ਦੀ ਬੰਦਗੀ ਅਤੇ ਸੇਵਾ ਹੀ ਹੱਕ ਹੈ। ਜੇਕਰ ਮਨੁੱਖ ਦੇ ਦਿਲ ਵਿਚ ਹੱਕ ਦੀ ਪਰਛਾਈ ਪੈ ਜਾਵੇ ਤਾਂ ਮਨੁੱਖ ਉਸ ਦਾ ਵਾਸਿਲ ਬਣ ਜਾਂਦਾ ਹੈ। ਉਸ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ। ਹੇਠ ਲਿਖੇ ਸ਼ੇਅਰਾਂ ਵਿਚ ਗੋਯਾ ਲਿਖਦੇ ਹਨ:

ਜੇਕਰ ਤੇਰੇ ਦਿਲ ਵਿਚ ਹੱਕ ਵਸਿਆ ਹੋਇਆ ਹੈ, ਤੇਰੀ ਜੁਦਾਈ ਦਾ ਦਰਦ ਪੈਰ ਤੱਕ ਮਹਿਸੂਸ ਹੋਵੇਗਾ। ਹੱਕ ਦਿਲ ਵਿਚ ਵਾਸ ਕਰ ਲੈਂਦਾ ਹੈ। ਮੁਰਸ਼ਿਦ ਵੀ ਤੁਹਾਡੇ ਨਾਲ ਪਿਆਰ ਕਰਨ ਲੱਗ ਪੈਂਦਾ ਹੈ। ਦੁਨੀਆਂ ਦੇ ਬਾਦਸ਼ਾਹ ਲੰਘ ਜਾਂਦੇ ਹਨ। ਜਿਵੇਂ ਫਕੀਰ ਆਵਾਜ਼ ਲੱਗਾ ਕੇ ਚਲੇ ਜਾਂਦੇ ਹਨ। ਜਿਹੜਾ ਉਸ ਦੇ ਅਧੀਨ ਰਹੇਗਾ ਅਤੇ ਉਸ ਦੀ ਯਾਦ ਵਿਚ ਹਰ ਪਲ ਗੁਜ਼ਾਰੇਗਾ, ਉਹ ਤਾਂ ਦੋਵੇਂ ਜਹਾਨਾਂ ਦੀਆਂ ਪ੍ਰੇਸ਼ਾਨੀਆਂ ਤੋਂ ਨਿਜ਼ਾਤ ਪਾ ਲਵੇਗਾ। ਇਸ ਰਾਹ ਦੇ ਪਾਂਧੀ ਲਈ ਦੁਨੀਆਂ ਹੀ ਬਾਦਸ਼ਾਹੀ ਹੈ। ਇਹ ਹੱਕ ਪਛਾਨਣ

---

15 ਮਸਨਵੀ ਮੌਲਵੀ ਮਾਨਵੀ, ਪੰਨਾ 32.

16 ਗੁਰੂ ਗ੍ਰੰਥ ਸਾਹਿਬ, ਪੰਨਾ 464.

ਵਾਲਿਆਂ ਦੇ ਲਈ ਚੰਗੀ ਗੱਲ ਹੈ। ਹਕੀਕਤ ਵਿਚ ਹੱਕ ਸੱਚ ਦੇ ਪੁਜਾਰੀ ਲਈ ਢੁੱਕਵੀਂ ਹੈ। ਮਾਲਿਕ ਨੂੰ ਜੇਕਰ ਇਸ ਰਸਤੇ ਦੀ ਤਲਾਸ਼ ਹੈ ਤਾਂ ਉਸ ਦੀ ਬਾਦਸ਼ਾਹਾਂ ਕੋਲੋਂ ਇਹ ਚੀਜ਼ ਨਹੀਂ ਮਿਲੇਗੀ। ਜੇਕਰ ਆਪਣੇ ਦਿਲ ਵਿਚ ਹੱਕ ਸੱਚ ਦਾ ਬੀਜ ਬੀਜਿਆ ਹੈ ਤਾਂ ਦਿਲ ਵੀ ਪ੍ਰੇਸ਼ਾਨੀ ਨੂੰ ਬਰਦਾਸ਼ਤ ਕਰ ਲਵੇਗਾ। ਤਖਤ ਵੀ ਕਾਇਮ ਰਹੇਗਾ, ਰੱਬ ਦੀ ਯਾਦ ਕਾਇਮ ਰਹਿਣ ਵਾਲੀ ਚੀਜ਼ ਹੈ। ਜੇਕਰ ਗੱਲਬਾਤ ਵਿਚ ਹੱਕ ਸੱਚ ਨਹੀਂ ਹੈ ਤਾਂ ਇਹ ਬਾਦਸ਼ਾਹਾਂ ਵਾਂਗ ਸ਼ੋਰ ਸ਼ਰਾਬਾ ਹੈ।

ਸੂਫ਼ੀਆਂ ਦੇ ਨਜ਼ਦੀਕ ਆਰਿਫ ਉਹ ਹੈ ਜਿਸ ਨੇ ਰੱਬ ਦੀ ਜਾਤ ਅਤੇ ਸਿਫਾਤ ਵੇਖ ਲਈਆਂ ਹੋਣ। ਉਸ ਦੀ ਹੋਂਦ ਤੋਂ ਜਾਣੂੰ ਹੋਵੇ, ਮੁੱਢ ਅਤੇ ਸਿਖਰ ਦੀਆਂ ਮੰਜ਼ਿਲਾਂ ਪ੍ਰਾਪਤ ਕਰ ਲਈਆਂ ਹੋਣ। ਆਪਣੇ ਆਪ ਅਤੇ ਆਪਣੇ ਰੱਬ ਨੂੰ ਪਛਾਣਦਾ ਹੋਵੇ। ਉਸ ਦੇ ਸਾਹਮਣੇ ਇਹ ਹੋਵੇ ਕਿ ਰੱਬ ਦੀ ਜ਼ਾਤ ਮੈਨੂੰ ਵੇਖ ਰਹੀ ਹੈ, ਇਨ੍ਹਾਂ ਦਾ ਜ਼ਾਹਿਰ ਹੋਣਾ ਯਕੀਨੀ ਹੋਵੇ।[17] ਗੁਰੂ ਨਾਨਕ ਦੇਵ ਜੀ ਆਰਿਫ ਦੀ ਤਾਰੀਫ ਇਸ ਤਰ੍ਹਾਂ ਕਰਦੇ ਹਨ ਕਿ ਉਹ ਕਰਨੀ ਅਤੇ ਕਥਨੀ ਦਾ ਕਾਇਲ ਹੋਵੇ। ਉਸ ਦੀ ਨਜ਼ਰ ਹਮੇਸ਼ਾ ਆਪਣੇ ਪੈਦਾ ਕਰਨ ਵਾਲੇ ਵੱਲ ਲੱਗੀ ਹੋਵੇ।

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥[18]

ਉਨ੍ਹਾਂ ਨੇ ਆਪਣੀ ਬਾਣੀ ਸੁਖਮਨੀ ਵਿਚ ਆਰਿਫਾਂ ਦੀਆਂ ਭਰਪੂਰ ਸਿਫਤਾਂ ਵੇਰਵੇ ਸਹਿਤ ਦਿੱਤੀਆਂ ਹਨ। ਫਰਮਾਉਂਦੇ ਹਨ ਕਿ ਆਰਿਫ ਕਮਲ ਦੇ ਫੁੱਲ ਵਾਂਗ ਗੰਦਗੀ ਤੋਂ ਪਾਕ ਹੁੰਦਾ ਹੈ। ਉਹ ਸੂਰਜ ਵਾਂਗ ਸਭ ਨੂੰ ਸਕੂਨ ਪਹੁੰਚਾਉਂਦਾ ਹੈ। ਉਸ ਦੀ ਨਿਗਾਹ ਵਿਚ ਸਾਰੇ ਬਰਾਬਰ ਹਨ ਜਿਵੇਂ ਹਵਾ ਬਾਦਸ਼ਾਹ ਅਤੇ ਫਕੀਰ ਨੂੰ ਇਕੋ ਸਮਝਦੀ ਹੈ। ਆਰਿਫ ਜ਼ਮੀਨ ਵਾਂਗ ਹੈ ਕਿ ਉਸ ਨੂੰ ਪੁੱਟਣ ਵਾਲਾ ਜਾਂ ਉਸ ਤੇ ਚੰਦਨ ਦਾ ਲੇਪ ਕਰਨ ਵਾਲਾ ਦੋਵੇਂ ਬਰਾਬਰ ਲੱਗਦੇ ਹਨ। ਉਹ ਪਾਣੀ ਵਾਂਗ ਹੈ ਜਿਸ ਨੂੰ ਕੋਈ ਚੀਜ਼ ਗੰਦਾ ਅਤੇ ਖਰਾਬ ਨਹੀਂ ਕਰ ਸਕਦੀ। ਇਸ ਦੀ ਵਿਆਖਿਆ ਕਰਦਿਆਂ ਹੋਇਆਂ ਪੰਜਵੇਂ ਨਾਨਕ (ਗੁਰੂ ਅਰਜਨ ਦੇਵ) ਇਹ ਫਰਮਾਉਂਦੇ ਹਨ–

---

17 ਇਸਤਲਾਹਾਤ-ਏ-ਸੂਫ਼ੀਆ, ਪੰਨਾ 94.
18 ਗੁਰੂ ਗ੍ਰੰਥ ਸਾਹਿਬ, ਪੰਨਾ 272.

ਨਾਨਕ ਬ੍ਰਹਮ ਗਿਆਨੀ ਆਪਿ ਪ੍ਰਮੇਸ਼ੁਰ॥
ਬ੍ਰਹਮ ਗਿਆਨੀ ਕੀ ਕੀਮਤਿ ਨਾਹਿ॥[19]

ਭਾਵ ਆਰਿਫ ਆਪਣੇ ਆਪ ਰੱਬ ਦਾ ਰੂਪ ਬਣ ਜਾਂਦਾ ਹੈ। ਹੱਕ ਸੱਚ ਦੇ ਨਾਂ ਨਾਲ ਮੁਹੱਬਤ ਕਰਨ ਵਾਲੇ ਨੂੰ ਸੱਚਾ ਪ੍ਰੇਮੀ ਕਹਿੰਦੇ ਹਨ, ਇਹ ਗੋਯਾ ਲਿਖਦੇ ਹਨ। ਰੱਬ ਦੀ ਬੰਦਗੀ ਅਤੇ ਰੱਬ ਦੀ ਯਾਦ ਉਨ੍ਹਾਂ ਦੀ ਜ਼ਿੰਦਗੀ ਦਾ ਢੰਗ ਬਣ ਜਾਂਦਾ ਹੈ। ਉਹ ਹਰੇਕ ਸਾਹ ਨਾਲ ਰੱਬ ਨੂੰ ਯਾਦ ਕਰਦੇ ਹਨ। ਮੁਹੰਮਦ ਨਾਲ ਸੰਬੰਧ ਰੱਖਣ ਵਾਲੇ, ਰੱਬ ਨਾਲ ਲਾਉ ਲਾਉਣ ਵਾਲੇ ਅਤੇ ਸੱਚੇ ਬੰਦੇ ਉਸਦਾ ਨਾਂ ਆਪਣੀ ਜ਼ੁਬਾਨ ਤੇ ਰੱਖਦੇ ਹਨ। ਉਨ੍ਹਾਂ ਦੀ ਬੰਦਗੀ ਹੀ ਰੱਬ ਦਾ ਨਾਂ ਲੈਣਾ ਬਣ ਜਾਂਦੀ ਹੈ। ਉਹ ਇਸ ਨੂੰ ਹਮੇਸ਼ਾ ਰਹਿਣ ਵਾਲੀ ਦੌਲਤ ਸਮਝਦੇ ਹਨ। ਜੇਕਰ ਉਨ੍ਹਾਂ ਦੇ ਦਿਲ ਕਿਸੇ ਹੋਰ ਪਾਸੇ ਲੱਗ ਜਾਂਦੇ ਹਨ ਤਾਂ ਆਰਿਫਾਂ ਨੂੰ ਚੈਨ ਨਹੀਂ ਆਉਂਦਾ। ਗੈਰ-ਆਰਿਫ਼ ਇਸ ਹਕੀਕਤ ਤੋਂ ਵਾਕਿਫ ਨਹੀਂ ਹੈ। ਆਰਿਫ ਉਸ ਦੇ ਨਾਂ ਤੋਂ ਬਗੈਰ ਜ਼ਿੰਦਗੀ ਨਹੀਂ ਗੁਜ਼ਾਰ ਸਕਦਾ। ਆਰਿਫ ਭਾਵੇਂ ਸਰੀਰਕ ਤੌਰ ਤੇ ਦੁਨੀਆਂ ਵਿਚ ਹੁੰਦਾ ਹੈ, ਪਰ ਉਸ ਦਾ ਦਿਲ ਰੱਬ ਦੀ ਯਾਦ ਵਿਚ ਰੁੱਝਿਆ ਰਹਿੰਦਾ ਹੈ। ਰੱਬ ਦੀ ਯਾਦ ਉਨ੍ਹਾਂ ਦੀ ਜ਼ਿੰਦਗੀ ਦੀ ਜਾਨ ਹੁੰਦੀ ਹੈ। ਉਸ ਦਾ ਨਾਂ ਲੈਣਾ ਆਪਣੀ ਸ਼ਾਨ ਸਮਝਦੇ ਹਨ। ਹਰ ਸਾਹ ਉਸ ਵੱਲ ਲੱਗਿਆ ਰਹਿੰਦਾ ਹੈ। ਉਸ ਦੇ ਨਾਂ ਦੀ ਖੁਸ਼ਬੂ ਹੀ ਉਨ੍ਹਾਂ ਦੇ ਦਿਮਾਗ ਨੂੰ ਖੁਸ਼ਬੂ ਨਾਲ ਭਰਪੂਰ ਰੱਖਦੀ ਹੈ।

ਆਰਿਫ ਆਪਣੇ ਜੀਵਨ ਦਾ ਸਰਮਾਇਆ ਉਸ ਦੀ ਯਾਦ ਸਮਝਦਾ ਹੈ। ਉਸ ਦੀ ਯਾਦ ਤੋਂ ਬਗੈਰ ਜਿੰਦਗੀ ਨੂੰ ਬੇਅਰਥ ਸਮਝਦਾ ਹੈ। ਉਸਦੀ ਯਾਦ ਤੋਂ ਬਗੈਰ ਕੁਝ ਹੋਰ ਨਹੀਂ ਬੋਲਦਾ। ਉਸ ਦੀ ਯਾਦ, ਉਸ ਦੀ ਯਾਦ ਹੀ ਸਭ ਕੁਝ ਹੈ। ਉਸ ਦੇ ਭੇਦਾਂ ਤੋਂ ਹੋਰ ਕੋਈ ਜਾਣੂੰ ਨਹੀਂ ਹੈ। ਉਸ ਦੀ ਯਾਦ ਤੋਂ ਬਗੈਰ ਹੋਰ ਕੋਈ ਮਤਲਬ ਨਹੀਂ। ਬਸ ਹਰ ਪਲ ਉਸ ਦੀ ਯਾਦ ਵਿਚ ਸਿਜਦਾ ਕਰਦਾ ਹੈ। ਆਰਿਫ ਤਾਂ ਉਸ ਦੀ ਯਾਦ ਤੋਂ ਗਾਫਿਲ ਨਹੀਂ ਹੋ ਸਕਦਾ। ਆਰਿਫ ਰੱਬ ਦੇ ਆਦੇਸ਼ਾਂ ਵਿਚ ਹੀਲੇ ਬਹਾਨੇ ਨਹੀਂ ਬਣਾਉਂਦਾ। ਉਸ ਦੀ ਜ਼ਿੰਦਗੀ ਦਾ ਨਿਚੋੜ ਹੀ ਉਸ ਦੀ ਯਾਦ ਹੋਣਾ ਹੈ।

ਤੇਰੀ ਗੱਲ ਤੋਂ ਬਗੈਰ ਅਸੀਂ ਕੁਝ ਨਹੀਂ ਬੋਲਦੇ। ਹੱਕ ਦੇ ਰਸਤੇ ਵਿਚ ਕੋਈ ਬਹਾਨਾ ਨਹੀਂ ਜਾਣਦੇ। ਸੱਚਾ ਆਸ਼ਿਕ ਹਮੇਸ਼ਾ ਨੇਕੀ ਕਰਦਾ ਹੈ, ਉਹ ਈਮਾਨ ਰੱਖਦਾ ਹੈ। ਰੱਬ ਦੇ

---

[19] ਉਹੀ, ਪੰਨਾ 273.

ਭੇਦਾਂ ਤੋਂ ਜਾਣੂੰ ਹੁੰਦਾ ਹੈ। ਆਪਣੇ ਆਪ ਨੂੰ ਉਸਦੇ ਪੈਰਾਂ ਦੀ ਮਿੱਟੀ ਦਾ ਸੁਰਮਾ ਸਮਝਦਾ ਹੈ। ਇਹੋ ਮਿੱਟੀ ਉਸ ਲਈ ਤਖਤ ਤੇ ਬਾਦਸ਼ਾਹੀ ਨਾਲੋਂ ਵਧੀਆ ਹੁੰਦੀ ਹੈ। ਉਹ ਹਮੇਸ਼ਾ ਰਹਿਣ ਵਾਲੀ ਦੌਲਤ ਦਾ ਮਾਲਿਕ ਹੁੰਦਾ ਹੈ। ਉਹ ਸੌਂਦਿਆਂ ਅਤੇ ਜਾਗਦਿਆਂ ਰੱਬ ਨੂੰ ਯਾਦ ਕਰਨਾ ਆਪਣੀ ਸ਼ਾਨ ਸਮਝਦਾ ਹੈ। ਉਸਦੀ ਯਾਦ ਵੱਲ ਹੀ ਲੱਗਿਆ ਰਹਿੰਦਾ ਹੈ। ਅਕਲ ਰੱਖਣ ਵਾਲੇ ਦੀਆਂ ਅੱਖਾਂ ਉਸ (ਰੱਬ) ਵੱਲ ਹੀ ਲੱਗੀਆਂ ਰਹਿੰਦੀਆਂ ਹਨ। ਉਸ ਦੇ ਭੇਦਾਂ ਤੋਂ ਜਾਣੂੰ ਹੁੰਦਾ ਹੈ। ਰੱਬ ਦੇ ਸੱਚੇ ਪ੍ਰੇਮੀਆਂ ਦੇ ਪੈਰਾਂ ਦੀ ਮਿੱਟੀ ਨੂੰ ਸੁਰਮਾ ਸਮਝਦਾ ਰਹਿੰਦਾ ਹੈ। ਤਖਤੋ ਤਾਜ ਨੂੰ ਕੋਈ ਮਹੱਤਤਾ ਨਹੀਂ ਦਿੰਦਾ। ਉਹ ਤਾਂ ਹਮੇਸ਼ਾ ਸਹੀ ਗੱਲ ਬੋਲਣਾ ਅਤੇ ਰੱਬ ਦੀ ਪਛਾਣ ਕਰਵਾਉਣ ਤੋਂ ਬਗੈਰ ਕੁਝ ਹੋਰ ਨਹੀਂ ਬੋਲਦਾ। ਹੱਕ ਸੱਚ ਦੀ ਮਸਤੀ ਵਿਚ ਰਹਿੰਦਾ ਹੈ। ਉਹ ਜਾਗਦੇ ਅਤੇ ਸੌਂਦੇ ਉਸ ਦੀ ਖੁਮਾਰੀ ਵਿਚ ਰਹਿੰਦਾ ਹੈ। ਸੱਚੇ ਅਤੇ ਸੁੱਚੇ ਬੰਦਿਆਂ ਦੀਆਂ ਸਿਫਤਾਂ ਬਿਆਨ ਕਰਨ ਤੋਂ ਬਾਅਦ ਬੰਦੇ ਨੂੰ ਆਰਿਫ ਬਣਨ ਦਾ ਢੰਗ ਦੱਸਦੇ ਹਨ। ਕਹਿੰਦੇ ਹਨ ਕਿ ਰੱਬ ਦੀਆਂ ਤਜੱਲੀਆਂ ਪ੍ਰਾਪਤ ਕਰਕੇ ਬੰਦਾ ਰੱਬ ਦੇ ਨੇੜੇ ਪਹੁੰਚ ਜਾਂਦਾ ਹੈ।

ਜੇਕਰ ਤੂੰ ਆਰਿਫ ਬਣਨਾ ਚਾਹੁੰਦਾ ਹੈ ਤਾਂ ਆਪਣੀ ਜਾਨ ਆਪਣੇ ਮੁਰਸ਼ਿਦ ਦੇ ਹਵਾਲੇ ਕਰ ਦੇਵੋ। ਹਰ ਚੀਜ਼ ਨੂੰ ਉਸ ਲਈ ਕੁਰਬਾਨ ਕਰ ਦੇਵੋ। ਉਸ ਦੇ ਭੋਜਨ ਕਰਵਾਉਣ ਤੇ ਰੁੱਖੀ ਸੁੱਕੀ ਖਾ ਕੇ ਗੁਜ਼ਾਰਾ ਕਰੋ। ਜੇ ਕੋਈ ਆਪਣੇ ਆਪ ਨੂੰ ਫ਼ਨਾ ਕਰ ਦਿੰਦਾ ਹੈ ਤਾਂ ਮਾਲਿਕ ਉਸ ਨੂੰ ਆਰਿਫਾਂ ਵਿਚ ਸ਼ਾਮਿਲ ਕਰ ਲੈਂਦਾ ਹੈ। ਆਪਣੇ ਦਿਲ ਨੂੰ ਵੀ ਉਸ ਦੇ ਸਪੁਰਦ ਕਰ ਦੇਵੋ।

ਕਬੀਰ ਸਾਹਿਬ ਫਰਮਾਉਂਦੇ ਹਨ ਕਿ ਐ ਮਨੁੱਖ ਜੇਕਰ ਸੱਚੇ ਆਸ਼ਿਕ ਨਾਲ ਇਸ਼ਕ ਕਰਦਾ ਹੈ ਤਾਂ ਆਪਣਾ ਸਭ ਕੁਝ ਉਸ ਲਈ ਕੁਰਬਾਨ ਕਰ ਦੇ।

ਕਬੀਰ ਜਉ ਤੁਹਿ ਸਾਧ ਪਿਰੰਗ ਕੀ ਸੀਸੁ ਕਾਟਿ ਕਰਿ ਗੋਇ॥
ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ॥[20]

ਗੋਯਾ ਅਦਬ ਸੰਬੰਧੀ ਲਿਖਦੇ ਹਨ, ਅਦਬ ਤਾਂ ਮਨੁੱਖ ਦੀ ਜ਼ਿੰਦਗੀ ਦਾ ਤਾਜ ਹੈ ਜਿਹੜਾ ਇਸ ਤੋਂ ਸੁਸਤ ਹੈ, ਉਹ ਹੱਕ ਸੱਚ ਤੋਂ ਦੂਰ ਹੈ। ਹੱਕ ਸੱਚ ਦੇ ਰਸਤੇ ਤੋਂ ਇਹ ਸਿੱਖਿਆ ਹੈ। ਉਸ ਤੋਂ ਮੂੰਹ ਮੋੜਨ ਵਾਲਾ ਉੱਚੇ ਮਰਤਬੇ ਪ੍ਰਾਪਤ ਕਰ ਲੈਂਦਾ ਹੈ। ਰੱਬ ਦਾ

---

[20] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 1377.

ਰਾਹ ਪਾਉਣ ਵਾਲਿਆਂ ਲਈ ਅਦਬ ਜ਼ਰੂਰੀ ਹੈ। ਬੇਅਦਬ ਤਾਂ ਚੰਗੀਆਂ ਸਿਫਤਾਂ ਤੋਂ ਵਾਂਝਾ ਰਹਿ ਜਾਂਦਾ ਹੈ। ਜਦੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਮਨੁੱਖੀ ਦਿਲਾਂ ਵਿਚ ਰੱਬ ਵਸਦਾ ਹੈ ਤਾਂ ਸਾਡਾ ਫਰਜ਼ ਬਣ ਜਾਂਦਾ ਹੈ ਕਿ ਆਦਮੀ ਜਿਹੜਾ ਰੱਬੀ ਨਿਸ਼ਾਨੀਆਂ ਵਿਚੋਂ ਇਕ ਨਿਸ਼ਾਨੀ ਹੈ, ਦੀ ਪਾਲਣਾ ਕਰੇ। ਜਦੋਂ ਤੂੰ ਜਾਣਦਾ ਹੈ ਕਿ ਦਿਲਾਂ ਵਿਚ ਰੱਬ ਵਸਦਾ ਹੈ ਤਾਂ ਆਪਣੇ ਦਿਲੋਂ ਅਦਬ ਦੀ ਸਿਫਤ ਤੋਂ ਵਾਂਝਾ ਨਹੀਂ ਹੋਣਾ ਚਾਹੀਦਾ।

ਬੇਅਦਬ ਸੰਬੰਧੀ ਗੋਯਾ ਲਿਖਦੇ ਹਨ, ਹਰੇਕ ਬੰਦੇ ਨੂੰ ਇਹ ਦੌਲਤ ਨਸੀਬ ਨਹੀਂ ਹੁੰਦੀ, ਇਹ ਦਵਾਈ ਹਕੀਮਾਂ ਕੋਲ ਨਹੀਂ ਮਿਲਦੀ। ਹੱਕ ਸੱਚ ਦਾ ਹਾਮੀ ਹੀ ਉਸ ਦਾ ਆਗਿਆਕਾਰ ਬਣਦਾ ਹੈ। ਬੇਅਦਬ ਤਾਂ ਹੱਕ ਸੱਚ ਤੋਂ ਸ਼ਰਮਿੰਦਾ ਹੀ ਰਹਿੰਦਾ ਹੈ। ਬੇਅਦਬ ਸਜ਼ਾ ਪਾਉਂਦਾ ਹੈ। ਅਦਬ ਵਾਲਾ ਆਪਣੇ ਰਾਹ ਦਾ ਆਗੂ ਪਾ ਲੈਂਦਾ ਹੈ। ਬੇਅਦਬ ਹੱਕ ਸੱਚ ਦੇ ਰਸਤੇ ਤੋਂ ਬੇਖਬਰ ਰਹਿੰਦਾ ਹੈ। ਹੱਕ ਸੱਚ ਵਾਲਾ ਕਦੇ ਗੁੰਮਰਾਹ ਨਹੀਂ ਹੁੰਦਾ। ਬੇਅਦਬ ਰੱਬ ਨੂੰ ਨਹੀਂ ਜਾਣਦਾ। ਰੱਬ ਦਾ ਕਹਿਰ ਉਸ ਨੂੰ ਘੇਰ ਲੈਂਦਾ ਹੈ। ਮਨੁੱਖ ਹੱਕ ਸੱਚ ਵਾਲਿਆਂ ਦੀ ਸੋਹਬਤ ਨਾਲ ਅਦਬ ਵਾਲਾ ਬਣਦਾ ਹੈ। ਜਿਹੜਾ ਹੱਕ ਸੱਚ ਵਾਲਿਆਂ ਦੀ ਪਨਾਹ ਵਿਚ ਰਹਿੰਦਾ ਹੈ, ਉਹ ਕਿਸੇ ਹੋਰ ਤਰ੍ਹਾਂ ਦਾ ਸਬਕ ਨਹੀਂ ਸਿੱਖਦਾ। ਅੰਤ ਵਿਚ ਰੱਬ ਦੀ ਹਜ਼ੂਰੀ ਵਿਚ ਦੁਆ ਕਰਦਾ ਹਾਂ ਕਿ ਉਹ ਬੇਅਦਬਾਂ ਨੂੰ ਹੱਕ ਸੱਚ ਦਾ ਹਾਮੀ ਬਣਾਏ ਜੋ ਹੱਕ ਤੇ ਚੱਲ ਕੇ ਰੱਬ ਦੀ ਯਾਦ ਵਿਚ ਜ਼ਿੰਦਗੀ ਬਤੀਤ ਕਰਨ ਲੱਗ ਜਾਣ।

**ਹੱਕ ਸੱਚ ਦੇ ਦਰਸ਼ਨ–** ਗੋਯਾ ਹੱਕ ਸੱਚ ਦੇ ਵਿਚਕਾਰ ਇਕ ਮੁਸ਼ਕਿਲ ਮਸਲਾ ਬਿਆਨ ਕਰਦੇ ਹਨ ਕਿ ਰੱਬ ਦਾ ਪਤਾ ਉਸ ਦੀ ਕੁਦਰਤ ਤੋਂ ਲੱਗਦਾ ਹੈ ਕਿਉਂਕਿ ਨਾ ਤਾਂ ਉਸ ਦੀ ਸ਼ਕਲ ਸੂਰਤ ਵਿਖਾਈ ਦਿੰਦੀ ਹੈ ਅਤੇ ਨਾ ਹੀ ਰੰਗ ਰੂਪ। ਇਸ ਲਈ ਰੱਬ ਦੇ ਵਜੂਦ ਦਾ ਅੰਦਾਜ਼ਾ ਉਸ ਦੀ ਕੁਦਰਤ ਨਾਲ ਲੱਗਦਾ ਹੈ। ਜੇਕਰ ਮਨੁੱਖ ਦਾ ਸ਼ੌਕ ਜਾਰੀ ਹੈ ਤਾਂ ਉਹ ਹਰ ਸ਼ੈਅ ਵਿਚ ਰੱਬ ਨੂੰ ਪਾ ਲੈਂਦਾ ਹੈ ਕਿਉਂਕਿ ਸਾਰੀ ਕਾਇਨਾਤ ਉਸ ਦੀ ਕੁਦਰਤ ਦੀਆਂ ਨਿਸ਼ਾਨੀਆਂ ਵਿਚੋਂ ਇਕ ਨਿਸ਼ਾਨੀ ਹੈ। ਕਹਿੰਦੇ ਹਨ, ਹੱਕ ਸੱਚ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਇਹ ਤਾਂ ਕੁਦਰਤ ਦੀਆਂ ਨਿਸ਼ਾਨੀਆਂ ਹਨ। ਹੱਕ ਸੱਚ ਦੇ ਅਰਥ ਵੀ ਉਸ ਦੀ ਜ਼ਾਤ ਨਾਲ ਜੁੜੇ ਹੋਏ ਹਨ। ਜੇਕਰ ਤੂੰ ਰੱਬ ਨੂੰ ਵੇਖਣਾ ਹੈ ਤਾਂ ਉਸਨੂੰ ਵੇਖਣ ਵਾਲੀਆਂ ਅੱਖਾਂ ਨਾਲ ਵੇਖ। ਹਰੇਕ ਮਨੁੱਖ ਉਸ ਨੂੰ ਵੇਖਣ ਦੀ ਤਲਬ ਕਰਦਾ ਹੈ, ਉਸ ਦੀ ਅੱਖਾਂ ਦੇ ਸਾਹਮਣੇ ਤਾਂ ਉਸ ਦਾ ਯਾਰ ਹੈ।

ਇਸ਼ਕ ਇਕ ਵੱਖਰੀ ਮਰਜ਼ ਹੈ। ਰੱਬੀ ਗਿਆਨ ਇਸ਼ਕ ਨਾਲ ਹੀ ਮਿਲਦਾ ਹੈ। ਗੋਯਾ ਵੀ ਇਸ਼ਕ ਨੂੰ ਸਭ ਤੋਂ ਉੱਤਮ ਅਤੇ ਵੱਡਾ ਕਹਿੰਦੇ ਹਨ। ਰੱਬ ਦਾ ਇਸ਼ਕ ਸਭ ਤੋਂ ਉੱਚਾ ਹੈ। ਰੱਬ ਦਾ ਇਸ਼ਕ ਉਸ ਦਾ ਜ਼ਿਕਰ ਹੈ। ਰੱਬ ਨਾਲ ਇਸ਼ਕ ਉਸ ਦੇ ਜ਼ਿਕਰ ਦਾ ਦੂਜਾ ਨਾਂ ਹੈ। ਇਕ ਅਜਿਹਾ ਜਾਦੂ ਹੈ ਜਿਹੜਾ ਮਨੁੱਖ ਦੇ ਰੁਤਬੇ ਨੂੰ ਉੱਚਾ ਕਰ ਦਿੰਦਾ ਹੈ। ਮਿੱਟੀ ਦਾ ਸਰੀਰ ਅਸਮਾਨ ਤੱਕ ਪਹੁੰਚ ਜਾਂਦਾ ਹੈ। ਇਸ਼ਕ ਮਨੁੱਖ ਦਾ ਰੁਤਬਾ ਬਹੁਤ ਉੱਚਾ ਕਰ ਦਿੰਦਾ ਹੈ। ਜਿਹੜਾ ਉਸ ਨਾਲ ਇਸ਼ਕ ਕਰਨ ਲੱਗ ਪੈਂਦਾ ਹੈ ਤਾਂ ਰੱਬ ਉਸ ਨੂੰ ਕੀਮੀਆਂ (ਸੋਨਾ) ਬਣਾ ਦਿੰਦਾ ਹੈ।

ਜੇਕਰ ਇਸ ਮਿੱਟੀ ਦੇ ਸਰੀਰ ਨੂੰ ਕਾਇਮ ਰੱਖਣਾ ਚਾਹੁੰਦੇ ਹੋ ਤਾਂ ਮਾਲਿਕ ਉਸਦੇ ਸ਼ੌਕ ਅਤੇ ਚਾਹਤ ਨੂੰ ਉਸਦੇ ਜੀਵਨ ਕਾਲ ਵਿਚ ਹੀ ਸਫਲ ਕਰ ਦਿੰਦਾ ਹੈ, ਜੇਕਰ ਉਸ ਦੇ ਸ਼ੌਕ ਵਿਚ ਤੂੰ ਕੁੱਝ ਮੰਗੇਗਾ ਤਾਂ ਤੇਰਾ ਹੱਥ ਖਾਲੀ ਨਹੀਂ ਆਵੇਗਾ। ਉਹ ਤਾਂ ਹਰੇਕ ਆਦਮੀ ਨੂੰ ਅਮੀਰ ਬਣਾ ਦਿੰਦਾ ਹੈ। ਜੇਕਰ ਹਰੇਕ ਆਦਮੀ ਉਸ ਦੀ ਮੁਹੱਬਤ ਵਿਚ ਲੱਗਿਆ ਰਹੇ, ਉਸ ਦੇ ਨਾਂ ਦਾ ਸਿਮਰਨ ਕਰਦਾ ਰਹੇ ਤਾਂ ਉਹ ਮਿੱਟੀ ਦੇ ਇਸ ਸਰੀਰ ਨੂੰ ਵੀ ਸੋਨਾ ਬਣਾ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਇਹ ਵਿਸ਼ਵਾਸ ਅਤੇ ਕਹਿਣਾ ਸੀ ਕਿ ਕਰੋੜਾਂ ਲੋਕਾਂ ਵਿਚੋਂ ਇਕ ਦੋ ਮਨੁੱਖ ਹੀ ਰੱਬ ਦੀ ਯਾਦ ਕਰਨ ਵਾਲੇ ਮਿਲਣਗੇ।

ਕੋਟਨ ਮੈ ਨਾਨਕ ਕੋਊ ਨਾਰਾਇਨ ਜਿਹ ਚੀਤਿ॥[21]

ਗੋਯਾ ਵੀ ਇਸ ਰੱਬੀ ਯਾਦ ਦੀ ਤਾਰੀਫ ਕਰਦਿਆਂ ਲਿਖਦੇ ਹਨ, ਉਸ ਦਾ ਸ਼ੌਕ ਕਦੀ ਵੀ ਗਿਰਾਵਟ ਵੱਲ ਨਹੀਂ ਜਾਂਦਾ, ਪਰ ਤੂੰ ਵੇਖਦਾ ਹੈਂ ਕਿ ਹਰੇਕ ਕਮਾਲ ਵਾਲੀ ਚੀਜ਼ ਨੂੰ ਜਵਾਲ ਹੁੰਦਾ ਹੈ। ਹੱਕ ਸੱਚ ਦੇ ਬੰਦਿਆਂ ਨੂੰ ਜਵਾਲ ਨਹੀਂ ਆਉਂਦਾ ਜਿਹੜਾ ਭੋਰਾ ਭਰ ਵੀ ਸ਼ੌਕ ਰੱਖਦਾ ਹੋਵੇ, ਮੁੱਠੀ ਭਰ ਮਨੁੱਖ ਉਸ ਦੀ ਯਾਦ ਨਾਲ ਹੀ ਰੌਣਕ ਪਾਉਂਦਾ ਹੈ, ਜਿਹੜਾ ਦਿਲ ਉਸ ਦੀ ਯਾਦ ਦਾ ਸ਼ੌਕ ਰੱਖਦਾ ਹੈ, ਉਸਦੀ ਯਾਦ ਹੋਰਾਂ ਨਾਲੋਂ ਵੱਖਰਾ ਬਣਾ ਦਿੰਦੀ ਹੈ। ਮਨੁੱਖੀ ਰੁਤਬੇ ਨੂੰ ਵਧਾ ਦਿੰਦੀ ਹੈ, ਜਿਹੜਾ ਬੰਦਾ ਉਸ ਦੇ ਲੜ ਲੱਗ ਗਿਆ, ਉਹ ਉਸ ਦੀ ਮੁਹੱਬਤ ਦਾ ਕੈਦੀ ਬਣ ਗਿਆ। ਮਹਿਬੂਬ ਦਾ ਸ਼ੋਕ ਹਰੇਕ ਆਦਮੀ ਅਤੇ ਮਨੁੱਖ ਦੇ ਦਿਮਾਗ ਵਿਚ ਸਮਾਇਆ ਹੋਇਆ ਹੈ। ਰੱਬ ਦਾ ਨੂਰ ਹਰੇਕ ਸਰੀਰ ਦੇ ਹਿੱਸੇ ਵਿਚ ਸਮਾਇਆ ਹੋਇਆ ਹੈ। ਸੱਚਾ ਇਸ਼ਕ ਕਰਕੇ ਆਪਣੇ ਅਤੇ ਆਪਣੇ ਪਰਿਵਾਰ ਨੂੰ ਵੀ

---

21 ਉਹੀ, ਪੰਨਾ 1427.

ਤਿਆਗਣਾ ਪੈ ਸਕਦਾ ਹੈ। ਇਹ ਇਕ ਅਜਿਹੀ ਭੱਠੀ ਹੈ ਜਿਸ ਵਿਚ ਸੱਚੇ ਆਸ਼ਿਕ ਨੂੰ ਸੜਨਾ ਪੈਂਦਾ ਹੈ। ਜਿਸ ਦੇ ਸਰੀਰ ਅੰਦਰ ਉਸ ਦਾ ਨਾਂ ਦਾਖਲ ਹੋ ਗਿਆ ਤਾਂ ਇਹ ਸੂਫ਼ੀਆਨਾ ਸ਼ੌਕ ਤੈਨੂੰ ਰੁਤਬੇ ਵਾਲਾ ਬਣਾ ਦੇਵੇਗਾ। ਦਿਲ ਦੀ ਘੁੰਡੀਆਂ ਖੁੱਲ੍ਹ ਜਾਂਦੀਆਂ ਹਨ। ਕੀਮਤੀ ਮੋਤੀਆਂ ਦੀ ਬਾਰਿਸ਼ ਹੋਣ ਲੱਗ ਪੈਂਦੀ ਹੈ। ਜੋ ਕੋਈ ਇਸ ਤਰ੍ਹਾਂ ਵੱਡੇ ਮੁੱਲ ਦੇ ਹੀਰਿਆਂ ਦੀ ਤਲਾਸ਼ ਵਿਚ ਹੋਵੇ, ਉਸ ਨੂੰ ਸੱਚਾ ਇਸ਼ਕ ਕਰ ਲੈਣਾ ਚਾਹੀਦਾ ਹੈ। ਅਜਿਹੇ ਹੀਰੇ ਵੀ ਸੱਚ ਹੱਕ ਦੇ ਸੱਚੇ ਪ੍ਰੇਮੀਆਂ ਕੋਲ ਹੀ ਮਿਲ ਸਕਦੇ ਹਨ, ਜਿਸ ਨਾਲ ਤੇਰੀ ਸ਼ਾਨ ਵਿਚ ਵਾਧਾ ਹੋ ਜਾਵੇਗਾ, ਤੇਰਾ ਬੇੜਾ ਪਾਰ ਹੋ ਜਾਵੇਗਾ।

ਗੋਯਾ ਹੱਕ ਸੱਚ ਨੂੰ ਪ੍ਰਾਪਤ ਕਰਨ ਦੇ ਲਈ ਦੁਆ ਕਰਦੇ ਹਨ:

ਐ ਰੱਬਾ! ਮੇਰਾ ਦਿਲ ਹੱਕ ਸੱਚ ਦੇ ਰਾਹ ਤੇ ਹੀ ਚਲਾਈ ਰੱਖਣਾ। ਮੈਨੂੰ ਤੇਰੇ ਅਤੇ ਤੇਰੇ ਪਿਆਰਾਂ ਨਾਲ ਸੱਚਾ ਸ਼ੌਕ ਅਤਾ ਫਰਮਾ। ਮੇਰੇ ਮਰੇ ਹੋਏ ਦਿਲ ਨੂੰ ਸੁਰਜੀਤ ਕਰ ਦੇ, ਮੇਰੇ ਗਲੇ ਵਿਚ ਆਪਣੀ ਬੰਦਗੀ ਅਤੇ ਇਬਾਦਤ ਦਾ ਪਟਾ ਬੰਨ੍ਹ ਦੇ।

**ਦੁਨੀਆਂ ਦੀ ਪ੍ਰਾਪਤੀ–** ਦੁਨੀਆਂ ਮਿੱਟੀ ਹੈ। ਜੋ ਬੰਦਾ ਦੁਨੀਆਂ ਦੀ ਪ੍ਰਾਪਤੀ ਲਈ ਹੱਕ ਸੱਚ ਨੂੰ ਛੱਡ ਦਿੰਦਾ ਹੈ, ਉਹ ਨਾ-ਸਮਝ ਅਤੇ ਪਾਗਲ ਹੈ। ਸੱਚੇ ਨਾਲ ਸੱਚਾ ਪਿਆਰ ਕਰਨਾ ਹੀ ਆਖਿਰਤ ਦਾ ਸਰਮਾਇਆ ਹੈ। ਇਸੇ ਨਾਲ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਉਸ ਸਮੇਂ ਦੇ ਵਿਦਵਾਨ ਤਾਂ ਸੱਚੇ ਇਸ਼ਕ ਨੂੰ ਜ਼ਿੰਦਗੀ ਦਾ ਨਿਚੋੜ ਆਖਦੇ ਹਨ। ਕਹਿੰਦੇ ਹਨ ਕਿ ਇਸ ਰਾਹ ਵਿਚ ਮੈਂ ਅਣਜਾਣ ਸੀ, ਪੱਕਾ ਹੋਇਆ ਅਤੇ ਸੜ ਗਿਆ।

**ਅੱਲਾਹ ਦੇ ਰਾਹ ਤੇ ਮਰ ਜਾਣਾ–** ਰੱਬ ਪ੍ਰਾਪਤੀ ਲਈ ਰੱਬ ਦੀ ਰਾਹ ਵਿਚ ਆਪਣੇ ਆਪ ਨੂੰ ਮਿਟਾ ਦੇਣਾ ਚੰਗੀ ਗੱਲ ਹੈ। ਮਨੁੱਖ ਦੁਨੀਆਂ ਵਿਚ ਕਤਰੇ ਸਮਾਨ ਹੈ ਜਿਵੇਂ ਕਤਰਾ ਦਰਿਆ ਵਿਚ ਮਿਲ ਕੇ ਦਰਿਆ ਬਣ ਜਾਂਦਾ ਹੈ, ਇਸੇ ਤਰ੍ਹਾਂ ਮਨੁੱਖ ਰੱਬ ਦੀ ਜ਼ਾਤ ਨਾਲ ਮਿਲ ਕੇ ਆਪਣੇ ਰੁਤਬੇ ਨੂੰ ਬੁਲੰਦ ਕਰ ਲੈਂਦਾ ਹੈ।

ਜੇਕਰ ਤੂੰ ਆਪਣੇ ਦਿਲ ਨੂੰ ਰੱਬ ਨਾਲ ਮਿਲਾ ਲਵੇਂਗਾ ਤਾਂ ਜੁਦਾਈ ਦੀਆਂ ਪ੍ਰੇਸ਼ਾਨੀਆਂ ਵੀ ਬਰਦਾਸ਼ਤ ਕਰ ਲਵੇਂਗਾ। ਦਰਿਆ ਵਿਚ ਪ੍ਰਵੇਸ਼ ਕਰ ਲੈਣ ਨਾਲ ਕਤਰੇ ਦੀ ਕੀਮਤ ਅਤੇ ਇੱਜ਼ਤ ਵਿਚ ਇਜ਼ਾਫਾ ਹੋ ਜਾਂਦਾ ਹੈ, ਇਸ ਗੱਲ ਦਾ ਅੰਦਾਜ਼ਾ ਕੋਈ ਹੋਰ ਨਹੀਂ ਲੱਗਾ ਸਕਦਾ। ਜਦੋਂ ਰਸਤਾ ਵਿਖਾਉਣ ਵਾਲਾ ਮਿਲ ਜਾਂਦਾ ਹੈ ਤਾਂ ਬੰਦਗੀ ਵੀ ਮੁਕੰਮਲ ਹੋਣ

ਲੱਗ ਪੈਂਦੀ ਹੈ। ਜਦੋਂ ਮਨੁੱਖ ਸਿਰ ਤੋਂ ਪੈਰ ਤੱਕ ਹੱਕ ਸੱਚ ਵਿਚ ਡੁੱਬ ਜਾਂਦਾ ਹੈ ਤਾਂ ਹੋਰਾਂ ਲਈ ਵੀ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

ਜਿਹੜਾ ਬੰਦਾ ਹਮੇਸ਼ਾ ਰਹਿਣ ਵਾਲੇ ਵਿਚ ਮਸ਼ਰੂਫ ਹੋ ਜਾਂਦਾ ਹੈ ਤਾਂ ਉਸ ਦਾ ਸੰਸਾਰਿਕ ਕੰਮਾਂ ਤੋਂ ਧਿਆਨ ਹੱਟ ਜਾਂਦਾ ਹੈ।[22] ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ:

ਮਨ ਤਨ ਨਾਮਿ ਰਤੇ ਇਕ ਰੰਗਿ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥
ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥[23]

ਭਾਵ ਰੱਬ ਦਾ ਜ਼ਿਕਰ ਕਰਨ ਵਾਲਾ ਜਦੋਂ ਉਸ ਦੇ ਨਾਮ ਵਿਚ ਡੁੱਬ ਜਾਂਦਾ ਹੈ ਤਾਂ ਰੱਬ ਨਾਲ ਮਿਲ ਕੇ ਉਹੀ ਖ਼ੂਬੀਆਂ ਆਪਣੇ ਅੰਦਰ ਸਮਾਂ ਲੈਂਦਾ ਹੈ। ਮਰਨ-ਜਿਊਣ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ, ਭਾਵ ਰੱਬ ਦੇ ਰਾਹ ਤੇ ਮਿੱਟ ਜਾਂਦਾ ਹੈ ਜਿਸ ਨੂੰ ਫਨ੍ਹਾ ਇੱਲਾਹ ਕਹਿੰਦੇ ਹਨ।

**ਮਰਦਾਨਗੀ ਕੀ ਹੈ**? ਗੋਯਾ ਅਨੁਸਾਰ ਮਰਦ ਉਹ ਹੈ ਜਿਹੜਾ ਹੱਕ ਸੱਚ ਦੇ ਨਾਲ ਜੁੜਿਆ ਰਹੇ। ਰੱਬ ਦੇ ਜ਼ਿਕਰ ਤੋਂ ਇਲਾਵਾ ਕਿਸੇ ਚੀਜ਼ ਨਾਲ ਨਾ ਜੁੜੇ। ਦੁਨੀਆਂ ਅਤੇ ਦੁਨੀਆਂ ਦੀਆਂ ਚੀਜ਼ਾਂ ਤੋਂ ਨਾਤਾ ਤੋੜ ਲੈਣ ਦਾ ਨਾਮ ਮਰਦਾਨਗੀ ਹੈ।

**ਇਕੋ ਰੰਗਾ ਹੋਣਾ ਭਾਵ ਮੁਹੱਬਤ ਅਤੇ ਸ਼ੌਕ–** ਭਾਵ ਮਨੁੱਖ ਨੂੰ ਮੁਹੱਬਤ ਅਤੇ ਸ਼ੌਕ ਵਿਚ ਇਕੋ ਜਿਹਾ ਹੀ ਰਹਿਣਾ ਚਾਹੀਦਾ ਹੈ। ਬੰਦੇ ਨੂੰ ਉਸ ਦੇ ਰਾਹ ਵਿਚ ਸ਼ਾਂਤੀ ਮਿਲਦੀ ਹੈ। ਹਰੇਕ ਬੰਦੇ ਨੂੰ ਦੋ ਰੰਗੀ ਹੋਣ ਤੋਂ ਬਚਣਾ ਚਾਹੀਦਾ ਹੈ। ਇਕ ਰੰਗੀ ਦਾ ਤਰੀਕਾ ਵੱਖਰਾ ਜ਼ਰੂਰ ਹੈ ਸਰੀਰੋਂ ਵੀ ਰੱਬ ਦਾ ਨੂਰ ਝਲਕਦਾ ਨਜ਼ਰੀਂ ਆਉਂਦਾ ਹੈ।

**ਖੁਸ਼ੀ-ਗ਼ਮੀ:** ਭਾਈ ਨੰਦ ਲਾਲ ਗੋਯਾ ਨੇ ਖੁਸ਼ੀ-ਗ਼ਮੀ ਦੀ ਵਿਆਖਿਆ ਬਹੁਤ ਸੰਖੇਪ ਰੂਪ ਅਤੇ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤੀ ਹੈ। ਗ਼ਮੀ ਤਾਂ ਉਹ ਹੈ ਜਦੋਂ ਮਨੁੱਖ ਰੱਬ ਦੀ ਯਾਦ ਤੋਂ ਮੂੰਹ ਮੋੜਦਾ ਹੈ ਫਿਰ ਖੁਸ਼ੀ ਉਸ ਦੀ ਯਾਦ ਕਰਨ ਨਾਲ ਪ੍ਰਾਪਤ ਹੁੰਦੀ ਹੈ। ਮਰਨ

---

22 ਮਸਨਵੀਂ ਮੌਲਵੀ ਮਾਨਵੀ, ਪੰਨਾ 5.

23 ਗੁਰੂ ਗ੍ਰੰਥ ਸਾਹਿਬ, ਪੰਨਾ 278.

ਜਿਉਣ ਦੇ ਝੰਮੇਲਿਆਂ ਤੋਂ ਪਾਕ ਹੋ ਜਾਂਦਾ ਹੈ। ਭਾਵ ਅਕਾਲ ਮੂਰਤ (ਰੱਬ) ਨੂੰ ਯਾਦ ਕਰਨਾ ਖੁਸ਼ੀ ਅਤੇ ਭੁਲਾ ਦੇਣਾ ਗ਼ਮੀ ਹੈ। ਅੱਗੇ ਉਹ ਕਹਿੰਦੇ ਹਨ, ਤੂੰ ਤਾਂ ਨੂਰ ਦਾ ਇਕ ਕਤਰਾ ਹੈ ਜਿਸ ਨੂੰ ਚਾਹੇ ਗ਼ਮੀ ਨਾਲ ਗੁਜ਼ਾਰ ਲੈ ਜਾਂ ਖੁਸ਼ੀ ਨਾਲ। ਮਨੁੱਖ ਨੂੰ ਗ਼ਮੀ ਦਾ ਅਹਿਸਾਸ ਜਾਂਦਾ ਰਹਿੰਦਾ ਹੈ ਇਸ ਕਰਕੇ ਜੀਵਨ ਉਸ ਦੀ ਯਾਦ ਵਿਚ ਗੁਜ਼ਾਰਿਆ ਜਾਵੇ, ਇਸ ਤੋਂ ਇਲਾਵਾ ਨਹੀਂ।

ਉਪਰੋਕਤ ਸ਼ੇਅਰਾਂ ਦੀ ਵਿਆਖਿਆ ਵਿਚ ਜ਼ਿੰਦਗੀ ਨੂੰ ਉਸ ਦੀ ਯਾਦ ਵਿਚ ਗੁਜ਼ਾਰਨ ਲਈ ਪ੍ਰੇਰਿਆ ਗਿਆ ਹੈ, ਪਰ ਮਨੁੱਖ ਗ਼ਮਾਂ ਕਰਕੇ ਆਪਣੇ ਉਪਰ ਮਿੱਟੀ ਸੁੱਟਦਾ ਹੈ। ਕਹਿੰਦੇ ਹਨ- ਐ ਸਾਕੀ ਤੂੰ ਹੱਕ ਸੱਚ ਦਾ ਪਿਆਲਾ ਪੀ ਕੇ ਤਾਂ ਵੇਖ, ਇਸ ਨਾਲ ਦੁੱਖ ਦਰਦ ਦੀ ਹਨੇਰੀ ਬੰਦ ਹੋ ਜਾਵੇਗੀ।

**ਨੇਕ ਬੰਦਿਆਂ ਦੀ ਸੰਗਤ:** ਗੋਯਾ ਨੇ ਹੱਕ-ਸੱਚ ਦੇ ਹਾਮੀਆਂ ਲਈ ਬਹੁਤ ਪਿਆਰ ਭਰੇ ਲਹਿਜੇ ਵਿਚ ਨੇਕ ਲੋਕਾਂ ਕੋਲ ਬੈਠਣ ਲਈ ਕਿਹਾ ਹੈ। ਕਹਿੰਦੇ ਹਨ ਇਹ ਪਾਰਸ ਹਨ ਜਿਸ ਨਾਲ ਮਿਲਦੇ ਹਨ ਸੋਨਾ ਬਣਾ ਦਿੰਦੇ ਹਨ। ਇਸ ਗੱਲ ਦੀ ਪ੍ਰੇਸ਼ਾਨੀ ਹੈ ਕਿ ਲੋਕ ਅਜਿਹੇ ਕੰਮਾਂ ਤੋਂ ਦੂਰ ਭੱਜਦੇ ਹਨ। ਹਰੇਕ ਬੰਦੇ ਦੀ ਤਮੰਨਾ ਹੁੰਦੀ ਹੈ ਕਿ ਮੈਂ ਪਰਪੱਕ ਬਣ ਜਾਵਾਂ। ਸੱਚੇ ਭਗਤਾਂ ਅਤੇ ਰੱਬ ਦੇ ਪਿਆਰਿਆਂ ਦੇ ਫਾਇਦੇ ਦੱਸਦਿਆਂ ਫਰਮਾਉਂਦੇ ਹਨ ਕਿ, ਜੇਕਰ ਨੇਕ ਲੋਕਾਂ ਦੀ ਸੋਹਬਤ ਨਸੀਬ ਹੋ ਜਾਵੇ ਤਾਂ ਸਮਝੋ ਕਿ ਉਸ ਨੂੰ ਬਹੁਤ ਵੱਡੀ ਦੌਲਤ ਮਿਲ ਗਈ। ਸੂਰਜ ਨੂੰ ਇਕ ਕਿਣਕੇ ਵਾਂਗ ਦੱਸਦੇ ਹਨ ਕਿ ਇਹ ਚੀਜ਼ ਨੇਕ ਲੋਕਾਂ ਕੋਲ ਬੈਠ ਕੇ ਹੀ ਨਸੀਬ ਹੁੰਦੀ ਹੈ। ਡਾ. ਇਕਬਾਲ ਲਿਖਦੇ ਹਨ:

> ਤਮੰਨਾ ਦਰਦ-ਏ-ਦਿਲ ਮੇਂ ਹੈ ਤੋ ਖਿਦਮਤ ਕਰ ਫਕੀਰੋਂ ਕੀ।
> ਨਹੀਂ ਮਿਲਤਾ ਯੇ ਗੋਹਰ ਬਾਦਸ਼ਾਹੋਂ ਕੇ ਖਜ਼ੀਨੇ ਮੇਂ।[24]

ਜੇਕਰ ਲੋਕਾਂ ਦੇ ਦਿਲ ਵਿਚ ਚੰਗੇ ਲੋਕਾਂ ਕੋਲ ਬੈਠਣ ਦੀ ਇੱਛਾ ਨਹੀਂ ਉਭਰਦੀ ਤਾਂ ਉਨ੍ਹਾਂ ਨੂੰ ਇਹ ਮੋਤੀ ਕਿਵੇਂ ਪ੍ਰਾਪਤ ਹੋ ਸਕਦੇ ਹਨ।[25]

**ਗੋਯਾ**: ਉਨ੍ਹਾਂ ਦੀ ਮੁਹੱਬਤ ਤੈਨੂੰ ਹੱਕ ਸੱਚ ਦਾ ਸ਼ੌਕ ਦਿਵਾ ਦੇਵੇਗੀ। ਇਹ ਚੀਜ਼ ਸੱਚੀ ਕਿਤਾਬ ਤੋਂ ਵੀ ਪ੍ਰਾਪਤ ਹੋਵੇਗੀ। ਇਨ੍ਹਾਂ ਦੀ ਬੈਠਕ ਤੇਰੇ ਅੰਦਰ ਰੱਬ ਦਾ ਨੂਰ ਪੈਦਾ ਕਰ

---

24 ਇਕਬਾਲ ਬਾਗੇਦਰਾ, ਐਜੂਕੇਸ਼ਨਲ ਬੁੱਕ ਹਾਊਸ, ਮੁਸਲਿਮ ਯੂਨੀਵਰਸਿਟੀ ਮਾਰਕਿਟ, ਅਲੀਗੜ੍ਹ, 1975, ਪੰਨਾ 67.

25 ਮਸਨਵੀ ਮੌਲਵੀ ਮਾਨਵੀ, ਪੰਨਾ 22.

ਦੇਵੇਗੀ। ਇਹ ਚੀਜ਼ ਹਰੇਕ ਆਦਮੀ ਦੇ ਨਸੀਬ ਵਿਚ ਨਹੀਂ ਹੁੰਦੀ। ਜੇ ਕੋਈ ਇਹ ਸਦੀਵੀ ਦੌਲਤ ਨੂੰ ਪ੍ਰਾਪਤ ਕਰ ਲਵੇ ਤਾਂ ਉਹ ਜ਼ਿੰਦਗੀ ਦੇ ਮੰਤਵ ਨੂੰ ਪਾ ਲਵੇਗਾ। ਉਨ੍ਹਾਂ ਦੀ ਚੰਗੀ ਸੋਹਬਤ ਕਰਕੇ ਹੀ ਜ਼ਿੰਦਗੀ ਵਿਚ ਸਕੂਨ ਆ ਜਾਂਦਾ ਹੈ। ਇਸ ਤੋਂ ਬਗੈਰ ਜੀਵਨ ਮੁਸੀਬਤਾਂ, ਪ੍ਰੇਸ਼ਾਨੀਆਂ ਦਾ ਖਜ਼ਾਨਾ ਬਣ ਜਾਂਦਾ ਹੈ। ਨੇਕ ਬੰਦਿਆਂ ਕੋਲ ਰਹਿਣ ਸਦਕਾ ਜ਼ਿਕਰ, ਇਸ਼ਕੇ ਇਲਾਹੀ ਵਰਗੀਆਂ ਖੂਬੀਆਂ ਨਸੀਬ ਹੁੰਦੀਆਂ ਹਨ। ਅਜਿਹੀ ਜ਼ਿੰਦਗੀ ਹੀ ਸਦੀਵੀ ਹੈ। ਜੇਕਰ ਮਨੁੱਖ ਹੱਕ-ਸੱਚ ਦਾ ਪੁਜਾਰੀ ਬਣਨਾ ਚਾਹੁੰਦਾ ਹੈ ਤਾਂ ਉਸ ਲਈ ਰੱਬ ਦੇ ਨੇਕ ਬੰਦਿਆਂ ਦੀ ਸੋਹਬਤ ਅਖਤਿਆਰ ਕਰਨੀ ਚਾਹੀਦੀ ਹੈ। ਅਜਿਹੇ ਲੋਕਾਂ ਕੋਲ ਬੈਠਣ ਨਾਲ ਕਿਣਕਾ ਵੀ ਸੂਰਜ ਬਣ ਸਕਦਾ ਹੈ। ਲੋਹਾ ਸੋਨੇ ਦਾ ਰੂਪ ਧਾਰ ਸਕਦਾ ਹੈ। ਮਿੱਟੀ ਸੋਨਾ ਬਣ ਸਕਦੀ ਹੈ।

ਹਰੇਕ ਬੰਦੇ ਨੂੰ ਇਹ ਦੌਲਤ ਨਸੀਬ ਨਹੀਂ ਹੁੰਦੀ, ਇਹ ਸਦਾ-ਬਹਾਰ ਦੌਲਤ ਹੈ। ਜਿੰਨੇ ਵੀ ਹੱਕ-ਸੱਚ ਨੂੰ ਮੰਨਣ ਵਾਲੇ ਲੋਕ ਹਨ, ਦੋਵੇਂ ਜਹਾਨਾਂ ਦੀ ਦੌਲਤ ਇਨ੍ਹਾਂ ਕੋਲ ਹੈ ਜਿਸ ਵਿਚ ਨਫਾ ਹੀ ਨਫਾ ਹੈ। ਸਰੀਰ ਵਿਚ ਇਕ ਨਵੀਂ ਰੂਹ ਆ ਜਾਂਦੀ ਹੈ। ਇਹ ਇਕ ਅਜੀਬ ਦੌਲਤ ਹੁੰਦੀ ਹੈ ਜਿਹੜੀ ਬਹੁਤ ਘੱਟ ਲੋਕਾਂ ਦੇ ਨਸੀਬ ਵਿਚ ਆਉਂਦੀ ਹੈ।

ਹੱਕ ਸੱਚ ਦੇ ਰਾਹ ਤੇ ਚੱਲਣ ਵਾਲੇ ਰੱਬ ਨਾਲ ਜਾ ਮਿਲਦੇ ਹਨ, ਜ਼ਿੰਦਗੀ ਵਿਚ ਨਿਖਾਰ ਆਉਂਦਾ ਹੈ, ਰਹਿਮਤ ਦੀ ਬਾਰਿਸ਼ ਹੁੰਦੀ ਹੈ। ਉਸ ਦਾ ਨਾਮ ਜਪਣ ਦਾ ਸ਼ੌਂਕ ਆ ਜਾਂਦਾ ਹੈ। ਜੇਕਰ ਕਿਸੇ ਨੂੰ ਰਤਾ ਕੁ ਵੀ ਨਸੀਬ ਹੋ ਜਾਵੇ ਤਾਂ ਸੂਰਜ ਵਾਂਗ ਚਮਕਣ ਲੱਗ ਜਾਂਦਾ ਹੈ। ਉਨ੍ਹਾਂ ਨਾਲ ਭੋਰਾ ਭਰ ਸਮਾਂ ਰਹਿ ਜਾਣ ਨਾਲ ਸੌ ਸਾਲ ਦੀ ਆਗਿਆਕਾਰੀ ਦਾ ਅਸਰ ਮਹਿਸੂਸ ਹੁੰਦਾ ਹੈ।[26] ਰੱਬ ਤੱਕ ਪਹੁੰਚਣ ਦਾ ਵਸੀਲਾ ਵੀ ਇਹੋ ਹੱਕ ਸੱਚ ਦੇ ਹਾਮੀ ਲੋਕ ਬਣਦੇ ਹਨ, ਜਿਸ ਨੂੰ ਵੀ ਉਨ੍ਹਾਂ ਨਾਲ ਮਿਲਣ ਦਾ ਮੌਕਾ ਮਿਲੇ ਤਾਂ ਸਮਝੋ ਬਹੁਤ ਵੱਡੀ ਦੌਲਤ ਮਿਲ ਗਈ। ਜਿਸ ਦੇ ਹੱਥ ਵਿਚ ਇਹ ਦੌਲਤ ਆ ਜਾਵੇ ਤਾਂ ਉਸ ਦਾ ਮਕਾਮ ਉੱਚਾ ਹੋ ਜਾਂਦਾ ਹੈ।[27]

**ਗੋਯਾ**: ਹੱਕ ਸੱਚ ਦੇ ਬੰਦਿਆਂ ਦਾ ਜੇਕਰ ਕਰਮ ਹੋ ਜਾਵੇ ਤਾਂ ਉਸ ਆਦਮੀ ਲਈ ਸੁਭਾਗਾਪਣ ਹੈ। ਉਮਰ ਜੋ ਵੀ ਹੋਵੇ ਹਰੇਕ ਵਰਗ ਦਾ ਇਨਸਾਨ ਇਨ੍ਹਾਂ ਤੋਂ ਲਾਭ ਪ੍ਰਾਪਤ ਕਰ ਸਕਦਾ ਹੈ। ਰੱਬ ਦੇ ਨੇਕ ਬੰਦਿਆਂ ਦੀ ਬਦੌਲਤ ਮਿੱਟੀ ਵੀ ਅਕਸੀਰ ਬਣ ਜਾਂਦੀ ਹੈ।

---

26 ਮਸਨਵੀਂ ਮੌਲਵੀ ਮਾਨਵੀ, ਪੰਨਾ 22.

27 ਉਹੀ, ਪੰਨਾ 22.

ਨਾ-ਸਮਝ ਨੂੰ ਸਮਝ ਆ ਜਾਂਦੀ ਹੈ। ਇਸ ਸੰਬੰਧ ਵਿਚ ਗੋਯਾ ਨਸੀਹਤ ਕਰਦੇ ਹਨ ਕਿ ਸਦੀਵੀ (ਸਹਿਜ) ਜੀਵਨ ਪ੍ਰਾਪਤ ਕਰਨ ਲਈ ਹੱਕ ਸੱਚ ਦੇ ਬੰਦਿਆਂ ਨਾਲ ਬੈਠਕ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਹੀ ਆਪਣੇ ਮਿੱਤਰ ਬਣਾਵੋ। ਰੱਬ ਤੱਕ ਪਹੁੰਚਣ ਅਤੇ ਨਾਤਾ ਜੋੜਨ ਲਈ ਅਜਿਹੇ ਹੀ ਬੰਦੇ ਸਹਾਈ ਸਿੱਧ ਹੁੰਦੇ ਹਨ। ਰੱਬ ਤੱਕ ਪਹੁੰਚਿਆ ਹੋਇਆ ਮਨੁੱਖ ਹੀ ਉਸ ਤੱਕ ਪਹੁੰਚ ਸਕਦਾ ਹੈ। ਅਜਿਹਾ ਕਰਕੇ ਹਮੇਸ਼ਾ ਰਹਿਣ ਵਾਲੀ ਦੌਲਤ ਹਾਸਲ ਕਰ ਸਕਦਾ ਹੈ। ਨੇਕ ਬੰਦੇ ਦੀ ਬੈਠਕ ਨੇਕ ਬਣਾਉਂਦੀ ਹੈ, ਬੁਰੇ ਦੀ ਬੈਠਕ ਬੁਰਾ ਬਣਾ ਦਿੰਦੀ ਹੈ। ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਹੱਕ ਸੱਚ ਵਾਲਿਆਂ ਦੀ ਬੈਠਕ ਅਖਤਿਆਰ ਕਰਨ ਨਾਲ ਸਾਰੀਆਂ ਮੁਰਾਦਾਂ ਪ੍ਰਾਪਤ ਹੁੰਦੀਆਂ ਹਨ।

> ਜੋ ਇਛੇ ਸੋਈ ਫਲੁ ਪਾਵੈ॥
> ਸਾਧ ਕੈ ਸੰਗਿ ਨ ਬਿਰਥਾ ਜਾਵੈ॥[28]

**ਸਾਧ ਸੰਗਤ**: ਗੋਯਾ ਨੇ ਜ਼ਿੰਦਗੀਨਾਮਾ ਵਿਚ ਆਪਣੇ ਸਮੇਂ ਦੀ ਇਕ ਸਿੱਖ ਰਸਮ ਵੱਲ ਇਸ਼ਾਰਾ ਕੀਤਾ ਹੈ ਜਿਵੇਂ ਮੁਸਲਮਾਨ ਜੁਮੇ ਵਾਲੇ ਦਿਨ ਇਕੱਠੇ ਹੋ ਕੇ ਨਮਾਜ਼ ਅਦਾ ਕਰਦੇ ਹਨ ਉਸੇ ਤਰ੍ਹਾਂ ਸਿੱਖ ਕੌਮ ਦੇ ਲੋਕ ਇਕੱਠੇ (ਸੰਗਤ) ਹੋ ਕੇ ਪ੍ਰਮਾਤਮਾ ਦੀ ਬੰਦਗੀ ਕਰਦੇ ਹਨ। ਇਸ ਇਕੱਠ ਦਾ ਮਕਸਦ ਆਪਣੇ ਮਾਲਿਕ ਦੀ ਉਸਤਤਿ ਅਤੇ ਵਡਿਆਈ ਕਰਨਾ, ਰੱਬ ਦੇ ਨਾਂ ਦਾ ਜ਼ਿਕਰ ਕਰਨਾ ਹੁੰਦਾ ਹੈ। ਪੰਜਾਬੀ ਜ਼ੁਬਾਨ ਵਿਚ ਇਸ ਇਕੱਠ ਨੂੰ ਸਾਧ ਸੰਗਤ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ ਜਿਵੇਂ ਕਹਿੰਦੇ ਹਨ-

> ਰੋਜ਼ੇ ਜ਼ੁਮਾ ਮੋਮਿਨਾਨੇ ਪਾਕ ਬਾਜ਼ ਗਿਰਦ ਮੀ ਆਯੰਦ ਅਜ਼ਬਰ ਨਮਾਜ਼
> ਹਮਚੁਨਾ ਦਰ ਮਜ਼ਹਬੇ ਈਂ ਸਾਧ ਸੰਗਤ ਕਿਆਜ਼ ਮੁਹੱਬਤ ਬਾਖੁਦਾ ਦਾਰੰਗ ਰੰਗ।[29]

ਸਾਧ ਸੰਗਤ ਦੀ ਤਾਰੀਫ ਕਰਨ ਤੋਂ ਬਾਅਦ ਗੋਯਾ ਉਸ ਦੀਆਂ ਖੂਬੀਆਂ ਅਤੇ ਫਾਇਦਿਆਂ ਦਾ ਤਜਰਬਾ ਕਰਦੇ ਹੋਏ ਦੱਸਦੇ ਹਨ ਕਿ ਸਾਧ ਸੰਗਤ ਨਾਲ ਪ੍ਰੇਸ਼ਾਨੀਆਂ ਘੱਟ ਜਾਂਦੀਆਂ ਹਨ। ਇਹ ਰੱਬ ਦੀ ਬੰਦਗੀ ਕਰਨ ਦੇ ਲਈ ਇਕੱਠੀ ਹੁੰਦੀ ਹੈ। ਜ਼ਿੰਦਗੀ ਦਾ ਅਸਲ ਮੰਤਵ ਰੱਬ ਦਾ ਜ਼ਿਕਰ ਹੈ, ਜਿਹੜਾ ਇਸ ਤਰ੍ਹਾਂ ਪੂਰਾ ਹੋ ਜਾਂਦਾ ਹੈ। ਇਹ ਇਕੱਠ ਰੱਬ ਦੀ ਯਾਦ ਕਰਦਾ ਹੈ ਜੋ ਹੱਕ ਸੱਚ ਦੀ ਨੀਂਹ ਹੈ। ਬੁਰਾਈ ਦਾ ਇਕੱਠ ਤਾਂ ਸ਼ੈਤਾਨੀ ਵਾਲਾ ਇਕੱਠ ਹੈ। ਅਗਲੇ ਜਹਾਨ ਵਿਚ ਵੀ ਸ਼ਰਮਿੰਦਗੀ ਹੁੰਦੀ ਹੈ। ਰੱਬ ਦੀ ਯਾਦ ਨਾਲ

---

28 ਗੁਰੂ ਗ੍ਰੰਥ ਸਾਹਿਬ, ਪੰਨਾ 272.
29 ਉਹੀ।

ਉਮਰ ਵਿਚ ਵਾਧਾ ਹੁੰਦਾ ਹੈ। ਉਹ ਮੁਕੱਦਰ ਵਾਲੇ ਹਨ ਜਿਨ੍ਹਾਂ ਦੇ ਨਸੀਬ ਵਿਚ ਇਹ ਚੀਜ਼ ਲਿਖੀ ਹੋਈ ਹੈ। ਸੱਚ ਦੇ ਰਾਹ ਤੋਂ ਬਿਨਾਂ ਹੋਰ ਕੋਈ ਰਾਹ ਉਸ ਨੂੰ ਮੰਨਜੂਰ ਨਹੀਂ। ਭਾਵ ਸਾਧ ਸੰਗਤ ਵਿਚ ਰੱਬ ਦੀਆਂ ਗੱਲਾਂ ਤੋਂ ਬਗੈਰ ਕੋਈ ਵੀ ਹੀਲ ਹੁੱਜ਼ਤ ਨਹੀਂ ਹੈ। ਉਥੇ ਸਿਰਫ ਪਾਕ ਪਰਵਰਦਿਗਾਰ ਦੀ ਤਾਰੀਫ ਕੀਤੀ ਜਾਂਦੀ ਹੈ। ਭਾਈ ਗੁਰਦਾਸ ਲਿਖਦੇ ਹਨ ਕਿ ਲੋਕ ਸਾਧ ਸੰਗਤ ਵਿਚ ਹਾਜ਼ਰ ਹੋ ਕੇ ਵਧੀਆ ਮਨੁੱਖ ਬਣ ਜਾਂਦੇ ਹਨ, ਉਨ੍ਹਾਂ ਦੀਆਂ ਵਧੀਆ ਗੱਲਾਂ ਲਿਖਤ ਵਿਚ ਨਹੀਂ ਆ ਸਕਦੀਆਂ।

ਸਾਧ ਸੰਗਤਿ ਸਚਖੰਡਿ ਜਾਇ ਹੋਇ ਅਲਖ ਅਲੇਖੈ॥ [30]

**ਜ਼ਿੰਦਗੀ ਦਾ ਮੰਤਵ:** ਮਨੁੱਖੀ ਜੀਵਨ ਦਾ ਮੰਤਵ ਸਿਰਫ ਉਸ ਦੀ ਬੰਦਗੀ ਹੈ, ਮਨੁੱਖ ਦਾ ਉਸ ਤੋਂ ਵਧੀਆ ਮੰਤਵ ਹੋਰ ਨਹੀਂ ਹੋ ਸਕਦਾ। ਬੰਦਾ ਸਿਰਫ ਉਸ ਦੀ ਬੰਦਗੀ ਲਈ ਪੈਦਾ ਹੋਇਆ ਹੈ। ਜੀਵਨ ਵਿਚ ਖੁਸ਼ੀ ਆ ਜਾਂਦੀ ਹੈ। ਬੰਦੇ ਦਾ ਮਤਲਬ ਹੀ ਬੰਦਗੀ ਹੈ। ਇਸ ਤੋਂ ਬਗੈਰ ਤਾਂ ਸ਼ਰਮਿੰਦਗੀ ਹੈ। ਬੰਦਗੀ ਦਾ ਪਿਆਲਾ ਪੀ ਕੇ ਮਨੁੱਖ ਖੁਸ਼ ਰਹਿੰਦਾ ਹੈ। ਉਸ ਦੀ ਉਸਤਤਿ ਤੋਂ ਬਗੈਰ ਹੋਰ ਕੋਈ ਮੰਤਵ ਨਹੀਂ, ਉਸ ਦੀ ਯਾਦ ਤੋਂ ਬਗੈਰ ਦਿਲ ਖੁਸ਼ ਨਹੀਂ ਰਹਿੰਦਾ। ਰੱਬ ਦੀ ਬੰਦਗੀ ਕਰਕੇ ਹੀ ਅਗਲੇ ਜਹਾਨ ਵਿਚ ਆਦਮੀ ਸ਼ਰਮਿੰਦਗੀ ਤੋਂ ਬਚ ਸਕੇਗਾ, ਨਹੀਂ ਤਾਂ ਪਛਤਾਵਾ ਰਹਿ ਜਾਵੇਗਾ ਅਤੇ ਅਜ਼ਾਬ ਬਰਦਾਸ਼ਤ ਕਰਨਾ ਪਵੇਗਾ। ਮਨੁੱਖ ਦਾ ਅਸਲ ਸਰਮਾਇਆ ਬੰਦਗੀ ਹੈ। ਬੰਦਗੀ ਤੋਂ ਬਗੈਰ ਸ਼ਰਮਿੰਦਗੀ ਹੈ, ਰੱਬ ਨੇ ਵੀ ਬੰਦਗੀ ਲਈ ਫੁਰਮਾਇਆ ਹੈ। ਬੰਦੇ ਅੰਦਰ ਬੰਦਗੀ ਛੁਪੀ ਹੋਈ ਹੈ। ਰੱਬ ਤੱਕ ਪਹੁੰਚੇ ਹੋਏ ਤਾਂ ਬੰਦਗੀ ਹੀ ਕਰਦੇ ਹਨ, ਬੰਦਗੀ ਕਰੋ, ਬੰਦਗੀ ਕਰੋ, ਬੰਦਗੀ ਕਰੋ। ਜੇਕਰ ਤੂੰ ਚਾਹੁੰਦਾ ਹੈ ਕਿ ਤੇਰਾ ਦਿਲ ਖੁਸ਼ ਰਹੇ ਤਾਂ ਬੰਦਗੀ ਕਰ, ਬੰਦਗੀ ਕਰ, ਬੰਦਗੀ ਕਰ। ਬੰਦਗੀ ਕੀਤੇ ਬਗੈਰ ਮਨੁੱਖ ਉਚੇ ਰੁਤਬੇ ਪ੍ਰਾਪਤ ਨਹੀਂ ਕਰ ਸਕਦਾ। ਇਹ ਦੌਲਤ ਅਤੇ ਰੁਤਬੇ ਬੰਦਗੀ ਨਾਲ ਹੀ ਪ੍ਰਾਪਤ ਹੁੰਦੇ ਹਨ। ਰੱਬ ਦੀ ਯਾਦ ਹੀ ਰੂਹ ਦੀ ਖੁਰਾਕ ਹੈ। ਜ਼ਖਮੀ ਦਿਲ ਦੀ ਮੱਲ੍ਹਮ ਵੀ ਰੱਬ ਦੀ ਯਾਦ ਹੈ।

ਬਜ਼ੁਰਗੀ ਅਤੇ ਉੱਚਾ ਰੁਤਬਾ ਪ੍ਰਾਪਤ ਕਰਨ ਲਈ ਉਸ ਦੀ ਬੰਦਗੀ ਜ਼ਰੂਰੀ ਹੈ। ਜੇਕਰ ਉਸ ਨੂੰ ਯਾਦ ਨਾ ਕੀਤਾ ਗਿਆ ਤਾਂ ਮਰਨ ਤੋਂ ਪਹਿਲਾਂ ਅਤੇ ਬਾਅਦ ਪਛਤਾਵਾ ਰਹਿ ਜਾਵੇਗਾ। ਬੰਦਗੀ ਕਰ, ਜਿਹੜੀ ਜ਼ਰੂਰ ਕਰਨੀ ਚਾਹੀਦੀ ਹੈ। ਹਰ ਮਨੁੱਖ ਜਿਹੜਾ ਬੰਦਗੀ

---

30 ਵਾਰਾਂ ਭਾਈ ਗੁਰਦਾਸ, ਵਾਰ- ੧॥ ਪਉੜੀ-੧੦, ਪੰਨਾ 155.

ਨਹੀਂ ਕਰਦਾ, ਉਹ ਮਰਿਆਂ ਸਮਾਨ ਹੈ। ਜੇਕਰ ਤੂੰ ਉਸ ਜ਼ਾਤ ਨਾਲ ਮਿਲਣਾ ਚਾਹੁੰਦਾ ਹੈ ਤਾਂ ਤੂੰ ਆਪਣੇ ਮੂੰਹੋਂ ਰੱਬ ਦੀ ਯਾਦ ਤੋਂ ਬਗੈਰ ਕੁਝ ਹੋਰ ਨਾ ਬੋਲ। ਗੁਰੂ ਰਾਮਦਾਸ ਜੀ ਫਰਮਾਉਂਦੇ ਹਨ ਕਿ ਜਿਹੜਾ ਮਨੁੱਖ ਬੰਦਗੀ ਨਹੀਂ ਕਰਦਾ ਉਸ ਲਈ ਮਨੁੱਖੀ ਲਿਬਾਸ ਪਹਿਨਣਾ ਠੀਕ ਨਹੀਂ।

ਜਿਨੀ ਐਸਾ ਹਰਿ ਨਾਮਿ ਨ ਚੇਤਿਉ ਸੇ ਕਾਹੇ ਜਗਿ ਆਏ ਰਾਮ ਰਾਜੇ॥[31]

**ਜ਼ਿੰਦਗੀ ਅਤੇ ਮੌਤ:** ਭਾਈ ਨੰਦ ਲਾਲ ਗੋਯਾ ਅਨੁਸਾਰ ਰੱਬ ਨੂੰ ਭੁੱਲਣਾ ਮੌਤ ਅਤੇ ਉਸ ਨੂੰ ਯਾਦ ਰੱਖਣਾ ਜ਼ਿੰਦਗੀ ਹੈ। ਇਸ ਜਹਾਨ ਦੀ ਆਬਾਦੀ ਉਸ ਦੀ ਯਾਦ ਨਾਲ ਹੈ। ਇਕ ਪਲ ਵੀ ਉਸਦੀ ਯਾਦ ਤੋਂ ਲਾਪਰਵਾਹੀ ਕਰਨਾ ਬਰਬਾਦੀ ਹੈ। ਬਗੈਰ ਕੋਈ ਉਜ਼ਰ ਕਰਦਿਆਂ ਆਪਣੀ ਉਮਰ ਉਸ ਦੀ ਯਾਦ ਵਿਚ ਗੁਜ਼ਾਰ ਦੇਵੋ। ਜ਼ਿੰਦਗੀ ਦੇ ਮੰਤਵ ਨੂੰ ਤੂੰ ਸਮਝਿਆ ਨਹੀਂ; ਇਸ ਦੇ ਸਦਕਾ ਹੀ ਰੱਬ ਦੇ ਸੱਚੇ ਬੰਦੇ ਉਸ ਦੀ ਯਾਦ ਵਿਚ ਮਗਨ ਰਹਿੰਦੇ ਹਨ। ਉਸ ਦੀ ਯਾਦ ਵਿਚ ਗੁਜ਼ਾਰਿਆ ਹੋਇਆ ਹਰ ਪਲ ਹੀ ਅਸਲ ਜ਼ਿੰਦਗੀ ਹੈ। ਉਸ ਦੀ ਯਾਦ ਬਗੈਰ ਜ਼ਿੰਦਗੀ ਬੇਕਾਰ ਹੈ, ਜਿਹੜਾ ਉਸ ਨੂੰ ਯਾਦ ਨਹੀਂ ਕਰਦਾ, ਉਸ ਮੰਤਵ ਤੱਕ ਨਹੀਂ ਪਹੁੰਚ ਸਕਦਾ, ਸਿਰ ਤੋਂ ਪੈਰ ਤੱਕ ਸਾਰਾ ਜਿਸਮ ਉਸ ਦੀ ਯਾਦ ਵਿਚ ਰੁੱਝਿਆ ਰਹੇ। ਸਦੀਵੀਂ ਜੀਵਨ ਲਈ ਉਸ ਦੀ ਯਾਦ ਅਸਲ ਚੀਜ਼ ਹੈ। ਰੱਬ ਦਾ ਨਾਂ ਲੈਣ ਵਾਲੇ ਸਦੀਵੀਂ ਰਹਿੰਦੇ ਹਨ। ਜੇਕਰ ਉਸ ਦੀ ਯਾਦ ਦਾ ਚਸਕਾ ਪੈ ਜਾਵੇ ਤਾਂ ਹੋਰ ਸਾਰੀਆਂ ਚੀਜ਼ਾਂ ਨਾਲੋਂ ਮਹਿਬੂਬ ਰੱਬ ਦੀ ਯਾਦ ਸਮਝੇਗਾ। ਉਸ ਦੀ ਯਾਦ ਮਨੁੱਖ ਨੂੰ ਕਾਇਮ ਰੱਖਦੀ ਹੈ।

ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਸਭ ਤੋਂ ਵਧੀਆ ਨਾਂ ਅਤੇ ਯਾਦ ਉਸ ਦੀ ਹੈ, ਅਜਿਹਾ ਕਰਨ ਵਾਲਾ ਹਮੇਸ਼ਾ ਜ਼ਿੰਦਾ ਰਹਿੰਦਾ ਹੈ।

ਸਦਾ ਨਿਹਾਰਹਿ ਏਕੋ ਨੇਤ੍ਰ॥
ਕਈ ਕੋਇ ਨਾਮ ਰਸੁ ਪੀਵਹਿ॥
ਅਮਰ ਭਏ ਸਦ ਸਦ ਹੀ ਜੀਵਹਿ॥[32]

ਜੇਕਰ ਰੱਬ ਅਜਿਹਾ ਫਜ਼ਅਲ ਕਰਮ ਕਰ ਦੇਵੇ ਤਾਂ ਮਨੁੱਖ ਬੰਦਗੀ ਨੂੰ ਕਮਾਲ ਦਰਜੇ ਤੱਕ ਪਹੁੰਚਾ ਦਿੰਦਾ ਹੈ। ਉਸ ਦੇ ਆਪਣੇ ਹੱਥ ਵਿਚ ਕੁਝ ਨਹੀਂ। ਗੁਰੂ ਅਰਜਨ ਦੇਵ ਜੀ

---

31 ਗੁਰੂ ਗ੍ਰੰਥ ਸਾਹਿਬ, ਪੰਨਾ 450.
32 ਉਹੀ, ਪੰਨਾ 276.

ਅੱਗੇ ਫਰਮਾਉਂਦੇ ਹਨ ਕਿ ਰੱਬ ਜਿਸ ਨੂੰ ਆਪਣੀ ਯਾਦ ਦੀ ਤੌਫੀਕ ਦੇ ਦੇਵੇ, ਉਹ ਮਨੁੱਖ ਉਸ ਦੇ ਨੇੜੇ ਪਹੁੰਚ ਜਾਂਦਾ ਹੈ।

> ਆਪਿ ਜਪਾਏ ਜਪੈ ਸੋ ਨਾਉ॥
> ਆਪਿ ਗਵਾਏ ਸੁ ਹਰਿ ਗੁਨ ਗਾਉ॥
> ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ॥
> ਨਾਨਕ ਇਨ ਕੈ ਕਛੂ ਨਾ ਹਾਥ॥[33]

**ਗੋਯਾ**: ਬੰਦਗੀ ਨੂੰ ਸਿਖਰ ਤੱਕ ਪਹੁੰਚਾ ਦੇਵੋ, ਬੰਦਗੀ ਤਾਂ ਬੰਦਗੀ ਕਰਨ ਦੀ ਨਿਸ਼ਾਨੀ ਹੈ। ਜੇਕਰ ਜ਼ਿੰਦਗੀ ਦੀ ਕੋਈ ਨਿਸ਼ਾਨੀ ਹੈ ਹੱਕ ਸੱਚ ਦੀ ਬੰਦਗੀ ਕਰਨੀ ਚਾਹੀਦੀ ਹੈ। ਮਨੁੱਖੀ ਜੀਵਨ ਲਈ ਜ਼ਰੂਰੀ ਹੈ ਕਿ ਉਸ ਸੱਚੇ ਦੀ ਬੰਦਗੀ ਕਰੋ ਜਿਸ ਨਾਲ ਸਰੀਰ ਅਤੇ ਦਿਲ ਪਾਕ ਸਾਫ ਰਹਿੰਦਾ ਹੈ। ਗੁਰੂ ਅਰਜਨ ਦੇਵ ਦੇ ਅਨੁਸਾਰ, ਬੰਦਗੀ ਤੋਂ ਬਗੈਰ ਹੋਰ ਕੰਮ ਬੇਕਾਰ ਹਨ।

> ਅਵਰਿ ਕਾਜ ਤੇਰੈ ਕਿਤੈ ਨਾ ਕਾਮ॥
> ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।[34]

**ਗੋਯਾ:** ਜ਼ਿੰਦਗੀ ਦਾ ਨਿਚੋੜ ਉਸਦੀ ਬੰਦਗੀ ਹੈ, ਤੇਰੀ ਅੱਖ ਉਸ ਵੱਲ ਹੀ ਟਿਕੀ ਰਹੇ। ਜੋ ਬੰਦਾ ਸਦਾ ਉਸ ਦੀ ਯਾਦ ਵਿਚ ਰਹਿੰਦਾ ਹੈ, ਉਸ ਦਾ ਫੁਰਮਾਨ ਵੀ ਉਸ ਦੀ ਇਬਾਦਤ ਕਰਨਾ ਹੈ। ਭਾਵ ਆਪ ਵੀ ਉਸ ਦੀ ਯਾਦ ਵਿਚ ਰਹੇ, ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਕਹਿੰਦਾ ਰਹੇ। ਜਿਹੜਾ ਬੰਦਾ ਉਸ ਦੀ ਯਾਦ ਤੋਂ ਵਾਂਝਾ ਹੈ ਉਹ ਬੇਸਮਝ ਹੈ ਭਾਵੇਂ ਉਹ ਫਕੀਰ ਹੈ ਜਾਂ ਬਾਦਸ਼ਾਹ। ਬੰਦਗੀ ਦੇ ਕਈ ਫਾਇਦੇ ਹਨ। ਹਮੇਸ਼ਾ ਰਹਿਣ ਅਤੇ ਕੰਮ ਆਉਣ ਵਾਲੀ ਬੰਦਗੀ ਕਰੋ, ਜੇਕਰ ਤੇਰਾ ਦਿਲ ਰੱਬ ਦੀ ਯਾਦ ਵਿਚ ਹੈ ਤਾਂ ਉਹੀ ਆਦਮੀ ਜਿਉਂਦੇ ਹਨ।

ਬੰਦਗੀ ਦਾ ਵਸਤਰ ਸ਼ਾਹੀ ਲਿਬਾਸ ਹੈ, ਜਿਹੜਾ ਹਮੇਸ਼ਾ ਉਸ ਦੀ ਯਾਦ ਵਿਚ ਰਹਿੰਦਾ ਹੈ, ਉਹ ਕਾਇਮ ਕਾਦਿਮ ਰਹਿੰਦਾ ਹੈ। ਜਿਹੜਾ ਸਾਹ ਉਸ ਦੀ ਯਾਦ ਵਿਚ ਗੁਜ਼ਰਦਾ ਹੈ, ਰੱਬ ਨਾਲ ਉਸਦਾ ਨਾਤਾ ਜੁੜ ਜਾਂਦਾ ਹੈ। ਮਨੁੱਖ ਦਾ ਵੱਡਾਪਣ ਇਹੋ ਹੈ ਕਿ ਉਸ ਦਾ ਸਿਮਰਨ ਕਰਦਾ ਰਹੇ, ਉਸ ਦੀ ਯਾਦ ਕਰ, ਉਸ ਦੀ ਯਾਦ ਕਰ। ਜੇਕਰ ਤੈਨੂੰ

---

[33] ਉਹੀ, ਪੰਨਾ 270-271.
[34] ਉਹੀ, ਪੰਨਾ 12.

ਉਸਦੀ ਯਾਦ ਦਾ ਮੌਕਾ ਨਹੀਂ ਮਿਲਦਾ ਤਾਂ ਤੇਰੀ ਪ੍ਰੇਸ਼ਾਨੀ ਦੂਰ ਨਹੀਂ ਹੋਵੇਗੀ। ਹਰੇਕ ਬੀਮਾਰੀ ਦੀ ਦਵਾ ਉਸ ਦੀ ਯਾਦ ਹੈ ਜਿਵੇਂ ਉਹ ਰੱਖੇ ਉਸ ਨੂੰ ਮੰਨ ਲਵੋ। ਉਸ ਦੀ ਯਾਦ ਦੋਵੇਂ ਜਹਾਨਾਂ ਦੀ ਦਵਾਈ ਹੈ। ਰਸਤਾ ਭਟਕੇ ਅਤੇ ਗੁਆਚੇ ਹੋਏ ਲਈ ਵੀ ਇਹੋ ਵਧੀਆ ਰਾਹ ਹੈ। ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ-

ਸਰਬ ਰੋਗ ਕਾ ਅਉਖਦੁ ਨਾਮੁ॥[35]

ਭਾਵ ਸਾਰੀਆਂ ਬੀਮਾਰੀਆਂ ਦਾ ਇਲਾਜ ਉਸ ਮਾਲਿਕ ਦੀ ਯਾਦ ਹੈ। ਇਸ ਸੰਬੰਧ ਵਿਚ ਗੋਯਾ ਲਿਖਦੇ ਹਨ, ਜਿਹੜਾ ਬੰਦਾ ਦਿਨ ਰਾਤ ਉਸ ਨੂੰ ਯਾਦ ਕਰਦਾ ਹੈ, ਉਸ ਦਾ ਹੱਥ ਰੱਬ ਫੜ ਲੈਂਦਾ ਹੈ ਭਾਵ ਮਦਦ ਕਰਦਾ ਹੈ। ਇਹ ਸਭ ਤੋਂ ਵੱਡੀ ਦੌਲਤ ਹੈ ਜਿਵੇਂ ਕਿਸੇ ਦੇ ਹੱਥ ਵਿਚ ਬਹੁਤ ਵੱਡੀ ਦੌਲਤ ਲੱੱਗ ਗਈ ਹੋਵੇ। ਜਿਸ ਨੇ ਉਸ ਦੀ ਯਾਦ ਤੋਂ ਮੂੰਹ ਮੋੜਿਆ, ਉਹ ਬਹੁਤ ਵੱਡੀ ਦੌਲਤ ਤੋਂ ਵਾਂਝਾ ਹੋ ਗਿਆ। ਜਿਹੜਾ ਸੱਚੇ ਰੱਬ ਵੱਲ ਮੂੰਹ ਕਰਦਾ ਹੈ, ਰੱਬ ਵੀ ਉਸ ਵੱਲ ਖਾਸ ਧਿਆਨ ਦਿੰਦਾ ਹੈ। ਦਿਲਾਂ ਦਾ ਚੈਨ ਸਕੂਨ ਇਸੇ ਵਿਚ ਹੈ। ਇਹ ਰਹਿਬਰ ਦਾ ਕੰਮ ਕਰਦਾ ਹੈ। ਮੁੱਠੀ ਭਰ ਨੂੰ ਸਜਾਵਟ ਦਿੰਦਾ ਹੈ, ਜਿਹੜਾ ਦਿਲ ਉਸਦੀ ਡੂੰਘਿਆਈ ਤੋਂ ਉਸ ਨੂੰ ਯਾਦ ਕਰਦਾ ਹੈ। ਜਦੋਂ ਤੇਰੇ ਮੂੰਹ ਤੋਂ ਰੱਬ ਦੀ ਵਡਿਆਈ ਸੁਣਾਈ ਦਿੰਦੀ ਹੈ ਤਾਂ ਜੰਨਤ ਦੇ ਪੰਛੀ ਵੀ ਰੱਬ ਦੀ ਤਾਰੀਫ ਕਰਨ ਲੱਗ ਪੈਂਦੇ ਹਨ।[36]

ਗੋਯਾ ਕਹਿੰਦੇ ਹਨ ਕਿ ਇਬਾਦਤ ਕਰਨ ਦੇ ਐਨੇ ਫਾਇਦੇ ਦੱਸਣ ਦੇ ਬਾਵਜੂਦ ਮਨੁੱਖ ਸੁਸਤੀ ਅਤੇ ਬੇਸਮਝੀ ਤੋਂ ਕੰਮ ਲੈਂਦਾ ਹੈ। ਇਸ ਲਈ ਗੋਯਾ ਕਹਿੰਦੇ ਹਨ- ਉਸ ਨੂੰ ਯਾਦ ਕਰ ਜਿੰਨਾ ਹੋ ਸਕੇ ਉਸ ਨੂੰ ਯਾਦ ਕਰ। ਆਪਣੇ ਦਿਲ ਦੇ ਘਰ ਨੂੰ ਉਸ ਦੀ ਯਾਦ ਨਾਲ ਅਬਾਦ ਕਰ। ਜੇਕਰ ਤੂੰ ਇਸ਼ਕ ਦਾ ਸਬਕ ਯਾਦ ਕਰ ਸਕੇ, ਹੱਕ ਦੀ ਯਾਦ ਕਰ, ਹੱਕ ਦੀ ਯਾਦ ਕਰ। ਇਸ ਤੋਂ ਵਧੀਆ ਹੋਰ ਕੋਈ ਮੰਤਵ ਨਹੀਂ। ਉਸ ਦੀ ਯਾਦ ਨਾਲ ਆਪਣੇ ਦਿਲ ਨੂੰ ਖੁਸ਼ ਰੱਖ ਸਕਦੇ ਹੋ। ਮਨੁੱਖ ਲਈ ਜ਼ਰੂਰੀ ਹੈ ਕਿ ਆਪਣੇ ਸਰੀਰ ਦੇ ਸਾਰੇ ਅੰਗਾਂ ਨੂੰ ਰੱਬ ਦੀ ਯਾਦ ਵਿਚ ਲਗਾਈ ਰੱਖੇ ਅਤੇ ਇਸੇ ਰਾਹ ਤੇ ਮਰ ਮਿੱਟ ਜਾਵੇ।

---

35 ਉਹੀ, ਪੰਨਾ 274.

36 ਮਸਨਵੀ ਮੌਲਵੀ ਮਾਨਵੀ, ਪੰਨਾ 25.

ਜੇਕਰ ਹੱਕ ਦਾ ਸ਼ਬਦ ਦਿਲ ਵਿਚ ਘਰ ਕਰ ਲੈਂਦਾ ਹੈ ਤਾਂ ਉਸਦੀ ਨਿਸ਼ਾਨੀ ਵੀ ਆਪਣੇ ਦਿਲ ਵਿਚ ਬਿਠਾ ਲੈਂਦਾ ਹੈ ਜਿਸ ਦਾ ਦਿਲ ਉਸ ਨਾਲ ਬੰਨਿਆ ਹੋਇਆ ਹੈ, ਉਸ ਨੂੰ ਤਾਂ ਨੌ ਤਰ੍ਹਾਂ ਦੀ ਦੁਨੀਆਂ ਵਿਖਾਈ ਦਿੰਦੀ ਹੈ। ਆਪਣੀ ਜ਼ੁਬਾਨ ਤੋਂ ਵੀ ਉਸ ਨੂੰ ਯਾਦ ਕਰ ਅਤੇ ਦਿੱਲ ਤੋਂ ਵੀ। ਉਸ ਦੇ ਨਿਸ਼ਾਨ ਦਿਲ ਵਿਚ ਵੀ ਰੱਖ ਲੈ। ਤੂੰ ਤਾਂ ਮਨੁੱਖ ਹੈਂ, ਹੋਸ਼ ਵਿਚ ਆ। ਜਦੋਂ ਬੰਦੇ ਦੇ ਦਿਲ ਵਿਚ ਘਰ ਕਰ ਲੈਂਦਾ ਹੈ ਤਾਂ ਹਰੇਕ ਪਾਸੇ ਉਸਨੂੰ ਹੱਕ ਹੀ ਵਿਖਾਈ ਦਿੰਦਾ ਹੈ। ਜੇਕਰ ਤੇਰਾ ਕੰਮ ਨਹੀਂ ਹੁੰਦਾ ਤਾਂ ਉਸ ਨਾਲ ਆਪਣੀ ਲਊ ਲਗਾ, ਉਹ ਤਾਂ ਕੰਮ ਬਨਾਉਣ ਵਾਲਾ ਹੈ। ਇਧਰ-ਉਧਰ ਦੀਆਂ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ, ਆਪਣੇ ਦਿਲ ਨੂੰ ਰੱਬ ਦੇ ਜ਼ਿਕਰ ਵਿਚ ਮਸ਼ਰੂਫ ਰੱਖੋ। ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਹੇ ਮਨੁੱਖ! ਤੂੰ ਸੱਚੇ ਦਿਲੋਂ ਰੱਬ ਦੀ ਤਾਰੀਫ ਕਰ ਅਤੇ ਜ਼ਿਕਰ-ਏ-ਖੁਦਾ ਦਾ ਸੱਚਾ ਰਸਤਾ ਅਖਤਿਆਰ ਕਰ।

> ਉਸਤਤਿ ਮਨ ਮਹਿ ਕਰਿ ਨਿਰੰਕਾਰ॥
> ਕਰਿ ਮਨ ਮੇਰੇ ਸਤਿ ਬਿਉਹਾਰ॥[37]

**ਜ਼ੁਬਾਨ**: ਜਿਸ ਜ਼ੁਬਾਨ ਨਾਲ ਉਸ ਦੀ ਤਾਰੀਫ ਕੀਤੀ ਜਾਂਦੀ, ਦਿਲ ਵੀ ਇਸ ਗੱਲ ਦੇ ਫਿਕਰ ਵਿਚ ਰਹਿੰਦਾ ਹੈ।

ਗੁਰੂ ਅਰਜਨ ਦੇਵ ਜੀ ਦੇ ਵਿਚਾਰਾਂ ਵਿਚ:

> ਨਿਰਮਲ ਰਸਨਾ ਅੰਮ੍ਰਿਤੁ ਪੀਉ ਸਦਾ ਸੁਹੇਲਾ ਕਰਿ ਲੇਹਿ ਜੀਉ॥[38]

ਭਾਵ ਐ ਜ਼ੁਬਾਨ ਤੂੰ ਆਬ-ਏ-ਹਯਾਤ ਭਾਵ (ਜ਼ਿਕਰ-ਏ-ਖੁਦਾ) ਪੀ ਕੇ ਆਪਣੀ ਰੂਹ ਨੂੰ ਹਮੇਸ਼ਾ ਦੇ ਲਈ ਸੁੱਖ ਸ਼ਾਂਤੀ ਵਾਲਾ ਬਣਾ ਲਵੋ।

**ਸਿਰ**: ਹਰ ਸਿਰ ਨੂੰ ਰੱਬ ਅੱਗੇ ਸਿਜਦਾ ਕਰਨਾ ਚਾਹੀਦਾ ਹੈ, ਹੱਕ ਨੂੰ ਪਛਾਣ ਅਤੇ ਈਮਾਨ ਵਾਲੇ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿਰ ਰੱਬ ਅੱਗੇ ਸਿਜਦਾ ਕਰਨ ਲਈ ਹੈ। ਸਿਰ ਦੀ ਪ੍ਰੇਸ਼ਾਨੀ ਦਾ ਹੱਲ ਵੀ ਇਸੇ ਵਿਚ ਹੈ। ਇਸ ਲਈ ਤੈਨੂੰ ਸਿਜਦਾ ਕਰਨਾ ਚਾਹੀਦਾ ਹੈ, ਜਿਹੜਾ ਸਿਜਦਾ ਨਹੀਂ ਕਰਦਾ ਉਹ ਆਰਿਫ ਨਹੀਂ ਬਣ ਸਕਦਾ।

---

[37] ਗੁਰੂ ਗ੍ਰੰਥ ਸਾਹਿਬ, ਪੰਨਾ 281.
[38] ਉਹੀ

ਸ਼ੇਖ ਫਰੀਦ ਫਰਮਾਉਂਦੇ ਹਨ ਕਿ ਜਿਹੜਾ ਰੱਬ ਨੂੰ ਸਿਜਦਾ ਨਹੀਂ ਕਰਦਾ ਉਸਨੂੰ ਵੱਢ ਕੇ ਸੁੱਟ ਦੇਣਾ ਹੀ ਬਿਹਤਰ ਹੈ। ਉਹ ਕਹਿੰਦੇ ਹਨ-

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥[39]

**ਗੋਯਾ**: ਜਿਹੜਾ ਮਨੁੱਖ ਸਿਰ ਨੂੰ ਸਿਜਦੇ ਲਈ ਝੁਕਾਉਂਦਾ ਹੈ, ਉਸ ਨੂੰ ਸ਼ੌਕ ਦੀ ਕੋਈ ਗੱਲ ਨਹੀਂ ਕਰਨੀ ਚਾਹੀਦੀ।

**ਅੱਖ**: ਅੱਖ ਜੇਕਰ ਹੱਕ ਨੂੰ ਵੇਖਣ ਲਈ ਪ੍ਰਯੋਗ ਕਰਦਾ ਹੈ ਤਾਂ ਤੈਨੂੰ ਚਾਰ ਚੁਫੇਰੇ ਹੱਕ ਹੀ ਨਜ਼ਰ ਆਵੇਗਾ। ਇਸ ਜ਼ਿੰਦਗੀ ਦਾ ਅਸਲ ਨਿਚੋੜ ਰੱਬ ਦੀ ਯਾਦ ਹੈ। ਤੇਰੀ ਅੱਖ ਹੱਕ ਤੋਂ ਬਗੈਰ ਕੁਝ ਨਹੀਂ ਵੇਖੇਗੀ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

ਨੈਨਹੁ ਪੇਖੁ ਠਾਕੁਰ ਕਾ ਰੰਗੁ॥[40]

ਭਾਵ ਮੇਰੀ ਓ ਅੱਖਾਂ! ਤੁਸੀਂ ਰੱਬ ਦੀ ਜ਼ਾਤ ਦਾ ਰੰਗ ਵੇਖੋ, ਭਾਵ ਰੱਬ ਸੱਚੇ ਦੇ ਦਰਸ਼ਨ ਕਰੋ। ਐ ਅੱਖ! ਜੇਕਰ ਤੂੰ ਉਸਦੀ ਯਾਦ ਵਿਚ ਰੋ ਪਵੇ, ਐ ਦਿਲ ! ਜੇਕਰ ਤੂੰ ਵੀ ਉਸ ਰੱਬ ਵੱਲ ਲੱਗ ਜਾਵੇ ਤਾਂ ਮਸਲਾ ਹੱਲ ਹੋ ਜਾਵੇਗਾ।[41]

**ਹੱਥ**: ਐ ਹੱਥ! ਜੇਕਰ ਤੂੰ ਉਸ ਦੇ ਕੰਮਾਂ ਵਿਚ ਲਿਖਤ ਪੜ੍ਹਤ ਕਰੇਂ ਤਾਂ ਉਸ ਨੂੰ ਪ੍ਰਾਪਤ ਕਰ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਇਸ ਸੰਬੰਧ ਵਿਚ ਕਹਿੰਦੇ ਹਨ :

ਕਰ ਹਰਿ ਕਰਮ ਸ੍ਰਵਨਿ ਹਰਿ ਕਥਾ॥[42]

ਭਾਵ ਮਨੁੱਖ ਨੂੰ ਆਪਣੇ ਹੱਥਾਂ ਨਾਲ ਚੰਗੇ ਕੰਮ ਕਰਨੇ ਚਾਹੀਦੇ ਹਨ, ਕੰਨਾਂ ਨਾਲ ਉਸਦਾ ਜ਼ਿਕਰ ਸੁਣਨਾ ਚਾਹੀਦਾ ਹੈ।

**ਪੈਰ**: ਉਹ ਪੈਰ ਚੰਗੇ ਹਨ ਜਿਹੜੇ ਉਸ ਦੀ ਤਲਾਸ਼ ਵਿਚ ਚੱਲਣ ਅਤੇ ਕੰਮ ਆਉਣ। ਗੁਰੂ ਅਰਜਨ ਦੇਵ ਜੀ ਨੇ ਇਸ ਸੰਬੰਧ ਵਿਚ ਕਿਹਾ ਹੈ:

ਚਰਨ ਚਲਉ ਮਾਰਗ ਗੋਬਿੰਦ।[43]

---

39 ਉਹੀ, 1381.
40 ਉਹੀ, ਪੰਨਾ 281.
41 ਮਸਨਵੀ ਮੌਲਵੀ ਮਾਨਵੀ, ਪੰਨਾ 24.
42 ਗੁਰੂ ਗ੍ਰੰਥ ਸਾਹਿਬ, ਪੰਨਾ 281.

ਭਾਵ ਐ ਪੈਰੋ! ਰੱਬ ਦੇ ਰਾਹ ਤੇ ਚੱਲਦੇ ਰਹੋ।

ਉਸ ਨੂੰ ਮਿਲਣ ਲਈ ਚੱਲੇ ਇਹ ਮਨੁੱਖ ਲਈ ਚੰਗਾ ਹੈ। ਉਸਦਾ ਰਾਹ ਉਹੀ ਹੋਵੇ ਜੋ ਉਹ ਚਾਹੁੰਦਾ ਹੈ। ਆਪਣੀ ਜ਼ੁਬਾਨ ਤੋਂ ਉਹੀ ਬੋਲ ਜੋ ਉਹ ਚਾਹੇ, ਇਹ ਤੇਰੇ ਲਈ ਖੁਸ਼ੀ ਦੀ ਗੱਲ ਹੈ।[44]

ਐ ਅੱਖ! ਸਿਰਫ ਉਸ ਨੂੰ ਹੀ ਵੇਖ। ਮੈਂ ਕਿਹਾ ਐ ਜ਼ਿਗਰ! ਉਸ ਨੂੰ ਆਪਣੇ ਅੰਦਰ ਵਸਾ ਲੈ! ਮੈਂ ਕਿਹਾ, ਐ ਦਿਲ! ਦਿਲ ਵਿਚ ਉਸ ਤੋਂ ਇਲਾਵਾ ਕਿਸੇ ਹੋਰ ਨੂੰ ਨਾ ਰੱਖ, ਉਸ ਤੋਂ ਇਲਾਵਾ ਕਿਸੇ ਹੋਰ ਦੀ ਚਿੰਤਾ ਆਪਣੇ ਦਿਲ ਵਿਚ ਨਾ ਰੱਖ।[45] ਹੱਕ ਦੀ ਯਾਦ ਕੀ ਹੈ? ਉਸ ਨੂੰ ਹਰ ਸਮੇਂ ਯਾਦ ਕਰਦੇ ਰਹਿਣਾ, ਉਸ ਤੋਂ ਬਿਨਾ ਕਿਸੇ ਹੋਰ ਨੂੰ ਆਪਣੇ ਦਿਲ ਵਿਚ ਨਾ ਵਸਾਉਣਾ। ਉਸ ਨਾਲ ਹੀ ਆਪਣੇ ਆਪ ਨੂੰ ਜੋੜਨਾ, ਉਸ ਤੋਂ ਇਲਾਵਾ ਕਿਸੇ ਹੋਰ ਨਾਲ ਸੰਬੰਧ ਨਹੀਂ ਜੋੜਨਾ।

**ਬਾਦਸ਼ਾਹੀ ਅਤੇ ਦਰਵੇਸ਼ੀ:** ਬਾਦਸ਼ਾਹੀ ਅਤੇ ਦਰਵੇਸ਼ੀ ਕੀ ਹੈ? ਇਹ ਤਾਂ ਉਸ ਨੂੰ ਦਿਲੋਂ ਜਾਨ ਤੋਂ ਯਾਦ ਕਰਨ ਦਾ ਨਾਂ ਹੈ। ਗੋਯਾ ਤਾਂ ਬਾਦਸ਼ਾਹੀ ਨੂੰ ਹੀ ਤਰਜੀਹ ਦਿੰਦੇ ਹਨ। ਨੇਕੀ ਹੀ ਅਸਲ ਚੀਜ਼ ਹੈ। ਬਾਦਸ਼ਾਹੀ ਤਾਂ ਨਾ-ਹੱਕ ਚੀਜ਼ ਹੈ। ਬੰਦਗੀ ਦਾ ਵਸਤਰ ਹੀ ਬਾਦਸ਼ਾਹੀ ਹੈ। ਜੋ ਕੋਈ ਤੈਥੋਂ ਡਰਦਾ ਹੋਵੇ, ਤਾਂ ਉਸ ਨੂੰ ਕਿਸੇ ਹੋਰ ਤੋਂ ਡਰਨ ਦੀ ਜ਼ਰੂਰਤ ਨਹੀਂ।

**ਸਰੀਰ ਅਤੇ ਆਤਮਾ:** ਗੋਯਾ ਨੇ ਸਰੀਰ ਤੇ ਆਤਮਾ ਦੀ ਬੱਦਲ ਅਤੇ ਸੂਰਜ ਨਾਲ ਉਪਮਾ ਕੀਤੀ ਹੈ। ਕਹਿੰਦੇ ਹਨ ਕਿ ਸਰੀਰ ਬੱਦਲ ਹੈ ਅਤੇ ਆਤਮਾ ਸੂਰਜ ਹੈ। ਆਤਮਾ ਸਰੀਰ ਦੇ ਅੰਦਰ ਇਸੇ ਤਰ੍ਹਾਂ ਛੁਪੀ ਹੋਈ ਹੈ ਜਿਵੇਂ ਬੱਦਲ ਪਿੱਛੇ ਸੂਰਜ। ਇਸ ਲਈ ਉਸ ਸੱਚੇ ਦੀ ਯਾਦ ਜ਼ਰੂਰੀ ਸਮਝ ਜਿਸ ਦਾ ਫਲ ਮਿਲੇਗਾ।

**ਮਨ ਦੀਆਂ ਇਛਾਵਾਂ:** ਮਨੁੱਖ ਨੂੰ ਆਪਣੇ ਸਰੀਰ ਦੀਆਂ ਇੱਛਾਵਾਂ ਨੂੰ ਛੱਡ ਕੇ ਆਤਮਿਕ ਸ਼ਾਂਤੀ ਲਈ ਕੁਝ ਕਰਨਾ ਚਾਹੀਦਾ ਹੈ। ਆਤਮਿਕ ਸ਼ਾਂਤੀ ਰੱਬ ਦੀ ਯਾਦ ਕਰਕੇ ਹੀ ਪ੍ਰਾਪਤ ਹੁੰਦੀ ਹੈ।

---

43 ਉਹੀ

44 ਬਜ਼ਮ-ਏ-ਸੁਖਨ, ਕੈਸਰੀ, ਪੰਨਾ 125.

45 ਉਹੀ, ਪੰਨਾ 6.

**ਕੁਫ਼ਰ ਅਤੇ ਈਮਾਨ:** ਸੂਫ਼ੀਆਂ ਦੇ ਨਜ਼ਦੀਕ ਰੱਬ ਦੇ ਹੋਣ ਤੋਂ ਇਨਕਾਰ ਕਰਨ ਦੇ ਕਈ ਅਰਥ ਹਨ–

- ਨਾ ਸ਼ੁਕਰੀ ਅਤੇ ਰੱਬ ਦੀ ਅਵੇਹਲਨਾ ਕਰਨੀ।
- ਰੱਬ ਤੋਂ ਬਗੈਰ ਹੋਰਾਂ ਨੂੰ ਪੂਜਨੀਕ ਸਮਝਣਾ ਅਤੇ ਨਬੀ ਦਾ ਇਨਕਾਰ ਕਰਨਾ।
- ਸਾਰੀ ਰਚਾਈ ਰਚਨਾ ਅਤੇ ਜੋ ਕੁਝ ਇਸ ਵਿਚ ਉਸ ਨੂੰ ਰੱਬੀ ਅੱਖ ਨਾਲ ਵੇਖਣਾ ਅਤੇ ਸਾਰੀਆਂ ਗੱਲਾਂ ਦਾ ਯਕੀਨ ਕਰਨਾ। ਆਪਣੇ ਵੱਲੋਂ ਕੁਝ ਹੋਣ ਦਾ ਯਕੀਨ ਕੱਢ ਦੇਣਾ ਅਤੇ ਇਕੋ ਰੰਗ ਵਿਚ ਰੰਗੇ ਜਾਣਾ।
- ਹਨੇਰਾ, ਜਿਵੇਂ ਕਿਹਾ ਜਾਂਦਾ ਹੈ ਕਿ ਇਸਲਾਮ ਨੂਰ ਹੈ ਅਤੇ ਰੱਬ ਦਾ ਇਨਕਾਰ ਹਨੇਰਾ ਹੈ।[46]

ਪਰ ਗੋਯਾ ਅਨੁਸਾਰ ਰੱਬ ਤੋਂ ਬੇਪਰਵਾਹ ਹੋਣਾ ਅਤੇ ਰਚਾਈ ਰਚਨਾ ਵੱਲ ਆਪਣਾ ਧਿਆਨ ਲਗਾ ਲੈਣ ਨੂੰ ਕੁਫ਼ਰ ਕਹਿੰਦੇ ਹਨ। ਭਾਵ ਜਿਹੜਾ ਮਨੁੱਖ ਰੱਬ ਤੋਂ ਗਾਫਿਲ ਹੈ ਉਹ ਸੰਸਾਰਿਕ ਮਾਲ ਦੌਲਤ ਤੇ ਲੱਟੂ ਹੈ, ਉਹ ਵੀ ਰੱਬ ਦਾ ਇਨਕਾਰ ਕਰਨ ਵਾਲਾ ਹੈ। ਈਮਾਨ ਵਾਲਾ ਉਹ ਆਦਮੀ ਹੈ ਜਿਹੜਾ ਰੱਬ ਤੋਂ ਪਲ ਭਰ ਵੀ ਗਾਫਿਲ ਨਹੀਂ ਹੁੰਦਾ। ਕਹਿੰਦੇ ਹਨ ਕਿ ਈਮਾਨ ਵਾਲਾ ਉਹ ਹੈ ਜਿਹੜਾ ਪਲ ਭਰ ਵੀ ਉਸ ਰੱਬ ਤੋਂ ਗਾਫਿਲ ਨਾ ਹੋਵੇ। ਉਸਦੀ ਯਾਦ ਉਸ ਦੇ ਈਮਾਨ ਦਾ ਨੂਰ ਹੈ। ਹਰੇਕ ਫਰੀਕ ਜੋ ਉਸ ਤੋਂ ਮੰਗਦਾ ਹੈ ਉਹ ਬਾਦਸ਼ਾਹ ਹੈ। ਖੁਦਪ੍ਰਸਤੀ ਬੇਸਮਝਾਂ ਦੀ ਨਿਸ਼ਾਨੀ ਹੈ। ਹੱਕ ਪ੍ਰਸਤੀ ਈਮਾਨ ਦੀ ਨਿਸ਼ਾਨੀ ਹੈ। ਜੇਕਰ ਤੂੰ ਦਿਲ ਵਿਚ ਹੱਕ ਨੂੰ ਰੱਖਦਾ ਹੈ ਤਾਂ ਆਰਿਫਾਂ ਵਾਂਗ ਈਮਾਨ ਵਾਲਾ ਬਣ ਜਾ।

ਜੇ ਸਾਨੂੰ ਆਪਣੇ ਯਾਰ ਦੀ ਯਾਦ ਸ਼ਰਾਬ ਖਾਨੇ ਜਾਂ ਮਸਜਿਦ ਵਿਚ ਆਉਂਦੀ ਹੈ। ਸੱਚੇ ਆਸ਼ਿਕ ਤਾਂ ਈਮਾਨ ਅਤੇ ਕੁਫ਼ਰ ਵਿਚਾਲੇ ਕੋਈ ਆੜ ਨਹੀਂ ਰੱਖਦੇ।[47] ਆਦਮੀਆਂ ਦੇ ਚੱਲਣ ਕਾਰਨ ਤਾਂ ਜ਼ਿਆਦਾ ਚਿੰਤਾ ਨਾ ਕਰਨਾ। ਕੁਫ਼ਰ ਅਤੇ ਈਮਾਨ ਦੇ ਵਿਚਾਲੇ ਕੋਈ ਦੀਵਾਰ ਖੜੀ ਨਾ ਕਰਨਾ।[48] ਵਲੀ ਤੋਂ ਭਾਵ ਰੱਬ ਦੇ ਸੱਚੇ ਪ੍ਰੇਮੀ ਤੋਂ ਹੈ ਅਤੇ ਵਲੀ ਦੇ ਅਰਥ ਵਲਾਇਤ ਤੋਂ ਬਣਦੇ ਹਨ। ਸੂਫ਼ੀਆਂ ਦੇ ਨਜ਼ਦੀਕ ਵਲਾਇਤ ਦੇ ਅਰਥ ਆਪਣੇ ਆਪ

---

46 ਇਸਤਲਾਹਾਤ-ਏ-ਸੂਫ਼ੀਆ, ਸੰਪਾਦਕ ਫਰੀਦ ਅਹਿਮਦ, ਪੰਨੇ 119-20.

47 ਦੀਵਾਨ-ਏ-ਕਾਮਿਲ, ਅਮੀਰ ਖੁਸਰੋ, ਦਰਵੇਸ਼ ਪੰਨਾ 64.

48 ਅੱਤਾਰ, ਮਲਤੀ ਕੁੱਤੈਰ, ਪੰਨਾ 77.

ਨੂੰ ਮਿਟਾ ਕੇ ਰੱਬ ਦੇ ਰਾਹ ਤੇ ਚੱਲਣਾ ਅਤੇ ਆਖਰੀ ਦਮ ਤੱਕ ਚੱਲਦੇ ਰਹਿਣਾ।[49] ਗੋਯਾ ਲਿਖਦੇ ਹਨ ਕਿ ਰੱਬ ਦੀ ਮੰਜ਼ਿਲ ਵਲੀਆਂ ਦੀ ਜ਼ੁਬਾਨ ਤੇ ਹੈ। ਉਹ ਦਿਨ ਰਾਤ ਦਿਲ ਵਿਚ ਰੱਬ ਦੀ ਯਾਦ ਰੱਖਦੇ ਹਨ। ਮਨੁੱਖ ਦੀ ਜ਼ਿੰਦਗੀ ਦਾ ਮੰਤਵ ਵਲੀਆਂ ਦੇ ਕੋਲ ਬੈਠ ਕੇ ਸਿੱਖਿਆ ਲੈਣਾ ਹੈ। ਗੁਰੂ ਅਰਜਨ ਦੇਵ ਜੀ ਵੀ ਫੁਰਮਾਉਂਦੇ ਹਨ ਕਿ ਰੱਬ ਲੋਕਾਂ ਦੀਆਂ ਜ਼ੁਬਾਨਾਂ ਤੇ ਕਾਇਮ ਹੈ।

ਪ੍ਰਭ ਜੀ ਬਸਹਿ ਸਾਧ ਕੀ ਰਸਨਾ॥[50]

ਉਸ ਸਮੇਂ ਵਲੀਆਂ ਦੀ ਤਾਰੀਫ ਵਿਚ ਕਈ ਵਿਦਵਾਨਾਂ ਨੇ ਲਿਖਿਆ ਕਿ ਜੋ ਇਨ੍ਹਾਂ ਦੇ ਅੱਗੇ ਆਉਂਦਾ ਹੈ ਉਹ ਪਾਣੀ ਦੀ ਅੱਗ ਬਣ ਜਾਂਦਾ ਹੈ। ਜ਼ਹਿਰ ਵੀ ਹਲਕ ਵਿਚ ਉਤਰ ਕੇ ਅੰਮ੍ਰਿਤ ਬਣ ਜਾਂਦੀ ਹੈ, ਰਸਤੇ ਦਾ ਪੱਥਰ ਵੀ ਮੋਤੀ ਬਣ ਜਾਂਦਾ ਹੈ।

**ਹੱਕ ਸੱਚ ਵਾਲੇ ਲੋਕ:** ਗੋਯਾ ਹੱਕ ਸੱਚ ਵਾਲੇ ਲੋਕਾਂ ਦੀ ਤਾਰੀਫ ਬਿਆਨ ਕਰਦਿਆਂ ਲਿਖਦੇ ਹਨ ਕਿ ਉਹ ਦਿਨ ਰਾਤ ਰੱਬ ਦੀ ਬੰਦਗੀ ਵਿਚ ਖੁਸ਼ ਰਹਿੰਦੇ ਹਨ। ਉਨ੍ਹਾਂ ਦੀਆਂ ਅੱਖਾਂ ਰੱਬ ਦੇ ਦੀਦਾਰ ਕਾਰਨ ਨੂਰਾਨੀ ਰਹਿੰਦੀਆਂ ਹਨ। ਉਹ ਰੱਬ ਦੇ ਬੰਦਿਆਂ ਨੂੰ ਆਪਣਾ ਹੀ ਸਮਝਦੇ ਹਨ। ਉਹ ਅਮੀਰ ਫਕੀਰ ਨੂੰ ਬੇਸ਼ੁਮਾਰ ਦੌਲਤ ਅਤਾ ਕਰ ਦਿੰਦੇ ਹਨ। ਉਹ ਖੁਦਪ੍ਰਸਤੀ ਨਹੀਂ ਕਰਦੇ। ਦਿਲਾਂ ਵਿਚ ਨਰਮੀ ਨਿਮਰਤਾ ਦੇ ਬੀਜ ਬੀਜਦੇ ਹਨ। ਉਹ ਸਭ ਕੁਝ ਹੁੰਦੇ ਹੋਏ ਵੀ ਆਪਣੇ ਆਪ ਨੂੰ ਕੁਝ ਨਹੀਂ ਸਮਝਦੇ। ਨਿਮਰਤਾ ਨਿਮਾਣਾਪਣ ਉਨ੍ਹਾਂ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਜਾਂਦਾ ਹੈ। ਦਰਵੇਸ਼ੀ ਨੂੰ ਅਖਤਿਆਰ ਕਰਦੇ ਹਨ। ਰੱਬ ਦੀ ਰਜ਼ਾ ਵਿਚ ਰਹਿੰਦੇ ਹਨ। ਆਪਣੇ ਚਾਨਣੇ ਵਿਚ ਰਹਿੰਦੇ ਹਨ, ਹੋਰਾਂ ਨੂੰ ਵੀ ਹਨੇਰੇ 'ਚੋਂ ਕੱਢ ਕੇ ਚਾਨਣੇ ਵਿਚ ਆਉਣ ਲਈ ਪ੍ਰੇਰਦੇ ਹਨ। ਗੁਰੂ ਅਰਜਨ ਦੇਵ ਜੀ ਵੀ ਕਹਿੰਦੇ ਹਨ-

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥[51]

ਭਾਵ ਸਾਰੇ ਆਪਣੇ ਹੀ ਹਨ, ਨਾ ਕੋਈ ਵੈਰੀ ਹੈ ਅਤੇ ਨਾ ਬੇਗਾਨਾ ਹੈ। ਇਹ ਰੱਬ ਤੱਕ ਪਹੁੰਚੇ ਹੋਏ ਲੋਕ ਹੋਰਾਂ ਨੂੰ ਇੱਜ਼ਤ ਦਿੰਦੇ ਹਨ। ਆਪ ਇੱਜ਼ਤ ਦੀ ਪਰਵਾਹ ਨਹੀਂ ਕਰਦੇ, ਸਭ ਨਾਲ ਮਿੱਤਰਤਾ ਕਰਦੇ ਹਨ। ਬੇਸਹਾਰਿਆਂ ਲਈ ਸਹਾਰਾ ਅਤੇ ਜ਼ਰੂਰਤ ਮੰਦਾਂ

---

49 ਇਸਤਲਾਹਾਤੇ ਸੂਫ਼ੀਆ, ਪੰਨਾ 163.
50 ਗੁਰੂ ਗ੍ਰੰਥ ਸਾਹਿਬ, ਪੰਨਾ 263.
51 ਗੁਰੂ ਗ੍ਰੰਥ ਸਾਹਿਬ, ਪੰਨਾ 1299.

ਲਈ ਜ਼ਰੂਰਤ ਪੂਰੀ ਕਰਦੇ ਹਨ। ਖੁਦਪ੍ਰਸਤੀ ਨੂੰ ਪਸੰਦ ਨਹੀਂ ਕਰਦੇ। ਹੱਕ ਦੇ ਬੀਜ ਦਿਲਾਂ ਵਿਚ ਬੀਜਦੇ ਹਨ। ਦਿਨ ਰਾਤ ਹੱਕ ਸੱਚ ਬੋਲਦੇ ਅਤੇ ਪਸੰਦ ਕਰਦੇ ਹਨ। ਏਕਾਂਤ ਚਾਹੁੰਦੇ ਹਨ। ਉਨ੍ਹਾਂ ਦੀਆਂ ਸਿਫਤਾਂ ਹਰੇਕ ਬੰਦੇ ਦੀ ਜ਼ੁਬਾਨ ਤੇ ਹੁੰਦੀਆਂ ਹਨ। ਸੰਸਾਰਿਕ ਵਸਤਰ ਪਹਿਣਦੇ ਹਨ। ਰੱਬ ਦੀ ਯਾਦ ਨੂੰ ਤਰਜੀਹ ਦਿੰਦੇ ਹਨ। ਹੱਕ ਸਮਝਦੇ ਅਤੇ ਪਸੰਦ ਕਰਦੇ ਹਨ। ਹਰ ਹਾਲ ਵਿਚ ਖੁਸ਼ ਰਹਿੰਦੇ ਹਨ। ਕਿਸੇ ਪਲ ਵੀ ਉਸਦੀ ਯਾਦ ਤੋਂ ਨਹੀਂ ਖੁੰਝਦੇ। ਮਿੱਟੀ ਦੇ ਇਸ ਸਰੀਰ ਨੂੰ ਮਿਹਨਤ ਕਰਕੇ ਕੀਮਤੀ ਬਣਾ ਲੈਂਦੇ ਹਨ। ਉਹ ਵੀ ਲੋਕਾਂ ਵਾਂਗ ਇਕ ਮਨੁੱਖ ਹੁੰਦੇ ਹਨ। ਉਸ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ। ਉਮਰ ਭਰ ਉਸ ਦੀ ਯਾਦ ਵਿਚ ਜੁਟੇ ਰਹਿੰਦੇ ਹਨ।

ਇਨ੍ਹਾਂ ਸਾਰੀਆਂ ਉਪਰੋਕਤ ਖੂਬੀਆਂ ਹੋਣ ਵਾਲੇ ਨੂੰ ਹੱਕ ਸੱਚ ਵਾਲੇ ਸੱਚੇ ਆਦਮੀ ਆਖਿਆ ਜਾ ਸਕਦਾ ਹੈ। ਇਹ ਮਾਲ (ਦੌਲਤ) ਨੂੰ ਕੁਝ ਵੀ ਨਹੀਂ ਸਮਝਦੇ। ਕਹਿੰਦੇ ਹਨ ਕਿ ਇਹ ਸਾਰੀਆਂ ਚੀਜ਼ਾਂ ਤਾਂ ਇਮਤਿਹਾਨ ਲਈ ਹਨ। ਜੇਕਰ ਉਨ੍ਹਾਂ ਦੀਆਂ ਅੱਖਾਂ ਅੱਗੇ ਹੀਰੇ ਮੋਤੀ ਵੀ ਰੱਖ ਦਿੱਤੇ ਜਾਣ ਤਾਂ ਵੀ ਉਹ ਹਰ ਦਮ ਉਸ ਦੀ ਯਾਦ ਵਿਚ ਜੁਟੇ ਰਹਿੰਦੇ ਹਨ। ਉਹ ਮਰਨ ਜਿਊਣ ਤੋਂ ਨਹੀਂ ਡਰਦੇ। ਉਨ੍ਹਾਂ ਦੀ ਲੋਕਾਂ ਦੇ ਦਿਲਾਂ ਤੇ ਹਕੂਮਤ ਹੁੰਦੀ ਹੈ। ਉਹ ਸਾਰੀ ਮਖਲੂਕ ਦੇ ਸ਼ੁਭਚਿੰਤਕ ਹੁੰਦੇ ਹਨ। ਹੱਕ ਦਾ ਨਾਮ ਜਪਨਾ ਉਨ੍ਹਾਂ ਦਾ ਜ਼ੇਵਰ ਹੁੰਦਾ ਹੈ। ਉਨ੍ਹਾਂ ਦੀਆਂ ਅੱਖਾਂ ਨੂਰ ਨਾਲ ਭਰੀਆਂ ਹੁੰਦੀਆਂ ਹਨ।

ਐ ਬੰਦੇ! ਤੂੰ ਨਹੀਂ ਜਾਣਦਾ ਕਿ ਇਹ ਕੌਣ ਲੋਕ ਹੁੰਦੇ ਹਨ। ਜ਼ਿੰਦਗੀ ਮੌਤ ਤੋਂ ਨਾ ਡਰਨ ਵਾਲੇ। ਇਕ ਪੱਲ ਵੀ ਉਸ ਦੀ ਯਾਦ ਤੋਂ ਨਾ ਹਟਣ ਵਾਲੇ, ਸਭ ਦੇ ਖੈਰ ਖ਼ਾਹ ਅਤੇ ਉਹ ਹਮੇਸ਼ਾ ਲਈ ਜਿਉਂਦੇ ਰਹਿੰਦੇ ਹਨ। ਹਮੇਸ਼ਾ ਉਸਦਾ ਨਾਂ ਜ਼ੁਬਾਨ ਤੇ ਰੱਖਦੇ ਹਨ। ਉਸ ਸੱਚੇ ਦੀਆਂ ਹੀ ਗੱਲਾਂ ਕਰਦੇ ਹਨ। ਇਕ ਸਾਹ ਵੀ ਉਸ ਦੀ ਯਾਦ ਤੋਂ ਬਿਨਾਂ ਬਾਹਰ ਨਹੀਂ ਕੱਢਦੇ।

ਗੋਯਾ ਆਖਦੇ ਹਨ ਕਿ ਹੱਕ ਸੱਚ ਦੇ ਲੋਕਾਂ ਦੀਆਂ ਐਨੀਆਂ ਖੂਬੀਆਂ ਹਨ ਕਿ ਉਨ੍ਹਾਂ ਨੂੰ ਲਿਖਿਆ ਨਹੀਂ ਜਾ ਸਕਦਾ। ਅਜਿਹੇ ਚੰਗੇ ਲੋਕਾਂ ਨਾਲ ਹਰ ਕੋਈ ਮੁਹੱਬਤ ਕਰਨ ਲੱਗਦਾ ਹੈ। ਉਹ ਬੰਦਗੀ ਦੇ ਮੰਤਵ ਨੂੰ ਵੀ ਸਮਝ ਲੈਂਦੇ ਹਨ।

ਇਸ ਲਈ ਸਾਨੂੰ ਅਜਿਹੇ ਉੱਚੇ ਰੁਤਬੇ ਵਾਲਿਆਂ ਦੀ ਤਲਾਸ਼ ਕਰਨੀ ਬਣਦੀ ਹੈ ਕਿਉਂਕਿ ਅਜਿਹੇ ਬੰਦਿਆਂ ਦੀ ਤਲਾਸ਼ ਕਰਨਾ ਅਤੇ ਰੱਬ ਦੀ ਯਾਦ ਵਿਚ ਲੀਨ ਰਹਿਣਾ ਹੀ

ਅਸਲ ਜ਼ਿੰਦਗੀ ਹੈ। ਜਿਹੜੇ ਲੋਕ ਰੱਬ ਤੋਂ ਗਾਫਿਲ ਹਨ ਉਹ ਤਾਂ ਮਰੇ ਹੋਏ ਹਨ। ਅਜਿਹੇ ਬੰਦੇ ਸੱਚੇ ਮਾਲਿਕ ਦੀ ਛਾਂ ਹੇਠ ਰਹਿੰਦੇ ਹਨ। ਇਸ ਦੁਨੀਆਂ ਵਿਚ ਜਿਉਂਦੇ ਹੋਣ ਚਾਹੇ ਨਾ ਹੋਣ। ਉਹ ਹਮੇਸ਼ਾ ਰੱਬ ਦੇ ਜ਼ਿਕਰ ਵਿਚ ਰੁੱਝੇ ਰਹਿੰਦੇ ਹਨ। ਹਰ ਸਮੇਂ ਉਸ ਦੀ ਯਾਦ ਵਿਚ ਰਹਿੰਦੇ ਹਨ ਪਰ ਹੀਲ ਹੁੱਜ਼ਤ ਨਹੀਂ ਕਰਦੇ।[52]

ਗੁਰੂ ਨਾਨਕ ਦੇਵ ਜੀ ਵੀ ਫੁਰਮਾਉਂਦੇ ਹਨ –

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥[53]

ਰੱਬ ਦੀ ਯਾਦ ਸਹੀ ਗੱਲ ਹੈ ਬਾਕੀ ਸਭ ਬੇਕਾਰ ਹੈ। ਯਾਰ ਦੇ ਕੂਚੇ ਵਿਚ ਪੈਰ ਰੱਖਣ ਵਾਲਾ ਹੀ ਸਹੀ ਮਰਦ ਬਣਦਾ ਹੈ। ਜਿਹੜੇ ਅਜਿਹੇ ਲੋਕਾਂ ਤੋਂ ਜਾਣੂੰ ਹੋ ਜਾਣ, ਉਨ੍ਹਾਂ ਦੀ ਛੱਤਰਛਾਇਆ ਤਾਂ ਹੁੰਮਾ ਪੰਛੀ ਨਾਲੋਂ ਵੀ ਚੰਗੀ ਹੈ। ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਇਹ ਸਾਰਾ ਝੰਜਟ ਛੱਡ ਕੇ ਉਸਦੀ ਯਾਦ ਵਿਚ ਲੱਗ ਜਾਣ। ਅਜਿਹੇ ਹੱਕ ਸੱਚ ਦੇ ਹਾਮੀਆਂ ਦੇ ਪੈਰ ਚਿੰਨਾਂ ਤੇ ਚੱਲਣਾ ਈਰਖਾ ਅਤੇ ਵਿਰੋਧਤਾ ਤੋਂ ਦੂਰ ਰੱਖਦਾ ਹੈ। ਉਨ੍ਹਾਂ ਦਾ ਪੱਲਾ ਫੜਨ ਨਾਲ ਬੇੜਾ ਪਾਰ ਹੋ ਜਾਂਦਾ ਹੈ।[54]

ਐ ਅਜੀਜ਼ ! ਮੇਰੀ ਗੱਲ ਸੁਣ, ਆਪਣੇ ਤਨ ਮਨ ਨਾਲ ਉਨ੍ਹਾਂ ਦੇ ਪਿੱਛੇ ਲੱਗ ਜਾਵੋ, ਅਜਿਹੇ ਹੱਕ ਸੱਚ ਦੇ ਹਾਮੀਆਂ ਨੂੰ ਆਪਣੇ ਮਿੱਤਰ ਬਣਾਵੋ। ਉਸ ਦੀ ਯਾਦ ਤੋਂ ਬਗੈਰ ਕੋਈ ਪਲ ਨਹੀਂ ਗੁਜ਼ਾਰਨਾ ਚਾਹੀਦਾ। ਹੱਕ ਸੱਚ ਵਾਲਿਆਂ ਦੀ ਸੇਵਾ ਕਰਨਾ, ਅਜਿਹੇ ਲੋਕਾਂ ਦੀ ਸੇਵਾ ਕਰਨ ਨਾਲ ਅਸਲ ਦੌਲਤ ਪ੍ਰਾਪਤ ਹੁੰਦੀ ਹੈ। ਜਿਹੜੀ ਹੋਰ ਕਿਸੇ ਥਾਂ ਤੋਂ ਨਹੀਂ ਮਿਲ ਸਕਦੀ।

**ਗੋਯਾ**: ਕਾਮਿਲ ਮੁਰਸ਼ਿਦ ਦੀ ਇਹੋ ਤਮੰਨਾ ਹੈ ਉਹ ਮੁਰੀਦ ਨੂੰ ਰਾਹ ਤੇ ਚਲਾਵੇ। ਮੁਰਸ਼ਿਦ ਤੋਂ ਬਗੈਰ ਬੰਦਾ ਕਿਸੇ ਵੇਲੇ ਵੀ ਥਿੜਕ ਸਕਦਾ ਹੈ। ਇਸ ਲਈ ਸਾਰਿਆਂ ਲਈ ਮੁਰਸ਼ਿਦ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਮੁਰਸ਼ਿਦ ਤੋਂ ਬਗੈਰ ਹੱਕ ਸੱਚ ਦਾ ਰਸਤਾ ਵਿਖਾਉਣ ਵਾਲਾ ਕੋਈ ਨਹੀਂ। ਗੁਰੂ ਅੰਗਦ ਦੇਵ ਜੀ ਵੀ ਫਰਮਾਉਂਦੇ ਹਨ ਕਿ ਸੈਂਕੜੇ ਹਜ਼ਾਰਾ ਸੂਰਜ ਭਾਵੇਂ ਰੌਸ਼ਨੀ ਕਰ ਦੇਣ, ਪਰ ਮੁਰਸ਼ਿਦ ਤੋਂ ਬਗੈਰ ਹਨੇਰਾ ਹੀ ਹਨੇਰਾ ਹੈ। ਮੁਰਸ਼ਦਿ ਤੋਂ ਬਗੈਰ ਰਾਹ ਵਿਖਾਉਣ ਵਾਲਾ ਕੋਈ ਨਹੀਂ।

---

52 ਮਸਨਵੀ ਮੌਲਵੀ ਮਾਨਵੀ, ਪੰਨਾ15.

53 ਗੁਰੂ ਗ੍ਰੰਥ ਸਾਹਿਬ, ਪੰਨਾ 467.

54 ਮਸਨਵੀ ਮੌਲਵੀ ਮਾਨਵੀ, ਪੰਨਾ 15.

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੋਰ ਬਿਨੁ ਘੋਰ ਅੰਧਾਰ॥ [55]

ਮੁਰਸ਼ਿਦ ਕਾਮਿਲ ਕੌਣ ਹੁੰਦਾ ਹੈ? ਇਸ ਦਾ ਜਵਾਬ ਗੋਯਾ ਆਪ ਦਿੰਦੇ ਹਨ- ਜਿੱਥੇ ਮੁਰਸ਼ਿਦ ਕਾਮਿਲ ਹੈ ਉਥੇ ਸਾਰੇ ਹੀ ਹਨ, ਉਸ ਦੀ ਗੱਲਬਾਤ ਤੋਂ ਹੱਕ ਝਲਕੇ। ਹਰ ਸਾਹ ਦੇ ਨਾਲ ਰੱਬ ਦਾ ਜ਼ਿਕਰ ਕਰੇ। ਆਪ ਮੰਨਣ ਵਾਲਾ ਰੱਬ ਨੂੰ ਮਨਵਾਉਣ ਵਾਲਾ ਸਮਝੇ। ਉਸ ਦੀ ਹਰ ਗੱਲ ਤੋਂ ਹੱਕ ਦੀ ਖੁਸ਼ਬੂ ਆਉਂਦੀ ਹੈ। ਉਸ ਦੀ ਖੁਸ਼ਬੂ ਨਾਲ ਹਰ ਕੋਈ ਜਿਉਂਦਾ ਰਹਿੰਦਾ ਹੈ।

**ਮੁਰਸ਼ਿਦ ਦਾ ਇਨਾਮ**: ਮੁਰਸ਼ਿਦ ਕਾਮਿਲ ਹਰੇਕ ਬੰਦਗੀ ਅਤੇ ਆਗਿਆਕਾਰੀ ਦਾ ਜਿੰਦਰਾ ਖੋਲ੍ਹ ਕੇ ਆਪਣੀ ਸੋਹਬਤ ਦੇ ਅਸਰ ਕਰਮ ਵਾਲੀ ਨਜ਼ਰ ਨਾਲ ਇਬਾਦਤ, ਰਿਆਜ਼ਤ ਅਤੇ ਇਸ਼ਕ-ਏ-ਇਲਾਹੀ ਵਿਚ ਮਸ਼ਗੂਲ ਕਰ ਦਿੰਦਾ ਹੈ। ਇਹੋ ਸਦਾ ਰਹਿਣ ਵਾਲੀ ਦੌਲਤ ਹੈ। ਮੁਰਸ਼ਿਦ ਕਾਮਿਲ ਜਿਸ ਤੇ ਨਰਮੀ ਅਤੇ ਕਿਰਪਾ ਦਾ ਹੱਥ ਰੱਖ ਦੇਣ ਤਾਂ ਉਸ ਨੂੰ ਦੋਵੇਂ ਜਹਾਨਾਂ ਦਾ ਤਾਜ ਅਤਾ ਕਰ ਦਿੰਦੇ ਹਨ ਅਤੇ ਹੱਕ ਸੱਚ ਦੇ ਨੇੜੇ ਕਰ ਦਿੰਦੇ ਹਨ। ਹਮੇਸ਼ਾ ਦੀ ਦੌਲਤ ਅਤਾ ਕਰਵਾ ਦਿੰਦੇ ਹਨ। ਇਸ ਮੁੱਠੀ ਭਰ ਮਿੱਟੀ ਨੂੰ ਸਾਰੀ ਦੌਲਤ ਨਸੀਬ ਹੋ ਜਾਂਦੀ ਹੈ। ਮੁਰਸ਼ਿਦ ਕਾਮਿਲ ਪਾਰਸ ਹੈ। ਆਪਣੇ ਚਾਹੁਣ ਵਾਲੇ ਨੂੰ ਵੀ ਹਕੀਕੀ ਰੰਗ ਵਿਚ ਰੰਗ ਦਿੰਦਾ ਹੈ। ਜਿਸ ਨਾਲ ਮਿਲਦਾ ਹੈ ਉਸ ਨੂੰ ਵੀ ਸੋਨਾ ਬਣਾ ਦਿੰਦਾ ਹੈ। ਦਿਲਾਂ ਦੀ ਜ਼ਮੀਨ ਤੇ ਨਰਮੀ ਦੇ ਬੀਜ ਬੀਜਕੇ ਹੱਕ ਸੱਚ ਦਾ ਹਾਮੀ ਬਣਾ ਦਿੰਦਾ ਹੈ। ਦਿਲਾਂ ਦੀ ਗੰਦਗੀ ਨੂੰ ਵੀ ਸਾਫ ਕਰਵਾ ਦਿੰਦਾ ਹੈ। ਜਿਹੜੇ ਲੋਕ ਹੱਕ ਸੱਚ ਦੀ ਕਿਤਾਬ ਪੜ੍ਹਦੇ ਹਨ, ਉਹ ਰੱਬ ਦੀ ਵੀ ਸ਼ਨਾਖਤ ਕਰ ਲੈਂਦੇ ਹਨ। ਮੁਰਸ਼ਿਦ ਦੇ ਤੁਫੈਲ ਮਨੁੱਖ ਗਲਤ ਰਾਹ ਭਟਕਣ ਤੋਂ ਬਚ ਜਾਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਮਾਰਫਤ ਦੇ ਦਾਇਰਿਆਂ ਨੂੰ ਮਨੁੱਖ ਮੁਰਸ਼ਿਦ-ਏ-ਕਾਮਿਲ ਤੋਂ ਬਗੈਰ ਪਾਰ ਨਹੀਂ ਹੋ ਸਕਦਾ।

ਮੁਰਸ਼ਿਦ-ਏ-ਕਾਮਿਲ ਦੀ ਇਹ ਦੁਆ ਹੁੰਦੀ ਹੈ ਕਿ ਇਨਸਾਨ ਕਿਸੇ ਗਲਤ ਬੰਦੇ ਦੇ ਪਿੱਛੇ ਲੱਗ ਕੇ ਆਪਣਾ ਰਾਹ ਨਾ ਖਰਾਬ ਕਰ ਲਏ। ਜਦੋਂ ਤੱਕ ਸੱਚੇ ਮੁਰਸ਼ਿਦ ਨੂੰ ਆਪਣੀ ਤਾਰ ਨਹੀਂ ਜੁੜਦੀ, ਉਸ ਵੇਲੇ ਤੱਕ ਦਿਲਾਂ ਦੀ ਸਫਾਈ, ਜ਼ਿਕਰ ਫਿਕਰ ਅਤੇ ਵਧੀਆ ਜ਼ੋਕ-ਸ਼ੌਕ ਹਾਸਿਲ ਹੋਣਾ ਮੁਸ਼ਕਿਲ ਹੈ। ਜ਼ਿੰਦਗੀ ਦਾ ਸਹੀ ਲੁਤਫ ਲੈਣ ਲਈ ਵੀ ਜ਼ਰੂਰੀ ਹੈ

---

[55] ਗੁਰੂ ਗ੍ਰੰਥ ਸਾਹਿਬ, ਪੰਨਾ 463.

ਕਿ ਉਹ ਮੁਰਸ਼ਿਦ ਨੂੰ ਹਾਸਿਲ ਕਰੇ। ਉਨ੍ਹਾਂ ਦੇ ਪੈਰਾਂ ਦੇ ਚਿੰਨ੍ਹਾਂ ਤੇ ਚੱਲ ਕੇ ਮਨੁੱਖ ਉੱਚੇ ਮਰਤਬੇ ਅਤੇ ਉੱਚੀਆਂ ਮੰਜ਼ਿਲਾਂ ਪ੍ਰਾਪਤ ਕਰ ਸਕਦਾ ਹੈ। ਮੁੱਕਦੀ ਗੱਲ ਇਹ ਹੈ ਕਿ ਜਿਨ੍ਹਾਂ ਨੂੰ ਮੁਰਸ਼ਿਦ ਕਾਮਿਲ ਮਿਲ ਗਿਆ ਉਸਨੂੰ ਦੋਵੇਂ ਜਹਾਨਾਂ ਦੀ ਦੌਲਤ ਮਿਲ ਗਈ। ਅਜਿਹੇ ਲੋਕਾਂ ਦੇ ਮਿਲਣ ਨਾਲ ਦੁੱਖ ਤਕਲੀਫ ਤਾਂ ਦੂਰ ਹੁੰਦੇ ਹੀ ਹਨ, ਜ਼ਮੀਨ ਅਸਮਾਨ ਦੀ ਬਾਦਸ਼ਾਹੀ ਵੀ ਮਿਲ ਸਕਦੀ ਹੈ, ਪਰ ਉਹ ਪਸੰਦ ਨਹੀਂ ਕਰਦੇ। ਦਿਲਾਂ ਤੇ ਬਾਦਸ਼ਾਹੀ ਕਰਨ ਨੂੰ ਤਰਜੀਹ ਦਿੰਦੇ ਹਨ। ਮੁਰਸ਼ਿਦ ਕਾਮਿਲ ਦੀ ਰਹਿਮਤ ਅਤੇ ਬਰਕਤ ਕਾਰਨ ਹੀ ਹੱਕ ਸੱਚ ਤੇ ਚੱਲਦਿਆਂ ਸਾਇਲ ਆਪਣੀ ਮੁਰਾਦ ਨੂੰ ਪਹੁੰਚ ਜਾਂਦਾ ਹੈ। ਮੁਰਸ਼ਿਦ-ਏ-ਕਾਮਿਲ ਤੋਂ ਬਗੈਰ ਰੱਬ ਦੀ ਹਜ਼ੂਰੀ ਵੀ ਨਸੀਬ ਨਹੀਂ ਹੁੰਦੀ। ਜੇਕਰ ਮਨੁੱਖ ਚਾਹੁੰਦਾ ਹੈ ਕਿ ਇਹ ਸਾਰੀਆਂ ਖੂਬੀਆਂ ਪ੍ਰਾਪਤ ਹੋ ਜਾਣ ਤਾਂ ਉਸ ਲਈ ਮੁਰਸ਼ਿਦ-ਏ-ਕਾਮਿਲ ਦੀ ਤਲਾਸ਼ ਵਿਚ ਭੱਜ-ਨੱਠ ਕਰਨੀ ਚਾਹੀਦੀ ਹੈ।

ਮੁਰਸ਼ਿਦ-ਏ-ਕਾਮਿਲ ਦੋਵੇਂ ਜਹਾਨਾਂ ਦੀ ਬਾਦਸ਼ਾਹ ਜ਼ਰੂਰ ਹੈ, ਪਰ ਦਿਲਾਂ ਦੀ ਬਾਦਸ਼ਾਹੀ ਨੂੰ ਅਸਲ ਬਾਦਸ਼ਾਹੀ ਸਮਝਦਾ ਹੈ। ਹਰ ਦੁੱਖ-ਦਰਦ ਦਾ ਇਲਾਜ ਮੁੱਠੀ ਵਿਚ ਹੋ ਜਾਂਦਾ ਹੈ। ਉਹ ਮੁਰੀਦ ਨੂੰ ਦੱਸ ਦਿੰਦਾ ਹੈ ਕਿ ਜਿਹੜੀ ਗੱਲ ਅਖਤਿਆਰ ਕਰਨੀ ਚਾਹੀਦੀ ਹੈ ਅਜਿਹੇ ਲੋਕ ਰੱਬ ਦੀ ਰਜ਼ਾ ਅਤੇ ਉਸ ਦੇ ਆਦੇਸ਼ਾਂ ਦੀ ਪਾਲਣਾ ਨੂੰ ਮੰਨਣ ਵਿਚ ਹੀਲ ਹੁਜ਼ਤ ਨਹੀਂ ਕਰਦੇ। ਮੁਰੀਦਾਂ ਦੇ ਦਿਲਾਂ ਦੀਆਂ ਬਿਮਾਰੀਆਂ ਦਾ ਇਲਾਜ ਮੁਰਸ਼ਿਦ-ਏ-ਕਾਮਿਲ ਕੋਲ ਮੌਜੂਦ ਹੈ। ਉਸ ਦੀਆਂ ਸਿਫਤਾਂ ਬਿਆਨ ਕਰਨ ਲਈ ਕਲਮ ਦੀ ਜ਼ਰੂਰਤ ਨਹੀਂ ਹੈ। ਮੁਰੀਦ ਵੀ ਅਜਿਹੇ ਮੁਰਸ਼ਿਦ-ਏ-ਕਾਮਿਲ ਲਈ ਹਜ਼ਾਰਾਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਰਹਿੰਦਾ ਹੈ। ਉਸ ਦੀ ਹਰ ਅਦਾ ਤੇ ਮਰ ਮਿਟਣ ਲਈ ਤਿਆਰ ਰਹਿੰਦਾ ਹੈ। ਜੇਕਰ ਮੁਰਸ਼ਿਦ-ਏ-ਕਾਮਿਲ ਮਿਲ ਜਾਵੇ ਤਾਂ ਸਮਝੋ ਦਿਲ ਦਾ ਚੈਨ ਅਤੇ ਮਨ ਦੀ ਸ਼ਾਂਤੀ ਪ੍ਰਾਪਤ ਹੋ ਗਈ।

ਮੁਰਸ਼ਿਦ ਕਾਮਿਲ ਤੋਂ ਬਗੈਰ ਆਪਣੇ ਮੂੰਹੋਂ ਕੋਈ ਗੱਲ ਨਾ ਕਹੇ। ਜੇਕਰ ਮੂੰਹ ਤੇ ਕੋਈ ਗੱਲ ਆਵੇ ਤਾਂ ਬਸ ਉਸ ਦਾ ਹੀ ਜ਼ਿਕਰ ਆਵੇ।

ਜਦੋਂ ਮੁਰੀਦ ਨੇ ਅਜਿਹੇ ਸੱਚੇ ਮੁਰਸ਼ਿਦ-ਏ-ਕਾਮਿਲ ਦੀ ਤਲਾਸ਼ ਕਰ ਲਈ ਤਾਂ ਸਮਝੋ ਉਸ ਨੇ ਆਪਣੇ ਜ਼ਿੰਦਗੀ ਦੇ ਮੰਤਵ ਨੂੰ ਪਾ ਲਿਆ। ਦਿਲ ਦੀ ਅੱਖ ਨਾਲ ਮੁਰਸ਼ਿਦ-ਏ-ਕਾਮਿਲ ਆਪਣੇ ਮੁਰੀਦ ਨੂੰ ਵੇਖ ਲੈਂਦਾ ਹੈ। ਜ਼ਿੰਦਗੀ ਦੇ ਮੰਤਵ ਨੂੰ ਵੀ ਪਛਾਣ

ਲੈਂਦਾ ਹੈ। ਮਨੁੱਖ ਕਿਉਂ ਪੈਦਾ ਹੋਇਆ ਹੈ, ਸਮਝ ਲੈਂਦਾ ਹੈ। ਆਪਦੇ ਸੱਚੇ ਮਾਲਿਕ ਦੀ ਜੁਦਾਈ ਵਿਚ ਤੜਪਦਾ ਰਹਿੰਦਾ ਹੈ। ਇਹ ਹੱਕ ਸੱਚ ਦੀ ਦੁਕਾਨ ਚਲਾਉਂਦਾ ਹੈ। ਜਿਹੜਾ ਹੱਕ ਸੱਚ ਨੂੰ ਹੀ ਆਪਣੀ ਜ਼ਿੰਦਗੀ ਦਾ ਮੰਤਵ ਸਮਝਦਾ ਹੈ। ਗੁਰੂ ਅਰਜਨ ਦੇਵ ਜੀ ਵੀ ਫਰਮਾਉਂਦੇ ਹਨ ਕਿ:

ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥
ਗੁਰ ਬਚਨੀ ਹਰਿ ਨਾਮੁ ਉਚਰੈ॥
ਸਤਿਗੁਰੁ ਸਿਖ ਕੇ ਬੰਧਨ ਕਾਟੈ॥[56]

ਭਾਵ ਮੁਰੀਦ ਨੂੰ ਵੀ ਪਾਕ ਖਿਆਲਾਂ ਵਾਲਾ ਬਣਾ ਦਿੰਦਾ ਹੈ। ਕੋਈ ਮੁਸੀਬਤ ਤੇ ਮੁਸ਼ਕਿਲ ਵਿਚ ਸਾਥ ਨਹੀਂ ਦਿੰਦਾ, ਜਦੋਂ ਮੁਰਸ਼ਿਦ-ਏ-ਕਾਮਿਲ ਕੁਝ ਕਹਿੰਦਾ ਹੈ ਤਾਂ ਉਸਨੂੰ ਆਪਣੇ ਦਿਲ ਤੇ ਲੈ ਲੈਂਦਾ ਹੈ। ਉਸ ਦੀਆਂ ਗੱਲਾਂ ਪੱਲੇ ਬੰਨ੍ਹ ਲੈਂਦਾ ਹੈ। ਜਦੋਂ ਮੁਰੀਦ ਮੁਰਸ਼ਿਦੇ ਹੱਕ ਦਾ ਦੀਦਾਰ ਕਰਦਾ ਹੈ ਤਾਂ ਹੱਕ ਤੋਂ ਬਗੈਰ ਕੋਈ ਗੱਲ ਜ਼ੁਬਾਨੋਂ ਨਹੀਂ ਬੋਲਦਾ। ਹੱਕ ਦੀ ਗੱਲ ਕਰਨ ਵਾਲਾ ਅਤੇ ਹੱਕ ਦੀ ਤਲਾਸ਼ ਕਰਨ ਵਾਲਾ ਹੀ ਮੁਰਸ਼ਿਦ-ਏ-ਕਾਮਿਲ ਹੈ ਜਿਸ ਦੇ ਨਾਲ ਦਿਲ ਅਤੇ ਜਾਨ ਲਈ ਸ਼ਾਂਤੀ ਦਾ ਸਬੱਬ ਬਣਦਾ ਹੈ।

ਮੁਰਸ਼ਿਦ-ਏ-ਕਾਮਿਲ ਦੀ ਦਰਗਾਹ ਵਿਚ ਨਿਮਾਣਾ ਆਦਮੀ ਹਾਵੀ ਬਾਦਸ਼ਾਹ ਦਾ ਦਰਜਾ ਰੱਖਦਾ ਹੈ। ਮੁਰਸ਼ਿਦ ਦੇ ਰਾਹ ਤੇ ਕੁਰਬਾਨ ਹੋਣ ਵਾਲੇ, ਉਨ੍ਹਾਂ ਤੇ ਮਰ ਮਿਟਣ ਵਾਲੇ ਬਹੁਤ ਸਾਰੇ ਲੋਕ ਹਨ। ਮੁਰਸ਼ਿਦ-ਏ-ਕਾਮਿਲ ਦੀ ਰਾਹ ਉਨ੍ਹਾਂ ਦੇ ਲਈ ਅੱਖਾਂ ਦੀ ਠੰਡਕ ਅਤੇ ਸੁਰਮੇ ਦਾ ਕੰਮ ਕਰਦੀ ਹੈ। ਇਸ ਲਈ ਹਮੇਸ਼ਾ ਮੁਰਸ਼ਿਦ-ਏ-ਕਾਮਿਲ ਦੀ ਸੇਵਾ ਕਰਨੀ ਚਾਹੀਦੀ ਹੈ। ਜਿਹੜੇ ਆਪਣੇ ਮੁਰਸ਼ਿਦ ਦੇ ਇਸ਼ਾਰਿਆਂ ਤੇ ਚੱਲਦੇ ਹਨ ਉਹ ਆਪਣੀਆਂ ਮੁਰਾਦਾਂ ਪਾ ਲੈਂਦੇ ਹਨ। ਇਸ ਲਈ ਉਨ੍ਹਾਂ ਦੀਆਂ ਨਸਹੀਤਾਂ ਨੂੰ ਪੱਲੇ ਬੰਨ੍ਹ ਲੈਣਾ ਚਾਹੀਦਾ ਹੈ। ਬੰਦੇ ਤਾਂ ਬਹੁਤ ਵਿਖਾਈ ਦਿੰਦੇ ਹਨ ਪਰ ਬੰਦੇ ਬੰਦਗੀ ਨਾਲ ਬਣਦੇ ਹਨ। ਇਸ ਲਈ ਇਹ ਖੂਬੀਆਂ ਆਪਣੇ ਅੰਦਰ ਪ੍ਰਾਪਤ ਕਰਨ ਲਈ ਅਜਿਹੇ ਮੁਰਸ਼ਿਦ ਦੀ ਸੇਵਾ ਕਰਨਾ ਆਪਣੀ ਜ਼ਿੰਦਗੀ ਦਾ ਅੰਗ ਬਨਾਉਣਾ ਚਾਹੀਦਾ ਹੈ।

---

[56] ਗੁਰੂ ਗ੍ਰੰਥ ਸਾਹਿਬ, ਪੰਨਾ 286.

ਮੁਰਸ਼ਿਦ-ਏ-ਕਾਮਿਲ ਤਾਂ ਸੱਚਾ ਜਾਮ ਪਿਲਾਉਣ ਵਾਲਾ ਸਾਕੀ ਹੈ। ਇਹ ਦੁਨੀਆਂ ਮਿਟਣ ਵਾਲੀ ਹੈ। ਅਗਲਾ ਜਹਾਨ ਬਾਕੀ ਰਹਿਣ ਵਾਲਾ ਹੈ। ਉਹੀ ਮਨੁੱਖ ਸੱਚੇ ਰਸਤੇ ਤੇ ਚੱਲਦਾ ਰਹੇਗਾ ਜਿਹੜਾ ਮੁਰਸ਼ਿਦ-ਏ-ਕਾਮਿਲ ਨੂੰ ਤਲਾਸ਼ ਕਰਕੇ ਉਨ੍ਹਾਂ ਦੇ ਹੁਕਮਾ ਤੇ ਚੱਲਦਾ ਹੋਵੇ। ਉਸਦਾ ਜ਼ਿਕਰ ਜ਼ੁਬਾਨ ਤੇ ਜਾਰੀ ਰਹੇ। ਦੋਵੇਂ ਜਹਾਨਾਂ ਵਿਚ ਹੱਕ ਦਾ ਰਾਹ ਹੀ ਕੰਮ ਆਵੇਗਾ।

ਮੁਰੀਦ ਮੁਰਸ਼ਿਦ-ਏ-ਕਾਮਿਲ ਦੀ ਸੇਵਾ ਨਿਭਾਉਂਦਾ ਰਹੇ। ਇਨ੍ਹਾਂ ਦੀ ਸੇਵਾ ਨਾਲ ਹੀ ਮੇਵਾ ਮਿਲੇਗਾ। ਉਨ੍ਹਾਂ ਦੇ ਬਚਨ ਦੀ ਪਾਲਣਾ ਜ਼ਰੂਰੀ ਹੈ। ਅਸੀਂ ਤਾਂ ਬੰਦਗੀ ਅਨੁਸਾਰ ਉਸ ਦੇ ਫਕੀਰ ਹਾਂ। ਉਹ ਤਾਂ ਹਰ ਹਾਲ ਵਿਚ ਨਜ਼ਰ ਰੱਖਦਾ ਹੈ। ਇਸ ਲਈ ਬੰਦੇ ਨੂੰ ਬੰਦਗੀ ਕਰਨੀ ਚਾਹੀਦੀ ਹੈ, ਜਿਹੜੀ ਬੰਦੇ ਦੀ ਜ਼ਿੰਦਗੀ ਦੀ ਨੀਂਹ ਹੈ। ਹਮੇਸ਼ਾ ਸਾਥ ਦੇਣ ਵਾਲੇ ਦੀਆਂ ਖੇਤੀਆਂ ਨੂੰ ਖ਼ੂਬਸੂਰਤ ਬਣਾਉਣ ਵਾਲੀ ਬੰਦਗੀ ਹੈ। ਬੰਦਗੀ ਨਾਲ ਮਨੁੱਖ ਤੇ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ। ਬੰਦੇ ਨੂੰ ਬੰਦਗੀ ਕੁਝ ਦਿਨਾਂ ਲਈ ਨਹੀਂ ਸਗੋਂ ਹਮੇਸ਼ਾ ਕਰਨੀ ਚਾਹੀਦੀ ਹੈ। ਬੰਦਗੀ ਦਾ ਜ਼ਿੰਦਗੀ ਵਿਚ ਇਸੇ ਤਰ੍ਹਾਂ ਸਥਾਨ ਹੈ ਜਿਵੇਂ ਮੌਸਮ ਵਿਚ ਬਹਾਰ ਦਾ। ਬੰਦਗੀ ਫਕੀਰ ਨੂੰ ਬਾਦਸ਼ਾਹ ਬਣਾ ਦਿੰਦੀ ਹੈ। ਇਸ ਲਈ ਉਸ ਦੀ ਰਾਹ ਤਲਾਸ਼ ਕਰਨ ਵਾਲੇ ਲਈ ਜ਼ਰੂਰੀ ਹੈ ਕਿ ਉਹ ਇਸ ਰਸਤੇ ਨੂੰ ਅਖਤਿਆਰ ਕਰੇ। ਮਨੁੱਖ ਲਈ ਨਿਮਰਤਾ, ਨਿਮਾਣਾਪਣ ਅਤੇ ਆਜਿਜ਼ੀ ਜ਼ਰੂਰੀ ਹੈ। ਇਹ ਸਿਫਤਾਂ ਬੰਦੇ ਅੰਦਰ ਬੰਦਗੀ ਨਾਲ ਪੈਦਾ ਹੁੰਦੀਆਂ ਹਨ। ਜੇ ਬੰਦਾ ਚਾਹੁੰਦਾ ਹੈ ਕਿ ਮੈਂ ਬਾਦਸ਼ਾਹ ਬਣਾ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਬੰਦਗੀ ਕਰੇ।

**ਗੋਯਾ**- ਬੰਦੇ ਨੂੰ ਬੰਦਗੀ ਦਾ ਰਾਹ ਅਖਤਿਆਰ ਕਰ ਲੈਣਾ ਉਸਦੀ ਸਮਝਦਾਰੀ ਅਤੇ ਅਕਲਮੰਦੀ ਹੈ। ਉਸ ਦਾ ਬੰਦਾ ਉਹੀ ਹੈ ਜਿਹੜਾ ਉਸਦੀ ਬੰਦਗੀ ਕਰੇ।

**ਮੁਰਸ਼ਿਦ ਸਤਿਗੁਰੂ ਦੀਆਂ ਜ਼ਾਹਰੀ ਅੰਦਰੂਨੀ ਖ਼ੂਬੀਆਂ**- ਜੇਕਰ ਤੂੰ ਹੱਕ ਨੂੰ ਪਛਾਣਦਾ ਹੈ ਤਾਂ ਉਸ ਸੱਚੇ ਤੋਂ ਬਗੈਰ ਕਿਸੇ ਹੋਰ ਨਾਲ ਤੇਰਾ ਕੰਮ ਨਾ ਪਵੇ। ਸੰਸਾਰਿਕ ਵਸਤਰ ਉਤਾਰ ਦੇਵੋ ਅਤੇ ਹੱਕ ਸੱਚ ਦਾ ਲਿਬਾਸ ਪਹਿਣ ਲਵੋ। ਮੁਰਸ਼ਿਦ ਦਾ ਜ਼ਾਹਿਰ ਅਤੇ ਬਾਤਿਨ (ਅੰਦਰ) ਇਕੋ ਹੁੰਦਾ ਹੈ, ਕਿਉਂਕਿ ਪ੍ਰੇਸ਼ਾਨ ਅਤੇ ਗੜਬੜ ਵਾਲਾ ਦਿਲ ਹਕੀਕਤ ਨੂੰ ਨਹੀਂ ਪਛਾਣ ਸਕਦਾ। ਸੂਫ਼ੀਆਂ ਅਨੁਸਾਰ ਉਨ੍ਹਾਂ ਦਾ ਦਿਲ ਅਤੇ ਜ਼ੁਬਾਨ ਰੱਬ ਦੀ ਯਾਦ ਵਿਚ ਰੁੱਝਿਆ ਰਹਿੰਦਾ ਹੈ। ਇਨ੍ਹਾਂ ਦਾ ਦਿਲ ਅਤੇ ਦਿਲ ਜ਼ੁਬਾਨ ਹੁੰਦੀ ਹੈ। ਸਭ ਤੋਂ ਵੱਡੀ ਗੱਲ

ਇਹ ਹੈ ਕਿ ਰੱਬ ਦਾ ਨਾਂ ਨਿਸ਼ਕਾਮ ਸੇਵਾ ਭਾਵਨਾ ਹਿਤ ਲੈਣਾ ਚਾਹੀਦਾ ਹੈ। ਇਸ ਤੋਂ ਬਗੈਰ ਉਸ ਦਾ ਨਾਂ ਲੈਣਾ ਬੇਕਾਰ ਹੈ। ਇਬਾਦਤ ਵੀ ਉਸ ਦੀ ਰਜ਼ਾ ਲਈ ਕਰਨੀ ਚਾਹੀਦੀ ਹੈ, ਨਹੀਂ ਤਾਂ ਇੰਝ ਹੈ ਕਿ ਬਗੈਰ ਗੁਦੇ (ਮਗਜ਼) ਤੋਂ ਛਿਲਕਾ ਹੋਵੇ।

**ਬੰਦੇ ਦੀ ਹਕੀਕਤ ਦਾ ਬਿਆਨ:** ਮਨੁੱਖ ਆਪਣੀ ਬੇਖਬਰੀ ਅਤੇ ਅਨਪੜ੍ਹਤਾ ਕਰਕੇ ਦੁਨੀਆਂ ਦੀ ਹਕੀਕਤ ਨੂੰ ਨਹੀਂ ਪਾ ਸਕਦਾ। ਜੇਕਰ ਮਨੁੱਖ ਆਪਣੇ ਅੰਦਰ ਹੀ ਗੌਰ ਕਰੇ ਤਾਂ ਉਸਨੂੰ ਇਸ ਦੀ ਹਕੀਕਤ ਦਾ ਪਤਾ ਚੱਲ ਸਕਦਾ ਹੈ। ਇਸ ਦਾ ਇਕ ਹੀ ਤਰੀਕਾ ਹੈ ਕਿ ਮਨੁੱਖ ਆਪਣੀ ਖੁਦੀ ਨੂੰ ਮਿਟਾ ਦੇਵੇ ਅਤੇ ਹਕੀਕਤ ਦੇ ਸਮੁੰਦਰ ਵਿਚ ਗੋਤਾ ਮਾਰੇ। ਆਪਣੇ ਆਪ ਨੂੰ ਮਿੱਟਾ ਦੇਣ ਨਾਲ ਹੀ ਇਹ ਮੋਤੀ ਮਿਲ ਸਕਦੇ ਹਨ। ਜਦੋਂ ਤੱਕ ਦਿਲ ਸਾਫ ਨਹੀਂ ਹੁੰਦਾ ਉਦੋਂ ਤੱਕ ਕੁਝ ਨਹੀਂ ਮਿਲ ਸਕਦਾ। ਐਵੇਂ ਹੀ ਮਨੁੱਖ ਭਟਕਦਾ ਫਿਰਦਾ ਰਹਿੰਦਾ। ਅਸਲ ਮੋਤੀ ਤਾਂ ਇਸ ਦੇ ਅੰਦਰ ਹੀ ਮੌਜੂਦ ਹਨ। ਇਹ ਚੀਜ਼ ਮੁਰਸ਼ਿਦ-ਏ-ਕਾਮਿਲ ਨਾਲ ਮਿਲਦੀ ਹੈ। ਗੋਯਾ ਲਿਖਦੇ ਹਨ, ''ਮਨੁੱਖ ਐਵੇਂ ਘੁੰਮਦਾ-ਫਿਰਦਾ ਰਹੇਗਾ, ਸਾਰੀ ਉਮਰ ਹੈਰਾਨ ਹੁੰਦਾ ਰਹੇਗਾ, ਸਾਰੀ ਦੁਨੀਆਂ ਹੀ ਹੈਰਾਨੀ ਵਿਚ ਘੁੰਮਦੀ ਫਿਰਦੀ ਹੈ। ਜਦੋਂ ਉਸ ਨੂੰ ਚਾਹੁਣ ਵਾਲਾ ਤਲਾਸ਼ ਕਰਦਾ ਹੈ ਤਾਂ ਉਹ ਮਿਲ ਜਾਂਦਾ ਹੈ। ਦੋਵੇਂ ਜਹਾਨਾਂ ਦੇ ਬਾਦਸ਼ਾਹ ਉਸ ਦੇ ਦਿਲ ਵਿਚ ਹਨ। ਮਿੱਟੀ ਅਤੇ ਪਾਣੀ ਤਾਂ ਹੋਰ ਗੱਲ ਹੈ ਦੋਵੇਂ ਜਹਾਨਾਂ ਦੀ ਬਾਦਸ਼ਾਹੀ ਵੀ ਆਪਣੇ ਦਿਲ ਵਿਚ ਹੁੰਦੀ ਹੈ। ਇਹ ਸਾਰੀਆਂ ਚੀਜ਼ਾਂ ਮੁਰਸ਼ਿਦ-ਏ-ਕਾਮਿਲ ਦੀ ਬਦੌਲਤ ਮਿਲਦੀਆਂ ਹਨ।

**ਗੋਯਾ:** ਮੁਰਸ਼ਿਦ-ਏ-ਕਾਮਿਲ ਹੀ ਤੇਰੇ ਲਈ ਰਹਿਬਰ ਹੈ। ਇਹ ਤੈਨੂੰ ਰੱਬ ਨਾਲ ਮਿਲਾ ਦੇਵੇਗਾ। ਗੋਯਾ ਇਕ ਹੋਰ ਰੂਪ ਵਿਚ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਮਨੁੱਖ ਦੇ ਅੰਦਰ ਬੇਅੰਤ ਖਜ਼ਾਨਾ ਹੈ ਜਿਸ ਦੀ ਚਾਬੀ ਹੱਕ ਦਾ ਨਾਂ ਹੈ। ਪਰ ਇਹ ਚਾਬੀ ਮੁਰਸ਼ਿਦ-ਏ-ਕਾਮਿਲ ਦੇ ਕੋਲ ਹੈ। ਇਸ ਲਈ ਮਨੁੱਖ ਦਾ ਪਹਿਲਾ ਫਰਜ਼ ਹੈ ਕਿ ਇਸ ਚਾਬੀ ਨੂੰ ਪ੍ਰਾਪਤ ਕਰਨ ਦੇ ਲਈ ਕੋਸ਼ਿਸ਼ ਕਰੇ ਤਾਂ ਜੋ ਖਜ਼ਾਨੇ ਦਾ ਮਾਲਿਕ ਬਣ ਕੇ ਚਿੰਤਾ ਅਤੇ ਘਬਰਾਹਟ ਤੋਂ ਮੁਕਤੀ ਪ੍ਰਾਪਤ ਕਰ ਲਵੇ। ਇਸ ਚਾਬੀ ਨੂੰ ਪ੍ਰਾਪਤ ਕਰਨ ਲਈ ਛੁਪੇ ਹੋਏ ਗਿਆਨ ਦੀ ਪ੍ਰਾਪਤੀ ਜ਼ਰੂਰੀ ਹੈ। ਜਦੋਂ ਇਹ ਚਾਬੀ ਕਿਸੇ ਦੇ ਹੱਥ ਆ ਜਾਂਦੀ ਹੈ ਤਾਂ ਖਜ਼ਾਨਾ ਉਸ ਦੇ ਆਲੇ-ਦੁਆਲੇ ਚੱਕਰ ਕੱਟਣ ਲੱਗ ਜਾਂਦਾ ਹੈ। ਸਾਰੀਆਂ ਪ੍ਰੇਸ਼ਾਨੀਆਂ ਵੀ ਖਤਮ ਹੋ ਜਾਂਦੀਆਂ ਹਨ। ਗੋਯਾ ਆਪਣੇ ਮੁਰਸ਼ਿਦੇ ਹੱਕ ਵਿਚ ਦੁਆ ਕਰਦੇ ਹਨ। ਹੱਕ

ਸੱਚ ਦਾ ਬੱਦਲ ਉਨ੍ਹਾਂ ਤੇ ਉਨ੍ਹਾਂ ਦੇ ਮਾਤਾ ਪਿਤਾ ਅਤੇ ਉਨ੍ਹਾਂ ਦੀ ਔਲਾਦ ਤੇ ਛਾਇਆ ਰਹਿੰਦਾ ਹੈ।

> ਗੁਰੂ ਬਿਨਾ ਗਤ ਨਹੀਂ, ਸ਼ਾਹ ਬਿਨਾ ਪਤ ਨਹੀ॥ [57]

ਬੇਮੁਰਸ਼ਿਦ ਮਨੁੱਖ ਨਿੰਦਣਯੋਗ ਹੈ। ਭਾਈ ਗੁਰਦਾਸ ਬੇਮੁਰਸ਼ਿਦ ਮਨੁੱਖ ਨੂੰ ਹੀਜੜਾ ਕਹਿੰਦੇ ਹਨ। ਬੇਮੁਰਸ਼ਿਦ ਸਭ ਤੋਂ ਘਟੀਆ ਹੈ ਕਿਉਂਕਿ ਉਹ ਮਾਤਾ-ਪਿਤਾ ਅਤੇ ਗੁਰੂ ਦੀ ਪਨਾਹ ਵਿਚ ਨਹੀਂ ਆਇਆ। ਜਿਵੇਂ ਕਿ ਗੁਰਬਾਣੀ ਲਿਖਿਆ ਹੈ:

> ਨਿਗੁਰੇ ਕਉ ਗਤਿ ਕਾਈ ਨਾਹੀ॥
> ਅਵਗਣਿ ਮੁਠੇ ਚੋਟਾ ਖਾਹੀ॥ [58]

ਭਾਵੇਂ ਬੇਮੁਰਸ਼ਿਦ ਨਿਜਾਤ ਪ੍ਰਾਪਤ ਨਹੀਂ ਕਰਦਾ, ਸਜ਼ਾ ਪਾਉਂਦਾ ਰਹਿੰਦਾ ਹੈ। ਗੋਯਾ ਤੇ ਵੀ ਗੁਰਬਾਣੀ ਦਾ ਅਸਰ ਹੈ, ਉਹ ਫਰਮਾਉਂਦੇ ਹਨ, ਬਿਨਾਂ ਗੁਰੂ ਰਸਤਾ ਮਿਲਣਾ ਮੁਸ਼ਕਿਲ ਹੈ।

**ਹੱਕ ਦੇ ਬੰਦਿਆਂ ਦੇ ਪੈਰਾਂ ਦੀ ਮਿੱਟੀ–** ਗੋਯਾ ਰੱਬ ਦੀ ਬੰਦਗੀ ਵਿਚ ਲੀਨ ਮਨੁੱਖ ਨੂੰ ਸਿਰ ਅੱਖਾਂ ਤੇ ਬਿਠਾਉਂਦੇ ਹਨ। ਹੱਕ ਸੱਚ ਵਾਲਿਆਂ ਦੇ ਪੈਰਾਂ ਦੀ ਮਿੱਟੀ ਅੱਖਾਂ ਲਈ ਸੁਰਮਾ ਹੈ।

ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ–

> ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥
> ਨਾਨਕ ਜਨ ਕੀ ਮੰਗੇ ਰਵਾਲਾ॥ [59]

ਭਾਵ ਹੱਕ ਸੱਚ ਦੇ ਹਾਮੀਆਂ ਅਤੇ ਰੁੱਝੇ ਹੋਇਆਂ ਦੇ ਪੈਰਾਂ ਦੀ ਮਿੱਟੀ ਤਲਾਸ਼ ਕਰਦਾ ਹਾਂ। ਰੱਬ ਦੇ ਸੱਚੇ ਬੰਦੇ ਤਾਂ ਅੱਖਾਂ ਰੌਸ਼ਨ ਕਰ ਦਿੰਦੇ ਹਨ ਤਾਂ ਜੋ ਮੁੱਢ ਤੋਂ ਅਖੀਰ ਤੱਕ ਵੇਖਦਾ ਰਹੇ।

**ਗੋਯਾ**: ਉਨ੍ਹਾਂ ਦੇ ਪੈਰਾਂ ਦੀ ਮਿੱਟੀ ਮੇਰੇ ਲਈ ਸੁਰਮਾ ਹੈ ਜਿਹੜੀ ਫਕੀਰ ਨੂੰ ਵੀ ਬਾਦਸ਼ਾਹ ਬਣਾ ਦਿੰਦੀ ਹੈ। ਹਕੀਕਤ ਵਿਚ ਜਿਨ੍ਹਾਂ ਨੇ ਉਨ੍ਹਾਂ ਦੇ ਪੈਰਾਂ ਦੀ ਮਿੱਟੀ ਨੂੰ ਸੁਰਮਾ ਸਮਝ ਕੇ ਅੱਖਾਂ ਨੂੰ ਲਗਾਇਆ, ਉਨ੍ਹਾਂ ਦਾ ਚਿਹਰਾ ਵੀ ਨੁਰਾਨੀ ਬਣ ਗਿਆ। ਗੋਯਾ ਲਿਖਦੇ ਹਨ ਕਿ

---

57 ਗੁਰੂ ਗ੍ਰੰਥ ਸਾਹਿਬ, ਪੰਨਾ 361.
58 ਉਹੀ।
59 ਉਹੀ, ਪੰਨਾ 263.

ਰੱਬ ਨੇ ਅਨੇਕਾਂ ਫਿਰਕੇ ਪੈਦਾ ਕੀਤੇ ਹਨ, ਪਰ ਉਨ੍ਹਾਂ ਵਿਚੋਂ ਉਤਮ ਫਿਰਕਾ ਉਨ੍ਹਾਂ ਦਾ ਹੈ ਜਿਹੜੇ ਪ੍ਰਮਾਤਮਾ ਦੀ ਯਾਦ ਵਿਰ ਰਹਿੰਦੇ ਹਨ।

ਇਸ ਫਿਰਕੇ ਦੇ ਲੋਕ ਪਾਕੀਜ਼ਾ, ਸੋਂਹਦ, ਸੋਹਣੀਆਂ ਆਦਤਾਂ ਅਤੇ ਚੰਗੀਆਂ ਗੱਲਾਂ ਵਾਲੇ ਹੁੰਦੇ ਹਨ। ਹਰ ਸਮੇਂ ਰੱਬ ਦੇ ਨਾਮ ਵਿਚ ਲੀਨ ਰਹਿੰਦੇ ਹਨ। ਮਿੱਠਾ ਬੋਲਦੇ ਹਨ। ਈਰਖਾ, ਬੁਰਾਈ ਤੋਂ ਦੂਰ ਰਹਿੰਦੇ ਹੋਏ ਸਾਰਿਆਂ ਦਾ ਸਤਿਕਾਰ ਕਰਦੇ ਹਨ। ਗਰੀਬ ਨੂੰ ਅਮੀਰ ਬਣਾ ਦੇਣਾ, ਮਰੇ ਹੋਏ ਦਿਲਾਂ ਵਿਚ ਜਾਨ ਪਾ ਦੇਣਾ, ਹੱਕ ਸੱਚ ਦੇ ਤਾਲਿਬਾਂ ਲਈ ਸਹੀ ਰਾਹ ਦੱਸਣਾ, ਇਲਮ ਸਿੱਖਣਾ ਅਤੇ ਸਿਖਾਉਣਾ, ਉਨ੍ਹਾਂ ਦੀ ਜ਼ਿੰਦਗੀ ਦਾ ਅੰਗ ਹੈ। ਉਨ੍ਹਾਂ ਦੇ ਚਿਹਰਿਆਂ ਤੋਂ ਨੂਰ ਝਲਕਦਾ ਵਿਖਾਈ ਦਿੰਦਾ ਹੈ।

**ਅਰਦਾਸ (ਦੁਆ)**: ਭਾਈ ਨੰਦ ਲਾਲ ਗੋਯਾ ਨੇ ਆਪਣੀ ਮਸਨਵੀ 'ਜ਼ਿੰਦਗੀਨਾਮਾ' ਵਿਚ ਰੱਬ ਅੱਗੇ ਦੁਆ ਕੀਤੀ ਹੈ ਕਿ ਹੇ ਰੱਬਾ! ਮੇਰਾ ਦਿਲ ਅਧਮੋਇਆ ਹੋ ਗਿਆ ਹੈ ਇਸ ਨੂੰ ਸੁਰਜੀਤ ਕਰ ਦੇਵੇਂ, ਬੰਦਗੀ ਦਾ ਸ਼ੌਕ ਅਤੇ ਉਸ ਨੂੰ ਕਾਮਯਾਬ ਕਰਨਾ ਤਾਂ ਜੋ ਸ਼ਰਮਿੰਦਗੀ ਨਾ ਹੋਵੇ। ਐ ਗੋਯਾ ਦਿਲ ਵਿਚੋਂ ਦੁਨੀਆਂ ਦੀ ਮੁਹੱਬਤ ਕੱਢ ਦੇਵੋ। ਮੇਰੀ ਜ਼ੁਬਾਨ ਤੇਰੇ ਜ਼ੌਕ ਅਤੇ ਸ਼ੌਕ ਵਿਚ ਰੁੱਝੀ ਰਹੇ। ਹੱਕ ਸੱਚ ਤੋ ਬਗੈਰ ਹੋਰ ਕੋਈ ਗੱਲ ਜ਼ੁਬਾਨੋਂ ਨਾ ਕਹਾਂ। ਸਹੀ ਅਤੇ ਹੱਕ ਚੀਜ਼ਾਂ ਹੀ ਵੇਖਾਂ, ਬੇਕਾਰ ਚੀਜ਼ਾਂ ਤੋਂ ਬਚਾਈ ਰੱਖਣਾ। ਤੇਰੇ ਮਿਲਣ ਦਾ ਸ਼ੌਕ ਅਤਾ ਫਰਮਾ। ਤੇਰੀ ਯਾਦ ਵਿਚ ਹੀ ਮੇਰੀ ਉਮਰ ਗੁਜ਼ਰੇ। ਦਿਨ ਰਾਤ ਤੈਨੂੰ ਹੀ ਯਾਦ ਕਰਾਂ ਤਾਂ ਜੋ ਪ੍ਰੇਸ਼ਾਨੀਆਂ ਤੋਂ ਬਚ ਸਕਾਂ। ਹਮੇਸ਼ਾ ਰਹਿਣ ਵਾਲੀ ਦੌਲਤ ਨਸੀਬ ਫਰਮਾ, ਗ਼ਮੀ ਜਾਂਦੀ ਰਹੇ, ਹੱਕ ਤੇ ਹੀ ਚੱਲਾਂ ਤਾਂ ਜੋ ਇਸ ਦਾ ਸੁਆਦ ਪ੍ਰਾਪਤ ਕਰ ਸਕਾਂ। ਮੇਰੇ ਦਿਲ ਵਿਚ ਅਜਿਹਾ ਸ਼ੋਕ ਅਤਾ ਫਰਮਾਓ ਤਾਂ ਜੋ ਗਲੇ ਵਿਚ ਬੰਦਗੀ ਦੀ ਗੁਲਾਮੀ ਦਾ ਪਟਾ ਪਹਿਣ ਲਵਾਂ। ਜੁਦਾਈ ਦੀਆਂ ਘੜੀਆਂ ਖਤਮ ਹੋ ਜਾਣ। ਮੇਰੀਆਂ ਅੱਖਾਂ ਵਿਚ ਵੀ ਸੁੱਖ ਸ਼ਾਂਤੀ ਦੇ ਪੈਗਾਮ ਆ ਜਾਵੇ। ਇਹ ਬਹਾਰ ਹਮੇਸ਼ਾ ਰਹਿਣ ਵਾਲੀ ਹੋਵੇ। ਐ ਰੱਬਾ ! ਮੈਨੂੰ ਬੁਰੀ ਨਜ਼ਰ ਤੋਂ ਬਚਾਈ ਰੱਖਣਾ।

**ਲਿਖਣ ਦਾ ਕਾਰਨ:** ਭਾਈ ਨੰਦ ਲਾਲ ਗੋਯਾ ਨੇ ਮਸਨਵੀ ਜ਼ਿੰਦਗੀਨਾਮਾ ਵਿਚ ਦੱਸਿਆ ਹੈ ਕਿ ਉਹ ਬੰਦਗੀ ਤੋਂ ਬੇਗਾਨੇ ਆਪਣੇ ਦਿਲ ਨੂੰ ਬੰਦਗੀ ਤੋਂ ਜਾਣੂ ਕਰਵਾਉਣਾ ਚਾਹੁੰਦੇ ਹਨ। ਉਨ੍ਹਾਂ ਦੀ ਇੱਛਾ ਸੀ ਕਿ ਉਹ ਮੁਰਸ਼ਿਦ-ਏ-ਕਾਮਿਲ ਅਤੇ ਉਸ ਦੀ ਬੰਦਗੀ ਤੋਂ ਵਾਕਿਫ ਹੋ ਜਾਣ। ਮੈਂ ਚਾਹੁੰਦਾ ਹਾਂ ਕਿ ਇਸ ਕਿਣਕੇ ਨੂੰ ਮੋਤੀ ਬਣਾ ਦੇਵੋ। ਇਹ ਬੇਗਾਨਾ ਹੋਇਆ ਦਿਲ

ਤੇਰੇ ਸਾਜ਼ਾਂ ਤੋਂ ਵਾਕਿਫ ਹੋ ਜਾਵੇ। ਜਦੋਂ ਇਹ ਲਿਖਤ ਮੁਕੰਮਲ ਹੋਈ ਤਾਂ ਲੇਖਕ ਨੇ ਉਸ ਦਾ ਨਾਂ ਬੰਦਗੀਨਾਮਾ ਰੱਖਿਆ, ਜਿਸ ਵਿਚ ਬੰਦਗੀ ਕਰਨ ਤੇ ਜ਼ੋਰ ਦਿੱਤਾ ਗਿਆ। ਜਦੋਂ ਇਹ ਮਸਨਵੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਭੇਟ ਵਜੋਂ ਪੇਸ਼ ਕੀਤੀ ਗਈ ਤਾਂ ਆਪ ਨੇ ਉਸ ਦਾ ਨਾਂ ਬਦਲ ਕੇ 'ਜ਼ਿੰਦਗੀਨਾਮਾ' ਰੱਖਿਆ। ਜ਼ਿੰਦਗੀਨਾਮੇ ਵਿਚ ਮਾਰਫਤ ਦੀਆਂ ਉਹ ਦੁਰਲੱਭ ਗੱਲਾਂ ਅਤੇ ਮਾਰਫਤ ਇਰਫਾਨ ਦੇ ਉਹ ਇਸ਼ਾਰੇ ਪੇਸ਼ ਕੀਤੇ ਗਏ ਹਨ ਜਿਸ ਨਾਲ ਦੁਨੀਆਂ ਵਾਲਿਆਂ ਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ। ਇਸ ਵਿਚ ਸੱਚੇ ਆਸ਼ਿਕਾਂ ਦੀ ਹੀ ਬੰਦਗੀ ਦਾ ਜ਼ਿਕਰ ਹੈ। ਦਿਲ ਦੇ ਬੰਦ ਦਰਵਾਜ਼ੇ ਖੁੱਲ੍ਹ ਜਾਂਦੇ ਹਨ ਜਿਸ ਵਿਚ ਅਸਲ ਬੰਦਗੀ ਦਾ ਢੰਗ ਅਤੇ ਚੜ੍ਹਨ ਵਾਲੇ ਰੰਗ ਦੀ ਵਿਸ਼ੇਸ਼ ਤੌਰ ਤੇ ਚਰਚਾ ਕੀਤੀ ਗਈ ਹੈ।

**ਮਸਨਵੀ ਜ਼ਿੰਦਗੀਨਾਮੇ ਦੀਆਂ ਵਿਸ਼ੇਸ਼ਤਾਵਾਂ:** ਭਾਈ ਨੰਦ ਲਾਲ ਗੋਯਾ ਦੀ ਇਹ ਮਸਨਵੀ ਮੌਲਵੀ ਮਾਨਵੀ ਦੀ ਯਾਦ ਤਾਜ਼ਾ ਕਰਵਾਉਂਦੀ ਹੈ ਜਿਸ ਵਿਚ ਮਾਰਫਤ ਦੀਆਂ ਦੁਰਲਭ ਗੱਲਾਂ ਦਾ ਜ਼ਿਕਰ ਵਿਸ਼ੇਸ਼ ਤੌਰ ਤੇ ਕੀਤਾ ਗਿਆ ਹੈ। ਨਜ਼ਮ ਦੀ ਦੁਨੀਆਂ ਵਿਚ ਇਕ ਨਿਵੇਕਲੇ ਢੰਗ ਨਾਲ ਮੋਤੀਆਂ ਨੂੰ ਨਗੀਨੇ ਵਿਚ ਫਿੱਟ ਕੀਤਾ ਗਿਆ ਹੈ ਜਿਸ ਦੀ ਹਰ ਗਜ਼ਲ, ਨਜ਼ਮ ਅਤੇ ਸ਼ੇਅਰ ਵਿਚ ਸੂਫ਼ੀਵਾਦ ਨੂੰ ਇਕ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਲਕਸ਼ਵੀਰ ਸਿੰਘ ਮੁਅੱਤਰ ਨਾਭਵੀ ਜ਼ਿੰਦਗੀਨਾਮਾ ਬਾਰੇ ਲਿਖਦੇ ਹਨ ਕਿ ਜ਼ਿੰਦਗੀਨਾਮਾ ਤਾਂ ਆਬ-ਏ-ਹਯਾਤ (ਹਮੇਸ਼ਾ ਦੀ ਜ਼ਿੰਦਗੀ) ਹੈ, ਜੋ ਵੀ ਇਸ ਨੂੰ ਪੜ੍ਹੇਗਾ ਤਾਂ ਬੰਦਗੀ ਵਿਚ ਕਮਾਲ ਪੈਦਾ ਹੋ ਜਾਵੇਗਾ। ਜੇਕਰ ਇਸ ਕਿਤਾਬ ਦੇ ਅਧਿਆਇਆਂ ਨੂੰ ਪੜ੍ਹਿਆ ਜਾਵੇ ਤਾਂ ਪਤਾ ਚੱਲੇਗਾ ਕਿ ਹਰੇਕ ਵਾਕ ਅਤੇ ਸ਼ਬਦ ਵਿਚ ਹੁਸਨ ਜਮਾਲ ਸ਼ਾਮਿਲ ਹੈ।[60]

**ਜ਼ੁਬਾਨ ਅਤੇ ਬਿਆਨ:** ਅਰਥਾਂ ਅਤੇ ਸ਼ੇਅਰ ਦਾ ਸਭ ਤੋਂ ਵਧੀਆ ਤਰੀਕਾ ਇਹੋ ਹੈ ਕਿ ਕਿਸੇ ਇਕ ਦਾ ਹਸੀਨ ਹੋਣਾ ਕਾਫੀ ਨਹੀਂ। ਅਰਥਾਂ ਦੇ ਨਾਲ-ਨਾਲ ਗੱਲਬਾਤ ਕਰਨ ਦਾ ਢੰਗ ਵੀ ਅਨੋਖਾ ਹੈ। ਜੇਕਰ ਬਾਹਰ ਤੋਂ ਖਰਾਬ ਹੋਵੇਗਾ ਤਾਂ ਅੰਦਰ ਦਾ ਹਿਸਾਬ ਵੀ ਤਾਂ ਗੋਦੜੀ ਵਿਚ ਪਏ ਲਾਲ ਵਾਂਗ ਹੈ ਜਿਹੜਾ ਛੁਪਿਆ ਰਹਿੰਦਾ ਹੈ। ਸਾਫ ਸੁਥਰੀ ਗੱਲਬਾਤ ਵਿਚ ਇਹੋ ਦੋ ਵਿਸ਼ੇਸ਼ਤਾਵਾਂ ਹਨ, ਜਿਸ ਨਾਲ ਮਸਨਵੀ ਦਾ ਮਿਆਰ ਵੀ ਹੋਰ ਜ਼ਿਆਦਾ ਉੱਚਾ ਹੁੰਦਾ ਹੈ। ਮਸਨਵੀ ਜ਼ਿੰਦਗੀਨਾਮਾ ਵਿਚ ਇਹ ਦੋਵੇਂ ਸਿਫਤਾਂ ਮੌਜੂਦ ਹਨ। ਇਸ ਦੀ

---

60 ਤਸਨੀਫਾਤੇ ਗੋਯਾ, ਸੰਪਾਦਕ ਗਿਆਨੀ ਮਹਿਮਾ ਸਿੰਘ, ਪੰਨਾ 2.

ਜ਼ੁਬਾਨ ਬਹੁਤ ਸਰਲ ਅਤੇ ਚੱਲਣਯੋਗ ਹੈ। ਨਾਮ ਦਾ ਵੀ ਕਿਤੇ ਉਲਝਾਅ ਅਤੇ ਪੇਚੀਦਗੀ ਨਹੀਂ। ਜ਼ੁਬਾਨ ਬਹੁਤ ਸਾਦਾ ਅਤੇ ਮਿੱਠੜੀ ਹੈ। ਸ਼ੇਅਰੀਅਤ ਵਿਚ ਜਾਨ ਨਾ ਹੋਵੇ, ਸ਼ਾਇਰੀ ਦੀ ਮੌਤ ਹੈ। ਮੌਜ਼ੂਆ ਕਿੰਨਾ ਵੀ ਸਾਫ, ਅਵਾਮ ਪਸੰਦ ਅਤੇ ਆਮ ਦੋਸਤਾਂ ਲਈ ਵੀ ਲਾਹੇਵੰਦ ਸਿੱਧ ਹੁੰਦਾ ਹੈ ਕਿਉਂ ਨਾ ਹੋਵੇ।

ਨਜ਼ਮ ਦਾ ਕਫੀਕ ਬਣ ਨਾ ਜਾਵੇ, ਨਫ਼ਲ ਦੀ ਅਦਬੀਅਤ ਦਾ ਕਫੀਲ ਨਹੀਂ ਹੋ ਸਕਦਾ। ਮਸਨਵੀ ਵਿਚ ਉਹ ਸ਼ੇਅਰ ਲੋਕਾਂ ਦੇ ਹਾਫਜ਼ੇ ਵਿਚ ਮੌਜੂਦ ਹਨ ਅਤੇ ਜ਼ੁਬਾਨਾਂ ਤੇ ਜਾਕੀ ਹਨ, ਜਿਹੜੀ ਧੁਲੀ ਹੋਈ ਹੈ ਜਿਸ ਜ਼ੁਬਾਨ ਦੇ ਮੰਨਣ ਬੋਲਣ ਵਾਲੇ ਹੁੰਦੇ ਹਨ। ਜ਼ਿੰਦਗੀਨਾਮਾ ਜਿਸ ਮਸਨਵੀ ਵਿਚ ਮੰਜ਼ਿਰ ਨਿਗਾਰੀ ਆਦਿ ਦਾ ਕਮਾਲ ਨਹੀਂ ਵਿਆਖਿਆ ਜਾ ਸਕਦਾ। ਇਸ ਲਈ ਜਜ਼ਬਿਆਂ ਦੀ ਜ਼ਿਆਦਤੀ ਤੋਂ ਇਲਾਵਾ ਜ਼ੁਬਾਨ ਬਹੁਤ ਧੁਲੀ ਹੋਈ ਹੈ। ਇਨ੍ਹਾਂ ਗੱਲਾਂ ਕਰਕੇ ਹੀ ਇਸ ਦੀ ਪ੍ਰਸਿੱਧਤਾ ਵੱਧਦੀ ਜਾ ਰਹੀ ਹੈ।

**ਜਜ਼ਬਾਤ ਨਿਗਾਰੀ:** ਇਹ ਖ਼ੂਬੀਆਂ ਚੰਗੀ ਮਸਨਵੀ ਵਿਚ ਹੁੰਦੀਆਂ ਹਨ। ਕਈਆਂ ਦੇ ਨਜ਼ਦੀਕ ਸ਼ਾਇਰੀ ਸਿਰਫ ਜਜ਼ਬਿਆਂ ਦਾ ਬਿਆਨ ਹੈ। ਸ਼ਾਇਰੀ ਦੀਆਂ ਸਭ ਤੋਂ ਵਧੀਆ ਖ਼ੂਬੀਆਂ ਹਨ ਜਿਸ ਵਿਚ ਇਨਸਾਨੀ ਜਜ਼ਬਿਆਂ ਦੀਆਂ ਲਹਿਰਾਂ ਨੂੰ ਸ਼ਬਦਾਂ ਦੇ ਪਿੰਜਰੇ ਵਿਚ ਕੈਦ ਕੀਤਾ ਜਾਂਦਾ ਹੈ। ਮਸਨਵੀ ਵਿਚ ਜਜ਼ਬਿਆਂ ਅਤੇ ਮਨਜ਼ਿਰਕਸ਼ੀ ਕੀਤੀ ਗਈ ਹੈ। ਮਸਨਵੀ ਜ਼ਿੰਦਗੀਨਾਮਾ ਦਾ ਹਰੇਕ ਸ਼ੇਅਰ ਜਜ਼ਬਿਆਂ ਨਾਲ ਭਰਪੂਰ ਹੈ। ਗੋਯਾ ਦੇ ਜਜ਼ਬੇ, ਤਾਰੀਫ ਅਤੇ ਤੋਸ਼ੀਫ ਸਨਾ ਵਿਚ ਮੁਰਸ਼ਿਦ-ਏ-ਕਾਮਿਲ ਨੂੰ ਬਿਆਨਿਆ ਗਿਆ ਹੈ। ਜਜ਼ਬਿਆਂ ਦੇ ਬਿਆਨ ਵਿਚ ਖਿਆਲਾਂ ਦਾ ਉੱਚਾ ਹੋਣਾ, ਜ਼ਾਹਿਰਦਾਰੀ ਅਤੇ ਵਾਧੂ ਚੀਜ਼ਾਂ ਸ਼ਾਮਿਲ ਕੀਤੀਆਂ ਗਈਆਂ ਹਨ। ਜੇਕਰ ਸ਼ਾਇਰੀ ਦੀ ਸਾਰੀ ਤਵੱਜੋਂ ਸ਼ਬਦਾਂ ਤੇ ਰਹੇਗੀ ਤਾਂ ਹੌਲੀ-ਹੌਲੀ ਅਰਥਾਂ ਦੀ ਪ੍ਰਵਾਜ਼ ਪ੍ਰਵੇਸ਼ ਨਹੀਂ ਕਰੇਗੀ। ਜਜ਼ਬਿਆਂ ਦਾ ਸੰਬੰਧ ਦਿਲ ਨਾਲ ਹੁੰਦਾ ਹੈ। ਇਸ ਬਿਆਨ ਵਿਚ ਇਲਮੀ ਪੈਂਤੜੇਬਾਜ਼ੀ ਅਤੇ ਅਕਲੀ ਦਲੀਲਾਂ ਦਾ ਕੋਈ ਫਾਇਦਾ ਨਹੀਂ। ਜਜ਼ਬਿਆਂ ਦੇ ਮਿਆਰ ਸੰਬੰਧੀ ਇਕੋ ਗੱਲ ਸਮਝ ਵਿਚ ਆਉਂਦੀ ਹੈ ਜਿਸ ਨੂੰ ਸ਼ਬਦਾਂ ਦੇ ਬੰਧਨ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਸ਼ਬਦਾਂ ਦੀ ਤਾਸੀਰ ਨੂੰ ਹੱਥੋਂ ਨਹੀਂ ਕੱਢਣਾ ਚਾਹੀਦਾ। ਇਸ ਦਾ ਪ੍ਰਭਾਵੀ ਅਸਰ ਸ਼ਾਇਰੀ ਤੇ ਯਕੀਨੀ ਹੁੰਦਾ ਹੈ। ਇਸ ਤਕਲੀਫ ਨੂੰ ਕੋਈ ਹੋਰ ਸ਼ਾਇਰੀ ਦੇ ਮੂੰਹੋਂ ਕਢਣਾ ਵੀ ਠੀਕ ਨਹੀਂ। ਇਸ ਫਰਕ ਨੂੰ ਕੋਈ ਹੋਰ ਸ਼ੈਅ ਬਨਾਉਟੀਪਣ ਬਰਦਾਸ਼ਤ ਨਹੀਂ ਕਰ ਸਕਦਾ।

ਮਸਨਵੀ ਜ਼ਿੰਦਗੀਨਾਮਾ ਵਿਚ ਬਨਾਉਟੀਪਣ ਨਾਮ ਦੀ ਕੋਈ ਚੀਜ਼ ਨਹੀਂ, ਸਿਰਫ ਜਜ਼ਬਾਤ ਹੀ ਜਜ਼ਬਾਤ ਹਨ ਜਿਨ੍ਹਾਂ ਨੂੰ ਸ਼ਾਇਰ, ਪਾਠਕਾਂ ਤੱਕ ਪਹੁੰਚਾਉਣ ਵਿਚ ਸੌ ਪ੍ਰਤੀਸ਼ਤ ਕਾਮਯਾਬ ਹੋਇਆ ਹੈ। ਮਸਨਵੀ ਜ਼ਿੰਦਗੀਨਾਮਾ ਦਾ ਅੰਦਾਜ਼ ਅਤੇ ਬਹਿਰੀ ਵਜ਼ਨ ਮਸਨਵੀ ਮੌਲਵੀ ਮਾਨਵੀ ਤੋਂ ਮਿਲਦਾ ਹੈ ਜਿਸ ਕਰਕੇ ਇਕ ਮਿਸਰਾ ਬੰਦਗੀ ਕਰ, ਬੰਦਗੀ ਕਰ, ਬੰਦਗੀ ਸ਼ੇਅਰ ਨੰਬਰ ਤੇਰਾਂ ਵਿਚ ਮਜ਼ਮੀਨ ਦੇ ਤੌਰ ਤੇ ਆ ਗਿਆ ਹੈ। ਇਸ ਤਰ੍ਹਾਂ ਦੂਜਾ ਮਿਸਰਾ ਸ਼ੇਅਰ ਨੰਬਰ ਚਾਰ ਸੌ ਤੀਹ ਖਾਕ ਬਰਸਬਰ ਕਨ ਗਮੇ ਅੱਯਾਸਰਾ ਹਾਫਿਜ਼ ਦੀ ਇਸ ਗਜ਼ਲ ਦਾ ਹੈ ਜਿਸ ਦਾ ਮਤਲਾ ਹੈ:

ਐ ਸਰਾਬ ਪਿਲਾਉਣ ਵਾਲੇ ਪਿਆਲੇ ਭਰ ਕੇ ਦੇਵੋ ਤਾਂ ਜੋ
ਇਹ ਮਿੱਟੀ ਰੂਪੀ ਮਨੁੱਖ ਦੁਨੀਆਂ ਦੇ ਗਮਾਂ ਨੂੰ ਭੁੱਲ ਜਾਵੇ॥

ਮਸਨਵੀ ਜ਼ਿੰਦਗੀਨਾਮਾ ਲਫਜ਼ੀ ਅਤੇ ਸ਼ਬਦਾਰਥਕ ਖੂਬੀਆਂ ਨਾਲ ਸਜਾਇਆ ਗਿਆ ਹੈ।

**ਸਨਅਤੇ ਤਜ਼ਾਦ**: ਜਿਵੇਂ ਮੇਰੀਆਂ ਅੱਖਾਂ ਵਿਚ ਖੁਮਾਰ ਦੀ ਮਸਤੀ ਹੈ, ਜਿਹੜੀ ਹਰ ਆਦਮੀ ਦੀਆਂ ਪਲਕਾਂ ਚੜ੍ਹਾ ਦਿੰਦੀ ਹੈ। ਦਿਨ ਰਾਤ ਦੀ ਇਬਾਦਤ ਬੰਦੇ ਨੂੰ ਖੁਸ਼ ਰੱਖਦੀ ਹੈ। ਤੂੰ ਇਸ ਅਸੀਮਤ ਦੇ ਅਰਥਾਂ ਨੂੰ ਨਹੀਂ ਜਾਣਦਾ। ਉਹ ਜ਼ਿੰਦਗੀ ਮੌਤ ਦੀ ਕੈਦ ਤੋਂ ਦੂਰ ਹੈ। ਹਰੇਕ ਮਰਦ ਔਰਤ ਉਸ ਲਈ ਪਾਗਲ ਬਣਿਆ ਹੋਇਆ ਹੈ। ਇਹ ਜ਼ਮੀਨ ਅਤੇ ਅਸਮਾਨ ਉਸ ਰੱਬ ਦੀ ਜ਼ਾਤ ਨਾਲ ਭਰਿਆ ਹੋਇਆ ਹੈ।

**ਸਨਅਤੇ ਸਵਾਲ ਜਵਾਬ:** ਹੱਕ ਕੀ ਹੈ? ਉਸ ਪਾਕ ਜ਼ਾਤ ਸਦਾ ਰਹਿਣ ਵਾਲੀ ਹਸਤੀ ਨੂੰ ਯਾਦ ਕਰਨ ਦਾ ਨਾਮ ਹੈ ਜਿਹੜਾ ਇਸ ਮੁੱਠੀ ਭਰ ਮਨੁੱਖ ਦੀ ਤਰ੍ਹਾਂ ਜ਼ਾਹਰੀ ਲਿਬਾਸ ਨਹੀਂ ਪਹਿਨਦਾ। ਤੂੰ ਰੱਬ ਤੋਂ ਗਾਫਿਲ ਕਿਉਂ ਹੋਇਆ ਏ? ਐ ਮੌਲਵੀ ਤੇਰੇ ਤੇ ਕਿੰਨੇ ਅਹਿਸਾਨ ਹਨ। ਹੱਕ ਸੱਚ ਵਾਲਿਆਂ ਦੀ ਬੈਠਕ ਉਹ ਹੈ ਜਿਹੜੇ ਸੱਚੇ ਇਸ਼ਕ ਦਾ ਸ਼ਬਦ ਯਾਦ ਕਰਦੇ ਹਨ। ਬਾਦਸ਼ਾਹੀ ਅਤੇ ਫਕੀਰੀ ਕੀ ਹੈ? ਨਹੀਂ ਜਾਣਦਾ। ਹਰੇਕ ਬੰਦਾ ਉਸ ਦੀ ਯਾਦ ਵਿਚ ਰੁਝਿਆ ਹੋਇਆ ਹੈ। ਚਿੰਤਾ ਕਿਉਂ ਕਰਦਾ ਹੈਂ? ਰੱਬ ਦੀ ਯਾਦ ਨਾ ਕਰਨ ਕਰਕੇ। ਖੁਸ਼ੀ ਕੀ ਹੈ? ਉਸ ਦੀ ਬਹੁਤ ਜ਼ਿਆਦਾ ਯਾਦ ਕਰਨ ਕਰਕੇ। ਉਸ ਦੇ ਬੇਅੰਤ ਅਰਥ ਹਨ, ਕਿ ਤੂੰ ਜਾਣਦਾ ਹੈ? ਉਹ ਜ਼ਿੰਦਗੀ ਮੌਤ ਦੀ ਕੈਦ ਵਿਚ ਨਹੀਂ, ਗੋਯਾ ਕੀ ਹੈ? ਜ਼ਿੰਦਗੀ ਕੀ ਹੈ? ਤੂੰ ਇਸ ਦੇ ਅਰਥ ਨਹੀਂ ਜਾਣਦਾ? ਆਪਣੀ ਉਮਰ ਨੂੰ ਉਸ ਦੀ ਯਾਦ ਵਿਚ ਗੁਜ਼ਾਰਨ ਦਾ ਨਾਮ

ਹੈ। ਰੱਬ ਦੇ ਬੰਦਿਆਂ ਦੀ ਕੀ ਰਸਮ ਹੈ? ਨਹੀਂ ਜਾਣਦਾ। ਮਰਨ ਜਿਊਣ ਦੀ ਕੈਦ ਤੋਂ ਫਾਰਿਗ ਹੋਣ ਦਾ ਨਾਮ ਹੈ।

**ਸਨਅਤੇ ਮੁਕੱਰਰ:** ਹਮੇਸ਼ਾ ਰਹਿਣ ਵਾਲੀ ਦੌਲਤ ਕੀ ਹੈ? ਬੰਦਗੀ ਕਰ, ਬੰਦਗੀ ਕਰ, ਜੋ ਕੋਈ ਹਮੇਸ਼ਾ ਉਸ ਦੀ ਯਾਦ ਵਿਚ ਰਹਿੰਦਾ ਹੈ, ਤਾਂ ਰੱਬ ਉਸ ਨੂੰ ਕਾਇਮ ਰੱਖਦਾ ਹੈ। ਰੱਬ ਦੀ ਬੰਦਗੀ ਕਰਨ ਵਾਲਾ ਹਮੇਸ਼ਾ ਖੁਸ਼ ਰਹਿੰਦਾ ਹੈ। ਇਸ ਕਰਕੇ ਉਸ ਦੀ ਬੰਦਗੀ ਕਰ। ਉਸ ਦੀ ਯਾਦ ਵਿਚ ਹੀ ਇੱਜ਼ਤ ਹੈ। ਇਸ ਲਈ ਉਸ ਦੀ ਯਾਦ ਕਰ। ਉਸਨੂੰ ਯਾਦ ਕਰ, ਆਪਣੇ ਦਿਲ ਰੂਪੀ ਘਰ ਨੂੰ ਆਬਾਦ ਕਰ। ਜੇਕਰ ਤੂੰ ਸੱਚੇ ਇਸ਼ਕ ਦਾ ਸਬਕ ਪੜ੍ਹਨਾ ਚਾਹੁੰਦਾ ਹੈ ਤਾਂ ਉਸਨੂੰ ਸੱਚੇ ਦਿਲੋਂ ਯਾਦ ਕਰ। ਉਸ ਦੇ ਸਦਕੇ ਹੀ ਰੱਬ ਨੂੰ ਵੇਖਿਆ ਜਾ ਸਕਦਾ ਹੈ। ਮੈਂ ਵੇਖਿਆ ਹੈ, ਹੱਕ ਸੱਚ ਦੇ ਅਰਥ ਕੋਈ ਨਹੀਂ ਜਾਣਦਾ, ਰੱਬ ਦੀ ਸੂਰਤ ਤਾਂ ਉਸ ਦੇ ਨੇਕ ਬੰਦੇ ਹਨ। ਹੱਕ ਦੇ ਤਾਲਿਬਾਂ ਨਾਲ ਹਮੇਸ਼ਾ ਅਦਬ ਨਾਲ ਪੇਸ਼ ਆਉ। ਅਦਬ ਵਾਲਾ ਬਣ ਕੇ ਅਦਬ ਵਾਲੇ ਰਹੋਗੇ। ਉਸ ਦੀ ਯਾਦ ਨੂੰ ਜ਼ਰੂਰੀ ਸਮਝ ਉਸ ਦੀ ਯਾਦ ਤੈਨੂੰ ਹਮੇਸ਼ਾ ਕਾਇਮ ਰੱਖੇਗੀ। ਹੱਕ ਸੱਚ ਦੇ ਬੀਜ ਨੂੰ ਜੇਕਰ ਦਿਲ ਵਿਚ ਬੀਜੋਗੇ ਤਾਂ ਦਿਲ ਦਾ ਮਿੱਟੀ-ਘੱਟਾ ਖਤਮ ਹੋ ਜਾਵੇਗਾ। ਬੰਦਗੀ ਨੂੰ ਬੰਦਗੀ ਸਮਝ ਕੇ ਕਰੋ, ਬੰਦਗੀ ਜ਼ਿੰਦਗੀ ਦੀ ਨਿਸ਼ਾਨੀ ਹੋਵੇ। ਉਸ ਦੀ ਯਾਦ ਤੋਂ ਬਗੈਰ ਹੋਰ ਕੋਈ ਗੱਲ ਨਾ ਹੋਵੇ, ਰੱਬ ਦੀ ਯਾਦ ਹੋਵੇ, ਰੱਬ ਦੀ ਯਾਦ ਹੋਵੇ।

**ਤਰਸੀਅ:** ਲੋਕ ਉਸ ਦੀ ਬੰਦਗੀ ਕਰਕੇ ਖੁਸ਼ ਹਨ, ਉਹ ਇਸ ਕਰਕੇ ਵੀ ਖੁਸ਼ ਹਨ ਕਿਉਂਕਿ ਕਿ ਉਹ ਜਿਉਂਦੇ ਹਨ, ਕਿਉਂਕਿ ਉਹ ਉਸ ਦੀ ਬੰਦਗੀ ਕਰਦੇ ਹਨ। ਉਨ੍ਹਾਂ ਦੀ ਨੀਂਹ ਹੀ ਉਸ ਦੀ ਯਾਦ ਹੈ। ਹੱਕ ਪ੍ਰਸਤ ਜਦੋਂ ਹੱਕ ਪ੍ਰਸਤੀ ਕਰਦੇ ਹਨ ਤਾਂ ਉਹ ਊਚ ਨੀਚ ਨਹੀਂ ਰੱਖਦੇ। ਖੁਦਪ੍ਰਸਤੀ ਬੇਸਮਝ ਲੋਕਾਂ ਦਾ ਵਤੀਰਾ ਹੈ, ਹੱਕ ਪ੍ਰਸਤੀ ਈਮਾਨ ਵਾਲਿਆਂ ਦੀ ਨਿਸ਼ਾਨੀ ਹੈ।

**ਤਜਨੀਸ ਲਾਹੱਕ:** ਐ ਦਿਲ ਜੇਕਰ ਤੂੰ ਉਸ ਵੱਲ ਝੁੱਕਦਾ ਹੈਂ ਤਾਂ ਉਹ ਪਾਕ ਹਸਤੀ ਵੀ ਤੈਥੋਂ ਜੁਦਾ ਨਹੀਂ ਹੈ। ਇੱਕ ਮੁੱਠੀ ਭਰ ਮਨੁੱਖ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਸਦੀ ਅੰਦਰਲੀ ਕੈਫੀਅਤ ਵੀ ਪਾਕ ਹੋ ਜਾਂਦੀ ਹੈ। ਗੈਰ ਆਰਿਫ ਨੂੰ ਇਸ ਸਬੰਧੀ ਕੁਝ ਸਰੋਕਾਰ ਨਹੀਂ। ਆਰਿਫਾਂ ਲਈ ਤਾਂ ਉਸਦੀ ਯਾਦ ਹੀ ਸਭ ਕੁਝ ਹੈ।

**ਤਲਮੀਹ:** ਜਦੋਂ ਮਨਸੂਰ ਨੇ ਆਪਣੀ ਜ਼ੁਬਾਨ ਤੇ ਅਨਲਹੱਕ ਲੈ ਆਂਦਾ ਤਾਂ ਮਨਸੂਰ ਦਾ ਸੂਲੀ ਦੇ ਫੰਦੇ ਨਾਲ ਵਾਸਤਾ ਪਿਆ।

**ਮਰਾ ਆਤੁੰਨਜ਼ੀਰ:** ਤੇਰਾ ਸਰੀਰ ਤਾਂ ਹਵਾ ਅੱਗ ਅਤੇ ਪਾਣੀ ਤੋਂ ਬਣਿਆ ਹੋਇਆ ਹੈ। ਪਾਣੀ ਦਾ ਬੁਲਬੁਲਾ ਹੈ ਜਿਸ ਵਿਚ ਉਹ ਵਸਦਾ ਹੈ। ਈਰਖਾ ਤੇ ਵਿਰੋਧਤਾ ਤੋਂ ਸੰਕੋਚ ਕਰਨਾ ਚਾਹੀਦਾ ਹੈ ਜਿਸ ਤੇ ਹੱਕ ਸੱਚ ਦੀ ਛਾਂ ਆ ਜਾਵੇ ਉਸ ਲਈ ਮਾਤਾ-ਪਿਤਾ ਵੀ ਠੰਡੀ ਛਾਂ ਹਨ। ਜਿਹੜਾ ਉਸ ਦੀ ਯਾਦ ਵਿਚ ਸਮਾਂ ਗੁਜ਼ਾਰਦਾ ਹੈ ਉਹ ਤਾਂ ਹੀਰੇ ਮੋਤੀ ਕਮਾ ਰਿਹਾ ਹੈ। ਆਰਿਫ, ਕਾਮਿਲ, ਆਮਿਲ ਤਾਂ ਹਰ ਸਮੇਂ ਉਸ ਦੀ ਯਾਦ ਵਿਚ ਰਹਿੰਦੇ ਹਨ।

**ਉਪਮਾ, ਤਸ਼ਬੀਹ:** ਜਿਵੇਂ ਬੱਦਲਾਂ ਦੇ ਹੇਠਾਂ ਸੂਰਜ ਛੁਪਿਆ ਹੋਵੇ ਤਾਂ ਉਸ ਦੀਆਂ ਪਲਕਾਂ ਵੀ ਇੰਜ ਹੀ ਲੱਗਦੀਆਂ ਹਨ, ਮੰਨੋ ਇਕ ਪਾਣੀ ਦੇ ਕਤਰੇ ਤੋਂ ਰੱਬ ਨੇ ਉਸ ਨੂੰ ਬਣਾਇਆ ਹੈ। ਇਸ ਮਿੱਟੀ ਦੇ ਮਨੁੱਖ ਨੂੰ ਸੂਰਜ ਵਾਂਗ ਚਮਕਾ ਦਿੱਤਾ ਹੈ।

**ਸਿਆਕਤੁਲ ਆਦਾਦ**: ਉਸ ਕੋਲ ਤਾਂ ਲੱਖਾਂ ਜੰਨਤਾਂ ਹਨ, ਜਿਸ ਨੂੰ ਮਿਲਦੀਆਂ ਹਨ ਉਹ ਖੁਸ਼ ਹੋ ਜਾਂਦੇ ਹਨ।

**ਤਜਨੀਸ ਜ਼ਾਹਿਦ-** ਤੇਰੇ ਲਈ ਬੰਦਗੀ ਦਾ ਲਿਬਾਸ ਹੀ ਬਿਹਤਰ ਹੈ। ਉਸ ਦੀ ਯਾਦ ਦੋਵੇਂ ਜਹਾਨਾਂ ਵਿਚ ਕੰਮ ਆਉਣ ਵਾਲੀ ਹੈ। ਉਸ ਦੀ ਯਾਦ ਭੁੱਲਿਆਂ ਭਟਕਿਆਂ ਲਈ ਰਸਤਾ ਵਿਖਾਉਣ ਵਾਲੀ ਹੈ। ਬੇਅਦਬ ਕਦੀ ਵੀ ਹੱਕ ਦਾ ਰਾਹ ਨਹੀਂ ਤਲਾਸ਼ ਕਰ ਸਕਦਾ। ਹੱਕ ਸੱਚ ਦਾ ਪਾਂਧੀ ਕਦੀ ਗੁਮਰਾਹ ਨਹੀਂ ਹੁੰਦਾ।

**ਇਸ਼ਤਕਾਕ-** ਮਾਲਿਕ ਲਈ ਬੰਦਾ ਆਇਆ ਹੈ, ਬੰਦਾ ਬੰਦਗੀ ਨਾਲ ਬੰਦਾ ਬਣਦਾ ਹੈ, ਉਹ ਕੁਦਰਤ ਰੱਖਣ ਵਾਲਾ ਹੈ, ਝੂਠੇ ਮਾਲ ਦਾ ਲਾਲਚ ਚੰਗੀ ਚੀਜ਼ ਨਹੀਂ ਹੈ। ਹਰੇਕ ਬੰਦੇ ਵਿਚ ਰੱਬ ਵਸਦਾ ਹੈ। ਇਸ ਨੂੰ ਵੇਖੋ। ਉਹ ਹਾਜ਼ਰ, ਹਜ਼ੂਰ ਅਤੇ ਮਨਜ਼ੂਰ ਹੈ, ਜਿਸ ਨੂੰ ਵੇਖਣ ਦੀ ਜ਼ਰੂਰਤ ਹੈ।

## II

**ਮਸਨਵੀ ਜੋਤ ਵਿਗਾਸ-** ਭਾਈ ਨੰਦ ਲਾਲ ਗੋਯਾ ਦੀ ਦੂਜੀ ਮਸਨਵੀ ਜੋਤਿ ਵਿਗਾਸ ਹੈ। ਮਸਨਵੀ 179 ਸ਼ੇਅਰਾਂ ਤੇ ਆਧਾਰਿਤ ਹੈ। ਇਹ ਗੋਯਾ ਦਾ ਪਾਕ ਸਾਫ ਗੁਲਦਸਤਾ ਹੈ ਜਿਸ ਵਿਚ ਸ਼ਰਧਾ, ਮੁਹੱਬਤ ਦਾ ਜੋਸ਼ ਹੈ ਜੋ ਗੁਰੂ ਸਾਹਿਬਾਨ ਦੀ ਸ਼ਾਨ ਵਿਚ ਸੰਖੇਪ ਅਤੇ ਠੋਸ ਸ਼ੇਅਰਾਂ ਦੀ ਸ਼ਕਲ ਵਿਚ ਲਿਖੀ ਹੋਈ ਹੈ। ਇਸ ਵਿਚ ਆਪਣੇ ਮੁਰਸ਼ਿਦ-ਏ-ਕਾਮਿਲ ਦੀ

ਸਿਫਤ ਸਲਾਹ ਕੀਤੀ ਹੋਈ ਹੈ। ਇਹ ਸ਼ਰਧਾ ਅਤੇ ਅਕੀਦਤ ਦਾ ਇਕ ਪਾਕੀਜ਼ਾ ਨਮੂਨਾ ਹੈ। ਗੋਯਾ ਨੇ ਮਸਨਵੀ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦਿਆਂ ਕੀਤੀ ਹੈ। ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਰੱਬ ਦੇ ਨੂਰ, ਹੱਕ-ਸੱਚ ਦੇ ਹਾਮੀ ਹਨ। ਆਪ ਦੀ ਇੱਜ਼ਤ ਅਤੇ ਵਡਿਆਈ ਕਰਨੀ ਬਣਦੀ ਹੈ। ਰੱਬ ਦੇ ਭੇਜੇ ਹੋਏ ਬੰਦੇ ਹਨ ਜਿਹੜੇ ਹੱਕ ਸੱਚ ਫੈਲਾਉਣ ਲਈ ਆਏ ਸਨ। ਉਹ ਲਿਖਦੇ ਹਨ: ਗੁਰੂ ਨਾਨਕ ਸਾਹਿਬ ਦਾ ਨਰਾਇਣ ਸਰੂਪ ਹੈ, ਨਿਰੰਜਣ ਅਤੇ ਨਿਰੰਕਾਰ ਰੂਪ ਹੈ, ਉਨ੍ਹਾਂ ਦਾ ਵਜੂਦ ਹੀ ਹੱਕ ਸੱਚ ਦਾ ਪ੍ਰਸਾਰ ਹੈ। ਸਾਰੀ ਦੁਨੀਆਂ ਦਾ ਫੈਜ਼ ਵੀ ਇਨ੍ਹਾਂ ਕਰਕੇ ਹੀ ਹੈ।

ਭਾਈ ਗੁਰਦਾਸ ਜੀ ਫਰਮਾਉਂਦੇ ਹਨ ਕਿ ਧਰਮ ਦਾ ਬਲਦ ਜਿਹੜਾ ਜ਼ਮੀਨ ਨੂੰ ਚੁੱਕੀਂ ਖੜਾ ਹੈ, ਉਸ ਨੇ ਰੱਬ ਅੱਗੇ ਅਰਜ਼ ਕੀਤੀ ਕਿ ਐ ਰੱਬਾ! ਦੁਨੀਆਂ ਵਿਚ ਬੇਸ਼ੁਮਾਰ ਜ਼ੁਲਮ ਅਤੇ ਅੱਤਿਆਚਾਰ ਹੋ ਰਿਹਾ ਹੈ ਅਤੇ ਬਗੈਰ ਕਿਸੇ ਗੁਰੂ ਪੀਰ ਦੇ ਜ਼ੁਲਮ ਦੀ ਕੋਈ ਰੋਕਥਾਮ ਨਹੀਂ ਕਰ ਸਕਦਾ। ਗੁਰੂ ਤੋਂ ਬਗੈਰ ਲੋਕ ਹਨੇਰੇ ਵਿਚ ਆਪਸ ਵਿਚ ਲੜ-ਲੜ ਕੇ ਮਰ ਰਹੇ ਹਨ। ਇਸ ਲਈ ਇਹ ਬੇਨਤੀ ਸੁਣ ਕੇ ਰੱਬ ਨੇ ਗੁਰੂ ਨਾਨਕ ਦੇਵ ਜੀ ਨੂੰ ਦੁਨੀਆਂ ਵਿਚ ਭੇਜਿਆ।

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥ [61]

ਅਤੇ ਉਹ ਅੱਗੇ ਫਰਮਾਉਂਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਪੈਦਾ ਹੋਣ ਨਾਲ ਦੁਨੀਆਂ ਵਿਚੋਂ ਜ਼ੁਲਮ, ਸਿਤਮ, ਅਨਪੜ੍ਹਤਾ ਅਤੇ ਅਗਿਆਨਤਾ ਦਾ ਗਰਦ-ਗੁਬਾਰ ਨੂੰ ਛੱਲ ਪੈ ਗਿਆ, ਸਾਰੀ ਦੁਨੀਆਂ ਪ੍ਰਕਾਸ਼ ਨਾਲ ਨੂਰਾਨੀ ਹੋ ਗਈ। ਭਾਵ ਕਲਯੁੱਗ ਵਿਚ ਰੱਬ ਦਾ ਬੰਦਾ ਪੈਦਾ ਹੋ ਗਿਆ।

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਗੁਰਮੁਖਿ ਕਲਿ ਵਿਚਿ ਪਰਗਟ ਹੋਆ॥ [62]

ਗੋਯਾ ਅੱਗੇ ਚੱਲ ਕੇ ਗੁਰੂ ਨਾਨਕ ਦੇਵ ਜੀ ਬਾਰੇ ਲਿਖਦੇ ਹਨ ਕਿ ਰੱਬ ਨੇ ਇਨ੍ਹਾਂ ਨੂੰ ਦੋਹਾਂ ਜਹਾਨਾਂ ਲਈ ਮੁਰਸ਼ਦ, ਦੋਹਾਂ ਜਹਾਨਾਂ ਦੇ ਬਾਦਸ਼ਾਹ, ਦੋਹਾਂ ਜਹਾਨਾਂ ਲਈ ਰਹਿਮਤ ਅਤੇ ਦੋਹਾਂ ਜਹਾਨਾਂ ਲਈ ਛੁਟਕਾਰਾ ਦਿਵਾਉਣ ਵਾਲਿਆਂ ਨਾਲ ਨਿਵਾਜਿਆ। ਰੱਬ ਨੇ ਇਨ੍ਹਾਂ ਦੀ ਸ਼ਾਨ ਨੂੰ ਉੱਚਾ ਕੀਤਾ। ਇਸ ਕਰਕੇ ਇਨ੍ਹਾਂ ਦੇ ਸਾਰੇ ਸ਼ਾਗਿਰਦਾਂ ਨੇ ਇਨ੍ਹਾਂ ਅੱਗੇ ਸੀਸ

61 ਵਾਰਾਂ ਭਾਈ ਗੁਰਦਾਸ, ਵਾਰ 1, ਪਾਉੜੀ 23.
62 ਵਾਰਾਂ ਭਾਈ ਗੁਰਦਾਸ, ਵਾਰ 1, ਪਾਉੜੀ 27.

ਨਿਵਾਇਆ। ਰੱਬ ਨੇ ਹੱਦ ਤੋਂ ਜ਼ਿਆਦਾ ਹੋਰ ਮਿਹਰਬਾਨੀ ਇਹ ਫਰਮਾਈ ਕਿ ਇਨ੍ਹਾਂ ਨੂੰ ਹਮੇਸ਼ਾ ਰਹਿਣ ਵਾਲੀ ਬਾਦਸ਼ਾਹੀ ਉਚੇ ਰੁਤਬਿਆਂ ਅਤੇ ਹਮੇਸ਼ਾ ਰਹਿਣ ਵਾਲੀ ਸਰਦਾਰੀ ਨਾਲ ਵੀ ਨਿਵਾਜਿਆ ਗਿਆ। ਦੁਨੀਆਂ ਦੀਆਂ ਸਾਰੀਆਂ ਨੇਮਤਾਂ ਨਾਲ ਸਰਫਰਾਜ਼ ਕੀਤਾ ਗਿਆ। ਜ਼ਮਾਨੇ ਦੇ ਵੱਡੇ ਅਹੁਦਿਆਂ ਵਾਲੇ ਲੋਕਾਂ ਨੇ ਵੀ ਆਪ ਦੀ ਬਜ਼ੁਰਗੀ ਅਤੇ ਵਡਿਆਈ ਨੂੰ ਤਸਲੀਮ ਕੀਤਾ, ਇਨ੍ਹਾਂ ਦੇ ਆਉਣ ਨਾਲ ਦੋਹਾਂ ਜਹਾਨਾਂ ਵਿਚ ਹੱਕ ਸੱਚ ਫੈਲਿਆ।

ਇਹੋ ਨਹੀਂ ਸਗੋਂ ਰੱਬ ਦੀ ਹੋਰ ਰਚਨਾ ਨੇ ਵੀ ਆਪ ਅੱਗੇ ਸੀਸ ਨਿਵਾਇਆ ਅਤੇ ਇਨ੍ਹਾਂ ਦੇ ਉਚੇ ਰੁਤਬੇ ਲਈ ਰੱਬ ਅੱਗੇ ਅਰਦਾਸ ਵੀ ਕੀਤੀ। ਭਾਵੇਂ ਆਪ ਤੋਂ ਪਹਿਲਾਂ ਰਾਮ ਕ੍ਰਿਸ਼ਨ ਦੇਵੀ-ਦੇਵਤਿਆਂ ਨੇ ਅਵਤਾਰ ਧਾਰਿਆ ਪਰ ਗੁਰੂ ਨਾਨਕ ਸਾਹਿਬ ਨੇ ਸਮਾਜ ਵਿਚ ਆਪਣੇ ਲਈ ਇਕ ਨਿਵੇਕਲੀ ਥਾਂ ਬਣਾਈ। ਫਰਿਸ਼ਤਿਆਂ ਨੇ ਰੱਬ ਦੀਆਂ ਹੋਰ ਹਜ਼ਾਰਾਂ ਪਾਕ ਹਸਤੀਆਂ ਨੇ ਆਪ ਦੀ ਉਚੀ ਸ਼ਾਨ ਦੇ ਸੋਹਲੇ ਗਾਏ। ਹਜ਼ਾਰਾਂ ਬਾਦਸ਼ਾਹ ਵੀ ਆਪ ਦੇ ਸੇਵਕ ਬਣੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂ ਸਾਹਿਬਾਨਾਂ ਵਿਚ ਇਕ ਹੀ ਪਾਕਿ ਤਜਲੀ ਅਤੇ ਰੱਬ ਦਾ ਨੂਰ ਨਜ਼ਰੀਂ ਆਇਆ। ਦਸ ਦੇ ਦਸ ਗੁਰੂ ਸਾਹਿਬਾਨ ਇਕੋ ਜੋਤ ਸਰੂਪ ਹਨ। ਭਾਈ ਗੁਰਦਾਸ ਅਠੱਤੀਵੀਂ ਵਾਰ ਵਿਚ ਲਿਖਦੇ ਹਨ।

ਸਤਿਗੁਰੂ ਨਾਨਕ ਦੇਉ ਹੈ ਪਰਮੇਸਰੁ ਸੋਈ।
ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ।
ਅਮਰਾ ਪਦੁ ਗੁਰੁ ਅੰਗਦਹੁ ਹੁਇ ਹੋਏ ਜਾਣੁ ਜਣੋਈ।
ਗੁਰੁ ਅਮਰਹੁ ਗੁਰੁ ਰਾਮਦਾਸ ਅੰਮ੍ਰਿਤ ਰਸੁ ਭੋਈ।
ਰਾਮਦਾਸਹੁ ਅਰਜਨੁ ਗੁਰੂ ਗੁਰੁ ਸਬਦ ਸਥੋਈ।
ਹਰਗੋਵਿੰਦ ਗੁਰੁ ਅਰਜਨਹੁ ਗੁਰੁ ਗੋਵਿੰਦ ਹੋਈ॥ [63]

ਭਾਵ ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਦਾ ਰੂਪ ਹਨ ਇਨ੍ਹਾਂ ਨੇ ਆਪਣੀ ਜੋਤ (ਤਜੱਲੀ) ਗੁਰੂ ਅੰਗਦ ਜੀ ਵਿਚ ਰੱਖ ਦਿੱਤੀ। ਇਸ ਤਰ੍ਹਾਂ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਹਰਗੋਬਿੰਦ ਸਾਹਿਬ ਵਿਚ ਇਹ ਰੱਬ ਦਾ ਨੂਰ ਪ੍ਰਗਟ ਹੁੰਦਾ ਰਿਹਾ। ਗੁਰੂ ਹਰਿ ਰਾਇ, ਗੁਰੂ ਹਰਿਕ੍ਰਿਸ਼ਨ, ਗੁਰੂ ਤੇਗ ਬਹਾਦਰ ਜੀ ਵਿਚ ਇਸ ਪਾਕਿ ਪ੍ਰਕਾਸ਼ ਨੇ ਤਰੱਕੀ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਵਿਚ ਜੋਤੀ ਮਿਲਾ

63 ਵਾਰਾਂ ਭਾਈ ਗੁਰਦਾਸ ਜੀ, ਵਾਰ-38, ਪਾਉੜੀ 20.

ਦਿੱਤੀ। ਭਾਈ ਨੰਦ ਲਾਲ ਗੋਯਾ ਇਸ ਹਕੀਕਤ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ। ਅਸੀਂ ਹੀ ਗੁਰੂ ਨਾਨਕ, ਅਸੀਂ ਹੀ ਗੁਰੂ ਅੰਗਦ, ਅਸੀਂ ਹੀ ਅਮਰਦਾਸ, ਜਿਹੜੇ ਪਿਤਾ ਪੁਰਖ ਹਨ, ਅਸੀਂ ਹੀ ਰਾਮਦਾਸ, ਅਸੀਂ ਹੀ ਅਰਜਨ ਹਾਂ। ਅਸੀਂ ਹੀ ਗੋਬਿੰਦ ਜਿਹੜੇ ਉੱਚੇ ਰੁਤਬੇ ਵਾਲੇ ਹਨ ਅਸੀਂ ਹੀ ਹਰਿ ਰਾਇ, ਗੁਰੂ ਜਿਹੜੇ ਇਨ੍ਹਾਂ ਦੀ ਪੁਸ਼ਤਾਂ ਵਿਚੋਂ ਹੀ ਪ੍ਰਗਟ ਹੋਏ, ਅਸੀਂ ਹੀ ਹਰਿਕ੍ਰਿਸ਼ਨ ਉੱਚੇ ਰੁਤਬੇ ਵਾਲੇ, ਹਰ ਉਮੀਦ ਨੂੰ ਪੂਰਾ ਕਰਨ ਵਾਲੇ। ਅਸੀਂ ਹੀ ਗੁਰੂ ਤੇਗ ਬਹਾਦਰ ਜ਼ਿਨ੍ਹਾਂ ਦੇ ਨੂਰ ਨਾਲ ਗੁਰੂ ਗੋਬਿੰਦ ਸਿੰਘ ਤਸ਼ਰੀਫ ਲਿਆਏ। ਅਸੀਂ ਹੀ ਗੁਰੂ ਗੋਬਿੰਦ ਸਿੰਘ, ਅਸੀਂ ਹੀ ਨਾਨਕ ਹਾਂ। ਅਸੀਂ ਉਨ੍ਹਾਂ ਦੇ ਪਾਕਿ ਵਚਨਾਂ ਨੂੰ ਲੋਕਾਈ ਤੱਕ ਪਹੁੰਚਾਉਣ ਵਾਲੇ ਹਾਂ।

ਭਾਵ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਹੀ ਇਕ ਜੋਤ ਤੋਂ ਪੈਦਾ ਹੋਏ। ਇਸ ਤੋਂ ਬਾਅਦ ਭਾਈ ਨੰਦ ਲਾਲ ਗੋਯਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿਫਤਾਂ ਬਿਆਨ ਕਰਦੇ ਹੋਏ ਲਿਖਦੇ ਹਨ, ਆਪ ਹਰ ਮੁਸ਼ਕਿਲ ਘੜੀ ਵਿਚ ਇਕ ਕੁੰਜੀ ਦਾ ਕੰਮ ਕਰਨ ਵਾਲੇ ਸੱਤੇ ਜਹਾਨਾਂ ਦੀ ਬਾਦਸ਼ਾਹੀ ਰੱਬ ਨੇ ਆਪ ਨੂੰ ਬਖਸ਼ੀ ਅਤੇ ਇੱਜ਼ਤ ਦਾ ਤਾਜ ਆਪ ਦੇ ਸਿਰ ਤੇ ਬੰਨ੍ਹਿਆ। ਸੂਰਜ-ਚੰਨ-ਤਾਰੇ ਆਪ ਦੀ ਤਾਰੀਫ ਵਿਚ ਜੁਟ ਗਏ। ਹੀਰੇ ਮੋਤੀ ਤੇ ਹੋਰ ਕਈ ਚੀਜ਼ਾਂ ਨੇ ਵੀ ਆਪ ਦੀ ਤਾਜ਼ੀਮ ਕੀਤੀ। ਆਪ ਦੇ ਆਉਣ ਨਾਲ ਹਨੇਰਾ ਦੂਰ ਹੋਇਆ। ਲੋਕਾਈ ਨੂੰ ਫਾਇਦਾ ਦੇਣ ਵਾਲਾ ਚਾਨਣ ਪ੍ਰਗਟ ਹੋਇਆ। ਦੁਨੀਆਂ ਵਾਲਿਆਂ ਦੇ ਲਈ ਫਜ਼ਲ ਤੇ ਮਿਹਰਬਾਨੀ ਦਾ ਚੰਨ ਸਿੱਧ ਹੋਇਆ।

ਸਵੇਰ ਦੀ ਠੰਡੀ-ਠੰਡੀ ਹਵਾ, ਕਰਮਾਂ ਵਾਲਾ ਦਰਖਤ ਅਤੇ ਵਧੀਆ ਫਲ, ਰਾਤ ਲਈ ਚਿਰਾਗ, ਬਾਗ ਲਈ ਬਹਾਰ, ਇਕੋ ਇਕ ਦਾ ਪ੍ਰਚਾਰ ਕਰਨ ਵਾਲੇ, ਹੁਮਾ ਦੇ ਪੰਛੀ ਵਾਂਗ ਉੱਚੀ ਉਡਾਣ ਕਰਵਾਉਣ ਵਾਲੇ, ਚਮਕਦੇ-ਦਮਕਦੇ ਸੂਰਜ, ਬਾਗ ਦੀ ਬਹਾਰ ਵਾਂਗ, ਤੁਹਾਡੇ ਕਰਕੇ ਹੀ ਊਚ-ਨੀਚ ਦਾ ਖਾਤਮਾ ਹੋਇਆ, ਉਚੇ ਰੁਤਬਿਆਂ ਵਾਲੇ, ਉੱਚੀ ਸ਼ਾਨ ਵਾਲੇ, ਕਿਰਪਾਲੂ ਅਤੇ ਸਿਫਤਾਂ ਵਾਲੇ, ਉੱਚੇ ਦਰਜਿਆਂ ਵਾਲੇ, ਕਾਲੇ-ਚਿੱਟੇ ਭਾਵ ਦਿਨ-ਰਾਤ ਦੇ ਭੇਦਾਂ ਦਾ ਗਿਆਨ ਰੱਖਣ ਵਾਲੇ, ਸ਼ਰਾਫਤ ਨਾਲ ਭਰਪੂਰ, ਜਮਾਲ ਅਤੇ ਕਮਾਲ ਵਾਲੇ, ਜ਼ਮੀਨ ਅਸਮਾਨ ਨੂੰ ਰੌਸ਼ਨੀ ਬਖਸ਼ਣ ਵਾਲੇ, ਵਧੀਆ ਸਿਫਤਾਂ ਦੇ ਮਾਲਿਕ, ਰੱਬ ਵੀ ਆਪਣੇ ਨੇਕ ਬੰਦਿਆਂ ਦੀ ਤਾਰੀਫ ਕਰਦਾ ਹੈ। ਤੁਹਾਡੇ ਅੰਦਰ ਉਹ ਸਾਰੀਆਂ ਖੂਬੀਆਂ ਹਨ ਜਿਨ੍ਹਾਂ ਨੂੰ ਲਿਖਤ ਵਿਚ ਲੈ ਆਉਣਾ ਮੁਸ਼ਕਿਲ ਹੈ।

ਗੋਯਾ ਨੇ ਉਪਰੋਕਤ ਖੂਬੀਆਂ ਬਿਆਨ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਮਰਤਬੇ ਵਿਚ ਵਾਧਾ ਕੀਤਾ ਹੈ। ਇੱਥੇ ਲਿਖੇ ਸ਼ੇਅਰਾਂ ਵਿਚ ਵੀ ਸ਼ਰਧਾਂਜਲੀ ਪੇਸ਼ ਕਰਦਿਆਂ ਲਿਖਦੇ ਹਨ- ਦੁਨੀਆਂ ਦੀ ਉੱਚੀ ਸ਼ਾਨ ਵਾਲੀ ਹਸਤੀ, ਅਤਾਯਾਂ ਕਰਨ ਵਾਲੀ ਰਹਿਮਤ ਅਤੇ ਫਜ਼ਨ ਦਾ ਸੇਵਾ ਦੇਣ ਵਾਲੇ, ਲੁਤਫ ਕਰਮ ਦੇ ਖਜ਼ਾਨੇ, ਇਨਾਮ ਦੇਣ ਵਾਲੇ, ਅਹਿਸਾਨ ਕਰਨ ਵਾਲੇ, ਉੱਚੇ ਖਿਤਾਬਾਂ ਵਾਲੇ, ਕਰਮ ਫਰਮਾਉਣ ਵਾਲੇ, ਸਾਰੀ ਮਖਲੂਕ ਆਪ ਅੱਗੇ ਆਪ ਦੀ ਤਾਜ਼ੀਮ ਦੀ ਕਾਇਲ ਹੈ।

ਅਕਲ ਅਤੇ ਇਨਸਾਫ਼ ਦੇ ਚੰਨ ਮਾਲਿਕ ਨਾਲ ਭਰੋਸੇ ਦੀ ਗੱਲ ਕਰਨ ਵਾਲੇ ਜਿਨ੍ਹਾਂ ਦੇ ਚਿਹਰੇ ਤੋਂ ਅਕਲ ਇਨਸਾਫ਼ ਦੀ ਝਲਕ ਜ਼ਾਹਿਰ ਹੁੰਦੀ ਹੈ, ਜ਼ੁਲਮ ਦੇ ਵਿਰੁੱਧ ਝੰਡਾ ਚੁੱਕਣ ਵਾਲੇ, ਜ਼ਰੂਰਤ ਮੰਦਾਂ ਦੀ ਮਦਦ ਕਰਨ ਵਾਲੇ, ਖੁੱਲ੍ਹੀ ਡੁੱਲੀ ਪੇਸ਼ਾਨੀ (ਮੱਥਾ) ਵਾਲੇ, ਨੂਰਾਨੀ ਚਿਹਰੇ ਵਾਲੇ ਦੀਆਂ ਜਿੰਨੀਆਂ ਵੀ ਤਾਰੀਫਾਂ ਕਰ ਦਿੱਤੀਆਂ ਜਾਣ ਘੱਟ ਹਨ। ਗੁਰੂ ਗੋਬਿੰਦ ਸਿੰਘ ਦੀ ਬਹਾਦਰੀ ਦਾ ਸਭ ਨੂੰ ਪਤਾ ਹੈ ਜਿਸ ਨੂੰ ਕਿਸੇ ਤਰ੍ਹਾਂ ਬਿਆਨ ਕਰਨ ਜਾਂ ਵਿਆਖਿਆ ਕਰਨ ਦੀ ਜ਼ਰੂਰਤ ਨਹੀਂ। ਫਿਰ ਵੀ ਗੋਯਾ ਨੇ ਜਿੱਥੇ ਤੱਕ ਹੋ ਸਕਿਆ ਉਨ੍ਹਾਂ ਦੇ ਉੱਚੇ ਹੌਸਲੇ ਅਤੇ ਮਰਦਾਨਗੀ ਨੂੰ ਹੇਠ ਲਿਖੇ ਸ਼ੇਅਰਾਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਦਾਹਰਣ ਵਜੋਂ, ਉਹ ਦਲੇਰ ਅਤੇ ਬਹਾਦਰ ਸਨ। ਇਨਸਾਫ਼ ਅਤੇ ਨਿਆਂ ਲਈ ਇੰਜ ਹੀ ਹੈ ਜਿਵੇਂ ਇਨਸਾਫ਼ ਦਾ ਫੁੱਲ ਹੋਵੇ। ਦੁੱਖ-ਤਕਲੀਫ ਵਿਚ ਵੀ ਖੁਸ਼ੀ ਮਹਿਸੂਸ ਕਰਨ ਵਾਲੇ, ਜੰਗਾਂ ਵਿਚ ਘੋੜੇ ਤੇ ਸਵਾਰ ਰਹਿਣ ਵਾਲੇ, ਦੁਸ਼ਮਣ ਦੇ ਦੰਦ ਖੱਟੇ ਕਰਨ ਵਾਲੇ, ਵੈਰੀ ਦੇ ਦਿਲ ਵਿਚ ਡਰ ਬਿਠਾਉਣ ਵਾਲੇ, ਉੱਚੇ ਹੌਸਲੇ ਵਾਲੇ, ਉੱਚੇ ਨਸੀਬ ਵਾਲੇ, ਦੋਵੇਂ ਜਹਾਨਾਂ ਵਿਚ ਫਤਿਹ ਪਾਉਣ ਵਾਲੇ, ਤਲਵਾਰ ਅਤੇ ਢਾਲ ਨੂੰ ਜੀਵਨ ਦਾ ਅੰਗ ਸਮਝਣ ਵਾਲੇ, ਅਜਿਹੇ ਕੰਮ ਕਰਨ ਵਾਲੇ ਜਿਹੜੇ ਪਹਿਲਾਂ ਨਾ ਕਿਸੇ ਤੋਂ ਹੋਏ ਹੋਣ। ਅਰਜਨ, ਭੀਮ, ਰੁਸਤਮ ਕੀ ਹਨ? ਅਸਫੰਦਯਾਰ, ਲਛਮਣ ਅਤੇ ਰਾਮ ਵੀ ਕੀ ਹਨ? ਕਰਨ ਅਤੇ ਹੋਰ ਜਿੰਨੇ ਮਲਾਇਕਾ ਵੀ ਕੀ ਹਨ? ਹਜ਼ਾਰਾਂ ਮਹੇਸ਼ ਅਤੇ ਗਣੇਸ਼ ਵੀ ਕੀ ਹਨ? ਸਾਰਿਆਂ ਨੇ ਨਿਮਰਤਾ ਅਤੇ ਆਜ਼ਿਜ਼ੀ ਨਾਲ ਆਪਣਾ ਸੀਸ ਨਿਵਾਇਆ। ਜਦੋਂ ਇਨ੍ਹਾਂ ਦੀ ਕਮਾਨ ਵਿਚੋਂ ਤੀਰ ਨਿਕਲਦਾ ਸੀ, ਸਾਰੇ ਵੈਰੀਆਂ ਨੂੰ ਸਬਕ ਸਿਖਾ ਦਿੰਦਾ ਸੀ।

**ਗੁਰੂ ਗੋਬਿੰਦ ਸਿੰਘ ਜੀ ਦੀਆਂ ਸਰੀਰਕ ਖੂਬੀਆਂ**: ਉਨ੍ਹਾਂ ਦਾ ਮੱਥਾ ਨੂਰਾਨੀ, ਸਰੀਰ ਵੀ ਮਾਲਿਕ ਵਲੋਂ ਮਜ਼ਬੂਤ ਅਦਾ ਕੀਤਾ ਹੋਇਆ ਸੀ। ਦਿਲ ਵੀ ਹੱਕ ਸੱਚ ਦੀ ਜੋਤ ਨਾਲ

ਰੋਸ਼ਨ ਸੀ। ਮੱਥੇ ਤੋਂ ਨੂਰ ਦੀ ਝਲਕ ਵਿਖਾਈ ਦਿੰਦੀ ਸੀ। ਉਨ੍ਹਾਂ ਦੀ ਚਮਕਦੀ ਅਤੇ ਦਮਕਦੀ ਜ਼ਮੀਰ ਸੀ। ਸਰੀਰ ਅਜਿਹਾ ਜਿਵੇਂ ਇਮਾਰਤ ਹੇਠਾਂ ਥੰਮ੍ਹ, ਚਿਹਰਾ ਵੀ ਨੂਰਾਨੀ, ਦਿਲ ਵਿਚ ਰੱਬ ਦਾ ਨੂਰ, ਜਿਸ ਵਿਚ ਸੱਚਾਈ ਸੀ।

**ਗੁਰੂ ਗੋਬਿੰਦ ਸਿੰਘ ਜੀ ਗੱਲਬਾਤ ਦੀ ਸਫਾਈ:** ਉਨ੍ਹਾਂ ਦਾ ਹਰ ਸ਼ਬਦ ਹੱਕ ਸੱਚ ਨਾਲ ਭਰਪੂਰ ਸੀ। ਹੱਕ ਸੱਚ ਦੀ ਗੱਲ ਮੂੰਹੋਂ ਕਹਿਣ ਵਾਲੇ, ਉਨ੍ਹਾਂ ਦੇ ਮੂੰਹੋਂ ਸ਼ਬਦ ਇੰਜ ਨਿਕਲਦੇ ਸਨ ਜਿਵੇਂ ਮੋਤੀ ਹੋਣ। ਜਿਨ੍ਹਾਂ ਨੇ ਆਮ ਇਨਸਾਨਾਂ ਵਿਚ ਮਰਦਾਨਗੀ ਪੈਦਾ ਕੀਤੀ, ਹਜ਼ਾਰਾਂ ਦਿਲਾਂ ਨੂੰ ਜਿਉਂਦਾ ਕੀਤਾ। ਇਸੇ ਤਰ੍ਹਾਂ ਗੋਯਾ ਗੁਰੂ ਦੀਆਂ ਬਰਕਤਾਂ ਅਤੇ ਸਿਫਤਾਂ ਬਿਆਨ ਕਰਦੇ ਹਨ ਕਿ ਜੇਕਰ ਕਿਸੇ ਨੂੰ ਕੋਈ ਪ੍ਰੇਸ਼ਾਨੀ ਹੁੰਦੀ ਤਾਂ ਇਨ੍ਹਾਂ ਕੋਲ ਸੀਸ ਨਿਵਾਉਣ ਨਾਲ ਦੂਰ ਹੋ ਜਾਂਦੀ ਅਤੇ ਸਫਲਤਾ ਮਿਲ ਜਾਂਦੀ। ਜਿਹੜਾ ਆਦਮੀ ਹੱਕ ਸੱਚ ਦਾ ਰਸਤਾ ਅਖਤਿਆਰ ਕਰ ਲੈਂਦਾ, ਆਪ ਨਾਲ ਆ ਮਿਲਦਾ, ਹੱਕ ਸੱਚ ਨੂੰ ਬੁਲੰਦ ਕੀਤਾ, ਭਾਵੇਂ ਕਾਫੀ ਮਿਹਨਤ, ਮੁਸ਼ੱਕਤ ਕਰਨੀ ਪਈ ਜਿਸ ਨੇ ਆਪ ਦਾ ਦੀਦਾਰ ਕਰ ਲਿਆ ਤਾਂ ਉਸ ਦੀਆਂ ਅੱਖਾਂ ਵਿਚ ਹੱਕ ਸੱਚ ਦਾ ਨੂਰ ਆ ਗਿਆ, ਜਿਹੜਾ ਉਨ੍ਹਾਂ ਦੇ ਲੜ ਲੱਗ ਗਿਆ, ਉਸ ਦਾ ਬੇੜਾ ਪਾਰ ਹੋ ਗਿਆ।

ਸਾਰੇ ਅਮੀਰ ਫਕੀਰ, ਛੋਟੇ ਵੱਡੇ, ਜਵਾਨ, ਬੁੱਢੇ, ਅਕਲਮੰਦ ਗੁਰੂ ਗੋਬਿੰਦ ਸਿੰਘ ਜੀ ਦੇ ਸਦਕਾ ਨਿਹਾਲ ਹੋਏ ਅਤੇ ਲਾਭ ਉਠਾਇਆ। ਦੋਵੇਂ ਜਹਾਨਾਂ ਵਿਚ ਹਕੂਮਤ ਇਨ੍ਹਾਂ ਦੀ ਸੀ। ਹਜ਼ਾਰਾਂ ਫਰਿਸ਼ਤੇ ਅਤੇ ਹਾਕਮ ਇਨ੍ਹਾਂ ਦੇ ਅਧੀਨ ਸਨ। ਸਾਰਿਆਂ ਨੇ ਆਪਣੇ ਸਿਰ ਇਨ੍ਹਾਂ ਦੀ ਦੇਹਲੀ ਤੇ ਰੱਖੇ ਹੋਏ ਸਨ। ਇਨ੍ਹਾਂ ਦੀ ਬਾਦਸ਼ਾਹੀ ਹੀ ਹਮੇਸ਼ਾ ਰਹਿਣ ਵਾਲੀ ਹੈ। ਉਨ੍ਹਾਂ ਦੀ ਕਿਸਮਤ ਦਾ ਸਿਤਾਰਾ ਚਮਕਿਆ ਹੋਇਆ, ਜਿਹੜਾ ਵੈਰੀਆਂ ਨੂੰ ਰੋਣ ਲਈ ਮਜ਼ਬੂਰ ਕਰਦਾ ਸੀ, ਜਿਨ੍ਹਾਂ ਦਾ ਪੈਰ ਜ਼ਮੀਨ ਤੇ ਅਤੇ ਸਿਰ ਅਸਮਾਨ ਤੇ ਸੀ। ਅਸੀਂ ਸੇਵਕ ਉਨ੍ਹਾਂ ਦੀ ਜਾਨ ਤੇ ਕੁਰਬਾਨ ਹੁੰਦੇ ਹਾਂ। ਸਮੇਂ ਦੇ ਵੱਡੇ-ਵੱਡੇ ਬਾਦਸ਼ਾਹ ਵੀ ਆਪ ਕੋਲ ਆਉਂਦੇ ਰਹੇ। ਆਪਣੀ ਜਾਇਦਾਦ ਅਤੇ ਬਾਦਸ਼ਾਹੀ ਤਾਜ ਆਪ ਕੋਲ ਰੱਖ ਦਿੰਦੇ। ਉਹ ਚਾਹੇ ਹਿੰਦੋਸਤਾਨ ਦਾ ਬਾਦਸ਼ਾਹ ਹੋਵੇ ਜਾਂ ਕਿਸੇ ਹੋਰ ਮੁਲਕ ਦਾ। ਚਾਹੇ ਦੱਖਣ ਦਾ ਹਾਕਿਮ ਹੋਵੇ ਜਾਂ ਕਿਸੇ ਹੋਰ ਥਾਂ ਦਾ। ਪੂਰਵ ਪੱਛਮ ਤੇ ਆਪ ਦਾ ਹੀ ਰੋਅਬ ਅਤੇ ਦਬਦਬਾ ਸੀ। ਸਾਰੇ ਆਪ ਦੇ ਫੁਰਮਾਨ ਦੀ ਕਦਰ ਕਰਦੇ ਸਨ। ਹਜ਼ਾਰਾਂ ਰੁਸਤਮ ਅਤੇ ਹੋਰ ਇਨ੍ਹਾਂ ਵਰਗੇ ਹੋਏ ਆਦਮੀਆਂ ਨੇ ਆਪ ਦੀ ਸੇਵਾ ਨਿਭਾਈ।

ਗੋਯਾ, ਗੁਰੂ ਗੋਬਿੰਦ ਸਿੰਘ ਜੀ ਦੀ ਅਜਮਤ ਅਤੇ ਬਹਾਦਰੀ ਬਾਰੇ ਲਿਖਦੇ ਹਨ- ਭਾਵੇਂ ਹਜ਼ਾਰਾਂ ਜਮੁਨਾ ਅਤੇ ਹਜ਼ਾਰਾਂ ਗੰਗਾ ਵਗਦੀਆਂ ਹਨ ਸਾਰੀਆਂ ਨੇ ਆਪ ਦੇ ਪੈਰਾਂ ਥੱਲੇ ਸੇਵਾ ਨਿਭਾਈ। ਹਰੇਕ ਛੋਟਾ ਵੱਡਾ ਆਪ ਦੀ ਬਹਾਦਰੀ ਦਾ ਕਾਇਲ ਹੋ ਗਿਆ। ਇਨ੍ਹਾਂ ਦੀਆਂ ਸਿਫਤਾਂ ਕਲਮ ਨਾਲ ਨਹੀਂ ਬਿਆਨ ਕੀਤੀਆਂ ਜਾ ਸਕਦੀਆਂ। ਕਿੱਥੇ ਸਿਤਾਰਾ, ਕਿਥੇ ਅਕਾਸ਼, ਕਿੱਥੇ ਹਾਕਮ, ਉਪਰ ਹੇਠਾਂ ਵਾਲੇ ਸਾਰੇ ਉਨ੍ਹਾਂ ਦੀ ਤਾਰੀਫ ਕਰਦੇ ਹਨ। ਅੱਗ, ਪਾਣੀ, ਮਿੱਟੀ, ਸੂਰਜ, ਚੰਨ, ਜਿਹੜੇ ਚਮਕਦੇ ਹਨ, ਸਾਰੇ ਆਪ ਦੀ ਸ਼ਾਨ ਨੂੰ ਮੰਨਦੇ ਹਨ।

ਸਾਰੀ ਰਚਾਈ ਰਚਨਾ ਆਪ ਦੀ ਸੇਵਾ ਲਈ ਤਿਆਰ ਹੈ, ਜਿਨ੍ਹਾਂ ਵਿਚ ਰੱਬ ਦੇ ਸਾਰੇ ਭਗਤ, ਪਿਆਰੇ, ਸਚਿਆਰੇ ਅਤੇ ਰੱਬ ਤੋਂ ਡਰਨ ਵਾਲੇ ਵੀ ਸ਼ਾਮਿਲ ਹਨ। ਨਾਥ, ਗੋਯਾ, ਪੀਰ, ਸੁਰਜਨ, ਭਿਖਾਰੀ ਅਤੇ ਬਾਦਸ਼ਾਹ ਵੀ ਆਪ ਦੀ ਚੌਖਟ ਦੇ ਗੁਲਾਮ ਰਹੇ ਹਨ। ਗਣੇਸ਼, ਮਹੇਸ਼ ਹੀ ਨਹੀਂ, ਸਗੋਂ ਹਰੇਕ ਨੇ ਆਪ ਦੀ ਆਨ ਬਾਨ ਅਤੇ ਸ਼ਾਨ ਨੂੰ ਮੰਨਿਆ ਹੈ।

**ਗੁਰੂ ਗੋਬਿੰਦ ਸਿੰਘ ਜੀ ਦੇ ਚਰਨ:** ਜੇਕਰ ਆਬ-ਏ-ਹਯਾਤ ਨਾਲ ਜ਼ਿੰਦਗੀ ਮਿਲ ਸਕਦੀ ਤਾਂ ਆਪ ਦੇ ਪੈਰਾਂ (ਚਰਨਾਂ) ਵਿਚ ਆ ਕੇ ਮੁਰਦਾ ਦਿਲ ਮੁੜ੍ਹ ਸੁਰਜੀਤ ਹੋ ਜਾਂਦੇ ਹਨ। ਰੱਬ ਦੀ ਬੰਦਗੀ ਅਤੇ ਮਾਰਫਤ ਹੀ ਅਸਲ ਜ਼ਿੰਦਗੀ ਹੈ। ਹੱਕ ਸੱਚ ਦੀ ਤਲਬ ਕਰਨ ਵਾਲਿਆਂ ਨੂੰ ਹਮੇਸ਼ਾਂ ਹੀ ਇੱਜ਼ਤ ਆਰਾਮ ਅਤੇ ਸ਼ਾਂਤੀ ਮਿਲ ਜਾਂਦੀ ਹੈ। ਜਦੋਂ ਇਨ੍ਹਾਂ ਦੇ ਕੂਚੇ ਵਿਚ ਪੈਰ ਰੱਖ ਲਿਆ ਜਾਵੇ ਤਾਂ ਜ਼ਿੰਦਗੀ ਦੀਆਂ ਸਾਰੀਆਂ ਪ੍ਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ।

**ਗੁਰੂ ਗੋਬਿੰਦ ਸਿੰਘ ਦਾਨਾ-ਏ-ਰਾਜ਼ ਹੈ:** ਜਦੋਂ ਉਨ੍ਹਾਂ ਦੇ ਸਰੀਰ ਪਾਕ ਨੂੰ ਵੇਖਦੇ ਹਾਂ ਤਾਂ ਅੱਖਾਂ ਅਦਬ ਦੇ ਮਾਰਿਆਂ ਝੁਕ ਜਾਂਦੀਆਂ ਹਨ। ਸਾਰੀ ਰਚਨਾ ਆਪ ਦੇ ਪੈਰ ਚਿੰਨ੍ਹਾਂ ਤੇ ਚੱਲਣਾ ਫਖਰ ਮਹਿਸੂਸ ਕਰਦੀ ਹੈ। ਹੱਕ ਸੱਚ ਨੂੰ ਜਾਣਦੇ ਹਨ ਅਤੇ ਨਜ਼ਰ ਰੱਖਦੇ ਹਨ। ਦਿਲ ਦੀ ਅੱਖ ਵੀ ਰੱਖਦੇ ਹਨ। ਹਰ ਵਾਕ ਕਹਿਣ ਤੋਂ ਪਹਿਲਾਂ ਸੋਚਦੇ ਹਨ।

**ਗੁਰੂ ਗੋਬਿੰਦ ਸਿੰਘ ਜੀ ਦੀਆਂ ਇਸਲਾਹਾਤ:** ਗੁਰੂ ਜੀ ਨੇ ਜ਼ੁਲਮਾਂ ਨੂੰ ਮਿਟਾ ਕੇ ਕਲਯੁੱਗ ਨੂੰ ਸਤਯੁਗ ਵਿਚ ਤਬਦੀਲ ਕਰ ਦਿੱਤਾ ਅਤੇ ਸੱਚਾਈ, ਨੇਕੀ ਤੇ ਧਰਮ ਦੀ ਰੌਸ਼ਨੀ ਚਾਰ ਚੁਫੇਰੇ ਫੈਲਾ ਦਿੱਤੀ। ਲੋਕਾਂ ਨੂੰ ਛੁਟਕਾਰਾ ਦਿਵਾਉਣ ਵਾਲੇ, ਰਚਨਾ ਨੂੰ ਭਲਾਈ ਵੱਲ ਲੈ ਆਉਣ ਵਾਲੇ, ਜ਼ਿੰਦਗੀ ਬਖਸ਼ਣ ਵਾਲੇ, ਦੁੱਖਾਂ ਨੂੰ ਦੂਰ ਕਰਨ ਵਾਲੇ, ਉਨ੍ਹਾਂ ਦੇ ਹੱਥਾਂ ਵਿਚ ਦੋ ਮੋਤੀ ਹਨ ਜਿਹੜੇ ਸੂਰਜ ਚੰਨ ਵਾਂਗ ਹਨ। ਇਕ ਵਿਚ ਮਿਹਰ ਦੂਜੇ ਵਿਚ ਕਹਿਰ ਹੈ।

ਪਹਿਲਾਂ ਜਹਾਨ ਵਿਚ ਹੱਕ ਸੱਚ ਫੈਲਿਆ, ਫਿਰ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ, ਜ਼ੁਲਮ ਦੀ ਹਨੇਰੀ ਨੂੰ ਠੱਲ੍ਹ ਪਾਇਆ। ਲੋਕਾਂ ਨੂੰ ਖੁਸ਼ ਕੀਤਾ, ਕਲਯੁੱਗ ਵਿਚੋਂ ਕੱਢ ਕੇ ਸਤਿਯੁਗ ਵਿਚ ਲੈ ਆਏ। ਸਾਰੇ ਜਮਾਨੇ ਨੂੰ ਰੌਸ਼ਨੀ ਦਿੱਤੀ, ਦੁਨੀਆਂ ਨੂੰ ਸਜਾਇਆ, ਸੰਵਾਰਿਆ। ਇਹ ਚੀਜ਼ਾਂ ਵੇਖ ਕੇ ਹਰੇਕ ਮਨੁੱਖ ਦੇ ਦਿਲ ਵਿਚ ਖੁਸ਼ੀ ਦੀ ਉਮੰਗ ਪੈਦਾ ਹੋ ਗਈ। ਸੱਚਾਈ ਦਾ ਲਿਬਾਸ ਪਹਿਨਿਆ, ਜਿਸ ਨਾਲ ਸਾਰਾ ਜਹਾਨ ਰੋਸ਼ਨ ਹੋ ਗਿਆ। ਹਕੀਕੀ ਜਮਾਲ ਨਜਰੀਂ ਆਇਆ। ਹਨੇਰਾ ਖਤਮ ਹੋ ਗਿਆ। ਅਦਲ ਇਨਸਾਫ਼ ਦੀ ਹਵਾ ਚੱਲੀ। ਚਾਰ ਚੁਫੇਰਿਓਂ ਜ਼ੁਲਮ ਜ਼ਿਆਦਤੀ ਖਤਮ ਹੋ ਗਈ। ਦਿਲਾਂ ਵਿਚ ਨਰਮੀ ਆ ਗਈ।

**ਗੁਰੂ ਜੀ ਦੀਆਂ ਸਿਫਤਾਂ ਅਸੀਮ ਹਨ:** ਗੋਯਾ ਕਹਿੰਦੇ ਹਨ ਕਿ ਗੁਰੂ ਦੀਆਂ ਸਿਫਤਾਂ ਐਨੀਆਂ ਹਨ ਕਿ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। ਉਨ੍ਹਾਂ ਦੀ ਜ਼ੁਬਾਨ ਚੋਂ ਮੋਤੀ ਨਿਕਲਦੇ ਮਹਿਸੂਸ ਹੁੰਦੇ ਹਨ। ਜਦੋਂ ਬੋਲਦੇ ਹਨ ਤਾਂ ਵੱਡੀਆਂ-ਵੱਡੀਆਂ ਗੱਲਾਂ ਹੀ ਕਰਦੇ ਹਨ। ਉਨ੍ਹਾਂ ਦੇ ਕਰਮ ਅਤੇ ਫਜ਼ਲ ਦੀ ਗੱਲ ਕੀਤੀ ਜਾਵੇ ਤਾਂ ਉਹ ਕਰਾਮਾਤਾਂ ਦੇ ਖਜ਼ਾਨੇ ਸਨ। ਬੇਹੱਦ ਤਾਰੀਫ ਕਰਨੀ ਬਣਦੀ ਹੈ। ਉਨ੍ਹਾਂ ਦਾ ਰੁਤਬਾ ਬਹੁਤ ਉੱਚਾ ਹੈ। ਸਭ ਤੋਂ ਉੱਚੇ ਦਰਜੇ ਦੇ ਮਾਲਿਕ, ਜੋ ਕੋਈ ਇਨ੍ਹਾਂ ਗੱਲਾਂ ਨੂੰ ਜਾਣਦਾ ਹੈ, ਉਹੀ ਚੰਗਾ ਅਤੇ ਸੁੱਘੜ ਸਿਆਣਾ ਮੰਨਿਆ ਜਾਂਦਾ ਹੈ। ਸਾਰੇ ਜਹਾਨ ਵਿਚ ਉਸ ਦੀਆਂ ਕਰਾਮਾਤਾਂ ਦਾ ਗੁਣ ਗਾਣ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦਾ ਕੋਈ ਹਿਸਾਬ ਨਹੀਂ।

**ਸ਼ਾਇਰ ਦੀ ਦੁਆ (ਅਰਦਾਸ)–** ਭਾਈ ਨੰਦ ਲਾਲ ਗੋਯਾ ਨੇ ਮਸਨਵੀ ਜੋਤ ਵਿਗਾਸ ਵਿਚ ਦੁਆ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਕੁਰਬਾਨ ਹੋਣ ਨੂੰ ਜੀਅ ਚਾਹੁੰਦਾ ਹੈ। ਮਸਨਵੀ ਜੋਤ ਵਿਗਾਸ ਵਿਚ ਸਨਾਇ-ਬਦਾਇ ਭਾਵ ਸ਼ਬਦਾਰਥਿਕ ਖੂਬੀਆਂ ਭਰੀਆਂ ਪਈਆਂ ਹਨ ਅਤੇ ਉਨ੍ਹਾਂ ਦੀ ਤਾਰੀਫ ਕਰਕੇ ਸਹੀ ਹੱਕ ਅਦਾ ਕੀਤਾ ਹੈ। ਜਿਸ ਵਿਚ ਅਰਬੀ ਤਰਕੀਬਾਂ, ਦੇ ਕੇ ਸਾਅਦੀ ਸ਼ੀਰਾਜੀ ਦੀ ਤਰਜ਼ ਅਖਤਿਆਰ ਕੀਤੀ ਹੈ। ਮਿਸਾਲ ਵਜੋਂ ਕੁਝ ਅਰਬੀ ਤਰਕੀਬਾਂ ਪੇਸ਼ ਹਨ- ਕਰਮ ਕਰਨ ਵਾਲੇ, ਚੰਗੀਆਂ ਆਦਤਾਂ ਵਾਲੇ, ਸਿਫਾਰਿਸ਼ ਕਰਨ ਵਾਲੇ, ਜ਼ਮਾਨਤ ਲੈਣ ਵਾਲੇ, ਦਾਨੀ, ਲੋਕਾਈ ਦਾ ਭਲਾ ਸੋਚਣ ਵਾਲੇ, ਬੇਪਨਾਹ ਫਜ਼ਲ ਕਰਨ ਵਾਲੇ, ਉੱਚੇ ਰੁਤਬੇ ਵਾਲੇ, ਉੱਚੀ ਸ਼ਾਨ ਵਾਲੇ, ਉੱਚੀਆਂ ਉਪਾਧੀਆਂ

ਵਾਲੇ, ਸੂਰਜ ਚੰਨ ਵੀ ਆਪ ਦੇ ਸੇਵਕ ਹਨ। ਇਹ ਸ਼ੇਅਰ ਤਨਸੀ ਕੁੱਸਿਫਾਤ ਸੰਬੰਧੀ ਲਿਖੇ ਗਏ ਹਨ। ਜਦੋਂ ਕਿ ਸ਼ੇਖ ਸਾਅਦੀ ਨੇ ਇਸ ਤਰ੍ਹਾਂ ਤਿੰਨ ਸ਼ੇਅਰ ਹੀ ਕਹੇ ਹਨ।

ਕਰੀਮ ਜਾਤ, ਚੰਗੀਆਂ ਸਿਫਤਾਂ ਦੇ ਮਾਲਿਕ, ਸਿਫਾਰਿਸ਼ ਕਰਨ ਵਾਲੇ, ਪੈਗੰਬਰਾਂ ਦੇ ਮੋਢੀ, ਸਿੱਧੇ ਰਾਹ ਪਾਉਣ ਵਾਲੇ, ਰੱਬ ਦੇ ਅਮੀਨ (ਅਮਾਨਤਦਾਰ) ਰੌਸ਼ਨੀ ਦੇ ਮੀਨਾਰ, ਹਿਦਾਇਤ ਦੇ ਚਿਰਾਗ, ਅਗਲੇ ਜਹਾਨ ਵਿਚ ਸਿਫਾਰਿਸ਼ ਕਰਨ ਵਾਲੇ ਲਿਖਿਆ ਹੈ।[64] ਭਾਈ ਨੰਦ ਲਾਲ ਗੋਯਾ ਦੀ ਤਾਰੀਫ ਕਰਨੀ ਬਣਦੀ ਹੈ ਕਿ ਉਨ੍ਹਾਂ ਨੇ 19 ਸ਼ੇਅਰ ਕਹੇ। ਅਰਬੀ ਤਰਕੀਬ ਅਨੁਸਾਰ ਬਹੁਤ ਸ਼ਾਨਦਾਰ ਨਾਅਤ ਕਹੀ, ਜਿਸ ਵਿਚ ਸਿਲਸਿਲੇਵਾਰ ਖੂਬੀਆਂ ਦਾ ਖਜ਼ਾਨਾ ਹੈ। ਅਰਥ ਅਤੇ ਸਿਫਤਾਂ ਅਣਗਿਣਤ ਹਨ। ਹੋਰ ਮਿਸਾਲਾਂ ਇਸ ਤਰ੍ਹਾਂ ਪੇਸ਼ ਹਨ।

ਸੱਚੀ ਗੱਲ ਕਹਿਣ ਵਾਲੇ, ਜਹਾਨ ਦੇ ਮੁਰਸ਼ਿਦ, ਸਭ ਦਾ ਛੁਟਕਾਰਾ ਕਰਵਾਉਣ ਵਾਲੇ, ਫਜ਼ਲਾਂ ਬਰਕਤਾਂ ਦੇ ਖਜ਼ਾਨੇ, ਕਰਾਮਾਤ ਦੇ ਧਨੀ, ਸਾਰੇ ਜਹਾਨ ਦੇ ਬਾਦਸ਼ਾਹ, ਰੱਬ ਦੇ ਭੇਜੇ ਹੋਏ ਅਵਤਾਰ, ਜਿਨ੍ਹਾਂ ਦੇ ਸਿਰ ਤੇ ਇੱਜ਼ਤ ਅਜ਼ਮਤ ਦਾ ਤਾਜ ਹੈ, ਜਿਸ ਦੀ ਚਮਕ ਬੇਮਿਸਾਲ ਹੈ। ਦੁਨੀਆਂ ਵਾਲਿਆਂ ਲਈ ਦਾਨੀ, ਕਰਮ ਕਰਨ ਵਾਲੇ, ਰਹਿਮ ਕਰਨ ਵਾਲੇ, ਸਭ ਤੋਂ ਜ਼ਿਆਦਾ ਸ਼ਰੀਫ, ਜਮਾਲ ਅਤੇ ਕਮਾਲ ਦੇ ਖਜ਼ਾਨੇ, ਦਿਆਲੂ ਹਨ ਜਿਸ ਕਰਕੇ ਸਾਰੀਆਂ ਚੀਜ਼ਾਂ ਆਪ ਨੂੰ ਸਿਜਦਾ ਕਰਦੀਆਂ ਹਨ।

**ਤਲਮੀਹ–** ਹਜ਼ਾਰਾਂ ਧਰੂ ਅਤੇ ਹਜ਼ਾਰਾਂ ਬਿਸ਼ਨ ਬਹੁਤ ਸਾਰੇ ਰਾਮ ਰਾਜੇ ਅਤੇ ਕ੍ਰਿਸ਼ਨ ਪੈਦਾ ਹੋਏ ਸਨ। ਹਜ਼ਾਰਾਂ ਰੁਸਤਮ ਅਤੇ ਹਜ਼ਾਰਾਂ ਸ਼ਾਮ ਪੈਦਾ ਹੋਏ ਸਨ। ਇਸੇ ਤਰ੍ਹਾਂ ਅਸਫੰਦ ਅਤੇ ਗੁਲਾਮ ਪੈਦਾ ਹੋਏ ਸਨ। ਜਦੋਂ ਬੇੜੀ ਜਵਾਰ ਭਾਟੇ ਵਿਚ ਫਸ ਜਾਂਦੀ ਹੈ ਤਾਂ ਉਸ ਸਮੇਂ ਅਜਿਹੇ ਹੀ ਲੋਕ ਮਦਦ ਕਰਦੇ ਹਨ।

**ਤੁਲਨਾ–** ਜਦੋਂ ਜੰਗ ਵਿਚ ਘੋੜੇ ਤੇ ਸਵਾਰ ਹੋ ਕੇ ਆਉਂਦੇ ਹਨ ਤਾਂ ਮਗਰਮੱਛ ਦੀ ਬਾਦਸ਼ਾਹੀ ਹੁੰਦੀ ਹੈ, ਇਸੇ ਤਰ੍ਹਾਂ ਵੈਰੀਆਂ ਤੇ ਬਾਦਸ਼ਾਹੀ ਕਰਨ ਵਾਲੇ ਹਨ।

**ਜ਼ੁਲਕਾਫਾ ਤੈਨ–** ਜਦੋਂ ਹਰਿਕ੍ਰਿਸ਼ਨ ਪ੍ਰਗਟ ਹੋਏ ਤਾਂ ਹਰੇਕ ਜ਼ੁਲਮ ਦਾ ਖਾਤਮਾ ਹੋਣ ਲੱਗਿਆ। ਉਨ੍ਹਾਂ ਦਾ ਮੱਥਾ ਨੂਰ ਨਾਲ ਚਮਕਿਆ, ਉਨ੍ਹਾਂ ਦੀ ਜ਼ਮੀਰ ਵੀ ਰੌਸ਼ਨ ਸੀ।

---

64 ਬੋਸਤਾਨ-ਏ-ਸਾਅਦੀ, ਅਨੁਵਾਦ ਸੱਜਾਦ ਹੁਸੈਨ, ਪੰਨੇ 4-5.

**ਮਰਾ ਤੁੰਨ ਜ਼ੀਰ–** ਕੀ ਤਾਰੇ ਅਤੇ ਕੀ ਅਸਮਾਨ ਦੇ ਹਾਕਮ, ਕੀ ਉਪਰ ਥੱਲੇ ਦੀਆਂ ਇਹ ਜੰਜੀਰਾਂ, ਕੀ ਪਾਣੀ, ਅੱਗ ਅਤੇ ਹਵਾ, ਕੀ ਸੂਰਜ ਅਤੇ ਚੰਨ, ਸਾਰੇ ਦੇ ਸਾਰੇ ਉਸ ਦੇ ਕਰਮ ਦੇ ਮੁਹਤਾਜ ਹਨ।

**ਇਸ਼ਤਕਾਕ–** ਬਾਦਸ਼ਾਹ ਅਤੇ ਫਰਿਸ਼ਤੇ ਉਨ੍ਹਾਂ ਦੀ ਆਗਿਆਕਾਰੀ ਵਿਚ ਹਨ। ਜ਼ਮੀਨ ਤੋਂ ਅਸਮਾਨ ਤੱਕ ਸਾਰੀ ਰਚਾਈ ਰਚਨਾ ਉਨ੍ਹਾਂ ਦੀ ਸੇਵਾ ਕਰਨ ਲਈ ਤਿਆਰ ਬਰ ਤਿਆਰ ਰਹਿੰਦੀ ਹੈ। ਉਨ੍ਹਾਂ ਦੀ ਹਨੇਰੀ ਨੇ ਜ਼ੁਲਮ ਤੇ ਬੁਰਾਈਆਂ ਨੂੰ ਦੂਰ ਕਰਨ ਦਾ ਯਤਨ ਕੀਤਾ।

**ਤਰਸੀਅ**- ਹਜ਼ਾਰਾਂ ਰਿਸ਼ਤੇ ਅਤੇ ਹਜ਼ਾਰਾਂ ਹੋਰ ਮਖਲੂਕ, ਹਜ਼ਾਰਾਂ ਵਾਸੀ ਅਤੇ ਪ੍ਰਵਾਸੀ, ਹਜ਼ਾਰਾਂ ਜ਼ਮੀਨਾਂ ਅਤੇ ਹਜ਼ਾਰਾਂ ਜ਼ਮਾਨੇ, ਸਭ ਨੇ ਇਕੋ-ਇਕ ਤੌਹੀਦ ਦਾ ਸਬਕ ਸਿਖਾਇਆ। ਸਾਰੇ ਨਬੀਆਂ, ਸਾਰੇ ਵਲੀਆਂ, ਸਾਰੇ ਉਸ ਦੇ ਆਗਿਆਕਾਰਾਂ ਅਤੇ ਉਸ ਤੋਂ ਡਰਨ ਵਾਲਿਆਂ ਨੇ ਉਸ ਅੱਗੇ ਆਪਣਾ ਸਿਰ ਨਿਮਰਤਾ ਨਾਲ ਝੁਕਾਇਆ। ਇਸ ਲਈ ਤੇਰੇ ਲਈ ਵੀ ਜ਼ਰੂਰੀ ਹੈ ਕਿ ਹੱਕ ਸੱਚ ਦੀ ਪਛਾਣ ਕਰ ਅਤੇ ਸਹੀ ਸੱਚੀ ਚੀਜ਼ ਨੂੰ ਤੱਕੇ।

**ਸਨਅਤ ਤਜ਼ਾਦ–** ਪੂਰਵ ਪੱਛਮ ਅਤੇ ਜੋ ਇਨ੍ਹਾਂ ਵਿਚਕਾਰ ਹੈ, ਸਾਰੇ ਉਸ ਦੇ ਫੁਰਮਾਨ ਦੇ ਆਗਿਆਕਾਰ ਹਨ। ਚਾਹੇ ਕੋਈ ਉੱਚਾ ਹੋਵੇ, ਜਾਂ ਨੀਵਾਂ, ਸਾਰੇ ਉਸ ਦੇ ਸੇਵਕ ਹਨ। ਬਾਦਸ਼ਾਹ ਅਤੇ ਦਰਵੇਸ਼ ਹੋਵੇ, ਅਲਵੀ ਹੋਵੇ, ਸਫਲੀ ਹੋਵੇ, ਸਾਰਿਆਂ ਦੇ ਰੁਤਬੇ ਉਹੀ ਉੱਚੇ ਕਰਦਾ ਹੈ। ਬੁੱਢਿਆਂ, ਜਵਾਨਾਂ ਨੂੰ ਕਾਮਯਾਬੀ ਵੱਲ ਲੈ ਜਾਣ ਵਾਲਾ, ਸਮਝਦਾਰ ਅਤੇ ਕਲਯੁੱਗ ਤੋਂ ਸਤਿਯੁਗ ਵਿਚ ਬਦਲਣ ਵਾਲੇ ਅਤੇ ਛੋਟੇ-ਵੱਡੇ ਸਾਰੇ ਸੱਚੇ ਰਸਤੇ ਤੇ ਚੱਲਣ ਵਾਲੇ, ਜੋ ਕੁਝ ਵਿਖਾਈ ਦਿੰਦਾ ਹੈ, ਉਸ ਕਰਕੇ ਹੀ, ਉਸ ਦੀ ਅੱਖ ਅੱਗੇ ਪਿਛੇ ਵੀ ਵੇਖਦੀ ਰਹਿੰਦੀ ਹੈ, ਚੰਨ ਅਤੇ ਸੂਰਜ ਵੀ ਉਸ ਦੇ ਦਰ ਦੇ ਸਵਾਲੀ ਹਨ। ਸਮੁੰਦਰ ਵੀ ਉਸ ਦੀ ਹੀ ਉਸਤਤਿ ਕਰਦੇ ਹਨ।

**ਜ਼ੁਬਾਨ ਅਤੇ ਬਿਆਨ–** ਭਾਈ ਨੰਦ ਲਾਲ ਗੋਯਾ ਨੇ ਜੋਤਿ ਵਿਗਾਸ ਵਿਚ ਹਿੰਦੀ ਸ਼ਬਦਾਂ ਦਾ ਬਹੁਤ ਪ੍ਰਯੋਗ ਕੀਤਾ ਹੈ। ਇਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੋਯਾ ਤੇ ਇਸ ਮਸਨਵੀ ਦੇ ਲਿਖਣ ਦੇ ਸਮੇਂ ਗੁਰਬਾਣੀ ਦਾ ਬਹੁਤ ਪ੍ਰਭਾਵ ਪੈ ਚੁੱਕਿਆ ਸੀ। ਇਸ ਮਸਨਵੀ ਵਿਚ ਪ੍ਰਯੋਗ ਸ਼ੁਦਾ ਹਿੰਦੀ ਸ਼ਬਦ ਬਹੁਤ ਜ਼ਿਆਦਾ ਹਨ ਜਿਹੜੇ ਗੁਰਬਾਣੀ ਵਿਚ ਪ੍ਰਯੋਗ ਹੋ ਚੁੱਕੇ ਹਨ ਜਿਵੇਂ- ਨਰਾਇਣ, ਸਰੂਪ, ਨਿਰੰਜਣ, ਰੂਪ, ਈਸ਼ਰ, ਇੰਦਰ, ਧਰੂ, ਬਿਸ਼ਨ, ਰਾਮ ਰਾਜ, ਕਾਨ੍ਹ, ਕ੍ਰਿਸ਼ਨ, ਦੇਵੀ, ਗੋਰਖ, ਸ਼ਬਦ, ਮਾਣਕ, ਦੱਖਣ, ਜਮਨਾ,

ਗੰਗਾ, ਇੰਦਰ ਆਦਿਕ, ਬ੍ਰਹਮ ਆਦਿਕ, ਰਾਮ ਆਦਿਕ, ਕ੍ਰਿਸ਼ਨ ਆਦਿਕ, ਦੀਪ, ਖੰਡ, ਬ੍ਰਹਿਮੰਡ, ਕਲਜੁਗ, ਸਤਿਜੁਗ, ਦੈਤ, ਦਾਨੂ, ਸਿੱਧ, ਨਾਥ, ਸੁਰਜਨ, ਅੰਮ੍ਰਿਤਸਰ, ਅਰਜਨ, ਭੀਮ, ਲੱਛਮਣ, ਰਾਮ, ਕਿਰਨ, ਬਿਨੌਤ, ਦੇਵ, ਜਿੰਨ, ਮਹੇਸ਼ ਅਤੇ ਗਣੇਸ਼ ਆਦਿ।

ਹਿੰਦੀ ਸ਼ਬਦਾਂ ਤੋਂ ਇਲਾਵਾ ਗੋਯਾ ਨੂੰ ਅਰਬੀ ਭਾਸ਼ਾ ਤੇ ਵੀ ਮਹਾਰਤ ਹਾਸਿਲ ਹੋ ਚੁੱਕੀ ਸੀ ਜਿਵੇਂ ਕਿ ਮਸਨਵੀ ਜੋਤ ਵਿਗਾਸ ਵਿਚ ਪ੍ਰਯੋਗ ਕੀਤੀਆਂ ਗਈਆਂ ਅਰਬੀ ਤਰਕੀਬਾਂ ਅਤੇ ਲਫਜ਼ਾਂ ਤੋਂ ਸਪੱਸ਼ਟ ਹੈ। ਜ਼ੁਬਾਨ ਅਤੇ ਬਿਆਨ ਦੀ ਕੁਦਰਤੀ ਰਵਾਨੀ ਦੇ ਨਾਲ-ਨਾਲ ਸ਼ਰਧਾ ਵੀ ਸ਼ਾਮਿਲ ਹੈ। ਰਸਤਾ ਤਲਾਸ਼ ਕਰਨ ਵਾਲੇ ਦੇ ਲਈ ਅਤੇ ਮੁਰਸ਼ਿਦ-ਏ-ਕਾਮਿਲ ਦਾ ਇਸ਼ਕ ਰਗ-ਰਗ ਵਿਚ ਖੁੱਭਿਆ ਹੋਇਆ ਹੈ। ਗੋਯਾ ਨੇ ਗੁਰੂ ਦੀਆਂ ਖੂਬੀਆਂ ਨੂੰ ਬਹੁਤ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ। ਅਰਬੀ ਅਤੇ ਫਾਰਸੀ ਤਰਕੀਬਾਂ ਅਰਥ ਭਰਪੂਰ ਹਨ। ਸਾਰੀ ਮਸਨਵੀ ਹਰ ਪੱਖੋਂ ਮੁਕੰਮਲ ਹੈ। ਨਵੇਂ ਢੰਗ ਨਾਲ ਮੁਰਸ਼ਿਦ-ਏ-ਕਾਮਿਲ ਦੀ ਤਾਰੀਫ ਕੀਤੀ ਗਈ ਹੈ।

## ਮਸਨਵੀ ਗੰਜਨਾਮਾ

ਗੰਜਨਾਮਾ ਭਾਈ ਨੰਦ ਲਾਲ ਗੋਯਾ ਦੀ ਕਾਵਿ ਅਤੇ ਵਾਰਤਿਕ ਰਚਨਾ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼ਰਧਾ ਦੇ ਮੋਤੀ ਅਤੇ ਫੁੱਲ ਗੁਰੂ ਸਾਹਿਬਾਨ ਦੇ ਮੁਬਾਰਕ ਚਰਨਾਂ ਵਿਚ ਸ਼ਰਧਾਂਜਲੀ ਦੇ ਤੌਰ ਤੇ ਪੇਸ਼ ਕੀਤੇ ਹਨ। ਹੁਣ ਇੱਥੇ ਕਾਵਿ ਹਿੱਸੇ ਤੇ ਵਿਚਾਰ ਵਟਾਂਦਰਾ ਕਰ ਰਹੇ ਹਾਂ ਅਤੇ ਵਾਰਤਿਕ ਹਿੱਸੇ ਦਾ ਜ਼ਿਕਰ ਅੱਗੇ ਚਲ ਕੇ ਕੀਤਾ ਜਾਵੇਗਾ। ਗੰਜਨਾਮਾ ਦੇ ਸ਼ੁਰੂ ਵਿਚ ਗੁਰੂ ਅਰਜਨ ਦੇਵ ਜੀ ਦਾ ਇਹ ਸ਼ੋਲਕ ਦਰਜ ਹੈ।

ਗੁਰ ਗੋਬਿੰਦ ਗੋਪਾਲ ਗੁਰੁ ਗੁਰ ਪੂਰਨ ਨਾਰਾਇਣਹ॥
ਗੁਰ ਦਇਆਲ ਸਮਰਥ ਗੁਰੁ, ਗੁਰ ਨਾਨਕ ਪਤਿਤ ਉਧਾਰਣਹ॥[65]

ਭਾਵ ਗੁਰੂ ਹੀ ਪ੍ਰਮਾਤਮਾ ਹੈ, ਗੁਰੂ ਮਿਹਰਬਾਨ, ਕਾਦਿਰ ਹਰਕਾਰ ਅਤੇ ਪਾਪੀਆਂ ਅਤੇ ਗੁਨਾਹਗਾਰਾਂ ਨੂੰ ਛੁਟਕਾਰਾ ਦਿਵਾਉਣ ਵਾਲਾ ਹੈ। ਭਾਈ ਨੰਦ ਲਾਲ ਗੋਯਾ ਗੰਜਨਾਮੇ ਦੀ ਸ਼ੁਰੂਆਤ ਇਸ ਦੁਆ ਨਾਲ ਕਰਦੇ ਹਨ ਕਿ ਉਨ੍ਹਾਂ ਦਾ ਸਿਰ, ਜਾਨ ਅਤੇ ਦਿਲ, ਹਰੇਕ ਸਵੇਰ ਸ਼ਾਮ ਹਜ਼ਾਰਾਂ ਵਾਰੀ ਨਿਮਰਤਾ ਨਾਲ ਮੁਰਸ਼ਿਦ-ਏ-ਕਾਮਿਲ ਤੇ ਕੁਰਬਾਨ ਹੋ ਜਾਵੇ ਕਿਉਂਕਿ ਮੁਰਸ਼ਿਦ-ਏ-ਕਾਮਿਲ ਨੇ ਮਨੁੱਖ ਨੂੰ ਫਰਿਸ਼ਤਾ ਬਣਾ ਕੇ ਇਸ ਦੀ ਇੱਜ਼ਤ ਵਿਚ ਵਾਧਾ ਕੀਤਾ

---

65 ਗੁਰੂ ਗ੍ਰੰਥ ਸਾਹਿਬ, ਪੰਨਾ 710.

ਹੈ। ਸਾਰੇ ਫਰਿਸ਼ਤੇ, ਰੱਬ ਦੇ ਪਿਆਰੇ ਉਨ੍ਹਾਂ ਤੇ ਕੁਰਬਾਨ ਹਨ। ਗੋਯਾ ਸ਼ਰਧਾ ਵਿਚ ਆ ਕੇ ਆਪਣੇ ਦਿਲੀ ਜਜ਼ਬੇ ਦੇ ਨਾਲ ਸਤਿਗੁਰ ਦੀ ਤਾਰੀਫ ਇੰਜ ਕਰਦੇ ਹਨ। ਦਿਲ ਜਾਨ ਤੇ ਉਨ੍ਹਾਂ ਤੇ ਕੁਰਬਾਨ ਹਾਂ, ਸੱਚੇ ਦਿਲੋਂ ਉਨ੍ਹਾਂ ਲਈ ਆਪਣੀ ਜਾਨ ਕੁਰਬਾਨ ਲਈ ਤਿਆਰ ਹਾਂ। ਨਿਮਰਤਾ ਨਾਲ ਉਸ ਅੱਗੇ ਆਪਣਾ ਸੀਸ ਨਿਵਾਉਂਦੇ ਹਾਂ, ਸਾਰੀ ਰਚਾਈ ਰਚਨਾ ਉਨ੍ਹਾਂ ਦੀ ਤਾਰੀਫ ਦੀ ਕਾਇਲ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਬਲਿਹਾਰੀ ਗੁਰ ਆਪਨੇ ਦਿਉਹਾੜੀ ਸਦ ਵਾਰ॥

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ [66]

ਭਾਵ ਮੈਂ ਆਪਣੇ ਗੁਰੂ ਤੇ ਸੈਂਕੜੇ ਬਾਰੀ ਕੁਰਬਾਨ ਹਾਂ ਕਿ ਜਿਨ੍ਹਾਂ ਨੇ ਮਨੁੱਖ ਨੂੰ ਫਰਿਸ਼ਤੇ ਵਿਚ ਬਦਲ ਦਿੱਤਾ। ਇਸ ਪਿੱਛੋਂ ਗੋਯਾ ਗੁਰੂ ਦੀ ਜ਼ਰੂਰਤ ਅਤੇ ਮਹੱਤਤਾ ਤੇ ਜ਼ੋਰ ਦਿੰਦਿਆਂ ਫਰਮਾਉਂਦੇ ਹਨ ਭਾਵੇਂ ਹਜ਼ਾਰ ਚੰਨ ਸੂਰਜ ਚਮਕਦੇ ਹੋਣ, ਗੁਰੂ ਤੋਂ ਬਿਨਾਂ ਇਹ ਸਾਰੇ ਕਾਲੇ ਹਨ।

**ਗੁਰਬਾਣੀ ਅਨੁਸਾਰ –**

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ [67]

ਭਾਵ ਬੇਸ਼ਕ ਸੈਂਕੜੇ ਚੰਨ ਅਤੇ ਹਜ਼ਾਰਾਂ ਸੂਰਜ ਨਿਕਲ ਜਾਣ ਅਤੇ ਦੁਨੀਆਂ ਵਿਚ ਰੌਸ਼ਨੀ ਫੈਲਾ ਦੇਣ ਪਰ ਐਨੀ ਰੌਸ਼ਨੀ ਅਤੇ ਚਮਕ ਗੁਰੂ ਤੋਂ ਬਗੈਰ ਘੁੱਪ ਹਨੇਰਾ ਹੀ ਛਾਇਆ ਰਹੇਗਾ। ਜਿਹੜਾ ਮਨੁੱਖ ਮੁਰਸ਼ਿਦ-ਏ-ਕਾਮਿਲ ਨੂੰ ਯਾਦ ਨਹੀਂ ਕਰਦਾ, ਉਸਦੀ ਜ਼ਿੰਦਗੀ ਬੇਕਾਰ ਰਹੇਗੀ। ਦੂਰੋਂ ਚੀੜ ਦੇ ਫਲਾਂ ਨੂੰ ਵੇਖ ਕੇ ਖੁਸ਼ ਹੋ ਜਾਂਦਾ ਹੈ। ਉਹ ਆਪਣੇ ਫਲਾਂ ਨੂੰ ਪ੍ਰਾਪਤ ਕਰਕੇ ਆਪਣੀ ਭੁੱਖ ਦੂਰ ਕਰੇਗਾ, ਪਰ ਜਦੋਂ ਚੀੜ ਦੇ ਦਰਖਤਾਂ ਦੇ ਕੋਲ ਜਾ ਕੇ ਵੇਖਦਾ ਹੈ ਤਾਂ ਉਹ ਅਸਲੀ ਫਲ ਨਹੀਂ ਉਹ ਭੁੱਖਾ ਵਾਪਸ ਪਰਤ ਆਉਂਦਾ ਹੈ। ਉਸ ਦੀ ਮੁਰਾਦ ਪੂਰੀ ਨਹੀਂ ਹੁੰਦੀ। ਮੁਰਸ਼ਿਦ-ਏ-ਕਾਮਿਲ ਤੋਂ ਬਗੈਰ ਮਨੁੱਖ ਵੀ ਧੋਖਾ ਖਾ ਜਾਂਦਾ ਹੈ। ਉਸ ਦੀਆਂ ਉਮੀਦਾਂ ਧਰੀਆਂ ਦੀਆਂ ਧਰੀਆਂ ਰਹਿ ਜਾਂਦੀਆਂ ਹਨ।

---

[66] ਉਹੀ, ਪੰਨਾ 462.
[67] ਉਹੀ, ਪੰਨਾ 463.

**ਗੁਰੂ ਨਾਨਕ ਦੇਵ ਜੀ ਦੇ ਦੁਨੀਆ ਵਿਚ ਆਉਣ ਦਾ ਕਾਰਨ:** ਭਾਈ ਨੰਦ ਲਾਲ ਗੋਯਾ ਬਿਆਨ ਕਰਦੇ ਹਨ ਕਿ ਰੱਬ ਨੇ ਬਹੁਤ ਹੀ ਕਰਮ ਕਰਦਿਆਂ ਗੁਰੂ ਨਾਨਕ ਦੇਵ ਜੀ ਨੂੰ ਮੁਰਸਿਦੁਲ ਅਲਾਮੀਨ ਦੀ ਉਪਾਧੀ ਨਾਲ ਨਿਵਾਜਿਆ। ਜਦੋਂ ਇਸ ਉਪਾਧੀ ਨਾਲ ਸੰਬੋਧਨ ਹੋਏ ਤਾਂ ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿੱਤਾ ਕਿ ਮੈਂ ਤਾਂ ਤੁਹਾਡਾ ਬੰਦਾ ਅਤੇ ਸੇਵਕ ਹਾਂ, ਆਪ ਦੇ ਆਮ ਅਤੇ ਖਾਸ ਬੰਦਿਆਂ ਦੇ ਪੈਰਾਂ ਦੀ ਧੂੜ ਹਾਂ, ਪਰ ਰੱਬ ਇਨ੍ਹਾਂ ਨੂੰ ਲਗਾਤਾਰ ਕਹਿੰਦਾ ਰਿਹਾ ਕਿ ਐ ਨਾਨਕ! ਤੇਰੇ ਅੰਦਰ ਵੀ ਮੈਂ ਹੀ ਹਾਂ ਅਤੇ ਇਨਸਾਫ਼ ਵੀ ਇਹੋ ਹੈ ਕਿ ਜੋ ਕੁਝ ਮੈਂ ਚਾਹੁੰਦਾ ਹਾਂ, ਕਰਦਾ ਹਾਂ। ਦੁਨੀਆਂ ਦੇ ਲੋਕਾਂ ਨੂੰ ਸਿੱਧੇ ਰਾਹ ਪਾਉਂਦਾ ਰਹਾਂ, ਉਹ ਮੇਰਾ ਜ਼ਿਕਰ ਫਿਕਰ ਕਰਨ ਅਤੇ ਮੇਰੀ ਉਸਤਤਿ ਵੱਲ ਧਿਆਨ ਦੇਣ, ਮੈਂ ਹਰ ਥਾਂ ਤੇਰਾ ਸਹਾਈ ਰਹਾਂਗਾ। ਜਿਹੜਾ ਆਦਮੀ ਤੇਰੇ ਨਾਂ ਨੂੰ ਸਭ ਤੋਂ ਉੱਚਾ ਸਮਝੇਗਾ ਤਾਂ ਸਮਝੋ ਕਿ ਉਹ ਦਿਲੋ ਜਾਨ ਨਾਲ ਮੇਰੀ ਹੀ ਉਸਤਤਿ ਕਰਦਾ ਹੈ। ਇਸ ਲਈ ਤੂੰ ਦੁਨੀਆਂ ਵਿਚ ਜਾ ਕੇ ਸਿੱਧਾ ਰਾਹ ਦਰਸਾਉਣ ਵਾਲਾ ਬਣ, ਦੁਨੀਆਂ ਨੂੰ ਪੈਦਲ ਚੱਲ ਕੇ ਵੇਖ, ਉਨ੍ਹਾਂ ਜਾਦੂਗਰਾਂ ਨੂੰ ਮੇਰੀ ਉਸਤਤਿ ਤਾਰੀਫ ਵੱਲ ਉਭਾਰ, ਜਿਹੜਾ ਮੁਰਦਿਆਂ ਨੂੰ ਜਿਉਂਦਾ ਕਰਦਾ ਹੈ। ਜਿਹੜੇ ਲੋਕ ਪਿਛਲੇ ਸਮੇਂ ਨੂੰ ਵੇਖ ਕੇ ਚੰਗੀਆਂ ਬੁਰੀਆਂ ਗੱਲਾਂ ਕੱਢਕੇ ਅਤੇ ਮਹੂਰਤ ਦੱਸਦੇ ਹਨ। ਉਨ੍ਹਾਂ ਨੂੰ ਮੇਰੇ ਵੱਲ ਚਿਤ ਲਾਉਣ ਲਈ ਪੈਗਾਮ ਦੇਵੋ ਤਾਂ ਜੋ ਮੈਂ ਉਨ੍ਹਾਂ ਦਾ ਛੁਟਕਾਰਾ ਕਰ ਸਕਾਂ। ਐ ਨਾਨਕ! ਮੈਂ ਤੁਹਾਨੂੰ ਇਸ ਲਈ ਪੈਦਾ ਕੀਤਾ ਹੈ ਕਿ ਸਾਰੇ ਜਹਾਨ ਵਾਲਿਆਂ ਦਾ ਰਹਿਬਰ ਬਣ ਕੇ ਲੋਕਾਂ ਦੀਆਂ ਜੰਜੀਰਾਂ ਨੂੰ ਝੰਜੋੜ ਦੇਵੋ ਅਤੇ ਸਾਰਿਆਂ ਨੂੰ ਸਿੱਧਾ ਰਾਹ ਵਿਖਾਵੋ। ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿੱਤਾ ਕਿ ਭਾਵੇਂ ਮੈਂ ਇਸ ਕੰਮ ਦੇ ਲਾਇਕ ਨਹੀਂ ਪਰ ਤੁਹਾਡਾ ਆਦੇਸ਼ ਸਿਰ ਮੱਥੇ ਤੇ ਕਬੂਲ ਕਰਾਂਗਾ ਅਤੇ ਇਸ ਆਦੇਸ਼ ਤੋਂ ਇਕ ਪਲ ਵੀ ਗਾਫਿਲ ਨਹੀਂ ਰਹਾਂਗਾ। ਐ ਰੱਬ! ਤੂੰ ਹੀ ਸਭ ਨੂੰ ਰਾਹ ਦਰਸਾਉਣ ਵਾਲਾ ਹੈ।[68]

ਅੱਗੇ ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਤਾਕਤਵਰ ਹਿੰਦੂ ਮੁਸਲਮਾਨ, ਘੁਮੰਡ, ਹੰਕਾਰ ਦੇ ਨਸ਼ੇ ਵਿਚ ਮਸਤ ਸਨ, ਇਕ ਦੂਜੇ ਦੀਆਂ ਲੱਤਾਂ ਖਿੱਚ ਰਹੇ ਸਨ। ਫਿਰਕਾਪ੍ਰਸਤੀ ਅਤੇ ਤੁਅੱਸਬ ਦਾ ਚਲਨ ਆਮ ਸੀ। ਲੋਕ ਵੇਦਾਂ, ਕੁਰਆਨ ਨੂੰ ਭੁੱਲ ਕੇ ਸ਼ੈਤਾਨਾਂ ਵਾਂਗ ਲਾਲਚੀ ਬਣ ਚੁੱਕੇ ਸਨ। ਸੱਚਾਈ ਨੂੰ ਛੱਡ ਕੇ ਆਪਸ ਵਿਚ ਬੇਕਾਰ ਕੰਮਾਂ ਵਿਚ ਰੁੱਝੇ ਹੋਏ ਸਨ। ਜ਼ੁਲਮ-ਜ਼ਿਆਦਤੀ ਜ਼ੋਰਾਂ ਤੇ ਸੀ। ਧਰਮੀ ਬਲਦ ਜਿਹੜਾ ਜ਼ਮੀਨ ਨੂੰ ਆਪਣੇ ਪੈਰਾਂ ਤੇ

---

68 ਵਾਰਾਂ ਭਾਈ ਗੁਰਦਾਸ, ਵਾਰ 1, ਪਾਉੜੀ 21 ਤੋਂ 23.

ਚੱਕੀਂ ਖੜਾ ਹੈ ਰੱਬ ਅੱਗੇ ਫਰਿਆਦ ਕੀਤੀ, ਐ ਰੱਬਾ! ਹੱਕ ਸੱਚ ਦੇ ਮਰਦ ਤੋਂ ਬਗੈਰ ਇਸ ਜ਼ੁਲਮ ਸਿਤਮ ਦੀ ਕੋਈ ਰੋਕਥਾਮ ਨਹੀਂ ਹੋ ਸਕਦੀ। ਮੁਰਸ਼ਿਦ-ਏ-ਕਾਮਿਲ ਤੋਂ ਬਗੈਰ ਦੁਨੀਆਂ ਵਿਚ ਇਨਸਾਫ਼ ਕਾਇਮ ਨਹੀਂ ਰਹਿ ਸਕਦਾ। ਰੱਬ ਨੇ ਉਸ ਦੀ ਬੇਨਤੀ ਸੁਣ ਕੇ ਗੁਰੂ ਨਾਨਕ ਦੇਵ ਜੀ ਨੂੰ ਇਸ ਦੁਨੀਆਂ ਵਿਚ ਭੇਜਿਆ।[69]

ਭਾਈ ਨੰਦ ਲਾਲ ਗੋਯਾ 'ਮੁਰਸ਼ਿਦੁਲ ਅਲਾਮੀਨ' ਗੁਰੂ ਨਾਨਕ ਦੇਵ ਜੀ ਦੀ ਤਾਰੀਫ ਵਿਚ ਉਨ੍ਹਾਂ ਨੂੰ ਬੇਮਿਸਾਲ ਦਰਵੇਸ਼ ਅਤੇ ਲਾਸਾਨੀ ਫਕੀਰ ਰੱਬ ਨੂੰ ਮਾਲਿਕ ਮੰਨਦਿਆਂ ਸ਼ਰਧਾਂਜਲੀ ਪੇਸ਼ ਕਰਦਿਆਂ ਲਿਖਦੇ ਹਨ: ਉਸ ਦਾ ਨਾਂ ਸ਼ਾਹ ਨਾਨਕ ਹੈ, ਇਨ੍ਹਾਂ ਵਰਗਾ ਰੱਬ ਦਰਵੇਸ਼ ਮਿਲਣਾ ਮੁਸ਼ਕਿਲ ਹੈ। ਫਕੀਰੀ ਹੀ ਉਨ੍ਹਾਂ ਦਾ ਫਕਰ ਹੈ। ਬਹਾਦਰੀ ਉਨ੍ਹਾਂ ਦਾ ਹਿੱਸਾ ਹੈ। ਇਨ੍ਹਾਂ ਦੇ ਉਤਰਾਧਿਕਾਰੀ ਵੀ ਸਿਫਤ ਸਲਾਹ ਦੇ ਹੱਕਦਾਰ ਹਨ। ਹਮੇਸ਼ਾਂ ਅਬਾਦ ਰਹਿਣ ਉਨ੍ਹਾਂ ਦੀਆਂ ਇਹ ਨਿਸ਼ਾਨੀਆਂ। ਸਾਰੇ ਫਰਿਸ਼ਤੇ ਵੀ ਉਨ੍ਹਾਂ ਨੂੰ ਮਿਲਣ ਦੀ ਤਮੰਨਾ ਕਰਦੇ ਹਨ। ਲੱਖਾਂ ਹੀ ਉਨ੍ਹਾਂ ਦੇ ਮੁਰੀਦ ਹਨ। ਸਾਰੇ ਉਨ੍ਹਾਂ ਤੇ ਕੁਰਬਾਨ ਹੀ ਨਹੀਂ ਸਗੋਂ ਜਿੰਦ-ਜਾਨ ਤੋਂ ਉਨ੍ਹਾਂ ਨੂੰ ਚਾਹੁੰਦੇ ਹਨ।

**ਬਾਬਾ ਨਾਨਕ ਦੀਆਂ ਮਿਹਰਬਾਨੀਆਂ-** ਗੋਯਾ ਇਸ ਗੱਲ ਦਾ ਜ਼ਿਕਰ ਕਰਦੇ ਹਨ ਕਿ ਜਦੋਂ ਰੱਬ ਆਪਣੇ ਆਪ ਉਨ੍ਹਾਂ ਵਿਚ ਸ਼ਾਮਿਲ ਹੈ, ਤਾਂ ਉਹ ਗੁਰੂ ਨਾਨਕ ਦੀ ਕੀ ਸਿਫਤ ਸਲਾਹ ਕਰ ਸਕਦੇ ਹਨ। ਹੱਕ ਸੱਚ ਨੂੰ ਉਜਾਗਰ ਕਰਨ ਵਾਲੇ ਦੂਜੇ ਗੁਰੂ ਅੰਗਦ ਦੇਵ ਜੀ ਦੀ ਤਾਰੀਫ ਕਰਦਿਆਂ ਲਿਖਦੇ ਹਨ, ਗੁਰੂ ਅੰਗਦ ਦੋਵੇਂ ਜਹਾਨਾਂ ਦੇ ਮੁਰਸ਼ਿਦ ਹਨ, ਉਸ ਇਕ ਮਾਲਿਕ ਦੀ ਇਹ ਮਿਹਰਬਾਨੀ ਹੈ। ਦੋਵੇਂ ਜਹਾਨਾਂ ਵਿਚ ਹਜ਼ਾਰਾਂ ਸੰਸਾਰ ਹਨ, ਉਸ ਦੇ ਤੁਫੈਲ ਨਾਲ ਹੀ ਕਾਮਯਾਬ ਹਨ। ਉਨ੍ਹਾਂ ਦਾ ਸਾਰਾ ਸਰੀਰ ਮਿਹਰ ਫਜ਼ਲ ਹੈ। ਉਹ ਸਾਰੀਆਂ ਜ਼ਾਹਰੀਆਂ ਅਤੇ ਛੁਪੀਆਂ ਗੱਲਾਂ ਪ੍ਰਗਟ ਹੋ ਜਾਂਦੀਆਂ ਹਨ। ਉਨ੍ਹਾਂ ਦੀਆਂ ਤਾਰੀਫਾਂ ਦੋਵੇਂ ਜਹਾਨਾਂ ਵਿਚ ਕੀਤੀਆਂ ਜਾਂਦੀਆਂ ਹਨ। ਅਸੀਂ ਸਾਰੇ ਉਸ ਤੋਂ ਮਿਹਰਬਾਨੀ ਚਾਹੁੰਦੇ ਹਾਂ। ਅਸੀਂ ਦਿਲੋਂ ਜਾਨ ਤੋਂ ਉਸ ਤੇ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹਾਂ।

**ਤੀਜੇ ਗੁਰੂ ਅਮਰਦਾਸ ਜੀ ਦੀ ਸ਼ਾਨ ਵਿਚ ਤਾਰੀਫ-** ਗੁਰੂ ਅਮਰਦਾਸ, ਉਹ ਉੱਚ ਕੋਟੀ ਦੇ ਗੁਰੂ ਹਨ ਜਿਸ ਵਿਚ ਬਹੁਤ ਸਾਰੀਆਂ ਖ਼ੂਬੀਆਂ ਹਨ। ਸੱਚੀਆਂ ਗੱਲਾਂ ਦੇ ਮਾਲਿਕ ਹਨ। ਉਨ੍ਹਾਂ ਦੀ ਜੋਤਿ ਨਾਲ ਦੁਨੀਆਂ ਰੋਸ਼ਨ ਹੋਈ। ਜ਼ਮੀਨ ਅਤੇ ਆਸਮਾਨ ਸਾਰੇ ਉਸ ਦੀ

---

[69] ਉਹੀ।

ਤਾਰੀਫ ਕਰਦੇ ਹਨ। ਦੋਵੇਂ ਜਹਾਨ ਦੀ ਦੁਨੀਆਂ ਉਨ੍ਹਾਂ ਦੀ ਸੇਵਾ ਕਰਨ ਲਈ ਤਿਆਰ ਹੈ। ਉਨ੍ਹਾਂ ਦੀ ਮਿਹਰਬਾਨੀਆਂ ਬੇਸ਼ੁਮਾਰ ਹਨ।

**ਚੌਥੇ ਗੁਰੂ ਰਾਮਦਾਸ ਜੀ ਦੀ ਸ਼ਾਨ ਵਿਚ–** ਗੁਰੂ ਰਾਮਦਾਸ ਉਹ ਗੁਰੂ ਹਨ ਜਿਨ੍ਹਾਂ ਦੀ ਸਾਰੇ ਜਹਾਨ ਵਿਚ ਤਾਰੀਫ ਕੀਤੀ ਜਾਂਦੀ ਹੈ। ਉਨ੍ਹਾਂ ਦੀ ਬਾਦਸ਼ਾਹੀ ਉਨ੍ਹਾਂ ਦੀ ਦਰਵੇਸ਼ੀ ਬੇਮਿਸਾਲ ਹੈ। ਮੂੰਹ ਵੀ ਉਨ੍ਹਾਂ ਦੀ ਤਾਰੀਫ ਕਰਨੋਂ ਥੱਕ ਜਾਂਦੇ ਹਨ। ਹੱਕ ਸੱਚ ਦੀ ਲਹਿਰ ਚਲਾਉਣਾ ਉਨ੍ਹਾਂ ਦੀ ਜ਼ਿੰਦਗੀ ਦਾ ਨਿਚੋੜ ਹੈ। ਛੋਟਾ ਵੱਡਾ ਉਨ੍ਹਾਂ ਦੀ ਜ਼ਿੰਦਗੀ ਨੂੰ ਵੇਖਦਿਆਂ ਕੁਰਬਾਨ ਹੋਣ ਲਈ ਤਿਆਰ ਹੈ।

**ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਤਾਰੀਫ ਵਿਚ:** ਗੁਰੂ ਅਰਜਨ ਦੇਵ ਜੀ ਸਾਰੀਆਂ ਮਿਹਰਬਾਨੀਆਂ ਦੇ ਖਜ਼ਾਨੇ ਸਨ। ਹੱਕ ਸੱਚ ਦੀਆਂ ਨਸੀਹਤਾਂ ਕਰਨ ਵਾਲੇ, ਉਨ੍ਹਾਂ ਦਾ ਸਰੀਰ ਰਹਿਮਤ ਸੀ, ਇਹ ਉਨ੍ਹਾਂ ਦੀ ਖੁਸ਼ਕਿਸਮਤੀ ਸੀ, ਉਨ੍ਹਾਂ ਦੇ ਹਜ਼ਾਰਾਂ ਮੁਰੀਦ ਉਨ੍ਹਾਂ ਦੀਆਂ ਮਿਹਰਬਾਨੀਆਂ ਵੇਖ ਕੇ ਬਣੇ। ਹੱਕ ਸੱਚ ਦੀ ਫਿਕਰ ਕਰਨ ਵਾਲੇ, ਇਸੇ ਗੱਲ ਤੇ ਯਕੀਨ ਰੱਖਣ ਵਾਲੇ ਸਨ। ਹੱਕ ਸੱਚ ਦੀ ਪ੍ਰਫੁੱਲਤਾ ਵਿਚ ਜੀਅ ਜਾਨ ਨਾਲ ਮਿਹਨਤ ਕਰਨ ਵਾਲੇ ਸਨ।

**ਛੇਵੇਂ ਗੁਰੂ ਹਰਿ ਗੋਬਿੰਦ ਜੀ ਜਿਹੜੇ ਮਹਿਫਿਲ ਦੀ ਖੂਬਸੂਰਤੀ ਸਨ:** ਗੁਰੂ ਹਰਿ ਗੋਬਿੰਦ ਮਿਹਰਾਂ ਵਾਲੇ ਸਨ, ਉਹ ਸੱਚੇ ਸੁੱਚੇ ਮੋਤੀ ਸਨ। ਉਨ੍ਹਾਂ ਦੀਆਂ ਮਿਹਰਬਾਨੀਆਂ ਸਦਕਾ ਹਰ ਕੋਈ ਇਨ੍ਹਾਂ ਦਾ ਕਾਇਲ ਸੀ। ਸਮੁੱਚੇ ਤੌਰ ਤੇ ਹੱਕ ਸੱਚ ਦੇ ਧਾਰਨੀ ਸਨ। ਸਾਰਿਆਂ ਨੂੰ ਇਸੇ ਗੱਲ ਦੀ ਪ੍ਰੇਰਨਾ ਕਰਦੇ ਸਨ। ਫਕੀਰੀ ਉਨ੍ਹਾਂ ਦੀ ਜ਼ਿੰਦਗੀ ਦੀ ਬਾਦਸ਼ਾਹੀ ਸੀ। ਉਨ੍ਹਾਂ ਦਾ ਫੁਰਮਾਨ ਮੰਨਿਆ ਜਾਂਦਾ ਸੀ। ਦੋਵੇਂ ਜਹਾਨ ਉਨ੍ਹਾਂ ਦੇ ਆਉਣ ਕਰਕੇ ਰੋਸ਼ਨ ਹੋਏ, ਹਰੇਕ ਨੇ ਆਪ ਦੇ ਦੀਦਾਰ ਕੀਤੇ।

**ਸੱਤਵੇਂ ਗੁਰੂ ਹਰਿ ਰਾਏ ਦੀ ਸ਼ਾਨ ਵਿਚ–** ਹੱਕ ਤੇ ਚੱਲਣ ਵਾਲੇ, ਹੱਕ ਨੂੰ ਫੈਲਾਉਣ ਵਾਲੇ, ਦਰਵੇਸ਼ ਸੁਭਾਅ ਦੇ, ਸਾਰਿਆਂ ਤੇ ਮਿਹਰ ਕਰਨ ਵਾਲੇ, ਦੋਵੇਂ ਜਹਾਨਾਂ ਦੇ ਬਾਦਸ਼ਾਹ ਅਤੇ ਹੱਕ ਨੂੰ ਪਸੰਦ ਕਰਨ ਵਾਲੇ ਸਨ। ਲੋਕਾਂ ਨੂੰ ਜ਼ੁਲਮਾਂ ਤੋਂ ਛੁਟਕਾਰਾ ਦਿਵਾਉਣ ਵਾਲੇ, ਜ਼ਰੂਰਤ ਮੰਦਾਂ ਦੇ ਯਾਰ ਬੇਲੀ, ਹੱਕ ਸੱਚ ਦੇ ਸ਼ਹਿਨਸ਼ਾਹ ਜਿੰਨ੍ਹਾਂ ਦਾ ਫੁਰਮਾਨ ਸਾਰੇ ਤਬਕਿਆਂ ਵਿਚ ਚੱਲਦਾ ਸੀ।

**ਅੱਠਵੇਂ ਗੁਰੂ ਹਰਕ੍ਰਿਸ਼ਨ ਜੀ ਜੋ ਮਾਸੂਮਾਂ ਦੇ ਤਾਜ ਸਨ–** ਇਹ ਗੁਰੂ ਹਰਕ੍ਰਿਸ਼ਨ ਦੀ ਹੀ ਮਿਹਰਬਾਨੀ ਹੈ ਕਿ ਉਨ੍ਹਾਂ ਦੀ ਸੱਚ ਗੱਲ ਸਾਰਿਆਂ ਨੇ ਮੰਨੀ, ਹੱਕ ਵਾਸਤੇ ਲੜਨ ਵਾਲੇ, ਹੱਕ ਲਈ ਸਭ ਕੁਰਬਾਨ ਕਰਨ ਵਾਲੇ, ਜੋ ਵੀ ਇਨ੍ਹਾਂ ਦੀ ਚੌਖਟ ਤੇ ਆਇਆ, ਉਹ ਖਾਲੀ ਨਾ ਗਿਆ। ਕਿਣਕੇ ਵੀ ਸੂਰਜ ਬਣੇ। ਪਾਪੀਆਂ ਦਾ ਹੱਥ ਫੜਿਆ, ਸਾਰਿਆਂ ਨੇ ਆਪ ਦੀ ਗੱਲ ਨੂੰ ਮੰਨਿਆ।

**ਨੌਵੇਂ ਗੁਰੂ ਤੇਗ ਬਹਾਦਰ ਜਿਨ੍ਹਾਂ ਨੇ ਸ਼ਹਾਦਤ ਦਾ ਜਾਮ ਪੀਤਾ–** ਇਹ ਗੁਰੂ ਵੀ ਮਿਹਰਬਾਨੀਆਂ ਦੇ ਖਜ਼ਾਨੇ ਸਨ। ਇੱਜ਼ਤ ਅਤੇ ਵਡਿਆਈ ਇਨ੍ਹਾਂ ਲਈ ਸੀ। ਹੱਕ ਸੱਚ ਦੀ ਜੋਤਿ ਜਗਾਉਣਾ ਉਨ੍ਹਾਂ ਦਾ ਕੰਮ ਸੀ। ਦੋਵੇਂ ਜਹਾਨਾਂ 'ਚ ਮਿਹਰ ਉਨ੍ਹਾਂ ਸਦਕਾ ਸੀ। ਹੱਕ ਸੱਚ ਵਾਲਿਆਂ ਵਿਚ ਆਪ ਮੋਢੀ ਮੰਨੇ ਜਾਂਦੇ ਸਨ। ਰੱਬ ਨੇ ਆਪ ਨੂੰ ਖੁਦ ਹੱਕ ਸੱਚ ਫੈਲਾਉਣ ਲਈ ਭੇਜਿਆ। ਉਨ੍ਹਾਂ ਨੇ ਚੰਗੇ ਲੋਕਾਂ ਨੂੰ ਚੰਗੇ ਰਸਤੇ ਪਾਉਣ ਲਈ ਯਤਨ ਕੀਤੇ। ਹੱਕ ਸੱਚ ਦਾ ਗਿਆਨ ਵੀ ਰੱਬ ਨੇ ਉਨ੍ਹਾਂ ਨੂੰ ਅਤਾ ਕੀਤਾ ਹੋਇਆ ਸੀ।

**ਦੱਸਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਤਾਰੀਫ ਵਿਚ–** ਭਾਈ ਨੰਦ ਲਾਲ ਗੋਯਾ ਨੇ ਆਪਣੇ ਰਹਿਬਰੇ ਕਾਮਿਲ ਅਤੇ ਪੀਰ ਦਸਤਗੀਰ ਦੀ ਸਿਫਤ ਸਲਾਹ ਨੂੰ ਮੁਹੱਬਤ ਭਰੇ ਸ਼ਬਦਾਂ ਵਿਚ ਲਿਖਿਆ ਹੈ– 'ਸਹਾਇਤਾ ਕਰਨ ਅਤੇ ਕਰਾਉਣ ਵਾਲੇ ਗੁਰ ਗੋਬਿੰਦ ਸਿੰਘ ਹਨ। ਰੱਬ ਨੇ ਵੀ ਇਸ ਗੱਲ ਨੂੰ ਸਵੀਕਾਰ ਕੀਤਾ ਹੈ। ਮਿਲਣ ਅਤੇ ਮਿਲਾਉਣ ਵਾਲੇ ਗੁਰੂ ਗੋਬਿੰਦ ਸਿੰਘ ਹਨ। ਹੱਕ ਨੂੰ ਪਸੰਦ ਕਰਨ ਵਾਲੇ, ਚਾਹੁਣ ਵਾਲੇ, ਜਿਨ੍ਹਾਂ ਨੂੰ ਚਾਹਿਆ ਜਾਵੇ, ਸਜਦਾ ਕਰਨ ਵਾਲੇ ਅਤੇ ਜਿਨ੍ਹਾਂ ਨੂੰ ਸਜਦਾ ਕੀਤਾ ਜਾਵੇ। ਸਾਰੀਆਂ ਮਿਹਰਬਾਨੀਆਂ ਦੇ ਖਜ਼ਾਨੇ ਹਨ। ਸ਼ੌਕ ਰੱਖਣ ਵਾਲੇ ਅਤੇ ਮੁਕੰਮਲ ਅਖਲਾਕ ਵਾਲੇ ਗੁਰੂ ਗੋਬਿੰਦ ਸਿੰਘ ਹਨ। ਗੁਰੂ ਗੋਬਿੰਦ ਸਿੰਘ ਨੂੰ ਹੱਕ ਸੱਚ ਦਾ ਖਜ਼ਾਨਾ ਅਤੇ ਹੱਕ ਪਛਾਨਣ ਵਾਲੇ ਕਿਹਾ ਹੈ।'

ਹੱਕ ਸੱਚ ਦਾ ਖਜਾਨਾ, ਮੁਕੰਮਲ ਨੂਰ ਅਤੇ ਮਿਹਰ, ਹੱਕ ਤੋਂ ਜਾਣੂੰ, ਬਾਦਸ਼ਾਹਾਂ ਦੇ ਬਾਦਸ਼ਾਹ, ਭੇਦਾਂ ਨੂੰ ਜਾਨਣ ਵਾਲੇ, ਪਰਦਾ ਪਾਉਣ ਦਾ ਗਿਆਨ ਰੱਖਣ ਵਾਲੇ, ਨਿਸ਼ਕਾਮ ਸੇਵਾ ਕਰਨ ਵਾਲੇ, ਸ਼ੀਸ਼ੇ ਵਾਂਗ ਹੱਕ ਕਰਨ ਵਾਲੇ, ਗੁਰੂ ਗੋਬਿੰਦ ਸਿੰਘ ਜੀ ਹਨ। ਗੁਰੂ ਗੋਬਿੰਦ ਸਿੰਘ ਸੰਸਾਰਿਕ ਅਤੇ ਦੀਨ ਦੁਨੀਆਂ ਦੇ ਬਾਦਸ਼ਾਹ ਹਨ। ਦੋਵੇਂ ਜਹਾਨਾਂ ਦੇ ਬਾਦਸ਼ਾਹ, ਵਿਰੋਧੀਆਂ ਲਈ ਵੈਰੀ, ਅਕਲ ਰੱਖਣ ਵਾਲੇ, ਹੱਕ ਸੱਚ ਦੀ ਗੱਲਬਾਤ ਕਰਨ ਵਾਲੇ, ਦੁਨੀਆਂ ਦੇ ਸਰਦਾਰ, ਦੋਵੇਂ ਜਹਾਨਾਂ ਲਈ ਗੱਲਬਾਤ ਕਰਨ ਵਾਲੇ, ਬਾਦਸ਼ਾਹਾਂ ਦੇ

ਤਾਜ, ਬਹੁਤ ਵਧੀਆ ਮਿਅਰਾਜ ਤੇ ਜਾਣ ਵਾਲੇ, ਪਹਿਲੇ ਦਿਨ ਤੋਂ ਸਭ ਲਈ ਜਾਨ, ਤਾਜ਼, ਤਖਤ ਤੋਂ ਜਾਣੂੰ, ਦੋਵੇਂ ਜਹਾਨਾਂ ਲਈ ਹੱਥ ਹਨ। ਸਾਰੇ ਅਲਵੀ ਲਈ ਵੀ ਅਧੀਨ ਕਰਨ ਵਾਲੇ, ਜ਼ਰੂਰਤਮੰਦਾਂ ਦੀ ਮਦਦ ਕਰਨ ਵਾਲੇ, ਉੱਚੇ ਤਖਤਾਂ ਵਾਲਿਆਂ ਨੂੰ ਹੇਠਾਂ ਲੈ ਆਉਣ ਵਾਲੇ, ਬੇਸਹਾਰਿਆਂ ਨੂੰ ਸਹਾਰਾ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਹੀ ਸਨ।

**ਗੁਰੂ ਗੋਬਿੰਦ ਸਿੰਘ ਤਲਵਾਰ ਦੇ ਵੀ ਮਾਹਿਰ ਸਨ–** ਦੋਵੇਂ ਜਹਾਨਾਂ ਵਿਚ ਬਾਦਸ਼ਾਹ ਗੁਰੂ ਗੋਬਿੰਦ ਸਿੰਘ, ਵੈਰੀ ਨੂੰ ਹਲਕਾ ਵਿਖਾਉਣ ਵਾਲੇ, ਤਲਵਾਰ ਨਾਲ ਫਤਿਹ ਪ੍ਰਾਪਤ ਕਰਨ ਵਾਲੇ, ਤਨੋ ਮਨੋ ਸਿੱਧੀ ਰਾਹ ਦਰਸਾਉਣ ਵਾਲੇ, ਜਿੱਤ ਦੇ ਦਰਵਾਜ਼ੇ ਵਜੋਂ ਗੁਰੂ ਗੋਬਿੰਦ ਸਿੰਘ ਜੀ ਜਾਣੇ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰਬਾਨੀਆਂ ਦੀ ਬਦੌਲਤ ਲੋਕਾਂ ਦੇ ਦਿਲਾਂ ਵਿਚ ਖੁਸ਼ੀ ਅਤੇ ਸ਼ਾਂਤੀ ਦੀ ਲਹਿਰ ਦੌੜ ਗਈ ਸੀ।

**ਗੁਰੂ ਗੋਬਿੰਦ ਸਿੰਘ ਜੀ ਮਿਹਰ ਦੇ ਖਜ਼ਾਨੇ ਸਨ–** ਹਰ ਤਰ੍ਹਾਂ ਦੇ ਖਜ਼ਾਨੇ, ਜਖਮੀਆਂ ਲਈ ਮੱਲ੍ਹਮ, ਫਜ਼ਲਾਂ ਦੇ ਭੰਡਾਰ, ਭੁੱਖਿਆਂ ਨੂੰ ਭੋਜਨ ਕਰਵਾਉਣ ਵਾਲੇ, ਚੰਗਾ ਵਿਵਹਾਰ ਕਰਨ ਵਾਲੇ, ਕ੍ਰਿਪਾਲਤਾ ਕਰਨ ਵਾਲੇ, ਸਮਝ ਅਕਲ ਰੱਖਣ ਵਾਲੇ, ਰੱਬ ਦੀਆਂ ਮਿਹਰਾਂ ਦੇ ਮਾਲਿਕ, ਹੱਕ ਸੱਚ ਦੀ ਜੋਤਿ, ਹਰ ਮੈਦਾਨ ਵਿਚ ਜਿੱਤ ਪ੍ਰਾਪਤ ਕਰਨ ਵਾਲੇ ਗੁਰੂ ਗੋਬਿੰਦ ਜੀ ਹੀ ਸਨ।

**ਸਾਰੇ ਫਰਿਸ਼ਤੇ, ਦੇਵੀ ਦੇਵਤਿਆਂ ਅਤੇ ਵਿਸ਼ੇਸ਼ ਪਤਵੰਤਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਅਧੀਨਗੀ ਕਬੂਲੀ**: ਵਿਸ਼ੇਸ਼ ਪਤਵੰਤਿਆਂ ਵਿਚ, ਮੀਂਹ ਵਾਂਗ ਰਹਿਮਤ, ਤੀਜੇ ਬਾਦਸ਼ਾਹਾਂ ਵਾਂਗ ਬਾਦਸ਼ਾਹ, ਚੌਥੇ ਮਖਤੂਮ ਵੀ ਸਨ। ਪੰਜਵੇਂ ਲੋਕਾਂ ਨੂੰ ਇਕ ਜੰਜੀਰ ਵਿਚ ਬੰਨ੍ਹਣ ਵਾਲੇ, ਵੈਰੀ ਨੂੰ ਜੋਸ਼ ਦਿਵਾਉਣ ਵਾਲੇ, ਹਰੇਕ ਕੰਮ ਵਿਚ ਨਿਪੁੰਣ, ਕਦਰ ਅਤੇ ਕੁਦਰਤ ਦੇ ਧਨੀ, ਅੱਗੇ ਦੀ ਗੱਲ ਸੋਚਣ ਵਾਲੇ, ਚੁਸਤ ਅਤੇ ਹੁਸ਼ਿਆਰ, ਕਿਸੇ ਦੀ ਗੱਲ ਵਿਚ ਨਾ ਆਉਣ ਵਾਲੇ, ਸਾਰੇ ਆਦੇਸ਼ ਦੇਣ ਵਾਲੇ, ਸ਼ਾਨ ਵਿਚ ਸਭ ਤੋਂ ਉੱਚੀ ਥਾਂ ਰੱਖਣ ਵਾਲੇ, ਹੋਰ ਲੋਕ ਆਪ ਦੇ ਅਧੀਨ ਸਨ।

**ਗੁਰੂ ਗੋਬਿੰਦ ਸਿੰਘ ਹਮੇਸ਼ਾ ਰਹਿਣ ਵਾਲੇ:** ਗੁਰੂ ਗੋਬਿੰਦ ਹਮੇਸ਼ਾ ਰਹਿਣ ਵਾਲੇ ਹਨ। ਹਮੇਸ਼ਾ ਹਸਮੁੱਖ, ਹੋਰਾਂ ਨਾਲੋਂ ਉੱਚੀ ਸ਼ਾਨ ਵਾਲੇ ਅਤੇ ਹਮੇਸ਼ਾ ਰਹਿਣ ਵਾਲੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਸੁਣਨ, ਦਰਸ਼ਨ ਕਰਨ ਅਤੇ ਕੋਲ ਜਾਣ ਵਾਲਾ ਵੀ ਰੱਬੀ ਇਸ਼ਕ ਵਿਚ ਰੰਗਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਸੁਣਨ ਵਾਲਾ ਹੱਕ ਸੱਚ ਨੂੰ ਵੇਖਣ

ਵਾਲਾ, ਉਨ੍ਹਾਂ ਦਾ ਦੀਦਾਰ ਕਰਨ ਵਾਲਾ, ਉਸ ਦੇ ਕੂਚੇ ਵਿਚ ਜਾਣ ਵਾਲਾ, ਉਨ੍ਹਾਂ ਦੇ ਪੈਰਾਂ ਦੀ ਧੂੜ ਦੀ ਕਦਰ ਕਰਨ ਵਾਲਾ ਖਾਲੀ ਨਹੀਂ ਰਹਿੰਦਾ। ਗੁਰੂ ਗੋਬਿੰਦ ਸਿੰਘ ਬੇਸਹਾਰਿਆਂ ਦੇ ਸਹਾਰੇ, ਹਰੇਕ ਕੰਮ ਕਰਨ ਵਾਲੇ, ਹਰੇਕ ਅੱਖ ਦੇ ਨੂਰ ਸਨ। ਆਪ ਮੁਰਸ਼ਿਦੁਲ ਅਮੀਨ ਹਨ, ਜਿਹੜਾ ਉਨ੍ਹਾਂ ਕੋਲ ਬੈਠ ਜਾਂਦਾ ਸੀ, ਉਨ੍ਹਾਂ ਵਾਂਗ ਹਰ ਕਿਸਮ ਦੇ ਕੰਮ ਵਿਚ ਨਿਪੁੰਣ ਹੋ ਜਾਂਦਾ ਸੀ। ਉਹ ਤਾਂ ਹਰੇਕ ਸਰੀਰ ਵਿਚ ਰੂਹ ਵਾਂਗ ਸਨ। ਹਰੇਕ ਅੱਖ ਵਿਚ ਨੂਰ (ਜੋਤਿ) ਸਨ। ਅੰਤ ਵਿਚ ਗੋਯਾ ਤਨੋ-ਮਨੋ ਮੁਰਸ਼ਿਦ-ਏ-ਕਾਮਿਲ ਹੁੰਦੇ ਹੋਏ ਨਿਮਰਤਾ ਅਤੇ ਨਿਮਾਣਾਪਨ ਜ਼ਾਹਿਰ ਕਰਦਿਆਂ ਲਿਖਦੇ ਹਨ, ਹਰੇਕ ਚੀਜ਼ ਉਨ੍ਹਾਂ ਦੀ ਸੇਵਕ, ਧੱਬੇ ਤੋਂ ਬਿਨਾਂ, ਰੱਬ ਦੀ ਰਚਨਾ ਸਮਝਿਆ ਨਿਮਾਣਾ, ਉਸ ਦੇ ਮੁਕਾਬਲੇ ਵਿਚ ਬਹੁਤ ਛੋਟਾ, ਉਸ ਦਾ ਭਿਖਾਰੀ, ਉਸ ਦੀ ਯਾਦ ਵਿਚ ਜਾਨ ਦੇਣ ਵਾਲੇ, ਉਸ ਦੀ ਜੁਦਾਈ ਵਿਚ ਮਿਟਣ ਵਾਲੇ ਹਨ।

ਗੰਜਨਾਮਾ ਵਿਚ ਭਾਈ ਨੰਦ ਲਾਲ ਗੋਯਾ ਦਾ ਅੰਦਾਜ਼ ਬਹੁਤ ਚੰਗਾ ਅਤੇ ਦਿਲ ਖਿੱਚਵਾਂ ਹੈ। ਇਸ ਸੰਬੰਧੀ ਗੁਰੂ ਜੀ ਦੀ ਸ਼ਰਧਾ ਅਤੇ ਜ਼ੁਬਾਨ ਦਾ ਵੀ ਖਾਸ ਖਿਆਲ ਰੱਖਿਆ ਗਿਆ ਹੈ। ਭਾਸ਼ਾ ਬਹੁਤ ਸਰਲ ਅਤੇ ਜਜ਼ਬਿਆਂ ਦਾ ਵਧੀਆ ਨਮੂਨਾ ਪੇਸ਼ ਕੀਤਾ ਗਿਆ ਹੈ। ਗੁਰੂਆਂ ਦੀ ਸਿਫਤ ਸਲਾਹ ਆਪਣੀ ਮਿਸਾਲ ਆਪ ਹੈ। ਆਪਣੇ ਗੁਰੂ ਦੀ ਸ਼ਰਧਾ ਵਿਚ ਦਿਲੋਂ ਵਧੀਆ ਸ਼ਬਦ ਪ੍ਰਯੋਗ ਕੀਤੇ ਗਏ ਹਨ ਜਿਨ੍ਹਾਂ ਵਿਚ ਖਲੂਸ, ਮੁਹੱਬਤ ਦੀ ਝਲਕ ਆਮ ਵਿਖਾਈ ਦਿੰਦੀ ਹੈ। ਦੂਜਾ, ਗੋਯਾ ਨੇ ਗੰਜਨਾਮਾ ਵਿਚ ਅਰਬੀ ਤਰਕੀਬਾਂ ਦਾ ਬਹੁਤ ਜ਼ਿਆਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਦੇ ਹਜ਼ਾਰਾਂ ਮੁਰੀਦ ਹਨ ਹਜ਼ਾਰਾਂ ਮੁਰੀਦ ਹੋਰ ਮਖਲੂਕ ਵੀ ਹਨ। ਦੋਵੇਂ ਜਹਾਨਾਂ ਵਿਚ ਉਨ੍ਹਾਂ ਦੇ ਅਣਗਿਣਤ ਲੋਕ ਹਨ। ਉਨ੍ਹਾਂ ਦੀਆਂ ਮਿਹਰਬਾਨੀਆਂ ਨੂੰ ਗਿਣਿਆ ਨਹੀਂ ਜਾ ਸਕਦਾ। ਦੋਵੇਂ ਜਹਾਨ ਵਿਚ ਉਨ੍ਹਾਂ ਦੇ ਕਈ ਲੱਖ ਮੁਰੀਦ ਹਨ, ਮਿਹਰਬਾਨੀ ਵੀ ਅਤਿਅੰਤ ਹੈ। ਉਹ ਤਾਂ ਖ਼ੁੱਦ ਹੀ ਬਾਦਸ਼ਾਹ ਹਨ ਅਤੇ ਖ਼ੁੱਦ ਹੀ ਮਖਲੂਕ ਹਨ।

**ਸੱਨਅਤ ਤਜ਼ਾਦ:** ਮੈਂ ਤੁਹਾਡਾ ਸੇਵਕ ਗੁਜ਼ਾਰਿਸ਼ ਕਰਦਾ ਹਾਂ। ਸਾਰਿਆਂ ਲਈ ਤੁਸੀਂ ਚੰਗੇ ਹੋ, ਅੱਗ ਨੂੰ ਪਾਣੀ ਬਣਾ ਦਿੱਤਾ, ਪਾਣੀ ਤੋਂ ਅੱਗ ਜਗਾ ਦਿੱਤੀ, ਮਹਿਫਿਲ ਨੂੰ ਸਜ਼ਾ ਦਿੱਤਾ, ਖੁਸ਼ੀ-ਗ਼ਮੀ ਵਿਚ ਤੁਹਾਨੂੰ ਯਾਦ ਕਰਦੇ ਹਾਂ। ਤੁਹਾਡੀ ਸ਼ਾਨ ਨਿਵੇਕਲੀ ਹੈ। ਕਥਨੀ ਕਰਨੀ ਇਕ ਹੈ। ਜ਼ਾਹਿਰ ਛੁਪਿਆ ਸਭ ਜਾਣਦੇ ਹੋ, ਜੋ ਅੰਦਰ ਹੈ ਉਹੀ ਬਾਹਰ ਹੈ। ਅਸੀਂ

ਤੁਹਾਨੂੰ ਸੱਚੇ ਦਿਲੋਂ ਆਪਣਾ ਸੀਸ ਝੁਕਾਉਂਦੇ ਹਾਂ, ਹਰ ਛੋਟਾ ਵੱਡਾ ਵੀ, ਅਸੀਂ ਭਿਖਾਰੀ ਹਾਂ ਭਾਵੇਂ ਬਾਦਸ਼ਾਹ ਹਾਂ, ਉਨ੍ਹਾਂ ਦੇ ਫੁਰਮਾਨ ਨੂੰ ਉਪਰ ਹੇਠਾਂ ਨਹੀਂ ਹੋਣ ਦਿੰਦੇ। ਸੱਚ ਨੂੰ ਹੀ ਸੋਚਦੇ ਹਾਂ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਦਰਵੇਸ਼ ਸਨ।

**ਸਨਅਤ ਸਵਾਲ ਜਵਾਬ:** ਮੁਰਸ਼ਿਦੁਲ ਆਲਮੀਨ ਦੀ ਜਦੋਂ ਉਪਾਧੀ ਮਿਲੀ, ਇਹ ਸਾਰੀਆਂ ਉਸਦੀਆਂ ਮਿਹਰਬਾਨੀਆਂ ਸਨ, ਉਨ੍ਹਾਂ ਨੇ ਕਿਹਾ, ਮੈਂ ਤੇਰਾ ਸੇਵਕ ਅਤੇ ਬੰਦਾ ਹਾਂ। ਹਰੇਕ ਛੋਟੇ ਵੱਡੇ ਦੇ ਪੈਰ ਤੁਹਾਡੇ ਅਨੁਸਾਰ ਹੀ ਚੱਲਦੇ ਹਨ।

**ਤਜਨੀਮ ਖੱਤੀ:** ਹਰੇਕ ਸਰੀਰ ਵਿਚ ਆਮਾ, ਹਰੇਕ ਅੱਖ ਵਿਚ ਜੋਤਿ ਗੁਰੂ ਗੋਬਿੰਦ ਸਿੰਘ ਜੀ ਹਨ।

**ਮਰਾ ਤੁੰਨਜ਼ੀਰ:** ਤੇਰਾ ਫਜ਼ਲਾਂ ਅਤੇ ਮਿਹਰਬਾਨੀਆਂ ਦਾ ਕੀ ਟਿਕਾਣਾ, ਹਰੇਕ ਚੀਜ਼ ਤੁਹਾਡੇ ਤੋਂ ਡਰਦੀ ਹੈ।

**ਤਰਸੀਹ:** ਤੇਰੀ ਤਾਂ ਹਜ਼ਾਰਾਂ ਦੀ ਮਖਲੂਕ ਮੁਰੀਦ ਹੈ। ਕਿੰਨੀ ਮਖਲੂਕ ਤੇਰੇ ਤੇ ਜਾਨ ਦੇਣ ਲਈ ਤਿਆਰ ਹੈ। ਅਸੀਂ ਉਨ੍ਹਾਂ ਦੇ ਹੀ ਪੈਰ ਚਿੰਨ੍ਹਾਂ ਤੇ ਚੱਲਣ ਦਾ ਯਤਨ ਕਰਦੇ ਹਾਂ।

**ਤਨਸੀਕੁੱਸਿਫਾਤ:** ਇਨ੍ਹਾਂ ਖੂਬੀਆਂ ਨਾਲ ਗੰਜ ਨਾਮਾ ਭਰਿਆ ਪਿਆ ਹੈ, ਇੱਥੇ ਸਿਰਫ ਕੁਝ ਮਿਸਾਲਾਂ ਹੀ ਪੇਸ਼ ਹਨ: ਗੁਰੂ ਅੰਗਦ ਮੁਰਸਿਦੁਲ ਆਲਮੀਨ ਹਨ, ਉਸ ਮਾਲਿਕ ਦੀ ਮਹਿਰ ਸਦਕਾ ਇਹ ਸਾਰਾ ਕੁਝ ਹੋਇਆ ਹੈ। ਦੋਵੇਂ ਜਹਾਨਾਂ ਵਿਚ ਹਜ਼ਾਰਾਂ ਜਾਨਾਂ ਪੈਦਾ ਹੋਈਆਂ ਹਨ। ਉਨ੍ਹਾਂ ਦੇ ਕਰਮ ਨਾਲ ਹੀ ਕਾਮਯਾਬ ਹੋਏ ਹਨ, ਗੁਰੂ ਅਰਜਨ ਵੀ ਅਜਿਹੀਆਂ ਖੂਬੀਆਂ ਦੇ ਮਾਲਿਕ ਹਨ। ਦਰਅਸਲ ਹੱਕ ਸੱਚ ਦੇ ਧਨੀ ਸਨ। ਉਹ ਤਾਂ ਰੱਬ ਦਾ ਨੂਰ ਸਨ। ਸਰਮਦ ਵਾਂਗ ਸੁਭਾਗੇ ਸਨ। ਗੁਰੂ ਹਰਕ੍ਰਿਸ਼ਨ ਵੀ ਉਸਦੀ ਮਿਹਰ ਸੀ। ਉਨ੍ਹਾਂ ਦੀ ਨਜ਼ਰ ਸਾਰਿਆਂ ਤੇ ਸੀ। ਗੁਰੂ ਤੇਗ ਬਹਾਦਰ ਵੀ ਸਿਰ ਤੋਂ ਪੈਰ ਤੱਕ ਮਿਹਰ ਭਰੇ ਸਨ। ਮਹਿਫਿਲ ਦੀ ਰੌਣਕ, ਨਾਸਿਰ ਅਤੇ ਮਨਸੂਰ, ਰੱਬ ਦੇ ਸਵੀਕਾਰੇ ਹੋਏ, ਹੱਕ ਦੇ ਖਜ਼ਾਨੇ, ਸਿਰ ਤੋਂ ਪੈਰਾਂ ਤੱਕ ਜੋਤਿ, ਮੁਕਬਲ ਅਤੇ ਮਕਬੂਲ, ਵਾਸਿਲ ਅਤੇ ਮੈਸੂਲ, ਦਿਆਲੂ ਅਤੇ ਕਿਰਪਾਲੂ, ਗੁਰੂ ਗੋਬਿੰਦ ਸਿੰਘ ਜੀ ਸਨ।

**ਮਸਨਵੀ ਖਾਤਮਾ:** ਮਸਨਵੀ ਖਾਤਮਾ, ਤਸਨੀਫ (ਲਿਖਤ) ਤੌਸੀਫ ਸਨਾ ਦਾ ਅੰਤਿਮ ਹਿੱਸਾ ਹੈ। ਇਹ ਸ਼ੇਅਰਾਂ ਤੇ ਆਧਾਰਿਤ ਹੈ। ਜਿਨ੍ਹਾਂ ਵਿਚ ਸਤਿਗੁਰ ਦੀ ਸੰਗਤ ਅਤੇ ਖਾਲਸਾ ਦੀ ਸਿਫਤ ਸਲਾਹ ਕੀਤੀ ਗਈ ਹੈ। ਫਰਿਸ਼ਤੇ ਅਤੇ ਅਸਮਾਨ ਸਤਿਗੁਰੂ ਦੀ ਸੰਗਤ ਅਤੇ

ਖਾਲਸਾ ਦੇ ਸੇਵਕ ਹਨ। ਸਤਿਗੁਰੂ ਉਨ੍ਹਾ ਦਾ ਯਾਰ ਮਦਦਗਾਰ ਹੈ। ਉਨ੍ਹਾਂ ਦੇ ਸਦਕਾ ਅਤੇ ਨਰਮੀ ਦਾ ਹੱਥ ਉਨ੍ਹਾਂ ਤੇ ਹੈ।

**ਗੁਰੂ ਅਰਜਨ ਦੇਵ ਜੀ ਅਨੁਸਾਰ:**

ਸਤਿਗੁਰੁ ਸਿੱਖ ਕੀ ਕਰੈ ਪ੍ਰਤਿਪਾਲ॥
ਸੇਵਕ ਕਉ ਗੁਰੁ ਸਦਾ ਦਇਆਲ।[70]

ਭਾਵ ਸਤਿਗੁਰੂ ਦੀ ਸੰਗਤ ਹੀ ਹਮੇਸ਼ਾ ਗੁਰੂ ਦੇ ਚਰਨਾਂ ਭਾਵ ਕਦਮਾਂ ਨੂੰ ਆਪਣੇ ਦਿਲ ਵਿਚ ਵਸਾਏ ਹੋਏ ਹੈ।

**ਗੁਰੂ ਅਰਜਨ ਦੇਵ ਜੀ ਇਹ ਵੀ ਕਹਿੰਦੇ ਹਨ ਕਿ :**

ਹਰਿ ਕੇ ਚਰਨ ਹਿਰਦੈ ਬਸਾਵੈ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥[71]

ਭਾਵ ਰੱਬ ਦਾ ਵਸਲ ਕਰਨ ਦੇ ਨਾਲ ਉਸ ਦੇ ਪਵਿੱਤਰ ਪੈਰਾਂ ਦਾ ਖਿਆਲ ਹਰ ਵੇਲੇ ਦਿਲ ਵਿਚ ਰਹਿੰਦਾ ਹੈ।

ਸੰਗਤ ਦੇ ਮੁਕਾਬਲੇ ਜੰਨਤ ਵੀ ਕੀ ਹੈ? ਗੁਰੂ ਦੀ ਸੰਗਤ ਦੇ ਮੁਕਾਬਲੇ ਉਸ ਦਾ ਕੀ ਮੁਕਾਬਲਾ। ਸਤਿਗੁਰੂ ਦੀ ਸੰਗਤ ਦਾ ਦਾਇਰਾ ਐਨਾ ਲੰਬਾ ਚੌੜਾ ਹੈ ਕਿ ਇਲਮ ਅਤੇ ਹਿਕਮਤ ਦੇ ਹਜ਼ਾਰਾਂ ਸਮੁੰਦਰ ਉਸ ਦੇ ਇਕ ਕਤਰੇ ਦੇ ਬਰਾਬਰ ਨਹੀਂ। ਦਰਿਆ ਅਤੇ ਜੰਗਲ ਦੇ ਤੋਸ਼ਾਖਾਨੇ ਵੀ ਲਾਭ ਪ੍ਰਾਪਤ ਕਰਦੇ ਹਨ। ਸੂਰਜ ਚੰਨ ਸਤਿਗੁਰੂ ਦੀ ਸੰਗਤ ਤੋਂ ਬਾਅਦ ਹੀ ਰੌਸ਼ਨੀ ਪ੍ਰਾਪਤ ਕਰਦਾ ਹੈ। ਆਸਮਾਨ ਅਤੇ ਜ਼ਮੀਨ ਉਪਰੋਂ ਅਤੇ ਹੇਠਾਂ ਸਾਰਾ ਮਾਹੌਲ ਸੰਗਤ ਸਦਕਾ ਹੀ ਕਾਇਮ ਹੈ। ਗੰਗਾ ਅਤੇ 68 ਤੀਰਥਾਂ ਦੀ ਪਾਕੀਜ਼ਗੀ ਅਤੇ ਖ਼ੂਬਸੂਰਤੀ ਵੀ ਇਨ੍ਹਾਂ ਕਰਕੇ ਹੀ ਹੈ। ਗੁਰੂ ਦੀ ਸੰਗਤ ਉਹ ਜਮਾਤ ਹੈ ਜਿਹੜੀ ਮੌਤ ਤੋਂ ਨਹੀਂ ਡਰਦੀ ਸਗੋਂ ਮੌਤ ਦੇ ਫਰਿਸ਼ਤੇ ਭਾਵ ਇਜ਼ਰਾਈਲ ਵੀ ਡਰਦਾ ਹੈ। ਇਹ ਸਾਰੇ ਆਸਮਾਨ ਦੀ ਸੰਗਤ ਨਾਲ ਹੀ ਹੋਇਆ ਹੈ।

ਚਾਰ ਵੇਦ, ਦਸ ਗੁਰੂ, ਬ੍ਰਹਮਾ, ਬਿਸ਼ਨ-ਓ-ਮਹੇਸ਼, ਛੇ ਸ਼ਾਸਤਰ, ਨੌ ਨਾਥ, ਚੌਰਾਸੀ ਸਿੱਧ, ਬਾਰ੍ਹਾਂ ਧਰਮੀ ਜੋਗ, ਚੌਦ੍ਹਾਂ ਤਬਕ, ਸੱਤਾਈ ਨਛੱਤਰ,[72] ਚਾਲੀ ਜੋਗ, ਅਠਾਰਾਂ

---

70 ਗੁਰੂ ਗ੍ਰੰਥ ਸਾਹਿਬ, ਪੰਨਾ 286.
71 ਉਹੀ, ਪੰਨਾ 274.

ਪੁਰਾਣ, ਪੰਜ ਨੱਤ, ਸੱਤਰਥ, ਪੂਰਵ ਪੱਛਮ ਵਾਲੇ, ਉਤਰ ਦੱਖਣ ਵਾਲੇ, ਜ਼ਮੀਨ ਵਾਲੇ, ਅਸਮਾਨ ਵਾਲੇ, ਦੁਨੀਆਂ ਵਾਲੇ, ਜ਼ਮੀਨ ਤੋਂ ਹੇਠਾਂ ਵਾਲੇ, ਸਵਰਗ ਵਾਲੇ, ਅਜ਼ਮਤ ਵਾਲੇ, ਲਾਹੌਤ ਵਾਲੇ, ਸਾਰੇ ਹੀ ਸਤਿਗੁਰੂ ਦੀ ਸੰਗਤ ਦੀ ਤਾਰੀਫ ਕਰਦੇ ਹਨ। ਦਸ ਹੀ ਉਨ੍ਹਾਂ ਦੇ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਦੀ ਤਾਰੀਫ ਅਤੇ ਸਿਫਤਾਂ ਬਿਆਨ ਕਰਦੇ ਹਨ। ਭਾਈ ਨੰਦ ਲਾਲ ਗੋਯਾ ਨੇ ਉਪਰੋਕਤ ਗੱਲਾਂ ਵਿਚ ਗੁਰੂ ਜੀ ਦੀ ਸੰਗਤ (ਮੁਰੀਦਾਂ) ਦੀ ਬੇਹੱਦ ਤਾਰੀਫ ਕੀਤੀ ਹੈ। ਇਹ ਹਕੀਕਤ ਹੈ ਕਿ ਸਿੱਖ ਧਰਮ ਵਿਚ ਸੰਗਤ ਨੂੰ ਗੁਰੂ ਤੋਂ ਵੱਧ ਦਰਜਾ ਦਿੱਤਾ ਗਿਆ ਹੈ।

ਅੰਤ ਵਿਚ ਗੋਯਾ ਰੱਬ ਅੱਗੇ ਅਰਦਾਸ ਕਰਦੇ ਹਨ ਕਿ ਉਸ ਦਾ ਸਿਰ ਸੰਗਤ ਦੇ ਚਰਨਾਂ ਵਿਚ ਪਿਆ ਰਹੇ ਅਤੇ ਉਹ ਉਸ ਦੀ ਸੇਵਾ ਨਿਭਾਉਂਦਾ ਰਹੇ। ਨਿਮਨਲਿਖਿਤ ਇਸ ਮਸਨਵੀ ਦੀਆਂ ਵਿਸ਼ੇਸ਼ਤਾਵਾਂ ਦਾ ਜ਼ਿਕਰ ਕੀਤਾ ਜਾਂਦਾ ਹੈ।

**ਸਨਅਤੇ ਤਰਸੀਹ:** ਉਨ੍ਹਾਂ ਦੀਆਂ ਸੰਗਤਾਂ ਲਈ ਅਸਮਾਨ ਵੀ ਸੇਵਾ ਕਰਨ ਲਈ ਤਿਆਰ ਹੈ। ਅਕਾਸ਼ ਵਿਸ਼ੇਸ਼ ਉਨ੍ਹਾਂ ਲਈ ਹੈ। ਸਵਰਗ ਵੀ ਕੁਰਬਾਨ ਕੀਤਾ ਜਾ ਸਕਦਾ ਹੈ। ਪੂਰਵ ਪੱਛਮ, ਉੱਤਰ ਦੱਖਣ, ਅਲਵੀ, ਫਰਿਸ਼ਤੇ, ਸਾਰੀ ਰਚਨਾ ਵੀ ਸੰਗਤ ਲਈ ਤਿਆਰ ਬੈਠੀ ਹੈ।

**ਜ਼ੁਲਕਾਫਾ ਤੈਨ:** ਸਵਰਗ ਦਾ ਕੋਈ ਹਿੱਸਾ ਵੀ ਇਸ ਸੰਗਤ ਲਈ ਕੁਰਬਾਨ ਕੀਤਾ ਜਾ ਸਕਦਾ ਹੈ। ਸਲਫੀਆ, ਅਲਵੀ, ਫਰਸ਼ਿਤੇ ਅਤੇ ਹੋਰ ਸਾਰੀ ਰਚਨਾ ਵੀ।

**ਸਨਅਤ ਤਜ਼ਾਦ:** ਖੁਸ਼ਕੀ ਅਤੇ ਤਰੀ ਤੈਨੂੰ ਨਿਵਾਜ਼ਨ ਲਈ ਤਿਆਰ ਹੈ। ਸੂਰਜ ਅਤੇ ਚੰਨ ਦੀ ਰੌਸ਼ਨੀ, ਅਸਮਾਨ, ਜ਼ਮੀਨ ਅਤੇ ਹੋਰ ਜਿਹੜਾ ਉਪਰ ਹੇਠਾਂ ਮੌਜੂਦ ਹੈ।

**ਸਨਅਤ ਮੁਕਾਬਲਾ:** ਖੁਸ਼ਕੀ ਅਤੇ ਤਰੀ, ਸੂਰਜ ਚੰਨ ਅਤੇ ਇਨ੍ਹਾਂ ਦੀ ਰੌਸ਼ਨੀ ਵੀ ਸੇਵਾ ਲਈ ਤਿਆਰ ਹੈ।

**ਮਰਆਤੁੰਨ ਨਜ਼ੀਰ:** ਫਰਿਸ਼ਤੇ ਅਤੇ ਹੋਰ ਜਿਹੜੀ ਰਚਨਾ ਇਨ੍ਹਾਂ ਨਾਲ ਰਚੀ ਗਈ ਹੈ, ਤੋਂ ਇਲਾਵਾ ਅਰਸ਼ ਅਤੇ ਉਸਦੀ ਕੁਰਸੀ ਉਨ੍ਹਾਂ ਦੀ ਸ਼ਾਨ ਵਿਚ ਵਾਧਾ ਕਰਨ ਲਈ ਹੈ।

---

[72] ਸਾਰੇ ਸਿਤਾਰਿਆਂ ਦਾ ਝੁਰਮਟ (ਇਕੱਠ), 27, ਮਨਤਕਾਂ, ਵਿਚ ਵੰਡਿਆ ਗਿਆ ਹੈ ਜਿਨ੍ਹਾਂ ਦਾ ਸੰਬੰਧ ਹੀਅਤ ਅਤੇ ਤਾਰਿਆਂ ਦੇਣ ਗਿਆ ਨਾਲ ਹੈ।

**ਤਸ਼ਾਰੁਲ ਅਤਰਾਫ:** ਕਲਾਮ ਦਾ ਅੰਤ ਮੁੱਢ ਤੋਂ ਚੰਗਾ ਹੋਣਾ ਚਾਹੀਦਾ ਹੈ। ਅਸਮਾਨ ਅਤੇ ਜ਼ਮੀਨ ਤੁਹਾਡੇ ਲਈ ਅਤੇ ਤੁਹਾਡੀ ਸ਼ਾਨ ਲਈ ਹੈ। ਅਸਮਾਨ ਅਤੇ ਜ਼ਮੀਨ ਅਤੇ ਜੋ ਉਪਰ ਹੇਠਾਂ ਹੈ ਉਹ ਵੀ।

**ਮਸਨਵੀ ਅਰਜ਼ੁਲ ਅਲਫਾਜ਼:** ਭਾਈ ਨੰਦ ਲਾਲ ਗੋਯਾ ਨੇ ਮਸਨਵੀ ਅਰਜ਼ੁਲ ਅਲਫਾਜ਼ ਦੇ ਲਿਖਣ ਦਾ ਕਾਰਨ ਇਹ ਦੱਸਿਆ ਹੈ ਕਿ ਉਹ ਚਾਹੁੰਦੇ ਹਨ ਕਿ ਮਸਨਵੀ ਵਿਚ ਪੁਰਾਣੀਆਂ ਅਤੇ ਨਵੀਆਂ ਦੇ ਸ਼ਬਦਕੋਸ਼ ਦੀ ਮੱਦਦ ਨਾਲ ਹਰ ਸ਼ਬਦ ਦੇ ਵੱਖ-ਵੱਖ ਸ਼ਬਦ ਲਿੱਖ ਦਿੱਤੇ ਜਾਣ ਅਤੇ ਉਸ ਵਿਚ ਇਹ ਵੀ ਸ਼ਾਮਿਲ ਕਰਨਾ ਚਾਹੁੰਦੇ ਸਨ ਕਿ ਦਾਨਿਸ਼ਵਰਾਂ ਵੱਲੋਂ ਗਿਆਨ ਵਿਚ ਵਾਧਾ ਕਰਨ ਲਈ ਨਵੇਂ ਨਿਯਮਾਂ ਵਿਚ ਕਾਫੀ ਅਤੇ ਯਾਏ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ਅਤੇ 'ਤਾ' ਦੇ ਕੀ-ਕੀ ਅਰਥ ਹਨ। ਰੱਬੀ ਕਲਾਸ ਵਿਚ ਮੈਡੀਕਲ ਐਜੂਕੇਸ਼ਨ ਅਤੇ ਹੋਰ ਖੇਤਰ ਵਿਚ ਇਲਮ ਦੀਆਂ ਛੇ ਕਿਸਮਾਂ ਹਨ। ਹਿਕਮਤ ਦੀਆਂ ਕਿਸਮਾਂ ਇਸ ਵਿਚ ਦਰਜ ਕੀਤੀਆਂ ਗਈਆਂ ਹਨ। ਉਹ ਲਿਖਦੇ ਹਨ- ਹਜ਼ਾਰਾਂ ਤਾਰੀਫਾਂ ਅਤੇ ਵਡਿਆਈਆਂ ਉਹ ਪਾਕ ਦਰਬਾਰ ਲਈ ਹਨ ਜਿਸ ਨੇ ਮੈਨੂੰ ਇਨ੍ਹਾਂ ਸ਼ਬਦਾਂ ਦਾ ਗਿਆਨ ਬਖਸ਼ਿਆ ਅਤੇ ਇਨ੍ਹਾਂ ਦੇ ਅਰਥ ਸਮਝਣ ਦੀ ਤਾਕਤ ਬਖਸ਼ੀ। ਜਦੋਂ ਕਿ ਹਰ ਸ਼ਬਦ ਦੇ ਕਿੰਨੇ ਅਰਥ ਹਨ, ਇਨ੍ਹਾਂ ਨੂੰ ਨਵੇਂ ਪੁਰਾਣੇ ਸ਼ਬਦ ਕੋਸ਼ਾਂ ਵਿਚ ਤਲਾਸ਼ ਕੀਤਾ ਹੈ। ਸ਼ਬਦ ਤੋਂ ਇਲਾਵਾ ਅੱਖਰ ਕੀ ਹੁੰਦਾ ਹੈ, ਵੱਖ-ਵੱਖ ਰੂਪ ਅਤੇ ਅਰਥ ਕੀ ਹੁੰਦੇ ਹਨ, ਇਸ ਸੰਬੰਧ ਵਿਚ ਦੱਸਿਆ ਗਿਆ ਹੈ। ਜੇਕਰ ਇਨ੍ਹਾਂ ਸ਼ਬਦਾਂ ਨੂੰ ਬਹੁਵਚਨ ਦੇ ਬਹੁਵਚਨ ਕਹਿ ਦੇਈਏ ਤਾਂ ਠੀਕ ਰਹੇਗਾ। ਇਨ੍ਹਾਂ ਸਾਰੇ ਕੰਮਾਂ ਨੂੰ ਸਰ ਅੰਜਾਮ ਦੇਣ ਦੀ ਤਾਕਤ ਉਹ ਪਾਕ ਜ਼ਾਤ ਦਿੰਦੀ ਹੈ। ਗੋਯਾ ਫਰਮਾਉਂਦੇ ਹਨ ਕਿ ਇਸ ਕੰਮ ਦੀ ਸ਼ੁਰੂਆਤ ਵਿਚ ਰੱਬ ਦੀ ਤਾਰੀਫ ਕਰ ਲਈ ਜਾਵੇ, ਜੋ ਸਾਰੀ ਦੁਨੀਆਂ ਨੂੰ ਪੈਦਾ ਕਰਨ ਵਾਲਾ ਹੈ।

**ਮੁਰਸ਼ਿਦ-ਏ-ਕਾਮਿਲ ਗੁਰੂ ਨਾਨਕ ਦੇਵ ਜੀ ਦੀ ਤਾਰੀਫ:** ਰੱਬ ਦੀ ਸਿਫਤ ਅਤੇ ਉਸਤਤਿ ਕਰਦਿਆਂ ਲਿਖਦੇ ਹਨ ਕਿ ਮੁਰਸ਼ਿਦ-ਏ-ਕਾਮਿਲ ਗੁਰੂ ਨਾਨਕ ਜੀ ਦੀ ਤਾਰੀਫ ਅਤੇ ਉਨ੍ਹਾਂ ਦੀਆਂ ਨਸੀਹਤਾਂ ਨੂੰ ਸ਼ੇਅਰਾਂ ਵਿਚ ਢਾਲਿਆ ਗਿਆ ਹੈ। ਗੁਰੂ ਨਾਨਕ ਜੀ ਮੁਰਸ਼ਿਦ-ਏ-ਕਾਮਿਲ ਹਨ ਜਿਨ੍ਹਾਂ ਦੀਆਂ ਮਿਹਰਬਾਨੀਆਂ ਦਾ ਗੁਣਗਾਣ ਕਰਨ ਲਈ ਸਾਰੇ ਜਹਾਨ ਸ਼ਾਮਿਲ ਹਨ। ਉਹ ਹਰ ਦਿਲ ਅਤੇ ਸਾਹ ਵਿਚ ਨਾਲ ਹਨ, ਹਵਾ ਜੋ ਚੱਲਦੀ ਹੈ ਉਸ ਵਿਚ ਵੀ, ਅੱਗ, ਪਾਣੀ, ਆਵਾਜ਼ ਅਤੇ ਅਸਮਾਨ ਵਿਚ ਵੀ। ਸਾਰੀ ਉਮਰ ਵਿਚ

ਇਕ ਹਰਫ ਦਾ ਗਿਆਨ ਦਿੰਦੇ ਹਨ, ਉਸ ਦੀ ਹੀ ਕਦਰ ਕਰਦੇ ਹਨ, ਉਹ ਹੈ ਸਤਿਗੁਰੂ ਜਿਸ ਦਾ ਜਲਵਾ ਹਰ ਥਾਂ ਹੈ। ਇਕੋ ਹਰਫ ਦਿਲ ਵਿਚ ਵਸਿਆ ਹੋਇਆ ਹੈ। ਸਵਰਗ ਅਤੇ ਉਸ ਦੀਆਂ ਚੀਜ਼ਾਂ ਅਤੇ ਹੋਰ ਬਹੁਤ ਕੁਝ, ਸਾਰੇ ਫਰਿਸ਼ਤੇ, ਮੋਤੀ ਹੀਰੇ ਆਦਿ ਸਭ ਕੁਝ ਉਸ ਦੇ ਹੀ ਅਤਾ ਕੀਤੇ ਹੋਏ ਹਨ।

**ਰੂਹ:** ਦੁਨੀਆਂ ਵਿਚ ਜਿਹੜੀਆਂ ਚੀਜ਼ਾ ਮੌਜੂਦ ਹਨ, ਉਨ੍ਹਾਂ ਦੇ ਕਰਜਿਆਂ ਵਿਚ ਅੰਤਰ ਪਾਇਆ ਜਾਂਦਾ ਹੈ। ਸਭ ਤੋਂ ਘੱਟ ਦਰਜਾ 'ਅਨਾਸਿਰ' ਦਾ ਹੈ, ਜਿਸ ਵਿਚ ਕਿਸੇ ਤਰ੍ਹਾਂ ਦੀ ਕੋਈ ਤਰਕੀਬ ਨਹੀਂ। ਦਰਅਸਲ ਇਹ ਸਭ ਕੁਦਰਤ ਦੀਆਂ ਬਣਾਈਆਂ ਹੋਈਆਂ ਚੀਜ਼ਾਂ ਹਨ ਜਿਨ੍ਹਾਂ ਨੂੰ ਵੇਖਿਆ ਨਹੀਂ ਜਾ ਸਕਦਾ। ਇਸ ਨੂੰ ਜਮਾਦ ਕਹਿੰਦੇ ਹਨ। ਇਸ ਪਿਛੋਂ ਤਰਕੀਬ ਸ਼ੁਰੂ ਹੁੰਦੀ ਹੈ। ਇਹੋ ਦੁਨੀਆਂ ਦੀਆਂ ਤਰੱਕੀਆਂ ਦੀ ਪਹਿਲੀ ਮੰਜ਼ਿਲ ਹੈ। ਇਸ ਤਰਕੀਬ ਦੀ ਪਹਿਲੀ ਮੰਜ਼ਿਲ ਬਨਸਪਤੀ ਹੈ। ਇਸ ਦੀਆਂ ਵੀ ਲੱਖਾਂ ਕਿਸਮਾਂ ਹਨ। ਇਸ ਵਿਚ ਕੁਦਰਤ ਦੀਆਂ ਹਜ਼ਾਰਾਂ ਅਜੀਬੋ-ਗਰੀਬ ਚੀਜ਼ਾਂ ਨਜ਼ਰੀਂ ਆਉਂਦੀਆਂ ਹਨ। ਉਹ ਇਕ ਵਿਸ਼ੇਸ਼ ਹੱਦ ਤੋਂ ਅੱਗੇ ਨਹੀਂ ਵੱਧ ਸਕਦਾ। ਬਨਸਪਤੀ ਤੋਂ ਹੈਵਾਨਤ (ਡੰਗਰ, ਪਸ਼ੂ, ਜਾਨਵਰ) ਹਨ ਜਿਸ ਤੋਂ ਰੂਹਾਨੀ ਫਿਜ਼ਾ ਦਾ ਗਿਆਨ ਮਿਲਦਾ ਹੈ। ਰੂਹ ਦੀ ਇਹੋ ਅਸਲ ਚੀਜ਼ ਹੈ। ਸਾਰੇ ਪਸ਼ੂਆਂ ਵਿਚ ਰੂਹ ਪਾਈ ਜਾਂਦੀ ਹੈ, ਪਰ ਉਹ ਤਰੱਕੀ ਦੀ ਹੱਦ ਤੋਂ ਅੱਗੇ ਨਹੀਂ ਵੱਧ ਸਕਦੀ। ਇਸ ਹੱਦ ਨੂੰ ਹੈਵਾਨੀ ਆਖਦੇ ਹਨ। ਇਸ ਤੋਂ ਅਗਲਾ ਜਿਹੜਾ ਦਰਜਾ ਹੈ, ਉਸ ਨੂੰ ਰੂਹੇ ਇਨਸਾਨੀਅਤ ਆਖਿਆ ਜਾਂਦਾ ਹੈ। ਗੋਯਾ ਇਸ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ- ਬਨਸਪਤੀ, ਪਸ਼ੂ, ਜਾਨਵਰ ਅਤੇ ਇਨਸਾਨ ਤਿੰਨ ਦਰਜੇ ਹਨ। ਬਨਸਪਤੀ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਨੂੰ ਕੋਈ ਪੈਦਾ ਕਰਨ ਵਾਲਾ ਹੈ। ਡੰਗਰ ਪਸ਼ੂਆਂ ਜਾਨਵਰਾਂ ਤੋਂ ਰੂਹਾਨੀ ਦਰਜਿਆਂ ਵਿਚ ਵਾਧਾ ਹੁੰਦਾ ਹੈ। ਇਨਸਾਨ ਦੇ ਵੱਖ-ਵੱਖ ਰੂਪਾਂ ਤੋਂ ਉਸ ਦੀ ਹੋਂਦ ਅਤੇ ਰੂਹ ਕੀ ਹੈ ਅਤੇ ਕਿਸ ਨੇ ਪੈਦਾ ਕੀਤੀ, ਬਾਰੇ ਪਤਾ ਚੱਲਦਾ ਹੈ। ਭਾਵ ਮਨੁੱਖ ਵਿਚ ਇਹ ਤਿੰਨੋਂ ਰੂਹਾਂ ਪਾਈਆਂ ਜਾਂਦੀਆਂ ਹਨ।

**ਨਫੂਸ:** ਨਫੂਸ ਦੀ ਗਿਣਤੀ ਚਾਰ ਹੈ ਜਿਹੜਾ ਨਫਸ ਦਾ ਬਹੁਵਚਨ ਹੈ। ਨਫੂਸ ਅੰਮਾਰਾ, ਨਫਸ ਮੁਤਮਾਇੰਨਾ, ਮੁਲਹਿਮਾ, ਨਫਸ ਲੱਵਾਮਾ। ਮਨੁੱਖ ਇਨ੍ਹਾਂ ਚਾਰੋਂ ਨਫਸ ਵਿਚ ਘਿਰਿਆ ਰਹਿੰਦਾ ਹੈ। ਇਸ ਦੀਆਂ ਘੁੰਮਣ ਘੇਰੀਆਂ ਵਿਚ ਆ ਕੇ ਆਪਣਾ ਜੀਵਨ ਚੰਗਾ ਜਾਂ ਮੰਦਾ ਬਣਾਉਂਦਾ ਹੈ। ਪਹਿਲੀ ਕਿਸਮ ਦੇ ਨਫਸ ਦਾ ਸੰਬੰਧ ਸੁਭਾਅ ਨਾਲ ਹੈ। ਇਸ

ਲਈ ਮਨੁੱਖ ਨੂੰ ਸੁਭਾਅ ਅਤੇ ਸਰੀਰਕ ਸੋ ਭੋਗ ਵੱਲ ਉਤੇਜਿਤ ਕਰਦਾ ਰਹਿੰਦਾ ਹੈ, ਕਰਦੇ-ਕਰਦੇ ਮਨੁੱਖ ਨੂੰ ਪਾਪੀ ਬਣਾ ਦਿੰਦਾ ਹੈ।

ਦੂਜੀ ਤਰ੍ਹਾਂ ਦਾ ਨਫਸ ਮਨੁੱਖ ਨੂੰ ਚੰਗੀਆਂ ਗੱਲਾਂ ਕਰਨ ਵੱਲ ਉਭਾਰਦਾ ਰਹਿੰਦਾ ਹੈ। ਬੁਰੇ ਕੰਮਾਂ ਤੋਂ ਬਿਲਕੁਲ ਪਾਕ ਹੈ। ਪੂਰੀ ਲਗਨ ਅਤੇ ਸ਼ੌਕ ਨਾਲ ਰੱਬ ਦੀ ਭਗਤੀ ਅਤੇ ਜ਼ਿਕਰ ਵਿਚ ਰੁੱਝਿਆ ਰਹਿੰਦਾ ਹੈ ਅਤੇ ਨੇਕ ਅਤੇ ਚੰਗੇ ਲੋਕਾਂ ਵਿਚ ਬੈਠਦਾ ਉੱਠਦਾ ਹੈ। ਤੀਜੀ ਕਿਸਮ ਮੁਲਹਿਮਾ ਹੈ ਜਿਹੜਾ ਸਭ ਤੋਂ ਵਧੀਆ ਹੈ। ਕਲਬੇ ਸ਼ਹੀਦ ਵੱਲ ਰੁੱਝਿਆ ਰਹਿੰਦਾ ਹੈ। ਸੂਫ਼ੀਵਾਦ ਅਤੇ ਰੂਹਾਨੀਅਤ ਵਿਚ ਲੀਨ ਰਹਿੰਦਾ ਹੈ। ਰੱਬ ਵੱਲ ਅਤੇ ਰੱਬ ਵਾਲਿਆਂ ਵੱਲ ਖਾਸ ਧਿਆਨ ਰਹਿੰਦਾ ਹੈ। ਜਿਸ ਨੂੰ ਨਫਸੇ ਮੁਲਹਿਮਾ ਆਖਦੇ ਹਨ। ਚੌਥੀ ਕਿਸਮ ਲੱਵਾਮਾ ਦੀ ਹੈ ਜਿਸ ਦਾ ਸੰਬੰਧ ਕਲਬੇ ਮੁਨੀਬ ਨਾਲ ਹੈ। ਮਨੁੱਖ ਨੂੰ ਨੇਕੀ ਵੱਲ ਉਭਾਰਦਾ ਹੈ। ਬੰਦਗੀ, ਇਬਾਦਤ, ਚੰਗੇ ਅਮਲ ਕਰਨਾ, ਉਸ ਦੀ ਜ਼ਿੰਦਗੀ ਦਾ ਅੰਗ ਬਣ ਜਾਂਦਾ ਹੈ। ਜੇਕਰ ਉਸ ਤੋਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਉਹ ਤੁਰੰਤ ਮੁਆਫ਼ੀ ਮੰਗਦਾ ਹੈ ਅਤੇ ਰੱਬ ਵੱਲ ਧਿਆਨ ਰੱਖਦਾ ਹੈ।

ਨਫਸ ਦੀ ਮੁੱਢਲੀ ਪੌੜੀ ਤਬੀਅਤ ਹੈ ਜਿਸ ਦੇ ਅਧੀਨ ਦੱਸ ਚੀਜ਼ਾਂ ਹਨ। ਤਬੀਅਤ ਦਾ ਕੰਮ ਹਿਰਸ ਇੱਛਾ ਤੋਂ ਬਗੈਰ ਹੋਰ ਕੁਝ ਨਹੀਂ। ਨਫਸ ਦੀ ਦੂਜੀ ਚੀਜ਼ ਫਿਤਰਤ (ਆਦਤ, ਕੁਦਰਤ) ਹੈ ਜਿਸ ਦਾ ਕੰਮ ਨੇਕੀ ਕਰਨਾ ਹੈ। ਹੱਕ ਸੱਚ ਦਾ ਨਾ ਲੈਣਾ ਅਤੇ ਭਲੇ ਕੰਮਾਂ ਤੋਂ ਬਗੈਰ ਹੋਰ ਕੋਈ ਕੰਮ ਨਹੀਂ। ਧਨੀ ਬਣ ਕੇ ਨਿਆਂ ਅਤੇ ਇਨਸਾਫ਼ ਦਾ ਪ੍ਰਚਾਰ ਕਰਦੀ ਹੈ। ਸਾਰੇ ਲੋਕਾਂ ਦੀ ਇੱਜ਼ਤ ਇਸ ਕਰਕੇ ਹੀ ਵੱਧਦੀ ਹੈ।

**ਜ਼ਿੰਦਗੀ ਦੀ ਪ੍ਰਬੰਧ ਪ੍ਰਣਾਲੀ:** ਗੋਯਾ ਨੇ ਇੱਥੇ ਬਹੁਤ ਹੀ ਕਾਮਯਾਬ ਨੁਕਤੇ ਦਾ ਵਰਨਣ ਕੀਤਾ ਹੈ ਕਿ ਜ਼ਿੰਦਗੀ ਦਾ ਪ੍ਰਬੰਧ ਕੀ ਹੋਣਾ ਚਾਹੀਦਾ ਹੈ? ਉਨ੍ਹਾਂ ਨੇ ਇਸ ਦਾ ਜਵਾਬ ਇਕ ਉਦਾਹਰਣ ਨਾਲ ਦਿੱਤਾ ਹੈ, ਜਿਵੇਂ ਮਨੁੱਖ ਦਾ ਜੀਵਨ ਇਕ ਸ਼ਹਿਰ ਵਾਂਗ ਹੈ, ਦਿਲ ਉਸ ਦੇ ਅੰਦਰ ਇਕ ਹਾਕਿਮ ਵਾਂਗ ਹੈ। ਅਕਲ ਉਸ ਦਾ ਵਜ਼ੀਰ ਅਤੇ ਰਾਜ਼ਦਾਨ ਹੈ ਜਿਸ ਦਾ ਕੰਮ ਚੰਗਾ ਮਸ਼ਵਰਾ ਦੇਣਾ ਹੈ। ਉਸ ਦਾ ਆਮਿਲ ਜੋਸ਼ ਜਵਾਨੀ ਹੈ। ਹੋਸ਼ ਸੰਭਾਲ ਉਸ ਦੇ ਨਾਲ ਕੰਮ ਕਰਨ ਵਾਲੇ ਹਨ। ਜੇਕਰ ਜੋਸ਼ ਕੰਮ ਤੋਂ ਮੂੰਹ ਮੋੜਦੇ ਹਨ ਤਾਂ ਸ਼ਹਿਨਾ (ਕੋਤਵਾਲ) ਉਸਨੂੰ ਸਜ਼ਾ ਦਿੰਦਾ ਹੈ। ਜੇਕਰ ਸ਼ਹਿਨਾ (ਕੋਤਵਾਲ) ਸੱਚਾਈ ਤੋਂ ਇੱਧਰ ਉੱਧਰ ਹੋ ਜਾਂਦਾ ਹੈ ਤਾਂ ਅਕਲ ਨਾਮੀ ਵਜ਼ੀਰ ਉਸਨੂੰ ਹਾਕਿਮ (ਦਿਲ) ਦੇ ਹਵਾਲੇ ਕਰ ਦਿੰਦੀ ਹੈ। ਦਲੀਲ

ਪੇਸ਼ ਕੀਤੀ ਜਾਂਦੀ ਹੈ ਤਾਂ ਸ਼ਹਿਬਤ (ਜੋਸ਼) ਇਕ ਹੀਲੇ ਦੇ ਤੌਰ ਤੇ ਚੰਗੀ ਚੀਜ਼ ਹੈ ਅਤੇ ਅਕਲ ਦੇ ਨਜ਼ਦੀਕ ਨੇਕ ਕੰਮ ਵਿਚ ਹੀ ਇੱਜ਼ਤ ਹੈ। ਗੁੱਸਾ ਨੁਕਸਾਨ ਪਹੁੰਚਾਉਣ ਵਾਲੀ ਚੀਜ਼ ਨੂੰ ਦੂਰ ਕਰਨ ਦੇ ਲਈ ਕੋਸ਼ਿਸ਼ ਕਰਨਾ ਹੈ ਪਰ ਹੋਸ਼-ਹਵਾਸ ਉਸ ਦੇ ਮੁਤਸਦੀ ਨਿਯੁਕਤ ਕੀਤੇ ਗਏ ਹਨ। ਗੋਯਾ ਕਹਿੰਦੇ ਹਨ ਕਿ ਦੁਨੀਆਂ ਅਤੇ ਜ਼ਿੰਦਗੀ ਦਾ ਇਸੇ ਤਰ੍ਹਾਂ ਪ੍ਰਬੰਧ ਚੱਲ ਰਿਹਾ ਹੈ ਨਹੀਂ ਤਾਂ ਬੇੜਾ ਗਰਕ ਹੋ ਜਾਵੇਗਾ।

**ਰੱਬੀ ਯਾਦ:** ਭਾਈ ਨੰਦ ਲਾਲ ਦਾ ਕਹਿਣਾ ਹੈ ਕਿ ਜਿਵੇਂ ਇਨਸਾਨ ਦਾ ਸਰੀਰ ਉਸ ਦੀ ਰੂਹ ਆਤਮਾ ਕਰਕੇ ਜਾਨਦਾਰ ਹੈ, ਇਸੇ ਤਰ੍ਹਾਂ ਦਿਲ ਦੇ ਲਈ ਹੱਕ ਸੱਚ ਦਾ ਜ਼ਿਕਰ ਰੂਹ ਦਾ ਕੰਮ ਕਰਦਾ ਹੈ। ਰੂਹ ਨਾਲ ਮਨੁੱਖੀ ਸਰੀਰ ਜਿਉਂਦਾ ਰਹਿੰਦਾ ਹੈ ਅਤੇ ਰੱਬ ਦੀ ਯਾਦ ਨਾਲ ਦਿਲ। ਜੇਕਰ ਸਰੀਰ ਮਰ ਜਾਂਦਾ ਹੈ ਪਰ ਰੱਬ ਦੀ ਯਾਦ ਦਿਲ ਨੂੰ ਮਰਨ ਨਹੀਂ ਦਿੰਦੀ। ਨਿਰਸੰਦੇਹ ਕਿ ਜ਼ਿੰਦਗੀ ਲਈ ਹਵਾ ਪਹਿਲੀ ਜ਼ਰੂਰਤ ਹੈ ਪਰ ਜ਼ਿੰਦਗੀ ਲਈ ਦੂਜੀ ਜ਼ਰੂਰਤ ਰੱਬ ਦੀ ਯਾਦ ਹੈ। ਇਸ ਲਈ ਗੋਯਾ ਕਹਿੰਦੇ ਹਨ ਕਿ ਮਨੁੱਖੀ ਉਮਰ ਰੱਬ ਦੀ ਯਾਦ ਵਿਚ ਗੁਜ਼ਾਰਨੀ ਚਾਹੀਦੀ ਹੈ। ਜੇਕਰ ਜ਼ਿੰਦਗੀ ਰੱਬ ਦੀ ਯਾਦ ਤੋਂ ਬਗੈਰ ਗੁਜ਼ਰਦੀ ਹੈ ਤਾਂ ਉਸ ਨੂੰ ਇੰਜ ਸਮਝੋ ਜਿਵੇਂ ਕੰਜੂਸ ਦਾ ਮਾਲ ਬੇਕਾਰ ਹੋ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਦਾ ਵੀ ਇਹੋ ਇਰਸ਼ਾਦ ਹੈ, ਰੱਬ ਦੀ ਯਾਦ ਤੋਂ ਬਗੈਰ ਬਾਕੀ ਸਾਰੇ ਅਮਲ ਕੰਜੂਸ ਆਦਮੀ ਦੇ ਮਾਲ ਦੌਲਤ ਵਾਂਗ ਬੇਕਾਰ ਹੋ ਜਾਂਦਾ ਹੈ।

ਗੋਬਿੰਦ ਭਜਨ ਬਿਨੁ ਬ੍ਰਿਥੇ ਸਭ ਕਾਮ॥
ਜਿਉ ਕਿਰਪਨ ਕੇ ਨਿਰਾਰਥ ਦਾਮ॥ [73]

ਰੱਬ ਦੀ ਯਾਦ ਕਰਨ ਵਾਲਾ ਜ਼ਿੰਦਗੀ ਮੌਤ ਤੋਂ ਉਪਰ ਉੱਠ ਕੇ ਸਦਾ ਲਈ ਕਾਇਮ ਰਹਿੰਦਾ ਹੈ। ਉਸ ਦੀ ਕਦੀ ਮੌਤ ਨਹੀਂ ਹੁੰਦੀ ਕਿਉਂਕਿ ਰੱਬ ਦਾ ਜ਼ਿਕਰ ਹੀ ਉਸ ਦੀ ਰੂਹ ਦੀ ਗਿਜ਼ (ਭੋਜਨ) ਹੁੰਦੀ ਹੈ। ਜੇਕਰ ਮਾਲਿਕ ਆਪਣਾ ਫਜ਼ਲ ਅਤੇ ਮਿਹਰ ਕਰੇ ਤਾਂ ਮਨੁੱਖ ਰੱਬ ਦਾ ਸਿਮਰਨ ਕਰਕੇ ਉਸ ਦੇ ਬਹੁਤ ਨੇੜੇ ਪਹੁੰਚ ਸਕਦਾ ਹੈ। ਅਜਿਹਾ ਆਦਮੀ ਉਸ ਦੇ ਨੇੜੇ ਪਹੁੰਚ ਜਾਂਦਾ ਹੈ। ਉਸ ਦੀ ਜ਼ੁਬਾਨ, ਹੱਥ, ਪੈਰ, ਬਣ ਜਾਂਦਾ ਹੈ। ਫਿਰ ਅਜਿਹੇ ਆਦਮੀ ਲਈ ਰੱਬ ਦੀ ਰਜ਼ਾ ਨਸੀਬ ਹੋ ਜਾਂਦੀ ਹੈ। ਉਸ ਦਾ ਪਿਆਰ ਅਤੇ ਨੇੜਤਾ ਬਣ ਜਾਂਦੀ ਹੈ।

---

73 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-269.

**ਮੌਲਾ ਦਾ ਸ਼ੌਕ:** ਜਦੋਂ ਇਸ਼ਕ ਕੀ ਗੱਲ ਕੀਤੀ ਜਾਂਦੀ ਹੈ ਤਾਂ ਚੰਗੇ ਮੰਦੇ ਫੁਰਮਾਨ ਦਾ ਧਿਆਨ ਨਹੀਂ ਰੱਖਿਆ ਜਾਂਦਾ। ਜਦੋਂ ਇਸ਼ਕ ਹੋ ਜਾਂਦਾ ਹੈ ਤਾਂ ਕਿਸੇ ਹੋਰ ਗੱਲ ਵੱਲ ਧਿਆਨ ਨਹੀਂ ਜਾਂਦਾ। ਇਸ਼ਕ ਵਾਲਿਆਂ ਦਾ ਸਾਰਾ ਕੰਮ ਰੱਬ ਦਾ ਜ਼ਿਕਰ ਹੈ। ਉਹ ਤਾਂ ਹਰ ਪਲ ਉਸ ਦੀ ਯਾਦ ਵਿਚ ਹੀ ਗੁਜ਼ਾਰਦਾ ਹੈ। ਇਸ ਮੰਜ਼ਿਲ ਦੇ ਮੁਸਾਫਿਰ ਇਧਰ ਉਧਰ ਦੀ ਗੱਲ ਨੂੰ ਕਰਨ ਨੂੰ ਬੇਅਦਬੀ ਕਹਿੰਦੇ ਹਨ। ਉਸ ਦੀ ਯਾਦ ਵਿਚ ਰੁੱਝਿਆ ਰਹਿਣਾ ਹੀ ਆਸ਼ਿਕਾਂ ਦੀ ਸਭ ਤੋਂ ਵੱਡੀ ਸਿਫਤ ਹੈ। ਸੱਚੇ ਆਸ਼ਿਕ ਕੋਈ ਹੀਲ ਹੁੱਜ਼ਤ ਨਹੀਂ ਕਰਿਆ ਕਰਦੇ। ਸੱਚੇ ਆਸ਼ਿਕਾਂ ਨੂੰ ਨਾ ਦੁਨੀਆਂ ਦੀ ਚੀਜ਼ਾਂ ਦੀ ਹਿਰਸ ਹੁੰਦੀ ਹੈ ਅਤੇ ਨਾ ਹੀ ਸਵਰਗ ਦੇ ਬਾਗਾਂ ਦੀ। ਉਹ ਤਾਂ ਸਿਰਫ ਨਰਕ ਦੀ ਅੱਗ ਤੋਂ ਡਰਿਆ ਕਰਦੇ ਹਨ। ਸੱਚੇ ਆਸ਼ਿਕ ਸੱਚੇ ਇਸ਼ਕ ਦੇ ਵਿਸ਼ਾ ਹੋਰ ਕੋਈ ਸ਼ਬਦ ਜ਼ੁਬਾਨੋਂ ਨਹੀਂ ਕੱਢਦੇ। ਗੋਯਾ ਨੇ ਇਸ ਗੱਲ ਦਾ ਵਰਨਣ ਹੇਠ ਲਿਖੀਆਂ ਗੱਲਾਂ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਕਹਿੰਦੇ ਹਨ ਕਿ ਜਦੋਂ ਰੱਬ ਦੇ ਹੁਕਮ ਨਾਲ ਜਾਨਾਂ ਪੈਦਾ ਹੋ ਗਈਆਂ ਤਾਂ ਉਹ ਸਾਰੀਆਂ ਲਾਈਨਾਂ ਬੰਨ੍ਹੀ ਰੱਬ ਦੇ ਹਜ਼ੂਰ ਖੜੀਆਂ ਹੋ ਗਈਆਂ। ਉਥੇ ਸੰਸਾਰਕ ਬੰਦੇ ਵੀ ਹਾਜ਼ਰ ਸਨ। ਸਾਰੀਆਂ ਜਾਨਾਂ ਉਸ ਲਾਲਚ ਵਿਚ ਫਸ ਗਈਆਂ ਪਰ ਉਨ੍ਹਾਂ ਵਿਚੋਂ ਦਸਵਾਂ ਹਿੱਸਾ ਸਬਰ ਸੰਤੋਖ ਦਾ ਖੜਾ ਰਿਹਾ। ਬਾਕੀ ਨੌ ਹਿੱਸੇ ਰੱਬ ਨੇ ਉਥੋਂ ਭਜਾ ਦਿੱਤੇ। ਦੂਜੀ ਬਾਰੀ ਫਿਰਦੋਸ਼ ਨੇ ਜਲਵਾ ਵਿਖਾਇਆ। ਸਭ ਦਾ ਦਿਲ ਜੰਨਤ ਦੀ ਨਿਆਮਤਾਂ ਤੇ ਲੱਟੂ ਹੋ ਗਿਆ। ਪਰ 10ਵਾਂ ਹਿੱਸਾ ਫਿਰ ਸਬਰ ਸੰਤੋਖ ਨਾਲ ਖੜਾ ਰਿਹਾ। ਨੌ ਹਿੱਸੇ ਸਵਰਗ ਦੀਆਂ ਨਿਆਮਤਾਂ ਤੇ ਲੱਟੂ ਹੋ ਗਏ। ਤੀਜਾ ਬਾਕੀ ਨਰਕ ਪੇਸ਼ ਕੀਤੀ ਗਈ। ਸਾਰਿਆਂ ਦਾ ਦਿਲ ਨਰਕ ਨੂੰ ਵੇਖ ਕੇ ਕੰਬ ਗਿਆ ਪਰ ਦਸਵਾਂ ਹਿੱਸਾ ਬੇਖੌਫ ਖੜਾ ਰਿਹਾ, ਜਿਹੜਾ ਸੱਚੇ ਇਸ਼ਕ ਦੀ ਕਹਾਣੀ ਤੋਂ ਇਲਾਵਾ ਹੋਰ ਕੁਝ ਨਹੀਂ ਪੜ੍ਹ ਰਿਹਾ ਸੀ। ਗੋਯਾ ਇਸ ਹਕੀਕਤ ਨੂੰ ਬਿਆਨ ਕਰਨ ਤੋਂ ਬਾਅਦ ਲਿਖਦੇ ਹਨ: ਜਦੋਂ ਇਸ਼ਕ ਆਉਂਦਾ ਹੈ ਤਾਂ ਡਰ ਅਤੇ ਉਮੀਦ ਖਤਮ ਹੋ ਜਾਂਦੀ ਹੈ, ਕਿਹੜਾ ਡਰ, ਕਿਹੜਾ ਸਹਿਮ, ਕਿਹੜਾ ਰੋਣਾ ਅਤੇ ਕਿਹੜਾ ਪਿੱਟਣਾ। ਇਸ ਗੱਲ ਨੂੰ ਨਹੀਂ ਜਾਣਦੇ ਕਿ ਉਸ ਦੇ ਜ਼ਿਕਰ ਤੋਂ ਬਗੈਰ ਹੋਰ ਕੋਈ ਗੱਲ ਨਹੀਂ। ਕਿਹੜਾ ਅਰਾਮ, ਕਿਹੜੀ ਸ਼ਾਂਤੀ ਅਤੇ ਕਿਹੜੀ ਚਿੰਤਾ। ਹੱਕ ਦੇ ਜ਼ਿਕਰ ਤੋਂ ਬਗੈਰ ਹੋਰ ਕੋਈ ਚੀਜ਼ ਦੀ ਜ਼ਰੂਰਤ ਨਹੀਂ ਇਕ ਹੀ ਗੱਲ ਦਾ ਜ਼ਿਕਰ ਹੈ ਹੋਰ ਦੱਸ ਗੱਲਾਂ ਦਾ ਬਿਆਨ ਨਹੀਂ।

**ਅਸਮਾਨ ਦੇ ਬੁਰਜ, ਮੌਸਮ ਅਤੇ ਮਹੀਨੇ:** ਗੋਯਾ ਅਸਮਾਨੀ, ਬੁਰਜਾਂ, ਮੌਸਮਾਂ ਅਤੇ ਮਹੀਨਿਆਂ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਨੌ ਰੋਜ਼ ਦਾ ਦਿਨ ਬਹੁਤ ਘੱਟ ਆਉਂਦਾ ਹੈ। ਰੱਬੀ ਜਾਂ ਬਹਾਰ ਦੀ ਮੌਸਮ ਮੁਰਾਦ ਕਹਿੰਦੇ ਹਨ। ਅਰਦੀ ਸਵਰਗ ਅਤੇ ਖਰਦਾਦ ਮਹੀਨਿਆਂ ਵਿਚ ਸੂਰਜ ਹਮਲ, ਨੂਰ ਅਤੇ ਜੋਜ਼ਾਂ ਬੁਰਜਾਂ ਵਿਚ ਤਰਤੀਬਵਾਰ ਇਕੱਤੀ-ਇਕੱਤੀ ਅਤੇ ਬੱਤੀ ਦਿਨ ਠਹਿਰਦਾ ਹੈ। ਗਰਮੀਆਂ ਦੇ ਮੌਸਮ (ਤਾਬਿਸਤਾਨ) ਵਿਚ ਤੀਰ, ਮਰਦਾਦ ਅਤੇ ਸ਼ਹਿਰ ਬੋਰ ਦੇ ਤਿੰਨ ਮਹੀਨਿਆਂ ਵਿਚ ਸਰਤਾਨ, ਅਸਦ ਅਤੇ ਸੰਬਲਾ ਬੂਰਜਾਂ ਵਿਚ ਚੰਨ ਦਾ ਡੇਰਾ ਹੁੰਦਾ ਹੈ। ਖਰੀਫ ਦੀ ਮੌਸਮ ਪਤਝੜ ਦੇ ਤਿੰਨ ਮਹੀਨਿਆਂ ਵਿਚ ਭਾਰ ਮਿਹਰ, ਅਮਾਨ ਅਤੇ ਆਜ਼ਰ ਵਿਚ ਸਿਲਸਿਲੇਦਾਰ ਮੀਜ਼ਾਨ, ਅਕਬਰ ਅਤੇ ਕੌਸ ਵਿਚ ਰਹਿੰਦਾ ਹੈ। ਇਸੇ ਤਰ੍ਹਾਂ ਜ਼ਮਿਸਤਾਨ (ਸਰਦੀਆਂ ਦੀ ਰੁੱਤ) ਦੀਆਂ ਬਹਿਮਨ, ਅਤੇ ਅਸਫੰਦ ਮਹੀਨਿਆਂ ਵਿਚ ਜੱਦ, ਦਲੋ ਅਤੇ ਜੋਤ ਬੁਰਜਾਂ ਵਿਚ ਤਰਤੀਬਵਾਰ 29, 30 ਅਤੇ 30 ਦਿਨ ਰਹਿੰਦਾ ਹੈ।

ਇਸ ਵਿਆਖਿਆ ਨੂੰ ਹੇਠ ਲਿਖੀ ਸਾਰਣੀ ਅਨੁਸਾਰ ਜ਼ਾਹਿਰ ਕੀਤਾ ਜਾ ਸਕਦਾ ਹੈ।

| **ਕ੍ਰਮ ਅੰਕ** | **ਨਾਂ ਮਹੀਨਾ** | **ਨਾਮ ਬੁਰਜ** | **ਦਿਨ** | **ਮੌਸਮ** |
|---|---|---|---|---|
| 1 | ਫਰਵਰਦੀਲ | ਹਮਲ | 31 | ਰਬੀ ਜਾਂ ਬਹਾਰ |
| 2. | ਅਰਦੀ ਬਹਿਸ਼ਤ | ਸੌਰ | 31 | |
| 3. | ਖਰਦਾਦ | ਜੌਜ਼ਾ | 32 | |
| 4. | ਤੀਰ | ਸਰਤਾਨ | 31 | |
| 5. | ਮਰਦਾਦ | ਅਸਦ | 31 | |
| 6. | ਸ਼ਹਿਰ ਬੋਰ | ਸੰਬਲਾ | ਅਜ਼ਰਦੀ ਰਸਦ | ਤਾਬਿਸਤਾਨ ਜਾਂ |
| 7. | ਮਿਹਿਰ | ਮੀਜ਼ਾਨ | 30 | ਗਰਮ ਮੌਸਮ |
| 8. | ਆਬਾਨ | ਅਕਬਰ | 30 | |
| 9. | ਆਜ਼ਰ | ਕੌਸ | 29 | |
| 10. | ਦੀ | ਜੱਦੀ | 29 | ਪਤਝੱੜ ਜਾਂ ਖਰੀਫ |
| 11. | ਬਹਿਮਨ | ਦਵੋ | 29 | |

| | | | | |
|---|---|---|---|---|
| 12. | ਅਸਫੰਦ | ਦਵੋ | 30 | ਸਰਦੀ ਦਾ ਮੌਸਮ |

(ਮਸਨਵੀ ਵਿਚੋਂ ਉਪਰੋਕਤ ਸਾਰਣੀ ਲਈ ਗਈ ਹੈ)

**ਚੰਨ ਅਤੇ ਅਸਮਾਨ ਦੇ ਬੁਰਜ:** ਜੇਕਰ ਇਹ ਪਤਾ ਕਰਨਾ ਹੈ ਕਿ ਫਲਾਂ ਮਿਤੀ ਨੂੰ ਚੰਨ ਬਾਗ ਬੁਰਜੋਂ ਕਿਹੜੇ ਬੁਰਜ ਵਿਚ ਹੋਵੇਗਾ ਤਾਂ ਉਸ ਦਾ ਤਰੀਕਾ ਗੋਯਾ ਦੱਸਦੇ ਹਨ ਕਿ ਫਰਜ਼ ਕਰੋ ਕਿ ਤੁਸੀਂ ਚੰਨ ਦੇ ਮਹੀਨੇ ਰਜਬ ਦੀ 7 ਤਾਰੀਖ ਨੂੰ ਚੰਨ ਦੇ ਬੁਰਜ ਦਾ ਪਤਾ ਕਰਨਾ ਚਾਹੁੰਦੇ ਹੋ ਤਾਂ ਪਹਿਲਾਂ ਇਸ ਤਾਰੀਖ ਅਨੁਸਾਰ ਸੂਰਜ ਦੇ ਮਹੀਨੇ ਦਾ ਪਤਾ ਕਰੋ ਤਾਂ ਪਤਾ ਚੱਲ ਜਾਵੇਗਾ ਕਿ ਰਜਬ ਦੀ 7 ਤਾਰੀਖ ਦੇ ਮੁਤਾਬਿਕ ਸੂਰਜ ਸਾਲ ਦੀ ਫਰਵਰਦੀਨ ਮਹੀਨਾ ਹੈ ਜਿਹੜਾ ਸੂਰਜ ਦੇ ਮਹੀਨੇ ਦਾ ਪਹਿਲਾ ਮਹੀਨਾ ਬਣਦਾ ਹੈ। ਇਸ ਮਹੀਨੇ ਵਿਚ ਸੂਰਜ ਹਮਲ ਬੁਰਜ ਵਿਚ ਹੁੰਦਾ ਹੈ। ਹੁਣ 7 ਨੂੰ 2 ਨਾਲ ਗੁਣਾ ਕਰੋ। ਇਸ ਵਿਚ 5 ਦਾ ਵਾਧਾ ਕਰੋ। ਇਸ ਤਰ੍ਹਾਂ ਇਹ ਗਿਣਤੀ 19 ਬਣ ਜਾਂਦੀ ਹੈ। ਹੁਣ ਇਨ੍ਹਾਂ 19 ਮਹੀਨਿਆਂ ਵਿਚੋਂ 5 ਹਮਲ ਨੂੰ ਨੂਰ ਨੂਰ ਨੂੰ 5 ਜੋਜ਼ਾਂ ਨੂੰ ਦੇ ਦੇਵੋ। ਇਸ ਤਰ੍ਹਾਂ 15 ਦੇਣ ਤੋਂ ਬਾਅਦ ਤੁਹਾਡੇ ਕੋਲ 4 ਬਚੇ। ਇਨ੍ਹਾਂ ਚਾਰਾਂ ਨੂੰ ਪੰਜ ਹੀ ਗਿਣ ਲਵੋ ਅਤੇ ਸਰਤਾਨ ਦੇ ਹਵਾਲੇ ਕਰ ਦੇਵੋ। ਇਸ ਤਰ੍ਹਾਂ ਪਤਾ ਚੱਲਿਆ ਕਿ 7 ਰਜਬ ਨੂੰ ਚੰਨ ਬੁਰਜ ਸਰਤਾਨ ਵਿਚ ਠਹਿਰਿਆ ਹੋਇਆ ਹੈ। ਇਸ ਤਰ੍ਹਾਂ ਹਰ ਮਹੀਨੇ ਦਾ ਹਿਸਾਬ ਲਗਾਇਆ ਜਾ ਸਕਦਾ ਹੈ।

ਉਪਰੋਕਤ ਫਾਰਮੂਲੇ ਦੀ ਵਿਆਖਿਆ ਦੇ ਲਈ ਗੋਯਾ ਇਕ ਹੋਰ ਮਿਸਾਲ ਦਿੰਦੇ ਹਨ। ਜੇਕਰ ਫਰਵਰਦੀਨ ਮਹੀਨੇ ਦੀ 27 ਤਾਰੀਖ ਨੂੰ ਚੰਨ ਦੇ ਬੁਰਜ ਦਾ ਪਤਾ ਲਗਾਉਣਾ ਹੋਵੇ ਤਾਂ 27 ਨੂੰ ਦੁਗਣਾ ਕਰਨਾ ਪੈਂਦਾ ਹੈ। ਇਸ ਵਿਚ 5 ਦਾ ਵਾਧਾ ਕਰਨਾ ਪੈਂਦਾ ਹੈ। ਇਸ ਤਰ੍ਹਾਂ 54+5=59 ਬਣ ਗਏ। ਹੁਣ ਬੁਰਜ ਤੋਂ ਸ਼ੁਰੂ ਕਰਕੇ ਹਰ ਬੁਰਜ ਨੂੰ 5, 5 ਦਿੱਤੇ ਜਾਂਦੇ ਹਨ ਤਾਂ ਹਮਲ ਨਾਲ ਦਿਲੋਂ ਤੱਕ 11 ਬੁਰਜਾਂ ਨੂੰ 55 ਦੇ ਦਿੱਤੇ ਗਏ। ਹੁਣ ਜਿਹੜੇ 4 ਬਚੇ, ਉਨ੍ਹਾਂ ਨੂੰ 5 ਗਿਣ ਕੇ ਅਗਲੇ ਬੁਰਜ ਜੋਤ ਨੂੰ ਦੇ ਦਿੱਤੇ। ਇਸ ਤੋਂ ਪਤਾ ਚੱਲਦਾ ਹੈ ਕਿ ਇਸ ਤਰ੍ਹਾਂ ਚੰਨ ਬੁਰਜ ਹੋਤ ਵਿਚ ਸ਼ਾਮਿਲ ਸਨ।

ਇਸ ਤਰ੍ਹਾਂ ਜੇਕਰ ਅਰਦੀ ਬਹਿਸ਼ਤ ਮਹੀਨੇ ਦੀ ਕੋਈ ਤਾਰੀਖ ਹੁੰਦੀ ਤਾਂ ਸੌਰ ਬੁਰਜ ਤੋਂ ਸ਼ੁਰੂਆਤ ਹੁੰਦੀ ਹੈ। ਜੇਕਰ ਖੁਰਦਾਦ ਦਾ ਮਹੀਨਾ ਹੁੰਦਾ ਤਾਂ ਬੁਰਜ ਜੋਰਾਂ ਤੋਂ 5,5 ਦੇਣ ਦੀ ਸ਼ੁਰੂਆਤ ਹੁੰਦੀ ਹੈ ਅਤੇ ਜੇ ਤੀਰ ਦਾ ਮਹੀਨਾ ਹੋਵੇ ਤਾਂ ਸ਼ੁਰੂਆਤ ਸਰਤਾਨ ਤੋਂ ਹੋਵੇਗੀ। ਜੇਕਰ ਮਹੀਨਾ ਤੀਰ ਹੋਵੇ ਤਾਂ ਸ਼ੁਰੂਆਤ ਮਰਤਾਨ ਨਾਲ ਹੋਵੇਗੀ। ਜੇਕਰ ਮਹੀਨਾ ਅਮਰਦਾਦ

ਹੋਵੇ ਤਾਂ ਸ਼ੁਰੂਆਤ ਬੁਰਜ ਅਸਦ ਨਾਲ ਹੁੰਦਾ ਹੈ। ਜੇਕਰ ਮਹੀਨਾ ਸ਼ਹਿਰਪੁਰ ਦੀ ਸ਼ੁਰੂਆਤ ਬੁਰਜ ਸੁਢਲਾ ਨਾਲ ਜੇਕਰ ਮਹੀਨਾ ਮਿਹਰ ਹੋਵੇ ਤਾਂ ਸ਼ੁਰੂਆਤ ਮੀਜ਼ਾਨ ਹੋਵੇਗੀ। ਜੇਕਰ ਮਹੀਨਾ ਆਬਾਨ ਹੋਵੇ ਤਾਂ ਸ਼ੁਰੂਆਤ ਅਕਰਬ ਨਾਲ ਹੋਵੇਗੀ। ਆਜ਼ਰ ਦਾ ਕੌਸ ਨਾਲ, ਦਮੀ ਦਾ ਜੱਦੀ ਨਾਲ, ਬਹਿਮਨ ਦਾ ਦਲੋ ਨਾਲ ਅਤੇ ਅਸਫੰਦ ਦਾ ਹੋਤ ਨਾਲ ਪੰਜ-ਪੰਜ ਦੇਣ ਨਾਲ ਸ਼ੁਰੂਆਤ ਹੁੰਦੀ ਹੈ।

**ਸਿਤਾਰੇ ਅਤੇ ਬੁਰਜ ਅਸਮਾਨ-** ਭਾਈ ਨੰਦ ਲਾਲ ਗੋਯਾ ਕਹਿੰਦੇ ਹਨ ਕਿ ਬਹਿਰਾਮ, ਮੁਸ਼ਤਰੀ, ਦੀਵਾਨ, ਅੱਤਾਰਦ, ਜ਼ੁਹਰਾ ਪੰਜ ਸਿਤਾਰਿਆਂ ਨਾਲ ਹਰੇਕ ਨਾਲ ਦੋ-ਦੋ ਬੁਰਜ ਹਨ ਜਿਵੇ-

ਸਿਤਾਰਾ ਬਹਿਰਾਮ ਦੇ ਲਈ ਹਮਲ ਅਤੇ ਅਕਰਬ
ਮੁਸ਼ਤਰੀ ਦੇ ਲਈ ਕੌਸ ਅਤੇ ਹੋਤ
ਜ਼ੁਹਰਾ ਦੇ ਲਈ ਨੂਰ ਅਤੇ ਮੀਜ਼ਾਨ
ਦੀਵਾਨ ਦੇ ਲਈ ਜੱਦੀ ਅਤੇ ਦਲੋ
ਅੱਤਾਰਦ ਦੇ ਲਈ ਜ਼ੋਰਾ ਅਤੇ ਹੋਸ਼ਾ (ਸੁੰਬਲਾ)

(ਮਸਨਵੀ ਵਿਚੋਂ ਉਪਰੋਕਤ ਸਾਰਣੀ ਲਈ ਗਈ ਹੈ)

ਚੰਨ ਅਤੇ ਸੂਰਜ ਵਿਚੋਂ ਹਰੇਕ ਲਈ ਇੱਕ-ਇੱਕ ਬੁਰਜ ਭਾਵ ਚੰਨ ਦੇ ਲਈ ਸਰਤਾਨ ਅਤੇ ਸੂਰਜ ਦੇ ਲਈ ਅਸੰਦ ਹੈ। ਸਰਤਾਨ ਚੰਨ ਅਤੇ ਅਸਦ ਸੂਰਜ ਇਕ ਬੁਰਜ ਹੈ। ਦੋ ਬੁਰਜ ਭਾਵ ਪੰਜ ਸਿਤਾਰੇ ਹਨ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਪੰਜੇ ਸਿਤਾਰਿਆਂ ਦੇ ਲਈ ਦੋ ਦੋ ਬੁਰਜ ਹਨ ਜਿਵੇਂ ਹਰੇਕ ਸਿਤਾਰੇ ਦੀ ਇਕ ਬੁਰਜ ਵਿਚ ਚੰਨ ਰਾਹੀਂ ਫਜੀਲਤ ਹੈ। ਦੂਜੇ ਬੁਰਜ ਵਿਚ ਚੰਨ ਕਰਕੇ ਹੀ।

| **ਨਾਮ ਸਿਤਾਰੇ** | **ਨਾਮ ਬੁਰਜ** | **ਚੰਨ** |
|---|---|---|
| ਜ਼ਹਿਲ (ਕੀਵਾਂ) | ਜੱਦੀ ਦਲੋ | ਸੂਰਜ ਚੰਨ |
| ਅਤਾਰਦ | ਖੌਜ (ਸੁੰਭਲਾ) | ਸੂਰਜ ਚੰਨ |
| ਬਰਜੀਸ਼ | ਕੌਸ (ਜੋਤ) | ਸੂਰਜ ਚੰਨ |

ਜ਼ੋਹਰਾ ਸਿਤਾਰੇ ਦੇ ਸੌਰ ਅਤੇ ਮੀਜ਼ਾਨ ਬੁਰਜਾਂ ਦਾ ਜ਼ਿਕਰ ਮਸਨਵੀ ਵਿਚ ਦਰਜ ਹੈ।

**ਸੱਤ ਅਸਮਾਨ ਸਿਤਾਰੇ ਅਤੇ ਗ੍ਰਹਿ–** ਗੋਯਾ ਸੱਤੇ ਅਸਮਾਨਾਂ ਦਾ ਜ਼ਿਕਰ ਕਰਦੇ ਹਨ ਕਿ ਰੱਬ ਨੇ ਪਹਿਲਾਂ ਅਸਮਾਨ ਪਾਣੀ ਤੋਂ ਪੈਦਾ ਕੀਤਾ, ਉਸ ਤੇ ਚੰਨ ਟਿਕਾਇਆ। ਮਨੁੱਖ ਦੇ ਸਰੀਰ ਵਿਚ ਉਸ ਦੀਆਂ ਦੋ ਚੀਜ਼ਾਂ ਹਨ। ਇਕ ਤਿੱਲੀ ਵਿਚ ਅਤੇ ਦੂਜਾ ਖੱਬੇ ਨਥਣੇ ਵਿਚ। ਉਸ ਦੀ ਮਿਹਰ ਨਾਲ ਉਸ ਦਾ ਚਿਹਰਾ ਅਤੇ ਦਾੜ੍ਹੀ ਚਿੱਟੀ ਹੈ, ਉਸ ਦੇ ਮਿਹਰ ਸਦਕਾ ਕੋਈ ਆਦਮੀ ਮਾਯੂਸ ਨਹੀਂ ਹੋਇਆ। ਉਸ ਦਾ ਸਾਰਾ ਲਿਬਾਸ ਹਰਾ ਅਤੇ ਪਗੜੀ ਉਨ ਦੀ ਹੈ। ਇਹ ਚੰਗੇ ਚਿਹਰੇ ਵਾਲਾ ਅਤੇ ਚੰਗੀ ਆਦਮ ਵਾਲਾ ਹੈ। ਇਸ ਦਾ ਸਿਮਰਨ ਉਸਦਾ ਨਾਂ ਹੈ। ਸਰੀਰ ਬਹੁਤ ਕਮਜ਼ੋਰ ਅਤੇ ਅਮਲ ਬਹੁਤ ਨੇਕ ਹੈ। ਉਹ ਇਕ ਨੇਕ ਅਤੇ ਅਕਲਮੰਦ ਵਜ਼ੀਰ ਹੈ।

ਦੂਜਾ ਅਕਾਸ ਮਰਮਰੀ ਬਣਾਇਆ ਗਿਆ ਹੈ। ਉਸ ਦੀ ਕੁਰਸੀ ਤੇ ਸਿਤਾਰੇ ਅਤਾਰਦ ਜਿਸ ਨੂੰ ਫਾਰਸੀ ਵਿਚ ਅਤਾਰਦ (ਤੀਰ) ਕਹਿੰਦੇ ਹਨ, ਬਿਠਾਇਆ ਗਿਆ ਹੈ। ਇਸ ਦਾ ਸਥਾਨ ਮਨੁੱਖ ਦੇ ਸਰੀਰ ਵਿਚ ਹੁੰਦਾ ਹੈ। ਇਸ ਦਾ ਵਸਤਰ ਅਤੇ ਚਿਹਰਾ ਬਹੁਤ ਵਧੀਆ ਹੈ। ਕੱਦ ਨਾ ਉੱਚਾ ਨਾ ਨੀਵਾਂ, ਉਸ ਦੀ ਪਗੜੀ ਮੋਟੀ ਉਨ ਦੀ ਹੁੰਦੀ ਹੈ, ਜਿਹੜਾ ਚੰਗੇ ਅਤੇ ਬੁਰੇ ਅਮਲਾਂ ਦਾ ਹਿਸਾਬ ਕਿਤਾਬ ਰੱਖਦਾ ਹੈ।

ਲੋਹੇ ਨਾਲ ਬਣਾਇਆ ਗਿਆ ਤੀਜਾ ਅਸਮਾਨ ਪਾਣੀ ਅਤੇ ਮਿੱਟੀ ਦੀ ਕੁਰਸੀ ਤੇ ਜ਼ੁਹਰਾ ਸਿਤਾਰੇ ਕਾਇਮ ਕੀਤੇ ਹੋਏ ਹਨ। ਉਨ੍ਹਾਂ ਦਾ ਚਿਹਰਾ ਅੱਗ ਵਾਂਗ ਤਪਾਇਆ ਗਿਆ ਹੈ। ਉਹ ਮਨੁੱਖ ਦੇ ਸਰੀਰ ਵਿਚ ਦੋ ਥਾਵਾਂ ਤੇ ਭਾਵ ਜਿਗਰ ਅਤੇ ਖੱਬੀ ਅੱਖ ਵਿਚੋਂ ਨਿਕਲਦਾ ਹੈ। ਉਸ ਦਾ ਚਿਹਰਾ ਅਤੇ ਵਸਤਰ ਸਫੈਦ ਹਨ। ਸਿਰ ਤੇ ਨਕਸ ਨਿਗਾਰ ਵਾਲੀ ਪਗੜੀ ਬੰਨ੍ਹੀ ਹੋਈ ਹੈ। ਉਹ ਖ਼ੂਬਸੂਰਤੀ ਅਤੇ ਖੁਸ਼ੀ ਦਾ ਮਾਲਿਕ ਹੈ। ਉਹ ਚੰਗੇ ਚਿਹਰੇ ਵਾਲਾ ਅਤੇ ਵਧੀਆ ਆਵਾਜ਼ ਵਾਲਾ ਹੈ। ਪਰ ਅੰਨ੍ਹਾ ਹੈ। ਰੱਬ ਨੇ ਉਸ ਵਿਚ ਹਕੀਕਤ ਦੀਆਂ ਗੱਲਾਂ ਛੁਪਾ ਰੱਖੀਆਂ ਹਨ।

ਪਿੱਤਲ ਦੇ ਚੌਥੇ ਅਸਮਾਨ ਤੇ ਸੂਰਜ ਸੁਨਹਿਰੀ ਰੰਗ ਵਾਲਾ ਕੁਰਸੀ ਤੇ ਟਿਕਿਆ ਹੋਇਆ ਹੈ। ਮਨੁੱਖੀ ਸਰੀਰ ਵਿਚ ਉਸ ਨੇ ਦੋ ਟਿਕਾਣੇ ਬਣਾਏ ਹੋਏ ਹਨ। ਇਕ ਦਿਲ ਦੂਜਾ ਖੱਬੇ ਨਥਣੇ ਵਿਚ ਉਸਦਾ ਚਿਹਰਾ ਅੱਖਾਂ ਨੀਲੀਆਂ, ਕਦ ਦਰਮਿਆਨਾ, ਸੋਹਣੀ ਸ਼ਕਲ ਸੂਰਤ ਹੈ। ਉਸ ਦਾ ਚਿਹਰਾ ਐਨੀ ਚਮਕ ਦਮਕ ਵਾਲਾ ਹੈ ਕਿ ਵੇਖਣ ਵਾਲੇ ਦੀਆਂ ਅੱਖਾਂ ਬਰਦਾਸ਼ਤ ਤੋਂ ਬਾਹਰ ਹਨ। ਵੇਖਣ ਵਾਲੇ ਦੀਆਂ ਅੱਖਾਂ ਵਿਚ ਸਮਾ ਨਹੀਂ ਸਕਦਾ।

ਉਹ ਅਕਾਸ਼ ਦਾ ਬਾਦਸ਼ਾਹ ਹੈ। ਉਹ ਹਰੇਕ ਅਮੀਰ ਫਕੀਰ ਅਤੇ ਬਾਦਸ਼ਾਹ ਨੂੰ ਨਿਵਾਜ਼ਦਾ ਹੈ। ਉਸ ਦਾ ਵਜ਼ੀਰ ਚੰਨ ਜਿਹੜਾ ਚੰਗੀ ਸ਼ਕਲ ਸੂਰਤ ਵਾਲਾ ਹੈ।

ਪੰਜਵਾਂ ਅਸਮਾਨ ਤਾਂਬੇ ਦਾ ਹੈ, ਜਿਸ ਤੇ ਅੱਗ ਦੀ ਕੁਰਸੀ ਤੇ ਉੱਤੇ ਮਰੀਖ ਸਿਤਾਰੇ ਕਾਇਮ ਹਨ। ਉਸ ਦੇ ਹੱਥ ਵਿਚ ਤਲਵਾਰ ਫੜੀ ਹੋਈ ਹੈ। ਉਸਦਾ ਟਿਕਾਣਾ ਮਨੁੱਖੀ ਸਰੀਰ ਦੇ ਸੱਜੇ ਕੰਨ ਅਤੇ ਜ਼ੋਹਰਾਂ ਵਿਚ ਹੈ। ਉਸ ਦਾ ਚਿਹਰਾ ਲਾਲ ਹੈ। ਗਮ ਨਾਲ ਭਰਿਆ ਹੋਇਆ ਹੈ। ਉਸ ਦੀ ਦਾੜ੍ਹੀ ਕੱਟੀ ਹੋਈ ਹੈ, ਮੁੱਛਾਂ ਵੱਡੀਆਂ ਵੱਡੀਆਂ ਹਨ। ਉਸ ਦੀ ਸ਼ਕਲ ਨੂੰ ਵੇਖ ਕੇ, ਸ਼ੇਰ, ਭੇੜੀਏ ਵੀ ਡਰਦੇ ਹਨ, ਉਸ ਨੂੰ ਅਸਮਾਨ ਦਾ ਤੁਰਕ ਕਹਿੰਦੇ ਹਨ। ਤੁਰਕਾਂ ਦਾ ਸਾਰੇ ਦਾ ਸਾਰਾ ਕੰਮ ਸ਼ੋਰ ਸ਼ਰਾਬਾ ਕਰਨਾ, ਮਾਰ ਧਾੜ ਲੁੱਟ ਖਸੁੱਟ ਕਰਨੀ ਹੁੰਦੀ ਹੈ। ਚਾਂਦੀ ਦੇ ਬਣੇ ਛੇਵੇਂ ਅਸਮਾਨ ਤੇ ਹਵਾ ਦੀ ਕੁਰਸੀ ਤੇ ਬੈਠਾ ਬਰਜੀਸ (ਮੁਸ਼ਤਰੀ) ਸਿਤਾਰੇ ਦਾ ਸਥਾਨ ਹੈ। ਉਸ ਨੇ ਮਨੁੱਖ ਦੀ ਸੱਜੀ ਅੱਖ ਵਿਚ ਟਿਕਾਣਾ ਬਣਾਇਆ ਹੋਇਆ ਹੈ। ਉਸ ਦਾ ਦਿਲ ਈਰਖਾ ਅਤੇ ਕਰੋਧ ਤੋਂ ਪਾਕ ਹੈ। ਉਸ ਦੀ ਲੰਬੀ ਦਾੜ੍ਹੀ ਸਫੈਦ ਬਰਫ ਨਾਲੋਂ ਚਿੱਟੀ ਹੈ। ਉਸ ਦਾ ਦਿਲ ਹਰ ਸਮੇਂ ਚੰਗੇ ਕੰਮਾਂ ਵੱਲ ਲੱਗਿਆ ਰਹਿੰਦਾ ਹੈ। ਉਹ ਕਦੀਂ ਵੀ ਬੁਰੇ ਕੰਮ ਲਈ ਨਹੀਂ ਮੁੜਦਾ ਕਿਉਂਕਿ ਉਹ ਨੇਕੋਕਾਰ ਹੈ। ਰੱਬ ਦੀ ਲੋਕਾਈ ਦੇ ਬੁਰੇ ਚੰਗੇ ਕਰਮ ਲਿਖਣ ਵਾਲਾ ਉਸ ਦੇ ਸੱਚੇ ਪਾਸੇ ਬੈਠਾ ਰਹਿੰਦਾ ਹੈ।

ਰੱਬ ਨੇ ਸੱਤਵੇਂ ਅਸਮਾਨ ਨੂੰ ਸੋਨੇ ਨਾਲ ਬਣਾ ਕੇ ਮਿੱਟੀ ਦੀ ਕੁਰਸੀ ਤੇ (ਜ਼ਹਿਲ ਦੀਵਾਨ) ਸਿਤਾਰੇ ਨੂੰ ਬਿਠਾਇਆ ਹੋਇਆ ਹੈ। ਉਸ ਦਾ ਚਿਹਰਾ ਖਰਾਬ ਹੈ। ਮਨੁੱਖੀ ਸਰੀਰ ਵਿਚ ਉਸ ਦੀ ਪਾਚਣ ਕਿਰਿਆ ਅਤੇ ਸੱਜੇ ਕੰਨ ਵਿਚ ਟਿਕਾਣਾ ਬਣਾਇਆ ਹੋਇਆ ਹੈ। ਉਸ ਦੀ ਗੱਲਬਾਤ ਬਹੁਤ ਬੁਰੀ ਹੈ। ਉਹ ਭੈੜੇ ਚਿਹਰੇ ਵਾਲਾ ਹੈ। ਉਸ ਦੀਆਂ ਅੱਖਾਂ ਵਿਚੋਂ ਅੱਗ ਨਿਕਲ ਰਹੀ ਹੈ। ਉਸ ਦਾ ਚਿਹਰਾ ਅਤੇ ਵਸਤਰ ਕਾਲਾ ਹੈ। ਰੱਬ ਆਪਣੇ ਬੰਦਿਆਂ ਨੂੰ ਉਸ ਤੋਂ ਬਚਾਏ। ਹਜ਼ਾਰਾਂ ਨਰਕੀ ਅਤੇ ਸ਼ੈਤਾਨ ਉਸ ਦੇ ਪੈਰੋਕਾਰ ਹਨ। ਉਸ ਦੇ ਚਾਰ ਹੱਥ ਅਤੇ ਚਾਰ ਕੰਨ ਹਨ। ਉਹ ਬਹੁਤ ਮੋਟਾ ਅਤੇ ਪੱਥਰ ਦਿਲ ਹੈ। ਉਸਨੂੰ ਨਰਕ ਦਾ ਦਾਰੋਗਾ ਕਹਿੰਦੇ ਹਨ। ਰੱਬ ਉਸ ਦੇ ਗੁੱਸੇ ਤੋਂ ਬਚਾਈ ਰੱਖੇ।

**ਤੋਹੀਦ–** ਤੋਹੀਦ ਦੇ ਤਿੰਨ ਮਰਤਬੇ ਹਨ, ਆਮ ਤੌਹੀਦ, ਭਾਵ ਤੌਹੀਦ ਸ਼ਰਈ, ਤੌਹੀਦ ਖਾਸ ਅਤੇ ਤੌਹੀਦ ਖਾਸ ਉਲ ਖਾਸ। ਤੌਹੀਦ ਆਮ ਇਹ ਹੈ ਕਿ ਕਲਿਮਾ ਤੱਯੇਬਾ ਤੇ ਈਮਾਨ ਲੈ

ਆਵੇ। ਭਾਵ ਜ਼ੁਬਾਨ ਤੋਂ ਕਹੇ ਅਤੇ ਦਿਲੋਂ ਯਕੀਨ ਰੱਖੇ ਕਿ ਰੱਬ ਹਮੇਸ਼ਾ ਰਹਿਣ ਵਾਲੀ ਅਤੇ ਤਾਰੀਫ ਕਰਨ ਯੋਗ ਹਸਤੀ ਹੈ। ਉਸ ਦੀ ਜ਼ਾਤ ਅਤੇ ਸਿਫਾਤ ਵਿਚ ਕੋਈ ਸ਼ਰੀਕ ਨਹੀਂ ਹੈ। ਸਾਰੀ ਰਚਨਾ ਉਸ ਦੀ ਬਣਾਈ ਹੋਈ ਹੈ। ਉਸ ਦੇ ਹੁਕਮ ਮੰਨਣ ਵਿਚ ਬਿਲਕੁਲ ਹੀਲ ਹੁਜ਼ਤ ਨਹੀਂ ਕਰਨੀ ਚਾਹੀਦੀ, ਨਾ ਉਸ ਦਾ ਕੋਈ ਮੁਕਾਬਲਾ ਕਰਨਾ ਵਾਲਾ ਹੈ ਅਤੇ ਨਾ ਹੀ ਹੋਰ ਕੋਈ ਉਸ ਵਰਗਾ ਹੈ।

ਮਨੁੱਖ ਤੌਹੀਦ ਅਨੁਸਾਰ ਸ਼ਰੀਅਤ ਤੋਂ ਅੱਗੇ ਵੱਧ ਕੇ ਤੌਹੀਦੇ ਜ਼ੌਕੀ ਭਾਵ ਵਹਦਾਤੁਲ ਵਜੂਦ ਦੇ ਸੁਆਦ ਲੈਂਦਾ ਹੈ ਜਿਸ ਦਾ ਬਿਆਨ ਕਿਸੇ ਲਿਖਤ ਵਿਚ ਲਿਖਣਾ ਢੁੱਕਵਾਂ ਨਹੀਂ ਜਾਪਦਾ। ਇਸ ਨੂੰ ਬਿਆਨ ਕਰਨ ਲਈ ਹਜ਼ਾਰਾਂ ਸ਼ਬਦ, ਹਜ਼ਾਰਾਂ ਜ਼ੁਬਾਨਾਂ, ਹਜ਼ਾਰਾਂ ਸ਼ਬਦਕੋਸ਼ ਚਾਹੀਦੇ ਹਨ। ਮੁਕੱਦੀ ਗੱਲ ਇਹ ਹੈ ਕਿ ਉਸ ਦੀ ਤਾਰੀਫ ਕਰਨ ਲਈ ਸ਼ਬਦ ਵੀ ਸਾਥ ਨਹੀਂ ਦੇ ਰਹੇ। ਉਹ ਸਭ ਤੋਂ ਵੱਡਾ ਸਭ ਤੋਂ ਉੱਚਾ, ਸਭ ਤੋਂ ਪਾਕ ਹੈ। ਉਹ ਹੀ ਸਾਰਿਆਂ ਲਈ ਕਾਫੀ ਹੈ। ਮਨੁੱਖ ਵਿਸ਼ੇਸ਼ ਤੌਰ ਤੇ ਉਸਨੂੰ ਜੇਕਰ ਹਕੀਕਤ ਦੀ ਅੱਖ ਨਾਲ ਵੇਖਦਾ ਹੈ ਤਾਂ ਰੱਬ ਦੀ ਹੋਂਦ ਦੇ ਸਿਵਾ ਕੋਈ ਹੋਰ ਨਹੀਂ ਹੈ। ਸਾਰੀਆਂ ਵਿਖਾਈ ਜਾਂ ਨਾ ਵਿਖਾਈ ਦੇਣ ਵਾਲੀਆਂ ਚੀਜ਼ਾਂ ਉਸ ਦੀ ਛਾਂ ਹਨ। ਸਾਰੀ ਰਚਨਾ ਉਸ ਦੀ ਰਚਨਾ ਨਾਲ ਹੀ ਸਜਾਈ ਗਈ ਹੈ।

ਕਹਿੰਦੇ ਹਨ ਕਿ ਸ਼ੇਸ਼ ਨਾਗ[74] ਹਰ ਰੋਜ਼ ਰੱਬ ਦੇ ਇਕ ਹਜ਼ਾਰ ਨਾਂ ਆਪਣੇ ਮੂੰਹੋਂ ਲੈਂਦਾ ਹੈ ਪਰ ਅੱਜ ਤੱਕ ਉਹ ਰੱਬ ਦੇ ਨਾਂ ਦਾ ਇਕ ਅੱਖਰ ਵੀ ਨਹੀਂ ਗਿਣ ਸਕਿਆ ਕਿਉਂਕਿ ਰੱਬ ਨੇ ਆਪਣੇ ਭੇਦਾਂ ਨੂੰ ਛੁਪਾ ਕੇ ਰੱਖਿਆ ਹੋਇਆ ਹੈ।

**ਦਿਲ ਦੀ ਸਫਾਈ–** ਗੋਯਾ ਕਹਿੰਦੇ ਹਨ ਕਿ ਜੇਕਰ ਮਨੁੱਖ ਆਪਣੇ ਦਿਲ ਦੀ ਸਫਾਈ ਕਰ ਲਏ ਤਾਂ ਉਹ ਆਪਣੇ ਅੰਦਰ ਅਤੇ ਬਾਹਰ ਰੱਬ ਨੂੰ ਪਾ ਲਵੇਗਾ। ਜੇਕਰ ਦਿਲ ਦੇ ਰੌਸ਼ਨਦਾਨ ਨੂੰ ਸਾਫ ਸੁਥਰਾ ਰੱਖੇ ਤਾਂ ਅਸਾਨੀ ਨਾਲ ਰੱਬ ਨੂੰ ਪ੍ਰਾਪਤ ਕਰ ਸਕਦਾ ਹੈ ਅਤੇ ਵੱਖ-ਵੱਖ ਤਰ੍ਹਾਂ ਦੀਆਂ ਚੀਜ਼ਾਂ ਨੂੰ ਆਪਣੀਆਂ ਅੱਖਾਂ ਨਾਲ ਵੇਖ ਸਕਦਾ ਹੈ।

**ਖੁੱਲ੍ਹੇ ਡੁੱਲ੍ਹੇ ਜ਼ਹਿਨ ਵਾਲਾ–** ਮਨੁੱਖ ਨੂੰ ਧਾਰਮਿਕ ਬੰਧਨਾਂ ਤੋਂ ਪਾਕ ਸਾਫ ਰਹਿਣਾ ਚਾਹੀਦਾ ਹੈ ਕਿਉਂਕਿ ਹਰ ਧਰਮ ਦੇ ਮੰਨਣ ਵਾਲਿਆਂ ਦਾ ਮੰਤਵ ਰੱਬ ਨਾਲ ਮਿਲ ਕੇ ਉਸਨੂੰ ਪ੍ਰਾਪਤ

---

74 ਸ਼ੇਸ਼ ਨਾਗ ਹਿੰਦੂਆਂ ਦੇ ਅਕੀਦੇ ਅਨੁਸਾਰ ਇਕ ਵੱਡਾ ਸੱਪ ਹੈ, ਜਿਸ ਦੇ ਹਜ਼ਾਰ ਸਿਰ ਅਤੇ ਮੂੰਹ ਹਨ, ਜਿਹੜਾ ਦੁਨੀਆਂ ਨੂੰ ਲਪੇਟੀ ਬੈਠਾ ਹੈ।

ਕਰਨਾ ਹੁੰਦਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਧਾਰਮਿਕ ਫਰਕ ਅਤੇ ਝਗੜਿਆਂ ਨੂੰ ਛੱਡ ਕੇ ਇਸ਼ਕ ਹਕੀਕੀ ਵਿਚ ਰੁੱਝ ਜਾਵੇ। ਅਜਿਹਾ ਕਰਨ ਨਾਲ ਫਰਿਸ਼ਤਿਆਂ ਤੋਂ ਵੀ ਉੱਚਾ ਮਕਾਮ ਪ੍ਰਾਪਤ ਕਰ ਲਵੇਗਾ। ਮੈਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਕੁਫ਼ਰ ਅਤੇ ਦੀਨ ਕੀ ਹੈ? ਮੈਨੂੰ ਨਹੀਂ ਪਤਾ। ਇਕ ਚਿਰਾਗ ਨਾਲ ਕਾਅਬਾ ਅਤੇ ਬਹੁਖਾਨਾ ਰੌਸ਼ਨ ਹੁੰਦਾ ਹੈ।

**ਹਾਫਿਜ਼:** ਸਾਰੇ ਮਨੁੱਖ ਉਸ ਸੱਚੇ ਆਸ਼ਿਕ ਨੂੰ ਤਲਾਸ਼ ਕਰਨ ਵਿਚ ਰੁੱਝੇ ਹੋਏ ਹਨ ਚਾਹੇ ਉਹ ਹੁਸ਼ਿਆਰ ਹਨ ਜਾਂ ਮਸਤ। ਹਰ ਥਾਂ ਇਸ਼ਕ ਦਾ ਘਰ ਹੈ, ਚਾਹੇ ਮਸਜਿਦ ਹੈ ਜਾਂ ਮੰਦਿਰ।[75]

ਉਰਫੀ ਨੇ ਇਸ ਮਜ਼ਮੂਨ ਨੂੰ ਇਕ ਉਪਮਾ ਰਾਹੀਂ ਸਮਝਿਆ ਹੈ। ਮਨੁੱਖ ਚਾਹੇ ਕਿਸੇ ਧਰਮ ਨਾਲ ਸੰਬੰਧ ਰੱਖਦਾ ਹੋਵੇ, ਉਸਨੂੰ ਰੱਬ ਨਾਲ ਆਪਣਾ ਸੰਬੰਧ ਜੋੜਨਾ ਚਾਹੀਦਾ ਹੈ।

**ਸਿਰਜਣ ਵਿਚ ਖ਼ੂਬਸੂਰਤੀ:** ਮਸਨਵੀ ਵਿਚ ਸਿਰਜਨਾ ਦੀ ਖ਼ੂਬਸੂਰਤੀ ਬਹੁਤ ਜ਼ਰੂਰੀ ਹੈ। ਇਹ ਉਹ ਵਿਸ਼ੇਸ਼ਤਾ ਹੈ ਜਿਸ ਨੂੰ ਸ਼ਿਬਲੀ ਨੇ ਹੁਸਨ-ਏ-ਤਰਤੀਬ ਦਾ ਨਾਂ ਦਿੱਤਾ ਹੈ। ਭਾਵ ਸ਼ਾਇਰ ਨੇ ਵਾਕਿਆਤ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ, ਕਿਸ ਵਾਕਿਆ ਦਾ ਮੁੱਢ ਕਿਵੇਂ ਕੀਤਾ ਅਤੇ ਕਿਹੜੇ ਕਿਹੜੇ ਮਰਹਲਿਆਂ ਵਿਚੋਂ ਗੁਜ਼ਰਦਾ ਹੋਇਆ ਅਸਲ ਵਾਲਿਆਂ ਤੱਕ ਕਿਵੇਂ ਪਹੁੰਚਿਆ। ਉਨ੍ਹਾਂ ਵਿਚ ਕਿਸ ਤਰ੍ਹਾਂ ਦੀ ਤਰਤੀਬ ਹੈ। ਕਿੰਜ਼ ਉਨ੍ਹਾਂ ਦੀਆਂ ਕੜੀਆਂ ਇਕ ਦੂਜੇ ਨਾਲ ਮਿਲੀਆਂ ਹੋਈਆਂ ਹਨ। ਅਖਲਾਕੀ ਨਤੀਜੇ ਪੈਦਾ ਕਰਨ ਵਾਸਤੇ ਜਿਹੜੀਆਂ ਗੱਲਾਂ ਪੈਦਾ ਕਰ ਲਈਆਂ ਹਨ, ਉਨ੍ਹਾਂ ਵਿਚ ਕੀ ਅਨੁਪਾਤ ਹੈ? ਇਸ ਗੱਲ ਦਾ ਗਿਆਨ ਹੋਵੇ ਕਿ ਇਹ ਜਾਣ ਬੁੱਝ ਕੇ ਨਹੀਂ ਕੀਤਾ ਸਗੋਂ ਗੱਲ ਵਿਚੋਂ ਗੱਲ ਪੈਦਾ ਹੋ ਗਈ ਹੈ।

ਮਸਨਵੀ ਅਰਜ਼ੁਲ ਅਲਫਾਜ਼ ਵਿਚ ਜਿਹੜਾ ਵਿਸ਼ਾ ਜਮਾਉਲ ਜਮ੍ਹਾਂ ਦੇ ਰਾਹੀਂ ਅਰਬੀ-ਫ਼ਾਰਸੀ ਤਰਕੀਬਾਂ ਦੇ ਵਸੀਲੇ ਨਾਲ ਇਲਮੀ ਨੁਕਤਿਆਂ ਤੇ ਬਹਿਸ ਕੀਤੀ ਗਈ ਹੈ। ਗੋਯਾ ਨੇ ਇਨ੍ਹਾਂ ਨੁਕਤਿਆਂ ਅਤੇ ਰੱਬ ਦੀ ਤਾਰੀਫ ਨੂੰ ਇਕ ਧਾਗੇ ਵਿਚ ਫੁੱਲ ਪਰੋਣ ਵਾਂਗ ਬੰਨ੍ਹ ਕੇ ਰੱਖ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦੀ ਤਾਰੀਫ, ਮਨੁੱਖ ਰੂਹ, ਨਫਸ, ਅਕਾਸ਼, ਜੋਸ਼ ਜਵਾਨੀ, ਸੱਤ ਅਸਮਾਨ, ਸੱਚੇ ਆਸ਼ਿਕ, ਇੱਛਾਵਾਂ ਅਤੇ ਨਫਸ ਦੀ ਜੰਗ, ਸਤਿਗੁਰੂ ਅਤੇ ਮੁਰਸ਼ਿਦ-ਏ-ਕਾਮਿਲ ਦੀ ਜ਼ਰੂਰਤ, ਮੁਹੱਬਤ, ਰੱਬ ਦੀ ਵਡਿਆਈ ਨੂੰ ਬਹੁਤ ਵਧੀਆ

---

[75] ਦੀਵਾਨੇ ਹਾਫਿਜ਼, ਪੰਨਾ 93.

ਢੰਗ ਨਾਲ ਬਿਆਨ ਕੀਤਾ ਗਿਆ ਹੈ ਕਿ ਪੜ੍ਹਨ ਵਾਲੇ ਦੀ ਇਹ ਦਿਲਚਸਪੀ ਦਾ ਕਾਰਨ ਬਣਦੇ ਹਨ।

**ਜ਼ੁਬਾਨ:** ਜਿਵੇਂ ਕਿ ਉਪਰ ਬਿਆਨ ਕੀਤਾ ਗਿਆ ਹੈ ਕਿ ਮਸਨਵੀ ਅਰਜ਼ੁਲ ਅਲਫਾਜ਼ ਵਿਚ ਅਰਬੀ ਤਰਕੀਬਾਂ ਜ਼ਿਆਦਾ ਗਿਣਤੀ ਵਿਚ ਪ੍ਰਯੋਗ ਕੀਤੀਆਂ ਗਈਆਂ ਹਨ। ਇਸ ਕਰਕੇ ਇਸ ਮਸਨਵੀ ਦੀ ਜ਼ੁਬਾਨ ਗੋਯਾ ਦੀਆਂ ਹੋਰ ਮਸਨਵੀਆਂ ਦੇ ਮੁਕਾਬਲੇ ਵਿਚ ਕਾਫੀ ਕਠਿਨ ਹੈ। ਹਿੰਦੀ ਅਤੇ ਸੰਸਕ੍ਰਿਤ ਜ਼ੁਬਾਨਾਂ ਦੇ ਅਲਫਾਜ਼ ਵੀ ਆਉਂਦੇ ਹਨ।

**ਜਜ਼ਬਾਤ ਨਿਗਾਰੀ:** ਇਹ ਖੂਬੀ ਵੀ ਚੰਗੀ ਮਸਨਵੀ ਦੀ ਨਿਸ਼ਾਨੀ ਹੈ। ਚੰਗੀ ਜਜ਼ਬਾਤ ਨਿਗਾਰੀ ਮਸਨਵੀ ਦੀ ਜਾਨ ਹੈ। ਗੋਯਾ ਨੇ ਰੱਬ ਦੀ ਤਾਰੀਫ ਕਰਦਿਆਂ ਆਪਣੇ ਦਿਲੀ ਜਜ਼ਬਾਤ ਦਾ ਬਿਆਨ ਕੀਤਾ ਹੈ।

**ਸ਼ਾਬਦਿਕ ਵਿਸ਼ੇਸ਼ਤਾਵਾਂ:** ਤਨਸੀ ਕੁਸ ਸਿਫਾਤ: ਮਸਨਵੀ ਅਰਜ਼ੁਲ ਅਲਫਾਜ਼ ਦਾ ਅਸਲੀ ਸਰਮਾਇਆ ਇਹੋ ਸਿਫਰ ਹੈ। 1348 ਸ਼ੇਅਰਾਂ ਵਿਚ 1000 ਸ਼ੇਅਰ ਕਿਸੇ ਸਨਅਤ ਤੇ ਆਧਾਰਿਤ ਹਨ। ਇਸ ਲਈ ਇਸ ਸਨਅਤ ਦੀਆਂ ਮਿਸਾਲਾਂ ਬਹੁਤ ਜ਼ਿਆਦਾ ਹਨ।

**ਸਨਅਤ ਤਜ਼ਾਦ:** ਹਰ ਸ਼ੇਅਰ ਵਿਚ ਕੁਝ ਸ਼ਬਦ ਨਿਕਲਦੇ ਹਨ, ਇਹ ਨਵੀਆਂ ਪੁਰਾਣੀਆਂ ਕਿਤਾਬਾਂ ਵਿਚ ਅੰਕਿਤ ਹੈ। ਹਰ ਦਵਾ ਦਾਰੂ ਉਸ ਦੇ ਹੁਕਮ ਦੀ ਮੁਥਾਜ ਹੈ। ਅਮੀਰ ਵਜ਼ੀਰ ਤੇ ਉਸ ਦਾ ਆਦੇਸ਼ ਚੱਲਦਾ ਹੈ। ਖੁਸ਼ੀ-ਗ਼ਮੀ ਵੀ ਉਸ ਵਲੋਂ ਹੈ। ਅੰਦਰ ਬਾਹਰ ਸਭ ਉਸ ਦਾ ਹੀ ਹੈ। ਉਪਰ ਹੇਠਾਂ ਵੀ ਉਸ ਦਾ ਹੈ। ਉਹ ਮੁੱਢ ਤੋਂ ਲੈ ਕੇ ਅੰਤ ਤੱਕ ਰਹੇਗਾ। ਸਾਰੀ ਕਾਇਨਾਤ ਦੀ ਚਾਬੀ ਉਸ ਦੇ ਹੱਥ ਵਿਚ ਹੈ।

**ਜ਼ੁਲਕਾਫਾ ਤੈਨ**: ਪੱਕੇ ਇਰਾਦੇ ਵਾਲਾ, ਨਿਅਮਤਾਂ ਬਖਸ਼ਣ ਵਾਲਾ, ਮਿਹਰਾਂ ਅਤਾ ਕਰਨ ਵਾਲਾ, ਜ਼ਾਹਿਰ ਅਤੇ ਅੰਦਰ, ਹਰ ਸ਼ੈਅ ਵਿਚ ਉਹ ਹੈ, ਹਰ ਸਾਹ ਨਾਲ ਉਹੀ ਹੈ। ਜਦੋਂ ਆਪਣੀ ਜ਼ੁਬਾਨ ਤੇ ਇਕ ਸ਼ਬਦ ਵੀ ਆਉਂਦਾ ਹੈ ਤਾਂ ਦੁਨੀਆਂ ਦੇ ਭੇਦ ਖੁੱਲਣ ਲੱਗ ਜਾਂਦੇ ਹਨ।

**ਬਿਆਲਾਤੁਲ ਆਦਾਦ:** (ਜਿਹੜੇ ਸ਼ੇਅਰਾਂ ਵਿਚ ਅੰਕਾਂ ਦਾ ਜ਼ਿਕਰ ਹੋਵੇ) ਇਲਮ ਛੇ ਤਰ੍ਹਾਂ ਅਤੇ ਹਿਕਮਤ ਦੋ ਤਰ੍ਹਾਂ ਦੀ ਹੈ। ਕਿਤੇ ਦੱਸ, ਕਿਤੇ ਸੱਤ, ਕਿਤੇ ਚਾਰ ਜਾਂ ਪੰਜ ਜਾਂ ਤਿੰਨ ਜਾਂ ਸਤਾਰਾਂ। ਉਸ ਤੋਂ ਬਾਅਦ ਪੰਜ ਚੀਜ਼ਾਂ ਬਣਦੀਆਂ ਹਨ। ਦੋ ਬੁਰਜ ਅਤੇ ਪੰਜ ਸਿਤਾਰੇ ਜਿਹੜੇ ਅਕਾਸ਼ ਨੂੰ ਸਜਾਉਂਦੇ ਹਨ।

**ਹੁਸਨੇ ਤਕਰੀਰ:** ਇਸ ਸੰਬੰਧੀ ਜੇਕਰ ਗੱਲ ਕੀਤੀ ਜਾਵੇ ਤਾਂ ਹਰੇਕ ਕੰਮ ਕਰਨ ਦੀ ਤਾਕਤ ਉਸ ਵੱਲੋਂ ਹੀ ਹੈ। ਉਸ ਵੱਲੋਂ ਹੀ ਹਰੇਕ ਸ਼ਬਦ ਪ੍ਰਗਟ ਹੁੰਦੇ ਹਨ। ਤਾਂ ਹੀ ਹਰਿ ਹਰਿ ਹਰੀ ਪੁਕਾਰਦਾ ਹੈ। ਸਤਿਗੁਰੂ ਦੀ ਕ੍ਰਿਪਾ ਤੋਂ ਬਗੈਰ ਕੋਈ ਚੀਜ਼ ਵੀ ਬਾਹਰ ਨਹੀਂ ਹੈ। ਹਰੇਕ ਪਾਸੇ ਕਣ-ਕਣ ਵਿਚ ਉਹੀ ਹੈ। ਚੰਗੀ ਆਵਾਜ਼ ਅਤੇ ਚੰਗੇ ਅੰਦਾਜ਼ ਵਿਚ ਵੀ ਉਹੀ ਹੈ। ਡਾਕਟਰ, ਹਕੀਮ ਕੋਲ ਸਿਫਾ ਤੰਦਰੁਸਤੀ ਨਹੀਂ, ਤੰਦਰੁਸਤੀ ਵੀ ਉਹੀ ਦਿੰਦਾ ਹੈ। ਸਤਿਗੁਰੂ ਹੀ ਹੈ ਜਿਹੜਾ ਰਾਹ ਦਰਸਾਉਂਦਾ ਅਤੇ ਚੰਗੇ ਰਸਤਾ ਪਾਉਂਦਾ ਹੈ। ਇਕੋ ਸ਼ਬਦ ਕਹਿੰਦਾ ਹੈ ਕਿ ਉਹੀ ਇਕੋ ਇਕ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ।

**ਮਰਆਤੁਲ ਨਜ਼ਰੀ:** ਇਸ ਰਸਤੇ ਵਿਚ ਜ਼ਮੀਨ ਅਤੇ ਅਕਾਸ਼, ਮਨੁੱਖ, ਫਰਿਸ਼ਤੇ, ਚੰਨ ਸੂਰਜ ਸਭ ਸ਼ਾਮਿਲ ਹਨ। ਦਿਲ ਅਤੇ ਅੱਖਾਂ ਵਿਚ ਚਮਕ ਅਤੇ ਬਦਲਾਅ ਆ ਜਾਂਦਾ ਹੈ। ਸ਼ਹਿਰ, ਪਿੰਡ, ਅੰਦਰ, ਬਾਹਰ, ਛੋਟੇ ਵੱਡੇ ਬੰਦੇ, ਤੇਗ ਤੋਪਾਂ, ਦੇਵ, ਪਰੀਆਂ, ਹੂਰਾਂ, ਗਿਲਮਾਨ, ਹੀਰੇ ਮੋਤੀ, ਰੰਗ ਬਿਰੰਗੇ ਫੁੱਲ, ਖੁਸ਼ਬੂ ਭਰੀਆਂ ਕਲੀਆਂ ਸਭ ਉਸ ਵੱਲੋਂ ਹੀ ਹੈ। ਇਲਮ ਛੇ ਪ੍ਰਕਾਰ ਦੇ ਹਨ ਇਸ ਵਿਚ ਕੁਨੀਅਤ, ਇਸਮ, ਲਕਬ ਵੀ ਆ ਜਾਂਦਾ ਹੈ। ਇਲਮ ਦੀਆਂ ਤਿੰਨ ਕਿਸਮਾਂ ਹੋਰ ਹਨ- ਲੋਹ, ਲਫਜ਼ ਅਤੇ ਕਲਮ ਆਦਿ।

**ਤਸ਼ਬੀਹ:** ਘੋੜਿਆਂ ਦਾ ਬੋਲਣਾ, ਸ਼ੇਰਾਂ ਦਾ ਗਰਜ਼ਨਾ, ਜ਼ਮੀਨ ਤੇ ਚੱਲਣ ਫਿਰਨ ਵਾਲੀ ਮਖਲੂਕ, ਹਾਥੀਆਂ ਤੋਂ ਅਤੇ ਜਿਵੇਂ ਪਹਾੜ ਚਾਰ ਦੀਵਾਰੀ ਦਾ ਕੰਮ ਕਰਦੇ ਹਨ, ਘੋੜੇ ਵੀ ਕੰਮ ਆਉਂਦੇ ਹਨ। ਚੱਲਣ ਫਿਰਨ ਅਤੇ ਬੋਲਣ ਦੀ ਤਾਕਤ ਦੇਣ ਵਾਲਾ ਉਹੀ ਹੈ। ਜਦੋਂ ਉਸ ਸਤਿਗੁਰੂ ਦਾ ਨਾਂ ਦਿਲ ਵਿਚ ਆ ਜਾਂਦਾ ਹੈ ਤਾਂ ਉਹ ਦਿਲ ਸੂਰਜ ਵਾਂਗ ਚਮਕਣ ਲੱਗ ਜਾਂਦਾ ਹੈ।

**ਲਫ-ਓ-ਨਸਰ:** ਇਹ ਲੋਹੇ ਦੇ ਬਣੇ ਹੋਏ ਸਮਾਨ, ਹੂਰਾਂ, ਪਰੀਆਂ, ਚੰਨ, ਸੂਰਜ ਅਤੇ ਸਿਤਾਰੇ ਉਸ ਨੇ ਹੀ ਬਣਾਏ ਹਨ।

**ਤਰਸੀਅ:** ਇਨ੍ਹਾਂ ਸ਼ੇਅਰਾਂ ਵਿਚ ਉਸ ਮਾਲਿਕ ਦੀ ਸਿਫਤ ਸਲਾਹ ਕੀਤੀ ਗਈ ਹੈ ਕਿ ਵਾਅਦਾ ਪੂਰਾ ਕਰਨ ਵਾਲਾ, ਕ੍ਰਿਪਾਲੂ ਅਤੇ ਦਿਆਲੂ ਹੈ। ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਜਿੰਨੇ ਵੀ ਉਡਣ ਵਾਲੇ ਪੰਛੀ, ਰਿੜਨ ਵਾਲੇ ਜਾਨਵਰ ਅਤੇ ਹੋਰ ਜੀਵ ਜੰਤੂ, ਸਾਰੇ ਹਾਕਮ ਉਸ ਦੀ ਮਖਲੂਕ ਹਨ। ਉਹ ਮਰਤਬੇ ਬਖਸ਼ਣ ਵਾਲਾ ਹੈ। ਬੋਲਣ ਅਤੇ ਚੱਲਣ ਦੀ ਤਾਕਤ, ਉਹੀ ਬਖਸ਼ਦਾ ਹੈ। ਉਸ ਨੇ ਹੀ ਸਾਰੇ ਬੰਦਿਆਂ ਦੇ ਭੇਦਾਂ ਨੂੰ ਜਾਣਿਆ ਹੋਇਆ ਹੈ। ਉਸ ਦੀ

ਹੀ ਸਾਰੀਆਂ ਨਿਸ਼ਾਨੀਆਂ ਮੌਜੂਦ ਹਨ। ਜੇਕਰ ਹੋਸ਼ ਹੈ ਅਤੇ ਦਿਲੋਂ ਇਹ ਗੱਲ ਸਮਝਦਾ ਹੈ ਤਾਂ ਇਸ ਗੱਲ ਨੂੰ ਸਮਝ ਲੈਣਾ ਜ਼ਰੂਰੀ ਹੈ। ਜੇਕਰ ਕੰਨ ਹਨ ਤਾਂ ਇਸ ਗੱਲ ਨੂੰ ਧਿਆਨ ਨਾਲ ਸਮਝ ਲੈਣਾ ਚਾਹੀਦਾ ਹੈ ਕਿ ਉਹੀ ਸੁੱਖ ਸ਼ਾਂਤੀ ਦੇਣ ਵਾਲਾ, ਸਬਰ ਸੰਤੋਖੀਆ ਦਾ ਮਾਲਿਕ ਅਤੇ ਸਾਥੀ ਹੈ, ਉਹ ਸ਼ੁਕਰ ਕਰਨ ਵਾਲਿਆਂ ਦੇ ਅੰਗ ਸੰਗ ਹੈ।

**ਸਨਅਤ ਤਦਮੀਜ:** ਭਾਵ ਜਦੋਂ ਰੰਗਾਂ ਦੇ ਨਾਵਾਂ ਨਾਲ ਭੇਦ ਭਾਵ ਹੋਵੇ, ਕਿੱਥੇ ਲਾਲ, ਕਿੱਥੇ ਹਰਾ, ਅਤੇ ਹੋਰ ਕਿੱਥੇ ਚਿੱਟਾ, ਕਿੱਥੇ ਕਾਲਾ ਅਤੇ ਪੀਲਾ।

**ਫੋਕਲ ਫੁਕਾਤ:** ਭਾਵ ਕਲਾਮ ਵਿਚ ਅਜਿਹੇ ਅੱਖਰਾਂ ਦਾ ਪ੍ਰਯੋਗ ਕਰਨ ਜਿਸ ਦੇ ਉਪਰ ਹੀ ਨੁਕਤਾ ਹੋਵੇ (ਉਰਦੂ ਲਿੱਪੀ ਦੇ ਹਿਸਾਬ ਨਾਲ)।

**ਤਹਿਤੁਲ ਨੁਕਾਤ:** ਭਾਵ ਕਲਾਮ ਵਿਚ ਅਜਿਹੇ ਵਾਕ ਪ੍ਰਯੋਗ ਕਰਨਾ ਜਿਨ੍ਹਾਂ ਦੇ ਹੇਠਾਂ ਨੁਕਤਾ ਹੋਵੇ, ਕੋਈ ਸੱਯਦ ਹੋਵੇ ਜਾਂ ਕੋਈ ਸੱਯਦਾ (ਸੱਯਦ ਦਾ ਇਸਤਰੀ ਲਿੰਗ) ਭਾਵੇਂ ਕੋਈ ਉੱਚੇ ਰੁਤਬੇ ਵਾਲੀ ਜਾਂ ਉੱਚੇ ਰੁਤਬੇ ਵਾਲਾ ਹੋਵੇ, ਉਹ ਸਭ ਕੁਝ ਜਾਣਦਾ ਹੈ।

**ਤਜਨੀਸ ਮੁਜ਼ਾਰਿਅ:** ਭਾਵ ਦੋ ਸ਼ਬਦਾਂ ਦੇ ਅੱਖਰ ਗਿਣ ਕੇ ਅਤੇ ਹਾਲਤ ਇਕੋ ਜਿਹੀ ਹੋਵੇ। ਪਰ ਦੋਹਾਂ ਦਾ ਮਿਸਰਾ ਇਕੋ ਜਿਹਾ ਨਾ ਹੋਵੇ।

ਸਾਰਿਆਂ ਦੀ ਤਕਲੀਫ ਅਤੇ ਖੁਸ਼ੀ ਉਸ ਵੇਲੇ ਖਤਮ ਹੋ ਜਾਂਦੀ ਹੈ ਜਦੋਂ ਉਹ ਇਸ ਦੁਨੀਆਂ ਨੂੰ ਅਲਵਿਦਾ ਆਖ ਦਿੰਦਾ ਹੈ, ਕੀ ਉਚ ਨੀਚ, ਕੋਈ ਵਖਰੇਵਾਂ, ਕੋਈ ਜਵਾਨੀ, ਕੋਈ ਐਬ ਨਹੀਂ ਰਹਿੰਦਾ। ਸਵੇਰ, ਸ਼ਾਮ, ਜਾਦੂ ਆਦਿ ਸਾਰੀਆਂ ਚੀਜ਼ਾ ਵੀ ਹੇਠ ਹਨ। ਉਸ ਨਾਲ ਬੈਠਕ ਕਰਨਾ ਨੇਕ ਕੰਮਾਂ ਵਿਚ ਸ਼ਾਮਿਲ ਹੈ। ਅੰਤ ਨੇਕੀ ਹੀ ਕੰਮ ਆਵੇਗੀ। ਇਸ ਲਈ ਨੰਦ ਲਾਲ (ਐ ਮਿੱਟੀ ਤੋਂ ਬਣੇ ਹੋਏ) ਨਿੱਡਰ ਨਾ ਹੋ, ਅੰਤ ਨੂੰ ਮਿੱਟੀ ਵਿਚ ਮਿਲ ਜਾਵੇਗਾ, ਮਿੱਟੀ ਵਾਂਗ।

**ਸ਼ਬਾ ਇਸ਼ਤਕਾਕ:** ਗਲਤੀਆਂ ਕਮੀਆਂ ਦਾ ਅਹਿਸਾਸ, ਸੰਸਾਰਿਕ ਜੀਵਨ ਵਿਚ ਚੱਲ ਰਹੇ ਨਿਜ਼ਾਮ ਦਾ ਸਮਝਣਾ ਅਸਲੀ ਚੀਜ਼ ਹੈ।

**ਤਲਮੀਹ:** ਤੂੰ (ਐ ਬੰਦੇ) ਮੈਨੂੰ ਨਹੀਂ ਵੇਖ ਸਕਦਾ। ਰਚਾਈ ਰਚਨਾ ਦੀ ਕਿਤਾਬ ਪੜ੍ਹਨ ਨਾਲ ਇਹ ਗੱਲ ਸਮਝ ਪੈਂਦੀ ਹੈ। ਗੋਪਾਲ ਅਰਜਨ ਜਿਹੇ ਲੋਕ ਵੀ ਤਾਂ ਪੈਦਾ ਹੋਏ ਹਨ।

**ਤਜਨੀਮ ਖਤੀ:** ਇਨ੍ਹਾਂ ਸ਼ੇਅਰਾਂ ਵਿਚ ਗੁਯੂਨ, ਗਯਾਮ, ਨਈਮ, ਨਗਮ, ਗਮੁ, ਟਅਮ ਅਤੇ ਨਈਸ ਨੂੰ ਨੁਕਤੇ ਨਾਲ ਬਹੁਤ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ।

**ਤਜਨੀਸ ਜ਼ਾਇਦ**: ਇਨ੍ਹਾਂ ਸ਼ੇਅਰਾਂ ਵਿਚ ਮਾਲ, ਮਨਾਲ, ਸੀਨ ਅਤੇ ਸਨ ਨੂੰ ਪ੍ਰਯੋਗ ਕਰਕੇ ਤਜਨੀਸ ਜ਼ਾਇਦ ਨੂੰ ਪੇਸ਼ ਕੀਤਾ ਗਿਆ ਹੈ।

**ਇਦੱਆ:** ਕਲਾਮ ਵਿਚ ਅਜਿਹੀ ਗੱਲ ਦਾ ਦਾਅਵਾ ਕਰਨਾ ਜਿਹੜਾ ਅੰਦਾਜ਼ੇ ਤੋਂ ਬਾਹਰ ਹੋਵੇ ਅਤੇ ਅਸੰਭਵ ਹੋਵੇ, ਪਰ ਉਸਨੂੰ ਅਜਿਹੇ ਢੰਗ ਨਾਲ ਅਦਾ ਕੀਤਾ ਜਾਵੇ ਕਿ ਸੁਣਨ ਵਾਲਾ ਉਸਨੂੰ ਵਾਕਿਆ ਸਮਝ ਲਵੇ। ਇਹ ਸਾਰੇ ਹਥਿਆਰ ਤਲਵਾਰ, ਢਾਲ, ਗੁਰਜ ਆਦਿ, ਸੂਰਜ ਚੰਨ ਦਾ ਗ੍ਰਹਿਣ ਲੱਗਣਾ, ਘੋੜਿਆਂ, ਸ਼ੇਰਾਂ ਦਾ ਗਰਜਨਾ, ਜ਼ਮੀਨ ਅਤੇ ਅਕਾਸ਼ ਦਾ ਚੱਕਰ ਲਗਾਉਣਾ, ਤਲਵਾਰ ਦਾ ਚਮਕਣਾ ਅਤੇ ਬੱਦਲਾਂ ਦਾ ਗਰਜਨਾ, ਬਿਜਲੀ ਦਾ ਕੜਕਨਾ, ਇਹ ਸਭ ਉਸ ਕੁਦਰਤ ਦੀਆਂ ਨਿਸ਼ਾਨੀਆਂ ਹਨ।

**ਕਲਾਮੁਲ ਜਾਮਿ:** ਭਾਵ ਕਲਾਮ ਵਿਚ ਨਸੀਹਤ, ਹਿਕਮਤ, ਸ਼ਿਕਾਇਤ, ਰਾਹੀਂ ਗੱਲਬਾਤ ਦਾ ਇਜ਼ਹਾਰ ਕਰਨਾ ਹੁੰਦਾ ਹੈ। ਉਸ ਦਾ ਦਿਲ ਤਾਂ ਸਖਤ ਹੈ ਪਰ ਸਤਿਗੁਰ ਨਹੀਂ ਵਸਿਆ, ਇਸ ਲਈ ਉਸਨੂੰ ਯਾਦ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਹੱਥ ਵਿਚ ਤਲਵਾਰ ਆ ਜਾਣ ਤੋਂ ਬਾਅਦ ਅਕਲ ਇਨਸਾਫ਼ ਦਾ ਦਾਖਲ ਹੱਥੋਂ ਨਹੀਂ ਨਿਕਲਣਾ ਚਾਹੀਦਾ। ਸੱਚਾਈ, ਸੁਖਰਾਈ ਬੰਦੇ ਦਾ ਰੁਤਬਾ ਬੁਲੰਦ ਕਰਦੀ ਹੈ। ਸ਼ਰਮ ਹਯਾ ਅਤੇ ਪਾਕ ਦਾਮਨੀ ਮਨੁੱਖ ਲਈ ਵਧੀਆ ਜ਼ੇਵਰ ਜਾਂ ਹਥਿਆਰ ਹੈ।

## III

## ਰੁਬਾਈ

**ਰੁਬਾਈ ਦੇ ਸ਼ਬਦਾਰਥਕ ਅਰਥ:** "ਈਰਾਨ ਦੇ ਸ਼ਾਇਰਾਂ ਵਿਚ ਰੁਬਾਈ ਨੂੰ ਚਾਰ ਮਿਸਰਿਆਂ ਵਾਲੀ ਸਿਨਫ ਆਖਿਆ ਜਾਂਦਾ ਹੈ, ਜਿਸ ਦਾ ਪਹਿਲਾ ਅਤੇ ਦੂਜਾ ਮਿਸਰਾ ਹਮਕਾਫ਼ੀਆ ਅਤੇ ਤੀਜੇ ਲਈ ਜ਼ਰੂਰੀ ਨਹੀਂ। ਇਹ ਹਿਜ਼ਜ ਬਹਿਰ ਵਿਚ, ਅਖਰਬ ਅਤੇ ਅਖਰਮ ਵਿਚ ਆਉਂਦੀ ਹੈ। ਇਸ ਦਾ ਵਜ਼ਨ 'ਲਾਹੌਲਾ ਵਲਾ ਕੁੱਵਾਤਾ ਇੱਲਾ ਬਿੱਲਾ' ਹੁੰਦਾ ਹੈ। ਜੇਕਰ ਇਹ ਨਾ ਹੋਵੇ ਤਾਂ ਉਸ ਨੂੰ ਕਤਾਅ ਕਹਿੰਦੇ ਹਨ, ਰੁਬਾਈ ਨਹੀਂ ਆਖਦੇ।"[76] ਕਈ ਰੁਬਾਈਆਂ ਨੂੰ ਤਰਾ ਜਾਂ ਦੋ ਬੈਂਤੀ ਵੀ ਆਖਦੇ ਹਨ, ਦੋ ਬੈਂਤਾਂ ਤੋਂ ਭਾਵ ਚਾਰ ਮਿਸਰੇ ਇਕ ਵਜ਼ਨ ਅਨੁਸਾਰ ਹੁੰਦੇ ਹਨ। ਤੀਜਾ ਮਿਸਰਾ ਹਮਕਾਫ਼ੀਆ ਹੋਵੇ। ਚੰਗਾ

[76] ਫਰਹੰਗ ਆਨੰਦ ਰਾਜ, ਤੀਜੀ ਜਿਲਦ, ਪੰਨਾ 2046.

ਹੋਵੇਗਾ ਜੇਕਰ ਚਾਰੋਂ ਮਿਸਰੇ ਹਮਕਾਫ਼ੀਆ ਹੋਣ। ਆਮ ਹਾਲਾਤ ਵਿਚ ਇਸ ਦਾ ਵਜ਼ਨ 'ਲਾਹੌਲਾ ਵਲਾ ਕੁਵੱਾਤਾ ਇੱਲਾ ਬਿੱਲਾ' ਕਿਹਾ ਜਾਂਦਾ ਹੈ।[77]

ਰੁਬਾਈ ਜਿਸ ਨੂੰ ਤਰਾਨਾ, ਦੋ ਬੈਂਤੀ, ਜੁਫਤੀ, ਚਾਰ ਮਿਸਰੇ ਵਾਲੀ ਵੀ ਆਖਦੇ ਹਨ, ਜਿਸ ਦੇ ਚਾਰੋਂ ਮਿਸਰੇ ਆਪਸ ਵਿਚ ਹਮਕਾਫ਼ੀਆ ਹਮ ਵਜ਼ਨ ਹੋਣਾ ਲਾਜ਼ਮੀ ਹੈ। ਤੀਜੇ ਮਿਸਰੇ ਵਿਚ ਕਾਫ਼ੀਆ ਨਾ ਹੋਵੇ ਤਾਂ ਕੋਈ ਬੁਰਾਈ ਵਾਲੀ ਗੱਲ ਨਹੀਂ।[78] ਮੁੱਕਦੀ ਗੱਲ ਇਹ ਹੈ ਕਿ ਰੁਬਾਈ ਜਿਸ ਨੂੰ ਦੋ ਬੈਂਤੀ, ਤਰਾਨਾ ਜਿਸ ਵਿਚ ਚਾਰ ਮਿਸਰੇ ਹੁੰਦੇ ਹਨ ਜਿਸ ਦਾ ਚੌਥਾ ਮਿਸਰਾ ਪਹਿਲੇ ਅਤੇ ਦੂਜੇ ਮਿਸਰੇ ਦੇ ਨਾਲ ਹਮਕਾਫ਼ੀਆ ਹੋਣਾ ਲਾਜ਼ਮੀ ਹੈ ਤੀਜੇ ਲਈ ਜ਼ਰੂਰੀ ਨਹੀਂ। ਜੇਕਰ ਤੀਜੇ ਮਿਸਰੇ ਵਿਚ ਵੀ ਹਮਕਾਫ਼ੀਆ ਹੋਵੇ ਤਾਂ ਕੋਈ ਬੁਰਾਈ ਨਹੀਂ ਜਿਸ ਦਾ ਵਜ਼ਨ ਉਪਰੋਕਤ ਅਨੁਸਾਰ ਹੋਵੇ।

**ਰੁਬਾਈ ਦੀ ਪ੍ਰਫੁੱਲਤਾ:** ਰੁਬਾਈ ਦੇ ਮੋਢੀ ਰੋਦਕੀ ਮੰਨੇ ਜਾਂਦੇ ਹਨ। ਕਹਿੰਦੇ ਹਨ ਕਿ ਰੋਦਕੀ ਇਕ ਦਿਨ ਗਜ਼ਨੈਨ ਦੀ ਕਿਸੇ ਸੈਰ ਗਾਹ ਵਿਚ ਸੈਰ ਕਰ ਰਿਹਾ ਸੀ, ਉਸ ਨੂੰ ਕੁਝ ਮੁੰਡੇ ਮਿਲੇ ਜਿਹੜੇ ਅਖਰੋਟ ਖੇਡ ਰਹੇ ਸਨ, ਪ੍ਰੇਸ਼ਾਨ ਹੋਇਆ। ਉਨ੍ਹਾਂ ਵਿਚ ਇਕ 10-11 ਸਾਲ ਦਾ ਮੁੰਡਾ ਵੀ ਸ਼ਾਮਿਲ ਸੀ ਤਾਂ ਉਸ ਦਾ ਇਕ ਅਖਰੋਟ ਬਾਹਰ ਰਹਿ ਕੇ ਹੌਲੀ ਹੌਲੀ ਗੁੱਤੀ ਵਿਚ ਜਾ ਰਿਹਾ ਸੀ ਤਾਂ ਉਸ ਮੁੰਡੇ ਨੇ ''ਗਲਤਾਂ ਗਲਤਾਂ ਹਮੀ ਰਵਦ ਤਾ ਬੁਨਗੋ'' ਕਹਿ ਰਿਹਾ ਸੀ। ਰੋਦਕੀ ਨੇ ਉਸਨੂੰ ਸੁਣਿਆ ਅਤੇ ਲਿਖਿਆ, ਬਸ ਇਹੋ ਰੁਬਾਈ ਦੀ ਕਾਢ ਬਣੀ। ਨਮੂਨੇ ਵਜੋਂ ਪੇਸ਼ ਹੈ:

ਮੇਰਾ ਦਿਲ ਤੇਰੀ ਜੁਦਾਈ ਵਿਚ ਪ੍ਰੇਸ਼ਾਨ ਹੈ। ਮੈਂ ਤੇਰੀ ਖੁਸ਼ੀ-ਗ਼ਮੀ ਹਾਂ ਪਰ ਮੇਰਾ ਗਮ ਵੱਧ ਰਿਹਾ ਹੈ। ਹਰੇਕ ਰਾਤ ਮੈਂ ਰੱਬ ਅੱਗੇ ਇਹੋ ਦੁਆ ਕਰਦਾ ਹਾਂ, ਉਸ ਦੀ ਜੁਦਾਈ ਕੀ ਹੈ? ਉਸ ਨੂੰ ਪ੍ਰਾਪਤ ਕਰ ਲੈਣਾ।[79]

ਪ੍ਰੋਫੈਸਰ ਮਹਿਮੂਦ ਸ਼ੀਰਾਨੀ ਨੇ ਅਬੂ ਸ਼ਕੂਰ ਬਲਖੀ ਨੂੰ ਪਹਿਲਾ ਰੁਬਾਈ ਲਿਖਣ ਵਾਲਾ ਸ਼ਾਇਰ ਮੰਨਿਆ ਹੈ, ਜਿਹੜਾ ਰੋਦਕੀ ਦਾ ਸਮਕਾਲੀ ਸੀ।[80] ਗਜ਼ਨਵੀ ਦੌਰ ਵਿਚ ਉਨਸਰੀ ਨੇ ਕਸੀਦਾ ਗਜ਼ਲ ਤੋਂ ਇਲਾਵਾ ਰੁਬਾਈ ਵੀ ਲਿਖੀ ਹੈ। ਉਸ ਦੀ ਰੁਬਾਈ ਦਾ ਰੰਗ

---

77 ਜਲਾਲੁੱਦੀਨ ਹਮਾਈ, ਤਾਰੀਖ-ਏ-ਅਦਬੀ ਯਾਤੇ ਈਰਾਨ, ਪੰਨਾ 60.

78 ਦੇਵੀ ਪ੍ਰਸਾਦ, ਮਿਅਰੁਲ ਬਲਾਗਤ, ਪੰਨਾ 107.

79 ਹੁਮਾਈ, ਤਾਰੀਖੇ ਅਦਬਲੀਯਾਤੇ ਈਰਾਨ, ਪੰਨੇ 61-62; ਬਰਾਉਨ, ਉਹੀ, ਜਿਲਦ ਪਹਿਲੀ ਪੰਨੇ 686, 687.

80 ਬਜ਼ਮੇ ਸੁਖਨ, ਪੰਨਾ 113; ਉਰਦੂ ਰੁਬਾਈਯਾਤ, ਸਲਾਮ ਸੰਦੇਲਵੀ, ਪੰਨਾ 103.

ਇਹ ਹੈ- ਤੇਰੇ ਇਸ਼ਕ ਵਿਚ ਮੇਰੇ ਪੈਰਾਂ ਤੋਂ ਇਲਾਵਾ ਕਿਸੇ ਹੋਰ ਦੇ ਪੈਰ ਤੇਰੇ ਕੂਚੇ ਵਿਚ ਨਹੀਂ ਪੈ ਸਕਦੇ, ਮੈਨੂੰ ਆਪਣੇ ਅਤੇ ਪਰਾਏ ਦੀ ਕੋਈ ਤਮੀਜ਼ ਨਹੀਂ, ਮੈਨੂੰ ਇਸ ਦਾ ਵੀ ਗਿਆਨ ਨਹੀਂ ਕਿ ਮੇਰਾ ਆਪਣਾ ਕੌਣ ਹੈ?

ਦਰਅਸਲ ਉਸ ਸਮੇਂ ਸੂਫ਼ੀਵਾਦ ਦੀ ਹਕੀਕਤ ਅਤੇ ਮਸਲੇ ਸ਼ਾਇਰੀ ਤੋਂ ਜਾਣੂੰ ਸ਼ਾਇਰਾਂ ਨੇ ਇਹ ਰਾਹ ਅਪਣਾਇਆ। ਉਸ ਤੋਂ ਪਹਿਲਾਂ ਇਸ਼ਕ ਮੁਹੱਬਤ ਦੇ ਜਜ਼ਬਾਤ ਸਨ। ਸ਼ੇਖ ਅਬਦੁੱਲਾਹ ਅਨਸਾਰੀ ਨੇ ਵੀ ਨਿਹਾਇਤ ਦਿਲ ਖਿੱਚਵੇਂ, ਸੂਫ਼ੀਆਨਾ, ਆਰਿਫਾਨਾ ਅੰਦਾਜ਼ ਵਿਚ ਰੁਬਾਈਆਂ ਲਿਖੀਆਂ ਸਨ ਜਿਹੜੇ ਮੋਢੀ ਅਤੇ ਅਖੀਰਲੇ ਸੂਫ਼ੀ ਸ਼ਾਇਰਾਂ ਵਜੋਂ ਜਾਣੇ ਪਛਾਣੇ ਜਾਂਦੇ ਹਨ।

ਹਕੀਮ ਸਨਾਈ ਨੇ ਵੀ ਕਾਫ਼ੀ ਨਿਵੇਕਲੇ ਢੰਗ ਵਿਚ ਰੁਬਾਈਆਂ ਲਿਖੀਆਂ ਹਨ। ਸ਼ੇਖ ਫਰੀਦੁੱਦੀਨ ਅੱਤਾਰ ਨੇ ਬਾਕੀ ਸਿਨਫਾਂ ਦੇ ਨਾਲੋ-ਨਾਲ ਰੁਬਾਈ ਵਿਚ ਵੀ ਯਤਨ ਕੀਤਾ ਜਿਸ ਵਿਚ ਕਾਮਯਾਬ ਹੋਏ, ਰੁਬਾਈ ਪੇਸ਼ ਹੈ- ਹਮੇਸ਼ਾ ਤੇਰੇ ਇਸ਼ਕ ਦੇ ਰਸਤੇ ਤੇ ਚੱਲਦਾ ਹਾਂ, ਹਰ ਰਾਤ ਤੇਰੀ ਜੁਦਾਈ ਵਿਚ ਮਾਤਮ ਕਰਦਾ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੇ ਤੇ ਆਪਣੀ ਸਵੱਲੀ ਨਜ਼ਰ ਰੱਖੋ, ਇਸ ਲਈ ਮੈਂ ਹਰੇਕ ਚੀਜ਼ ਤੁਹਾਡੇ ਤੇ ਕੁਰਬਾਨ ਕਰਨ ਲਈ ਤਿਆਰ ਹਾਂ। ਮੇਰੇ ਦਿਲ ਵਿਚ ਆਉਂਦਾ ਹੈ ਕਿ ਇਹ ਕਰਾਂ ਜਾਂ ਨਾ ਕਰਾਂ, ਮੈਂ ਇਸ ਪ੍ਰੇਸ਼ਾਨੀ ਵਿਚ ਆਪਣੀ ਜ਼ਿੰਦਗੀ ਗੁਜ਼ਾਰ ਰਿਹਾ ਹਾਂ।

ਉਮਰ ਖੱਯਾਮ ਜਿਨ੍ਹਾਂ ਦਾ ਸ਼ੁਮਾਰ ਈਰਾਨ ਦੇ ਵੱਡੇ ਸ਼ਾਇਰਾਂ ਵਿਚ ਹੁੰਦਾ ਹੈ, ਸਲਜੂਕੀ ਦੌਰ ਵਿਚ ਪੈਦਾ ਹੋਏ। ਗੋਯਾ ਦੀ ਪ੍ਰਸਿੱਧੀ ਦੀ ਬੁਨਿਆਦ ਉਨ੍ਹਾਂ ਦੀਆਂ ਰੁਬਾਈਆਂ ਹਨ। ਜ਼ਿਆਦਾਤਰ ਰੁਬਾਈਆਂ ਵਿਚ ਉਤੇ ਖਿਆਲ, ਮਿੱਠੀ ਜ਼ੁਬਾਨ ਪ੍ਰਯੋਗ ਕੀਤੀ ਗਈ ਹੈ। ਸ਼ੈਲੀ ਪੱਖੋਂ ਵੀ ਬਿਹਤਰ ਹੈ। ਸ਼ਬਦ ਅਰਥਾਂ ਦਾ ਸਮੁੰਦਰ ਜਾਪਦਾ ਹੈ। ਇਨ੍ਹਾਂ ਦੀਆਂ ਰੁਬਾਈਆਂ ਦਾ ਅੰਦਾਜ਼ ਨਿਵੇਕਲਾ ਹੈ। ਮਨੁੱਖ ਨੂੰ ਆਪਣੇ ਜੀਵਨ ਬਾਰੇ ਸੁਚੇਤ ਰਹਿਣ ਦਾ ਪੈਗਾਮ ਵੀ ਮਿਲਦਾ ਹੈ। ਇਸ ਨੂੰ ਨਮੂਨੇ ਵਜੋਂ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਮੇਰਾ ਇਸ ਦੁਨੀਆਂ ਵਿਚ ਆਉਣਾ ਬਗੈਰ ਮੰਤਵ ਤੋਂ ਨਹੀਂ ਹੈ। ਮਨੁੱਖ ਤਾਂ ਮੁੱਠੀ ਭਰ ਮਿੱਟੀ ਹੈ, ਜਿਸ ਨੇ ਕਿਸੇ ਦਿਨ ਮਿੱਟੀ ਵਿਚ ਮਿਲ ਜਾਣਾ ਹੈ। ਜਦੋਂ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਤਾਂ ਸ਼ਿਕਵੇ ਸ਼ਿਕਾਇਤ ਦੀ ਗੁੰਜਾਇਸ਼ ਨਹੀਂ ਰਹਿੰਦੀ। ਮਨੁੱਖ ਨੇ ਆਪਣੀ ਸੋਚ ਰਾਹੀਂ ਜ਼ਿੰਦਗੀ ਨੂੰ ਗੁਜ਼ਾਰਨਾ ਹੈ। ਇਸ ਨੂੰ ਬਣਾਉਣ ਦਾ ਮੰਤਵ ਨਹੀਂ ਜਾਣਦਾ, ਇਸ ਦੀ ਬੇਕਦਰੀ

ਕਰਦਾ ਹੈ। ਦੁੱਖ-ਸੁੱਖ ਵਿਚ ਜ਼ਿੰਦਗੀ ਨੂੰ ਗੁਜ਼ਾਰਨ ਦਾ ਢੰਗ ਜਾਣਦਾ ਹੈ। ਇਹ ਐਸ਼ ਦਾ ਢੰਗ ਨਹੀਂ, ਦੁਨੀਆਂ ਤੋਂ ਬੇਨਿਆਜ਼ੀ ਦਾ ਢੰਗ, ਸਮੇਂ (ਵਿਹਲ) ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ। ਜ਼ਿੰਦਗੀ ਵਿਚ ਪ੍ਰੇਸ਼ਾਨੀਆਂ, ਮੁਸੀਬਤਾਂ ਆ ਜਾਣ ਤਾਂ ਉਨਾਂ ਦਾ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਜਿਹੜਾ ਦਿਨ ਉਸ ਦੀ ਯਾਦ ਤੋਂ ਬਗੈਰ ਲੰਘਦਾ ਹੈ, ਆਉਣ ਵਾਲੀ ਕੱਲ ਦੀ ਤਮੰਨਾ ਨਹੀਂ ਕਰਨੀ ਚਾਹੀਦੀ ਕਿ ਗੁਜ਼ਰਿਆ ਕੱਲ ਵਾਪਿਸ ਆ ਜਾਵੇਗਾ।

ਅਮੀਰ ਮਅਜ਼ੀ ਭਾਵੇਂ ਕਸੀਦਾ ਨਿਗਾਰਾਂ ਵਿਚ ਸ਼ਾਮਿਲ ਹਨ, ਪਰ ਰੁਬਾਈ ਲਿਖਣ ਵਾਲੇ ਸ਼ਾਇਰਾਂ ਵਿਚ ਇਨ੍ਹਾਂ ਦਾ ਸਥਾਨ ਘੱਟ ਨਹੀਂ। ਕਹਿੰਦੇ ਹਨ ਕਿ ਇਕ ਦਿਨ ਬਾਦਸ਼ਾਹ ਮਲਿਕ ਸ਼ਾਹ ਰਮਜ਼ਾਨ ਦਾ ਚੰਨ ਵੇਖਣ ਦੇ ਇਰਾਦੇ ਨਾਲ ਬਾਹਰ ਆਇਆ ਤਾਂ ਹੋਰਾਂ ਤੋਂ ਪਹਿਲਾਂ ਚੰਨ ਵੇਖ ਲਿਆ। ਇਥੇ ਅਮੀਰ ਮਅਜ਼ੀ ਵੀ ਮੌਜੂਦ ਸੀ, ਉਸ ਨੇ ਫੌਰੀ ਇਹ ਰੁਬਾਈ ਲਿਖ ਦਿੱਤੀ: ਐ ਚੰਨ! ਤੇਰੀਆਂ ਪਲਕਾਂ ਦਾ ਕੀ ਜ਼ਿਕਰ ਕਰਾਂ, ਕਿ ਜਿਵੇਂ ਕਮਾਨ ਹੋਵੇ। ਅਨਵਰੀ ਨੂੰ ਵੀ ਕਸੀਦੇ ਦਾ ਉਸਤਾਦ ਮੰਨਿਆ ਜਾਂਦਾ ਹੈ। ਰੁਬਾਈ ਵੀ ਲਿਖਦੇ ਸਨ ਜਿਸ ਵਿਚ ਸਾਦਗੀ ਸਰਲਤਾ, ਸ਼ੈਲੀ ਪੱਖੋਂ ਨਿਪੁੰਣਤਾ ਮਿਲਦੀ ਹੈ, ਉਹ ਲਿਖਦੇ ਹਨ- ਤੇਰੇ ਗਮ ਦੀ ਕੈਦ ਵਿਚ ਮੈਂ ਬੰਨ੍ਹਿਆ ਹੋਇਆ ਹਾਂ। ਮੇਰੇ ਦਿਲ ਦੀ ਕੈਫੀਅਤ ਅਜੀਬ ਤਰ੍ਹਾਂ ਦੀ ਹੈ, ਤੇਰੇ ਇਸ਼ਕ ਦੀ ਚਾਰ ਦੀਵਾਰੀ ਵਿਚ ਕੈਦਾ ਹਾਂ। ਮੈਂ ਵਫਾ ਦੀ ਉਮੀਦ ਵਿਚ ਇੰਤਜ਼ਾਰ ਕਰ ਰਿਹਾ ਹਾਂ।

ਮੁਗਲ ਅਤੇ ਤੈਮੂਰੀ ਦੌਰ ਤੋਂ ਬਾਅਦ ਨਿਘਾਰ ਆ ਜਾਣ ਦੇ ਬਾਵਜੂਦ ਮੌਲਾਨਾ ਰੂਮ, ਕਮਾਲੁੱਦੀਨ ਇਸਮਾਈਲ, ਸਲਮਾਨ ਸਾਊਜੀ ਵਰਗੇ ਸਿਰ ਕੱਢ ਸ਼ਾਇਰਾਂ ਨੇ ਜਨਮ ਲਿਆ, ਜਿਨ੍ਹਾਂ ਨੇ ਰੁਬਾਈਆਂ ਵੀ ਲਿਖੀਆਂ। ਇੰਨਾ ਜਰੂਰ ਕਹਿ ਸਕਦੇ ਹਾਂ ਕਿ ਉਨ੍ਹਾਂ ਨੇ ਰੁਬਾਈ ਦੇ ਸਿਲਸਿਲਾ-ਏ-ਸ਼ਿਖਰ ਨੂੰ ਰੁਕਣ ਨਹੀਂ ਦਿੱਤਾ। ਉਸ ਨੂੰ ਜਾਰੀ ਰੱਖਿਆ। ਮੁਗਲਾਂ ਦੇ ਹਮਲੇ ਅਤੇ ਤੈਮੂਰੀਆਂ ਦੇ ਝਗੜਿਆਂ ਨੇ ਸਾਹਿਤ ਤੇ ਵੀ ਆਪਣਾ ਪ੍ਰਭਾਵ ਛੱਡਿਆ। ਕਿੰਨੇ ਕਵੀ ਵਿਦਵਾਨ ਮਾਰ ਦਿੱਤੇ ਗਏ। ਇਸ ਮੁਸੀਬਤ ਤੋਂ ਜਿਹੜੇ ਬਚੇ, ਉਨ੍ਹਾਂ ਨੇ ਇੱਧਰ ਉਧਰ ਭੱਜ ਕੇ ਆਪਣੀ ਜਾਨ ਬਚਾਈ।

ਸਫਵੀ ਦੌਰ ਦੇ ਰਾਜ ਕਾਲ ਦੌਰਾਨ ਹਕੂਮਤ ਵਿਚ ਬਾਦਸ਼ਾਹੀ ਨਿਆਮਤਾਂ ਦੇ ਦਰਿਆ ਵਗ ਤੁਰੇ। ਈਰਾਨ ਦੇ ਸ਼ਾਇਰਾਂ ਨੂੰ ਧਨ ਦੀ ਖਿੱਚ ਨੇ ਮੋਹਿਤ ਕਰ ਦਿੱਤਾ। ਮੌਲਾਨਾ ਸ਼ਿਬਲੀ ਲਿਖਦੇ ਹਨ- ਇਹ ਜ਼ਮਾਨਾ ਉਸ ਲਿਹਾਜ਼ ਨਾਲ ਉਨ੍ਹਾਂ ਤੇ ਨਾਜ਼ ਕਰ ਸਕਦਾ ਹੈ ਕਿ

ਰੁਬਾਈ ਨੇ ਫਲਸਫੇ ਦੇ ਸਾਰੇ ਮਸਲੇ ਅਦਾ ਕਰਵਾਏ। ਸਮਾਈ ਅਸਤਰ ਆਬਾਦੀ ਜੋ ਅਕਬਰ ਦਾ ਸਮਕਾਲੀ ਅਤੇ ਨਜਫ ਵਿਖੇ ਰਹਿੰਦਾ ਸੀ, ਉਸ ਨੇ ਘੱਟੋ-ਘੱਟ ਸਤਾਰਾਂ ਹਜ਼ਾਰ ਰੁਬਾਈਆਂ ਲਿਖੀਆਂ, ਜਿਨ੍ਹਾਂ ਵਿਚ ਫਲਸਫਾ ਹੀ ਫਲਸਫਾ ਭਰਿਆ ਹੋਇਆ ਹੈ।[81]

ਔਰੰਗਜ਼ੇਬ ਨੂੰ ਸਾਹਿਤ ਨਾਲ ਜ਼ਿਆਦਾ ਲਗਾਓ ਨਾ ਹੋਣ ਕਾਰਨ ਇਹ ਪ੍ਰਫੁੱਲਿਤ ਨਹੀਂ ਹੋ ਸਕਿਆ। ਭਾਈ ਨੰਦ ਲਾਲ ਗੋਯਾ ਹੀ ਅਜਿਹਾ ਸ਼ਾਇਰ ਹੈ ਜੋ ਇਨ੍ਹਾਂ ਦੇ ਰਾਜਕਾਲ ਦੌਰਾਨ ਆਪਣਾ ਜ਼ੌਕ ਸ਼ੌਕ ਜਾਰੀ ਰੱਖ ਸਕਿਆ। ਸੂਫ਼ੀਆਨਾ ਰੰਗ ਵਿਚ 18 ਰੁਬਾਈਆਂ ਲਿਖੀਆਂ ਹਨ, ਜਿਨ੍ਹਾਂ ਦਾ ਜ਼ਿਕਰ ਅੱਗੇ ਆਵੇਗਾ।

## ਭਾਈ ਨੰਦ ਲਾਲ ਗੋਯਾ ਦੀਆਂ ਰੁਬਾਈਆਂ ਦੇ ਵਿਸ਼ੇ

**ਦੁਨੀਆਂ ਦਾ ਫ਼ਨਾ ਹੋ ਜਾਣਾ:** ਇਹ ਦੁਨੀਆਂ ਮਿਟਣ ਵਾਲੀ ਹੈ, ਇੱਥੇ ਹੀ ਹਰ ਚੀਜ਼ ਖਤਮ ਹੋਣ ਵਾਲੀ ਹੈ। ਸਾਨੂੰ ਸੰਸਾਰਿਕ ਚੀਜ਼ਾਂ ਦੀ ਖਾਤਿਰ ਕਿਸੇ ਨਾਲ ਲੜਾਈ ਝਗੜਾ ਨਹੀਂ ਕਰਨਾ ਚਾਹੀਦਾ। ਗੋਯਾ ਕਹਿੰਦੇ ਹਨ ਕਿ ਇਹ ਦੁਨੀਆਂ ਇਕ ਸਰਾਂ ਹੈ ਜਿਸ ਵਿਚ ਆਉਣਾ ਅਤੇ ਜਾਣਾ ਜ਼ਰੂਰੀ ਹੈ। ਇਸ ਦੇ ਚਾਹੁਣ ਵਾਲੇ ਕੁੱਤਿਆਂ ਵਾਂਗ ਹਨ ਜਿਹੜੇ ਹੱਡੀਆਂ ਕਰਕੇ ਆਪਸ ਵਿਚ ਲੜਦੇ-ਝਗੜਦੇ ਰਹਿੰਦੇ ਹਨ। ਇਸ ਗੱਲ ਦਾ ਗਿਆਨ ਦੁਨੀਆਂ ਅਤੇ ਦੁਨੀਆਂ ਵਾਲਿਆਂ ਨੂੰ ਪਤਾ ਹੈ।

ਗੁਰੂ ਸਾਹਿਬ ਫਰਮਾਉਂਦੇ ਹਨ ਕਿ ਦੁਨੀਆਂ ਨੂੰ ਇਕ ਸਪਨੇ ਵਾਂਗ ਸਮਝਣਾ ਚਾਹੀਦਾ ਹੈ।

ਜਿਉਂ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥[82]

**ਹਾਫਿਜ਼:** ਆਪਣੇ ਦਿਲ ਵਿਚ ਦੁਨੀਆਂ ਅਤੇ ਦੁਨੀਆਂ ਦੇ ਮਾਲ ਅਸਬਾਬ ਨਾਲ ਪਿਆਰ ਨਹੀਂ ਕਰਨਾ ਚਾਹੀਦਾ। ਇਹ ਕਿਸੇ ਨਾਲ ਵਫਾ ਨਹੀਂ ਕਰਦੀ। ਅਸਲ ਰਾਹ ਤਾਂ ਅਗਲੇ ਜਹਾਨ ਦਾ ਹੈ। ਇਹ ਤਾਂ ਇਕ ਪਲ ਹੈ। ਖਤਮ ਹੋਣ ਵਾਲੀ ਚੀਜ਼ ਟਿਕਾਣਾ ਕਰੀਂ ਬੈਠੀ ਹੈ।

**ਗੋਯਾ:** ਇਸ ਦੁਨੀਆਂ ਵਿਚ ਇਕ ਜਾਂ ਦੋ ਪਲਾਂ ਲਈ ਆਏ ਹਾਂ। ਇਸ ਪੁਰਾਣੀ ਬੁੱਢੀ ਦਾ ਨਾਂ ਦੁਨੀਆਂ ਹੈ, ਇੱਥੇ ਅਸੀਂ ਜੋ ਸਵੇਰ ਸ਼ਾਮ ਗੁਜ਼ਾਰਦੇ ਹਾਂ, ਸਭ ਆਰਜ਼ੀ ਹੈ। ਇਸ

81 ਸ਼ਿਬਲੀ, ਸ਼ਿਅਰੁਲ ਅਜਮ ਤੀਜਾ ਭਾਗ, ਪੰਨਾ 20.

82 ਗੁਰੂ ਗ੍ਰੰਥ ਸਾਹਿਬ, ਪੰਨਾ 1427.

ਦੁਨੀਆਂ ਵਿਚ ਸੈਂਕੜੇ ਜਮਸ਼ੀਦ ਆ ਕੇ ਚਲੇ ਗਏ।[83] ਜਿਵੇਂ ਤਿਲੋਕ ਚੰਦ ਮਹਿਰੂਮ ਜੀ ਲਿਖਦੇ ਹਨ:

> ਸਭ ਜਾਨਤੇ ਹੈਂ ਕਿ ਬੇਬਕਾ ਹੈ ਦੁਨੀਆਂ
> ਸਭ ਜਾਨਤੇ ਹੈ ਕਿ ਬੇਵਫਾ ਹੈ ਦੁਨੀਆਂ॥[84]

**ਸੱਚੇ ਆਸ਼ਿਕਾਂ ਦਾ ਧਰਮ:** ਸਿਰਫ ਹਕੀਕੀ ਮਹਿਬੂਬ ਦੇ ਨਾਲ ਹੀ ਇਸ਼ਕ ਕਰਨਾ ਚਾਹੀਦਾ ਹੈ। ਸੱਚੇ ਆਸ਼ਿਕ ਦਾ ਧਰਮ ਅਤੇ ਉਸ ਦੀ ਮਹਿਫਿਲ ਦੀ ਯਾਦ ਰਹਿਣਾ ਹੀ ਸਮਝਦਾਰੀ ਹੈ

> ਮੇਰੇ ਧਰਮ ਵਿਚ ਕਿਸੇ ਹੋਰ ਦੀ ਪੂਜਾ ਨਹੀਂ ਹੈ

ਸਿਰ ਤੋਂ ਪੈਰਾਂ ਤੱਕ ਹੋਸ਼ ਅਤੇ ਮਸਤੀ ਵਿਚ ਰਹਿਣਾ, ਰਬੀ ਯਾਦ ਤੋਂ ਇਕ ਪਲ ਵੀ ਸੁਸਤੀ ਨਾ ਕਰਨਾ ਅਤੇ ਕੋਈ ਊਚ ਨੀਚ ਵੀ ਨਾ ਕਰਨਾ। ਇਸ਼ਕ ਦਾ ਧਰਮ ਤਾਂ ਸਭ ਨਾਲ ਪਿਆਰ ਮੁਹੱਬਤ ਕਰਨਾ ਹੈ, ਆਸ਼ਿਕ ਦਾ ਧਰਮ ਤਾਂ ਰੱਬ ਨਾਲ ਸੱਚਾ ਪਿਆਰ ਹੈ। ਇਸ਼ਕ ਇਸਲਾਮ ਹੈ ਅਤੇ ਦੀਨ ਵੀ ਇਸ਼ਕ ਹੀ ਹੈ। ਸ਼ਰਾਬ ਪਿਲਾਉਣਾ ਅਤੇ ਪੀਣਾ ਵੀ ਇਸ਼ਕ ਹੀ ਹੈ। ਜਦੋਂ ਉਸ ਨਾਲ ਸੱਚਾ ਇਸ਼ਕ ਹੋ ਜਾਂਦਾ ਹੈ ਤਾਂ ਆਪਣੇ ਪਰਾਏ ਦਾ ਖਿਆਲ ਜਾਂਦਾ ਰਹਿੰਦਾ ਹੈ।

**ਰੱਬ ਹਾਜ਼ਿਰ ਨਾਜ਼ਿਰ ਹੈ:** ਗੋਯਾ ਲਿਖਦੇ ਹਨ ਕਿ ਉਹ ਜਿੱਧਰ ਵੀ ਵੇਖਦੇ ਹਨ ਰੱਬ ਦੀ ਜ਼ਾਤ ਤੋਂ ਇਲਾਵਾ ਕੁਝ ਵੀ ਨਜ਼ਰੀਂ ਨਹੀਂ ਆਉਂਦਾ, ਭਾਵ ਰੱਬ ਹਰ ਥਾਂ ਹਾਜ਼ਿਰ-ਨਾਜ਼ਿਰ ਹੈ। ਇਹ ਆਉਣਾ-ਜਾਣਾ ਉਸ ਦੇ ਹੁਕਮ ਤੋਂ ਬਗੈਰ ਨਹੀਂ, ਮੈਂ ਹਰੇਕ ਥਾਂ ਵੇਖਿਆ, ਉਹ ਮੈਨੂੰ ਨਜ਼ਰੀਂ ਆਇਆ। ਜਦੋਂ ਮੈਂ ਕਿਸੇ ਹੋਰ ਵੱਲ ਨਜ਼ਰ ਕੀਤੀ ਤਾਂ ਮੈਨੂੰ ਅੱਗੇ ਪਿੱਛੇ ਉਹੀ ਨਜ਼ਰ ਆਇਆ।

**ਗੁਰੂ ਸਾਹਿਬ:**

> ਇਹ ਜਗਤ ਹਰਿ ਕਾ ਰੂਪ ਹੈ,
> ਹਰ ਰੂਪ ਨਜ਼ਰੀਂ ਆਇਆ।[85]

---

[83] ਦਰਬਾਰਾ ਏ ਰੁਬਾਯਾਤੇ ਉਮਰ ਖੱਯਾਮ ਸੰਪਾਦਕ ਹਸਨ ਦਾਨਿਸ਼ਗਰ, ਪੰਨਾ 185.

[84] ਤਿਲੋਕ ਚੰਦ ਮਹਿਰੂਮ, ਰੁਬਾਈਯਾਤੇ ਮਹਿਰੂਮ, ਪੰਨਾ 70.

[85] ਗੁਰੂ ਗ੍ਰੰਥ ਸਾਹਿਬ, ਪੰਨਾ 932.

ਜਦੋਂ ਹਰੇਕ ਥਾਂ ਰੱਬ ਭਰਿਆ ਪਿਆ ਹੈ, ਤਾਂ ਇਹ ਸੰਸਾਰਿਕ ਲੋਕ ਇਸ ਦੀ ਤਲਾਸ਼ ਵਿਚ ਇੱਧਰ-ਉਧਰ ਕਿਉਂ ਭਟਕ ਰਹੇ ਹਨ। ਜਦੋਂ ਉਹ ਮੌਜੂਦ ਹੈ ਤਾਂ ਕਿਉਂ ਇੱਧਰ ਉਧਰ ਤਲਾਸ਼ ਕਰਦੇ ਹਨ। ਜਦੋਂ ਰੱਬ ਨੂੰ ਪਾਉਣਾ ਹੈ ਤਾਂ ਐਵੇਂ ਇੱਧਰ-ਉਧਰ ਪ੍ਰੇਸ਼ਾਨ ਕਿਉਂ ਹੁੰਦੇ ਹੋ। ਇਹ ਸੰਸਾਰ ਉਸ ਦੀ ਨਿਸ਼ਾਨੀ ਹੈ, ਇਸ ਕਰਕੇ ਆਪਣੀ ਜ਼ੁਬਾਨ ਤੇ ਹੱਕ-ਸੱਚ ਤੋਂ ਬਗੈਰ ਕੋਈ ਗੱਲਬਾਤ ਨਾ ਕਰੋ।

ਗੁਰੂ ਰਾਮਦਾਸ ਜੀ ਵੀ ਫਰਮਾਉਂਦੇ ਹਨ ਕਿ ਰੱਬ ਨੂੰ ਚਾਰੇ ਪਾਸੇ ਤਲਾਸ਼ ਕਰਨ ਦੀ ਲੋੜ ਨਹੀਂ, ਸਗੋਂ ਰੱਬ ਤਾਂ ਸਾਡੇ ਅੰਦਰ ਹੀ ਹੈ ਜਿਵੇਂ:

> ਦਹ ਦਿਸ ਢੂਢਿ ਘਰੈ ਮਹਿ ਪਾਇਆ॥
> ਮੇਲੁ ਭਇਆ ਸਤਿਗੁਰੂ ਮਿਲਾਇਆ।[86]

ਸੂਰਜ ਤਾਂ ਤੇਰੇ ਅੰਦਰ ਮੌਜੂਦ ਹੈ, ਤੁਸੀਂ ਕਿਉਂ ਦਰ-ਦਰ ਤੇ ਧੱਕੇ ਖਾਂਦੇ ਫਿਰਦੇ ਹੋ। ਖਜ਼ਾਨਾ ਤੇਰੇ ਨੇੜੇ ਹੈ, ਫਿਰ ਹਰ ਮੁਹੱਲੇ, ਹਰ ਸ਼ਹਿਰ ਭੱਜ ਨੱਠ ਕਿਉਂ?[87]

**ਅੰਦਰਲੀ ਅੱਖ ਦੀ ਜ਼ਰੂਰਤ:** ਨਿਰਸੰਦੇਹ ਰੱਬ ਹਰ ਥਾਂ ਮੌਜੂਦ ਹੈ, ਹਾਜ਼ਿਰ-ਨਾਜ਼ਿਰ ਹੈ। ਰੱਬ ਦੇ ਦੀਦਾਰ ਲਈ ਤਾਂ ਅੰਦਰਲੀਆਂ ਅੱਖਾਂ ਦੀ ਜ਼ਰੂਰਤ ਹੈ। ਜ਼ਾਹਰੀ ਅੱਖਾਂ ਉਸ ਨੂੰ ਨਹੀਂ ਵੇਖ ਸਕਦੀਆਂ। ਵਿਦਵਾਨਾਂ ਨੇ ਜ਼ਾਹਰੀ ਅੱਖ ਨੂੰ ਸਪਨਾ ਦੱਸਿਆ ਹੈ ਕਿਉਂਕਿ ਪਾਣੀ ਅਤੇ ਮਿੱਟੀ ਇਕ ਹੱਦ ਤੋਂ ਅੱਗੇ ਨਹੀਂ ਵੱਧ ਸਕਦੇ। ਇਹ ਲੋਕ ਰੰਗ ਤਲਾਸ਼ ਕਰਦੇ ਹਨ, ਉਹ ਤਾਂ ਬੇਰੰਗ ਹੈ, ਇਸ ਲਈ ਉਸ ਦੀਆਂ ਅੱਖਾਂ, ਅੱਖਾਂ ਨਹੀਂ ਸਗੋਂ ਹਿਜਾਬ (ਪਰਦਾ ) ਹੈ।

**ਇਨਸਾਨ ਰੱਬ ਦੀ ਨਿਸ਼ਾਨੀ ਹੈ:** ਤਸਵੀਰ ਬਣਾਉਣ ਵਾਲਾ ਤਾਂ ਖੁਦ ਤਸਵੀਰ ਵਿਚ ਮੌਜੂਦ ਹੈ। ਤੇਰੀਆਂ ਅੱਖਾਂ ਤੇਰੇ ਮਹਿਬੂਬ ਨੂੰ ਵੇਖ ਸਕਦੀਆਂ ਹਨ। ਇਸ ਸਰੀਰ ਵਿਚ ਬਾਦਸ਼ਾਹ ਅੰਦਰ ਬੈਠਿਆ ਹੋਇਆ ਹੈ। ਇਕ ਕਿਣਕਾ ਵੀ ਉਸ ਦੀ ਰਹਿਮਤ ਤੋਂ ਦੂਰ ਨਹੀਂ; ਤਸਵੀਰ ਮੌਜੂਦ ਹੈ, ਤਸਵੀਰ ਬਣਾਉਣ ਵਾਲਾ ਅੰਦਰ ਬੈਠਿਆ ਹੋਇਆ ਹੈ। ਅਸੀਂ ਕਿਸੇ ਹੋਰ ਅੱਗੇ ਸਿਜਦਾ ਕਿਉਂ ਕਰੀਏ ਦਿਲ ਦੇ ਘਰ ਵਿਚ ਰੱਬ ਆਪ ਮੌਜੂਦ ਹੈ।

**ਰੱਬ ਦਾ ਸ਼ੌਕ:** ਰੱਬ ਨਾਲ ਪਿਆਰ ਕਰਨਾ ਹੀ ਮਨੁੱਖੀ ਜੀਵਨ ਦਾ ਮੰਤਵ ਹੈ। ਇਸ ਰਾਹੀਂ ਹੀ ਰੱਬ ਤੱਕ ਪਹੁੰਚਿਆ ਜਾ ਸਕਦਾ ਹੈ। ਜਿਸ ਆਦਮੀ ਅੰਦਰ ਨਿਮਰਤਾ ਨਿਮਾਣਾਪਣ

---

86 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-932.

87 ਕੁੱਲੀਯਾਤੇ ਇਰਾਕੀ, ਸਈਦ ਨਫੀਸੀ, ਪੰਨਾ 124.

ਆ ਜਾਂਦਾ ਹੈ, ਉਹ ਰੱਬ ਨਾਲ ਸੱਚੇ ਇਸ਼ਕ ਦੇ ਰਾਹ ਤੇ ਤੁਰਦਾ ਰਹਿੰਦਾ ਹੈ। ਉਸ ਦੀਆਂ ਮੁਰਾਦਾਂ ਪੂਰੀਆਂ ਹੋਣ ਲੱਗ ਪੈਂਦੀਆਂ ਹਨ। ਉਹ ਦੋਵੇਂ ਜਹਾਨ ਨਹੀਂ, ਸਗੋਂ ਸੱਤੇ ਅਸਮਾਨਾਂ ਤੇ ਹੁਕਮਰਾਨੀ ਕਰਦਾ ਹੈ। ਜਦੋਂ ਤੱਕ ਮਨੁੱਖ ਉਸ ਦੇ ਦਰ ਦੀ ਖਾਕ ਨਹੀਂ ਬਣਦਾ, ਉਦੋਂ ਤੱਕ ਉਹ ਸੂਰਜ ਵਾਂਗ ਨਹੀਂ ਚਮਕਦਾ ਅਤੇ ਨਾ ਹੀ ਕੋਈ ਉੱਚਾ ਸਥਾਨ ਪ੍ਰਾਪਤ ਕਰ ਸਕਦਾ ਹੈ। ਜਿਹੜਾ ਬੰਦਾ ਉਸ ਦੇ ਰਾਹ ਤੇ ਆਪਣੀ ਜਾਨ ਕੁਰਬਾਨ ਕਰਦਾ ਹੈ ਤਾਂ ਉਸ ਸਿਰ ਲਈ ਤਾਂ ਚੱਲੇ ਆਉ, ਜੀ ਆਇਆਂ ਨੂੰ ਦੀ ਆਵਾਜ਼ ਲੱਗਦੀ ਹੈ। ਉੱਚੇ ਸਥਾਨ ਤੇ ਜਾਣ ਲਈ ਉੱਚੀ ਉਡਾਣ ਭਰਨੀ ਲਾਜਮੀ ਹੈ। ਅਰਸ਼ ਤੱਕ ਜਾਣ ਲਈ ਫਰਸ਼ ਛੱਡਣਾ ਪਵੇਗਾ। ਰੱਬ ਨੂੰ ਤਲਬ ਕਰਨ ਵਾਲਿਆਂ ਦਾ ਰੁਤਬਾ ਬਹੁਤ ਉੱਚਾ ਹੈ। ਹਰੇਕ ਬੰਦਾ ਰੱਬ ਦੀ ਤਲਬ ਵਿਚ ਰਹਿੰਦਾ ਹੈ। ਉਸ ਦਾ ਦੋਵੇਂ ਜਹਾਨਾਂ ਵਿਚ ਰੁਤਬਾ ਉੱਚਾ ਹੋ ਜਾਂਦਾ ਹੈ। ਇਸ਼ਕੇ ਮੌਲਾ ਅਜਿਹੀ ਚੀਜ਼ ਹੈ ਜਿਹੜੀ ਮੁਰਦਿਆਂ ਨੂੰ ਮੁੜ ਸੁਰਜੀਤ ਕਰ ਦਿੰਦੀ ਹੈ। ਗੁਲਾਮ ਨੂੰ ਬਾਦਸ਼ਾਹ ਬਣਾ ਦਿੰਦਾ ਹੈ। ਇਸ਼ਕੇ ਮੌਲਾ ਅਜਿਹੀ ਚੀਜ਼ ਹੈ ਜਿਹੜੀ ਕਿਣਕੇ ਨੂੰ ਬਾਦਸ਼ਾਹ ਬਣਾ ਦਿੰਦਾ ਹੈ।

ਇਕ ਕਿਣਕੇ ਨੂੰ ਰੱਬ ਦੀ ਤਜੱਲੀ ਸੂਰਜ ਬਣਾ ਸਕਦੀ ਹੈ, ਜਿਹੜੀ ਸੌ ਸੂਰਜਾਂ ਤੋਂ ਵੱਧ ਰੌਸ਼ਨੀ ਅਤਾ ਕਰਨ ਵਾਲਾ ਹੈ। ਹਰੇਕ ਬੰਦੇ ਦੇ ਘਰ ਵਿਚ ਉਸ ਦਾ ਵਸੇਰਾ ਹੈ, ਚਾਹੇ ਉਸ ਸਮੇਂ ਦਾ ਬਾਦਸ਼ਾਹ ਜਾਂ ਸੁਲੇਮਾਨ ਹੋਵੇ।

> ਹੈ ਅਸਦ ਫਕਰ ਅਗਰ ਸਮਝੋ ਤੋਂ ਸ਼ਾਹੀ
> ਸੁਲਤਾਨ ਹੈ ਅਗਰ ਸ਼ਾਹ, ਮੈਂ ਜ਼ਿੱਲੇ ਹੁਮਾ ਹੂੰ॥[88]

ਐ ਦਿਲ ! ਜੇਕਰ ਤੈਨੂੰ ਬਾਦਸ਼ਾਹੀ ਬਖਸ਼ ਦਿੱਤੀ ਜਾਵੇ ਤਾਂ ਤੂੰ ਸੂਰਜ ਚੰਨ ਤਾਰਿਆਂ ਤੋਂ ਵੀ ਵੱਧ ਰੁਤਬਾ ਪ੍ਰਾਪਤ ਕਰ ਸਕਦਾ ਹੈ।[89]

ਗੋਯਾ ਰੱਬ ਦੇ ਸ਼ੌਕ ਦੀ ਤਾਰੀਫ ਕਰਦਿਆਂ ਫਰਮਾਉਂਦੇ ਹਨ ਕਿ ਦੁਨੀਆਂ ਵਿਚ ਹਰੇਕ ਆਦਮੀ ਆਪਣੇ ਲਈ ਸੰਸਾਰਿਕ ਸਾਜ਼ੋ-ਸਮਾਨ ਅਤੇ ਮਾਲ ਦੌਲਤ ਦੀ ਇੱਛਾ ਕਰਦਾ ਹੈ, ਪਰ ਸੱਚਾ ਆਸ਼ਿਕ ਉਹੀ ਹੁੰਦਾ ਹੈ ਜਿਹੜਾ ਹਕੀਕੀ ਮਹਿਬੂਬ ਦੀ ਯਾਦ ਵਿਚ ਆਪਣੇ ਆਪ ਨੂੰ ਦੁਨੀਆਂ ਅਤੇ ਜੋ ਕੁਝ ਦੁਨੀਆਂ ਵਿਚ ਹੈ, ਨੂੰ ਤਰਜੀਹ ਦੇਵੇ। ਜਿਹੜਾ ਬੰਦਾ ਦੁਨੀਆਂ ਦੀ ਇੱਛਾ ਰੱਖਦਾ ਹੈ, ਉਹ ਇਸ ਤਰ੍ਹਾਂ ਹੈ, ਜਿਵੇਂ ਘੋੜੇ ਹਾਥੀ, ਊਠ ਅਤੇ ਸੋਨਾ

---

88 ਮੀਰ ਦਰਦ, ਪੰਨਾ 60.
89 ਦੀਵਾਨੇ ਹਾਫਿਜ਼, ਪੰਨਾ 375

ਚਾਹੁੰਦਾ ਹੋਵੇ, ਜਿਹੜਾ ਆਪਣੇ ਲਈ ਹੀ ਹਰੇਕ ਚੀਜ਼ ਚਾਹੁੰਦਾ ਹੋਵੇ। ਐ ਗੋਯਾ! ਜੇਕਰ ਕੁਝ ਰੱਬ ਤੋਂ ਮੰਗਣਾ ਹੈ ਤਾਂ ਉਸ ਤੋਂ ਉਸ ਦੀ ਯਾਦ ਹੀ ਮੰਗਣੀ ਚਾਹੀਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਰੱਬ ਕੋਲੋਂ ਦੁਆ ਮੰਗੀ ਕਿ ਐ ਰੱਬ! ਇਸ ਨਿਮਾਣੇ ਨੂੰ ਸਿਰਫ ਆਪਣੀ ਯਾਦ ਅਤਾ ਫਰਮਾ ਦੇਣਾ।

ਜਾਚਕ ਜਨੁ ਜਾਚੈ ਪ੍ਰਭ ਦਾਨੁ॥
ਕਰਿ ਕਿਰਪਾ ਦੇਵਹੁ ਹਰਿ ਨਾਮੁ॥ [90]

ਰੱਬ ਦੇ ਨੇਕ ਬੰਦੇ ਦੁਨੀਆਂ ਦੀਆਂ ਚੀਜ਼ਾਂ ਵੱਲ ਰਤਾ ਕੁ ਵੀ ਧਿਆਨ ਨਹੀਂ ਦਿੰਦੇ। ਸੰਸਾਰਿਕ ਚੀਜ਼ਾਂ ਨੂੰ ਲੈਣ ਲਈ ਬਿਲਕੁਲ ਤਿਆਰ ਨਹੀਂ, ਉਨ੍ਹਾਂ ਦੇ ਨਜ਼ਦੀਕ ਰੱਬ ਦੀ ਯਾਦ ਹੀ ਸਭ ਤੋਂ ਵੱਡੀ ਚੀਜ਼ ਹੈ। ਗੋਯਾ ਕਹਿੰਦੇ ਹਨ ਕਿ ਦੋਵੇਂ ਜਹਾਨਾਂ ਦੀ ਤਲਬ ਵਿਚ ਨਾ ਰਹਿ। ਮਜਨੂੰ ਨੂੰ ਤਾਂ ਲੈਲਾ ਨਾਲ ਇਸ਼ਕ ਹੀ ਚਾਹੀਦਾ ਹੈ।

ਜਿਵੇਂ ਜੰਨਤ ਦੇ ਅੱਠ ਬਾਗ ਹੋਣ, ਉਨ੍ਹਾਂ ਵਿਚ ਇੱਕ ਟਹਿਣੀ ਹਾਂ, ਦੁਨੀਆਂ ਦੀ ਤਲਬ ਨਾਲੋਂ ਮੈਨੂੰ ਉਹ ਤੁੱਛ ਜਿਹੀ ਚੀਜ਼ ਹੀ ਚੰਗੀ ਹੈ। ਦੁਨੀਆਂ ਦੇ ਪਿੱਛੇ ਭੱਜਣ ਨੂੰ ਠੀਕ ਨਹੀਂ ਸਮਝਣਾ ਚਾਹੀਦਾ ਅਤੇ ਅੱਗੇ ਦੀ ਬਿਲਕੁਲ ਪ੍ਰਵਾਹ ਨਾ ਕਰੋ, ਸਗੋਂ ਆਪਣੇ ਆਪ ਨੂੰ ਰੱਬ ਦੇ ਇਸ਼ਕ ਦੇ ਰੰਗ ਵਿਚ ਰੰਗਣਾ ਚਾਹੀਦਾ ਹੈ। ਦੁਨੀਆਂ ਦੀ ਹਿਮਾਇਤ ਕਰਨਾ ਇੰਜ ਹੈ, ਜਿਵੇਂ ਕੋਈ ਮਨੁੱਖ ਬਗੈਰ ਸਿਰ ਪੈਰ ਤੋਂ ਹੋਵੇ, ਉਸ ਨੂੰ ਦੋਵੇਂ ਜਹਾਨ ਵਿਖਾਈ ਦਿੰਦੇ ਹੋਣ, ਭਾਵੇਂ ਉਸ ਦੀ ਅੱਖਾਂ ਅੱਗੇ ਕੋਈ ਪਰਦਾ ਵੀ ਹੋਵੇ। [91]

**ਰੱਬ ਅਤੇ ਇਸ ਤੱਕ ਪਹੁੰਚਣ ਵਾਲਾ:** ਰੱਬ ਆਰਿਫਾਂ ਦੇ ਦਿਲਾਂ ਵਿਚ ਵਸੇਰਾ ਕਰੀ ਬੈਠਾ ਹੈ ਕਿਉਂਕਿ ਉਨ੍ਹਾਂ ਦੇ ਦਿਲ ਕਿਸੇ ਗੰਦੇ ਖਿਆਲਾਂ ਤੋਂ ਪਾਕ ਹੈ। ਉਨ੍ਹਾਂ ਦਾ ਦਿਲ ਸ਼ੀਸ਼ੇ ਵਾਂਗ ਚਮਕਦਾ ਹੈ, ਜਿਵੇਂ ਸ਼ੀਸ਼ੇ ਤੇ ਰਤਾ ਕੁ ਚੀਜ਼ ਵੀ ਦੂਰੋਂ ਵਿਖਾਈ ਦਿੰਦੀ ਹੈ, ਇਸੇ ਤਰ੍ਹਾਂ ਇਨ੍ਹਾਂ ਦੇ ਦਿਲ ਰੱਬ ਦੀ ਗੱਲ ਜਾਂ ਮੁਹੱਬਤ ਨੂੰ ਦੂਰੋਂ ਹੀ ਮਨਜ਼ੂਰ ਕਰ ਲੈਂਦੇ ਹਨ। ਜਿਸ ਦਿਲ ਵਿਚੋਂ ਮੈਲ ਕੁਚੈਲ ਦੂਰ ਹੋ ਗਈ, ਉਸੇ ਦਿਨ ਰੱਬ ਦਾ ਨੂਰ ਵਸੇਰਾ ਕਰ ਲਵੇਗਾ। ਇਹ ਤਾਂ ਸ਼ੀਸ਼ੇ ਵਾਂਗ ਸਾਫ ਰਹਿਣਾ ਚਾਹੀਦਾ ਹੈ ਜਿਵੇਂ ਅੱਖ ਹੋਰ ਚੀਜ਼ਾਂ ਨੂੰ ਤਾਂ ਹੀ ਵੇਖੇਗੀ, ਜੇਕਰ ਸਾਫ ਹੋਵੇਗੀ। ਰੱਬ ਉਸਨੂੰ ਯਾਦ ਕਰਨ ਵਾਲਿਆਂ ਦੇ ਨੇੜੇ ਰਹਿੰਦਾ ਹੈ ਪਰ ਉਸ ਦੇ

---

90 ਗੁਰੂ ਗ੍ਰੰਥ ਸਾਹਿਬ, ਪੰਨਾ 289.
91 ਦੀਵਾਨੇ ਹਾਫਿਜ਼, ਪੰਨਾ 370

ਗਾਫਿਲਾਂ ਤੋਂ ਦੂਰ। ਜਿਸ ਨੇ ਹੱਕ ਦਾ ਰਾਹ ਅਖਤਿਆਰ ਕਰ ਲਿਆ, ਉਸ ਨੇ ਰੱਬ ਨੂੰ ਪ੍ਰਾਪਤ ਕਰ ਲਿਆ।

ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਜਿਸ ਮਨੁੱਖ ਦੇ ਦਿਲ ਵਿਚ ਰੱਬ ਦਾ ਸ਼ੋਕ ਹੈ, ਉਸ ਦਾ ਇਸ ਜਹਾਨ ਵਿਚ ਆਉਣਾ ਕਾਮਯਾਬੀ ਦਾ ਕਾਰਨ ਬਣਦਾ ਹੈ।

ਸਫਲ ਜੀਵਨੁ ਸਫਲੁ ਤਾ ਕਾ ਸੰਗੁ॥
ਜਾ ਕੈ ਮਨਿ ਲਾਗਾ ਹਰਿ ਰੰਗੁ॥[92]

ਐ ਬੰਦਿਆ ਮੁੜ ਆ, ਮੁੜ ਆ, ਮੁੜ ਆ। ਜੋ ਕੁਝ ਵੀ ਤੂੰ ਹੈ ਹੁਣ ਵੀ ਮੁੜ ਆ। ਜੇਕਰ ਤੈਥੋਂ ਬਹੁਤ ਪਾਪ ਹੋ ਗਏ ਹਨ ਤਾਂ ਵੀ ਮੁੜ ਆ। ਇਹ ਦਰਬਾਰ ਨਾ ਉਮੀਦੀ ਵਾਲਾ ਨਹੀਂ ਹੈ, ਜੇਕਰ ਸੌ ਬਾਰੀ ਤੌਬਾ ਵੀ ਤੋੜ ਦਿੱਤੀ ਤਾਂ ਵੀ ਮੁੜ ਆ। ਉਹ ਤਾਂ ਬਖਸ਼ਣਹਾਰ ਹੈ ਅਤੇ ਰਹਿਮ ਫਰਮਾਉਣ ਵਾਲਾ ਹੈ। [93]

**ਰੱਬ ਦੇ ਬੰਦੇ**: ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਰੱਬ ਦੇ ਬੰਦੇ ਅਸਲ ਵਿਚ ਇੱਕ ਹੀ ਹਨ।

ਨਾਨਕ ਪ੍ਰਭ ਜਨੁ ਏਕੋ ਜਾਨੁ॥[94]

ਗੋਯਾ ਲਿਖਦੇ ਹਨ ਕਿ ਹਰ ਸਮੇਂ ਰੱਬ ਆਪਣੇ ਬੰਦਿਆਂ ਦੇ ਰੂਪ ਵਿਚ ਜ਼ਾਹਿਰ ਹੁੰਦਾ ਹੈ, ਪਰ ਆਮ ਇਨਸਾਨ ਰੱਬ ਦੇ ਨਾਲ ਇਸ਼ਕ ਹੋਣ ਕਰਕੇ ਪਛਾਣ ਨਹੀਂ ਸਕਿਆ। ਆਪਣੇ ਰਹਿਬਰ ਤੋਂ ਦੂਰ ਭੱਜਦਾ ਹੈ। ਜੇਕਰ ਤੂੰ ਉਸ ਨੂੰ ਵੇਖਣ ਦੀ ਅੱਖ ਰੱਖਦਾ ਹੈ, ਉਹ ਤਾਂ ਬੰਦਿਆਂ ਦੇ ਰੂਪ ਵਿਚ ਰੱਬ ਬਣ ਕੇ ਆਉਂਦਾ ਹੈ।

ਦੀਦਾਰੇ ਯਾਰ ਆਜ ਹੀ ਹੋ ਜਾਏ ਤੁਝਕੋ ਮਹਿਰ,
ਯੇ ਸ਼ਰਤ ਹੈ ਕਿ ਆਗ ਹੈ ਦਿਲ ਮੇ ਲਗੀ।[95]

**ਰੱਬ ਦੇ ਰਾਹ ਵਿਚ ਮਿਟਣਾ:** ਜਿਹੜਾ ਇਨਸਾਨ ਆਪਣੇ ਆਪ ਨੂੰ ਰੱਬ ਦੇ ਰਾਹ ਵਿਚ ਮਿਟਾ ਦਿੰਦਾ ਹੈ, ਸਮਝੋ ਉਸਨੇ ਰੱਬ ਨੂੰ ਪਾ ਲਿਆ।

**ਮੁਰਸ਼ਿਦੇ ਕਾਮਿਲ:** ਗੋਯਾ ਮੁਰਸ਼ਿਦ-ਏ-ਕਾਮਿਲ ਦੀ ਜ਼ਰੂਰਤ ਅਤੇ ਮਹੱਤਤਾ ਦਿੰਦਿਆਂ ਲਿਖਦੇ ਹਨ ਕਿ ਐ ਮਨੁੱਖ ! ਤੂੰ ਆਪਣੀ ਜ਼ਿੰਦਗੀ ਨੂੰ ਬਰਬਾਦ ਨਾ ਕਰ। ਇਸ ਵੀਰਾਨੇ

---

92 ਗੁਰੂ ਗ੍ਰੰਥ ਸਾਹਿਬ, ਪੰਨਾ 295.
93 ਰੁਬਾਈਆਤ ਅਬੂਸਈਦ ਅਬੂਅਲ ਖੈਰ, ਪੰਨਾ 9.
94 ਗੁਰੂ ਗ੍ਰੰਥ ਸਾਹਿਬ, ਪੰਨਾ 282.
95 ਉਹੀ।

ਵਿਚ ਕੋਈ ਹੋਰ ਵਸੇਰਾ ਕੀਤੇ ਹੋਏ ਹੈ। ਤੈਨੂੰ ਮੁਰਸ਼ਿਦ ਕਾਮਿਲ ਨਜ਼ਰੀਂ ਨਹੀਂ ਆਉਂਦਾ, ਜੇਕਰ ਤੇਰਾ ਰੰਜੀਦਾ ਹੈ ਤਾਂ ਇਸ ਨੂੰ ਹਮੇਸ਼ਾ ਖੁਸ਼ ਰੱਖ। ਭਾਵ ਮਨੁੱਖੀ ਜੀਵਨ ਕੀਮਤੀ ਸਰਮਾਇਆ ਹੈ ਜਿਹੜਾ ਬਰਬਾਦ ਹੋ ਰਿਹਾ ਹੈ, ਇਸ ਨੂੰ ਰੱਬ ਦੀ ਯਾਦ ਵਿਚ ਕਿਉਂ ਨਹੀਂ ਲਾਇਆ ਜਾ ਸਕਦਾ। ਇਹ ਉਜੜਿਆ ਹੋਇਆ ਘਰ ਕਿਵੇਂ ਅਬਾਦ ਹੋ ਸਕਦਾ ਹੈ। ਆਪ ਹੀ ਜਵਾਬ ਦਿੰਦੇ ਹਨ। ਜਦੋਂ ਤੱਕ ਮੁਰਸ਼ਿਦ-ਏ-ਕਾਮਿਲ ਤਲਾਸ਼ ਨਹੀਂ ਕਰ ਲੈਂਦਾ, ਉਦੋਂ ਤੱਕ ਇਹ ਗਮਗੀਨ ਦਿਲ ਕਿਵੇਂ ਖੁਸ਼ ਹੋ ਸਕਦਾ ਹੈ।

**ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:**

> ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ॥
> ਸਤਿਗੁਰੁ ਹੋਇ ਦਇਆਲੁ ਤਾ ਸਚਿ ਸਮਾਈਐ।[96]

ਭਾਵ ਮੁਰਸ਼ਿਦ-ਏ-ਕਾਮਿਲ ਨੂੰ ਪ੍ਰਾਪਤ ਕਰਨ ਨਾਲ ਹੀ ਰੱਬ ਮਿਲੇਗਾ।

ਪੀਰ ਦੀ ਅਹਿਮੀਅਤ ਦਰਸਾਉਂਦਿਆਂ ਲਿਖਿਆ ਮਿਲਦਾ ਹੈ- ਇਸ ਜ਼ਿੰਦਗੀ ਦੇ ਸਫਰ ਨੂੰ ਪੀਰ ਤੋਂ ਬਗੈਰ ਨਹੀਂ ਕਰਨਾ ਚਾਹੀਦਾ। ਇਹ ਸਫਰ ਤਾਂ ਪ੍ਰੇਸ਼ਾਨੀਆਂ ਅਤੇ ਦੁੱਖ ਤਕਲੀਫਾਂ ਨਾਲ ਭਰਿਆ ਹੋਇਆ ਹੈ। ਅੱਗੇ ਲਿਖਦੇ ਹਨ ਕਿ ਮਨੁੱਖ ਨੂੰ ਉਸਦੀ ਯਾਦ ਵਿਚ ਸਮਾਂ ਗੁਜ਼ਾਰਨਾ ਚਾਹੀਦਾ ਹੈ ਜਦੋਂ ਉਸ ਦੀ ਯਾਦ ਮਿਲ ਗਈ ਤਾਂ ਸਮਝੋ ਯਾਰ ਮਿਲ ਗਿਆ। ਹਰੇਕ ਚਾਹੁੰਦਾ ਹੈ ਕਿ ਰੱਬ ਦੇ ਨੇੜੇ ਹੋ ਜਾਵਾਂ, ਤਾਂ ਤੈਨੂੰ ਰੱਬ ਦੇ ਨੇਕ ਬੰਦਿਆਂ ਕੋਲ ਆਪਣਾ ਸਮਾਂ ਗੁਜ਼ਾਰਨਾ ਚਾਹੀਦਾ ਹੈ। ਰੱਬ ਨੂੰ ਪ੍ਰਾਪਤ ਕਰਨ ਲਈ ਸਹੀ ਮੁਰਸ਼ਿਦ-ਏ-ਕਾਮਿਲ ਦੀ ਤਲਾਸ਼ ਜ਼ਰੂਰੀ ਹੈ। ਉਸ ਦੀ ਪਾਕ ਜ਼ਾਤ ਤਾਂ ਜ਼ਾਹਿਰ ਹੈ, ਇਸ ਨੂੰ ਹੋਰਾਂ ਵਿਚ ਕਿਉਂ ਤਲਾਸ਼ ਕਰਦੇ ਹੋ, ਤੇਰੇ ਅੰਦਰ ਖੁਦ ਮੌਜੂਦ ਹੈ। ਇਸ ਲਈ ਗੋਯਾ ਨੇ ਆਪਣੇ ਮੁਰਸ਼ਿਦ ਦੀ ਗੁਲਾਮੀ ਅਖਤਿਆਰ ਕਰ ਲਈ ਹੈ। ਇਸ ਕੰਮ ਲਈ ਕੋਈ ਗਵਾਹੀ ਦੀ ਜ਼ਰੂਰਤ ਨਹੀਂ ਹੈ।

**ਰੱਬ ਦੀ ਯਾਦ:** ਇਨਸਾਨ ਦਾ ਇਸ ਦੁਨੀਆਂ ਵਿਚ ਆਉਣ ਦਾ ਮੰਤਵ ਉਸ ਦੀ ਯਾਦ ਕਰਨਾ ਹੈ। ਜੇਕਰ ਮਨੁੱਖ ਨੇ ਇਸ ਕੀਮਤੀ ਉਮਰ ਨੂੰ ਰੱਬ ਦੀ ਯਾਦ ਵਿਚ ਗੁਜ਼ਾਰ ਦਿੱਤਾ ਤਾਂ ਉਸ ਨੇ ਜ਼ਿੰਦਗੀ ਦੇ ਮੰਤਵ ਨੂੰ ਪਾ ਲਿਆ। ਜੇਕਰ ਉਮਰ ਲਾਪਰਵਾਹੀ ਅਤੇ ਗਫਲਤ ਵਿਚ ਗੁਜ਼ਾਰ ਦਿੱਤੀ ਤਾਂ ਉਸਨੂੰ ਪ੍ਰਲੋਕ ਵਿਚ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਵੇਗਾ।

---

[96] ਗੁਰੂ ਗ੍ਰੰਥ ਸਾਹਿਬ, ਪੰਨਾ 149.

ਤੂੰ ਤਾਂ ਅੱਖੋਂ ਅੰਨਾ ਹੈ ਤੈਨੂੰ ਹੱਕ ਵਿਖਾਈ ਨਹੀਂ ਦਿੰਦਾ, ਤੂੰ ਇਸ ਕੀਮਤੀ ਸਰਮਾਏ ਨੂੰ ਸੁਸਤੀ ਤੇ ਲਾਪਰਵਾਹੀ ਵਿਚ ਲੰਘਾ ਦਿੱਤਾ ਹੈ। ਅਫਸੋਸ ਇਸ ਗੱਲ ਤੇ ਹੈ ਕਿ ਤੂੰ ਚੰਗੇ ਕੰਮ ਕਿਉਂ ਨਹੀਂ ਕਰਦਾ। ਹਰ ਜਾਣ ਵਾਲਾ ਬਗੈਰ ਸੱਚਾ ਇਸ਼ਕ ਕੀਤੇ ਕਿਉਂ ਜਾ ਰਿਹਾ ਹੈ। ਉੱਥੇ ਰੱਬ ਅੱਗੇ ਸ਼ਰਮਿੰਦਗੀ ਝੱਲਣੀ ਪਵੇਗੀ।

ਕੰਨ ਉਹ ਚੰਗਾ ਹੈ ਜਿਹੜਾ ਹੱਕ ਸੱਚ ਦੀ ਗੱਲ ਸੁਣੇ, ਅੱਖ ਉਹ ਚੰਗੀ ਹੈ ਜਿਹੜੇ ਆਪਣੇ ਸੱਚੇ ਆਸ਼ਿਕ ਨੂੰ ਵੇਖੇ। ਗੋਯਾ ਲਿਖਦੇ ਹਨ ਕਿ ਮੈਂ ਤਾਂ ਆਪਣੇ ਜ਼ਿੰਦਗੀ ਦੇ ਮੰਤਵ ਨੂੰ ਪਾ ਲਿਆ, ਭਾਵ ਆਪਣੇ ਜੀਵਨ ਨੂੰ ਰੱਬ ਦੀ ਯਾਦ ਲਈ ਸਮਰਪਿਤ ਕਰ ਦਿੱਤਾ ਹੈ।

ਮੈਂ ਆਪਣੀ ਜ਼ਿੰਦਗੀ ਵਿਚ ਤਿੰਨ ਚੀਜ਼ਾਂ ਨੂੰ ਪ੍ਰਾਪਤ ਕੀਤਾ ਹੈ, ਤਿੰਨ ਹਿੱਸਿਆਂ ਵਿਚ ਵੰਡਿਆ ਹੈ, ਬਚਪਨ, ਜਵਾਨੀ ਅਤੇ ਬੁਢਾਪਾ। ਰੱਬ ਤਾਂ ਆਪਣੇ ਆਪ ਵਿਚ ਇਕ ਲਿਖਤ ਹੈ, ਉਸ ਨੂੰ ਪੜ੍ਹ ਕੇ ਜ਼ਿੰਦਗੀ ਦੀ ਗੱਡੀ ਨੂੰ ਪਟੜੀ ਤੇ ਗੁਜ਼ਾਰਨਾ ਚਾਹੀਦਾ ਹੈ। ਜੋ ਕੋਈ ਉਸ ਨੂੰ ਪਾ ਲੈਂਦਾ ਹੈ ਉਸ ਨੂੰ ਮਾਫ ਕਰ ਦਿੰਦਾ ਹੈ। ਦਿਲ ਵਿਚ ਉਸ ਸੱਚੇ ਤੋਂ ਇਲਾਵਾ ਕਿਸੇ ਹੋਰ ਦਾ ਬਸੇਰਾ ਨਹੀਂ ਕਰਨਾ ਚਾਹੀਦਾ।

**ਖੁਦੀ (ਆਪਾ):** ਗੋਯਾ ਖੁਦੀ ਨੂੰ ਸਭ ਤੋਂ ਵੱਡੀ ਮੁਸੀਬਤ ਕਹਿੰਦੇ ਹਨ ਕਿ ਜਦੋਂ ਤੱਕ ਮਨੁੱਖ ਖੁਦੀ ਨੂੰ ਖਤਮ ਨਹੀਂ ਕਰਦਾ ਉਦੋਂ ਤੱਕ ਰੱਬ ਨੂੰ ਹਾਸਿਲ ਨਹੀਂ ਕਰ ਸਕਦਾ। ਰੱਬ ਨੂੰ ਪ੍ਰਾਪਤ ਕਰਨ ਦਾ ਢੰਗ ਉਸ ਸੱਚੇ ਮਾਲਿਕ ਨੂੰ ਪਛਾਣ ਲੈਣਾ ਹੈ, ਜਿਸ ਨੂੰ ਮਨੁੱਖ ਉਸ ਸੱਚੇ ਪਾਤਸ਼ਾਹ ਦੇ ਨੇੜੇ ਪਹੁੰਚ ਜਾਵੇਗਾ। ਆਪਣੇ ਆਪ ਨੂੰ ਮਿਟਾ ਦੇਣਾ, ਆਪਣੀ ਹੋਂਦ ਦਾ ਅਹਿਸਾਸ ਖਤਮ ਕਰ ਦੇਣਾ ਹੀ ਰੱਬ ਨੂੰ ਪ੍ਰਾਪਤ ਕਰਨਾ ਹੈ।

**ਦਸਤੂਰੁਲ ਇਨਸ਼ਾ:** ਦਸਤੂਰੁਲ ਇਨਸ਼ਾ ਭਾਈ ਨੰਦ ਲਾਲ ਗੋਯਾ ਦੇ ਲਿਖੇ ਪੱਤਰਾਂ ਦਾ ਇਕ ਸੰਗ੍ਰਹਿ ਹੈ। ਜਿਹੜੇ ਇਨ੍ਹਾਂ ਨੇ ਸਮੇਂ-ਸਮੇਂ ਤੇ ਆਪਣੇ ਨਜਦੀਕੀ ਮਿੱਤਰਾਂ ਨੂੰ ਲਿਖੇ ਸਨ, ਜਿਸ ਨਾਲ ਆਪਣੇ ਸ਼ਾਗਿਰਦਾਂ ਨੂੰ ਪੱਤਰ ਲਿਖਣ ਦਾ ਢੰਗ ਸਿਖਾਉਣਾ ਸੀ। ਇਸ ਲਿਖਤ ਨੂੰ ਹੇਠ ਲਿਖੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ-

1. ਸਰਕਾਰੀ ਅਤੇ ਗੈਰ-ਸਰਕਾਰੀ ਪੱਤਰ।
2. ਸ਼ੋਕ ਸੰਬੰਧੀ ਲਿਖੇ ਗਏ ਪੱਤਰ।
3. ਰੱਬ ਦੇ ਵਿਸ਼ੇਸ਼ ਵਾਚਕ ਨਾਂ ਅਤੇ ਸਿਫਤ-ਸਲਾਹ।
4. ਅਰਜ਼ਦਾਸ਼ਤ (ਦੁਆ ਭਾਵ ਅਰਦਾਸ)।

**ਸਰਕਾਰੀ ਅਤੇ ਗੈਰ-ਸਰਕਾਰੀ ਪੱਤਰ:** ਇਨ੍ਹਾਂ ਪੱਤਰਾਂ ਦੇ ਪੜ੍ਹਨ ਤੋਂ ਬਾਅਦ ਪਤਾ ਚੱਲਦਾ ਹੈ ਕਿ ਉਸ ਸਮੇਂ ਭਾਵ 17ਵੀਂ ਸਦੀ ਵਿਚ ਪੱਤਰਾਂ ਦੇ ਸ਼ੁਰੂ ਵਿਚ ਜਿਸ ਨੂੰ ਪੱਤਰ ਲਿਖਿਆ ਜਾ ਰਿਹਾ ਸੀ, ਉਸ ਲਈ ਲੰਬੇ ਚੌੜੇ ਅਲਕਾਬ (ਸਨਮਾਨ ਵਜੋਂ ਸ਼ਬਦ) ਲਿਖੇ ਜਾਂਦੇ ਸਨ ਜਿਵੇਂ ਕਿ ਇਕ ਪੱਤਰ ਦੀ ਸ਼ੁਰੂਆਤ ਤੋਂ ਪਤਾ ਚੱਲਦਾ ਹੈ:

> ਸਭ ਤੋਂ ਪਹਿਲਾਂ ਉਸ ਮਾਲਕ ਦੀ ਤਾਰੀਫ ਕਰਨੀ ਬਣਦੀ ਹੈ ਜੋ ਉੱਚੇ ਰੁਤਬੇ ਵਾਲਾ, ਸੁਭਾਗਾ, ਜਾਨ ਤੋਂ ਪਿਆਰਾ, ਅੱਖਾਂ ਦੀ ਰੌਸ਼ਨੀ, ਹਕੂਮਤ ਵਾਲਾ, ਜ਼ਿਆਦਾ ਦੇਰ ਤੱਕ ਰਹਿਣ ਵਾਲਾ, ਹਮੇਸ਼ਾਂ ਦੀ ਪਾਤਸ਼ਾਹੀ ਪਾਉਣ ਵਾਲਾ, ਸੁਰੱਖਿਅਤ ਰਹਿਣ ਵਾਲਾ, ਹਮੇਸ਼ਾ ਖੁਸ਼ ਰਹਿਣ ਵਾਲਾ, ਸਭ ਦੇ ਭੇਦਾਂ ਨੂੰ ਜਾਣਨ ਵਾਲਾ, ਗੱਲਾਂ ਸਮਝਣ ਵਾਲਾ ਹੈ, ਜੇਕਰ ਗੁੱਸੇ ਹੋ ਜਾਵੇ ਤਾਂ ਮਿਹਰਬਾਨੀਆਂ ਕਾਰਨ ਸੁਭਾਅ ਵਿਚ ਨਰਮੀ ਆ ਜਾਵੇ। ਤੇਰੀ ਸਰਦਾਰੀ ਹਮੇਸ਼ਾ ਚੜ੍ਹਦੀਕਲਾ ਵਿਚ ਰਹੇ।

ਇਸ ਤਰ੍ਹਾਂ ਦੇ ਸਨਮਾਨ ਲਈ ਸ਼ਬਦਾਂ ਨੂੰ ਪਸੰਦ ਕੀਤਾ ਜਾਂਦਾ ਸੀ। ਜੇਕਰ ਕਿਸੇ ਹਾਕਮ ਨੂੰ ਸਰਕਾਰ ਵੱਲੋਂ ਕੋਈ ਪੱਤਰ ਜਾਂ ਪਰਵਾਨਾ ਇਨ੍ਹਾਂ ਸ਼ਬਦਾਂ ਵਿਚ ਮਿਲ ਜਾਂਦਾ ਸੀ ਤਾਂ ਉਹ ਇਸ ਗੱਲ ਦਾ ਸ਼ਿਕਵਾ ਕਰਦੇ ਸਨ। ਇਸ ਪੱਤਰ ਤੋਂ ਪਤਾ ਚੱਲਦਾ ਹੈ ਕਿ ਦਰਬਾਰ ਦੇ ਮੁਨਸ਼ੀਆਂ ਦੇ ਖਿਲਾਫ਼ ਇਹ ਸ਼ਿਕਾਇਤ ਭੇਜੀ ਗਈ ਕਿ ਉਨ੍ਹਾਂ ਨੇ ਪਰਵਾਨੇ ਵਿਚ ਅਲਕਾਬ ਨਹੀਂ ਲਿਖੇ। ਇਸ ਸ਼ਿਕਾਇਤ ਦਾ ਜਵਾਬ ਦਫ਼ਤਰ ਵਾਲਿਆਂ ਦੇ ਅਹੁਦੇ ਨੂੰ ਇੰਜ ਸਪੱਸ਼ਟ ਕੀਤਾ ਗਿਆ:

1. ਮੁਨਸ਼ੀ ਪੱਤਰ ਲਿਖਦੇ ਸਮੇਂ ਹਰੇਕ ਵਾਕ ਵਿਚ ਅਲਕਾਬ ਲਿਖਦੇ ਸਨ। ਨਵਾਬ ਸਾਹਿਬ ਦੇ ਆਪਣੇ ਸੇਵਕ ਦੂਜੇ ਵਾਕ ਨੂੰ ਕੱਟ ਦਿੰਦੇ ਸਨ। ਇਸ ਲਿਖਤ ਵਿਚ ਮੁਨਸ਼ੀਆਂ ਵੱਲੋਂ ਕੋਈ ਕਮੀ ਨਹੀਂ ਛੱਡੀ ਜਾਂਦੀ ਸੀ।
2. ਨਵਾਬ ਮੁਲਤਾਨ ਦੇ ਦਰਬਾਰ ਵਿਚੋਂ ਕੁਝ ਲਿਖਤਾਂ ਲੈਣਾ, ਐਨਾ ਆਸਾਨ ਨਹੀਂ ਸੀ। ਕਿਸੇ ਨੂੰ ਖਾਸ ਮੰਤਵ ਦੇ ਤਹਿਤ ਮਿਲਣ ਤੋਂ ਬਾਅਦ ਲਿਖਾ ਦਿੱਤੀ ਜਾਂਦੀ ਸੀ। ਇਸ ਲਿਖਤ ਨੂੰ ਬਹੁਤ ਵੱਡਮੁੱਲਾ ਸਮਝਿਆ ਜਾਂਦਾ ਸੀ। ਇਸ ਪੱਤਰ ਵਿਚ ਗੋਯਾ ਇਸ ਤਰ੍ਹਾਂ ਇਸ਼ਾਰਾ ਕਰਦਾ ਹੈ:

ਲਿਖਤ ਲਈ ਮਹਿਤਾ ਅਤੇ ਲੋਮਲ ਕਹਿੰਦੇ ਹਨ ਕਿ ਇਸ ਕੱਪੜੇ ਦੇ ਟੁਕੜੇ ਨੂੰ ਹਾਥੀ ਦੇ ਸਮਾਨ ਸਮਝਿਆ ਜਾਂਦਾ ਸੀ। ਸੰਖੇਪ ਵਿਚ ਬਹੁਤ ਸੰਘਰਸ਼ ਤੋਂ ਬਾਅਦ ਇਹ ਗੱਲ ਸਾਹਮਣੇ ਆਉਂਦੀ ਸੀ।

3. ਫੌਜ਼ਦਾਰੀ ਦਾ ਕੰਮ ਠੇਕੇਦਾਰੀ ’ਤੇ ਦਿੱਤਾ ਜਾਂਦਾ ਸੀ। ਠੇਕੇ ਦੀ ਰਕਮ ਬਗੈਰ ਕਿਸ਼ਤਾਂ ’ਚੋਂ ਲੈਣ ਨੂੰ ਤਰਜੀਹ ਦਿੱਤੀ ਜਾਂਦੀ ਸੀ ਜਿਵੇਂ ਕਿ ਹੇਠ ਲਿਖੀ ਲਿਖਤ ਤੋਂ ਪਤਾ ਚੱਲਦਾ ਹੈ:

   ਜਦੋਂ ਕੋਈ ਕਿਸਾਨ ਫੌਜਦਾਰੀ ਦੇ ਠੇਕੇ ਲਈ ਰੋਜ਼ਗਾਰ ਤਲਾਸ਼ ਕਰਨ ਦੇ ਬਹਾਨੇ ਭਾਲਦੇ ਸਨ। ਇਸ ਸਾਰੀ ਗੱਲਬਾਤ ਨੂੰ ਕਾਗਜ਼ ਤੇ ਲਿਆ ਜਾਂਦਾ ਸੀ ਕਿ ਕਿਸ ਹਿਸਾਬ ਨਾਲ ਠੇਕੇਦਾਰੀ ਦਿੱਤੀ ਜਾਵੇਗੀ ਅਤੇ ਇਹ ਹਜ਼ੂਰ ਦੀ ਮਨਸ਼ਾ ਅਨੁਸਾਰ ਬਗੈਰ ਕਿਸ਼ਤਾਂ ਤੋਂ ਦਿੱਤੀ ਜਾਂਦੀ ਸੀ; ਜੇਕਰ ਕੋਈ ਕਿਸ਼ਤ ਰਹਿ ਜਾਂਦੀ ਜਾਂ ਟੁੱਟ ਜਾਂਦੀ ਸੀ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਸੀ।

4. ਕਿਸੇ ਸਰਕਾਰੀ ਦਫ਼ਤਰ ਜਾਂ ਰਾਜਧਾਨੀ ਵਿਚ ਕੰਮ ਕਰਨ ਵਾਲੇ ਬੰਦਿਆਂ ਨੂੰ ਪੰਦਰਾਂ ਰੁਪਏ ਤੋਂ ਅਠਾਰਾਂ ਰੁਪਏ ਤੱਕ ਤਨਖਾਹ ਦਿੱਤੀ ਜਾਂਦੀ ਸੀ। ਉਸ ਨੂੰ ਉਸ ਤਨਖਾਹ ਵਿਚੋਂ ਇਕ ਆਦਮੀ ਨੂੰ ਸਹਾਇਤਾ ਕਰਨ ਲਈ ਨੌਕਰ ਰੱਖਿਆ ਜਾਂਦਾ ਸੀ। ਜੇਕਰ ਨੁਮਾਇੰਦੇ ਨੂੰ ਕਿਸੇ ਜ਼ਰੂਰੀ ਕੰਮ ਕਰਕੇ ਬਾਹਰ ਜਾਣਾ ਪੈ ਜਾਂਦਾ ਸੀ ਤਾਂ ਉਸ ਦੀ ਮਦਦ ਵਜੋਂ ਡਿਊਟੀ ਨਿਭਾਉਂਦੇ ਸਨ।

5. ਮਹਿਤਾ ਭਾਵ ਹਿੰਦੂ-ਖੱਤਰੀ ਲੋਕ ਵੀ ਆਪਣੀ ਮਲਕੀਅਤ ਵਿਚ ਫੌਜ਼ੀ ਸਿਪਾਹੀ ਰੱਖੇ ਹੋਏ ਨਵਾਬ ਮੁਲਤਾਨ ਦੀ ਮੁਲਾਜ਼ਮਤ ਕਰਦੇ ਸਨ।

6. ਜ਼ਿੰਮੀਦਾਰਾਂ ਨੂੰ ਤਕਾਵੀ ਦੇ ਤੌਰ ਤੇ ਦਿੱਤੀ ਗਈ ਰਕਮ ਮੁਆਫ਼ ਵੀ ਕਰ ਦਿੱਤੀ ਜਾਂਦੀ ਸੀ।

7. ਉਸ ਸਮੇਂ ਰਸਤੇ ਸੁਰੱਖਿਅਤ ਨਹੀਂ ਸਨ। ਡਾਕੂ ਆਮ ਤੌਰ ਤੇ ਲੋਕਾਂ ਨੂੰ ਲੁੱਟ ਲਿਆ ਕਰਦੇ ਸਨ।

8. ਰਕਮ ਦੀ ਅਦਾਇਗੀ ਹਿੰਦੂਯਾਤ ਦੇ ਰਾਹੀਂ ਕੀਤੀ ਜਾਂਦੀ ਸੀ।

9. ਖਰਬੂਜਾ, ਤਰਬੂਜ ਅਤੇ ਬੈਂਗਣ ਨੂੰ ਤਰਜੀਹ ਦਿੱਤੀ ਜਾਂਦੀ ਸੀ।

10. ਜਾਗੀਰਾਂ ਵੰਡਣ ਸਮੇਂ ਬਹੁਤ ਧਿਆਨ ਰੱਖਿਆ ਜਾਂਦਾ ਸੀ ਕਿ ਕਿਸੇ ਨਾਲ ਜ਼ਿਆਦਤੀ ਨਹੀਂ ਕੀਤੀ ਜਾ ਰਹੀ। ਨਵਾਬ ਆਪ ਇਸ ਗੱਲ ਦੀ ਨਿਗਰਾਨੀ ਕਰਦੇ ਸਨ।

11. ਇਲਾਕਿਆਂ ਦੀ ਅਬਾਦੀ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਸਰਕਾਰੀ ਅਫਸਰਾਂ ਦੇ ਖਿਲਾਫ਼ ਸ਼ਿਕਾਇਤ ਨਵਾਬ ਆਪ ਸੁਣਿਆ ਕਰਦਾ ਸੀ। ਸ਼ਿਕਾਇਤ ਸਰਕਾਰ ਦੇ ਦਰਬਾਰ ਵਿਚ ਪਹੁੰਚਾ ਦਿੰਦੇ ਸਨ। ਉਨ੍ਹਾਂ ਦੇ ਖਿਲਾਫ਼ ਕਾਰਵਾਈ ਕੀਤੀ ਜਾਂਦੀ ਸੀ।

12. ਪਿਆਰਿਆਂ ਦੀਆਂ ਰਸਮਾਂ ਅਦਾ ਕੀਤੀਆਂ ਜਾਂਦੀਆਂ ਸਨ।

13. ਜਾਗੀਰਾਂ ਜ਼ਬਤ ਕਰ ਲਈਆਂ ਜਾਂਦੀਆਂ ਸਨ। ਸਕੇ-ਸੰਬੰਧੀਆਂ ਅਤੇ ਰਿਸ਼ਤੇਦਾਰਾਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਕਿਸੇ ਦਾ ਹੱਕ ਨਹੀਂ ਮਾਰਿਆ ਜਾਂਦਾ ਸੀ। ਜ਼ਰੂਰਤ ਅਨੁਸਾਰ ਸਾਰਿਆਂ ਦਾ ਲਿਹਾਜ਼ ਰੱਖਿਆ ਜਾਂਦਾ ਸੀ।

14. ਦਰਬਾਰੀਆਂ ਨੂੰ ਤੋਹਫਿਆਂ ਨਾਲ ਨਿਵਾਜਿਆ ਜਾਂਦਾ ਸੀ। ਤੋਹਫੇ ਵੀ ਲਿਆਕਤ ਅਨੁਸਾਰ ਦਿੱਤੇ ਜਾਂਦੇ ਸਨ।

15. ਕੋਹਰਲ ਕੌਮ ਦੇ ਲੋਕਾਂ ਨੂੰ ਲਸ਼ਕਰਾਂ ਵਜੋਂ ਜਾਣਿਆ ਜਾਂਦਾ ਸੀ।

16. ਟਕਾ ਭਾਵ ਦੋ ਪੈਸਿਆਂ ਦਾ ਸਿੱਕਾ ਜਾਰੀ ਕੀਤਾ। ਟਕਾ ਨੂੰ ਸਾਦੀ ਭਾਸ਼ਾ ਵਿਚ ਤਨਕਾ ਵੀ ਕਿਹਾ ਜਾਂਦਾ ਸੀ।

17. ਦਫ਼ਤਰੀ ਸਟੇਸ਼ਨਰੀ ਹੈਡ ਆਫਿਸ ਤੋਂ ਛੋਟੇ ਦਫ਼ਤਰਾਂ ਨੂੰ ਭੇਜੀ ਜਾਂਦੀ ਸੀ।

18. ਅਜੋਕੇ ਦੌਰ ਵਾਂਗ ਉਸ ਵੇਲੇ ਵੀ ਦਫ਼ਤਰੀ ਕੰਮ ਕਰਾਉਣ ਲਈ ਕਈ ਦਿਨ ਲੱਗ ਜਾਂਦੇ ਸਨ।

19. ਦਫ਼ਤਰ ਦੇ ਮੁਨਸ਼ੀਆਂ ਦੀ ਤਨਖਾਹ ਦਸ ਰੁਪਏ ਮਹੀਨਾ ਹੁੰਦੀ ਸੀ। ਉਸ ਸਮੇਂ ਵੀ ਅੱਜ ਕੱਲ ਵਾਂਗ ਜ਼ਿਆਦਾ ਪੈਸਿਆਂ ਦਾ ਤਕਾਜ਼ਾ ਕਰਦੇ ਰਹਿੰਦੇ ਸਨ।

20. ਹਜ਼ੂਰੀ ਪੇਸ਼ਕਾਰਾਂ ਦੇ ਮਾਨ ਸਨਮਾਨ ਦਾ ਵਿਸ਼ੇਸ਼ ਤੌਰ ਤੇ ਖਿਆਲ ਰੱਖਿਆ ਜਾਂਦਾ ਸੀ।

21. ਗੰਗਾ ਦੇ ਦਰਸ਼ਨ ਕਰਨ ਲਈ ਲੋਕ ਆਪਣੇ ਨਾਲ ਕੇਸਰ ਲੈ ਕੇ ਆਉਂਦੇ ਸਨ। ਗੰਗਾ ਦੇ ਤੀਰਥ ਸਥਾਨ ਦੇ ਦਰਸ਼ਨ ਲਈ ਸਾਰਿਆਂ ਨੂੰ ਕਿਹਾ ਜਾਂਦਾ ਸੀ। ਸ਼ਰਧਾਲੂ ਵਾਪਸੀ 'ਤੇ ਆਪਣੇ ਨਾਲ ਸੌਗਾਤ ਵਜੋਂ ਕੇਸਰ ਲੈ ਕੇ ਆਉਂਦੇ ਸਨ।

**ਅ) ਸੋਕ ਪੱਤਰ:** ਦਸਤੁਰੁਲ ਇਨਸ਼ਾ ਵਿਚ ਭਾਈ ਨੰਦ ਲਾਲ ਨੇ ਅੱਠ ਸ਼ੋਕ ਪੱਤਰ ਦਰਜ ਕੀਤੇ ਹੋਏ ਹਨ, ਜਿਨ੍ਹਾਂ ਵਿਚ ਵੱਖ-ਵੱਖ ਲੋਕਾਂ ਦੀ ਵਫਾਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ। ਹਰੇਕ ਪੱਤਰ ਵਿਚ ਰੱਬ ਦੇ ਡਰ ਅਤੇ ਮਨਸ਼ਾ ਅੱਗੇ ਆਪਣਾ ਸੀਸ ਨਿਵਾਉਣ ਦੀ ਗੱਲ ਆਖੀ ਗਈ ਹੈ। ਪਹਿਲੇ ਪੱਤਰ ਵਿਚ ਮਹਿਤਾ ਦੇ ਮਰਨ ਤੇ ਦੁੱਖ ਦਾ ਇਜ਼ਹਾਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਗਿਆ ਹੈ- ''ਮਹਿਤਾ ਦੇ ਮਰਨ ਤੋਂ ਬਾਅਦ ਇੰਜ ਜਾਪਦਾ ਹੈ ਜਿਵੇਂ ਦੇਸ਼ ਹੀ ਸੁੰਨਾ ਹੋ ਗਿਆ ਹੋਵੇ।" ਇਸ ਪੱਤਰ ਵਿਚ ਆਪ ਦੀਆਂ ਖੂਬੀਆਂ ਦਾ ਜ਼ਿਕਰ ਵਿਸ਼ੇਸ਼ ਤੌਰ ਤੇ ਕਰਦੇ ਹਨ। ਜ਼ਿੰਦਗੀ ਫ਼ਨਾ ਹੋਣ ਵਾਲੀ ਹੈ, ਮੌਤ ਦਾ ਪਿਆਲਾ ਹਰੇਕ ਮਨੁੱਖ ਨੇ ਪੀਣਾ ਹੈ, ਦਾ ਜ਼ਿਕਰ ਕਰਦਿਆਂ ਅੰਤ ਵਿਚ ਸਬਰ ਸੰਤੋਖ ਤੋਂ ਕੰਮ ਲੈਣ ਦੀ ਪ੍ਰੇਰਣਾ ਕਰਦੇ ਹਨ।''

ਇਕ ਸ਼ੋਕ ਪੱਤਰ ਵਿਚ ਖਾਨ ਦੇ ਮਰਨ ਤੇ ਸ਼ੋਕ ਪੱਤਰ ਲਿਖਦਿਆਂ ਰੱਬ ਦੀ ਰਜ਼ਾ ਤੇ ਰਾਜ਼ੀ ਰਹਿਣ ਦਾ ਪੈਗਾਮ ਦਿੰਦੇ ਹਨ।

ਇਸ ਦਿਲ ਕੰਬਾਊ ਗੱਲਾਂ ਤੋਂ ਬਾਅਦ ਦਿਲ ਵਿਚ ਅਜਿਹਾ ਸਦਮਾ ਲੱਗਿਆ ਹੈ ਜਿਸ ਨਾਲ ਤਬੀਅਤ ਨੂੰ ਠੇਸ ਪਹੁੰਚੀ ਹੈ। ਇਸ ਸੰਬੰਧੀ ਰੱਬ ਦੇ ਭਾਣੇ ਅੱਗੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਇਹ ਇਕ ਅਜਿਹੇ ਸਫਰ ਲਈ ਗਏ ਹਨ ਜਿਸ ਤੋਂ ਵਾਪਸ ਨਹੀਂ ਮੁੜਨਗੇ। ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੋਂ ਇਲਾਵਾ ਹੋਰ ਕੁਝ ਨਹੀਂ। ਰੱਬ ਦੀ ਹਰ ਅਦਾ ਵਿਚ ਕਿਸੇ ਨੂੰ ਦਖ਼ਲ ਦੇਣ ਦੀ ਜ਼ੁਰਅਤ ਨਹੀਂ। ਕਿਸੇ ਨਵਾਬ ਦੇ ਮਰਨ ਤੋਂ ਬਾਅਦ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਲਈ ਇਨ੍ਹਾਂ ਸ਼ਬਦਾਂ ਵਿਚ ਨਸੀਹਤ ਕਰਦੇ ਹਨ:

"ਇਸ ਸ਼ੋਕ ਭਰੇ ਮਾਹੌਲ ਵਿਚ ਦਿਲ ਕੁਝ ਵੀ ਕਹਿਣ ਤੋਂ ਗੁਰੇਜ਼ ਕਰਦਾ ਹੈ। ਇਹ ਗੱਲ ਸੁਣ ਕੇ ਦਿਲ ਮੂੰਹ ਨੂੰ ਆਉਂਦਾ ਹੈ ਕਿ ਨਵਾਬ ਸਾਹਿਬ ਅੱਜ ਦੁਨੀਆਂ ਵਿਚ ਨਹੀਂ ਰਹੇ। ਉਹ ਅਜਿਹੇ ਸਫਰ ਲਈ ਰਵਾਨਾ ਹੋ ਗਏ ਹਨ ਜਿਸ ਤੋਂ ਕਦੀ ਵੀ ਵਾਪਸ ਨਹੀਂ ਮੁੜਨਗੇ। ਅਸਲ ਵਿਚ ਇਹ ਦੁਨੀਆਂ ਚਲੋ-ਚਲੀ ਦਾ ਮੇਲਾ ਹੈ। ਹਰੇਕ ਮਨੁੱਖ ਨੇ ਇਸ ਮੇਲੇ ਦੀ ਰੋਣਕ ਤੋਂ ਚਲੇ ਜਾਣਾ ਹੈ। ਤਕਦੀਰ ਦੀ ਲਿਖੀ ਨੂੰ ਕੋਈ ਮਿਟਾ ਨਹੀਂ ਸਕਦਾ।"

ਇਕ ਹੋਰ ਸ਼ੋਕ ਪੱਤਰ ਵਿਚ ਇਸ ਝੂਠ ਦੀ ਨਾ ਪਾਇਦਾਰੀ ਦਾ ਜ਼ਿਕਰ ਕਰਦੇ ਹਨ ਅਤੇ ਰੱਬੀ ਹੁਕਮ ਨੂੰ ਮੰਨਣ ਦੀ ਹਿਦਾਇਤ ਕਰਦੇ ਹਨ।

ਕਿਸੇ ਦੇ ਸਦਾ ਲਈ ਜਾਣ ਦੀ ਖਬਰ ਸੁਣਦਿਆਂ ਦਿਲ ਨੂੰ ਠੇਸ ਲੱਗੀ ਹੈ। ਦਿਲ ਤਾਂ ਸ਼ੋਕਗ੍ਰਸਤ ਹੁੰਦਾ ਹੀ ਹੈ, ਇਸ ਦੁਨੀਆਂ ਦੇ ਮਿਟਣ ਦਾ ਪੈਗਾਮ ਵੀ ਸਿਰ ਚੜ੍ਹ ਬੋਲਦਾ ਹੈ। ਹਰੇਕ ਮਨੁੱਖ ਨੂੰ ਇਸ ਸਫਰ ਲਈ ਜਾਣਾ ਹੈ ਜਿਸ ਲਈ ਤਿਆਰੀ ਜ਼ਰੂਰੀ ਹੈ। ਅੰਤ ਵਿਚ ਉਸ ਮਾਲਕ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਨਾਂ ਹੀ ਸੱਚਾ ਸੁਨੇਹਾ ਹੈ। ਪ੍ਰਧਾਨ ਦੇ ਇਸ ਦੁਨੀਆਂ ਤੋਂ ਜਾਣ ਦੇ ਮੌਕੇ ਤੇ ਵਾਰਸਾਂ ਨੂੰ ਸਬਰ ਸੰਤੋਖ ਤੋਂ ਕੰਮ ਲੈਣ ਲਈ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਲਈ ਮਸ਼ਵਰਾ ਦਿੰਦੇ ਹਨ। ਆਪ ਦੇ ਪ੍ਰਲੋਕ ਪਧਾਰਨ ਤੇ ਹਰ ਅੱਖ ਹੰਝੂ ਕੇਰਦੀ ਹੈ। ਅੰਤ ਵਿਚ ਅਰਦਾਸ ਕਰਦੇ ਹਨ ਕਿ ਰੱਬ ਅਗਲਾ ਸਫਰ ਸਫਲ ਕਰੇ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਮਹਿਫੂਜ ਰੱਖੇ।

ਨਵਾਬ ਦੀ ਮੌਤ ਦੀ ਖਬਰ ਸੁਣਕੇ ਗੋਯਾ ਲਿਖਦੇ ਹਨ ਕਿ ਹੁਣੇ ਮਾਤਾ ਜੀ ਦੇ ਭਰਾਵਾਂ ਦੀ ਜੁਦਾਈ ਦੇ ਦਾਗ਼ ਸਾਫ ਵੀ ਨਹੀਂ ਹੋਏ ਸਨ ਕਿ ਇਕ ਹੋਰ ਭਾਰੀ ਦੁੱਖ ਆ ਪਿਆ। ਇਸ ਦੁੱਖ ਭਰੀ ਘਟਨਾ ਦੀ ਗੱਲ ਸੁਣਕੇ ਬਹੁਤ ਦੁੱਖ ਹੋਇਆ। ਇਹ ਇਕ ਅਜਿਹਾ ਦੁੱਖ ਹੈ ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ, ਜਿਸ ਦਾ ਇਲਾਜ ਸਬਰ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਹੈ। ਇਕ ਹੋਰ ਸ਼ੋਕ ਪੱਤਰ ਵਿਚ ਸਬਰ ਕਰਨ ਅਤੇ ਰੱਬ ਦੇ ਭਾਣੇ ਵਿਚ ਰਾਜ਼ੀ ਰਹਿਣ ਲਈ ਕਹਿੰਦੇ ਹਨ- ਭਾਵੇਂ ਇਹ ਦੁੱਖਦਾਈ ਖਬਰ ਹੈ ਜਿਸ ਨਾਲ ਸੀਨਾ ਫਟਿਆ ਜਾ ਰਿਹਾ ਹੈ। ਭਾਵੇਂ ਜਾਣ ਵਾਲਾ ਇਸ ਮਿਟਣ ਵਾਲੇ ਸੰਸਾਰ ਤੋਂ ਹਮੇਸ਼ਾ ਰਹਿਣ ਵਾਲੇ ਸਫਰ ਵੱਲ ਤੁਰਿਆ ਹੈ ਜੋ ਕਦੀਂ ਵੀ ਇਸ ਜਹਾਨ ਵਿਚ ਨਹੀਂ ਆਵੇਗਾ। ਇਹ ਅਜਿਹਾ ਸਫਰ ਹੈ ਜਿਸ ਨੂੰ ਹਰੇਕ ਜਾਨਦਾਰ ਚੀਜ਼ ਨੇ ਕਰਨਾ ਹੈ। ਦਸਤੁਰੁਲ ਇਨਸ਼ਾ ਵਿਚ ਲਿਖੇ ਇਨ੍ਹਾਂ ਸ਼ੋਕ ਪੱਤਰਾਂ ਵਿਚੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਗੋਯਾ ਦਾ ਯਕੀਨ ਰੱਬ ਦੀ ਰਜ਼ਾ ਨਾਲ ਜੁੜਿਆ ਹੋਇਆ ਸੀ ਜਿਹੜਾ ਹਮੇਸ਼ਾ ਰਹਿਣ ਵਾਲਾ ਹੈ। ਬਾਕੀ ਸਾਰੀਆਂ ਚੀਜ਼ਾਂ ਮਿਟਣ ਵਾਲੀਆਂ ਹਨ। ਮਨੁੱਖ ਨੂੰ ਮਿਟਣ ਵਾਲੀਆਂ ਚੀਜ਼ਾਂ ਨਾਲ ਮੋਹ ਨਹੀਂ ਲਗਾਉਣਾ ਚਾਹੀਦਾ, ਸਗੋਂ ਰੱਬ ਦੀ ਰਜ਼ਾ ਨੂੰ ਹਰ ਪਲ, ਹਰ ਘੜੀ ਮਨਜ਼ੂਰ ਕਰਨਾ ਚਾਹੀਦਾ ਹੈ। ਸ਼ਿਕਾਇਤ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਰੱਬ ਦੀ ਰਜ਼ਾ ਮੰਨ ਲੈਣ ਨਾਲ ਰੱਬ ਆਪਣੀ ਫਜ਼ਲਾਂ ਨਾਲ ਨਿਵਾਜਦਾ ਹੈ।

ਇਨ੍ਹਾਂ ਸ਼ੋਕ ਪੱਤਰਾਂ ਨੂੰ ਲਿਖਣ ਦਾ ਢੰਗ ਲਗਭਗ ਇਕੋ ਜਿਹਾ ਹੈ। ਗੋਯਾ ਨੇ ਉਪਰੋਕਤ ਲਿਖੀਆਂ ਗੱਲਾਂ ਵੱਲ ਧਿਆਨ ਦੇਣ ਲਈ ਪ੍ਰੇਰਿਆ ਹੈ। ਦੁੱਖ ਤਕਲੀਫਾਂ ਵਿਚ ਸਬਰ ਸ਼ੁਕਰ ਕਰਨ ਲਈ ਆਖਿਆ ਹੈ।

**ਰੱਬ ਦੇ ਸਿਫਾਤੀ ਨਾਂ:** ਗੋਯਾ ਨੇ ਦਸਤੁਰੁਲ ਇਨਸ਼ਾ ਵਿਚ ਅਰਦਾਸ ਕਰਦਿਆਂ ਰੱਬ ਦੇ ਹੇਠ ਲਿਖੇ ਸਿਫਾਤੀ ਨਾਵਾਂ ਨਾਲ ਯਾਦ ਕੀਤਾ ਹੈ- ਫਜ਼ਲਾ ਵਾਲਾ, ਮਿਹਰਾਂ ਵਾਲਾ, ਸਭ ਤੋਂ ਉੱਚਾ; ਜਿਸ ਨੂੰ ਜਵਾਲ ਨਹੀਂ, ਇਕੋ ਇਕ, ਕਰਮ ਫਰਮਾਉਣ ਵਾਲਾ, ਰਹਿਮ ਫਰਮਾਉਣ ਵਾਲਾ, ਸਹਾਇਤਾ ਕਰਨ ਵਾਲਾ, ਕਾਇਮ ਰਹਿਣ ਵਾਲਾ, ਸਭ ਤੋਂ ਵਧੀਆ, ਬੇ-ਮਿਸਾਲ, ਮੁਆਫ਼ੀ ਦੇਣ ਵਾਲਾ, ਅਤਾਯਾਂ ਕਰਨ ਵਾਲਾ, ਬੇ-ਨਿਆਜ਼, ਗ਼ਲਤੀਆਂ ਮੁਆਫ਼ ਫਰਮਾਉਣ ਵਾਲਾ, ਪਰਦਾ ਰੱਖਣ ਵਾਲਾ, ਇਕੱਲਾ ਪਾਲਣਹਾਰ, ਸਿਰਜਣਹਾਰ, ਅਕਲਮੰਦ, ਸਖਾਵਤ ਕਰਨ ਵਾਲਾ, ਦਿਆਲੂ, ਕਿਰਪਾਲੂ, ਫਜ਼ਲਾਂ ਵਾਲਾ, ਮਿੱਤਰਾਂ ਵਾਂਗ ਮੁਹੱਬਤ ਕਰਨ ਵਾਲਾ, ਜਿਹੜਾ ਕਿਸੇ ਤੋਂ ਪੈਦਾ ਨਹੀਂ ਹੋਇਆ, ਰਿਜ਼ਕ ਦੇਣ ਵਾਲਾ, ਬੇ-ਮਿਸਾਲ, ਬਖਸ਼ਣਹਾਰ, ਸਦਾ ਰਹਿਣ ਵਾਲਾ, ਖਬਰ ਰੱਖਣ ਵਾਲਾ, ਇਲਮ ਰੱਖਣ ਵਾਲਾ, ਮਦਦ ਕਰਨ ਵਾਲਾ, ਹਿਕਮਤ ਵਾਲਾ, ਹੱਕ ਸੱਚ ਵਾਲਾ, ਕੁਦਰਤਾਂ ਭਰਿਆ ਆਦਿ।

ਰੱਬ ਦੇ ਉਪਰੋਕਤ 84 ਨਾਵਾਂ ਚੋਂ ਸਿਫਾਤੀ ਨਾਂ ਚੁਣ ਕੇ ਭਾਈ ਨੰਦ ਲਾਲ ਗੋਯਾ ਕਹਿੰਦੇ ਹਨ ਕਿ ਐ ਮੇਰੇ ਪਿਆਰੇ ਰੱਬ! ਤੇਰੇ ਨਾਵਾਂ ਦਾ ਸਿਲਸਿਲਾ ਬੇਸ਼ੁਮਾਰ ਹੈ। ਹਰੇਕ ਤੇਰਾ ਬੰਦਾ ਤੇਰੇ ਨਾਵਾਂ ਤੋਂ ਵਾਕਿਫ ਹੈ। ਹਰ ਜ਼ੁਬਾਨ ਹਜ਼ਾਰਾਂ ਵਾਰੀ ਤੇਰਾ ਨਾਂ ਲੈਂਦੀ ਹੈ। ਤੇਰਾ ਨਾਂ ਲੈਣ ਵਾਲਾ ਆਦਮੀ ਵੀ ਇੱਜ਼ਤ ਵਾਲਾ ਬਣ ਜਾਂਦਾ ਹੈ। ਵੱਖ-ਵੱਖ ਨਾਵਾਂ ਨਾਲ ਤੈਨੂੰ ਯਾਦ ਕੀਤਾ ਜਾਂਦਾ ਹੈ, ਪੂਰਬ ਪੱਛਮ ਤੇਰੇ ਗੁਲਾਮ ਹਨ। ਹਿੰਦੋਸਤਾਨ, ਈਰਾਨ ਅਤੇ ਅਰਬੀ ਲੋਕ ਤੇਰੇ ਇਕੋ ਇਕ ਹੋਣ ਵਿਚ ਯਕੀਨ ਰੱਖਦੇ ਹਨ। ਦੁਨੀਆਂ ਨੇ ਅਨੇਕਾਂ ਭਾਸ਼ਾਵਾਂ ਵਿਚ ਤੇਰੇ ਕਈ ਨਾਂ ਰੱਖੇ ਹੋਏ ਹਨ।

ਤੇਰੇ ਨਾਵਾਂ ਦੇ ਅੱਖਰ ਆਪਸ ਵਿਚ ਅਰਥ ਭਰਪੂਰ ਹਨ। ਹਰੇਕ ਪਸ਼ੂ, ਪੰਛੀ, ਜਿੰਨ, ਇਨਸਾਨ ਤੇਰਾ ਨਾਂ ਜੱਪਦੇ ਹਨ। ਐਨਾ ਹੋਣ ਦੇ ਬਾਵਜੂਦ ਵੀ ਤੇਰੇ ਰਸਾਈ ਕਠਿਨ ਤਾਂ ਨਹੀਂ ਪਰ ਅਭਿਆਸ ਮੰਗਦੀ ਹੈ। ਤੇਰਾ ਨਾਂ ਪਾਪੀਆਂ ਲਈ ਸ਼ਾਂਤੀ ਦਾ ਸਬੱਬ ਹੈ। ਸਹੀ ਸਮਝ ਅਤੇ ਸਹੀ ਅੱਖ ਰੱਖਣ ਵਾਲੇ ਤੇਰੀ ਤਲਾਸ਼ ਵਿਚ ਜੁਟੇ ਰਹਿੰਦੇ ਹਨ। ਤੇਰੇ

ਇਨਕਾਰੀ ਵੀ ਤੈਥੋਂ ਮੁਆਫ਼ੀ ਮੰਗਦੇ ਹਨ। ਤੂੰ ਇਨਕਾਰ ਕਰਨ ਵਾਲਿਆਂ ਲਈ ਫਜ਼ਲ ਭਰਿਆ ਅਤੇ ਬੇਵਸ ਲੋਕਾਂ ਦੀ ਸਹਾਇਤਾ ਕਰਨ ਵਾਲਾ ਹੈ।

**ਦਸਤੁਰੁਲ ਇਨਸ਼ਾ ਸੰਬੰਧੀ ਰਾਏ:** ਸ਼ਬਦਾਂ ਦੇ ਲਿਹਾਜ਼ ਨਾਲ ਪਰੋਜ਼ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ- ਮੁਸੱਜਾ, ਮੁਰੱਜਜ਼ ਅਤੇ ਆਰੀ।

**ਮੁਸੱਜਾ–** ਉਹ ਪਰੋਜ਼ ਹੈ ਜਿਸ ਦੇ ਹਰੇਕ ਵਾਕ ਦਾ ਆਖਰੀ ਵਾਕ ਕਾਫ਼ੀਆ ਵਾਲਾ ਹੋਵੇ।

**ਮੁਰੱਜਜ਼–** ਉਸ ਪਰੋਜ਼ ਨੂੰ ਆਖਦੇ ਹਨ, ਜਿਸ ਵਿਚ ਦੋ ਵਾਕਾਂ ਵਿਚ ਇਕੋ ਜਿਹਾ ਵਜ਼ਨ ਅਤੇ ਕਾਫ਼ੀਆ-ਬੰਦੀ ਨਾ ਹੋਵੇ।

**ਆਰੀ–** ਉਹ ਪਰੋਜ਼ ਹੈ ਜਿਹੜੀ ਮੁਸੱਜਾ ਅਤੇ ਮੁਰੱਜਜ਼ ਨਾ ਹੋਵੇ; ਪਰ ਸਾਦਗੀ, ਰਵਾਨਗੀ ਅਤੇ ਡੂੰਘਾਈ ਦੀਆਂ ਸਿਫਤਾਂ ਮੌਜੂਦ ਹੋਣ।

ਦਸਤੁਰੁਲ ਇਨਸ਼ਾ ਦੀ ਪਰੋਜ਼ ਸ਼ਬਦਾਂ ਦੇ ਲਿਹਾਜ਼ ਨਾਲ ਆਰੀ ਹੈ। ਇਨ੍ਹਾਂ ਦੇ ਸ਼ਬਦਾਂ ਵਿਚ ਨਾ ਹੀ ਵਜ਼ਨ ਦੀ ਕੈਦ ਹੈ ਨਾ ਕਾਫ਼ੀਆ-ਬੰਦੀ ਭਾਵ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਆਰੀ ਹੈ ਜਿਸ ਨੂੰ ਨਿਤਪ੍ਰਤੀ ਵਾਲੀ ਭਾਸ਼ਾ ਵੀ ਆਖਦੇ ਹਨ। ਗੋਯਾ ਨੇ ਅਜਿਹੀ ਪਰੋਜ਼ ਦੀਆਂ ਇਕ ਦੋ ਮਿਸਾਲਾਂ ਦੇ ਕੇ ਗੱਲ ਅੱਗੇ ਤੋਰਨ ਦਾ ਯਤਨ ਕੀਤਾ ਹੈ। ਅਰਥਾਂ ਦੇ ਲਿਹਾਜ਼ ਨਾਲ ਇਸ ਦੀਆਂ ਦੋ ਕਿਸਮਾਂ ਹਨ- ਸਲੀਸ ਅਤੇ ਦਕੀਕ। ਸਲੀਸ ਉਹ ਹੈ ਜਿਸ ਦੇ ਅਰਥ ਅਸਾਨੀ ਨਾਲ ਸਮਝੇ ਜਾਣ। ਦਕੀਕ ਉਹ ਹੈ ਜਿਸ ਦੇ ਅਰਥਾਂ ਨੂੰ ਸਮਝਣ ਲਈ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਏ। ਅੱਗੇ ਇਨ੍ਹਾਂ ਦੀਆਂ ਵੀ ਦੋ-ਦੋ ਕਿਸਮਾਂ ਹਨ- ਸਾਦਾ ਅਤੇ ਰੰਗੀਨ।

ਸਾਦਾ ਉਹ ਹੈ ਜਿਸ ਦੇ ਅਰਥ ਨੂੰ ਬਗੈਰ ਕਿਸੇ ਸੰਬੰਧ ਦੇ ਨਿਸਬ ਤੋਂ ਬਿਆਨ ਕੀਤਾ ਜਾ ਸਕਦਾ ਹੈ। ਰੰਗੀਨ ਉਹ ਹੈ ਜਿਸ ਦੇ ਮਤਲਬ ਵਿਚ ਇਕੋ ਤਰ੍ਹਾਂ ਦੇ ਸ਼ਬਦਾਂ ਦੀ ਰਿਆਇਤ ਹੋਵੇ। ਇਸ ਤਰ੍ਹਾਂ ਇਹ ਪਤਾ ਚੱਲਿਆ ਕਿ ਅਰਥਾਂ ਦੇ ਲਿਹਾਜ਼ ਨਾਲ ਪਰੋਜ਼ ਦੀਆਂ ਚਾਰ ਕਿਸਮਾਂ ਹਨ- ਸਲੀਸ ਸਾਦਾ, ਸਲੀਸ ਰੰਗੀਨ, ਦਕੀਕ ਸਾਦਾ, ਦਕੀਕ ਰੰਗੀਨ।

ਅਰਥਾਂ ਦੇ ਲਿਹਾਜ਼ ਨਾਲ ਦਸਤੁਰੁਲ ਇਨਸ਼ਾ ਨੂੰ ਸਲੀਸ ਸਾਦਾ ਵਿਚ ਹੀ ਸ਼ਾਮਿਲ ਕਰਨਾ ਚਾਹੀਦਾ ਹੈ ਕਿਉਂਕਿ ਪੱਤਰਾਂ ਦੀ ਇਬਾਰਤ ਸਾਦਾ ਅਤੇ ਸਲੀਸ ਹੈ। ਮਤਲਬ ਨੂੰ ਪੇਚੀਦਾ ਬਣਾ ਕੇ ਪੇਸ਼ ਕੀਤਾ ਗਿਆ ਅਤੇ ਨਾ ਹੀ ਇਸ ਨੂੰ ਮੁਨਾਸਬ ਦੀ ਰਿਆਇਤ ਦੇ

ਨਾਲ ਬਿਆਨ ਕੀਤਾ ਜਾ ਸਕਦਾ ਹੈ। ਹਰੇਕ ਪਰੋਜ਼ ਵਿਚ ਤਿੰਨ ਤਰ੍ਹਾਂ ਦੀਆਂ ਸਿਫਤਾਂ ਹੋਣੀਆਂ ਚਾਹੀਦੀਆਂ ਹਨ। ਪਹਿਲੀ, ਇਹ ਕਿ ਵਿਦਵਤਾਪੂਰਨ ਨਾ ਹੋਵੇ ਕਿ ਸਮਝਣ ਲਈ ਸ਼ਬਦਕੋਸ਼ਾਂ ਦਾ ਸਹਾਰਾ ਲੈਣਾ ਪਵੇ। ਦੂਜਾ, ਇਹ ਕਿ ਸ਼ਾਇਰਾਨਾ ਅੰਦਾਜ਼ ਹੋਵੇ ਜਿਵੇਂ ਉਪਮਾ ਅਲੰਕਾਰ ਅਤੇ ਹੋਰ ਅਜਿਹੀਆਂ ਸਾਰੀਆਂ ਗੱਲਾਂ ਵਿਚ ਸ਼ਾਇਰਾਨਾ ਖੂਬੀ ਮੌਜੂਦ ਹੋਵੇ ਅਤੇ ਤੀਜਾ ਇਹ ਕਿ ਮੁਨਸ਼ੀਆਨਾ, ਨਿਤਪ੍ਰਤੀ ਅਤੇ ਮੁਹਾਵਰਿਆਂ ਅਨੁਸਾਰ ਹੋਵੇ, ਭਾਵ ਪੂਰਾ ਮਤਲਬ ਅਦਾ ਹੋ ਜਾਵੇ। ਬਾਵਜੂਦ ਫੁੱਲ ਪੱਤੀਆਂ ਨਾ ਹੋਣ। ਦਿਲ ਨੂੰ ਖਿੱਚਣ ਵਾਲੀਆਂ ਚੀਜ਼ਾਂ ਜਾਦੂ ਵਰਗਾ ਅਸਰ ਰੱਖਦੀਆਂ ਹੋਣ।

ਗੋਯਾ ਨੇ ਦਸਤੁਰੁਲ ਇਨਸ਼ਾ ਤੀਜੀ ਕਿਸਮ ਦੀ ਪਰੋਜ਼ ਸਲੀਸ ਸਾਦਾ ਢੰਗ ਅਨੁਸਾਰ ਅਖਤਿਆਰ ਕੀਤਾ ਹੈ। ਇਹ ਤਰਜ਼ ਰੋਜ਼ਾਨਾ ਬੋਲਚਾਲ ਵਾਲੀ ਭਾਸ਼ਾ ਦੇ ਅਨੁਸਾਰ ਹੈ ਕਿ ਪੂਰਾ ਮਤਲਬ ਅਦਾ ਹੋ ਜਾਂਦਾ ਹੈ। ਕਠਿਨ ਤਰਕੀਬਾਂ, ਬੰਦਿਸ਼ਾਂ ਅਤੇ ਅਲੰਕਾਰਾਂ ਤੋਂ ਪ੍ਰਹੇਜ਼ ਕੀਤਾ ਗਿਆ ਹੈ। ਤੀਜੀ ਕਿਸਮ ਹੀ ਪਰੋਜ਼ ਦੀ ਦੁਨੀਆਂ ਵਿਚ ਜ਼ਿਆਦਾ ਪਸੰਦ ਕੀਤੀ ਜਾਂਦੀ ਹੈ।

## IV

## ਨਸਰ (Prose) ਤੌਸੀਫ-ਓ-ਸਨਾ

**ਤੌਸੀਫ-ਓ-ਸਨਾ:** ਜਿਵੇਂ ਕਿ ਉਸ ਦੇ ਨਾਂ ਤੋਂ ਹੀ ਜ਼ਾਹਿਰ ਹੁੰਦਾ ਹੈ ਕਿ ਇਸ ਲਿਖਤ ਦਾ ਵਿਸ਼ਾ ਤੌਸੀਫ-ਓ-ਸਨਾ ਹੈ। ਇਸ ਗੱਦ (ਪਰੋਜ਼) ਵਿਚ ਮੁਰੱਸਾ, ਮੁਸੱਜਾ ਅਤੇ ਮੁਕੱਫਾ ਹੈ। ਇਸ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਸ ਵਿਚ ਇਕ ਹੀ ਅਰਥ ਰੱਖਣ ਵਾਲੇ ਅਰਬੀ-ਫਾਰਸੀ ਅਲਫਾਜ਼ ਅਜਿਹੇ ਢੰਗ ਨਾਲ ਪੇਸ਼ ਕੀਤੇ ਗਏ ਹਨ ਕਿ ਕਿਤਾਬ ਦੀ ਸ਼ਾਨ ਵਿਚ ਵਾਧਾ ਹੋਇਆ ਹੈ। ਇਸ ਨਾਲ ਗੋਯਾ ਦੀ ਲਿਆਕਤ, ਤਹਿਕੀਕੀ ਮਹਾਰਤ, ਨੁਕਤਾ ਦਾਨੀ ਵੇਖ ਕੇ ਮਨੁੱਖ ਹੈਰਾਨ ਰਹਿ ਜਾਂਦਾ ਹੈ ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪ ਸਾਹਿਬ' ਅਤੇ 'ਅਕਾਲ ਉਸਤਤ' ਵਿਚ ਰੱਬ ਲਈ ਦੋ ਅਰਥਾਂ ਵਾਲੇ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਅਰਬੀ-ਫ਼ਾਰਸੀ ਦੇ ਅਲਫਾਜ਼ ਗੋਯਾ ਨੇ ਆਪਣੇ ਮੁਰਸ਼ਿਦੇ-ਕਾਮਿਲ ਸ੍ਰੀ ਗੋਬਿੰਦ ਸਿੰਘ ਜੀ ਦੀ ਤਾਰੀਫ ਲਈ ਪ੍ਰਯੋਗ ਕੀਤੇ ਹਨ ਜੋ ਇਨ੍ਹਾਂ ਦੀ ਕਮਾਲ ਦੀ ਬੇਨਜ਼ੀਰ ਕਿਤਾਬ ਹੈ ਜਿਸ ਵਿਚ ਉੱਚੇ ਖਿਆਲਾਂ ਦਾ ਪ੍ਰਗਟਾਵਾ ਸ਼ਰਧਾ ਅਨੁਸਾਰ ਕੀਤਾ ਗਿਆ ਹੈ।

ਗੋਯਾ ਫਰਮਾਉਂਦੇ ਹਨ ਕਿ ਸਤਿਗੁਰੂ ਦੀ ਤੌਸੀਫ-ਓ-ਸਨਾ ਦਾ ਸਿਲਸਿਲਾ ਅਟੁੱਟ ਹੈ। ਇਸ ਗੱਲ ਨੂੰ ਨਿਵੇਕਲੇ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਪੜ੍ਹਨ ਵਾਲਾ ਇਸ ਨੂੰ ਸ਼ੁਰੂ ਕਰਕੇ ਅੰਤ ਤੱਕ ਖਤਮ ਕਰਨ ਦਾ ਯਤਨ ਕਰੇਗਾ ਜਿਸ ਵਿਚ ਪੇਸ਼ਕਾਰੀ, ਡੂੰਘਾਈ, ਸਰਲਤਾ ਆਪਣੀ ਮਿਸਾਲ ਆਪ ਹੈ। ਅਰਬੀ-ਫ਼ਾਰਸੀ ਦੇ ਸ਼ਬਦਾਂ ਨੇ ਇਸ ਦੀ ਖੂਬਸੂਰਤੀ ਵਿਚ ਹੋਰ ਇਜ਼ਾਫਾ ਕੀਤਾ ਹੈ। ਇਕ ਛੋਟੀ ਤੋਂ ਛੋਟੀ ਗੱਲ ਨੂੰ ਵੀ ਬਹੁਤ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਵਿਚ ਵੇਦਾਂ, ਵਿਆਕਰਣਾਂ, ਅਠਾਰਾਂ ਪੁਰਾਨਾਂ ਅਤੇ ਹੋਰ ਅਨੇਕਾਂ ਸ਼ਬਦਾਂ ਨੂੰ ਬਹੁਤ ਹੀ ਚੰਗੇ ਅੰਦਾਜ਼ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਕਈ ਲੋਕਾਂ ਨੇ ਹੋਰ ਭਾਸ਼ਾਵਾਂ ਦਾ ਸਹਾਰਾ ਲੈ ਕੇ ਇਸ ਤਰਜ਼ ਤੇ ਲਿਖਣ ਦਾ ਉਪਰਾਲਾ ਕੀਤਾ ਪਰ ਕਾਮਯਾਬ ਨਹੀਂ ਹੋਏ। ਇੱਥੇ ਹੀ ਬਸ ਨਹੀਂ ਸਗੋਂ ਇਸ ਤਰਜ਼ ਅਨੁਸਾਰ ਲਿਖਣ ਦੇ ਨੇੜੇ ਵੀ ਨਹੀਂ ਪਹੁੰਚ ਸਕੇ। ਮੁੱਕਦੀ ਗੱਲ ਇਹ ਕਿ ਭਾਈ ਨੰਦ ਨਾਲ ਗੋਯਾ ਨੇ ਆਪਣੇ ਮੁਰਸ਼ਿਦ ਕਾਮਿਲ ਦੀ ਤਾਰੀਫ ਵਿਚ ਲਿਖਣ ਦਾ ਹਰ ਸੰਭਵ ਉਪਰਾਲਾ ਕੀਤਾ ਹੈ।

**ਗੁਰੂ ਸਹਿਨਸ਼ਾਹ ਸਰਦਾਰਾਂ ਦਾ ਸਰਦਾਰ:** ਗੋਯਾ ਨੇ ਇਨ੍ਹਾਂ ਨੂੰ ਬਾਦਸ਼ਾਹਾਂ ਦਾ ਬਾਦਸ਼ਾਹ, ਅਮੀਰਾਂ ਦਾ ਅਮੀਰ, ਸਰਦਾਰਾਂ ਦਾ ਸਰਦਾਰ, ਦੁਖੜਿਆਂ ਦਾ ਗਮਖ਼ਾਰ, ਤਖ਼ਤ ਦੀ ਸ਼ਾਨ ਅਤੇ ਸਜਾਵਟ ਜਿਹੇ ਸ਼ਬਦਾਂ ਨਾਲ ਯਾਦ ਕੀਤਾ ਹੈ।

**ਮਹਿਫਿਲ ਨੂੰ ਸਜਾਉਣ ਵਾਲਾ:** ਗੋਯਾ ਆਪ ਬਾਰੇ ਤਾਰੀਫ ਕਰਦਿਆਂ ਦੁਨੀਆਂ ਦੀ ਮਹਿਫਿਲ ਨੂੰ ਸਜਾਉਣ ਵਾਲੇ, ਖੁਸ਼ੀਆਂ ਪ੍ਰਦਾਨ ਕਰਨ ਵਾਲੇ, ਸਹਿਨਸ਼ਾਹੀ ਤਖਤ ਨੂੰ ਜੀਵਨ ਬਖਸ਼ਣ ਵਾਲੇ, ਉੱਚੇ ਰੁਤਬੇ ਵਾਲੇ, ਲੋਕਾਂ ਦੇ ਦੁੱਖ-ਦਰਦ ਵਿਚ ਸ਼ਰੀਕ ਹੋਣ ਵਾਲੇ, ਪ੍ਰੇਸ਼ਾਨ ਲੋਕਾਂ ਦੀ ਮਦਦ ਕਰਨ ਵਾਲੇ ਸ਼ਬਦਾਂ ਨਾਲ ਯਾਦ ਕੀਤਾ ਹੈ।

**ਹਮੇਸ਼ਾ ਦੀ ਬਾਦਸ਼ਾਹੀ ਦਾ ਮਾਲਿਕ ਹੈ:** ਹਮੇਸ਼ਾ ਰਹਿਣ ਵਾਲੀ ਬਾਦਸ਼ਾਹੀ ਦੇ ਮਾਲਕ ਜਿਸ ਨਾਲ ਨੇਕ ਨਸੀਬ ਦਾ ਚੰਨ ਚਮਕਦਾ ਰਹੇ, ਤੇਰੇ ਚੰਨ ਨੂੰ ਕਦੀ ਗ੍ਰਹਿਣ ਨਾ ਲੱਗੇ, ਤੇਰਾ ਨਾਮ ਹਮੇਸ਼ਾ ਕਾਇਮ ਦਾਇਮ ਰਹੇ, ਤੇਰੀ ਪਾਤਸ਼ਾਹੀ ਕਦੀ ਖਤਮ ਨਾ ਹੋਵੇ। ਉਸ ਦੀ ਹਕੂਮਤ ਨੂੰ ਰੱਬੀ ਤਾਕਤ ਹਾਸਲ ਹੈ। ਉਸ ਦੀ ਹਕੂਮਤ ਵਿਚ ਦੁੱਖ-ਤਕਲੀਫ਼ ਦੀ ਕੋਈ ਗੱਲ ਨਹੀਂ। ਹਕੂਮਤ ਵੀ ਅਜਿਹੀ ਹੈ ਜਿਸ ਵਿਚ ਉਤਾਰ ਨਹੀਂ। ਗੁਰੂ ਜੀ ਹਕੂਮਤ ਦਾ ਤਖ਼ਤ ਸਜਿਆ

ਧਜਿਆ ਅਤੇ ਅਜਿਹਾ ਹੈ ਜਿਸ ਵਿਚ ਕਦੀਂ ਵੀ ਮੱਧਮ ਹੋਣ ਦੇ ਆਸਾਰ ਨਜ਼ਰ ਨਹੀਂ ਆਉਂਦੇ।

**ਸਤਿਗੁਰੂ ਦੀਨ ਅਤੇ ਦੁਨੀਆਂ ਦਾ ਬਾਦਸ਼ਾਹ ਹੈ-** ਇਹ ਅਜਿਹੇ ਬਾਦਸ਼ਾਹ ਹਨ ਜਿਹੜੇ ਸੰਸਾਰ ਦੇ ਲੋਕਾਂ ਲਈ ਇਕ ਪੈਗਾਮ ਹਨ। ਅਸਮਾਨ, ਜ਼ਮੀਨ, ਦੇਵੀ-ਦੇਵਤਿਆਂ ਅਤੇ ਹੋਰ ਰਚਨਾ ਦੇ ਵੀ ਅਵਤਾਰ ਹਨ। ਕੁੱਲ ਚੀਜ਼ਾਂ ਦੇ ਮਾਲਕ ਹਨ ਅਤੇ ਜਿੱਤਾਂ ਪ੍ਰਾਪਤ ਕਰਨ ਵਾਲੇ ਹਨ।

**ਗੁਰੂ ਸਾਹਿਬਾਨ ਦੇ ਸਾਥੀ-** ਪ੍ਰਬੰਧ ਚਲਾਉਣ ਵਿਚ ਸਹਿਯੋਗ ਦੇਣ ਵਾਲੇ, ਖ਼ੂਬਸੂਰਤੀ ਵਿਚ ਵਾਧਾ ਕਰਨ ਵਾਲੇ, ਇਨ੍ਹਾਂ ਦੇ ਫੈਜ਼ ਤੋਂ ਲਾਭ ਪ੍ਰਾਪਤ ਕਰਨ ਵਾਲੇ, ਹਰੇਕ ਕੰਮ ਵਿਚ ਆਪ ਦੀ ਨਕਲ ਕਰਨ ਵਾਲੇ ਅਤੇ ਦਰਬਾਰ ਵਿਚ ਪਤਵੰਤਿਆਂ ਦਾ ਦਰਜਾ ਪ੍ਰਾਪਤ ਕਰਨ ਵਾਲੇ ਹਨ।

**ਸਤਿਗੁਰੂ ਨਾਜ਼ਿਮ ਹੈ-** ਹਰੇਕ ਕੰਮ ਵਿਚ ਨਿਪੁੰਨਤਾ ਨਾਲ ਪ੍ਰਬੰਧ ਚਲਾਉਣ ਵਾਲੇ, ਪ੍ਰਬੰਧ ਵਿਚ ਨਿਵੇਕਲਾ ਢੰਗ ਅਪਣਾਉਣ ਵਾਲੇ ਹਨ।

**ਗੁਰੂ ਅਜ਼ੀਮ ਸਾਨੋ-ਸ਼ੋਕਤ ਦਾ ਮਾਲਿਕ ਹੈ-** ਸ਼ਾਨ-ਸ਼ੋਕਤ ਦੇ ਖਜ਼ਾਨੇ, ਸੂਰਜ ਅਤੇ ਚੰਨ ਦੀ ਰੌਸ਼ਨੀ ਵਾਂਗ, ਅਜ਼ਮਤ ਜਲਾਲ ਵਾਲੇ, ਮਹਿਫਿਲ ਨੂੰ ਨੂਰ ਬਖਸ਼ਣ ਵਾਲੇ, ਰੋਅਬ ਅਤੇ ਦਬਦਬੇ ਵਾਲੇ ਨੂਰ ਅਤੇ ਰੌਸ਼ਨੀ ਦੇ ਖਜ਼ਾਨੇ ਆਦਿ ਹਨ।

**ਗੁਰੂ ਦਾ ਹੁਕਮ ਰੱਬੀ ਅਤੇ ਬੇਮਿਸਾਲ ਹੈ-** ਗੁਰੂ ਦਾ ਆਦੇਸ਼ ਰੱਬ ਦਾ ਆਦੇਸ਼ ਹੁੰਦਾ ਹੈ। ਗੁਰੂ ਰੱਬ ਦੇ ਹੁਕਮ ਤੋਂ ਬਗੈਰ ਕੁਝ ਨਹੀਂ ਕਹਿੰਦਾ, ਜੋ ਕਹਿੰਦਾ ਹੈ ਰੱਬ ਦੇ ਫੁਰਮਾਨ ਅਨੁਸਾਰ ਕਹਿੰਦਾ ਹੈ।

**ਮੁਲਕਦਾਰੀ ਅਤੇ ਅਕੀਦਤ ਪਰਵਰੀ ਵਿਚ ਬੇਮਿਸਾਲ ਹੈ-** ਮੁਲਕਦਾਰੀ ਅਤੇ ਅਕੀਦਤ ਪਰਵਰੀ ਵਿਚ ਆਪ ਵਰਗਾ ਕੋਈ ਨਹੀਂ। ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨਾ, ਹੱਕਾਂ ਨੂੰ ਦਿਵਾਉਣ ਵਾਲਾ, ਪ੍ਰਬੰਧ ਵਿਚ ਉੱਚੇ ਖਿਆਲ ਰੱਖਣਾ, ਆਪ ਦੀ ਉਡਾਣ ਤੱਕ ਕੋਈ ਨਹੀਂ ਪਹੁੰਚ ਸਕਦਾ।

**ਗੁਰੂ ਫਰਿਆਦ ਸੁਣਨ ਵਾਲਾ ਹੈ-** ਫਰਿਆਦੀ ਅਤੇ ਸਵਾਲੀ ਦਾ ਸਵਾਲ ਸੁਣ ਕੇ ਉਸਨੂੰ ਪੂਰਾ ਕਰਨ ਦਾ ਯਤਨ ਕਰਦਾ ਹੈ। ਫਰਿਆਦੀ ਦੀ ਫਰਿਆਦ ਦਾ ਖਾਸ ਧਿਆਨ ਰੱਖਦਾ ਹੈ।

**ਦੁੱਖ ਅਤੇ ਤੰਗੀ ਦੂਰ ਕਰਨ ਦਾ ਯਤਨ ਕਰਦਾ ਹੈ–** ਇਨ੍ਹਾਂ ਦੇ ਨਜ਼ਦੀਕ ਹੋਰਾਂ ਦਾ ਦੁੱਖ ਆਪਣਾ ਦੁੱਖ ਹੈ, ਹੋਰਾਂ ਦੀ ਤਕਲੀਫ ਆਪਣੀ ਤਕਲੀਫ ਹੈ। ਭੰਵਰ ਵਿਚ ਫਸੀ ਕਸ਼ਤੀ ਨੂੰ ਕਿਨਾਰੇ ਲਾਉਣ ਵਾਲਾ, ਹਰੇਕ ਤਰ੍ਹਾਂ ਦੀ ਪ੍ਰੇਸ਼ਾਨੀ ਅਤੇ ਦੁੱਖ ਦਰਦ ਵਿਚ ਸ਼ਰੀਕ, ਮੁਸੀਬਤ ਵਿਚ ਘਿਰੇ ਲੋਕਾਂ ਦੀ ਮੁਸੀਬਤ ਨੂੰ ਦੂਰ ਕਰਨ ਵਾਲੇ ਹਨ।

**ਗੁਰੂ ਜ਼ੁਲਮ ਕਰਨ ਵਾਲੇ ਨੂੰ ਮਾਰਨ ਵਾਲਾ ਹੈ–** ਜਿਨ੍ਹਾਂ ਨਾਲ ਕੋਈ ਨਾ ਮੁਹੱਬਤ ਕਰੇ, ਜ਼ਰੂਰਤਮੰਦ ਲਈ ਆਪਣਾ ਹੱਥ ਖੁੱਲ੍ਹਾ ਰੱਖਣ ਵਾਲਾ, ਪ੍ਰੇਸ਼ਾਨ ਕਰਨ ਵਾਲਿਆਂ ਨਾਲ ਲੋਹਾ ਲੈਣ ਵਾਲਾ, ਤਕਲੀਫ ਦੇਣ ਵਾਲਿਆਂ ਨਾਲ ਟਾਕਰਾ ਕਰਨ ਵਾਲਾ, ਜ਼ਿੰਦਗੀ ਤੋਂ ਹੱਥ ਧੋ ਬੈਠੇ ਲੋਕਾਂ ਲਈ ਬੇਪਨਾਹ ਮੁਹੱਬਤ ਕਰਨ ਵਾਲਾ, ਪੱਥਰ ਦਿਲਾਂ ਨੂੰ ਨਰਮ ਕਰਨ ਵਾਲਾ, ਜ਼ਹਿਰ ਨੂੰ ਖਤਮ ਕਰਨ ਵਾਲਾ, ਸਖਤ ਮਿਹਨਤ ਕਰਨ ਵਾਲਾ, ਜ਼ਿੰਦਗੀ ਦੇ ਹਰ ਮੋੜ ਤੇ ਸੰਘਰਸ਼ ਕਰਨ ਵਾਲਾ ਹੈ।

**ਜ਼ੁਲਮ ਮਿਟਾਉਣ ਵਾਲਾ:** ਜ਼ੁਲਮ ਨੂੰ ਮਿਟਾਉਣਾ ਅਤੇ ਫਸਾਦ ਨੂੰ ਖਤਮ ਕਰਨਾ, ਦਬੇ ਕੁਚਲੇ ਲੋਕਾਂ ਦੇ ਨਾਲ ਖੜ੍ਹਨ ਵਾਲਾ, ਅਦਬ ਤਹਿਜ਼ੀਬ ਦੇ ਪੈਗਾਮ ਦੇਣ ਵਾਲਾ।

**ਸਤਿਗੁਰੂ ਦੀ ਫਜ਼ਲ ਮਿਹਰ ਅਤੇ ਸਖਾਵਤ:** ਫੈਜ਼ ਅਤੇ ਕਰਮਾ ਭਰੇ ਬੱਦਲਾਂ ਵਾਂਗ, ਜਿਨ੍ਹਾਂ ਦਾ ਫਜ਼ਲਾਂ ਦਾ ਬੱਦਲ ਹਮੇਸ਼ਾ ਰਹੇ, ਮਹਿਫਿਲ ਦੇ ਚਿਰਾਗ, ਧਨੀ ਅਤੇ ਸਖਾਵਤ ਦੇ ਭੰਡਾਰ, ਗੁਨਾਹਾਂ ਦੀ ਮੁਆਫ਼ੀ ਕਰਵਾਉਣ ਵਾਲੇ, ਫਜ਼ਲ ਅਤੇ ਮਿਹਰ ਦੀ ਦਲੀਲ, ਕਰਮ ਅਤੇ ਰਹਿਮ ਦਾ ਪੰਘੂੜਾ, ਸਖਾਵਤ ਦੇ ਦਰਿਆ, ਮਿੱਠਾ ਫਲ ਦੇਣ ਵਾਲੇ ਦਰਖਤ, ਫਜ਼ਲ ਅਤੇ ਮਿਹਰ ਦੇ ਚਸ਼ਮੇ, ਸਖਾਵਤ ਦੇ ਦਰਿਆ, ਫਜ਼ਲਾਂ ਅਤੇ ਮਿਹਰ ਬਾਨੀਆਂ ਦੇ ਭੰਡਾਰ, ਨਿਆਮਤਾਂ ਵਾਲੇ, ਸੁੱਖ ਸ਼ਾਂਤੀ ਵਾਲੇ, ਖੂਬਸੂਰਤੀ ਦੇ ਕੇਂਦਰ, ਦੁਰਲਭ ਮੋਤੀ, ਹਮੇਸ਼ਾ ਬਹਾਰ ਫੁੱਲਾਂ ਵਾਲੇ ਬਾਗ, ਮਿਹਰਾਂ ਭਰੇ ਮੀਂਹ ਵਾਂਗ, ਦੁੱਖ ਦਰਦ ਵਿਚ ਹਿੱਸਾ ਪਾਉਣ ਵਾਲੇ, ਵਗਦੇ ਪਾਣੀ ਵਰਗੇ ਸਾਫ, ਅਤਾਯਾਂ ਕਰਨ ਵਾਲੇ, ਦੁੱਖ ਦਰਦ ਵੰਡਾਉਣ ਵਾਲੇ, ਰਹਿਮਤਾਂ ਵਾਲੇ, ਬੇਸਹਾਰਿਆਂ ਦੇ ਸਹਾਰੇ, ਬਰਕਤਾਂ ਵਾਲੇ, ਤਰਸ ਕਰਨ ਵਾਲੇ, ਇਨਾਮਾਂ ਵਾਲੇ, ਕਰਮਾਂ ਵਾਲੇ, ਨਿਆਮਤਾਂ ਭਰਪੂਰ, ਕਰਾਮਾਤਾਂ ਭਰਪੂਰ, ਕੀਮਤੀ ਮੋਤੀ ਵਾਂਗ, ਵਗਦੇ ਦਰਿਆ ਵਾਂਗ।

**ਸਤਿਗੁਰੂ ਲੋਕਾਈ ਦੀਆਂ ਮਹਿਫਿਲਾਂ ਦੂਰ ਕਰਨ ਵਾਲੇ:** ਲੋਕਾਈ ਦੀਆਂ ਮੁਸ਼ਕਿਲਾਂ ਦੂਰ ਕਰਨ ਵਾਲੇ, ਪ੍ਰਬੰਧ ਨੂੰ ਸੁਚੱਜੇ ਢੰਗ ਅਨੁਸਾਰ ਚਲਾਉਣ ਵਾਲੇ, ਮੁਸ਼ਕਿਲਾਂ ਤੇ ਫ਼ਤਹਿ ਪਾਉਣ

ਵਾਲੇ, ਸਖਾਵਤ ਦੇ ਬੂਹੇ ਖੋਲ੍ਹਣ ਵਾਲੇ, ਅਕੀਦਿਆਂ ਤੇ ਫ਼ਤਹਿ ਪਾਉਣ ਵਾਲੇ, ਦਿਲਾਂ ਤੇ ਫ਼ਤਹਿ ਪਾਉਣ ਵਾਲੇ, ਮਨ ਦੀਆਂ ਇੱਛਾਵਾਂ ਤੇ ਫ਼ਤਹਿ ਪਾਉਣ ਵਾਲੇ, ਹੱਕ ਸੱਚ ਤੇ ਡਟਣ ਵਾਲੇ, ਹੱਕ ਸੱਚ ਲਈ ਸੰਘਰਸ਼ ਕਰਨ ਵਾਲੇ, ਅਖਲਾਕੀ ਕਦਰਾਂ ਕੀਮਤਾਂ ਦੀ ਹਿਮਾਇਤ ਕਰਨ ਵਾਲੇ, ਅਨਾਥਾਂ ਅਤੇ ਜ਼ਰੂਰਤਮੰਦ ਲਈ ਸਹਾਰੇ ਦਾ ਕੰਮ ਕਰਨ ਵਾਲੇ।

**ਉਹ ਇਨਸਾਫ਼ ਕਰਨ ਵਾਲਾ ਹੈ–** ਗੋਯਾ ਅਨੁਸਾਰ ਇਨ੍ਹਾਂ ਨੂੰ ਹੱਕ ਸੱਚ ਲਈ ਜਾਨ ਦੇਣ ਵਾਲੇ, ਜ਼ੁਲਮ ਦੇ ਖਿਲਾਫ਼ ਖੜ੍ਹਨ ਵਾਲੇ, ਇਨਸਾਫ਼ ਕਰਨ ਵਾਲੇ, ਹੱਕ-ਸੱਚ ਦੇ ਚਿਰਾਗ, ਇਨਸਾਫ਼ ਦੇ ਕੇਂਦਰ, ਜ਼ੁਲਮ ਜ਼ਿਆਦਤੀ ਤੋਂ ਪਾਕ, ਹੱਕ ਸੱਚ ਦੇ ਫਲਾਂ ਨਾਲ ਲੱਦੇ ਹੋਏ ਦਰਖ਼ਤ, ਇਨਸਾਫ਼ ਦੇ ਰਸਤੇ ਤੇ ਚੱਲਣ ਵਾਲਾ, ਹੱਕ-ਸੱਚ ਦੀਆਂ ਬਰਕਤਾਂ ਵਾਲੇ, ਹੱਕ ਸੱਚ ਦੇ ਰਸਤੇ ਨੂੰ ਅਪਨਾਉਣ ਵਾਲਾ, ਹਰ ਪਲ ਇਨਸਾਫ਼ ਦਾ ਦਾਮਨ ਨਾ ਛੱਡਣ ਵਾਲਾ, ਹੱਕ ਨੂੰ ਹੀ ਸਭ ਕੁਝ ਸਮਝਣ ਵਾਲੇ ਸਨ।

**ਗੁਰੂ ਇਨਸਾਫ਼ ਕਰਨ ਵਾਲਿਆਂ ਦਾ ਮਦਦਗਾਰ ਹੈ–** ਜਿਵੇਂ ਕਸ਼ਤੀ ਨੂੰ ਕਿਨਾਰੇ ਤੇ ਪਹੁੰਚਣ ਲਈ ਕਿਸੇ ਸਹਾਰੇ ਦੀ ਜ਼ਰੂਰਤ ਹੁੰਦੀ ਹੈ, ਇਸੇ ਤਰ੍ਹਾਂ ਆਪ ਵੀ ਨਾ-ਇਨਸਾਫ਼ੀ ਹੋਣ ਵਾਲਿਆਂ ਨਾਲ ਚਟਾਨ ਵਾਂਗ ਡਟ ਜਾਣ ਵਾਲਾ ਹੈ।

**ਗੁਰੂ ਰੱਬ ਦਾ ਰੂਪ ਹਨ–** ਗੋਯਾ ਲਿਖਦੇ ਹਨ ਕਿ ਗੁਰੂ ਰੱਬ ਦਾ ਹੀ ਨੂਰ ਹੈ। ਚੜ੍ਹਦੀਕਲਾ ਵਿਚ ਰਹਿਣ ਵਾਲਾ ਨੂਰ, ਰੱਬ ਦੇ ਪਤਵੰਤਿਆਂ ਦੇ ਸਮੂਹ ਵਿਚ ਸ਼ਾਮਿਲ ਹੋਣ ਵਾਲੇ, ਰੱਬ ਦੀ ਇਕੋ ਇਕ ਹੋਣ ਦੀ ਗਵਾਹੀ ਦੇਣ ਵਾਲੇ, ਆਪਣੇ ਨੂਰ ਸਦਕਾ ਮਹਿਫਿਲਾਂ ਨੂੰ ਰੌਸ਼ਨ ਕਰਨ ਵਾਲੇ, ਦਿਲਾਂ ਨੂੰ ਠੰਡਕ ਪਹੁੰਚਾਉਣ ਵਾਲੇ, ਚਿਹਰਿਆਂ ਨੂੰ ਨੂਰ ਬਖਸ਼ਣ ਵਾਲੇ, ਬੁਰਾਈ ਮਿਟਾਉਣ ਵਾਲੇ, ਚੰਗਿਆਈ ਦੇ ਰਸਤੇ ਨੂੰ ਪ੍ਰਫੁੱਲਤ ਕਰਨ ਵਾਲੇ, ਹੱਕ ਦਾ ਸਾਥ ਦੇਣ ਵਾਲੇ, ਬੁਰਾਈ ਤੋਂ ਕੰਨੀ ਕਤਰਾਉਣ ਵਾਲੇ, ਹਨੇਰੇ ਵਿਚ ਦੱਬੀ ਮਨੁੱਖਤਾ ਨੂੰ ਰੌਸ਼ਨੀ ਵੱਲ ਲਿਆਉਣ ਵਾਲੇ ਹਨ।

**ਉਹ ਨੂਰ ਹੀ ਨੂਰ ਹਨ–** ਸੂਰਜ ਦੀ ਕਿਰਨਾਂ ਵਾਂਗ ਪ੍ਰਕਾਸ਼ ਫੈਲਾਉਣ ਵਾਲੇ, ਸਰੀਰ ਦੀ ਹਨੇਰੀ ਕੋਠੜੀ ਵਿਚ ਪ੍ਰਕਾਸ਼ ਦਾਖਲ ਕਰਨ ਵਾਲੇ, ਰੂਹ ਵਿਚ ਨੂਰ ਦੀ ਮਿਠਾਸ ਨੂੰ ਦਾਖਲ ਕਰਨ ਵਾਲੇ, ਅਨਪੜ੍ਹਤਾ ਦੀ ਹਨੇਰੀ ਤੇ ਠੱਲ੍ਹ ਪਾਉਣ ਵਾਲੇ।

**ਰੱਬ ਦੇ ਇਕੋ-ਇਕ ਹੋਣ ਨੂੰ ਮੰਨਣ ਵਾਲੇ-** ਹੱਕ ਸੱਚ ਦੇ ਹਾਮੀ ਅਤੇ ਹੱਕ ਸੱਚ ਤੇ ਚੱਲਣ ਵਾਲੇ, ਹੱਕ ਸੱਚ ਵਾਲੇ ਦੀ ਮੰਨਣ ਵਾਲੇ, ਇਕੋ-ਇਕ ਹਸਤੀ ਰੱਬ ਦੀ ਸੱਚਾਈ ਨੂੰ ਮੰਨਣ ਵਾਲੇ ਹਨ।

**ਰੱਬ ਤੱਕ ਪਹੁੰਚਣ ਵਾਲੇ ਗਿਆਨ ਦੇ ਕਾਇਲ-** ਗੋਯਾ ਅਨੁਸਾਰ ਆਪ ਉਹ ਗਿਆਨ ਜਿਸ ਰਾਹੀਂ ਬੰਦੇ ਦੀ ਰਸਾਈ ਰੱਬ ਤੱਕ ਹੁੰਦੀ ਹੈ। ਰੱਬ ਤੱਕ ਪਹੁੰਚਣ ਵਾਲੇ ਰਸਤੇ ਦੀ ਤਲਾਸ਼ ਕਰਨ ਵਾਲੇ, ਅਜਿਹਾ ਗਿਆਨ ਜਿਸ ਨਾਲ ਬੰਦੇ ਦਾ ਸੰਬੰਧ ਰੱਬ ਦੀ ਜ਼ਾਤ ਨਾਲ ਜੁੜ ਜਾਵੇ, ਸੰਬੰਧੀ ਸੰਘਰਸ਼ ਕਰਨ ਵਾਲੇ, ਰੱਬ ਤੱਕ ਪਹੁੰਚਣ ਵਾਲਿਆਂ ਦਾ ਸਾਥ ਦੇਣ ਵਾਲੇ, ਉਸ ਇਕੋ ਇਕ ਨਾਲ ਲੜ ਲੱਗਣ ਦੀ ਪ੍ਰੇਰਨਾ ਕਰਨ ਵਾਲੇ।

**ਗਾਇਬ ਦੀ ਗੱਲਾਂ ਪ੍ਰਗਟ ਕਰਨ ਵਾਲੇ-** ਗੋਯਾ ਅਨੁਸਾਰ ਇਹ ਅਜਿਹੀਆਂ ਗੱਲਾਂ ਜ਼ਾਹਿਰ ਕਰਦੇ ਹਨ ਜਿਸ ਵਿਚ ਚਮਤਕਾਰ ਵੀ ਹੈ ਅਤੇ ਅਲੰਕਾਰ ਵੀ। ਜ਼ਾਹਿਰੀ ਅਰਥ ਨੂੰ ਅੱਖੋਂ ਪਰੋਖੇ ਕਰਦਿਆਂ ਅੰਦਰੂਨੀ ਅਰਥਾਂ ਨੂੰ ਡੂੰਘਾਈ ਤੱਕ ਵਾਚਨ ਵਾਲੇ, ਹੱਕ ਦੀ ਤਲਾਸ਼ ਵਿਚ ਭੱਜ ਨੱਠ ਕਰਨ ਵਾਲੇ, ਪਿਆਰ ਮੁਹੱਬਤ ਦੇ ਅਲੰਬਰਦਾਰ, ਹੱਕ ਸੱਚ ਤੇ ਚੱਲਣ ਵਾਲਿਆਂ ਦਾ ਸਾਥ ਦੇਣ ਵਾਲੇ, ਇਸ ਕਾਇਨਾਤ ਨੂੰ ਬਣਾਏ ਜਾਣ ਬਾਰੇ ਸੋਚ ਵਿਚਾਰ ਕਰਨ ਵਾਲੇ, ਲੁਕੀਆਂ ਛੁਪੀਆਂ ਗੱਲਾਂ ਦਾ ਗਿਆਨ ਰੱਖਣ ਵਾਲੇ, ਲੁਕੇ ਛਿਪੇ ਰਾਜ਼ਾਂ ਦੀ ਤਲਾਸ਼ ਵਿਚ ਮਸਤ ਰਹਿਣ ਵਾਲੇ, ਰੱਬ ਵਲੋਂ ਅਕਾਸ਼ਬਾਣੀ ਬਾਰੇ ਗਿਆਨ ਰੱਖਣ ਵਾਲੇ।

**ਜ਼ਾਹਰ ਬਾਤਿਨ ਦਾ ਗਿਆਨ ਰੱਖਣ ਵਾਲੇ:** ਦਿਲਾਂ ਅਤੇ ਰੂਹਾਂ ਸੰਬੰਧੀ ਗਿਆਨ ਰੱਖਣ ਵਾਲੇ, ਚੰਨ ਤਾਰਿਆਂ ਦੇ ਗਿਆਨੀ, ਰੱਬੀ ਕਲਾਮ ਨਾਲ ਮੋਹ ਰੱਖਣ ਵਾਲੇ, ਰੱਬ ਦੇ ਬੰਦਿਆਂ ਨਾਲ ਪਿਆਰ ਮੁਹੱਬਤ ਰਾਹੀਂ ਲੋਕਾਈ ਨੂੰ ਜੋੜਨ ਵਾਲੇ, ਹਰੇਕ ਗੱਲ ਦੀ ਵਿਆਖਿਆ ਸੁਚੱਜੇ ਢੰਗ ਨਾਲ ਵਧੀਆ ਰੰਗ ਵਿਚ ਕਰਨ ਵਾਲੇ, ਪਾਪੀਆਂ ਦਾ ਸਾਥ ਦੇਣ ਵਾਲੇ, ਹਕੀਕਤ ਤੱਕ ਪਹੁੰਚਾਉਣ ਵਾਲੇ।

**ਸਤਿਗੁਰੂ ਹਰੇਕ ਦਾ ਸਾਥ ਦੇਣ ਵਾਲੇ:** ਗੋਯਾ ਲਿਖਦੇ ਹਨ ਕਿ ਆਪ ਦੀ ਸਮੁੱਚੀ ਜ਼ਿੰਦਗੀ ਲੋਕ ਪਿਆਰ ਲੋਕ ਨਿਰਬਾਹ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਮਿਲਦਾ ਹੈ। ਕੋਈ ਉੱਚਾ ਨਹੀਂ ਕੋਈ ਨੀਵਾਂ ਨਹੀਂ, ਸਭਨਾਂ ਨੂੰ ਇਕੋ ਨਜ਼ਰ ਨਾਲ ਤੱਕਣ ਵਾਲੇ, ਨਾਮ ਜਪਣ ਦਾ ਪੈਗਾਮ ਆਮ ਲੋਕਾਈ ਨੂੰ ਦੇਣ ਵਾਲੇ ਹਨ। ਰੱਬ ਦੀ ਬਜ਼ੁਰਗੀ ਨੂੰ ਮੰਨਣ ਵਾਲੇ,

ਬੇਕਾਰ ਕੰਮ ਤੋਂ ਕਿਨਾਰਾ ਕਰਨ ਵਾਲੇ, ਬਹਾਦਰੀ ਵਾਲੇ ਕੰਮ ਕਰਨਾ ਅਤੇ ਕਰਵਾਉਣਾ ਜੀਵਨ ਦਾ ਮੁੱਖ ਉਦੇਸ਼ ਸਮਝਣ ਵਾਲੇ।

**ਸਤਿਗੁਰੂ ਹੱਕ ਸੱਚ ਦੇ ਪੁਜਾਰੀ ਸਨ–** ਗੋਯਾ ਕਹਿੰਦੇ ਹਨ ਕਿ ਗੁਰੂ ਹੱਕ ਦੀ ਹਿਮਾਇਤ ਕਰਨ ਵਾਲੇ ਅਤੇ ਹੱਕ ਦਾ ਸਾਥ ਦੇਣ ਵਾਲੇ ਹਨ। ਨਾ-ਹੱਕ ਤੋਂ ਦੂਰ ਭੱਜਣ ਵਾਲੇ ਅਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਹਨ। ਇਸ ਗੱਲ ਦਾ ਪ੍ਰਗਟਾਵਾ ਆਪ ਦੀ ਜ਼ੁਬਾਨ ਅਤੇ ਗਿਆਨ ਤੋਂ ਵੀ ਮਿਲਦਾ ਹੈ। ਆਪ ਅਜਿਹੇ ਮੁਸਾਫਰ ਹਨ ਕਿ ਸਾਰਾ ਜੀਵਨ ਇਕ ਹੀ ਸੱਚ ਦੇ ਰਸਤੇ ਤੇ ਤੁਰਨ ਲਈ ਕੁਰਬਾਨ ਕਰ ਦਿੱਤਾ। ਆਪ ਅਜਿਹੇ ਕਾਫਲੇ ਦੇ ਮੁੱਖੀ ਸਨ ਜਿਹੜਾ ਜ਼ੁਲਮ ਦੇ ਖਿਲਾਫ਼ ਲੜਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਨਾ-ਹੱਕ ਦੀ ਨਾ ਸਿਰਫ ਵਿਰੋਧਤਾ ਕਰਦੇ ਹਨ ਸਗੋਂ ਨਾ-ਹੱਕ ਲੋਕਾਂ ਦਾ ਸਾਥ ਦੇਣ ਤੋਂ ਵੀ ਗੁਰੇਜ਼ ਕਰਦੇ ਹਨ।

**ਰੱਬ ਤੇ ਭਰੋਸਾ ਰੱਖਣ ਵਾਲੇ:** ਗੋਯਾ ਲਿਖਦੇ ਹਨ ਕਿ ਆਪ ਇਕੋ ਇਕ ਤੇ ਭਰੋਸਾ ਵੀ ਰੱਖਦੇ ਸਨ ਅਤੇ ਇਕੋ ਇਕ ਦੇ ਮਾਰਗ ਤੇ ਚੱਲਦੇ ਸਨ।

**ਮੁੱਢੋਂ ਹੀ ਅਨਾਇਤਾਂ ਦੇ ਮਾਲਕ ਸਨ–** ਗੋਯਾ ਅਨੁਸਾਰ ਆਪ ਮੁੱਢੋਂ ਹੀ ਰੱਬ ਦੀਆਂ ਮਿਹਰਾਂ ਅਤੇ ਅਨਾਇਤਾਂ ਦੇ ਖਜ਼ਾਨੇ ਲੈ ਕੇ ਆਏ ਸਨ। ਇਨ੍ਹਾਂ ਦੀ ਬਜ਼ੁਰਗੀ ਅਤੇ ਵਡਿਆਈ ਪਹਿਲਾਂ ਤੋਂ ਹੀ ਮਾਲਕ ਨੇ ਲਿਖ ਰੱਖੀ ਸੀ। ਆਪ ਤੇ ਰੱਬ ਦੀਆਂ ਵਿਸ਼ੇਸ਼ ਮਿਹਰਾਂ ਅਤੇ ਅਨਾਇਤਾਂ ਹੋਈਆਂ ਸਨ। ਰਹਿਮਤਾਂ ਅਤੇ ਫਜ਼ਲਾਂ ਦੇ ਸਦਾ ਤੋਂ ਹੀ ਯਤਨਸ਼ੀਲ ਰਹੇ ਸਨ। ਉਸ ਦੀ ਰਹਿਮਤ ਅਤੇ ਫਜ਼ਲ ਨਾਲ ਹੀ ਬੇੜੇ ਪਾਰ ਹੋਏ ਹਨ। ਇਸ ਗੱਲ ਦਾ ਪ੍ਰਗਟਾਵਾ ਭਾਈ ਨੰਦ ਲਾਲ ਗੋਯਾ ਨੇ ਕੀਤਾ ਹੈ।

**ਹੱਕ ਸੱਚ ਦਾ ਗਿਆਨ ਬੇਨਜ਼ੀਰ ਹੈ–** ਹੱਕ ਸੱਚ ਦੇ ਗਿਆਨ ਵਿਚ ਇਨ੍ਹਾਂ ਵਰਗਾ ਮਿਲਣਾ ਕਠਿਨ ਹੈ। ਗਿਆਨ ਦੇ ਨਾਲ ਧਿਆਨ ਵਿਚ ਬੇਮਿਸਾਲ ਹਨ ਜਿਨ੍ਹਾਂ ਬਾਰੇ ਰੱਬ ਖੁਸ਼ ਹੁੰਦਾ ਹੈ। ਰੱਬ ਦੇ ਗਿਆਨ ਧਿਆਨ ਦੇ ਨਾਲੋ-ਨਾਲ ਡਰ ਭਉ ਵੀ ਪਾਇਆ ਜਾਂਦਾ ਹੈ। ਦਰਿਆ ਦਿਲ ਅਤੇ ਨਰਮ ਸੁਭਾਅ ਦੇ ਮਾਲਿਕ ਹਨ। ਰੱਬ ਦੇ ਇਕੋ ਇਕ ਹੋਣ ਦੀ ਗਵਾਹੀ ਅਤੇ ਉਸ ਦੇ ਨਾਂ ਦਾ ਸਿਮਰਨ ਕਰਦੇ ਹਨ।

**ਰੱਬ ਦੇ ਨਜ਼ਦੀਕ ਪਸੰਦੀਦਾ ਅਤੇ ਮਨਜ਼ੂਰ ਹਨ–** ਰੱਬ ਦੇ ਨਜ਼ਦੀਕ ਮਨਜ਼ੂਰ ਅਤੇ ਮਕਬੂਲ ਮੰਨੇ ਜਾਂਦੇ ਹਨ। ਰੱਬ ਦੇ ਨਜ਼ਦੀਕੀ ਅਤੇ ਪਿਆਰੇ ਲੋਕਾਂ ਵਿਚ ਸ਼ਾਮਿਲ ਕੀਤਾ ਹੈ।

ਸ਼ੁਰੂ ਤੋਂ ਹੀ ਹੱਕ ਨਾਲ ਜੁੜੇ ਹੋਏ ਹਨ। ਹੱਕ ਸੱਚ ਨੂੰ ਵੀ ਜਾਣਦੇ ਹਨ ਅਤੇ ਹੱਕ ਸੱਚ ਦੇ ਗਿਆਨ ਨੂੰ ਵੀ ਜਾਣਦੇ ਹਨ। ਇਸ ਤਰ੍ਹਾਂ ਲੱਗਦੇ ਹਨ ਜਿਵੇਂ ਹੀਰੇ ਮੋਤੀਆਂ ਵਿਚੋਂ ਪੈਦਾ ਹੋਏ ਹੋਣ। ਹੱਕ ਤੇ ਚੱਲਣ ਵਾਲੇ ਅਤੇ ਹੱਕ ਨੂੰ ਪਸੰਦ ਕਰਨ ਵਾਲੇ, ਹੀਰੇ ਮੋਤੀ ਵਾਂਗ ਕੀਮਤੀ ਸਨ।

**ਹੱਕ ਦੀ ਪਛਾਣ ਕਰਨ ਵਾਲੇ–** ਹੱਕ ਦੀ ਤਾਂਘ ਵਿਚ ਤਰਲੋ ਮੱਛੀ ਰਹਿਣ ਵਾਲੇ, ਹੱਕ ਲਈ ਸੰਘਰਸ਼ ਕਰਨ ਵਾਲੇ, ਹੱਕ ਤੇ ਤੁਰਨ ਵਾਲੇ, ਹੱਕ ਲਈ ਡਟਨ ਵਾਲੇ, ਹੱਕ ਲਈ ਜਾਨ ਤੱਕ ਕੁਰਬਾਨ ਕਰਨ ਵਾਲੇ, ਹੱਕ ਲਈ ਆਪਾ ਵਾਰ ਦੇਣ ਵਾਲੇ, ਹੱਕ ਸੱਚ ਤੋਂ ਬਗੈਰ ਹੋਰ ਰਾਹ ਨਾ ਅਖਤਿਆਰ ਕਰਨ ਵਾਲੇ।

**ਸਤਿਗੁਰੂ ਕਾਇਮ ਰਹਿਣ ਵਾਲੇ–** ਸਤਿਗੁਰੂ ਗੋਯਾ ਅਨੁਸਾਰ ਹੱਕ ਤੇ ਕਾਇਮ ਰਹਿਣ ਵਾਲੇ ਹਨ।

**ਜ਼ਾਹਿਰ ਬਾਤਿਨ ਲਈ ਸਜਾਵਟ ਹਨ–** ਭਾਈ ਨੰਦ ਲਾਲ ਗੋਯਾ ਅਨੁਸਾਰ ਸਤਿਗੁਰੂ ਅੰਦਰੋਂ ਬਾਹਰੋਂ ਵੀ ਅਜਿਹੇ ਕੰਮ ਕਰਦੇ ਹਨ ਕਿ ਸਜਾਵਟ ਦਾ ਕਾਰਨ ਬਣ ਜਾਂਦੇ ਹਨ।

**ਸਤਿਗੁਰੂ ਹੱਕ-ਪ੍ਰਸਤ ਹਨ–** ਭਾਈ ਨੰਦ ਲਾਲ ਗੋਯਾ ਅਨੁਸਾਰ ਸਤਿਗੁਰੂ ਹੱਕ-ਪ੍ਰਸਤ ਹਨ। ਹੱਕ ਸੱਚ ਵਿਚ ਸੀਸ਼ੇ ਵਾਂਗ ਸਾਫ ਸੁਥਰੇ, ਹੱਕ ਪ੍ਰਸਤੀ ਵਿਚ ਆਪਣੀ ਮਿਸਾਲ ਆਪ, ਹੱਕ ਸੱਚ ਦੀਆਂ ਕਿਰਨਾਂ ਨਾਲ ਘੁੱਪ ਹਨੇਰੇ ਸਮਾਜ ਵਿਚ ਰੌਸ਼ਨੀ ਪੈਦਾ ਕਰਨ ਵਾਲੇ, ਹੱਕ ਸੱਚ ਦੀ ਬੇੜੀ ਤੇ ਸਵਾਰ ਹੋਣ ਵਾਲੇ, ਹੱਕ ਸੱਚ ਦੀ ਗੱਲ ਨੂੰ ਪ੍ਰਵਾਨ ਚੜ੍ਹਾਉਣ ਵਾਲੇ, ਹੱਕ ਸੱਚ ਦੀ ਮਿੱਠੀ ਨਦੀ ਦਾ ਪਾਣੀ ਪੀਣ ਵਾਲੇ, ਗੁਰੂ ਰੂਹਾਂ ਦੀ ਰੂਹ ਵੀ ਹਨ। ਮਜ਼ਬੂਤ ਇਰਾਦੇ ਵਾਲੇ, ਪੱਕੀ ਪੈਰੀਂ ਰਹਿਣ ਵਾਲੇ, ਕੱਚੀ ਗੱਲ ਨਾ ਕਹਿਣ ਵਾਲੇ, ਮਿੱਠੇ ਦਰਿਆ ਦਾ ਮਿੱਠਾ ਪਾਣੀ ਪੀਣ ਵਾਲੇ, ਇਕ ਵਿਚ ਕਈਆਂ ਤੇ ਭਰੋਸਾ ਰੱਖਣ ਵਾਲੇ, ਮੁੱਢੋਂ ਅਤੇ ਅੰਤ ਦੇ ਪੈਦਾ ਕਰਨ ਵਾਲੇ ਅਤੇ ਯਕੀਨ ਕਰਨ ਵਾਲੇ, ਸ਼ੁਰੂ ਵਾਲੇ ਅਤੇ ਅੰਤ ਵਾਲੇ, ਉਹ ਹਰ ਚੀਜ਼ ਵਿਚ ਮੌਜੂਦ ਹਨ, ਹਰ ਚੀਜ਼ ਵਿਚ ਯਕੀਨ ਰੱਖਣ ਵਾਲੇ ਅਤੇ ਹਰ ਸ਼ੈਅ ਵਿਚ ਹਾਜ਼ਰ-ਨਾਜ਼ਰ ਰਹਿ ਕੇ ਭਰੋਸਾ ਰੱਖਣ ਵਾਲੇ।

**ਗੁਰੂ ਦੇ ਪੈਰਾਂ ਦੀ ਧੂੜ ਦੇਵੀ-ਦੇਵਤਿਆਂ ਦੀਆਂ ਅੱਖਾਂ ਲਈ ਸੁਰਮਾ–** ਭਾਈ ਨੰਦ ਲਾਲ ਗੋਯਾ ਨੇ ਗੁਰੂ ਜੀ ਦੇ ਪੈਰਾਂ ਦੀ ਧੂੜ ਨੂੰ ਬਹੁਤ ਪਵਿੱਤਰ ਦੱਸਿਆ ਹੈ। ਇਹੋ ਪੈਰਾਂ ਦੀ ਧੂੜ ਦੇਵੀ-ਦੇਵਤਿਆਂ ਦੀਆਂ ਅੱਖਾਂ ਲਈ ਸੁਰਮੇ ਦਾ ਕੰਮ ਕਰਦੀ ਹੈ।

**ਸਤਿਗੁਰੂ ਬੇਕਿਨਾਰਾ ਸਮੁੰਦਰ ਹੈ-** ਗੋਯਾ ਨੇ ਆਪ ਨੂੰ ਅਜਿਹਾ ਸਮੁੰਦਰ ਆਖਿਆ ਹੈ ਜਿਸ ਦਾ ਕੋਈ ਕਿਨਾਰਾ ਨਹੀਂ ਮਿਲਦਾ। ਸਮੁੰਦਰ ਵੀ ਅਜਿਹਾ ਜਿਹੜਾ ਡੂੰਘਾ ਵੀ ਹੋਵੇ ਅਤੇ ਫੈਲਿਆ ਹੋਇਆ ਵੀ ਹੋਵੇ।

**ਉਹ ਸੂਖਮ ਹਨ-** ਛੁਪੀਆਂ ਗੱਲਾਂ ਦਾ ਗਿਆਨ ਰੱਖਣ ਵਾਲੇ ਹਨ।

**ਉੱਚੇ ਰੁਤਬੇ ਵਾਲੇ ਹਨ-** ਆਪ ਦਾ ਸਥਾਨ ਹੋਰਾਂ ਨਾਲੋਂ ਕਾਫੀ ਉੱਚਾ ਹੈ, ਆਪ ਹਰ ਲਿਹਾਜ਼ ਨਾਲ ਕਿਸੇ ਹੋਰ ਨਾਲ ਮੇਲ ਨਹੀਂ ਖਾਂਦੇ। ਆਪ ਦੀ ਜ਼ਾਤ ਅਜਿਹੀ ਖੁਸ਼ਬੂਦਾਰ ਚੀਜ਼ ਹੈ ਜਿਸ ਨਾਲ ਹੋਰ ਕਿੰਨੀਆਂ ਚੀਜ਼ਾਂ ਤੋਂ ਦਿਮਾਗਾਂ ਨੂੰ ਸਕੂਨ ਮਿਲਦਾ ਹੈ। ਕਮਾਲ, ਜਮਾਲ ਅਤੇ ਜਲਾਲ ਆਪ ਦੀਆਂ ਬੇਮਿਸਾਲ ਚੀਜ਼ਾਂ ਵਿਚ ਸ਼ਾਮਿਲ ਹਨ। ਹੱਕ ਨੁਮਾਈ, ਹੱਕ ਪ੍ਰਸਤੀ, ਹੱਕ-ਸੱਚ ਦੀ ਗੱਲ ਨੂੰ ਮੰਨਣ ਵਾਲੇ ਅਤੇ ਹੱਕ-ਸੱਚ ਤੇ ਯਕੀਨ ਕਰਨ ਵਾਲੇ, ਆਫਤਾਂ, ਪ੍ਰੇਸ਼ਾਨੀਆਂ ਅਤੇ ਤਕਲੀਫਾਂ ਨੂੰ ਦੂਰ ਕਰਨ ਵਾਲੇ ਹਨ।

**ਉੱਚ-ਕੋਟੀ ਦੇ ਮਨੁੱਖ ਹਨ:** ਗੋਯਾ ਲਿਖਦੇ ਹਨ ਕਿ ਆਪ ਉੱਚ-ਕੋਟੀ ਦੇ ਮਨੁੱਖ ਹਨ। ਭੱਟਕੀ ਹੋਈ ਲੋਕਾਈ ਨੂੰ ਸਿੱਧੇ ਰਾਹ ਤੇ ਪਾਉਣ ਲਈ ਪੂਰੀ ਜ਼ਿੰਦਗੀ ਸੰਘਰਸ਼ ਕਰਦੇ ਰਹੇ।

**ਗੁਰੂ ਜੀ ਦੀ ਸ਼ਖਸੀਅਤ-** ਗੁਰੂ ਜੀ ਦੀ ਸ਼ਖਸੀਅਤ ਵਿਲੱਖਣਤਾ ਵਾਲੀ ਹੈ। ਆਪ ਦੇ ਕਮਾਲਾਤ, ਜਮਾਲਾਤ ਅਤੇ ਖਿਆਲਾਤ ਬਹੁਤ ਉੱਚੇ ਹਨ।

**ਸਤਿਗੁਰੂ ਦਾ ਨਾਮ:** ਆਪ ਦਾ ਨਾਮ ਹੀ ਨਹੀਂ ਸਗੋਂ ਕੰਮ ਵੀ ਬੇਮਿਸਾਲ ਹੈ, ਪਾਕ ਹੈ, ਸਾਫ ਹੈ। ਆਪ ਦੇ ਨਾਮ ਵਿਚ ਦਮ ਵੀ ਅਤੇ ਰੋਅਬ ਵੀ ਹੈ।

**ਸਤਿਗੁਰੂ ਦੀਆਂ ਉਪਾਧੀਆਂ-** ਆਪ ਨੂੰ ਗੋਯਾ ਨੇ ਸ਼ਹਿਨਸ਼ਾਹ, ਦਰਵੇਸ਼, ਦੁੱਖ-ਤਕਲੀਫਾਂ ਅਤੇ ਪ੍ਰੇਸ਼ਾਨੀਆਂ ਦਾ ਨਿਪਟਾਰਾ ਕਰਨ ਵਾਲੇ ਅਤੇ ਸੁਲਤਾਨ ਜਿਹੀਆਂ ਉਪਾਧੀਆਂ ਨਾਲ ਨਿਵਾਜਿਆ ਹੈ।

**ਸਤਿਗੁਰੂ ਦੇ ਦਰਸ਼ਨ-** ਗੋਯਾ ਲਿਖਦੇ ਹਨ ਕਿ ਆਪ ਦੇ ਦਰਸ਼ਨ ਕਰਨ ਨਾਲ ਰੂਹਾਨੀ ਸ਼ਾਂਤੀ ਅਤੇ ਸਬੂਰੀ ਮਿਲਦੀ ਹੈ। ਆਪ ਦੀ ਜ਼ਾਤ ਆਮ ਨਹੀਂ ਹੈ। ਜਦੋਂ ਆਪ ਦੇ ਮੁਖੜੇ ਤੋਂ ਕੱਪੜਾ ਉਤਾਰ ਦੇਈਏ ਇੰਜ ਹੀ ਹੈ ਜਿਵੇਂ ਕੋਈ ਸ਼ਮਾ ਮਹਿਫਿਲ ਵਿਚ ਜਗਾ ਦੇਈਏ। ਇਨ੍ਹਾਂ ਦੇ ਆਉਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ। ਚੁਫੇਰੇ ਰੌਸ਼ਨੀ ਹੀ ਰੌਸ਼ਨੀ ਫੈਲ ਜਾਂਦੀ ਹੈ।

**ਸਤਿਗੁਰੂ ਦਾ ਰੋਅਬ ਦਬਦਬਾ–** ਜਿਵੇਂ ਸਵੇਰੇ ਸੂਰਜ ਪੂਰਬ ਵਲੋਂ ਨਿਕਲਦਾ ਹੈ ਅਤੇ ਜਿਉਂ-ਜਿਉਂ ਉਪਰ ਉਠਦਾ ਹੈ ਤਿਉਂ ਤਿਉਂ ਆਪ ਦੇ ਚਿਹਰੇ ਦਾ ਜਲਾਲ ਅਤੇ ਕਮਾਲ ਹੋਰ ਨਿਖਰਦਾ ਹੈ। ਆਪ ਦੇ ਚਿਹਰੇ ਦਾ ਰੋਅਬ ਅਤੇ ਦਬਦਬਾ ਵੇਖਣ ਵਾਲੇ ਲਈ ਕਸ਼ਿਸ਼ ਦਾ ਸਬੱਬ ਬਣਦਾ ਹੈ।

**ਸਤਿਗੁਰੂ ਦਾ ਖੁੱਲ੍ਹਾ–ਡੁੱਲ੍ਹਾ ਸੁਭਾਅ:** ਭਾਈ ਨੰਦ ਲਾਲ ਗੋਯਾ ਆਪ ਦੇ ਖੁੱਲ੍ਹੇ ਡੁੱਲੇ ਸੁਭਾਅ ਦੀ ਤਾਰੀਫ ਕਰਦਿਆਂ ਲਿਖਦੇ ਹਨ ਕਿ ਮਿੱਠੀ ਬੋਲੀ, ਠਰ੍ਹੰਮੇ ਵਾਲਾ ਸੁਭਾਅ ਆਪ ਦੀ ਸ਼ਾਨ ਵਿਚ ਹੋਰ ਵਾਧਾ ਕਰਦਾ ਹੈ।

**ਰੱਬ ਨਾਲ ਮਿਲਾਉਣ ਵਾਲੀ ਗੱਲਬਾਤ:** ਆਪ ਦੀ ਸਮੁੱਚੀ ਗੱਲਬਾਤ ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਆਪ ਦੀ ਹਰ ਗੱਲਬਾਤ ਵਿਚ ਰੱਬ ਨਾਲ ਮੁਲਾਕਾਤ ਕਰਨ ਦਾ ਪੈਗਾਮ ਹੈ।

**ਸਤਿਗੁਰੂ ਦੀ ਸੋਚ:** ਆਪ ਦੀ ਸੋਚ ਬਹੁਤ ਉੱਚੀ ਅਤੇ ਸੁੱਚੀ ਹੈ।

**ਸਤਿਗੁਰੂ ਦੀ ਤਬੀਅਤ–** ਆਪ ਦੀ ਤਬੀਅਤ ਵਿਚ ਦਰਿਆ ਵਾਂਗ ਠਹਿਰਾਅ, ਹੱਸਦਾ ਵੱਸਦਾ ਚਿਹਰਾ, ਤਬੀਅਤ ਵਿਚ ਖੁੱਲ੍ਹਾਪਣ ਪਾਇਆ ਜਾਂਦਾ ਹੈ।

**ਦਿਲ ਦੇ ਭੇਦ ਸਮੁੰਦਰ ਵਾਂਗ ਖੁੱਲ੍ਹੇ ਡੁੱਲੇ ਹਨ–** ਭਾਈ ਨੰਦ ਲਾਲ ਗੋਯਾ ਦਾ ਸੁਭਾਅ ਅਤੇ ਦਿਲ ਦੇ ਭੇਦ ਸਮੁੰਦਰ ਵਾਂਗ ਬੇਕਿਨਾਰਾ ਹਨ। ਖਿਆਲਾਂ ਅਤੇ ਦਿਲ ਦੇ ਭੇਦਾਂ ਵਿਚ ਡੂੰਘਾਈ ਅਤੇ ਸੁਥਰਾਈ ਪਾਈ ਜਾਂਦੀ ਹੈ।

**ਸਤਿਗੁਰੂ ਦਾ ਨਸੀਬ ਉੱਚੇ ਰੁਤਬੇ ਵਾਲਾ ਹੈ:** ਆਪ ਦਾ ਨਸੀਬ ਜਮਾਲ ਅਤੇ ਕਮਾਲ ਭਰਪੂਰ ਹੈ ਜਿਸ ਵਿਚ ਜਲਾਲ ਵੀ ਹੈ। ਮੁਲਕਾਂ ਅਤੇ ਦਿਲਾਂ ਤੇ ਫ਼ਤਹਿ ਪਾਉਣ ਵਾਲੇ ਹਨ। ਸਾਰੀ ਦੁਨੀਆਂ ਨੂੰ ਆਪਣੀਆਂ ਖੂਬੀਆਂ ਰਾਹੀਂ ਕਾਇਲ ਕਰਨ ਵਾਲੇ, ਜ਼ੁਲਮ ਦੇ ਖਿਲਾਫ਼ ਟੱਕਰ ਲੈਣ ਵਾਲੇ, ਹਨੇਰੀ ਵਿਚ ਡੁੱਬੀ ਮਨੁੱਖਤਾ ਨੂੰ ਰੌਸ਼ਨੀ ਵੱਲ ਲਿਆਉਣ ਵਾਲੇ, ਉੱਚੇ ਨਸੀਬ ਵਾਲੇ, ਆਪਣੇ ਜਮਾਲ ਰਾਹੀਂ ਲੋਕਾਂ ਵਿਚ ਕਮਾਲ ਪੈਦਾ ਕਰਨ ਵਾਲੇ, ਸੰਸਾਰ ਵਿਚ ਖੂਬਸੂਰਤੀ ਲੈ ਆਉਣ ਵਾਲੇ, ਬੇਜਾਨ ਲੋਕਾਂ ਵਿਚ ਕੁਝ ਕਰ ਗੁਜ਼ਰਨ ਵਾਲੀ ਭਾਵਨਾ ਪੈਦਾ ਕਰਨ ਵਾਲੇ, ਉੱਚੇ ਖਿਆਲਾਂ, ਉੱਚੀਆਂ ਭਾਵਨਾਵਾਂ ਅਤੇ ਉੱਚੀਆਂ ਸੋਚਾਂ ਦੇ ਮਾਲਕ ਇਨ।

**ਸਤਿਗੁਰੂ ਚੰਗੇ ਨਸੀਬਾਂ ਵਾਲੇ ਹਨ:** ਚੰਗੇ ਨਸੀਬਾਂ ਵਾਲਿਆਂ ਵਿਚੋਂ ਚੰਗੇ ਨਸੀਬਾਂ ਵਾਲੇ, ਨੇਕੋਕਾਰਾਂ ਵਿਚੋਂ ਨੇਕੋਕਾਰ ਹਨ।

**ਸਤਿਗੁਰੂ ਦੀਆਂ ਖੂਬੀਆਂ-** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਆਪ ਵਿਚ ਉਹ ਖੂਬੀਆਂ ਪਾਈਆਂ ਜਾਂਦੀਆਂ ਹਨ ਜਿਹੜੀਆਂ ਹਰੇਕ ਮਨੁੱਖ ਦੇ ਨਸੀਬ ਵਿਚ ਨਹੀਂ ਲਿਖੀਆਂ ਹੁੰਦੀਆਂ। ਆਪ ਵਿਚ ਸਭ ਤੋਂ ਜ਼ਿਆਦਾ ਖੂਬੀਆਂ ਪਾਈਆਂ ਜਾਂਦੀਆਂ ਹਨ।

**ਸਤਿਗੁਰੂ ਦੀ ਅਕਲਮੰਦੀ-** ਆਪ ਵਿਚ ਸਮਝ, ਅਕਲ ਅਤੇ ਹੁਸ਼ਿਆਰੀ ਬੇਮਿਸਾਲ ਹੈ, ਸਮਝਦਾਰੀ ਵਿਚ ਕਮਾਲ ਦਾ ਦਰਜਾ ਪ੍ਰਾਪਤ ਹੈ। ਜਾਣਕਾਰੀ ਦੇ ਸਮੁੰਦਰ, ਹਰੇਕ ਬੀਮਾਰੀਆਂ ਦੇ ਮਾਹਿਰ, ਨਾ-ਸਮਝਾਂ ਨੂੰ ਸਮਝਦਾਰੀ ਦੀ ਗੱਲ ਸਮਝਾਉਣ ਵਾਲੇ, ਜ਼ਾਹਰੀ ਅਤੇ ਦਿਲ ਦੀਆਂ ਅੱਖਾਂ ਰੱਖਣ ਵਾਲੇ, ਆਮ ਲੋਕਾਈ ਨਾਲੋਂ ਗਿਆਨ ਅਤੇ ਧਿਆਨ ਦੇ ਮਾਹਿਰ ਹਨ। ਉਨ੍ਹਾਂ ਵਿਚ ਆਤਮਾ ਅਤੇ ਪ੍ਰਮਾਤਮਾ ਦਾ ਗਿਆਨ ਵੀ ਬੇਮਿਸਾਲ ਹੈ।

**ਉਹ ਡੂੰਘੀ ਨਜ਼ਰ ਵਾਲੇ ਹਨ-** ਗੋਯਾ ਅਨੁਸਾਰ ਹਰ ਗੱਲ ਵਿਚ ਡੂੰਘਾਈ ਪਾਈ ਜਾਂਦੀ ਹੈ। ਆਮ ਗੱਲ ਵਿਚ ਵੀ ਕੋਈ ਨਾ ਕੋਈ ਬਾਰੀਕੀ ਅਤੇ ਡੂੰਘੇ ਨੁਕਤੇ ਵੱਲ ਇਸ਼ਾਰਾ ਕੀਤਾ ਹੁੰਦਾ ਹੈ।

**ਸਤਿਗੁਰ ਦੂਰ ਦੀ ਸੋਚਣ ਵਾਲੇ ਹਨ-** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਆਪ ਦੀਆਂ ਗੱਲਾਂ ਦੇ ਵੀ ਜਾਣਕਾਰ ਹਨ। ਡੂੰਘੇ ਨੁਕਤੇ, ਡੂੰਘੀਆਂ ਗੱਲਾਂ ਆਪ ਦੀ ਜ਼ਿੰਦਗੀ ਦੀਆਂ ਵਿਸ਼ੇਸ਼ ਖੂਬੀਆਂ ਹਨ।

**ਉਹ ਹੁਸ਼ਿਆਰ ਵੀ ਹਨ:** ਹੁਸ਼ਿਆਰੀ ਦਾ ਵੀ ਜੀਵਨ ਦੇ ਅੰਗ-ਸੰਗ ਰਹਿਣਾ ਜ਼ਰੂਰੀ ਹੈ ਜਿਸ ਨਾਲ ਹਰੇਕ ਕੰਮ ਨੂੰ ਸੁਚੱਜੇ ਢੰਗ ਅਨੁਸਾਰ ਨੇਪਰੇ ਚਾੜ੍ਹਨਾ ਜ਼ਰੂਰੀ ਬਣਦਾ ਹੈ।

**ਸਤਿਗੁਰੂ ਦੀ ਮੁਹੱਬਤ-** ਮਿਹਰ ਮੁਹੱਬਤ ਦੇ ਦਰਿਆ, ਰਹਿਮ ਕਰਮ ਦੇ ਅਥਾਹ ਸਮੁੰਦਰ, ਹਰੇਕ ਨਾਲ ਨਰਮ ਮਿਜਾਜ਼ੀ ਨਾਲ ਪੇਸ਼ ਆਉਣ ਵਾਲੇ ਹਨ।

**ਗੁਰੂ ਦੀ ਸ਼ਹਿਣਸ਼ੀਲਤਾ:** ਭਾਈ ਨੰਦ ਲਾਲ ਗੋਯਾ ਅਨੁਸਾਰ ਸਤਿਗੁਰੂ ਵਿਚ ਨਿਮਰਤਾ ਅਤੇ ਨਿਮਾਣੇਪਣ ਦੀ ਬਦੌਲਤ ਸ਼ਹਿਣਸ਼ੀਲਤਾ ਬੇਹੱਦ ਪਾਈ ਜਾਂਦੀ ਹੈ।

**ਆਪ ਦਿਆਲੂ ਅਤੇ ਕ੍ਰਿਪਾਲੂ ਹਨ:** ਗੋਯਾ ਲਿਖਦੇ ਹਨ ਕਿ ਆਪ ਅੰਦਰ ਦਇਆ ਅਤੇ ਕ੍ਰਿਪਾ ਜਿਹੀਆਂ ਖੂਬੀਆਂ ਮਿਲਦੀਆਂ ਹਨ। ਗਲਤੀਆਂ ਨੂੰ ਮੁਆਫ਼ ਕਰਨ ਵਾਲੇ, ਰਹਿਮ ਕਰਨ ਵਾਲੇ ਕ੍ਰਿਪਾਲੂ ਅਤੇ ਦਿਆਲੂ ਹਨ।

**ਸਤਿਗੁਰੂ ਦੀ ਸਫਾਈ ਸੁਥਰਾਈ–** ਜਿਵੇਂ ਬਾਗ ਦੀ ਖੂਬਸੂਰਤੀ ਫੁੱਲ ਬੂਟਿਆਂ ਨਾਲ ਹੁੰਦੀ ਹੈ ਇਸੇ ਤਰ੍ਹਾਂ ਮਨੁੱਖੀ ਜੀਵਨ ਵਿਚ ਸੁੰਦਰਤਾ ਉਸ ਦੀਆਂ ਚੰਗਿਆਈਆਂ ਨਾਲ ਪੈਦਾ ਹੁੰਦੀ ਹੈ। ਜੇਕਰ ਇਨਸਾਨੀ ਜ਼ਿੰਦਗੀ ਵਿਚ ਚੰਗਿਆਈਆਂ ਨਹੀਂ ਹਨ ਤਾਂ ਉਹ ਉਜੜੇ ਹੋਏ ਬਾਗ ਦੀ ਤਰ੍ਹਾਂ ਹੈ। ਭਾਈ ਨੰਦ ਲਾਲ ਗੋਯਾ ਗੁਰੂ ਜੀ ਲਈ ਲਿਖਦੇ ਹਨ ਕਿ ਆਪ ਤਾਂ ਪਾਕਬਾਜ਼ਾਂ ਵਿਚ ਪਾਕਬਾਜ਼, ਸਫਾਈ ਸੁਥਰਾਈ ਰੱਖਣ ਵਾਲੇ, ਨੇਕੋਕਾਰਾਂ ਵਿਚੋਂ ਨੇਕੋਕਾਰ ਹਨ।

**ਗੁਰੂ ਮਿਹਰਬਾਨ ਹੈ–** ਗੋਯਾ ਲਿਖਦੇ ਹਨ ਕਿ ਸਤਿਗੁਰੂ ਤਾਂ ਨਿਰੇ ਮਿਹਰਬਾਨ ਹਨ। ਮਿਹਰਬਾਨੀ ਦੇ ਖਜ਼ਾਨੇ ਵਜੋਂ ਜਾਣੇ ਜਾਂਦੇ ਹਨ। ਮਿਹਰਬਾਨੀਆਂ, ਕਰਮ ਫਰਮਾਈਆਂ ਅਤੇ ਫਜ਼ਲਾਂ ਵਾਲੇ ਹਨ। ਨਿਸ਼ਕਾਮ ਸੇਵਾ ਕਰਨ ਵਾਲਿਆਂ ਅਤੇ ਮਿਹਰ ਕਰਨ ਵਾਲਿਆਂ ਵਿਚੋਂ ਮਿਹਰਬਾਨ ਹਨ। ਮੁਆਫ਼ ਕਰਨ ਵਾਲਿਆਂ ਵਿਚ ਮੁਆਫ਼ ਕਰਨ ਵਾਲੇ, ਧਨਾਡਾਂ ਵਿਚੋਂ ਧਨਾਡ, ਚੰਗੀਆਂ ਆਦਤਾਂ ਪਾਉਣ ਵਾਲਿਆਂ ਵਿਚੋਂ ਚੰਗੀਆਂ ਆਦਤਾਂ ਵਾਲੇ ਹਨ।

**ਸਤਿਗੁਰੂ ਕਦਰਦਾਨ ਹਨ–** ਗੋਯਾ ਅਨੁਸਾਰ ਆਪ ਹਰੇਕ ਚੰਗੀ ਗੱਲ ਅਤੇ ਚੰਗੇ ਮਨੁੱਖ ਦੇ ਕਦਰਦਾਨ ਵਜੋਂ ਜਾਣੇ ਜਾਂਦੇ ਹਨ।

**ਸਭ ਨਾਲ ਸੁਲਹ ਸਫਾਈ ਵਾਲੇ–** ਜੀਵਨ ਵਿਚ ਹੋਰ ਗੁਣਾਂ ਦੇ ਨਾਲੋਂ-ਨਾਲ ਸਾਰਿਆਂ ਨਾਲ ਸੁਲਹ ਸਫਾਈ ਕਰਨ ਵਾਲੇ ਹਨ।

**ਸਤਿਗੁਰੂ ਮਸਤਾਨਿਆਂ ਦਾ ਮਸਤਾਨਾ ਹੈ–** ਗੋਯਾ ਲਿਖਦੇ ਹਨ ਕਿ ਸਤਿਗੁਰੂ ਮਸਤਾਨਿਆਂ ਦੇ ਮਸਤਾਨੇ ਵਜੋਂ ਯਾਦ ਕੀਤੇ ਜਾਣ ਵਾਲੇ ਪੈਗੰਬਰ ਹਨ।

**ਗੁਰੂ ਦੀ ਨੇਕੀ ਅਮਿੱਟ ਹੈ–** ਗੋਯਾ ਲਿਖਦੇ ਹਨ ਕਿ ਆਪ ਦੀ ਚੰਗਿਆਈਆਂ, ਨੇਕੀਆਂ ਅਤੇ ਖੂਬੀਆਂ ਅਮਿੱਟ ਹਨ। ਸੁਲਹ ਸਫਾਈ ਕਰਨ ਵਾਲਿਆਂ ਵਿਚ ਸੁਲਾਹ ਸਫਾਈ ਕਰਨ ਵਾਲੇ, ਚੰਗੇ ਕਰਮ ਕਰਨ ਵਾਲਿਆਂ ਵਿਚ ਚੰਗੇ ਕਰਮ ਕਰਨ ਵਾਲੇ ਹਨ।

**ਆਪ ਦੀ ਗੱਲਬਾਤ ਵਿਚ ਦੂਰ-ਅੰਦੇਸ਼ੀ ਹੈ–** ਗੋਯਾ ਅਨੁਸਾਰ ਆਪ ਦੀ ਹਰ ਗੱਲ ਵਿਚ ਦੂਰ-ਅੰਦੇਸ਼ੀ ਦਾ ਅਸਰ ਪਾਇਆ ਜਾਂਦਾ ਹੈ। ਅਜਿਹੀ ਗੱਲ ਫਰਮਾਉਂਦੇ ਹਨ ਜਿਸ ਵਿਚ ਆਉਣ ਵਾਲੇ ਕੱਲ ਦੀ ਝਲਕ ਵੀ ਮਹਿਸੂਸ ਕੀਤੀ ਜਾ ਸਕਦੀ ਹੈ।

**ਬੇਨਜ਼ੀਰ ਸ਼ਾਇਰ ਅਤੇ ਵਾਰਤਕ ਲਿਖਣ ਵਾਲੇ–** ਸਤਿਗੁਰੂ ਵਿਚ ਉਹ ਬੇਨਜ਼ੀਰ ਖੂਬੀਆਂ ਪਾਈਆਂ ਜਾਂਦੀਆਂ ਹਨ ਜਿਸ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ।

**ਸਤਿਗੁਰੂ ਦੀ ਸੱਚੀ ਬੋਲੀ–** ਜਿਵੇਂ ਸੂਰਜ ਦੀ ਰੌਸ਼ਨੀ ਹਨੇਰੇਪਣ ਨੂੰ ਉਜਾਲੇਪਣ ਵਿਚ ਤਬਦੀਲ ਕਰ ਦਿੰਦੀ ਹੈ। ਸੂਰਜ ਦੀ ਰੌਸ਼ਨੀ ਹੱਕ ਸੱਚ ਵਾਂਗ ਸਿਰ ਚੜ੍ਹ ਬੋਲਦੀ ਹੈ ਇਸੇ ਤਰ੍ਹਾਂ ਗੁਰੂ ਸਾਹਿਬ ਦੀ ਸੱਚੀ ਬੋਲੀ ਵੀ ਚੁਫੇਰੇ ਚਰਚਾ ਦਾ ਵਿਸ਼ਾ ਹੈ। ਜਿਵੇਂ ਬਾਗ ਵਿਚ ਫੁੱਲ ਬਹਾਰਾਂ ਨਾਲ ਬਾਗ ਦੀ ਖੂਬਸੂਰਤੀ ਵਿਚ ਇਜ਼ਾਫ਼ਾ ਹੁੰਦਾ ਹੈ ਤਿਵੇਂ ਬੋਲਬਾਣੀ ਵਿਚ ਹੱਕ ਸੱਚ ਆ ਜਾਣ ਨਾਲ ਗੱਲਬਾਤ ਵਿਚ ਨਵੀਂ ਜਾਨ ਪੈਦਾ ਹੋ ਜਾਂਦੀ ਹੈ।

**ਗੁਰੂ ਕਸੌਟੀ ਹੈ–** ਜਿਵੇਂ ਸੋਨੇ ਦੀ ਪਰਖ ਲਈ ਕਸੌਟੀ ਦਾ ਹੋਣਾ ਲਾਜ਼ਮੀ ਹੈ, ਇਸੇ ਤਰ੍ਹਾਂ ਬੰਦਿਆਂ ਵਿਚ ਬੰਦਗੀ ਦੀ ਪਰਖ ਕਰਨ ਲਈ ਗੁਰੂ ਸਾਹਿਬਾਨ ਕਸੌਟੀ ਹੋਇਆ ਕਰਦੇ ਹਨ। ਹੱਕ ਸੱਚ, ਹਕੀਕਤ ਨੂੰ ਪਛਾਣਨ ਦੇ ਮਾਹਰ ਹੋਇਆ ਕਰਦੇ ਹਨ। ਆਪ ਦੀ ਜ਼ਾਤ ਅਤੇ ਸਿਫਾਤ ਬਹੁਤ ਵੱਡਾ ਖਜ਼ਾਨਾ ਹੈ।

**ਗੁਰੂ ਦਾ ਰੁਤਬਾ–** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਗੁਰੂ ਦਾ ਰੁਤਬਾ ਉੱਚਾ ਸੁੱਚਾ ਹੋਇਆ ਕਰਦਾ ਹੈ। ਅਕਲ ਇਨਸਾਫ਼ ਆਪ ਦਾ ਸਰਮਾਇਆ ਹੋਇਆ ਕਰਦਾ ਹੈ। ਉੱਚੇ ਰੁਤਬੇ, ਉੱਚੇ ਦਰਜੇ ਅਤੇ ਉੱਚੇ ਮਕਾਮ ਵਾਲੇ ਹੋਇਆ ਕਰਦੇ ਹਨ।

**ਗੁਰੂ ਦੀ ਬਜ਼ੁਰਗੀ ਅਤੇ ਅਜ਼ਮਤ–** ਗੋਯਾ ਲਿਖਦੇ ਹਨ ਕਿ ਗੁਰੂ ਸਾਹਿਬਾਨ ਬਜ਼ੁਰਗੀ ਅਤੇ ਅਜ਼ਮਤ ਵਿਚ ਕਿਸੇ ਦੇ ਸਮਾਨ ਨਹੀਂ ਹੋਇਆ ਕਰਦੇ। ਆਪ ਸਾਹਿਬਾਨ ਦੀ ਬਜ਼ੁਰਗੀ ਅਤੇ ਵਡਿਆਈ ਲੋਕਾਈ ਨਾਲੋਂ ਵਿਸ਼ੇਸ਼ ਹੋਇਆ ਕਰਦੀ ਹੈ। ਨਾਮ, ਕਾਮ ਅਤੇ ਮਕਾਮ ਵੀ ਹੋਰਾਂ ਨਾਲੋਂ ਉੱਚਾ ਹੁੰਦਾ ਹੈ। ਗੁਰੂਆਂ ਦਾ ਜਮਾਲ ਅਤੇ ਕਮਾਲ ਵੀ ਵਖੱਰਾ ਹੀ ਹੋਇਆ ਕਰਦਾ ਹੈ। ਅਜ਼ਮਤ ਅਤੇ ਵਡਿਆਈ ਆਪ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹੋਇਆ ਕਰਦੀ ਹੈ। ਕਰਮ ਕਰਨ ਵਾਲਿਆਂ ਫਜ਼ਲਾਂ ਵਾਲਿਆਂ ਅਤੇ ਮਿਹਰ ਕਰਨ ਵਾਲਿਆਂ ਵਿਚ ਆਪ ਸਾਹਿਬਾਨ ਦਾ ਰੁਤਬਾ ਅਤੇ ਮਕਾਮ ਬਹੁਤ ਉੱਚੇ ਪੱਧਰ ਦਾ ਹੋਇਆ ਕਰਦਾ ਹੈ।

ਸਬਰ ਸੰਤੋਖ ਵਿਚ ਸਾਰਿਆਂ ਨਾਲੋਂ ਉੱਚੇ, ਪਿਛੋਂ ਅਤੇ ਅੱਗੇ ਆਉਣ ਵਾਲਿਆਂ ਵਿਚ ਸਰਵੋਤਮ, ਰੁਤਬੇ ਅਤੇ ਬੁਲੰਦੀਆਂ ਵਿਚ ਸਭ ਤੋਂ ਜ਼ਿਆਦਾ ਉੱਚੇ, ਭਾਵਨਾਵਾਂ ਅਤੇ ਖਿਆਲਾਂ ਵਿਚ ਸਭ ਤੋਂ ਵਿਲੱਖਣਤਾ ਵਾਲੇ ਸ਼ਰੀਫ ਲੋਕਾਂ ਵਿਚੋਂ ਸ਼ਰੀਫ, ਉੱਚੇ ਰੁਤਬੇ ਵਾਲਿਆਂ ਵਿਚੋਂ ਉੱਚੇ ਰੁਤਬੇ ਬਣਾਉਣ ਵਾਲੇ, ਕਾਮਿਲ ਅਤੇ ਨਿਪੁੰਣ ਲੋਕਾਂ ਵਿਚੋਂ ਮਾਹਿਰ, ਪੁੰਨ-ਦਾਨ ਕਰਨ ਵਾਲਿਆਂ ਵਿਚੋਂ ਸਭ ਤੋਂ ਜ਼ਿਆਦਾ ਪੁੰਨ-ਦਾਨ ਕਰਨ ਵਾਲੇ, ਫਜ਼ਲਾਂ ਮਿਹਰਾਂ ਵਾਲੇ, ਚੰਗੇ ਸਦਾਚਾਰ ਵਾਲੇ, ਆਪਣਿਆਂ ਪਰਾਇਆਂ ਨਾਲ ਪਿਆਰ ਕਰਨ ਵਾਲੇ,

ਵਧੀਆ ਨਫੀਸ ਲੋਕਾਂ ਵਿਚੋਂ ਨਫੀਸ, ਲੋਕਾਂ ਵਿਚੋਂ ਸਭ ਤੋਂ ਜ਼ਿਆਦਾ ਖੂਬੀਆਂ ਵਾਲੇ, ਵਡਿਆਂ ਵਿਚੋਂ ਵੱਡੇ, ਕਮਾਲ ਵਾਲਿਆਂ ਵਿਚੋਂ ਕਮਾਲ ਵਾਲੇ, ਉੱਚਿਆਂ ਵਿਚੋਂ ਉੱਚੇ, ਅਜ਼ਮਤ ਬਜ਼ੁਰਗੀ ਵਾਲਿਆਂ ਵਿਚੋਂ ਅਜ਼ਮਤ ਬਜ਼ੁਰਗੀ ਵਾਲੇ, ਚੰਗਾ ਬੋਲਣ ਵਾਲਿਆਂ ਵਿਚੋਂ ਚੰਗਾ ਬੋਲਣ ਵਾਲੇ, ਉੱਚੀ ਸੋਚ ਰੱਖਣ ਵਾਲਿਆਂ ਵਿਚੋਂ ਮੁਫੱਕਿਰ, ਦਰਜ਼ਿਆਂ ਵਾਲਿਆਂ ਵਿਚੋਂ ਬਹੁਤ ਦਰਜਾ ਪਾਉਣ ਵਾਲੇ, ਚੰਗੀ ਗੱਲ ਕਹਿਣ ਵਾਲਿਆਂ ਵਿਚ ਸਭ ਤੋਂ ਚੰਗੀ ਕਹਿਣ ਵਾਲੇ, ਉੱਚੀ ਸ਼ਾਨ ਵਾਲਿਆਂ ਵਿਚੋਂ ਉੱਚੀ ਸ਼ਾਨ ਵਾਲੇ, ਉੱਚੀ ਸੋਚ ਰੱਖਣ ਵਾਲਿਆਂ ਵਿਚੋਂ ਉੱਚੀ ਸੋਚ ਰੱਖਣ ਵਾਲੇ।

**ਗੁਰੂ ਬੇਨਿਆਜ਼ ਹੈ–** ਗੋਯਾ ਲਿਖਦੇ ਹਨ ਕਿ ਗੁਰੂ ਸਾਹਿਬਾਨ ਦੁਨੀਆਂ ਅਤੇ ਦੁਨੀਆਂ ਵਾਲਿਆਂ ਦੀ ਕੋਈ ਪ੍ਰਵਾਹ ਨਹੀਂ ਕਰਦੇ ਸਗੋਂ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਬੇਨਿਆਜ਼ ਹੁੰਦੇ ਹਨ। ਲੋਕਾਈ ਦੀ ਨਿਸ਼ਕਾਮ ਸੇਵਾ ਭਾਵਨਾ ਸਹਿਤ ਖਿਦਮਤ ਕਰਨਾ ਆਪਣਾ ਫਰਜ਼ ਸਮਝਦੇ ਹਨ। ਇਨ੍ਹਾਂ ਦੀ ਅਰਦਾਸ ਦੇ ਸ਼ਬਦਾਂ ਦੀ ਲੜੀ ਹਾਰ ਵਾਂਗ ਪਰੋਈ ਹੋਈ ਹੈ।

**ਦਿਲਦਾਰਾਂ ਦਾ ਦਿਲਦਾਰ ਹੈ–** ਗੋਯਾ ਅਨੁਸਾਰ ਸਤਿਗੁਰੂ ਦਿਲਦਾਰਾਂ ਦਾ ਦਿਲਦਾਰ ਹੈ।

**ਆਸ਼ਿਕਾਂ ਦਾ ਆਸ਼ਿਕ–** ਰੱਬ ਨਾਲ ਸੱਚੀ ਨਿਹੁੰ ਲਾਉਣ ਵਾਲਿਆਂ ਦਾ ਸੱਚਾ ਆਸ਼ਿਕ ਹੈ। ਚੰਗੇ ਸਾਥੀਆਂ ਦੇ ਵਧੀਆ ਸਾਥੀ ਹਨ।

**ਸਜਾਵਟ ਦੇਣ ਵਾਲੇ ਹਨ–** ਹਰ ਮਹਿਫਿਲ ਵਿਚ ਸਜਾਵਟ ਵਿਚ ਹੋਰ ਵਾਧਾ ਕਰਨ ਵਾਲੇ ਹਨ।

**ਉਹ ਬੇਨਜ਼ੀਰ ਹੈ–** ਗੋਯਾ ਲਿਖਦੇ ਹਨ ਕਿ ਸਤਿਗੁਰੂ ਵਰਗਾ ਹੋਰ ਕੋਈ ਨਹੀਂ ਹੈ ਇਸ ਲਈ ਆਪ ਬੇਨਜ਼ੀਰ ਹਨ।

**ਮੁਕੰਮਲ ਉਸਤਾਦ ਹਨ–** ਗੋਯਾ ਲਿਖਦੇ ਹਨ ਕਿ ਸਤਿਗੁਰੂ ਵਿਚ ਉਹ ਸਾਰੀਆਂ ਖੂਬੀਆਂ ਪਾਈਆਂ ਜਾਂਦੀਆਂ ਹਨ ਜਿਹੜੀਆਂ ਉਸਤਾਦੇ ਕਾਮਿਲ ਵਿਚ ਹੋਣੀਆਂ ਚਾਹੀਦੀਆਂ ਹਨ।

**ਗੁਰੂ ਦੀ ਬਹਾਦਰੀ–** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਵਿਚ ਬਹਾਦਰੀ ਦਾ ਜਜ਼ਬਾ ਹਰੇਕ ਹਾਰ ਨੂੰ ਜਿੱਤ ਵਿਚ ਤਬਦੀਲ ਕਰ ਦਿੰਦਾ ਹੈ। ਜੰਗ ਦੇ ਮੈਦਾਨ ਵਿਚ ਦਲੇਰੀ ਅਤੇ ਬਹਾਦਰੀ ਨਾਲ ਲੜਦੇ ਤਾਂ ਜੋ ਵਿਰੋਧੀ ਦੇ ਦੰਦ ਖੱਟੇ ਹੋ ਜਾਣ, ਉੱਚੀ ਸੋਚ ਵਾਲੇ, ਉੱਚੀ ਉਡਾਣ ਵਾਲੇ, ਉੱਚੇ ਜਜ਼ਬਿਆਂ ਵਾਲੇ, ਮੋਇਆਂ ਦਿਲਾਂ ਵਿਚ ਬਹਾਦਰੀ ਦਾ ਜਜ਼ਬਾ ਭਰਨ ਵਾਲੇ ਹਨ।

**ਸਤਿਗੁਰੂ ਦੀ ਤਾਕਤ:** ਫੌਲਾਦੀ ਸਰੀਰ ਵਾਂਗ ਤਾਕਤ ਰੱਖਣ ਵਾਲੇ, ਹਰੇਕ ਤਰ੍ਹਾਂ ਦੀ ਪ੍ਰੇਸ਼ਾਨੀ ਤੋਂ ਨਾ ਡਰਨ ਵਾਲੇ, ਤਾਕਤਵਰਾਂ ਵਿਚੋਂ ਤਾਕਤ ਵਾਲੇ ਮੰਨੇ ਜਾਂਦੇ ਹਨ।

**ਫੌਜ ਦੇ ਆਗੂ:** ਹਰ ਮੈਦਾਨ ਵਿਚ ਅਗਵਾਈ ਤਾਂ ਕਰਦੇ ਹੀ ਹਨ ਪਰ ਮੈਦਾਨ ਵਿਚ ਨਿਰੀਖਣ ਆਪਣੇ ਹੱਥ ਵਿਚ ਰੱਖਦੇ ਹਨ।

**ਜੰਗ ਵਿਚ ਘੋੜਸਵਾਰ ਰਹਿੰਦੇ:** ਜੰਗ ਹੋਵੇ ਜਾਂ ਹੋਰ ਕੋਈ ਸਮਾਂ, ਹਰ ਸਮੇਂ ਆਪਣੇ ਆਪ ਨੂੰ ਘੋੜਸਵਾਰਾਂ ਵਾਂਗ ਤਿਆਰ-ਬਰ-ਤਿਆਰ ਰਖਦੇ। ਕਿਸੇ ਮੁਹਿੰਮ ਤੇ ਜਾਣ ਲਈ ਆਪ ਪਹਿਲ ਕਰਦੇ।

**ਗੁਰੂ ਅਜ਼ੀਮ ਫਾਤਿਹ ਹਨ:** ਹਰ ਸਮੇਂ ਤਿਆਰ ਰਹਿਣ ਦੀ ਭਾਵਨਾ ਸਦਕਾ ਇਕ ਦਿਨ ਉਹ ਆਇਆ ਕਿ ਆਪ ਇਕ ਅਜ਼ੀਮ ਫਾਤਿਹ ਦੇ ਤੌਰ ਤੇ ਜਾਣੇ ਜਾਂਦੇ। ਤਲਵਾਰ ਦਾ ਜ਼ੋਰ ਅਤੇ ਘੋੜੇ ਦੀ ਬਾਗ ਹਰੇਕ ਸਮੇਂ ਤਿਆਰ ਰਹਿੰਦੀ। ਲੋੜਵੰਦਾਂ ਅਤੇ ਬੇਸਹਾਰਿਆਂ ਦੀ ਮਦਦ ਕਰਦੇ। ਆਪ ਦੇ ਆਉਣ ਨਾਲ ਬਾਗ ਵਿਚ ਆਈ ਪਤਝੜ ਬਹਾਰ ਵਿਚ ਬਦਲ ਗਈ।

**ਸਤਿਗੁਰੂ ਜੀ ਦਾ ਅਸਲਾ:** ਆਪ ਦਾ ਤੀਰ ਆਮ ਤੀਰ ਨਹੀਂ ਸੀ। ਸੁੱਤਿਆਂ ਨੂੰ ਜਗਾਉਣ ਵਾਲਾ ਸੀ। ਆਪ ਦੀ ਗਰਜ਼ ਸਿਰ ਨੂੰ ਫਾਟਣ ਵਾਲੀ ਸੀ। ਆਪ ਦੀ ਤਲਵਾਰ ਕੋਹ ਕਾਫ ਦੀਆਂ ਪਹਾੜੀਆਂ ਨੂੰ ਦੋ ਟੁਕੜੇ ਕਰਨ ਵਾਲੀ ਸੀ। ਆਪ ਦਾ ਨੇਜਾ ਫ਼ਤਹਿ ਪ੍ਰਾਪਤ ਕਰਨ ਵਾਲਾ ਸੀ। ਫ਼ਤਹਿ ਵਾਲਾ ਝੰਡਾ, ਹਰ ਛੋਟੀ ਤੋਂ ਛੋਟੀ ਚੀਜ਼ ਨੂੰ ਬਿਜਲੀ ਵਾਂਗ ਝੱਟ ਸਮਝਣ ਵਾਲੇ, ਨੇਜਿਆਂ ਰਾਹੀਂ ਡਾਕੂਆਂ ਨੂੰ ਉਨ੍ਹਾਂ ਦਾ ਰਾਹ ਵਿਖਾਉਣ ਵਾਲੇ, ਅਸਮਾਨ ਦੀਆਂ ਕਮੰਦਾਂ ਤੱਕ ਰਸਾਈ ਕਰਨ ਵਾਲੇ, ਇਕ ਛੋਟੀ ਜਿਹੀ ਚੰਗਾਰੀ ਰਾਹੀਂ ਸਾਰੀ ਦੁਨੀਆਂ ਵਿਚ ਰੌਸ਼ਨੀ ਫੈਲਾਉਣ ਵਾਲੇ, ਆਪ ਦੀ ਤਲਵਾਰ ਵੈਰੀ ਦੀਆਂ ਆਂਦਰਾਂ ਤੱਕ ਬਾਹਰ ਲੈ ਆਉਣ ਵਾਲੀ ਸੀ।

**ਸਤਿਗੁਰੂ ਦੀ ਫੌਜ ਦੀ ਤਾਕਤ:** ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਦੀ ਫੌਜ ਦੀ ਤਾਕਤ ਬੇਸ਼ੁਮਾਰ ਸੀ। ਇਕ ਫੌਜੀ ਹਜ਼ਾਰ ਫੌਜੀਆਂ ਦਾ ਮੁਕਾਬਲਾ ਕਰਦਾ ਸੀ। ਔਖੀ ਘੜੀ ਵਿਚ ਫੌਜੀ ਨਾ ਅਕੱਦੇ ਨਾ ਥੱਕਦੇ, ਫੌਜਾਂ ਦੇ ਮੂੰਹ ਮੋੜਨ ਵਾਲੇ, ਵਿਰੋਧੀ ਫੌਜ ਨੂੰ ਹਾਰ ਦਾ ਸਾਹਮਣਾ ਕਰਵਾਉਣ ਵਾਲੇ ਫ਼ਤਹਿ ਦਾ ਝੰਡਾ ਹਰ ਥਾਂ ਲਹਿਰਾਉਣ ਵਾਲੇ, ਜਜ਼ਬੇ ਨਾਲ ਲੜਨ ਵਾਲੇ ਸਨ ਜਿਸ ਕਰਕੇ ਕਾਮਯਾਬੀ ਇਨ੍ਹਾਂ ਦੇ ਪੈਰ ਚੁੰਮਦੀ ਸੀ।

**ਸਤਿਗੁਰੂ ਸਭ ਦੀ ਤਾਰੀਫ ਕਰਨ ਵਾਲਾ ਹੈ:** ਸਤਿਗੁਰੂ ਸਾਰੇ ਸਾਧੂ ਸੰਤਾਂ, ਪੀਰ ਪੈਗੰਬਰਾਂ ਅਤੇ ਅਵਤਾਰਾਂ, ਸੂਫ਼ੀਆਂ, ਵਲੀਆਂ, ਸਰੀਫ਼ ਲੋਕਾਂ, ਪਾਕੀਜ਼ਾ ਸ਼ਖਸੀਅਤਾਂ, ਦੇਵੀ-ਦੇਵਤਿਆਂ, ਜੀਵ-ਜੰਤੂਆਂ, ਪੰਛੀਆਂ, ਡੰਗਰਾਂ ਸਭ ਦੀ ਪ੍ਰਸ਼ੰਸਾ ਕਰਦੇ ਹਨ। ਮੋਰ ਦੀ ਕੂਕ, ਬੁਲਬੁਲ ਦਾ ਬਾਗਾਂ ਵਿਚ ਬੋਲਣਾ ਪਿਆਰਾ ਲੱਗਦਾ ਹੈ। ਇਹ ਸਾਰੀ ਰੱਬ ਦੀ ਰਚਨਾ ਦੀ ਤਾਰੀਫ ਕਰਦੇ ਹਨ।

**ਸਾਰੇ ਗੁਰੂਆਂ ਦੀਆਂ ਸਿਫਤਾਂ ਹਨ–** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਵਿਚ ਪਹਿਲੇ ਸਾਰੇ ਗੁਰੂਆਂ ਦੀਆਂ ਖੂਬੀਆਂ ਮਿਲਦੀਆਂ ਹਨ। ਜੇ ਇਹ ਕਹਿ ਦਿੱਤਾ ਜਾਵੇ ਕਿ ਸਾਰੇ ਗੁਰੂਆਂ ਦੀਆਂ ਸਿਫਤਾਂ ਆਪ ਵਿਚ ਸਮਾ ਗਈਆਂ ਹਨ ਤਾਂ ਕੋਈ ਗਲਤ ਨਹੀਂ ਹੋਵੇਗਾ।

**ਸਤਿਗੁਰੂ ਸਾਰੇ ਪ੍ਰੇਮੀ ਲੋਕਾਂ ਲਈ ਜਿੰਦਜਾਨ ਹਨ–** ਗੋਯਾ ਅਨੁਸਾਰ ਸਤਿਗੁਰੂ ਆਪਣੇ ਨਾਲ ਪਿਆਰ ਕਰਨ ਵਾਲਿਆਂ ਲਈ ਜਿੰਦ ਜਾਨ ਹਨ।

**ਉਹ ਆਤਮਿਕ ਲੋਕਾਂ ਦਾ ਮਦਦਗਾਰ ਹੈ–** ਬਹੁਤ ਹੀ ਤਾਕਤ ਰੱਖਣ ਵਾਲਾ ਅਤੇ ਬੇਸਹਾਰਿਆਂ ਦੀ ਮਦਦ ਕਰਨ ਵਾਲਾ ਹੈ।

**ਗੁਰੂ ਰੱਬ ਦੇ ਬੰਦਿਆਂ ਦੀ ਤਾਕਤ ਵਧਾਉਂਦਾ ਹੈ–** ਉਨ੍ਹਾਂ ਲੋਕਾਂ ਦੀ ਜਿਨ੍ਹਾਂ ਕੋਲ ਐਨੀ ਤਾਕਤ ਨਹੀਂ, ਉਨ੍ਹਾਂ ਨੂੰ ਤਾਕਤ ਅਤੇ ਹੌਂਸਲੇ ਨਾਲ ਜਜ਼ਬਿਆਂ ਨੂੰ ਤਾਕਤ ਬਖਸ਼ਦੇ ਹਨ।

**ਦੇਵੀ ਦੇਵਤਿਆਂ ਅਤੇ ਧਾਰਮਿਕ ਗ੍ਰੰਥਾਂ ਨੂੰ ਸਜਾਉਣ ਵਾਲਾ ਹੈ–** ਜਿੰਨੇ ਵੀ ਦੇਵੀ ਦੇਵਤੇ ਅਤੇ ਉਸ ਦੀਆਂ ਹੋਰ ਰਚਨਾਵਾਂ ਹਨ, ਉਸ ਨੂੰ ਹੀ ਨਹੀਂ ਸਜਾਵਟ ਬਖਸ਼ਦੇ ਸਗੋਂ ਧਾਰਮਿਕ ਗ੍ਰੰਥਾਂ ਨੂੰ ਵੀ ਸੁਹੱਪਣਤਾ ਬਖਸ਼ਦੇ ਹਨ।

**ਗੁਰੂ ਦੇਵਤਿਆਂ ਦਾ ਉਸਤਾਦ ਹੈ:** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਗੁਰੂ ਤਾਂ ਦੇਵੀ ਦੇਵਤਿਆਂ ਦੇ ਵੀ ਉਸਤਾਦ ਹਨ।

**ਉਹ ਰੱਬ ਦੀ ਭਗਤੀ ਕਰਨ ਵਾਲਿਆਂ ਦੇ ਦੋਸਤ ਹਨ–** ਸਤਿਗੁਰੂ ਰੱਬ ਅਤੇ ਰੱਬ ਨਾਲ ਜੁੜੇ ਹੋਏ ਬੰਦਿਆਂ ਦੇ ਬਹੁਤ ਨੇੜੇ ਹਨ। ਉਨ੍ਹਾਂ ਦਾ ਹਰ ਪਲ ਸਾਥ ਦਿੰਦੇ ਹਨ। ਉਨ੍ਹਾਂ ਦੇ ਨਾਲ ਰਹਿੰਦੇ ਹਨ। ਉਨ੍ਹਾਂ ਦਾ ਹਰ ਮੁਸ਼ਕਿਲ ਘੜੀ ਵਿਚ ਸਾਥ ਦਿੰਦੇ ਹਨ।

**ਸਤਿਗੁਰੂ ਬਰਕਤਾਂ ਦੇ ਖਜ਼ਾਨੇ ਹਨ–** ਇਹ ਆਪ ਵੀ ਬਰਕਤਾਂ ਦੇ ਖਜ਼ਾਨੇ ਹਨ ਅਤੇ ਇਨ੍ਹਾਂ ਬਰਕਤਾਂ ਰਾਹੀਂ ਹੋਰਾਂ ਨੂੰ ਵੀ ਬਰਕਤ ਵਾਲਾ ਬਣਾ ਲੈਂਦੇ ਹਨ। ਨੇਕ ਨਸੀਬੇ ਵਾਲੇ ਹਨ।

**ਸਤਿਗੁਰੂ ਸਿਮਰਨ ਕਰਨ ਵਾਲੇ ਨੂੰ ਇੱਜ਼ਤ ਬਖਸ਼ਦੇ ਹਨ–** ਆਪਣੇ ਸੇਵਕਾਂ ਅਤੇ ਉਨ੍ਹਾਂ ਦਾ ਨਾਮ ਸਿਮਰਨ ਕਰਨ ਵਾਲਿਆਂ ਨੂੰ ਇੱਜ਼ਤ ਵਾਲਾ ਬਣਾ ਦਿੰਦੇ ਹਨ।

**ਭਲੇ ਮਨੁੱਖਾਂ ਦੇ ਖੈਰਖਾਹ ਹਨ:** ਭਲੇ ਕਰਮ ਕਮਾਉਣ ਵਾਲਿਆਂ ਅਤੇ ਭਲਾਈ ਦੇ ਰਾਹ ਤੇ ਚੱਲਣ ਵਾਲਿਆਂ ਅਤੇ ਨੇਕੀ ਨੂੰ ਅਪਨਾਉਣ ਵਾਲਿਆਂ, ਨੇਕੀ ਨੂੰ ਫੈਲਾਉਣ ਵਾਲਿਆਂ ਅਤੇ ਬੁਰਾਈ ਨੂੰ ਮਿਟਾਉਣ ਵਾਲਿਆਂ ਦੇ ਖੈਰ-ਖਾਹ ਹਨ। ਭਲਾ, ਭਲੇ ਅਤੇ ਭਲਾਈ ਨੂੰ ਤਰਜੀਹ ਦੇਣ ਵਾਲੇ ਹਨ। ਹੱਕ-ਸੱਚ ਦੇ ਪੈਂਡੇ ਤੇ ਚੱਲਣ ਵਾਲਿਆਂ ਲਈ ਜਾਨ ਦੇਣ ਲਈ ਤਿਆਰ ਹਨ। ਹੱਕ-ਸੱਚ ਦੇ ਕਦਰਦਾਨਾਂ ਲਈ ਆਪਣੀ ਜਾਨ-ਮਾਲ ਅਤੇ ਸਮਾਂ ਕੁਰਬਾਨ ਕਰਨ ਲਈ ਹਰ ਪਲ ਤਿਆਰ ਨਜ਼ਰੀਂ ਆਉਂਦੇ ਹਨ। ਹੱਕ ਅਤੇ ਹਕੀਕਤ ਨੂੰ ਪਸੰਦ ਕਰਦੇ ਹਨ। ਨਾ-ਹੱਕ ਅਤੇ ਬੁਰਾਈ ਨੂੰ ਮਿਟਾਉਣ ਲਈ ਹਰ ਸੰਭਵ ਯਤਨ ਕਰਦੇ ਨਜ਼ਰੀਂ ਆਉਂਦੇ ਹਨ।

**ਗੁਰੂ ਰੂਹ ਨੂੰ ਤਾਕਤ ਬਖਸ਼ਦੇ ਹਨ:** ਸਰੀਰ ਦੀ ਅੰਤਰ ਆਤਮਾ ਰੂਹ ਹੈ ਅਤੇ ਰੂਹ ਦੀ ਸ਼ਾਂਤੀ ਲਈ ਮਨੁੱਖ ਹਰ ਸੰਭਵ ਯਤਨ ਕਰਨ ਲਈ ਤਿਆਰ ਹੋ ਜਾਂਦਾ ਹੈ।

**ਸੱਚ ਦੇ ਪਾਂਧੀਆਂ ਦੇ ਲਈ ਸਹਾਈ ਹਨ:** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਹੱਕ ਸੱਚ ਦੇ ਰਸਤੇ ਤੇ ਚੱਲਣ ਵਾਲਿਆਂ ਲਈ ਮਦਦਗਾਰ, ਹੱਕ ਦਾ ਸਾਥ ਦੇਣ ਵਾਲੇ, ਹੱਕ ਸੱਚ ਦਾ ਕੰਮ ਕਰਨ ਵਾਲਿਆਂ ਲਈ ਕਾਫੀ, ਹੱਕ ਦੇ ਕੰਮਾਂ ਲਈ ਹਰ ਸੰਭਵ ਯਤਨ ਕਰਨ ਵਾਲੇ, ਹੱਕ ਦੀ ਤਲਾਸ਼ ਕਰਨ ਵਾਲਿਆਂ ਲਈ ਪੇਸ਼ਵਾ ਆਗੂ ਵਜੋਂ ਜਾਣੇ ਜਾਂਦੇ ਹਨ।

**ਗੁਰੂ ਆਤਮਾ ਨੂੰ ਤਾਕਤ ਬਖਸ਼ਣ ਵਾਲੇ ਹਨ:** ਆਤਮਾ ਤੋਂ ਪ੍ਰਮਾਤਮਾ ਦੇ ਸਫਰ ਲਈ ਤਾਕਤ ਬਖਸ਼ਣ ਵਾਲੇ ਹਨ।

**ਮਾਨਸਿਕ ਅਤੇ ਇੱਛਾਵਾਂ ਦੇ ਝੰਮੇਲਿਆਂ ਤੋਂ ਬਚਾਉਣ ਵਾਲੇ:** ਮਾਨਸਿਕ ਅਤੇ ਇੱਛਾਵਾਂ ਦੇ ਜਾਲ ਤੋਂ ਮੁਕਤੀ ਪ੍ਰਾਪਤ ਕਰਵਾਉਣ ਲਈ ਇਨ੍ਹਾਂ ਦੀ ਅਹਿਮ ਭੂਮਿਕਾ ਹੈ।

**ਦੀਨ ਦੁਨੀਆਂ ਨੂੰ ਸਜਾਵਟ ਬਖਸ਼ਣ ਵਾਲੇ ਹਨ:** ਸੁੱਖ ਸ਼ਾਂਤੀ ਵਿਚ ਵਾਧਾ ਕਰਨ ਵਾਲੇ, ਬਾਗ ਦੇ ਫੁੱਲ ਬੂਟਿਆਂ ਵਾਂਗ ਖੂਬਸੂਰਤੀ ਲੈ ਆਉਣ ਵਾਲੇ, ਲੋਕ ਅਤੇ ਪ੍ਰਲੋਕ ਲਈ ਹੁਸਨ, ਸਮੁੱਚੀ ਰਚਨਾ ਲਈ ਸਜਾਵਟ ਅਤੇ ਖੂਬਸੂਰਤੀ ਲੈ ਆਉਣ ਵਾਲੇ, ਰਚਾਈ ਰਚਨਾ ਵਿਚ

ਨਵੀਂ ਰੂਹ ਪੈਦਾ ਕਰਨ ਵਾਲੇ, ਮਖਲੂਕ ਦੀ ਜ਼ੀਨਤ ਦਾ ਕਾਰਨ, ਰੱਬ ਦੀ ਰਚਨਾ ਵਿਚ ਖੂਬਸੂਰਤੀ ਲਿਆ ਕੇ ਅਜੀਬ ਕੈਫੀਅਤ ਪੈਦਾ ਕਰਨ ਵਾਲੇ ਹਨ।

**ਜ਼ਮੀਨ ਅਸਮਾਨ ਦੇ ਪੈਦਾ ਕਰਨ ਦਾ ਕਾਰਨ–** ਰੱਬ ਦੇ ਜ਼ਮੀਨ ਅਤੇ ਅਸਮਾਨ ਨੂੰ ਪੈਦਾ ਕਰਨ ਦਾ ਇਕੋ ਇਕ ਕਾਰਨ ਹੈ ਕਿ ਉਸ ਨੇ ਧਰਤੀ ਤੇ ਅਜਿਹੇ ਅਵਤਾਰਾਂ ਨੂੰ ਪੈਦਾ ਕਰਨਾ ਸੀ ਕਿ ਜਿਹੜੇ ਰੱਬ ਦੀ ਲੋਕਾਈ ਨੂੰ ਸਿੱਧੇ ਰਸਤੇ ਵੱਲ ਪ੍ਰੇਰਿਤ ਕਰਨ ਅਤੇ ਭੁੱਲੀ ਵਿਸਰੀ ਲੋਕਾਈ ਨੂੰ ਰੱਬ ਨਾਲ ਜੋੜਨ ਦਾ ਯਤਨ ਕਰਨ।

**ਗੁਰੂ ਸੁੱਤਿਆਂ ਨੂੰ ਜਗਾਉਣ ਵਾਲੇ ਹਨ–** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਗੁਰੂਆਂ ਅਵਤਾਰਾਂ ਦਾ ਕੰਮ ਲੋਕਾਈ ਜਿਹੜੀ ਸੰਸਾਰਿਕ ਝੰਬੇਲਿਆਂ ਵਿਚ ਡੁੱਬ ਜਾਂਦੀ ਹੈ ਉਨ੍ਹਾਂ ਨੂੰ ਸੁਚੇਤ ਕਰਨਾ ਹੈ।

**ਗੁਰੂ ਅਜ਼ਾਦ ਲੋਕਾਂ ਨੂੰ ਮੁਬਾਰਕਬਾਦ ਕਹਿਣ ਵਾਲੇ ਹਨ:** ਉਹ ਲੋਕ ਜਿਹੜੇ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ ਉਨ੍ਹਾਂ ਨੂੰ ਗੁਰੂ ਮੁਬਾਰਕਬਾਦ ਦਿੰਦੇ ਹਨ।

**ਕਲਾਮ ਨੂੰ ਮਿਠਾਸ ਬਖਸ਼ਣ ਵਾਲੇ ਹਨ:** ਗੋਯਾ ਅਨੁਸਾਰ ਸਤਿਗੁਰੂ ਜੋ ਬੋਲਦੇ ਹਨ ਉਨ੍ਹਾਂ ਸ਼ਬਦਾਂ ਵਿਚ ਮਿਠਾਸ ਭਰ ਜਾਂਦੀ ਹੈ ਜਿਸ ਨਾਲ ਬੋਲੀ ਵਿਚ ਮਿਠਾਸ ਮਹਿਸੂਸ ਹੁੰਦੀ ਹੈ।

**ਭੋਗ ਵਿਲਾਸ ਨੂੰ ਘਟਾਉਣ ਵਾਲੇ ਹਨ–** ਉਹ ਇੰਦਰੀਆਂ ਜਿਹੜੀਆਂ ਭੋਗ ਵਿਲਾਸ ਵਿਚ ਸਹਾਈ ਹੁੰਦੀਆਂ ਹਨ ਉਨ੍ਹਾਂ ਤੇ ਪੂਰਾ ਕੰਟਰੋਲ ਰੱਖਦੇ ਹਨ, ਇਸ ਕਰਕੇ ਭੋਗ ਵਿਲਾਸ ਨੂੰ ਘਟਾਉਣ ਵਾਲੇ ਹਨ।

**ਗੁਰੂ ਦੇ ਮੁਰੀਦ ਗੁਰੂ ਨੂੰ ਸਭ ਤੋਂ ਪਿਆਰੇ ਹਨ–** ਗੁਰੂ ਜੀ ਨੂੰ ਆਪਦੇ ਮੁਰੀਦਾਂ ਨਾਲ ਇਨ੍ਹਾਂ ਮੋਹ ਮੁਹੱਬਤ ਹੈ ਕਿ ਉਹ ਆਪਣੇ ਮੁਰੀਦਾਂ ਨੂੰ ਆਪਣੀ ਜਿੰਦ ਜਾਨ ਤੋਂ ਵੀ ਪਿਆਰੇ ਲੱਗਦੇ ਹਨ। ਹਰ ਪਲ ਉਨ੍ਹਾਂ ਦਾ ਖਿਆਲ ਰੱਖਣਾ ਉਨ੍ਹਾਂ ਦੇ ਸੱਚੇ ਪਿਆਰ ਦੀ ਨਿਸ਼ਾਨੀ ਹੈ। ਇਨ੍ਹਾਂ ਨਾਲ ਜੁੜੇ ਰਹਿਣਾ ਅਤੇ ਜੋੜੀ ਰੱਖਣਾ ਆਪਣੀ ਸ਼ਾਨ ਸਮਝਦੇ ਹਨ।

**ਅਕਾਸ਼ ਦੇ ਦੇਵਤੇ ਵੀ ਆਪ ਦੇ ਗੁਲਾਮ ਹਨ:** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਅਕਾਸ਼ ਦੇ ਦੇਵੀ ਦੇਵਤਾ ਵੀ ਗੁਰੂ ਦੀ ਹਾਮੀ ਭਰਦੇ ਹਨ। ਗੁਰੂ ਦੀ ਆਗਿਆ ਮੰਨਣ ਲਈ ਹਰ ਸੰਭਵ ਯਤਨ ਕਰਦੇ ਹਨ ਅਤੇ ਆਪਣੀ ਇੱਜ਼ਤ ਦਾ ਸਬੱਬ ਸਮਝਦੇ ਹਨ।

**ਚੰਨ ਸੂਰਜ ਅਤੇ ਸਿਤਾਰੇ ਗੁਰੂ ਲਈ ਜਾਨ ਦਿੰਦੇ ਹਨ:** ਇਹ ਚੰਨ ਸੂਰਜ ਅਤੇ ਸਿਤਾਰੇ ਵੀ ਸਤਿਗੁਰੂ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਤੱਤਪਰ ਰਹਿੰਦੇ ਹਨ। ਇਹ ਸਾਰੇ ਉਨ੍ਹਾਂ ਲਈ ਹਰੇਕ ਕੰਮ ਕਰਨ ਲਈ ਤਿਆਰ ਰਹਿੰਦੇ ਹਨ।

**ਅਲਵੀ ਅਤੇ ਸਫਲੀ ਸਾਰੇ ਅਧੀਨ ਹਨ–** ਗੋਯਾ ਕਹਿੰਦੇ ਹਨ ਸਤਿਗੁਰੂ ਦਾ ਏਨਾ ਵੱਡਾ ਰੁਤਬਾ ਹੈ ਕਿ ਅਲਵੀ ਅਤੇ ਸਫਲੀ ਆਪ ਦੇ ਅਧੀਨ ਹਨ।

**ਸਤਿਗੁਰੂ ਦੇ ਬੇਸ਼ੁਮਾਰ ਸੇਵਕ ਹਨ:** ਅਸਮਾਨ ਅਤੇ ਜ਼ਮੀਨ ਬੇਸ਼ੁਮਾਰ ਆਪ ਦੇ ਸੇਵਕ ਹਨ ਜਿਹੜੇ ਆਪ ਦੀ ਸੇਵਾ ਲਈ ਹਰ ਸਮੇਂ ਤਿਆਰ ਰਹਿੰਦੇ ਹਨ। ਇਨ੍ਹਾਂ ਦੇ ਸੇਵਕਾਂ ਨੂੰ ਗਿਣਿਆਂ ਨਹੀਂ ਜਾ ਸਕਦਾ।

**ਸਤਿਗੁਰੂ ਰੱਬ ਦੇ ਖਾਸ ਹਨ:** ਸਤਿਗੁਰੂ ਦੀ ਸੰਗਤ ਅਤੇ ਪੰਗਤ ਕਰਕੇ ਇਨ੍ਹਾਂ ਦਾ ਦਰਜਾ ਰੱਬ ਦੇ ਨਜ਼ਦੀਕ ਹੈ।

**ਸਤਿਗੁਰੂ ਦਾ ਖ਼ਾਲਸਾ:** ਗੋਯਾ ਲਿਖਦੇ ਹਨ ਕਿ ਸਤਿਗੁਰੂ ਦਾ ਖ਼ਾਲਸਾ ਨਿਰੋਲ ਮਨ ਤੇ ਨਿਰੋਲ ਚਿੱਤ ਨੂੰ ਲੈ ਕੇ ਚੱਲਦਾ ਹੈ।

**ਸਤਿਗੁਰੂ ਵਫਾ ਦੇ ਪੁਤਲੇ ਹਨ:** ਸਤਿਗੁਰੂ ਵਫਾਦਾਰੀ ਵਿਚ ਇਕ ਨਮੂਨਾ ਹਨ। ਇਨ੍ਹਾਂ ਦੇ ਹਰ ਕੰਮ ਤੋਂ ਵਫਾ ਦੀ ਝਲਕ ਪ੍ਰਗਟ ਹੁੰਦੀ ਹੈ।

**ਨਿਮਾਣਿਆਂ ਨੂੰ ਇਜ਼ੱਤ ਬਖਸ਼ਣ ਵਾਲਾ ਹੈ:** ਸਤਿਗੁਰੂ ਨਿਮਾਣਿਆਂ ਅਤੇ ਸਿਆਣਿਆਂ ਨੂੰ ਇੱਜ਼ਤ ਦੀਆਂ ਚੋਟੀਆਂ ਤੇ ਲੈ ਜਾਣ ਵਾਲੇ ਹਨ।

**ਸਤਿਗੁਰੂ ਦੇ ਸੇਵਕ ਅਜ਼ਾਬ ਤੋਂ ਮੁਕਤੀ ਪਾਉਣ ਵਾਲੇ ਹਨ:** ਜਿੰਨੇ ਵੀ ਸਤਿਗੁਰੂ ਦੇ ਸੇਵਕ ਹਨ ਸਾਰੇ ਦੇ ਸਾਰੇ ਅਜ਼ਾਬ ਤੋਂ ਮੁਕਤੀ ਪਾ ਲੈਣਗੇ।

**ਸਤਿਗੁਰੂ ਦਲੇਰੀ ਅਤੇ ਹੌਂਸਲਾ ਦੇਣ ਵਾਲੇ ਹਨ:** ਸਤਿਗੁਰੂ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੂੰ ਹੌਂਸਲੇ, ਹਿੰਮਤ ਅਤੇ ਦਲੇਰੀ ਦੀ ਜ਼ਰੂਰਤ ਹੁੰਦੀ ਹੈ, ਉਨ੍ਹਾਂ ਲਈ ਢਾਲ ਦਾ ਕੰਮ ਕਰਦੇ ਹਨ। ਬੇਸਹਾਰਿਆਂ ਲਈ ਸਹਾਰਾ ਅਤੇ ਕਮਜ਼ੋਰਾਂ ਲਈ ਹਿੰਮਤ ਦੇ ਪਹਾੜ ਬਣ ਜਾਂਦੇ ਹਨ।

**ਸਤਿਗੁਰੂ ਮੁਰਾਦਾਂ ਪੂਰੀਆਂ ਕਰਨ ਵਾਲੇ ਹਨ:** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਇਕ ਅਜਿਹੀ ਸਤਿਕਾਰਯੋਗ ਹਸਤੀ ਹਨ ਜਿਨ੍ਹਾਂ ਅੰਦਰ ਮੁਰਾਦਾਂ ਪੂਰੀਆਂ ਕਰਨ ਦੀ ਤਾਕਤ ਹੈ। ਮਕਸਦਾਂ ਨੂੰ ਪੂਰਾ ਕਰਨਾ, ਜ਼ਰੂਰਤਾਂ ਦੀ ਪੂਰਤੀ, ਕੰਮਾਂ ਨੂੰ ਨੇਪਰੇ ਚਾੜ੍ਹਨ ਵਾਲੇ, ਫੁੱਲਾਂ ਵਿਚ ਰੌਣਕ ਬਖਸ਼ਣ ਵਾਲੇ, ਕੰਮ ਕਾਰਾਂ ਵਿਚ ਸਹਾਇਤਾ ਕਰਨ ਵਾਲੇ ਹਨ।

ਬੇਮੁਰਾਦਾਂ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੇ, ਨਕਾਮੀ ਨੂੰ ਸਫਲਤਾ ਵਿਚ ਤਬਦੀਲ ਕਰਨ ਵਾਲੇ, ਅੱਖਾਂ ਦੀ ਰੌਸ਼ਨੀ ਬਖਸ਼ਣ ਵਾਲੇ, ਦਿਲਾਂ ਵਿਚ ਸੁੱਖ ਸ਼ਾਂਤੀ ਦੇਣ ਵਾਲੇ, ਬੇਜਾਨਾਂ ਅਤੇ ਬੇਰੂਹਾਂ ਵਿਚ ਰੂਹ ਪਾਉਣ ਵਾਲੇ, ਵਹਿਮਾਂ-ਭਰਮਾਂ ਦੀ ਡੁੱਬੀ ਲੋਕਾਈ ਨੂੰ ਸਿੱਧੇ ਰਾਹ ਵਿਖਾਉਣ ਵਾਲੇ, ਹਨੇਰੇ ਚੋਂ ਕੱਢ ਕੇ ਰੌਸ਼ਨੀ ਵੱਲ ਲੈ ਆਉਣ ਵਾਲੇ ਹਨ। ਸਤਿਗੁਰੂ ਰਸਮਾਂ ਰਿਵਾਜਾਂ ਮੰਨਣ ਵਾਲਿਆਂ ਦੇ ਵਿਰੁੱਧ ਹਨ। ਰਸਮ-ਰਿਵਾਜਾਂ, ਵਹਿਮਾਂ-ਭਰਮਾਂ, ਬੇਕਾਰ ਕੰਮਾਂ ਤੋਂ ਸੰਕੋਚ ਕਰਨ ਵਾਲੇ ਹਨ।

ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਮਹਿਫਿਲਾਂ ਦੀ ਰੌਣਕ ਵਧਾਉਣ ਵਾਲੇ ਹਨ। ਇੱਥੇ ਹੀ ਬਸ ਨਹੀਂ ਸਗੋਂ ਚਿਰਾਗਾਂ ਨੂੰ ਰੌਸ਼ਨੀ ਬਖਸ਼ਣ ਵਾਲੇ ਹਨ। ਭਰੋਸੇਯੋਗ ਸ਼ਖਸੀਅਤਾਂ ਵਿਚ ਸ਼ਾਮਿਲ ਹਨ।

ਅੱਗੇ ਲਿਖਦੇ ਹਨ ਕਿ ਸਤਿਗੁਰੂ ਨਿਸ਼ਕਾਮ ਸੇਵਾ ਭਾਵਨਾ ਵਾਲਿਆਂ ਦੇ ਅੰਗ ਸੰਗ ਹਨ। ਨਾਪਾਕ ਚੀਜ਼ਾਂ ਅਤੇ ਲੋਕਾਂ ਨੂੰ ਪਾਕ ਕਰਨ ਵਾਲੇ ਹਨ। ਬੁਰੇ ਕੰਮ ਕਰਨ ਵਾਲਿਆਂ ਨੂੰ ਸਿੱਧਾ ਰਾਹ ਵਿਖਾਉਣ ਵਾਲੇ ਹਨ। ਚੰਗੇ ਬੋਲਣ ਵਾਲੇ ਅਤੇ ਚੰਗੇ ਕੰਮ ਕਰਨ ਵਾਲੇ ਹਨ। ਬੇਸਹਾਰਿਆਂ ਲਈ ਸਹਾਰਾ ਅਤੇ ਤਾਕਤ ਦੇਣ ਵਾਲੇ ਹਨ। ਹਰ ਦੁੱਖ-ਸੁੱਖ ਵਿਚ ਸਾਥ ਦੇਣ ਵਾਲੇ ਹਨ, ਸਗੋਂ ਹਰ ਔਖੀ ਘੜੀ ਵਿਚ ਖੜੇ ਹੁੰਦੇ ਹਨ। ਹਰ ਬੁਰਾਈ ਦੇ ਖਾਤਮੇ ਲਈ ਆਪ ਦੀ ਆਮਦ ਹੈ। ਸਤਿਗੁਰੂ ਪ੍ਰੇਸ਼ਾਨ ਲੋਕਾਂ ਲਈ ਪਨਾਹ ਦਾ ਕੰਮ ਕਰਦੇ ਹਨ। ਪ੍ਰੇਸ਼ਾਨੀ ਵਿਚ ਸਹਾਇਤਾ ਕਰਦੇ ਹਨ। ਬੀਮਾਰੀਆਂ ਹੋਣ, ਦੁੱਖ ਦਰਦ ਦੇ ਝੰਬੇਲੇ ਹੋਣ, ਤੇਜ਼ ਹਵਾ ਦਾ ਝੱਖੜ ਹੋਵੇ, ਜ਼ਿੰਦਗੀ ਦੇ ਕਿਸੇ ਮੋੜ ਤੇ ਕੋਈ ਪ੍ਰੇਸ਼ਾਨੀ ਆ ਜਾਵੇ ਤਾਂ ਗੋਯਾ ਅਨੁਸਾਰ ਸਤਿਗੁਰੂ ਪਨਾਹ ਦਾ ਕੰਮ ਕਰਦੇ ਹਨ।

ਸਤਿਗੁਰੂ ਬੇਕਸਾਂ, ਬੇਬਸਾਂ, ਬੇਸਹਾਰਿਆਂ, ਨਿਮਾਣਿਆਂ ਅਤੇ ਨਿਤਾਣਿਆਂ ਲਈ ਸਹਾਇਤਾ ਦਾ ਕੰਮ ਕਰਦੇ ਹਨ। ਮਦਦ ਚਾਹੁਣ ਵਾਲਿਆਂ ਲਈ ਮਦਦ ਦੇਣ ਵਾਲੇ, ਹੱਥ ਫੜਨ ਵਾਲਿਆਂ ਲਈ ਹੱਥ ਫੜਾਉਣ ਵਾਲੇ ਵਜੋਂ ਜਾਣੇ ਜਾਂਦੇ ਹਨ। ਸਤਿਗੁਰੂ ਭੁੱਖਿਆਂ ਨੂੰ ਰੋਟੀ ਖੁਆਉਣ ਵਾਲੇ, ਨੰਗਿਆਂ ਨੂੰ ਕੱਪੜਾ ਪਹਿਨਾਉਣ ਵਾਲੇ, ਦੁਖ ਦਰਦ ਵਾਲਿਆਂ ਨੂੰ ਖੁਸ਼ੀ ਦੇ ਪਲ ਦੇਣ ਵਾਲੇ, ਪ੍ਰੇਸ਼ਾਨੀਆਂ ਨੂੰ ਖੁਸ਼ੀਆਂ ਵਿਚ ਤਬਦੀਲ ਕਰਨ ਵਾਲੇ, ਦੁਨੀਆਂ ਦੇ ਝੰਬੇਲਿਆਂ ਤੋਂ ਮੁਕਤੀ ਕਰਵਾਉਣ ਵਾਲੇ ਹਨ।

ਸਤਿਗੁਰੂ ਪਾਪਾਂ ਨੂੰ ਮੁਆਫ਼ ਕਰਨ ਵਾਲੇ, ਚਿੱਕੜ ਭਰਿਆਂ ਨੂੰ ਨਹਾਉਣ ਵਾਲੇ, ਕਮਜ਼ੋਰਾਂ, ਜ਼ਰੂਰਤਮੰਦਾਂ ਦੀ ਸਹਾਇਤਾ ਕਰਨ ਵਾਲੇ, ਵਧੀਕੀ ਦੇ ਖਿਲਾਫ਼ ਡਟ ਜਾਣ ਵਾਲੇ, ਜ਼ੁਲਮ ਦੇ ਵਿਰੁੱਧ ਜੰਗ ਲੜਨ ਵਾਲੇ ਹਨ। ਮੁਸੀਬਤਾਂ, ਪ੍ਰੇਸ਼ਾਨੀਆਂ ਦਾ ਡੱਟ ਕੇ ਮੁਕਾਬਲਾ ਕਰਨ ਵਾਲੇ ਹਨ। ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਸਲਾਮਤੀ ਬਖਸ਼ਣ ਵਾਲੇ, ਸਲਾਮਤੀ ਲੈ ਆਉਣ ਵਾਲੇ ਹਰੇਕ ਕੰਮ ਸਲਾਮਤੀ ਦੇ ਨਾਲ ਕਰਨ ਵਾਲੇ ਹਨ।

ਅਸਮਾਨ ਵੱਲੋਂ ਆਉਣ ਵਾਲੀਆਂ ਮੁਸੀਬਤਾਂ ਤੋਂ ਪਨਾਹ ਦਿਵਾਉਣ ਵਾਲੇ, ਅਸਮਾਨ ਅਤੇ ਜ਼ਮੀਨ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਹਨ। ਸਤਿਗੁਰੂ ਚੰਗੇ ਨਸੀਬੇ ਵਾਲੇ, ਨੇਕ ਨਸੀਬਾਂ ਲੈ ਆਉਣ ਵਾਲੇ ਹਨ। ਫਸੀ ਹੋਈ ਬੇੜੀ ਨੂੰ ਪਾਰ ਲੰਘਾਉਣ ਵਾਲੇ ਹਨ। ਲਗਾਤਾਰ ਸਹਾਇਤਾ ਕਰਨ ਵਾਲੇ, ਹੱਕ ਸੱਚ ਦਾ ਸਾਥ ਦੇਣ ਵਾਲੇ, ਹੱਕ ਸੱਚ ਦੀ ਗੱਲ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਹਨ।

ਸਤਿਗੁਰੂ ਹਨੇਰੇ ਨੂੰ ਦੂਰ ਕਰਨ ਵਾਲੇ, ਹਨੇਰੇ ਵਿਚ ਡੁੱਬੀ ਲੋਕਾਈ ਨੂੰ ਰੋਸ਼ਨੀ ਵੱਲ ਲੈ ਆਉਣ ਵਾਲੇ, ਹੱਕ ਸੱਚ ਦਾ ਰਸਤਾ ਅਪਣਾਉਣ ਵਾਲੇ ਅਤੇ ਹੱਕ ਸੱਚ ਦੀ ਗੱਲ ਤੇ ਅੜ ਜਾਣ ਵਾਲੇ ਹਨ। ਸਮੁੱਚੇ ਤੌਰ ਤੇ ਸਤਿਗੁਰੂ ਰਹਿਬਰ ਦੇ ਤੌਰ ਤੇ ਜਾਣੇ ਜਾਂਦੇ ਹਨ। ਆਗੂ ਪੇਸ਼ਵਾ ਵਜੋਂ ਯਾਦ ਕੀਤੇ ਜਾਂਦੇ ਹਨ। ਇਨ੍ਹਾਂ ਦੇ ਪੈਰਾਂ ਦੀ ਧੂੜ ਅੱਖਾਂ ਲਈ ਸੂਰਮੇ ਦਾ ਕੰਮ ਕਰਦੀ ਹੈ। ਸੁਭਾਗੇ ਨੇ ਉਹ ਲੋਕ ਜਿਨ੍ਹਾਂ ਨੂੰ ਇਨ੍ਹਾਂ ਦੇ ਪੈਰਾਂ ਦੀ ਧੂੜ ਮਿਲ ਜਾਵੇ। ਸਤਿਗੁਰੂ ਦਾ ਲੰਗਰ ਸਭ ਲਈ ਹੈ। ਕੋਈ ਅਮੀਰ ਹੋਵੇ ਜਾਂ ਗਰੀਬ ਸਾਰਿਆਂ ਲਈ ਇਕੋ ਦਸਤਰਖਾਨ ਹੈ। ਛੋਟਾ ਹੋਵੇ ਜਾਂ ਵੱਡਾ ਸਭ ਦੀ ਇਹੋ ਪਛਾਣ ਹੈ।

ਗੁਰੂ ਦੀ ਸ਼ਕਲ ਸੂਰਤ ਸੁੰਦਰ ਹੈ। ਧਾਰਮਿਕ ਝਗੜਿਆਂ ਦਾ ਫੈਸਲਾ ਕਰਨ ਵਾਲੇ ਜਿਹੜੇ ਰੱਬ ਦੀਆਂ ਦਾਤਾਂ ਨੂੰ ਨਾ ਮੰਨੇ, ਉਸਨੂੰ ਮਾਰ ਸੁੱਟਣ ਵਾਲੇ ਹਨ। ਧੋਖੇਬਾਜ਼ਾਂ ਪਾਖੰਡੀਆਂ ਨੂੰ ਸਹੀ ਪੈਗਾਮ ਦੇਣ ਵਾਲੇ ਹਨ। ਗੁਰੂ ਹਰ ਧਰਮ ਦੇ ਪੂਜਨੀਕਾਂ ਅਤੇ ਹਰ ਧਰਮ ਦੇ ਅਵਤਾਰਾਂ ਤੋਂ ਉਪਰ ਉੱਠਦੇ ਹਨ। ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਹਰ ਧਰਮ ਦੇ ਪੂਜਨੀਕਾਂ, ਅਵਤਾਰਾਂ ਅਤੇ ਸਾਧੂ ਸੰਤਾਂ ਵਾਂਗ ਨਹੀਂ ਹਨ। ਆਪ ਦੀ ਸ਼ਾਨ ਇਨ੍ਹਾਂ ਸਾਰਿਆਂ ਤੋਂ ਉੱਚੀ ਹੈ। ਦੇਵੀ ਦੇਵਤਿਆਂ ਅਤੇ ਪੁਜਾਰੀਆਂ ਤੋਂ ਉਪਰ ਉੱਠ ਕੇ ਸਾਰਿਆਂ ਨੂੰ ਸਰਵ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਹਨ। ਇਸ ਸੰਬੰਧੀ ਆਪ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ ਘੱਟ ਮਹਿਸੂਸ ਹੁੰਦੀ ਹੈ। ਹੱਕ ਸੱਚ ਦਾ ਵਸਤਰ ਪਹਿਨ ਕੇ ਲੋਕਾਂ

ਨੂੰ ਧੋਖਾ ਦੇਣ ਵਾਲਿਆਂ ਦੇ ਖਿਲਾਫ਼ ਡੱਟ ਜਾਣ ਵਾਲੇ ਹਨ। ਹੰਕਾਰ, ਘੁਮੰਡ ਦੇ ਸਖਤ ਦੁਸ਼ਮਣ ਵਜੋਂ ਜਾਣੇ ਜਾਂਦੇ ਹਨ। ਪਾਖੰਡੀਆਂ ਨੂੰ ਵੰਗਾਰਨ ਵਾਲੇ ਹਨ। ਅਜਿਹੇ ਮਨੁੱਖ ਜਿਹੜੇ ਲੋਕਾਈ ਲਈ ਨਫਾ ਬਖਸ਼ ਨਾ ਸਾਬਤ ਹੋਣ ਉਨ੍ਹਾਂ ਲਈ ਸਖਤ ਕਾਰਵਾਈ ਕਰਨ ਵਾਲੇ ਹਨ। ਲੜਾਈ ਝਗੜਾ, ਦੰਗੇ ਫਸਾਦ ਕਰਨ ਵਾਲਿਆਂ ਦੇ ਖਿਲਾਫ਼ ਕਾਰਵਾਈ ਕਰਨ ਵਾਲਿਆਂ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਹਨ। ਸਤਿਗੁਰੂ ਇੱਛਾਵਾਂ ਅਤੇ ਮਨ ਦੀ ਗੱਲ ਮੰਨਣ ਵਾਲਿਆਂ ਦੇ ਖਿਲਾਫ਼ ਹਨ। ਈਰਖਾ ਕਰਨ ਵਾਲਿਆਂ ਨੂੰ ਸੱਚਾ ਸੁੱਚਾ ਮਨੁੱਖ ਬਣਨ ਲਈ ਕਾਫੀ ਪ੍ਰੇਰਿਤ ਕਰਦੇ ਹਨ। ਈਰਖਾ ਕਰਨ ਵਾਲਿਆਂ ਨਾਲ ਘ੍ਰਿਣਾ ਕਰਨ ਵਾਲੇ ਹਨ। ਬੁਰੇ ਉਪਦੇਸ਼ ਅਤੇ ਬੂਰੇ ਰਾਹ ਪਾਉਣ ਵਾਲਿਆਂ ਦੇ ਖਿਲਾਫ਼ ਹਨ। ਵਚਨ ਕਰਕੇ ਤੋੜਨ ਵਾਲਿਆਂ ਅਤੇ ਵਚਨ ਦੀ ਪਾਲਣਾ ਨਾ ਕਰਨ ਵਾਲਿਆਂ ਦੇ ਵੀ ਖਿਲਾਫ਼ ਹਨ। ਸ਼ਰਨਾਰਥੀਆਂ ਦੀ ਪਹਿਲ ਦੇ ਆਧਾਰ ਤੇ ਗੱਲਬਾਤ ਸੁਣਨ ਵਾਲੇ ਹਨ। ਮੁਰਦਾ ਦਿਲਾਂ ਵਿਚ ਰੂਹ ਪਾਉਣ ਵਾਲੇ ਹਨ। ਸਫਰ ਵਿਚ ਯਾਦ ਸਮਗੱਰੀ ਦਾ ਪ੍ਰਬੰਧ ਕਰਨ ਵਾਲੇ ਹਨ। ਉਜੜੇ ਦਿਲਾਂ ਨੂੰ ਬਸਾਉਣ ਵਾਲੇ ਹਨ।

ਐਬਾਂ ਨੂੰ ਢਕਣ ਵਾਲੇ ਅਤੇ ਪਰਦਾ ਪਾਉਣ ਵਾਲੇ ਹਨ। ਉਹ ਆਪਣੇ ਹੱਥੀਂ ਆਪ ਕੰਮ ਕਰਨ ਨੂੰ ਤਰਜੀਹ ਦੇਣ ਵਾਲੇ ਹਨ। ਰੱਬ ਦਾ ਇਨਕਾਰ ਕਰਨ ਵਾਲਿਆਂ ਦੇ ਖਿਲਾਫ਼ ਹਨ। ਸੰਸਾਰਿਕ ਜੀਵਨ ਬਤੀਤ ਕਰਨ ਵਾਲਿਆਂ ਦਾ ਵੀ ਹੌਸਲਾ ਅਫਜ਼ਾਈ ਕਰਨ ਵਾਲੇ ਹਨ। ਸਤਿਗੁਰੂ ਲੋਕਾਈ ਚੰਗੀਆਂ ਗੱਲਾਂ ਕਰਨ ਉਪਰੰਤ ਖੁਸ਼ਖਬਰੀ ਦੇਣ ਵਾਲੇ ਹਨ। ਇਹ ਤਾਂ ਅਮਲਾਂ ਸਦਕਾ ਸਮਾਜ ਵਿਚ ਖੁਸ਼ਬੂ ਬਖੇਰਣ ਵਾਲੇ ਹਨ। ਬੇ-ਭਰੋਸਗੀ ਵਿਚ ਜ਼ਿੰਦਗੀ ਦੀ ਗੱਡੀ ਚਲਾਉਣ ਵਾਲਿਆਂ ਲਈ ਇਤਬਾਰ ਅਤੇ ਭਰੋਸਾ ਵਧਾਉਂਦੇ ਹਨ। ਇਨ੍ਹਾਂ ਦੀਆਂ ਕਰਮ ਫਰਮਾਈਆਂ ਬੇਪਨਾਹ ਹਨ। ਸੰਸਾਰਿਕ ਜੀਵਨ ਵਿਚ ਵੀ ਲੋਕਾਈ ਲਈ ਸਵਰਗ ਬਣਾਉਣ ਵਾਲੇ ਹਨ। ਆਪਣੀ ਕਿਸਮਤ ਦੇ ਆਪ ਰਚੇਤਾ ਹਨ। ਬਜ਼ੁਰਗਾਂ ਦੀ ਇੱਜ਼ਤ ਅਤੇ ਸਤਿਕਾਰ ਕਰਨਾ ਆਪਣਾ ਫਰਜ਼ ਸਮਝਦੇ ਹਨ। ਇਨ੍ਹਾਂ ਦੇ ਵਿਰੋਧੀਆਂ ਲਈ ਰੱਬ ਦੀ ਕਰੋਪੀ ਤਿਆਰ ਰਹਿੰਦੀ ਹੈ। ਮੁੱਕਦੀ ਗੱਲ ਇਹ ਹੈ ਕਿ ਸਤਿਗੁਰੂ ਇਕ ਮਜ਼ਬੂਤ ਦ੍ਰਿੜ ਨਿਸ਼ਚੇ ਵਾਲੇ ਅਤੇ ਪੱਕੇ ਵਸੀਲੇ ਵਾਲੇ ਪੈਗੰਬਰ ਹਨ।

**ਤੌਸੀਫ-ਓ-ਸਨਾ ਦੀ ਵਿਸ਼ੇਸ਼ਤਾਵਾਂ:** ਭਾਈ ਨੰਦ ਲਾਲ ਗੋਯਾ ਨੇ ਗੁਰੂ ਸਾਹਿਬ ਦੀ ਸ਼ਾਨ ਅਨੁਸਾਰ ਤਾਰੀਫ ਕੀਤੀ ਹੈ। ਵਾਰਤਕ ਵਿਚ ਅਜੀਬ ਕੈਫੀਅਤ ਮਹਿਸੂਸ ਹੁੰਦੀ ਹੈ ਜਿਸ

ਵਿਚ ਪਰੋਜ਼ ਦੀਆਂ ਸਾਰੀਆਂ ਖੂਬੀਆਂ ਮੌਜੂਦ ਹਨ। ਇਸ ਨਾਲ ਪੁਰਾਣੀ ਪਰੋਜ਼ ਦੀ ਯਾਦ ਤਾਜ਼ਾ ਹੁੰਦੀ ਹੈ। ਲਗਭਗ ਤਿੰਨ ਸਦੀਆਂ ਤੋਂ ਜ਼ਿਆਦਾ ਸਮਾਂ ਗੁਜ਼ਰਨ ਦੇ ਬਾਵਜੂਦ ਆਪ ਦੀਆਂ ਰਚਨਾਵਾਂ ਵਿਚ ਉਹੋ ਤਾਜ਼ਗੀ ਮੌਜੂਦ ਹੈ ਜੋ ਹੋਣੀ ਚਾਹੀਦੀ ਹੈ।

ਤੌਸੀਫ-ਓ-ਸਨਾ ਦੀ ਸਮੁੱਚੀ ਇਬਾਰਤ ਤੋਂ ਪਤਾ ਚੱਲਦਾ ਹੈ ਕਿ ਇਸ ਵਿਚ ਵੱਖ-ਵੱਖ ਰੰਗ ਵੱਖ-ਵੱਖ ਵਿਸ਼ੇ ਮੌਜੂਦ ਹਨ। ਹਰੇਕ ਵਾਕ ਦੇ ਅੰਤ ਵਿਚ ਕਾਫ਼ੀਆ ਵੀ ਦਿੱਤਾ ਹੋਇਆ ਹੈ ਜੋ ਪਰੋਜ਼ ਵਿਚ ਹੋਰ ਨਿਖਾਰ ਲਿਆਉਂਦਾ ਹੈ। ਦੂਜੀ ਗੱਲ ਗੋਯਾ ਦੀ ਇਹ ਰਚਨਾ ਮੁਸੱਜਾ ਸਿਫਤ ਨਾਲ ਵੀ ਭਰਪੂਰ ਹੈ ਜਿਸ ਦੇ ਦੋਵੇਂ ਵਾਕ ਮਿਲਦੇ-ਜੁਲਦੇ ਅਲਫਾਜ਼ ਨਾਲ ਹੋਰ ਖੂਬਸੂਰਤੀ ਪੈਦਾ ਕਰਦੇ ਹਨ। ਸਮੁੱਚੇ ਪਰੋਜ਼ ਵਿਚ ਵਿਲੱਖਣਤਾ ਇਸ ਗੱਲ ਦਾ ਸਬੂਤ ਹੈ ਕਿ ਇਸ ਵਰਗੀ ਪਰੋਜ਼ ਲਿਖਣਾ ਕਠਿਨ ਕੰਮ ਹੈ। ਜੇਕਰ ਦੋਵੇਂ ਵਾਕਾਂ ਦੇ ਸ਼ਬਦਾਂ ਵਿਚ ਸਮਾਨਤਾ[97] ਨਾ ਹੋਵੇ ਤਾਂ ਦੂਜਾ ਵਾਕ ਪਹਿਲੇ ਵਾਕ ਨਾਲੋਂ ਲੰਬਾ ਹੋਣਾ ਚਾਹੀਦਾ ਹੈ। ਭਾਈ ਨੰਦ ਲਾਲ ਗੋਯਾ ਇਸ ਕਸੌਟੀ ਤੇ ਪੂਰੇ ਉਤਰਦੇ ਨਜ਼ਰੀਂ ਆਉਂਦੇ ਹਨ। ਸਮੁੱਚੀ ਪਰੋਜ਼ ਦੀ ਦੂਜੀ ਸ਼ਕਲ ਇਹ ਹੈ ਕਿ ਪਹਿਲੇ ਵਾਕ ਵਿਚ ਜਿਹੜੇ ਸ਼ਬਦ ਲਿਖੇ ਜਾਂਦੇ ਹਨ ਉਹੀ ਵਜ਼ਨ ਅਨੁਸਾਰ ਦੂਜੇ ਵਾਕ ਦੇ ਸ਼ਬਦ ਜਾਂ ਵਜ਼ਨ ਲੈ ਆਈਏ ਤਾਂ ਇਸ ਤਰ੍ਹਾਂ ਦੀ ਪਰੋਜ਼ ਨੂੰ ਮੁਸੱਜਾ ਆਖਦੇ ਹਨ।[98]

**ਸਨਅਤੇ ਮੁਸੱਜਾ-** ਸ਼ੇਅਰਾਂ ਵਿਚ ਇਕ ਵਜ਼ਨ ਵਾਲੇ ਸ਼ਬਦਾਂ ਦਾ ਨਾਮ ਕਾਫ਼ੀਆ ਕਹਿੰਦੇ ਹਨ। ਅਜਿਹੀ ਪਰੋਜ਼ ਨੂੰ ਮੁਸੱਜਾ ਆਖਿਆ ਜਾਂਦਾ ਹੈ। ਫਰਕ ਇਹ ਹੈ ਕਿ ਕਾਫ਼ੀਆ ਵੀ ਸ਼ਬਦਾਂ ਦੀ ਆਵਾਜ਼ ਦਾ ਤਰੀਕਾ ਨਹੀਂ ਹੋ ਸਕਦਾ ਕਿਉਂਕਿ ਮੁਸੱਜਾ ਵਿਚ ਲਗਭਗ ਸ਼ਬਦਾਂ ਦੀ ਆਵਾਜ਼ ਹੀ ਅਸਲ ਚੀਜ਼ ਹੈ ਜਿਵੇਂ ਤੇ, ਤਾ, ਹੇ, ਹਾ ਆਦਿ।[99]

**ਸਿਫਤ ਮੁਸੱਜਾ-** ਉਹ ਵਾਕਾਂ ਦੇ ਆਖਰੀ ਸ਼ਬਦਾਂ ਭਾਵੇਂ ਵਜ਼ਨ ਵੱਖਰਾ ਹੋਵੇ ਪਰ ਦੋਵੇਂ ਸ਼ਬਦਾਂ ਦੀ ਰਵਾਨਗੀ ਵੱਖਰੀ ਹੋਣੀ ਚਾਹੀਦੀ ਹੈ ਜਿਵੇਂ ਬਾਦਸ਼ਾਹੇ ਦੋਜਹਾਂ, ਕਾਮਬਖਸ਼ਕਾਮਰਾ ਅਸਰਫ-ਓ-ਅਲਮਲ-ਓ-ਅਨਵਰ, ਮੁਕੱਦਸ-ਓ-ਮੁਤਹਰ।

**ਮੁਸੱਜਾ ਮੁਤਵਾਜ਼ੀ-** ਇਸ ਪਰੋਜ਼ ਵਿਚ ਦੋ ਵਾਕਾਂ ਦੇ ਆਖਰੀ ਵਾਕ ਇਕੋ ਵਜ਼ਨ ਦੇ ਹੁੰਦੇ ਹਨ। ਤੌਸੀਫ-ਓ-ਸਨਾ ਵਿਚ ਇਸ ਤਰ੍ਹਾਂ ਦੇ ਮੁਤਵਾਜ਼ੀ ਵਾਕ ਅਕਸਰ ਮਿਲਦੇ ਹਨ। ਜਿਵੇਂ-

---

97 ਨਸੀਮੁਲ ਬਲਾਗਤ, ਪੰਨਾ 95.

98 ਨਸੀਮੁਲ ਬਲਾਗਤ, ਪੰਨਾ 96.

99 ਉਹੀ, ਪੰਨਾ 91.

ਦਰਿਆਏ ਜੋਰੋ ਫਿਜ਼ਾਲ, ਅਬਰੇਬਖਸ਼ਿਸ਼ ਓ ਸੰਗਤੇ ਹੱਕ ਨਵਾਯਸ਼ ਅਜ਼ਮੁਖਤਸਾਨੇ ਨਵਾਲ ਈਜ਼ਦੀ ਅਖਤਸ।

**ਸਨਅਤੇ ਤਰਸੀਅ–** ਇਹ ਸਾਰੇ ਅਲਫਾਜ਼ ਇਕੱਠੇ ਵਜ਼ਨ ਅਤੇ ਕਾਫ਼ੀਆ ਵਾਲੇ ਹੁੰਦੇ ਹਨ। ਤੌਸੀਫ-ਓ-ਸਨਾ ਦੀ ਸਾਰੀ ਲਿਖਤ ਅਜਿਹੀ ਖੂਬੀਆਂ ਨਾਲ ਭਰੀ ਹੋਈ ਹੈ ਜਿਵੇਂ-

ਜ਼ੁਲਮਤੇ ਜਦਾਏ ਨਾ ਸੋਤੀਆਂ
ਹੁਲੀਆਂ ਆਰਾਏ ਮਲਕੋਤੀਆਂ
ਆਰਾਸਤਗੀਏ ਆਗਸਗਾਨ
ਪੈਗਸਤਰੀਏ ਪੈਰਾਸਤਗਾਨ।

**ਸਨਅਤੇ ਮਆਦ:** ਇਹ ਅਜਿਹੀ ਪਰੋਜ਼ ਹੈ ਜਿਸਦੇ ਪਹਿਲੇ ਟੁਕੜੇ ਦਾ ਆਖਰੀ ਲਫਜ਼ ਦੂਜੇ ਟੁਕੜੇ ਦੇ ਸ਼ੁਰੂ ਵਿਚ ਹੁੰਦਾ ਹੈ ਜਿਵੇਂ:

ਸ਼ਹਿਨਸ਼ਾਹ ਦਰਵੇਸ਼ ਅਲਕਾਬ
ਅਲਕਾਬ ਦਰਵੇਸ਼ ਸ਼ਹਿਨਸ਼ਾਹ ਖਿਤਾਬ।

**ਸਨਅਤੇ ਖੀਫਾ–** ਭਾਵ ਸਾਰੇ ਅਲਫਾਜ਼ ਲਗਾਤਾਰ ਨੁਕਤਿਆਂ ਅਤੇ ਬਗੈਰ ਨੁਕਤਿਆਂ ਵਾਲੇ ਹੋਣ ਜਿਵੇਂ:

ਅਸ਼ਰਫ-ਓ-ਅਕਮਲ-ਓ-ਅਨਵਰ
ਮੁਕੱਦਸ-ਓ-ਮੁਅੱਲਾ-ਓ-ਮੱਤਹਰ।

**ਸਨਅਤ ਮਨਕੂਤ–** ਭਾਵ ਜਿਸ ਵਿਚ ਸਾਰੇ ਸ਼ਬਦ ਨੁਕਤਿਆਂ ਵਾਲੇ ਹੀ ਹੋਣ ਜਿਵੇਂ:

ਸੰਮਾ ਅਫਰੋਜ਼ੇ ਸ਼ਬਸਿਤਾਂ ਆਲਮਾਨ

**ਫੌਕੁਨੁਕਾਤ–** ਭਾਵੇਂ ਅਜਿਹੇ ਸ਼ਬਦਾਂ ਜਿਨ੍ਹਾਂ ਦੇ ਨੁਕਤੇ ਉਪਰ ਹੀ ਹੋਣ ਜਿਵੇਂ ਮੁਤਫੱਜਿਲ, ਮੁੱਤਫਦ, ਮੁਲਤਫਤ ਆਦਿ।

**ਸਾਰਥਿਕ ਵਿਸ਼ੇਸ਼ਤਾਵਾਂ–** ਗੋਯਾ ਦੀ ਰਚਨਾਵਾਂ ਵਿਚ ਬੇਸ਼ੁਮਾਰ ਖੂਬੀਆਂ ਹਨ। ਇਕੋ ਸ਼ਬਦ ਦੂਜੇ ਦੇ ਵਿਰੋਧੀ ਵੀ ਪ੍ਰਯੋਗ ਕੀਤਾ ਗਿਆ ਹੈ ਜਿਵੇਂ:

ਫਰਮਾ ਰਵਾਏ ਬਾਲਾ ਓ ਜ਼ੇਰ
ਅਲਵੀ ਓ ਸਫਲੀ ਜੇਰੇ ਨਗੀਨਸ਼
ਸਮਾਵੀ ਓ ਅਰਜ਼ ਖਿਤਮਤ ਕਰੀਨਸ।

**ਸਨਅਤ ਮੁਕਾਬਲਾ–** ਭਾਵ ਅਜਿਹੇ ਸ਼ਬਦਾਂ ਦਾ ਪ੍ਰਯੋਗ ਕਰਨਾ ਜਿਹੜੇ ਜ਼ਾਹਿਰ ਵਿਚ ਇਕੋ ਲੱਗਦੇ ਹੋਣ ਪਰ ਅਰਥ ਵਿਰੋਧੀ ਪ੍ਰਗਟ ਕਰਨ।

**ਸਨਅਤ ਮੁਅੱਮਾ–** ਭਾਵ ਗੱਲ ਨੂੰ ਇਸ਼ਾਰੇ ਜਾਂ ਦਲੀਲ ਨਾਲ ਪੇਸ਼ ਕਰਨ ਨੂੰ ਆਖਦੇ ਹਨ ਜਿਸ ਨਾਲ ਪਿਛਲੀ ਸਾਰੀ ਗੱਲ ਸਮਝ ਵਿਚ ਆ ਜਾਂਦੀ ਹੈ।

**ਸਨਅਤੇ ਅਕਸ:** ਭਾਵ ਪਹਿਲੇ ਹਿੱਸੇ ਨੂੰ ਅੰਤ ਨਾਲ ਅਤੇ ਅੰਤਲੇ ਨੂੰ ਪਹਿਲੇ ਨਾਲ ਮਿਲਾਉਣ ਨੂੰ ਸਨਅਤੇ ਅਕਸ ਆਖਦੇ ਹਨ।

**ਸਨਅਤੇ ਜਮਾ:** ਭਾਵ ਕੁੱਝ ਚੀਜ਼ਾਂ ਨੂੰ ਇਕੋ ਹੁਕਮ ਵਿਚ ਜਮਾ ਕਰਨ ਨੂੰ ਸਨਅਤੇ ਜਮਾ ਆਖਦੇ ਹਨ।

**ਉਪਮਾ ਅਲੰਕਾਰ–** ਭਾਈ ਨੰਦ ਲਾਲ ਗੋਯਾ ਦੇ ਕਲਾਮ ਵਿਚ ਉਪਰੋਕਤ ਵਿਸ਼ੇਸ਼ਤਾਵਾਂ ਦੇ ਨਾਲੋ-ਨਾਲ ਜਿਹੜੀ ਵੱਡੀ ਖੂਬੀ ਪਾਈ ਜਾਂਦੀ ਹੈ, ਉਹ ਕਲਾਮ ਵਿਚ ਉਪਮਾ ਅਲੰਕਾਰ ਨੂੰ ਅੰਗੂਠੀ ਵਿਚ ਨਗੀਨੇ ਵਾਂਗ ਫਿੱਟ ਕੀਤਾ ਗਿਆ ਹੈ, ਦੀ ਜਿੰਦ ਜਾਨ ਅਤੇ ਰੂਹ ਦੇ ਕੰਮ ਆਉਂਦੀ ਹੈ। ਅਲੰਕਾਰ ਨਾਲ ਮਿਸਾਲ ਦਿੰਦਿਆਂ ਪੂਰਾ ਨਕਸ਼ਾ ਖਿੱਚਿਆ ਗਿਆ ਹੈ।

**ਹਿੰਦੀ ਸ਼ਬਦਾਂ ਦੀ ਮਿਠਾਸ:** ਗੋਯਾ ਦੇ ਕਲਾਮ ਵਿਚ ਹੋਰ ਭਾਸ਼ਾਵਾਂ ਦੇ ਅਲਫਾਜ਼ ਨੂੰ ਵੀ ਬਣਦਾ ਸਥਾਨ ਦਿੱਤਾ ਗਿਆ ਹੈ ਜਿਸ ਨਾਲ ਲਿਖਤ ਵਿਚ ਨਵਾਂ ਰੂਪ ਨਵੀਂ ਸੇਧ ਵੇਖਣ ਨੂੰ ਮਿਲੀ। ਹੋਰ ਭਾਸ਼ਾਵਾਂ ਦੀ ਮਿਠਾਸ ਨੂੰ ਗੋਯਾ ਦੇ ਕਲਾਮ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਹੈ ਜਿਵੇਂ ਸਤਿਗੁਰੂ, ਬ੍ਰਹਮਾਨ, ਬੇਦ, ਪੂਰਾਨ, ਅਰਜਨ, ਲਛਮਣ, ਰਾਜਾ ਰਾਮ, ਸਿੰਘਾਸਣ, ਧਰਮ, ਸੰਗਤ, ਸਿੱਧ ਆਦਿ। ਇਸ ਨਾਲ ਗੋਯਾ ਦੀ ਲਿਆਕਤ, ਮਹਾਰਤ, ਵਿਦਵਤਾ, ਨੁਕਤਾਦਾਨੀ, ਜ਼ੁਬਾਨਦਾਨੀ ਦੀਆਂ ਵਿਸ਼ੇਸ਼ਤਾਵਾਂ ਉਘੜ ਕੇ ਸਾਹਮਣੇ ਆਈਆਂ ਹਨ। ਕਲਾਮ ਵਿਚ ਕਮਾਲ ਅਤੇ ਜਮਾਲ ਕਾਰਨ ਰਚਨਾਵਾਂ ਵਿਚ ਵੱਖਰਾਪਣ ਮਹਿਸੂਸ ਹੁੰਦਾ ਹੈ। ਇਨ੍ਹਾਂ ਦੇ ਕਲਾਮ ਵਿਚ ਜਜ਼ਬਿਆਂ ਦੇ ਫੁੱਲ ਹਰ ਥਾਂ ਖਿੜੇ ਵਿਖਾਈ ਦਿੰਦੇ ਹਨ।

ਗੋਯਾ ਨੇ ਤੌਸੀਫ-ਓ-ਸਨਾ ਵਿਚ ਸਤਿਗੁਰੂ ਦੀ ਤਾਰੀਫ ਕੀਤੀ ਹੈ। ਇਸ ਵਿਚ ਵੱਖ-ਵੱਖ ਰੰਗ ਵਿਖਾਏ ਹਨ। ਤਿੰਨ ਸਦੀਆਂ ਗੁਜ਼ਰਨ ਤੋਂ ਬਾਅਦ ਵੀ ਨਿਵੇਕਲਾਪਣ ਝਲਕਦਾ ਨਜ਼ਰੀਂ ਆਉਂਦਾ ਹੈ। ਇਹ ਲਿਖਤ ਅਰਬੀ-ਫ਼ਾਰਸੀ ਦੇ ਸ਼ਬਦਾਂ ਕਰਕੇ ਬੋਝਲ ਜ਼ਰੂਰ ਲੱਗਦੀ ਹੈ, ਪਰ ਅਰਬੀ-ਫ਼ਾਰਸੀ ਦੀ ਸ਼ਬਦਾਵਲੀ ਨਾਲ ਲਿਖਤ ਵਿਚ ਨਵੀਂ ਚੀਜ਼ ਅਨੁਭਵ ਹੁੰਦੀ ਨਜ਼ਰੀਂ ਆਉਂਦੀ ਹੈ। ਸ਼ਬਦਾਂ, ਖਿਆਲਾਂ ਅਤੇ ਜਜ਼ਬਿਆਂ ਨੂੰ ਇਸ ਢੰਗ ਨਾਲ ਬੰਨ੍ਹਿਆ ਗਿਆ ਹੈ ਕਿ ਪਾਠਕ ਬੋਰੀਅਤ ਮਹਿਸੂਸ ਨਹੀਂ ਕਰਦਾ, ਜਿਹੜੀ ਚੰਗੇ ਲੇਖਕ ਅਤੇ ਲਿਖਤ ਲਈ ਮਾਣ ਵਾਲੀ ਗੱਲ ਹੁੰਦੀ ਹੈ।

# ਸਾਰ

ਇਹ ਗੱਲ ਤਾਂ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਸਾਹਿਬ ਦੇ ਦਰਬਾਰ ਦੇ 52 ਕਵੀਆਂ ਦੀ ਮਾਲਾ ਵਿਚੋਂ ਇਕ ਅਜਿਹਾ ਮੋਤੀ ਸੀ ਜਿਸਦਾ ਆਪਣਾ ਹੀ ਸਥਾਨ ਅਤੇ ਮਹੱਤਵ ਬਣਿਆ ਰਿਹਾ। ਉਹ ਨਿਹਸੰਕੋਚ ਸੰਸਕ੍ਰਿਤ, ਹਿੰਦੀ, ਅਰਬੀ ਅਤੇ ਫਾਰਸੀ ਦੇ ਬਹੁਤ ਉੱਘੇ ਵਿਦਵਾਨ ਕਹੇ ਜਾ ਸਕਦੇ ਹਨ। ਦੂਜਾ, ਉਨ੍ਹਾਂ ਦਾ ਗੁਰੂ ਗੋਬਿੰਦ ਸਿੰਘ ਜੀ ਦੇ ਕਵੀ ਦਰਬਾਰ ਵਿਚ ਮਾਨ-ਸਨਮਾਨ ਇੰਨਾ ਜ਼ਿਆਦਾ ਸੀ ਕਿ ਉਹ ਗੁਰੂ ਸਾਹਿਬ ਦੇ ਬਹੁਤ ਹੀ ਨੇੜੇ ਮੰਨੇ ਗਏ ਹਨ। ਇਥੇ ਅਸੀਂ ਉਨ੍ਹਾਂ ਦੇ ਮੁੱਢਲੇ ਜੀਵਨ ਬਾਰੇ ਕੋਈ ਚਰਚਾ ਨਹੀਂ ਕਰ ਰਹੇ ਹਾਂ, ਸਗੋਂ ਕੇਵਲ ਉਨ੍ਹਾਂ ਦੀ ਇਕ ਜਾਂ ਦੋ ਫਾਰਸੀ ਵਿਚ ਲਿਖੀਆਂ ਪੁਸਤਕਾਂ ਦਾ ਆਲੋਚਨਾਤਮਕ ਅਧਿਐਨ ਕਰਨ ਦਾ ਯਤਨ ਕਰ ਰਹੇ ਹਾਂ, ਪਰ ਉਸ ਤੋਂ ਪਹਿਲਾਂ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਭਾਈ ਨੰਦ ਲਾਲ ਗੋਯਾ ਦੀ ਜ਼ਿੰਦਗੀ ਵਿਚ ਉਦੋਂ ਸਭ ਤੋਂ ਵੱਡਾ ਮੋੜ ਆਇਆ ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਹੁਕਮ ਦਿੱਤਾ। ਜਦੋਂ ਉਨ੍ਹਾਂ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਤਾਂ ਉਹ ਰਾਤੋਂ-ਰਾਤ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਹੇਠ ਪਹੁੰਚ ਗਏ। ਉਨ੍ਹਾਂ ਨੇ ਇੱਥੇ ਰਹਿ ਕੇ ਭਾਰੀ ਮਾਤਰਾ ਵਿਚ ਸਾਹਿਤ ਰਚਿਆ, ਨਾਲ ਹੀ ਉਨ੍ਹਾਂ ਨੇ ਲੰਗਰ ਦੀ ਸੇਵਾ ਵੀ ਕੀਤੀ। ਸਮੇਂ-ਸਮੇਂ ਤੇ ਉਥੇ ਆਉਣ ਵਾਲੀ ਸੰਗਤਾਂ ਨਾਲ ਸੰਪਰਕ ਰੱਖਿਆ ਅਤੇ ਉਨ੍ਹਾਂ ਦੀ ਸੇਵਾ ਵੀ ਕੀਤੀ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਜਿਸ ਸਾਹਿਤ ਦੀ ਉਨ੍ਹਾਂ ਰਚਨਾ ਕੀਤੀ, ਉਸ ਤੋਂ ਇਹ ਪਤਾ ਚੱਲਦਾ ਹੈ ਕਿ ਉਨ੍ਹਾਂ ਦੀ ਆਪਣੀ ਸ਼ਖਸੀਅਤ ਅਤੇ ਵਿਚਾਰ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਅਤੇ ਵਿਚਾਰਾਂ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਨੂੰ ਅੰਤਿਮ ਰੂਪ ਦਿੱਤਾ। ਉਨ੍ਹਾਂ ਦੀਆਂ ਕੁੱਲ ਮਿਲਾ ਕੇ 11 ਰਚਨਾਵਾਂ ਹਨ- ਜ਼ਿੰਦਗੀਨਾਮਾ (ਫਾਰਸੀ), ਗਜ਼ਲੀਅਤ (ਫਾਰਸੀ), ਤੌਸ਼ੀਫ-ਓ-ਸਨਾ ਅਤੇ ਖਾਤਿਮ (ਫਾਰਸੀ), ਗੰਜਨਾਮਾ (ਫਾਰਸੀ), ਜੋਤ ਬਿਗਾਸ (ਫਾਰਸੀ), ਦਸਤੂਰੁਲ-ਇੰਨਸ਼ਾ (ਫਾਰਸੀ ਵਾਰਤਕ), ਅਰਜ਼ੁਲ ਅਲਫਾਜ (ਫਾਰਸੀ), ਰਹਿਤ ਨਾਮਾ (ਪੰਜਾਬੀ), ਜੋਤ ਬਿਗਾਸ (ਪੰਜਾਬੀ), ਤਨਖਾਹਨਾਮਾ (ਪੰਜਾਬੀ), ਆਦਿ ਮੁੱਖ ਹਨ।

ਇਨ੍ਹਾਂ ਰਚਨਾਵਾਂ ਦੇ ਬਾਰੇ ਬਹੁਤ ਹੀ ਸੰਖੇਪ ਵਿਚ ਕੁਝ ਇਥੇ ਕਹਿਣਾ ਵਾਜਿਬ ਹੋਵੇਗਾ। ਜ਼ਿੰਦਗੀਨਾਮਾ, ਇਸਦਾ ਮੁੱਖ ਵਿਸ਼ਾ ਗੁਰੂ ਸੇਵਾ ਤੇ ਪ੍ਰਭੂ ਭਗਤੀ ਹੈ, ਇਸ ਰਚਨਾ ਉੱਤੇ ਤਾਂ

ਗੁਰਬਾਣੀ ਦਾ ਸਿੱਧਾ ਪ੍ਰਭਾਵ ਹੈ। ਇਸ ਰਚਨਾ ਵਿਚ ਬੰਦਗੀ ਉਪਰ ਵਧੇਰੇ ਜ਼ੋਰ ਦਿੱਤਾ ਹੈ। ਇਸ ਤੋਂ ਭਾਵ ਹੈ ਕਿ ਬੰਦੇ ਨੂੰ ਈਸ਼ਵਰ ਦੀ ਭਗਤੀ ਅਤੇ ਸੇਵਾ ਵਿਚ ਰਹਿਣਾ ਚਾਹੀਦਾ ਹੈ।

**ਗਜ਼ਲੀਅਤ:** ਇਹ ਇਕ ਸਦਾਚਾਰਕ ਅਤੇ ਅਧਿਆਤਮਕ ਪੱਖ ਤੋਂ ਬਹੁਤ ਹੀ ਪ੍ਰਸਿੱਧ ਅਤੇ ਹਰਮਨਪਿਆਰੀ ਰਚਨਾ ਹੈ, ਇਸ ਵਿਚ ਮਨੁੱਖ ਦੇ ਜੀਵਨ ਨੂੰ ਚੰਗਾ ਤੇ ਸਫਲ ਬਣਾਉਣ ਦਾ ਮਾਰਗ ਦਰਸਾਇਆ ਗਿਆ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਸ ਪੁਸਤਕ ਨੇ ਉਸ ਸਮੇਂ ਦੇ ਆਮ ਆਦਮੀ ਨੂੰ ਜੀਵਨ ਵਿਚ ਇਕ ਅਜਿਹੇ ਰਸਤੇ ਤੇ ਪਾਇਆ ਕਿ ਉਹ ਅੱਗੇ ਉਨਤੀ ਵੱਲ ਵੱਧ ਸਕਣ।

**ਤੌਸੀਫ-ਓ-ਸਨਾ ਖਾਤਿਮਾਯ:** ਇਹ ਇਕ ਅਜਿਹੀ ਰਚਨਾ ਹੈ ਜਿਸ ਦੀ ਵਾਰਤਕ ਤਾਂ ਬਹੁਤ ਔਖੀ ਹੈ ਪਰ ਇਸ ਰਚਨਾ ਨੂੰ ਸਮਝਣ ਪਿਛੋਂ ਆਦਮੀ ਨੂੰ ਆਪਣੇ ਜੀਵਨ ਦਾ ਅਰਥ ਸਮਝ ਆ ਜਾਂਦਾ ਹੈ। ਇਸ ਰਚਨਾ ਵਿਚ ਫਾਰਸੀ ਅਤੇ ਅਰਬੀ ਦੇ ਭਾਵੇਂ ਬਹੁਤ ਔਖੇ ਸ਼ਬਦ ਦਿੱਤੇ ਹਨ, ਪਰ ਉਨ੍ਹਾਂ ਸ਼ਬਦਾਂ ਨੂੰ ਸਮਝਣ ਪਿਛੋਂ ਪਤਾ ਚੱਲਦਾ ਹੈ ਕਿ ਭਾਈ ਨੰਦ ਲਾਲ ਜੀ ਇਕ ਬਹੁਤ ਹੀ ਉੱਘੇ ਅਤੇ ਸੋਚਵਾਨ ਵਿਦਵਾਨ ਸਨ। ਉਨ੍ਹਾਂ ਦੇ ਜੀਵਨ ਦਾ ਉਦੇਸ਼ ਇਕ ਪਾਸੇ ਗੁਰੂ ਸਾਹਿਬ ਦੇ ਪ੍ਰਤੀ ਆਪਣੀ ਭਾਵਨਾ ਅਤੇ ਸ਼ਰਧਾ ਨੂੰ ਦਿਖਾਉਣਾ ਸੀ ਅਤੇ ਦੂਜੇ ਪਾਸੇ ਆਮ ਲੋਕਾਂ ਨੂੰ ਇਹ ਦੱਸਣਾ ਸੀ ਕਿ ਬਿਨਾਂ ਪ੍ਰਭੂ ਅਤੇ ਗੁਰੂ ਭਗਤੀ ਦੇ ਜੀਵਨ ਵਿਚ ਮੁਕਤੀ ਤੇ ਮੋਕਸ਼ ਕਦੇ ਪ੍ਰਾਪਤ ਨਹੀਂ ਹੁੰਦਾ। ਇਸ ਰਚਨਾ ਵਿਚ ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਆਦਮੀ ਨੂੰ ਮੌਤ ਤੋਂ ਡਰ ਨਹੀਂ ਲਗਦਾ ਸਗੋਂ ਮੌਤ ਦੇ ਭੈਅ ਤੋਂ ਖੌਫ ਲੱਗਦਾ ਹੈ। ਉਹ ਲਿਖਦੇ ਹਨ ਕਿ ਮੌਤ ਤਾਂ ਕੇਵਲ ਸਰੀਰ ਨੂੰ ਆਉਂਦੀ ਹੈ ਆਤਮਾ ਨੂੰ ਨਹੀਂ। ਇਸ ਲਈ ਮਨੁੱਖ ਨੂੰ ਮੌਤ ਨੂੰ ਕੇਵਲ ਮੁਕਤੀ ਦਾ ਹੀ ਮਾਰਗ ਜਾਂ ਰਸਤਾ ਸਮਝਣਾ ਚਾਹੀਦਾ ਹੈ, ਇਸ ਤੋਂ ਡਰਨਾ ਨਹੀਂ ਚਾਹੀਦਾ। ਉਨ੍ਹਾਂ ਦੀ ਇਹ ਰਚਨਾ ਮਨੁੱਖ ਨੂੰ ਦੱਸਦੀ ਹੈ ਕਿ ਆਦਮੀ ਕਦੇ ਨਹੀਂ ਮਰਦਾ ਕੇਵਲ ਉਸਦਾ ਨਾਸ਼ਵਾਨ ਸਰੀਰ ਹੀ ਮਰਦਾ ਹੈ। ਮਰਨ ਤੋਂ ਬਾਅਦ ਉਹ ਕਿਸੇ ਨਾ ਕਿਸੇ ਰੂਪ ਵਿਚ ਹੋਰ ਜਨਮ ਲੈ ਕੇ ਫਿਰ ਇਸ ਧਰਤੀ ਤੇ ਆਉਂਦਾ ਹੈ।

**ਗੰਜਨਾਮਾ:** ਇਹ ਉਨ੍ਹਾਂ ਦੀ ਇਕ ਹੋਰ ਪ੍ਰਸਿੱਧ ਰਚਨਾ ਹੈ ਜਿਸ ਵਿਚ ਉਨ੍ਹਾਂ ਨੇ ਦਸ ਗੁਰੂ ਸਾਹਿਬਾਨਾਂ ਦੀ ਉਸਤਤਿ ਕੀਤੀ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਧਰਮ ਦੇ ਵਿਕਾਸ ਲਈ ਕੀਤੇ ਕੰਮਾਂ ਦਾ ਇਸ ਰਚਨਾ ਵਿਚ ਕੇਵਲ ਜ਼ਿਕਰ ਹੀ ਨਹੀਂ ਸਗੋਂ ਉਨ੍ਹਾਂ ਕੰਮਾਂ ਦਾ ਮਹੱਤਵ ਵੀ ਦੱਸਿਆ ਹੈ। ਉਦਾਹਰਣ ਵਜੋਂ ਸੰਗਤ ਅਤੇ ਪੰਗਤ ਦੀ ਮਹੱਤਤਾ, ਬਾਓਲੀ ਦੇ ਨਿਰਮਾਣ ਦਾ ਮਹੱਤਵ, ਨਵੇਂ ਸ਼ਹਿਰਾਂ ਜਿਵੇਂ ਤਰਨਤਾਰਨ, ਕਰਤਾਰਪੁਰ, ਚੱਕ ਰਾਮਦਾਸਪੁਰ, ਆਦਿ ਦੇ ਨਿਰਮਾਣ ਦੇ ਪਿੱਛੇ ਦੇ ਉਦੇਸ਼ਾਂ ਨੂੰ ਦੱਸਣਾ ਅਤੇ ਗੁਰੂ ਸਾਹਿਬਾਨਾਂ ਪ੍ਰਤੀ

ਆਪਣੀ ਸ਼ਰਧਾ, ਸਨਮਾਨ ਅਤੇ ਆਪਣੇ ਸੇਵਾ ਭਾਵ ਨੂੰ ਵਿਸਤ੍ਰਿਤ ਰੂਪ ਵਿਚ ਲਿਖਣਾ ਇਸ ਪੁਸਤਕ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਲੱਛਣ ਹਨ।

**ਜੋਤਿ ਬਿਗਾਸ:** ਉਨ੍ਹਾਂ ਦੀ ਇਹ ਰਚਨਾ ਫਾਰਸੀ ਵਿਚ ਲਿਖੀ ਹੋਈ ਹੈ। ਇਸ ਰਚਨਾ ਵਿਚ ਭਾਈ ਨੰਦ ਲਾਲ ਜੀ ਨੇ ਗੁਰੂ ਸਾਹਿਬਾਨਾਂ ਦੇ ਕੰਮਾਂ ਦਾ ਵਿਸਤਾਰ ਵਿਚ ਵਰਣਨ ਦਿੱਤਾ ਹੈ। ਖਾਸ ਤੌਰ ਤੇ ਦੱਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਅਦਭੁਤ ਅਤੇ ਬੇਮਿਸਾਲ ਸ਼ਖਸੀਅਤ ਦਾ ਬਿਆਨ ਕੀਤਾ ਹੈ। ਇਸ ਰਚਨਾ ਵਿਚ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਅਧਿਆਤਮਕ ਦ੍ਰਿਸ਼ਟੀ ਤੋਂ ਸਮਝਣ ਲਈ ਕੇਵਲ ਕੋਸ਼ਿਸ਼ ਹੀ ਨਹੀਂ ਕੀਤੀ, ਸਗੋਂ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਰਾਹੀਂ ਦਿੱਤੀਆਂ ਕੁਰਬਾਨੀਆਂ ਦਾ ਵਰਣਨ ਕੀਤਾ ਹੈ ਅਤੇ ਨਾਲ ਹੀ ਇਸ ਰਚਨਾ ਦੇ ਸਾਹਿਤਕ ਮਹੱਤਵ ਬਾਰੇ ਜਾਣੂ ਕਰਵਾਇਆ ਹੈ। ਨਿਰਸੰਦੇਹ ਇਸ ਪੁਸਤਕ ਦੀ ਭਾਸ਼ਾ ਇੰਨੀ ਜ਼ਿਆਦਾ ਪ੍ਰਭਾਵਸ਼ਾਲੀ ਹੈ ਕਿ ਉਨ੍ਹਾਂ ਰਾਹੀਂ ਲਿਖੀ ਹਰ ਗੱਲ ਇਕ ਸਥਾਈ ਪ੍ਰਭਾਵ ਪੜ੍ਹਨ ਵਾਲੇ ਦੇ ਦਿਲ ਤੇ ਛੱਡ ਜਾਂਦੀ ਹੈ।

ਉਨ੍ਹਾਂ ਦੀ ਇਕ ਹੋਰ ਰਚਨਾ **'ਜੋਤਿ ਬਿਗਾਸ'** ਸਿਰਲੇਖ ਹੇਠ ਪੰਜਾਬੀ ਵਿਚ ਲਿਖੀ ਹੋਈ ਇਕ ਕਾਵਿ ਰਚਨਾ ਹੈ। ਇਸ ਵਿਚ ਕੁੱਲ ਤਰਤਾਲੀ ਬੰਦ ਹਨ। ਇਹ ਫਾਰਸੀ ਵਿਚ ਲਿਖੀ ਜੋਤਿ ਬਿਗਾਸ ਦਾ ਅਸਲ ਵਿਚ ਅਨੁਵਾਦ ਨਹੀਂ, ਸਗੋਂ ਅਸਲ ਪੰਜਾਬੀ ਵਿਚ ਲਿਖੀ ਇਕ ਮਹੱਤਵਪੂਰਣ ਰਚਨਾ ਹੈ। ਭਾਵੇਂ ਇਹ ਰਚਨਾ ਵੀ ਗੁਰੂ ਸਾਹਿਬ ਦੀ ਉਸਤਤਿ ਵਿਚ ਹੀ ਹੈ, ਪਰ ਇਸ ਵਿਚ ਸਿੱਖ ਧਰਮ ਦੀਆਂ ਸੰਸਥਾਵਾਂ ਦਾ ਵਿਸਤਾਰ ਵਿਚ ਵਰਣਨ ਕਰਦਿਆਂ ਹੋਇਆਂ ਵਿਸ਼ੇਸ਼ ਤੌਰ ਤੇ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਜੀਵਨ ਬਾਰੇ ਵਿਸਤਾਰ ਵਿਚ ਲਿਖਿਆ ਵੱਡਮੁੱਲਾ ਸੋਮਾ ਹੈ।

**ਦਸਤੂਰੁਲ ਇਨਸ਼ਾਹ:** ਇਹ ਉਨ੍ਹਾਂ ਦੀ ਫਾਰਸੀ ਵਿਚ ਲਿਖੀ ਇਕ ਹੋਰ ਰਚਨਾ ਹੈ, ਪਰ ਇਹ ਪੂਰੀ ਨਹੀਂ ਮਿਲਦੀ। ਇਸ ਦੀ ਅਸਲ ਕਾਪੀ ਦਾ ਵੀ ਕੋਈ ਪਤਾ ਨਹੀਂ। ਇਹ ਫਾਰਸੀ ਵਿਚ ਲਿਖੇ ਖਤਾਂ ਦਾ ਇਕ ਸੰਗ੍ਰਹਿ ਹੈ। ਇਹ ਖਤ-ਸੰਗ੍ਰਹਿ ਇਤਿਹਾਸਕ ਦ੍ਰਿਸ਼ਟੀ ਤੋਂ ਨਾ ਕੇਵਲ ਭਾਈ ਸਾਹਿਬ ਜੀ ਦੇ ਜੀਵਨ ਅਤੇ ਸਕੇ-ਸੰਬੰਧੀਆਂ ਬਾਰੇ ਹੀ ਦੱਸਦਾ ਹੈ, ਸਗੋਂ ਪੰਜਾਬ, ਮੁਲਤਾਨ ਅਤੇ ਹੋਰ ਮਹੱਤਵਪੂਰਨ ਸ਼ਹਿਰਾਂ ਬਾਰੇ ਵੀ ਦੱਸਦਾ ਹੈ। ਨਾਲ ਹੀ ਸਿੱਖ ਇਤਿਹਾਸ ਦਾ ਇਕ ਵੱਡਮੁੱਲਾ ਖਜ਼ਾਨਾ ਹੈ। ਇਸ ਰਚਨਾ ਤੋਂ ਸਾਨੂੰ ਉਸ ਸਮੇਂ ਦੇ ਸਾਧਾਰਨ ਜਾਂ ਆਮ ਲੋਕਾਂ ਦੇ ਸਮਾਜਿਕ ਅਤੇ ਉਨ੍ਹਾਂ ਦੇ ਸਭਿਆਚਾਰਕ ਜੀਵਨ ਬਾਰੇ ਵੀ ਗਿਆਨ ਪ੍ਰਾਪਤ ਹੁੰਦਾ ਹੈ।

**ਅਰਜ਼ੁਲ ਅਲਫਾਜ਼:** ਭਾਈ ਨੰਦ ਲਾਲ ਜੀ ਦੀ ਇਹ ਵੀ ਇਕ ਹੋਰ ਫਾਰਸੀ ਵਿਚ ਲਿਖੀ ਰਚਨਾ ਹੈ। ਇਹ ਕਾਵਿ ਰੂਪ ਵਿਚ ਲਿਖੀ ਹੋਈ ਹੈ। ਇਹ ਕਾਵਿ ਵੀ ਗੁਰੂ ਜਸ ਅਤੇ ਰੱਬੀ ਕਿਰਤ ਨਾਲ

ਸੰਬੰਧਤ ਰਚਨਾ ਮੰਨੀ ਗਈ ਹੈ। ਇਸ ਕਾਵਿ ਵਿਚ ਫਾਰਸੀ ਸ਼ਬਦਾਵਲੀ ਦੇ ਵੱਡੇ ਪੱਧਰ ਤੇ ਵਰਤੋਂ ਕੀਤੀ ਗਈ ਹੈ। ਅਧਿਆਤਮਕ ਗਿਆਨ ਦੇ ਨਾਲ-ਨਾਲ ਇਸ ਕਾਵਿ ਰਚਨਾ ਵਿਚ ਦਾਰਸ਼ਨਿਕ ਵਿਚਾਰਾਂ ਦੀ ਵੀ ਕਾਫੀ ਮਾਤਰਾ ਵਿਚ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਦੀ ਇਸ ਰਚਨਾ ਦਾ ਵੀ ਕਾਫੀ ਪ੍ਰਭਾਵ ਸਮਾਜਿਕ ਜੀਵਨ ਨੂੰ ਉੱਚਾ ਚੁੱਕਣ ਲਈ ਪੈਂਦਾ ਹੈ।

**ਰਹਿਤਨਾਮਾ:** ਉਨ੍ਹਾਂ ਦੀ ਇਹ ਪੁਸਤਕ ਪੰਜਾਬੀ ਵਿਚ ਹੈ ਅਤੇ ਇਹ ਵੀ ਇਕ ਕਾਵਿ ਦੇ ਰੂਪ ਵਿਚ ਲਿਖੀ ਹੋਈ ਹੈ। ਇਸ ਵਿਚ ਸਿੱਖਾਂ ਦੇ ਨਿੱਤ ਕਰਮਾਂ ਸੰਬੰਧੀ ਵੇਰਵਾ ਦਿੱਤਾ ਗਿਆ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਰਾਹੀਂ ਭਾਈ ਸਾਹਿਬ ਦੇ ਪ੍ਰਸ਼ਨਾਂ ਦੇ ਦਿੱਤੇ ਉੱਤਰ ਵਿਸਤਾਰ ਵਿਚ ਮਿਲਦੇ ਹਨ, ਅਤੇ ਨਾਲ ਹੀ ਇਸ ਰਚਨਾ ਵਿਚ ਗੁਰੂ ਸਰੂਪ ਬਾਰੇ ਮਹੱਤਵਪੂਰਨ ਦਾਰਸ਼ਨਿਕਤਾ ਬਾਰੇ ਵੀ ਪਤਾ ਚੱਲਦਾ ਹੈ।

ਭਾਈ ਨੰਦ ਲਾਲ ਗੋਯਾ ਦੀ ਇਕ ਹੋਰ ਪੰਜਾਬੀ ਵਿਚ ਲਿਖੀ ਰਚਨਾ ਤਨਖਾਹਨਾਮਾ ਹੈ। ਇਸ ਨੂੰ ਖਾਲਸਾ ਦੀ ਸਥਾਪਨਾ ਤੋਂ ਬਾਅਦ ਦੀਆਂ ਘਟਨਾਵਾਂ ਨਾਲ ਸੰਬੰਧਤ ਇਤਿਹਾਸ ਲਿਖਣ ਵਿਚ ਮਦੱਦ ਦੇਣ ਵਾਲਾ ਇਕ ਸੋਮਾ ਮੰਨਿਆ ਗਿਆ ਹੈ। ਇਸ ਰਚਨਾ ਵਿਚ ਵੀ ਗੁਰੂ ਗੋਬਿੰਦ ਸਿੰਘ ਅਤੇ ਭਾਈ ਨੰਦ ਲਾਲ ਦੇ ਆਪਸ ਵਿਚ ਹੋਏ ਸੁਆਲ-ਜਵਾਬ ਦਿੱਤੇ ਹਨ। ਖਾਲਸਾ ਦੇ ਨਿਤ ਕ੍ਰਮ ਤੋਂ ਇਲਾਵਾ ਖਾਲਸਾ ਦੇ ਸਰੂਪ ਬਾਰੇ ਬਹੁਤ ਹੀ ਮਹੱਤਵਪੂਰਨ ਵੇਰਵਾ ਅੰਕਿਤ ਹੈ। ਭਾਈ ਨੰਦ ਲਾਲ ਨੇ ਨਿਸ਼ਚਿਤ ਤੌਰ ਤੇ ਲਿਖਦੇ ਹੋਏ ਇਸ ਗੱਲ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਹੈ ਕਿ ਉਹ ਕੋਈ ਵੀ ਅਜਿਹੀ ਗੱਲ ਨਾ ਲਿਖਣ ਜਿਸ ਬਾਰੇ ਥੋੜ੍ਹੀ ਜਿਹੀ ਵੀ ਸ਼ੰਕਾ ਜਾਂ ਕਿੰਤੂ ਕਰਨ ਵਾਲੀ ਕੋਈ ਗੱਲ ਪੈਦਾ ਹੋਵੇ। ਉਨ੍ਹਾਂ ਦੀਆਂ ਰਚਨਾਵਾਂ ਦਾ ਇਕ ਪਾਸੇ ਤਾਂ ਸਾਹਿਤਿਕ ਮਹੱਤਵ ਹੈ ਅਤੇ ਦੂਜੇ ਪਾਸੇ ਇਨ੍ਹਾਂ ਰਚਨਾਵਾਂ ਦਾ ਇਤਿਹਾਸਕ ਮਹੱਤਵ ਵੀ ਉਨਾ ਹੀ ਹੈ, ਕਿਉਂਕਿ ਇਨ੍ਹਾਂ ਤੋਂ ਸਾਨੂੰ ਉਸ ਸਮੇਂ ਦੀਆਂ ਕਈ ਮਹੱਤਵਪੂਰਨ ਘਟਨਾਵਾਂ ਦਾ ਪਤਾ ਚੱਲਦਾ ਹੈ। ਨਾਲ ਹੀ ਇਹ ਵੀ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ (ਗੁਰੂ ਗੋਬਿੰਦ ਸਿੰਘ ਜੀ) ਦੇ ਜੀਵਨ ਵਿਚ ਉਸ ਸਮੇਂ ਕੀ-ਕੀ ਉਤਾਰ-ਚੜ੍ਹਾਅ ਆਏ। ਖੋਜ਼ ਵਿਸ਼ੇ ਦੇ ਉਦੇਸ਼ਾਂ ਬਾਰੇ ਇਥੇ ਦੇਣਾ ਇਸ ਲਈ ਵਾਜਿਬ ਬਣ ਜਾਂਦਾ ਹੈ ਕਿਉਂਕਿ ਇਸ ਨਾਲ ਭਾਈ ਨੰਦ ਲਾਲ ਗੋਯਾ ਦੇ ਗੁਰੂ ਸਾਹਿਬ ਨਾਲ ਕਿਹੋ ਜਿਹੇ ਸੰਬੰਧ ਰਹੇ ਅਤੇ ਉਹ ਗੁਰੂ ਸਾਹਿਬ ਦੀ ਸ਼ਖਸੀਅਤ ਤੋਂ ਕਿਸ ਹੱਦ ਤੱਕ ਪ੍ਰਭਾਵਿਤ ਸਨ, ਉਨ੍ਹਾਂ ਦੀ ਇਕ ਸਪੱਸ਼ਟ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਇਸ ਖੋਜ ਕਾਰਜ ਦਾ ਵਿਸ਼ਾ ਭਾਈ ਨੰਦ ਲਾਲ ਗੋਯਾ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ ਕਰਨਾ ਹੈ। ਇਸ ਖੋਜ ਕਾਰਜ ਰਾਹੀਂ ਭਾਈ ਸਾਹਿਬ ਦੀਆਂ ਰਚਨਾਵਾਂ ਨੂੰ ਸਿਧਾਂਤਕ ਪੱਖ ਤੋਂ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਈ ਸਾਹਿਬ ਦੀਆਂ ਲਗਭਗ ਸਾਰੀਆਂ ਰਚਨਾਵਾਂ ਦਾ ਕੇਂਦਰ ਬਿੰਦੂ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ,

ਉਨ੍ਹਾਂ ਦੀ ਸ਼ਖਸੀਅਤ ਅਤੇ ਉਨ੍ਹਾਂ ਰਾਹੀਂ ਕੀਤੇ ਗਏ ਕੰਮ ਅਤੇ ਕੁਰਬਾਨੀਆਂ ਹੀ ਰਹੇ ਹਨ। ਗੁਰੂ ਸਾਹਿਬ ਦੀ ਮਹਾਨ ਅਤੇ ਅਦੁੱਤੀ ਸ਼ਖਸੀਅਤ ਦੀ ਵਡਿਆਈ ਇਨ੍ਹਾਂ ਰਚਵਨਾਵਾਂ ਦਾ ਮੁੱਖ ਕੇਂਦਰ ਬਣੀ ਰਹੀ ਹੈ ਅਤੇ ਗੁਰੂ ਸਾਹਿਬ ਦਾ ਜੀਵਨ ਅਤੇ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਗੋਯਾ ਦੀਆਂ ਰਚਨਾਵਾਂ ਦਾ ਮੁੱਖ ਆਧਾਰ ਰਹੀਆਂ ਹਨ। ਦੂਜਾ, ਆਪ ਦੀਆਂ ਰਚਨਾਵਾਂ ਵਿਚ ਗੁਰਮਤਿ ਅਤੇ ਸੂਫੀ ਸਿਧਾਂਤ ਦੀ ਰੂਹਾਨੀਅਤ ਦੇ ਅਨੇਕਾਂ ਭਾਵਪੂਰਣ ਵਿਚਾਰ ਮਿਲਦੇ ਹਨ। ਸੋ, ਉਨ੍ਹਾਂ ਨੂੰ ਪਰਖਣ ਦੀ ਇਸ ਖੋਜ ਨਿਬੰਧ ਵਿਚ ਪੂਰੀ ਕੋਸ਼ਿਸ਼ ਰਹੀ ਹੈ।

ਜਿੱਥੇ ਤੱਕ ਇਸ ਖੋਜ ਨਿਬੰਧ ਵਿਚ ਅਪਣਾਈ ਗਈ ਖੋਜ ਵਿਧੀ ਦਾ ਸੰਬੰਧ ਹੈ, ਅਧਿਆਤਮਕ ਬਾਰੀਕੀਆਂ ਅਤੇ ਤੱਥਾਂ ਨੂੰ ਸਮਝਣ ਲਈ ਇਸ ਖੋਜ ਕਾਰਜ ਵਿਚ ਸਿਧਾਂਤਕ ਵਿਸ਼ਲੇਸ਼ਣ ਵਿਧੀ ਦੀ ਵਰਤੋਂ ਕੀਤੀ ਗਈ ਹੈ। ਤੁਲਨਾਤਮਕ ਪ੍ਰਣਾਲੀ ਨੂੰ ਅਪਣਾ ਕੇ ਅਸੀਂ ਉਸ ਸਮੇਂ ਦੀਆਂ ਹੋਰ ਰਚਨਾਵਾਂ ਨੂੰ ਵੀ ਜਾਣਨ ਦਾ ਉਪਰਾਲਾ ਕੀਤਾ ਹੈ ਜਿਸ ਨਾਲ ਸਾਡਾ ਵੱਡੇ ਪੱਧਰ ਤੇ ਗਿਆਨ ਵਿਚ ਵਾਧਾ ਹੁੰਦਾ ਹੈ। ਭਾਈ ਸਾਹਿਬ ਦੀਆਂ ਰਚਨਾਵਾਂ ਉਪਰ ਹੋਰ ਕਈ ਵਿਦਵਾਨਾਂ ਨੇ ਕੰਮ ਕੀਤੇ ਹਨ, ਉਨ੍ਹਾਂ ਨੂੰ ਵੀ ਇਸ ਖੋਜ ਨਿਬੰਧ ਨੂੰ ਪੂਰਾ ਕਰਨ ਲਈ ਆਧਾਰ ਬਣਾਇਆ ਗਿਆ ਅਤੇ ਉਨ੍ਹਾਂ ਰਚਨਾਵਾਂ ਵਿਚੋਂ ਉਹ ਗੱਲਾਂ ਲਈਆਂ ਗਈਆਂ ਹਨ ਜਿਨ੍ਹਾਂ ਨੂੰ ਹੋਰ ਰਚਨਾਵਾਂ ਵਿਚ ਬਾਰ-ਬਾਰ ਦੁਹਰਾਇਆ ਗਿਆ ਹੈ। ਸੰਖੇਪ ਵਿਚ ਖੋਜ ਦੀ ਆਲੋਚਨਾਤਮਕ ਵਿਧੀ ਨੂੰ ਮੁੱਖ ਤੌਰ ਤੇ ਮਹੱਤਵ ਦਿੰਦਿਆਂ ਹੋਇਆਂ ਇਸ ਖੋਜ ਨਿਬੰਧ ਨੂੰ ਪੂਰੀ ਤਰ੍ਹਾਂ ਇਸੇ ਵਿਧੀ ਤੇ ਨਿਰਭਰ ਕੀਤਾ ਗਿਆ ਹੈ।

**ਨਸਰ (Prose) ਤੌਸੀਫ-ਓ-ਸਨਾ:** ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਇਸ ਲਿਖਤ ਦਾ ਵਿਸ਼ਾ ਤੌਸੀਫ-ਓ-ਸਨਾ ਹੈ। ਇਸ ਗਦ (ਪਰੋਜ਼) ਵਿਚ ਮੁਰੱਸਾ, ਮੁਸੱਜਾ ਅਤੇ ਮੁਕੱਫਾ ਹੈ। ਇਨ੍ਹਾਂ ਤਿੰਨਾਂ ਸ਼ਬਦਾਂ ਦਾ ਸਮਾਨ ਅਰਥ ਹੈ ਜਿਸਦਾ ਤੋਂ ਭਾਵ ਇਹ ਹੈ ਕਿ ਗਦ (ਪਰੋਜ਼) ਦੇ ਵਿਚ ਵੀ ਸ਼ਿੰਗਾਰ ਰਸ ਵੀ ਕਈ ਥਾਵਾਂ ਤੇ ਦਿੱਤਾ ਜਾ ਸਕਦਾ ਹੈ ਜਾਂ ਪ੍ਰਾਪਤ ਹੁੰਦਾ ਹੈ- ਜਿੱਥੇ ਗਦ ਵਿਚ ਡੈਕੋਰੇਟਿਵ ਭਾਸ਼ਾ ਹੋਵੇ ਉਨ੍ਹਾਂ ਲਈ ਫਾਰਸੀ ਦੇ ਇਹ ਸ਼ਬਦ ਇਸਤੇਮਾਲ ਕੀਤੇ ਜਾਂਦੇ ਹਨ। ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਸ ਵਿਚ ਇਕ ਅਰਥ ਰੱਖਣ ਵਾਲੇ ਅਰਬੀ ਫਾਰਸੀ ਅਲਫਾਜ਼ ਅਜਿਹੇ ਢੰਗ ਨਾਲ ਪੇਸ਼ ਕੀਤੇ ਗਏ ਹਨ ਕਿ ਕਿਤਾਬ ਦੀ ਸ਼ਾਨ ਵਿਚ ਵਾਧਾ ਹੋਇਆ ਹੈ ਜਿਸ ਨਾਲ ਗੋਯਾ ਦੀ ਯੋਗਤਾ, ਤਹਿਕੀਕੀ ਮਹਾਰਤ, ਨੁਕਤਾਦਾਨੀ ਵੇਖ ਕੇ ਮਨੁੱਖ ਹੈਰਾਨ ਰਹਿ ਜਾਂਦਾ ਹੈ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪ ਸਾਹਿਬ' ਅਤੇ 'ਅਕਾਲ ਉਸਤਤਿ' ਵਿਚ ਰੱਬ ਨੂੰ ਦੋ ਅਰਥਾਂ ਵਾਲੇ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਅਰਬੀ ਫਾਰਸੀ ਦੇ ਅਲਫਾਜ਼ ਗੋਯਾ ਨੇ ਆਪਣੇ ਮੁਰਸ਼ਿਦ-ਏ-ਕਾਮਿਲ ਸ੍ਰੀ ਗੋਬਿੰਦ ਸਿੰਘ ਜੀ ਦੀ ਤਾਰੀਫ ਲਈ

ਪ੍ਰਯੋਗ ਕੀਤੇ ਹਨ ਜੋ ਇਨ੍ਹਾਂ ਦੀ ਕਮਾਲ ਦੀ ਬੇਮਿਸਾਲ ਕਿਤਾਬ ਹੈ ਜਿਸ ਵਿਚ ਉੱਚੇ ਖਿਆਲਾਂ ਦਾ ਪ੍ਰਗਟਾਵਾ ਸ਼ਰਧਾ ਨਾਲ ਕੀਤਾ ਗਿਆ ਹੈ।

ਗੋਯਾ ਫਰਮਾਉਂਦੇ ਹਨ ਕਿ ਸਤਿਗੁਰੂ ਦੀ ਤੌਸੀਫ ਸਨਾ ਦਾ ਸਿਲਸਿਲਾ ਅਟੁੱਟ ਹੈ। ਇਸ ਗੱਲ ਨੂੰ ਨਿਵੇਕਲੇ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਪੜ੍ਹਨ ਵਾਲਾ ਇਸ ਨੂੰ ਸ਼ੁਰੂ ਕਰਕੇ ਅੰਤ ਤੱਕ ਖਤਮ ਕਰਨ ਦਾ ਯਤਨ ਕਰਦਾ ਹੈ ਜਿਸ ਵਿਚ ਪੇਸ਼ਕਾਰੀ, ਡੂੰਘਾਈ, ਸਰਲਤਾ ਆਪਣੀ ਮਿਸਾਲ ਆਪ ਹੈ। ਅਰਬੀ ਫਾਰਸੀ ਦੇ ਅਲਫਾਜ਼ ਨੇ ਇਸ ਦੀ ਖੂਬਸੂਰਤੀ ਵਿਚ ਹੋਰ ਵਾਧਾ ਕੀਤਾ ਹੈ। ਇਕ ਛੋਟੀ ਤੋਂ ਛੋਟੀ ਗੱਲ ਨੂੰ ਵੀ ਬਹੁਤ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਵਿਚ ਵੇਦਾਂ, ਵਿਆਕਰਣਾਂ, ਅਠਾਰਾਂ ਪੁਰਾਣਾਂ ਅਤੇ ਹੋਰ ਕਈ ਸ਼ਬਦਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਕਈ ਲੋਕਾਂ ਨੇ ਹੋਰ ਭਾਸ਼ਾਵਾਂ ਦਾ ਸਹਾਰਾ ਲੈ ਕੇ ਇਸ ਤਰਜ਼ ਤੇ ਲਿਖਣ ਦਾ ਉਪਰਾਲਾ ਕੀਤਾ, ਪਰ ਕਾਮਯਾਬ ਨਹੀਂ ਹੋਏ। ਇੱਥੇ ਹੀ ਬਸ ਨਹੀਂ ਸਗੋਂ ਇਸ ਤਰਜ਼ ਅਨੁਸਾਰ ਲਿਖਣ ਦੇ ਨੇੜੇ ਵੀ ਨਹੀਂ ਪਹੁੰਚ ਸਕੇ। ਮੁੱਕਦੀ ਗੱਲ ਇਹ ਕਿ ਭਾਈ ਨੰਦ ਨਾਲ ਗੋਯਾ ਨੇ ਆਪਣੇ ਮੁਰਸ਼ਿਦ-ਏ-ਕਾਮਿਲ ਦੀ ਤਾਰੀਫ ਵਿਚ ਲਿਖਣ ਦਾ ਹਰ ਸੰਭਵ ਉਪਰਾਲਾ ਕੀਤਾ ਹੈ।

**ਗੁਰੂ ਸਹਿਨਸ਼ਾਹ ਸਰਦਾਰਾਂ ਦਾ ਸਰਦਾਰ–** ਗੋਯਾ ਨੇ ਇਨ੍ਹਾਂ ਨੂੰ ਬਾਦਸ਼ਾਹਾਂ ਦਾ ਬਾਦਸ਼ਾਹ, ਅਮੀਰਾਂ ਦਾ ਅਮੀਰ, ਸਰਦਾਰਾਂ ਦਾ ਸਰਦਾਰ, ਦੁਖੜਿਆਂ ਦਾ ਗਮਖਾਰ, ਤਖਤ ਦੀ ਸ਼ਾਨ ਅਤੇ ਖੂਬਸੂਰਤੀ ਜਿਹੇ ਸ਼ਬਦਾਂ ਨਾਲ ਯਾਦ ਕੀਤਾ ਹੈ।

**ਮਹਿਫਲ ਨੂੰ ਸਜਾਉਣ ਵਾਲਾ–** ਗੋਯਾ ਆਪ ਬਾਰੇ ਤਾਰੀਫ ਕਰਦਿਆਂ ਦੁਨੀਆਂ ਦੀ ਮਹਿਫਲ ਨੂੰ ਸਜਾਉਣ ਵਾਲੇ, ਖੁਸ਼ੀਆਂ ਦੇਣ ਵਾਲੇ, ਸਹਿਨਸ਼ਾਹੀ ਤਖਤ ਨੂੰ ਜ਼ਿੰਦਗੀ ਬਖਸ਼ਣ ਵਾਲੇ, ਉੱਚੇ ਰੁਤਬੇ ਵਾਲੇ, ਲੋਕਾਂ ਦੇ ਦੁੱਖ-ਦਰਦ ਵਿਚ ਸ਼ਰੀਕ ਹੋਣ ਵਾਲੇ, ਪ੍ਰੇਸ਼ਾਨ ਲੋਕਾਂ ਦੀ ਮਦਦ ਕਰਨ ਵਾਲੇ, ਸ਼ਬਦਾਂ ਨਾਲ ਯਾਦ ਕੀਤਾ ਹੈ।

ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ, ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ॥੧੦੭॥

ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ, ਖਮਸ ਰਾ ਜਾਂ-ਕਾਹ ਗੁਰ ਗੋਬਿੰਦ
ਸਿੰਘ॥੧੦੮॥

**ਹਮੇਸ਼ਾ ਦੀ ਬਾਦਸ਼ਾਹੀ ਦਾ ਮਾਲਿਕ ਹੈ:–** ਹਮੇਸ਼ਾ ਰਹਿਣ ਵਾਲੀ ਬਾਦਸ਼ਾਹੀ ਦੇ ਮਾਲਕ ਜਿਸ ਨਾਲ ਨੇਕ ਨਸੀਬੇ ਦਾ ਚੰਨ ਚਮਕਦਾ ਰਹੇ, ਤੇਰੇ ਚੰਨ੍ਹ ਨੂੰ ਕਦੀ ਗ੍ਰਹਿਣ ਨਾ ਲੱਗੇ, ਤੇਰਾ ਨਾ ਹਮੇਸ਼ਾ ਕਾਇਮ ਦਾਇਮ ਰਹੇ, ਤੇਰੀ ਪਾਤਸ਼ਾਹੀ ਕਦੀ ਖਤਮ ਨਾ ਹੋਵੇ। ਉਸ ਦੀ ਹਕੂਮਤ ਨੂੰ ਰੱਬੀ ਤਾਕਤ

ਹਾਸਲ ਰਹੇ। ਉਸ ਦੀ ਹਕੂਮਤ ਵਿਚ ਦੁਖ ਤਕਲੀਫ ਦੀ ਕੋਈ ਗੱਲ ਨਹੀਂ। ਹਕੂਮਤ ਵੀ ਅਜਿਹੀ ਹੈ ਜਿਸ ਵਿਚ ਉਤਾਰ ਨਹੀਂ। ਗੁਰੂ ਜੀ ਦੀ ਹਕੂਮਤ ਦਾ ਤਖਤ ਸਜਿਆ ਧਜਿਆ ਹੈ ਅਤੇ ਅਜਿਹਾ ਹੈ ਜਿਸ ਵਿਚ ਕਦੀਂ ਵੀ ਮੱਧਮ ਹੋਣ ਦੇ ਆਸਾਰ ਨਜ਼ਰ ਨਹੀਂ ਆਉਂਦੇ। ਇਸ ਤਰ੍ਹਾਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ:

ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ, ਈਜ਼ਦਿ ਮਨਜ਼ੂਰ ਗੁਰੂ ਗੋਬਿੰਦ ਸਿੰਘ ॥੧੦੫॥

**ਸਤਿਗੁਰੂ ਨਾਜ਼ਿਮ ਹੈ[1], ਉਹ ਅਜ਼ੀਮ ਸਾਨ ਸ਼ੋਕਤ ਦਾ ਮਾਲਿਕ ਹੈ–** ਪ੍ਰਬੰਧ ਚਲਾਉਣ ਵਿਚ ਸਹਿਯੋਗ ਦੇਣ ਵਾਲੇ, ਖ਼ੂਬਸੂਰਤੀ ਵਿਚ ਵਾਧਾ ਕਰਨ ਵਾਲੇ, ਉਨ੍ਹਾਂ ਦੇ ਫੈਜ਼ ਤੋਂ ਲਾਭ ਪ੍ਰਾਪਤ ਕਰਨ ਵਾਲੇ, ਹਰੇਕ ਕੰਮ ਵਿਚ ਆਪ ਦੀ ਨਕਲ ਕਰਨ ਵਾਲੇ, ਦਰਬਾਰ ਵਿਚ ਪਤਵੰਤਿਆਂ ਦਾ ਦਰਜਾ ਪ੍ਰਾਪਤ ਕਰਨ ਵਾਲੇ ਹਨ।

ਫ਼ਾਇਜ਼ੁਲ ਅਨਵਾਰ ਗੁਰ ਗੋਬਿੰਦ ਸਿੰਘ, ਕਾਸ਼ਫੁਲ ਅਸਰਾਰ ਗੁਰ ਗੋਬਿੰਦ ਸਿੰਘ॥੧੦੯॥

**ਗੁਰੂ ਦਾ ਹੁਕਮ ਰੱਬੀ ਅਤੇ ਬੇਮਿਸਾਲ ਹੈ[2]–** ਭਾਵ ਗੁਰੂ ਦਾ ਆਦੇਸ਼ ਰੱਬ ਦਾ ਆਦੇਸ਼ ਹੁੰਦਾ ਹੈ। ਗੁਰੂ ਰੱਬ ਦੇ ਹੁਕਮ ਤੋਂ ਬਗੈਰ ਕੁਝ ਨਹੀਂ ਕਹਿੰਦਾ, ਜੋ ਕਹਿੰਦਾ ਹੈ ਰੱਬ ਦੇ ਫੁਰਮਾਨ ਅਨੁਸਾਰ ਕਹਿੰਦਾ ਹੈ। ਆਪ ਦੀ ਉਡਾਨ ਤੱਕ ਕੋਈ ਨਹੀਂ ਪਹੁੰਚ ਸਕਦਾ।

**ਗੁਰੂ ਫਰਿਆਦ ਸੁਣਨ ਵਾਲਾ ਹੈ–** ਭਾਵ ਫਰਿਆਦੀ ਅਤੇ ਸਵਾਲੀ ਦਾ ਸਵਾਲ ਸੁਣ ਕੇ ਉਸਨੂੰ ਪੂਰਾ ਕਰਨ ਦਾ ਯਤਨ ਕਰਦਾ ਹੈ। ਫਰਿਆਦੀ ਦੀ ਫਰਿਆਦ ਦਾ ਖਾਸ ਧਿਆਨ ਰੱਖਦਾ ਹੈ। ਦੁੱਖ ਅਤੇ ਤੰਗੀ ਦੂਰ ਕਰਨ ਵਾਲਾ ਹੈ।[3] ਗੁਰੂ ਜ਼ੁਲਮ ਕਰਨ ਵਾਲੇ ਨੂੰ ਮਾਰਨ ਵਾਲਾ ਹੈ, ਜ਼ੁਲਮ ਮਿਟਾਉਣ ਵਾਲਾ ਹੈ।

**ਸਤਿਗੁਰੂ ਦੀ ਫਜ਼ਲ ਮਿਹਰ ਅਤੇ ਸਖਾਵਤ:** ਅਰਕ ਫੈਜ਼ ਅਤੇ ਕਰਮਾ ਭਰੇ ਬੱਦਲਾਂ ਵਾਂਗ, ਜਿਨ੍ਹਾਂ ਦਾ ਫਜ਼ਲਾਂ ਦਾ ਬੱਦਲ ਹਮੇਸ਼ਾ ਰਹੇ, ਮਹਿਫਲ ਦੇ ਚਿਰਾਗ, ਧਨੀ ਅਤੇ ਸਖਾਵਤ ਦੇ ਭੰਡਾਰ, ਗੁਨਾਹਾਂ ਦੀ ਮੁਆਫੀ ਕਰਵਾਉਣ ਵਾਲੇ, ਫਜ਼ਲ ਅਤੇ ਮਿਹਰ ਦੀ ਦਲੀਲ, ਕਰਮ ਅਤੇ ਰਹਿਮ ਦਾ ਪੰਘੂੜਾ, ਸਖਾਵਤ ਦੇ ਦਰਿਆ, ਮਿੱਠਾ ਫਲ ਦੇਣ ਵਾਲੇ ਦਰਖਤ, ਫਜ਼ਲ ਅਤੇ ਮਿਹਰ ਦੇ ਚਸ਼ਮੇ, ਸਖਾਵਤ ਦੇ ਦਰਿਆ, ਫਜ਼ਲਾਂ ਅਤੇ ਮਿਹਰ ਬਾਨੀਆਂ ਦੇ ਭੰਡਾਰ, ਨਿਆਮਤਾਂ ਵਾਲੇ, ਸੁੱਖ-ਸ਼ਾਂਤੀ ਵਾਲੇ, ਖ਼ੂਬਸੂਰਤੀ ਦੇ ਕੇਂਦਰ, ਦੁਰਲਭ ਮੋਤੀ, ਹਮੇਸ਼ਾ ਬਹਾਰ ਫੁੱਲਾਂ ਵਾਲੇ ਬਾਗ, ਮਿਹਰਾਂ ਭਰੇ ਮੀਂਹ

---

[1] ਡਾ. ਗੰਡਾ ਸਿੰਘ, **ਭਾਈ ਨੰਦ ਲਾਲ ਗ੍ਰੰਥਾਵਲੀ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ 154, ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ, ਈਜ਼ਦਿ ਮਨਜ਼ੂਰ ਗੁਰੂ ਗੋਬਿੰਦ ਸਿੰਘ ॥੧੦੫॥

[2] ਉਹੀ ਪੁਸਤਕ, ਪੰਨਾ 155, ਜਾਂ-ਫੋਰਜ਼ਿ ਦਹਿਰ ਗੁਰ ਗੋਬਿੰਦ ਸਿੰਘ, ਫ਼ੈਜ਼ਿ ਹੱਕ ਰਾ ਬਹਿਰ ਗੁਰ ਗੋਬਿੰਦ ਸਿੰਘ ॥੧੧੨॥

[3] ਉਹੀ ਪੁਸਤਕ, ਪੰਨਾ 156, ਖ਼ਾਜ਼ਨਿ ਹਰ ਗੰਜ ਗੁਰ ਗੋਬਿੰਦ ਸਿੰਘ, ਬਰਹਮਹਿ ਹਰ ਰੰਗ ਗੁਰ ਗੋਬਿੰਦ ਸਿੰਘ॥੧੧੬॥

ਵਾਂਗ, ਦੁੱਖ ਦਰਦ ਵਿਚ ਹਿੱਸਾ ਪਾਉਣ ਵਾਲੇ, ਵਗਦੇ ਪਾਣੀ ਵਰਗੇ ਸਾਫ, ਅਤਾਯਾਂ ਕਰਨ ਵਾਲੇ, ਦੁੱਖ ਦਰਦ ਵੰਡਾਉਣ ਵਾਲੇ, ਰਹਿਮਤਾਂ ਵਾਲੇ, ਬੇਸਹਾਰਿਆਂ ਦੇ ਸਹਾਰੇ, ਬਰਕਤਾਂ ਵਾਲੇ, ਤਰਸ ਕਰਨ ਵਾਲੇ, ਇਨਾਮਾਂ ਵਾਲੇ, ਕਰਮਾਂ ਵਾਲੇ, ਨਿਆਮਤਾਂ ਭਰਪੂਰ, ਕਰਾਮਾਤਾਂ ਭਰਪੂਰ, ਕੀਮਤੀ ਮੋਤੀ ਵਾਂਗ, ਵਗਦੇ ਦਰਿਆ ਵਾਂਗ ਹਨ। ਸਤਿਗੁਰੂ ਲੋਕਾਈ ਦੀਆਂ ਮਹਿਫਿਲਾਂ ਦੂਰ ਕਰਨ ਵਾਲਾ ਅਤੇ ਇਨਸਾਫ ਕਰਨ ਵਾਲਾ ਹੈ।[4]

**ਗੁਰੂ ਰੱਬ ਦਾ ਰੂਪ ਹੈ[5]–** ਗੋਯਾ ਲਿਖਦੇ ਹਨ ਕਿ ਗੁਰੂ ਰੱਬ ਦਾ ਹੀ ਨੂਰ ਹੈ। ਚੜ੍ਹਦੀਕਲਾ ਵਿਚ ਰਹਿਣ ਵਾਲਾ ਨੂਰ, ਰੱਬ ਦੇ ਪਤਵੰਤਿਆਂ ਦੇ ਗਿਰੋਹ ਵਿਚ ਸ਼ਾਮਿਲ ਹੋਣ ਵਾਲੇ, ਰੱਬ ਦੀ ਇਕੋ ਇਕ ਹੋਣ ਦੀ ਗਵਾਹੀ ਦੇਣ ਵਾਲੇ, ਆਪਣੇ ਨੂਰ ਸਦਕਾ ਮਹਿਫਲਾਂ ਨੂੰ ਰੋਸ਼ਨ ਕਰਨ ਵਾਲੇ, ਦਿਲਾਂ ਨੂੰ ਠੰਡਕ ਪਹੁੰਚਾਉਣ ਵਾਲੇ, ਚਿਹਰਿਆਂ ਨੂੰ ਨੂਰ ਬਖਸ਼ਣ ਵਾਲੇ, ਬੁਰਾਈ ਮਿਟਾਉਣ ਵਾਲੇ, ਚੰਗਿਆਈ ਦੇ ਰਸਤੇ ਨੂੰ ਪ੍ਰਫੁੱਲਤ ਕਰਨ ਵਾਲੇ, ਹੱਕ ਦਾ ਸਾਥ ਦੇਣ ਵਾਲੇ, ਬੁਰਾਈ ਤੋਂ ਕੰਨੀ ਕਤਰਾਉਣ ਵਾਲੇ, ਹਨੇਰੇ ਵਿਚ ਦੱਬੀ ਮਨੁੱਖਤਾ ਨੂੰ ਰੋਸ਼ਨੀ ਵਲ ਲਿਆਉਣ ਵਾਲੇ ਸਨ। ਗੁਰੂ ਇਨਸਾਫ ਕਰਨ ਵਾਲਿਆਂ ਦਾ ਮਦਦਗਾਰ ਹੈ। ਉਹ ਤਾਂ ਨੂਰ ਹੀ ਨੂਰ ਹਨ[6], ਰੱਬ ਦੇ ਇਕੋ-ਇਕ ਹੋਣ ਨੂੰ ਮੰਨਣ ਵਾਲੇ ਹਨ[7] ਅਤੇ ਰੱਬ ਤੱਕ ਪਹੁੰਚਣ ਵਾਲੇ ਗਿਆਨ ਦੇ ਕਾਇਲ ਹਨ; ਜ਼ਾਹਰ ਬਾਤਿਨ ਦਾ ਗਿਆਨ ਰੱਖਣ ਵਾਲੇ[8], ਹਰੇਕ ਦਾ ਸਾਥ ਦੇਣ ਵਾਲੇ, ਹੱਕ ਸੱਚ ਦੇ ਪੁਜਾਰੀ; ਰੱਬ ਤੇ ਭਰੋਸਾ ਰੱਖਣ ਵਾਲੇ; ਮੁੱਢੋਂ ਹੀ ਅਨਾਇਤਾਂ ਦੇ ਮਾਲਕ ਹਨ[9]; ਹੱਕ ਸੱਚ ਦਾ ਗਿਆਨ ਬੇਨਜ਼ੀਰ ਹੈ। ਉਹ ਤਾਂ ਜ਼ਾਹਿਰ ਬਾਤਿਨ ਲਈ ਸਜਾਵਟ ਹਨ। ਭਾਈ ਨੰਦ ਲਾਲ ਗੋਯਾ ਅਨੁਸਾਰ ਸਤਿਗੁਰੂ ਅੰਦਰੋਂ ਬਾਹਰੋਂ ਵੀ ਅਜਿਹੇ ਕੰਮ ਕਰਦੇ ਹਨ ਕਿ ਸਜਾਵਟ ਦਾ ਕਾਰਨ ਬਣ ਜਾਂਦੇ ਹਨ।

**ਸਤਿਗੁਰੂ ਹੱਕ ਪ੍ਰਸਤ ਹਨ[10]–** ਨੰਦ ਲਾਲ ਗੋਯਾ ਅਨੁਸਾਰ ਸਤਿਗੁਰੂ ਹੱਕ ਪ੍ਰਸਤ ਹਨ। ਹੱਕ ਸੱਚ ਵਿਚ ਸੀਸ਼ੇ ਵਾਂਗ ਸਾਫ ਸੁਥਰੇ, ਹੱਕ ਪ੍ਰਸਤੀ ਵਿਚ ਆਪਣੀ ਮਿਸਾਲ ਆਪ, ਹੱਕ ਸੱਚ ਦੀਆਂ ਕਿਰਨਾਂ ਨਾਲ ਘੁੱਪ ਹਨੇਰੇ ਸਮਾਜ ਵਿਚ ਰੋਸ਼ਨੀ ਪੈਦਾ ਕਰਨ ਵਾਲੇ, ਹੱਕ ਸੱਚ ਦੀ ਬੇੜੀ ਤੇ

---

4 ਉਹੀ ਪੁਸਤਕ, ਪੰਨਾ 157, ਖ਼ਾਲਸਿੋ ਬੇ-ਕੀਨਾ ਗੁਰ ਗੋਬਿੰਦ ਸਿੰਘ, ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ॥੧੨੪॥

5 ਉਹੀ ਪੁਸਤਕ, ਪੰਨਾ 165, ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ, ਹਮਾ ਸ਼ਬਦਿ ਊ ਜ਼ੌਹਰੋ ਮਾਨਕ ਅਸਤ॥੨੮॥

6 ਉਹੀ ਪੁਸਤਕ, ਪੰਨਾ 155, ਦਸਤਿ ਹਮਾ-ਗਾਂ ਬਜ਼ੈਲਿ ਅਫ਼ਜ਼ਾਲਿ ਊ, ਬਰ ਸਰਿ ਅਨਵਾਰਿ ਇਲਹਿ ਹੱਕ ਕਾਲਿ ਊ॥੧੦੩॥

7 ਉਹੀ ਪੁਸਤਕ, ਪੰਨਾ 176, ਤਰਾਵਤ ਰਯਾਹੀਨਿ ਤੌਹੀਦ ਰਾ, ਨਜ਼ਾਰਤ ਬੁਸਾਤੀਨਿ ਤਜਰੀਦ ਰਾ ॥੧੧੯॥; ਪੰਨਾ 207, ਵਹੀਦੁਲ-ਅਹਦ ਲਾ-ਸ਼ਰੀਕੁਲ ਸਮਦ, ਅਮੀਮੁਲ-ਕਰਮ ਲਮ-ਯਹਦ ਮੁਨਫ਼ਰਦ॥੧੬॥

8 ਉਹੀ ਪੁਸਤਕ, ਪੰਨਾ 155, ਆਲਿਮੁਲ ਅਸਤਾਰ ਗੁਰ ਗੋਬਿੰਦ ਸਿੰਘ, ਅਬਰਿ ਰਹਿਮਤ ਬਾਰ ਗੁਰ ਗੋਬਿੰਦ ਸਿੰਘ॥੧੧੦॥

9 ਉਹੀ ਪੁਸਤਕ, ਪੰਨਾ 175, ਹਪਹਿਰਿ ਅਲਾ ਸਾਹਿਬ ਅਜਤਬਾ, ਸਹਾਬਿ ਕਰਮ ਆਫ਼ਤਾਬਿ ਹੁਦਾ ॥੧੧੪॥

10 ਉਹੀ ਪੁਸਤਕ, ਪੰਨਾ 159, ਬਰ ਤਰ ਅਜ਼ ਹਰ ਕਦਰ ਗੁਰ ਗੋਬਿੰਦ ਸਿੰਘ, ਜਾਵਿਦਾਨੀ ਸਦਰ ਗੁਰ ਗੋਬਿੰਦ ਸਿੰਘ॥੧੪੪॥

ਸਵਾਰ ਹੋਣ ਵਾਲੇ, ਹੱਕ ਸੱਚ ਦੀ ਗੱਲ ਨੂੰ ਪ੍ਰਵਾਨ ਚੜ੍ਹਾਉਣ ਵਾਲੇ, ਹੱਕ ਸੱਚ ਦੀ ਮਿੱਠੀ ਨਦੀ ਦਾ ਪਾਣੀ ਪੀਣ ਵਾਲੇ, ਗੁਰੂ ਰੂਹਾਂ ਦੀ ਰੂਹ ਵੀ ਹਨ। ਮਜ਼ਬੂਤ ਇਰਾਦੇ ਵਾਲੇ; ਪੱਕੀ ਪੈਰੀਂ ਰਹਿਣ ਵਾਲੇ; ਕੱਚੀ ਗੱਲ ਨਾ ਕਹਿਣ ਵਾਲੇ; ਮਿੱਠੇ ਦਰਿਆ ਦਾ ਮਿੱਠਾ ਪਾਣੀ ਪੀਣ ਵਾਲੇ; ਏਕ ਮੇਂ ਅਨੇਕ ਤੇ ਭਰੋਸਾ ਰੱਖਣ ਵਾਲੇ; ਮੁੱਖੋਂ ਅਤੇ ਅੰਤ ਦੇ ਪੈਦਾ ਕਰਨ ਵਾਲੇ ਅਤੇ ਯਕੀਨ ਕਰਨ ਵਾਲੇ; ਸ਼ੁਰੂ ਵਾਲੇ ਅਤੇ ਅੰਤ ਵਾਲੇ, ਉਹ ਹਰ ਚੀਜ਼ ਵਿਚ ਮੌਜੂਦ ਹਨ, ਹਰ ਚੀਜ਼ ਵਿਚ ਯਕੀਨ ਰੱਖਣ ਵਾਲੇ ਅਤੇ ਹਰ ਸ਼ੈਅ ਵਿਚ ਹਾਜ਼ਰ ਨਾਜ਼ਿਰ ਰਹਿ ਕੇ ਭਰੋਸਾ ਰੱਖਣ ਵਾਲੇ ਹਨ। ਗੋਯਾ ਫਿਰ ਲਿਖਦੇ ਹਨ ਕਿ ਰੱਬ ਦੇ ਨਜ਼ਦੀਕ ਪਸੰਦੀਦਾ ਅਤੇ ਮਨਜ਼ੂਰ ਹਨ[11]; ਹੱਕ ਦੀ ਪਛਾਣ ਕਰਨ ਵਾਲੇ; ਕਾਇਮ ਰਹਿਣ ਵਾਲੇ; ਗੁਰੂ ਦੇ ਪੈਰਾਂ ਦੀ ਧੂੜ ਦੇਵੀ ਦੇਵਤਿਆਂ ਦੀਆਂ ਅੱਖਾਂ ਲਈ ਸੁਰਮਾ[12], ਕਿਨਾਰੇ ਤੋਂ ਬਿਨਾਂ ਸਮੁੰਦਰ ਹਨ ਅਤੇ ਸੂਖਮ ਹਨ।[13]

**ਉੱਚੇ ਰੁਤਬੇ ਵਾਲੇ ਹਨ[14]–** ਆਪ ਦਾ ਸਥਾਨ ਹੋਰਾਂ ਨਾਲੋਂ ਕਾਫੀ ਉੱਚਾ ਹੈ। ਆਪ ਹਰ ਲਿਹਾਜ਼ ਨਾਲ ਕਿਸੇ ਹੋਰ ਨਾਲ ਮੇਲ ਨਹੀਂ ਖਾਂਦੇ। ਆਪ ਦੀ ਜ਼ਾਤ ਅਜਿਹੀ ਖੁਸ਼ਬੂਦਾਰ ਚੀਜ਼ ਹੈ ਜਿਸ ਨਾਲ ਹੋਰ ਕਿੰਨੀਆਂ ਚੀਜ਼ਾਂ ਤੋਂ ਦਿਮਾਗਾਂ ਨੂੰ ਸਕੂਨ ਮਿਲਦਾ ਹੈ। ਕਮਾਲ, ਜਮਾਲ ਅਤੇ ਜਲਾਲਾ ਆਪ ਦੀਆਂ ਬੇਮਿਸਾਲ ਚੀਜ਼ਾਂ ਵਿਚ ਸ਼ਾਮਿਲ ਹਨ। ਹੱਕ ਨੁਮਾਈ, ਹੱਕ ਪ੍ਰਸਤੀ, ਹੱਕ ਸੱਚ ਦੀ ਗੱਲ ਨੂੰ ਮੰਨਣ ਵਾਲੇ ਅਤੇ ਹੱਕ ਸੱਚ ਤੇ ਯਕੀਨ ਕਰਨ ਵਾਲੇ, ਆਫਤਾਂ, ਪ੍ਰੇਸ਼ਾਨੀਆਂ ਅਤੇ ਤਕਲੀਫਾਂ ਨੂੰ ਦੂਰ ਕਰਨ ਵਾਲੇ ਹਨ। ਸਰਲ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਉੱਚੇ ਦਰਜੇ ਦੇ ਮਨੁੱਖ ਹਨ; ਰੱਬ ਦੇ ਨੁਮਾਇੰਦੇ ਹਨ।[15] ਆਪ ਨੂੰ ਗੋਯਾ ਨੇ ਸ਼ਹਿਨਸ਼ਾਹ, ਦਰਵੇਸ਼, ਦੁਖ ਤਕਲੀਫਾਂ ਅਤੇ ਪ੍ਰੇਸ਼ਾਨੀਆਂ ਦਾ ਨਿਪਟਾਰਾ ਕਰਨ ਵਾਲੇ ਅਤੇ ਸੁਲਤਾਨ ਜਿਹੀਆਂ ਉਪਾਧੀਆਂ ਨਾਲ ਨਿਵਾਜਿਆ ਹੈ। ਗੋਯਾ ਲਿਖਦੇ ਹਨ ਕਿ ਆਪ ਦੇ ਦਰਸ਼ਨ ਕਰਨ ਨਾਲ ਰੂਹਾਨੀ ਸ਼ਾਂਤੀ ਮਿਲਦੀ ਹੈ।[16] ਆਪ ਦੀ ਜ਼ਾਤ ਆਮ ਨਹੀਂ ਹੈ। ਜਦੋਂ ਆਪ ਦੇ ਮੁਖੜੇ ਤੋਂ ਕੱਪੜਾ ਉਤਾਰ ਦੇਈਏ ਤਾਂ ਉਹ ਇੰਜ ਹੀ ਹੈ ਜਿਵੇਂ ਕੋਈ ਸ਼ਮਾ ਮਹਿਫਲ ਵਿਚ ਜਗਾ ਦੇਈਏ। ਇਨ੍ਹਾਂ ਦੇ ਆਉਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ। ਚੁਫੇਰੇ ਰੌਸ਼ਨੀ ਹੀ ਰੌਸ਼ਨੀ ਫੈਲ ਜਾਂਦੀ ਹੈ। ਸਤਿਗੁਰੂ ਦਾ ਰੋਅਬ ਦਬਦਬਾ; ਸਤਿਗੁਰੂ ਦਾ

---

11 ਉਹੀ ਪੁਸਤਕ, ਪੰਨਾ 154, ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ, ਈਜ਼ਦਿ ਮਨਜ਼ੂਰ ਗੁਰੂ ਗੋਬਿੰਦ ਸਿੰਘ ॥੧੦੫॥

12 ਉਹੀ ਪੁਸਤਕ, ਪੰਨਾ 159, ਤਿੱਸਅ ਉਲਵੀ ਖ਼ਾਕਿ ਗੁਰ ਗੋਬਿੰਦ ਸਿੰਘ, ਚਾਕਰਿ ਚਾਲਾਕਿ ਗੁਰ ਗੋਬਿੰਦ ਸਿੰਘ॥੧੪੨॥

13 ਉਹੀ ਪੁਸਤਕ, ਪੰਨਾ 160, ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ, ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ॥੧੫੨॥

14 ਉਹੀ ਪੁਸਤਕ, ਪੰਨਾ 158, ਖ਼ਾਕ-ਬੋਸਿ ਪਾਇ ਗੁਰ ਗੋਬਿੰਦ ਸਿੰਘ, ਮੁਕਬਲ ਅਜ਼ ਆਲਾਇ ਗੁਰ ਗੋਬਿੰਦ ਸਿੰਘ॥੧੩੫॥

15 ਉਹੀ ਪੁਸਤਕ, ਪੰਨਾ 159, ਉੱਮਿ ਕੁੱਦਸ ਬਕਾਰਿ ਗੁਰ ਗੋਬਿੰਦ ਸਿੰਘ, ਗਾਸ਼ੀਆ ਬਰਦਾਰਿ ਗੁਰ ਗੋਬਿੰਦ ਸਿੰਘ॥੧੪੦॥

16 ਉਹੀ ਪੁਸਤਕ, ਪੰਨਾ 158, ਨਾਜ਼ਿਰਾਨਿ ਰੂਇ ਗੁਰ ਗੋਬਿੰਦ ਸਿੰਘ, ਮਸਤਿ ਹੱਕ ਦਰ ਕੂਇ ਗੁਰ ਗੋਬਿੰਦ ਸਿੰਘ॥੧੩੪॥

ਖੁੱਲ੍ਹਾ-ਡੁੱਲ੍ਹਾ ਸੁਭਾਅ; ਰੱਬ ਨਾਲ ਮਿਲਾਉਣ ਵਾਲੀ ਗੱਲਬਾਤ; ਸਤਿਗੁਰੂ ਦੀ ਸੋਚ; ਸਤਿਗੁਰੂ ਦੀ ਤਬੀਅਤ; ਦਿਲ ਦੇ ਭੇਦ ਸਮੁੰਦਰ ਵਾਂਗ ਖੁੱਲ੍ਹੇ ਡੁੱਲ੍ਹੇ ਹਨ।[17]

**ਸਤਿਗੁਰੂ ਦਾ ਨਸੀਬਾ ਉੱਚੇ ਰੁਤਬੇ ਵਾਲਾ ਹੈ[18]–** ਆਪ ਦਾ ਨਸੀਬ ਜਮਾਲ ਅਤੇ ਕਮਾਲ ਭਰਪੂਰ ਹੈ; ਉਸ ਵਿਚ ਜਲਾਲ ਵੀ ਹੈ। ਮੁਲਕਾਂ ਅਤੇ ਦਿਲਾਂ ਤੇ ਫਤਹਿ ਪਾਉਣ ਵਾਲੇ ਹਨ। ਸਾਰੀ ਦੁਨੀਆਂ ਨੂੰ ਆਪਣੀਆਂ ਖੂਬੀਆਂ ਰਾਹੀਂ ਕਾਇਲ ਕਰਨ ਵਾਲੇ, ਜ਼ੁਲਮ ਦੇ ਖਿਲਾਫ ਟੱਕਰ ਲੈਣ ਵਾਲੇ, ਹਨੇਰੀ ਵਿਚ ਡੁੱਬੀ ਮਨੁੱਖਤਾ ਨੂੰ ਰੋਸ਼ਨੀ ਵੱਲ ਲਿਆਉਣ ਵਾਲੇ, ਉੱਚੇ ਨਸੀਬੇ ਵਾਲੇ, ਆਪਣੇ ਜਮਾਲ ਰਾਹੀਂ ਲੋਕਾਂ ਵਿਚ ਕਮਾਲ ਪੈਦਾ ਕਰਨ ਵਾਲੇ, ਸੰਸਾਰ ਵਿਚ ਖੂਬਸੂਰਤੀ ਲੈ ਆਉਣ ਵਾਲੇ, ਬੇਜਾਨ ਲੋਕਾਂ ਵਿਚ ਕੁੱਝ ਕਰ ਗੁਜ਼ਰਨ ਵਾਲੀ ਭਾਵਨਾ ਪੈਦਾ ਕਰਨ ਵਾਲੇ, ਉੱਚੇ ਖਿਆਲਾਂ ਉੱਚੀਆਂ ਭਾਵਨਾਵਾਂ ਅਤੇ ਉੱਚੀਆਂ ਸੋਚਾਂ ਦੇ ਮਾਲਕ ਸਨ। ਨਾਲ ਹੀ ਸਤਿਗੁਰੂ ਚੰਗੇ ਨਸੀਬਾਂ ਵਾਲੇ ਹਨ; ਉਨ੍ਹਾਂ ਦੀਆਂ ਖੂਬੀਆਂ ਅਤੇ ਅਕਲਮੰਦੀ ਦਾ ਕੋਈ ਅੰਤ ਨਹੀਂ। ਉਹ ਤਾਂ ਡੂੰਘੀ ਨਜ਼ਰ ਵਾਲੇ ਅਤੇ ਦੂਰ ਦੀ ਸੋਚਣ ਵਾਲੇ ਹਨ। ਉਹ ਹੁਸ਼ਿਆਰ ਵੀ ਹਨ; ਉਨ੍ਹਾਂ ਦੀ ਮੁਹੱਬਤ, ਸ਼ਹਿਣ ਕਰਨ ਦੀ ਤਾਕਤ, ਧੀਰਜ, ਦਿਆਲਤਾ ਤੇ ਕ੍ਰਿਪਾਲਤਾ ਤਾਂ ਬੇਮਿਸਾਲ ਹਨ।

**ਗੁਰੂ ਮਿਹਰਬਾਨ ਹੈ[19]–** ਗੋਯਾ ਲਿਖਦੇ ਹਨ ਕਿ ਸਤਿਗੁਰੂ ਤਾਂ ਨਿਰੇ ਮਿਹਰਬਾਨ ਹਨ। ਮਿਹਰਬਾਨੀ ਦੇ ਖਜ਼ਾਨੇ ਵਜੋਂ ਜਾਣੇ ਜਾਂਦੇ ਹਨ। ਮਿਹਰਬਾਨੀਆਂ, ਕਰਮ ਫਰਮਾਈਆਂ ਅਤੇ ਫਜ਼ਲਾਂ ਵਾਲੇ ਹਨ। ਨਿਸ਼ਕਾਮ ਸੇਵਾ ਕਰਨ ਵਾਲਿਆਂ ਅਤੇ ਮਿਹਰ ਕਰਨ ਵਾਲਿਆਂ ਵਿਚੋਂ ਇਕ ਹਨ। ਮੁਆਫ ਕਰਨ ਵਾਲਿਆਂ ਵਿਚ ਮੁਆਫ ਕਰਨ ਵਾਲੇ, ਧਨਾਡਾਂ ਵਿਚੋਂ ਧਨਾਡ, ਚੰਗੀਆਂ ਆਦਤਾਂ ਪਾਉਣ ਵਾਲਿਆਂ ਵਿਚੋਂ ਚੰਗੀਆਂ ਆਦਤਾਂ ਵਾਲੇ ਹਨ। ਸਤਿਗੁਰੂ ਕਦਰਦਾਨ ਹਨ; ਸਭ ਨਾਲ ਸੁਲਾਹ ਸਫਾਈ ਕਰਨ ਵਾਲੇ; ਸਤਿਗੁਰੂ ਮਸਤਾਨਿਆਂ ਦਾ ਮਸਤਾਨਾ ਹੈ[20]; ਉਹ ਚੰਗੀਆਂ ਆਦਤਾਂ ਵਾਲੇ ਹਨ; ਉਨ੍ਹਾਂ ਦੀ ਨੇਕੀ ਅਮਿੱਟ ਹੈ[21]; ਆਪ ਦੀ ਗੱਲਬਾਤ ਵਿਚ ਦੂਰ ਅੰਦੇਸ਼ੀ ਹੈ; ਬੇਨਜ਼ੀਰ ਸ਼ਾਇਰ ਅਤੇ ਵਾਰਤਿਕ ਲਿਖਣ ਵਾਲੇ[22]; ਸਤਿਗੁਰੂ ਦੀ ਸੱਚੀ ਬੋਲੀ; ਗੁਰੂ ਕਸੌਟੀ ਹੈ[23]; ਗੁਰੂ ਦਾ ਰੁਤਬਾ।[24]

---

17 ਉਹੀ ਪੁਸਤਕ, ਪੰਨਾ 155, ਮੁਕਬੁਲੋ ਮਕਬੂਲ ਗੁਰ ਗੋਬਿੰਦ ਸਿੰਘ, ਵਾਸਲੋ ਮੋਸੁਲ ਗੁਰ ਗੋਬਿੰਦ ਸਿੰਘ॥੧੧੧॥

18 ਉਹੀ ਪੁਸਤਕ, ਪੰਨਾ 158, ਅਸ਼ਰ ਕੁੱਦਸੀ ਰਾਮਿ ਗੁਰ ਗੋਬਿੰਦ ਸਿੰਘ, ਵਾਸਿਫ਼ਿ ਇਰਾਮ ਗੁਰ ਗੋਬਿੰਦ ਸਿੰਘ ॥੧੩੯॥

19 ਉਹੀ ਪੁਸਤਕ, ਪੰਨਾ 160, ਵਾਹਿਬੋ ਵੱਹਾਬ ਗੁਰੁ ਗੋਬਿੰਦ ਸਿੰਘ, ਫ਼ਾਤਿਹਿ ਹਰ ਬਾਬ ਗੁਰ ਗੋਬਿੰਦ ਸਿੰਘ॥੧੫੦॥; ਸ਼ਾਮਿਲਿ-ਲ-ਅਸ਼ਫਾਕ ਗੁਰ ਗੋਬਿੰਦ ਸਿੰਘ, ਕਾਮਿਲਿ-ਲ-ਅਖ਼ਲਾਕ ਗੁਰ ਗੋਬਿੰਦ ਸਿੰਘ॥੧੫੧॥; ਹੂ ਅਲ-ਕਾਲੋ ਅਲਹਹਾਲੋ ਅਲਬਾਲਨਾ, ਹੂ ਅਫ਼ਰਾਸੋ ਇਕਬਾਲਨਾ॥੧੩੨੯॥; ਪੰਨਾ 207, ਹੂ ਅਲ-ਵਾਹਿਬੁਲ ਨਿਅਮ ਬਾ ਅਲ-ਅਨਨਾ, ਹੂ ਅਲ-ਮਜਫ਼ਜ਼ਲ ਅਲ-ਇਲਮ ਬਅਲ-ਅਨਨਾ॥੧੩੩੮॥

20 ਉਹੀ ਪੁਸਤਕ, ਪੰਨਾ 207, ਹੂ ਅਲ-ਸਲਤਨਤੋ ਹੂ ਤਰਵੀਹਨਾ, ਹੂ ਅਲ-ਬਤਨਾ; ਓ ਹੂ ਤਫ਼ਰੀਹਨਾ॥੧੩੩੦॥

21 ਉਹੀ ਪੁਸਤਕ, ਪੰਨਾ 175, ਜ਼ਫ਼ਾਨਿ ਸਖ਼ਾ ਆਲਮਿ ਮਕਰਮਤ, ਮਹੀਤਿ ਅਤਾ ਕੁਲਜ਼ਮਿ ਆਤਫ਼ਤ॥੧੧੩॥

22 ਉਹੀ ਪੁਸਤਕ, ਪੰਨਾ 156, ਹੱਕ ਖ਼ੁਦ ਵੱਸਾਫ਼ਿ ਗੁਰ ਗੋਬਿੰਦ ਸਿੰਘ, ਬਰ ਤਰੀਂ ਔਸਾਫ਼ਿ ਗੁਰ ਗੋਬਿੰਦ ਸਿੰਘ॥੧੧੮॥

23 ਉਹੀ ਪੁਸਤਕ, ਪੰਨਾ 157, ਖਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ, ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ॥੧੨੪॥

**ਗੁਰੂ ਦੀ ਬਜ਼ੁਰਗੀ ਅਤੇ ਅਜ਼ਮਤ**[25]– ਗੋਯਾ ਲਿਖਦੇ ਹਨ ਕਿ ਗੁਰੂ ਸਾਹਿਬਾਨ ਬਜ਼ੁਰਗੀ ਅਤੇ ਅਜ਼ਮਤ ਵਿਚ ਕਿਸੇ ਦੂਜੇ ਸਮਾਨ ਨਹੀਂ; ਆਪ ਸਾਹਿਬਾਨ ਦੀ ਬਜ਼ੁਰਗੀ ਅਤੇ ਵਡਿਆਈ ਲੋਕਾਈ ਨਾਲੋਂ ਵਿਸ਼ੇਸ਼ ਹੋਇਆ ਕਰਦੀ ਹੈ। ਨਾਮ, ਕਾਮ ਅਤੇ ਮਕਾਮ ਵੀ ਹੋਰਾਂ ਨਾਲੋਂ ਉੱਚਾ ਹੁੰਦਾ ਹੈ। ਗੁਰੂਆਂ ਦਾ ਜਮਾਲ ਅਤੇ ਕਮਾਲ ਵੀ ਵਖੱਰਾ ਹੀ ਹੋਇਆ ਕਰਦਾ ਹੈ। ਅਜ਼ਮਤ ਅਤੇ ਵਡਿਆਈ ਆਪ ਦੀ ਜ਼ਿੰਦਗੀ ਦਾ ਅਟੁੱਟ ਅਤੇ ਅਨਿੱਖੜਵਾਂ ਅੰਗ ਹੈ। ਕਰਮ ਕਰਨ ਵਾਲਿਆਂ, ਫਜ਼ਲਾਂ ਵਾਲਿਆਂ ਅਤੇ ਮਿਹਰ ਕਰਨ ਵਾਲਿਆਂ ਵਿਚ ਆਪ ਸਾਹਿਬਾਨ ਦਾ ਰੁਤਬਾ ਅਤੇ ਮਕਾਮ ਬਹੁਤ ਉੱਚੇ ਪੱਧਰ ਦਾ ਹੋਇਆ ਕਰਦਾ ਹੈ।

ਸਬਰ ਸੰਤੋਖ ਵਿਚ ਸਾਰਿਆਂ ਨਾਲੋਂ ਉੱਚੇ, ਪਿਛੋਂ ਅਤੇ ਅੱਗੇ ਆਉਣ ਵਾਲਿਆਂ ਵਿਚ ਸਰਵੋਤਮ, ਰੁਤਬੇ ਅਤੇ ਬੁਲੰਦੀਆਂ ਵਿਚ ਸਭ ਤੋਂ ਜ਼ਿਆਦਾ ਉੱਚੇ, ਸ਼ਹਿਰਾਂ, ਦੇਸ਼ਾਂ ਦੀ ਸੈਰ ਕਰਨ ਵਾਲਿਆਂ ਵਿਚ ਜ਼ਿਆਦਾ ਸੈਰ ਕਰਨ ਵਾਲੇ, ਭਾਵਨਾਵਾਂ ਅਤੇ ਖਿਆਲਾਂ ਵਿਚ ਸਭ ਤੋਂ ਵਿਲੱਖਣਤਾ ਵਾਲੇ ਸ਼ਰੀਫ ਲੋਕਾਂ ਵਿਚੋਂ ਸ਼ਰੀਫ, ਉੱਚੇ ਰੁਤਬੇ ਵਾਲਿਆਂ ਵਿਚੋਂ ਉੱਚੇ ਰੁਤਬੇ ਪਾਉਣ ਤੇ ਬਣਾਉਣ ਵਾਲੇ, ਕਾਬਿਲ ਅਤੇ ਨਿਪੁੰਣ ਲੋਕਾਂ ਵਿਚੋਂ ਮਾਹਿਰ, ਪੁੰਨ-ਦਾਨ ਕਰਨ ਵਾਲਿਆਂ ਵਿਚੋਂ ਸਭ ਤੋਂ ਜ਼ਿਆਦਾ ਪੁੰਨ-ਦਾਨ ਕਰਨ ਵਾਲੇ, ਫਜ਼ਲਾਂ ਮਿਹਰਾਂ ਵਾਲੇ, ਚੰਗੇ ਸਦਾਚਾਰ ਵਾਲੇ, ਆਪਣਿਆਂ ਪਰਾਇਆਂ ਨਾਲ ਪਿਆਰ ਕਰਨ ਵਾਲੇ, ਵਧੀਆ ਨਫੀਸ ਲੋਕਾਂ ਵਿਚੋਂ ਨਫੀਸ, ਲੋਕਾਂ ਵਿਚੋਂ ਸਭ ਤੋਂ ਜ਼ਿਆਦਾ ਖੂਬੀਆਂ ਵਾਲੇ, ਵਡਿਆਂ ਵਿਚੋਂ ਵੱਡੇ, ਕਮਾਲ ਵਾਲਿਆਂ ਵਿਚੋਂ ਕਮਾਲ ਵਾਲੇ, ਉੱਚਿਆਂ ਵਿਚੋਂ ਉੱਚੇ, ਅਜ਼ਮਤ ਬਜ਼ੁਰਗੀ ਵਾਲਿਆਂ ਵਿਚੋਂ ਅਜ਼ਮਤ ਬਜ਼ੁਰਗੀ ਵਾਲੇ, ਚੰਗਾ ਬੋਲਣ ਵਾਲਿਆਂ ਵਿਚੋਂ ਚੰਗਾ ਬੋਲਣ ਵਾਲੇ, ਉੱਚੀ ਸੋਚ ਰੱਖਣ ਵਾਲਿਆਂ ਵਿਚੋਂ ਮੁਫੱਕਿਰ, ਦਰਜਿਆਂ ਵਾਲਿਆਂ ਵਿਚੋਂ ਬਹੁਤ ਦਰਜਾ ਪਾਉਣ ਵਾਲੇ, ਚੰਗੀ ਗੱਲ ਕਹਿਣ ਵਾਲਿਆਂ ਵਿਚੋਂ ਸਭ ਤੋਂ ਚੰਗੀ ਕਹਿਣ ਵਾਲੇ, ਉੱਚੀ ਸ਼ਾਨ ਵਾਲਿਆਂ ਵਿਚੋਂ ਸਭ ਤੋਂ ਉੱਚੀ ਸ਼ਾਨ ਵਾਲੇ, ਉੱਚੀ ਸੋਚ ਰੱਖਣ ਵਾਲਿਆਂ ਵਿਚੋਂ ਉੱਚੀ ਸੋਚ ਰੱਖਣ ਵਾਲੇ।

**ਗੁਰੂ ਬੇਨਿਆਜ਼ ਹੈ–** ਗੋਯਾ ਲਿਖਦੇ ਹਨ ਕਿ ਗੁਰੂ ਸਾਹਿਬਾਨ ਦੁਨੀਆਂ ਅਤੇ ਦੁਨੀਆਂ ਵਾਲਿਆਂ ਦੀ ਕੋਈ ਪ੍ਰਵਾਹ ਨਹੀਂ ਕਰਦੇ, ਸਗੋਂ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਬੇਨਿਆਜ਼ ਹੁੰਦੇ ਹਨ। ਲੋਕਾਈ ਦੀ ਨਿਸ਼ਕਾਮ ਸੇਵਾ ਭਾਵਨਾ ਸਹਿਤ ਖਿਦਮਤ ਕਰਨਾ ਆਪਣਾ ਫਰਜ਼ ਸਮਝਦੇ ਹਨ। ਇਨ੍ਹਾਂ ਦੀ ਅਰਦਾਸ ਦੇ ਸ਼ਬਦਾਂ ਦੀ ਲੜੀ ਹਾਰ ਵਾਂਗ ਪਰੋਈ ਹੋਈ ਹੈ। ਗੁਰੂ ਤਾਂ ਦਿਲਦਾਰਾਂ ਦਾ ਦਿਲਦਾਰ ਹੈ;

---

24 ਉਹੀ ਪੁਸਤਕ, ਪੰਨਾ 158, ਸਰਵਰਾਂ ਰਾ ਤਾਜ ਗੁਰ ਗੋਬਿੰਦ ਸਿੰਘ, ਬਰ ਤਰੀਂ ਮਿਅਰਾਜ ਗੁਰ ਗੋਬਿੰਦ ਸਿੰਘ॥੧੩੮॥

25 ਉਹੀ ਪੁਸਤਕ, ਪੰਨਾ 156, ਸਾਹਿਬਿ ਅਕਲੀਲ ਗੁਰ ਗੋਬਿੰਦ ਸਿੰਘ, ਜ਼ਿਬਿ ਹੱਕ ਤਜ਼ਲੀਲ ਗੁਰ ਗੋਬਿੰਦ ਸਿੰਘ॥੧੧੫॥

ਆਸ਼ਿਕਾਂ ਦਾ ਆਸ਼ਿਕ; ਸਜਾਵਟ ਦੇਣ ਵਾਲੇ ਹਨ; ਉਹ ਬੇਨਜ਼ੀਰ ਹਨ: ਮੁਕੰਮਲ ਉਸਤਾਦ ਹਨ; ਸਾਰੀਆਂ ਖੂਬੀਆਂ ਨਾਲ ਭਰਪੂਰ ਹਨ ਅਤੇ ਗੁਰੂ ਬੇਹਦ ਬਹਾਦਰੀ ਦੇ ਮਾਲਿਕ ਹਨ।[26]

**ਸਤਿਗੁਰੂ ਜੀ ਦਾ ਅਸਲਾ–** ਆਪ ਦਾ ਤੀਰ ਆਮ ਤੀਰ ਨਹੀਂ ਸੀ, ਸੁੱਤਿਆਂ ਨੂੰ ਜਗਾਉਣ ਵਾਲਾ ਸੀ। ਆਪ ਦੀ ਗਰਜ਼ ਸਿਰ ਨੂੰ ਫਾਟਣ ਵਾਲੀ ਸੀ। ਆਪ ਦੀ ਤਲਵਾਰ ਕੋਹ ਕਾਫ ਦੀਆਂ ਪਹਾੜੀਆਂ ਨੂੰ ਦੋ ਟੁਕੜੇ ਕਰਨ ਵਾਲੀ ਸੀ। ਆਪ ਦਾ ਨੇਜਾਂ ਫਤਹਿ ਪ੍ਰਾਪਤ ਕਰਨ ਵਾਲਾ ਸੀ। ਫਤਹਿ ਵਾਲਾ ਝੰਡਾ, ਹਰ ਛੋਟੀ ਤੋਂ ਛੋਟੀ ਚੀਜ਼ ਨੂੰ ਬਿਜਲੀ ਵਾਂਗ ਝੱਟ ਸਮਝਣ ਵਾਲੇ, ਨੇਜਿਆਂ ਰਾਹੀਂ ਡਾਕੂਆਂ ਨੂੰ ਉਨ੍ਹਾਂ ਦਾ ਰਾਹ ਵਿਖਾਉਣ ਵਾਲੇ, ਅਸਮਾਨ ਦੀਆਂ ਕਮੰਦਾਂ ਤੱਕ ਰਸਾਈ ਕਰਨ ਵਾਲੇ, ਇਕ ਛੋਟੀ ਜਿਹੀ ਚੰਗਿਆਰੀ ਰਾਹੀਂ ਸਾਰੀ ਦੁਨੀਆਂ ਵਿਚ ਰੌਸ਼ਨੀ ਫੈਲਾਉਣ ਵਾਲੇ, ਆਪ ਦੀ ਤਲਵਾਰ ਵੈਰੀ ਦੀਆਂ ਆਂਦਰਾਂ ਤੱਕ ਬਹਾਰ ਲੈ ਆਉਣ ਵਾਲੀ ਸੀ। ਜਿੱਥੇ ਤੱਕ ਸਤਿਗੁਰੂ ਦੀ ਤਾਕਤ ਦਾ ਪ੍ਰਸ਼ਨ ਹੈ, ਉਹ ਫੌਜ ਦੇ ਆਗੂ ਹਨ; ਜੰਗ ਵਿਚ ਘੋੜਸਵਾਰ ਰਹਿੰਦੇ ਅਤੇ ਗੁਰੂ ਅਜ਼ੀਮ ਫਤਿਹ ਹਨ।

ਤੇਗ ਰਾ ਫੱਤਾਹ ਗੁਰ ਗੋਬਿੰਦ ਸਿੰਘ, ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ॥੧੧੪॥

**ਸਤਿਗੁਰੂ ਦੀ ਫੌਜ ਦੀ ਤਾਕਤ–** ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਦੀ ਫੌਜ ਦੀ ਤਾਕਤ ਬੇਸ਼ੁਮਾਰ ਸੀ। ਇਕ ਫੌਜੀ ਹਜ਼ਾਰ ਫੌਜੀਆਂ ਦਾ ਮੁਕਾਬਲਾ ਕਰਦਾ ਸੀ। ਔਖੀ ਘੜੀ ਵਿਚ ਫੌਜੀ ਨਾ ਅਕੱਦੇ ਨਾ ਥੱਕਦੇ, ਫੌਜਾਂ ਦਾ ਮੂੰਹ ਮੋੜਨ ਵਾਲੇ, ਵਿਰੋਧੀ ਫੌਜ ਨੂੰ ਹਾਰ ਦਾ ਸਾਹਮਣਾ ਕਰਵਾਉਣ ਵਾਲੇ ਫਤਹਿ ਦਾ ਝੰਡਾ ਹਰ ਥਾਂ ਲਹਿਰਾਉਣ ਵਾਲੇ, ਜਜ਼ਬੇ ਨਾਲ ਲੜਨ ਵਾਲੇ ਸਨ ਜਿਸ ਕਰਕੇ ਕਾਮਯਾਬੀ ਇਨ੍ਹਾਂ ਦੇ ਪੈਰ ਚੁੰਮਦੀ ਸੀ। ਸਤਿਗੁਰੂ ਸਭ ਦੀ ਤਾਰੀਫ ਕਰਨ ਵਾਲਾ ਹੈ; ਸਾਰੇ ਗੁਰੂਆਂ ਦੀਆਂ ਸਿਫਤਾਂ ਉਨ੍ਹਾਂ ਵਿਚ ਹਨ; ਸਤਿਗੁਰੂ ਸਾਰੇ ਪ੍ਰੇਮੀ ਲੋਕਾਂ ਲਈ ਜਿੰਦਜਾਨ ਹਨ; ਇਨ੍ਹਾਂ ਦੀ ਤਾਰੀਫ ਸੁਣਨਾ ਚੰਗੀ ਗੱਲ ਹੈ; ਦੇਵੀ ਦੇਵਤਿਆਂ ਅਤੇ ਸਾਰੇ ਸਤਿਗੁਰੂ ਦੇ ਆਸ਼ਿਕ ਹਨ; ਉਹ ਆਤਮਿਕ ਲੋਕਾਂ ਦਾ ਮਦਦਗਾਰ ਹੈ; ਗੁਰੂ ਰੱਬ ਦੇ ਬੰਦਿਆਂ ਦੀ ਤਾਕਤ ਵਧਾਉਂਦਾ ਹੈ; ਦੇਵੀ ਦੇਵਤਿਆਂ ਅਤੇ ਧਾਰਮਿਕ ਗ੍ਰੰਥਾਂ ਨੂੰ ਸਜਾਉਣ ਵਾਲਾ ਹੈ; ਗੁਰੂ ਦੇਵਤਿਆਂ ਦਾ ਉਸਤਾਦ ਹੈ; ਉਹ ਰੱਬ ਦੀ ਭਗਤੀ ਕਰਨ ਵਾਲਿਆਂ ਦੇ ਦੋਸਤ ਹਨ; ਸਤਿਗੁਰੂ ਬਰਕਤਾਂ ਦੇ ਖਜ਼ਾਨੇ ਹਨ ਅਤੇ ਸਿਮਰਨ ਕਰਨ ਵਾਲੇ ਨੂੰ ਇਜ਼ੱਤ ਬਖਸ਼ਦੇ ਹਨ।

**ਭਲੇ ਮਨੁੱਖਾਂ ਦੇ ਖੈਰਖਾਹ ਹਨ–** ਭਲੇ ਕਰਮ ਕਮਾਉਣ ਵਾਲਿਆਂ ਅਤੇ ਭਲਾਈ ਦੇ ਰਾਹ ਤੇ ਚੱਲਣ ਵਾਲਿਆਂ, ਨੇਕੀ ਨੂੰ ਅਪਣਾਉਣ ਅਤੇ ਫੈਲਾਉਣ ਵਾਲਿਆਂ ਅਤੇ ਬੁਰਾਈ ਨੂੰ ਮਿਟਾਉਣ ਵਾਲਿਆਂ ਦੇ

---

[26] ਉਹੀ ਪੁਸਤਕ, ਪੰਨਾ 175, ਦਲੇਰੋ ਤਨੋਮੰਦੋ ਫ਼ੀਰੋਜ਼ ਜੰਗ, ਗੁਲਿ ਅਦਲੋ ਦਿਨਸਾਫ਼ ਰਾ ਬੂ ਓ ਰੰਗ॥੧੧੨॥; ਪੰਨਾ 176, ਬ-ਮੈਦਾਨਿ ਜੰਗ ਆਵਰੀ ਸ਼ਹਿਸਵਾਰ, ਬ-ਜੌਲਾਨਿ ਖ਼ਸਮ ਅਫ਼ਗਨੀ ਨਾਮਦਾਰ ॥੧੨੧॥

ਖੈਰਖਾਹ ਹਨ। ਭਲਾ, ਭਲੇ ਅਤੇ ਭਲਾਈ ਨੂੰ ਤਰਜੀਹ ਦੇਣ ਵਾਲੇ ਹਨ। ਹੱਕ ਸੱਚ ਦੇ ਪੈਂਡੇ ਤੇ ਚੱਲਣ ਵਾਲਿਆਂ ਲਈ ਜਾਨ ਦੇਣ ਲਈ ਤਿਆਰ ਹਨ। ਹੱਕ ਸੱਚ ਦੇ ਰਾਹੀਆਂ ਲਈ ਆਪਣੀ ਜਾਨ ਮਾਲ ਅਤੇ ਸਮਾਂ ਕੁਰਬਾਨ ਕਰਨ ਲਈ ਤੱਤਪਰ ਨਜ਼ਰੀਂ ਆਉਂਦੇ ਹਨ। ਹੱਕ ਅਤੇ ਹਕੀਕਤ ਨੂੰ ਪਸੰਦ ਕਰਦੇ ਹਨ। ਨਾ ਹੱਕ ਅਤੇ ਬੁਰਾਈ ਨੂੰ ਮਿਟਾਉਣ ਲਈ ਹਰ ਸੰਭਵ ਯਤਨ ਕਰਦੇ ਨਜ਼ਰੀਂ ਆਉਂਦੇ ਹਨ; ਗੁਰੂ ਰੂਹ ਨੂੰ ਤਾਕਤ ਬਖਸ਼ਦੇ ਹਨ; ਸੱਚ ਦੇ ਪਾਂਧੀਆਂ ਦੇ ਲਈ ਸਹਾਈ ਹਨ; ਗੁਰੂ ਆਤਮਾ ਨੂੰ ਤਾਕਤ ਬਖਸ਼ਣ ਵਾਲੇ ਹਨ; ਮਾਨਸਿਕ ਅਤੇ ਇੱਛਾਵਾਂ ਦੇ ਝੰਬੇਲਿਆਂ ਤੋਂ ਬਚਾਉਣ ਵਾਲੇ: ਦੀਨ ਦੁਨੀਆਂ ਨੂੰ ਸਜਾਵਟ ਬਖਸ਼ਣ ਵਾਲੇ ਹਨ; ਜ਼ਮੀਨ ਅਸਮਾਨ ਦੇ ਪੈਦਾ ਕਰਨ ਦਾ ਕਾਰਨ ਉਹੀ ਹਨ; ਗੁਰੂ ਸੁੱਤਿਆਂ ਨੂੰ ਜਗਾਉਣ ਵਾਲੇ ਹਨ; ਗੁਰੂ ਅਜ਼ਾਦ ਮਨੁੱਖਾਂ ਨੂੰ ਮੁਬਾਰਕਬਾਦ ਕਹਿਣ ਵਾਲੇ ਹਨ; ਕਲਾਮ ਨੂੰ ਮਿਠਾਸ ਬਖਸ਼ਣ ਵਾਲੇ ਹਨ; ਭੋਗ ਵਿਲਾਸ ਨੂੰ ਘਟਾਉਣ ਵਾਲੇ ਹਨ।

ਖ਼ਾਕਹੂਬਿ ਸਰਾਇ ਗੁਰ ਗੋਬਿੰਦ ਸਿੰਘ, ਖ਼ੱਮਸ ਵਸਫ਼ ਪੈਰਾਇ ਗੁਰ ਗੋਬਿੰਦ ਸਿੰਘ॥੧੫੫॥

**ਗੁਰੂ ਦੇ ਮੁਰੀਦ ਗੁਰੂ ਨੂੰ ਸਭ ਤੋਂ ਪਿਆਰੇ ਹਨ–** ਗੁਰੂ ਜੀ ਨੂੰ ਆਪਦੇ ਮੁਰੀਦਾਂ ਨਾਲ ਇਨ੍ਹਾਂ ਮੋਹ ਮੁਹੱਬਤ ਹੈ ਕਿ ਉਹ ਆਪਣੇ ਮੁਰੀਦਾਂ ਨੂੰ ਆਪਣੀ ਜਿੰਦ ਜਾਨ ਤੋਂ ਵੀ ਪਿਆਰੇ ਲਗਦੇ ਹਨ। ਹਰ ਪਲ ਉਨ੍ਹਾਂ ਦਾ ਖਿਆਲ ਰੱਖਣਾ, ਉਨ੍ਹਾਂ ਦੇ ਸੱਚੇ ਪਿਆਰ ਦੀ ਨਿਸ਼ਾਨੀ ਹੈ। ਇਨ੍ਹਾਂ ਨਾਲ ਜੁੜੇ ਰਹਿਣਾ ਅਤੇ ਜੋੜੀ ਰੱਖਣਾ ਆਪਣੀ ਸ਼ਾਨ ਸਮਝਦੇ ਹਨ। ਅਕਾਸ਼ ਦੇ ਦੇਵਤੇ ਵੀ ਆਪ ਦੇ ਗੁਲਾਮ ਹਨ, ਚੰਨ, ਸੂਰਜ ਅਤੇ ਸਿਤਾਰੇ ਗੁਰੂ ਲਈ ਜਾਨ ਦਿੰਦੇ ਹਨ, ਸਤਿਗੁਰੂ ਦੇ ਅਤਿਅੰਤ ਸੇਵਕ ਹਨ, ਸਤਿਗੁਰੂ ਰੱਬ ਦੇ ਖਾਸ ਹਨ; ਸਤਿਗੁਰੂ ਦਾ ਖਾਲਸਾ, ਸਤਿਗੁਰੂ ਵਫਾ ਦੇ ਪੁਤਲੇ ਹਨ, ਨਿਮਾਣਿਆਂ ਨੂੰ ਇਜ਼ੱਤ ਬਖਸ਼ਣ ਵਾਲਾ ਹੈ, ਸਤਿਗੁਰੂ ਦੇ ਸੇਵਕ ਅਜ਼ਾਬ ਤੋਂ ਮੁਕਤੀ ਪਾਉਣ ਵਾਲੇ ਹਨ, ਸਤਿਗੁਰੂ ਖੁਸ਼ਖਬਰੀ ਦੇਣ ਵਾਲੇ ਹਨ ਅਤੇ ਸਤਿਗੁਰੂ ਦਲੇਰੀ ਅਤੇ ਹੌਸਲਾਂ ਦੇਣ ਵਾਲੇ ਹਨ।

**ਸਤਿਗੁਰੂ ਮੁਰਾਦਾਂ ਪੂਰੀਆਂ ਕਰਨ ਵਾਲੇ ਹਨ–** ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਇਕ ਅਜਿਹੀ ਸਤਿਕਾਰ ਯੋਗ ਹਸਤੀ ਹਨ ਜਿਨ੍ਹਾਂ ਅੰਦਰ ਮੁਰਾਦਾਂ ਪੂਰੀਆਂ ਕਰਨ ਦੀ ਤਾਕਤ ਹੈ। ਮਕਸਦਾਂ ਨੂੰ ਪੂਰਾ ਕਰਨਾ, ਜ਼ਰੂਰਤਾਂ ਦੀ ਪੂਰਤੀ, ਕੰਮਾਂ ਨੂੰ ਨੇਪਰੇ ਚਾੜ੍ਹਨ ਵਾਲੇ, ਫੁੱਲਾਂ ਵਿਚ ਰੋਣਕ ਬਖਸ਼ਣ ਵਾਲੇ, ਕੰਮ-ਕਾਜਾਂ ਵਿਚ ਸਹਾਇਤਾ ਕਰਨ ਵਾਲੇ ਹਨ। ਬੇਮੁਰਾਦਾਂ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੇ, ਨਕਾਮੀ ਨੂੰ ਸਫਲਤਾ ਵਿਚ ਤਬਦੀਲ ਕਰਨ ਵਾਲੇ, ਅੱਖਾਂ ਦੀ ਰੌਸ਼ਨੀ ਬਖਸ਼ਣ ਵਾਲੇ, ਦਿਲਾਂ ਵਿਚ ਸੁੱਖ ਸ਼ਾਂਤੀ ਦੇਣ ਵਾਲੇ, ਬੇਜਾਨਾਂ ਅਤੇ ਬੇਰੂਹਾਂ ਵਿਚ ਜਾਨ ਤੇ ਰੂਹ ਕ੍ਰਮਵਾਰ ਪਾਉਣ ਵਾਲੇ, ਵਹਿਮਾਂ ਭਰਮਾਂ ਦੀ ਡੁੱਬੀ ਲੋਕਾਈ ਨੂੰ ਸਿੱਧੇ ਰਾਹ ਵਿਖਾਉਣ ਵਾਲੇ, ਹਨੇਰੇ ਚੋਂ ਕੱਢ ਕੇ

ਰੌਸ਼ਨੀ ਵੱਲ ਲੈ ਆਉਣ ਵਾਲੇ ਹਨ। ਸਤਿਗੁਰੂ ਰਸਮਾਂ ਰਿਵਾਜਾਂ ਮੰਨਣ ਵਾਲਿਆਂ ਦੇ ਖਿਲਾਫ਼ ਹਨ। ਰਸਮਾਂ, ਰਿਵਾਜ਼ਾਂ, ਵਹਿਮਾਂ, ਭਰਮਾਂ, ਬੇਕਾਰ ਕੰਮਾਂ ਅਤੇ ਸੰਕੋਚ ਕਰਨ ਵਾਲੇ ਹਨ।

ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਮਹਿਫਿਲਾਂ, ਸਭਾਵਾਂ ਦੀ ਰੌਣਕ ਵਧਾਉਣ ਵਾਲੇ ਹਨ। ਇੱਥੇ ਹੀ ਬਸ ਨਹੀਂ ਸਗੋਂ ਚਿਰਾਗਾਂ ਨੂੰ ਰੌਸ਼ਨੀ ਬਖਸ਼ਣ ਵਾਲੇ ਹਨ। ਭਰੋਸੇਯੋਗ ਸ਼ਖਸੀਅਤਾਂ ਵਿਚ ਸ਼ਾਮਿਲ ਹਨ।

ਅੱਗੇ ਲਿਖਦੇ ਹਨ ਕਿ ਸਤਿਗੁਰੂ ਨਿਸ਼ਕਾਮ ਸੇਵਾ ਭਾਵਨਾ ਵਾਲਿਆਂ ਦੇ ਅੰਗ ਸੰਗ ਹਨ। ਨਪਾਕ ਚੀਜ਼ਾਂ ਅਤੇ ਨਪਾਕ ਲੋਕਾਂ ਨੂੰ ਪਾਕ ਕਰਨ ਵਾਲੇ ਹਨ। ਬੁਰੇ ਕੰਮ ਕਰਨ ਵਾਲਿਆਂ ਨੂੰ ਸਿੱਧਾ ਰਾਹ ਵਿਖਾਉਣ ਵਾਲੇ ਹਨ। ਚੰਗੇ ਬੋਲਣ ਵਾਲੇ ਅਤੇ ਚੰਗੇ ਕੰਮ ਕਰਨ ਵਾਲੇ ਹਨ। ਬੇਸਹਾਰਿਆਂ ਲਈ ਸਹਾਰਾ ਅਤੇ ਤਾਕਤ ਦੇਣ ਵਾਲੇ ਹਨ। ਹਰ ਦੁੱਖ-ਸੁੱਖ ਵਿਚ ਸਾਥ ਦੇਣ ਵਾਲੇ ਹਨ, ਸਗੋਂ ਹਰ ਔਖੀ ਘੜੀ ਵਿਚ ਖੜੇ ਹੁੰਦੇ ਹਨ। ਹਰ ਬੁਰਾਈ ਦੇ ਖਾਤਮੇ ਲਈ ਆਪ ਦੀ ਆਮਦ ਹੈ। ਸਤਿਗੁਰੂ ਪ੍ਰੇਸ਼ਾਨ ਲੋਕਾਂ ਲਈ ਪਨਾਹ ਦਾ ਕੰਮ ਕਰਦੇ ਹਨ। ਪ੍ਰੇਸ਼ਾਨੀ ਵਿਚ ਸਹਾਇਤਾ ਕਰਦੇ ਹਨ। ਬੀਮਾਰੀਆਂ ਹੋਣ, ਦੁੱਖ ਦਰਦ ਦੇ ਝੰਬੇਲੇ ਹੋਣ, ਤੇਜ਼ ਹਵਾ ਦਾ ਝੱਖੜ ਹੋਵੇ, ਜ਼ਿੰਦਗੀ ਦੇ ਕਿਸੇ ਮੋੜ ਤੇ ਕੋਈ ਪ੍ਰੇਸ਼ਾਨੀ ਆ ਜਾਵੇ ਤਾਂ ਗੋਯਾ ਅਨੁਸਾਰ ਸਤਿਗੁਰੂ ਪਨਾਹ ਦਾ ਕੰਮ ਕਰਦੇ ਹਨ।

ਸਤਿਗੁਰੂ ਬੇਕਸਾਂ, ਬੇਬਸਾਂ, ਬੇਸਹਾਰਿਆਂ, ਨਿਮਾਣਿਆਂ ਅਤੇ ਨਿਤਾਣਿਆਂ ਲਈ ਸਹਾਇਤਾ ਦਾ ਕੰਮ ਕਰਦੇ ਹਨ। ਮਦਦ ਚਾਹੁਣ ਵਾਲਿਆਂ ਲਈ ਮਦਦ ਦੇਣ ਵਾਲੇ, ਹੱਥ ਫੜਨ ਵਾਲਿਆਂ ਲਈ ਹੱਥ ਫੜਨ ਵਾਲੇ, ਆਰਥਿਕ ਮਦਦ ਚਾਹੁਣ ਵਾਲਿਆਂ ਲਈ ਆਰਥਿਕ ਮਦਦ ਦੇਣ ਵਾਲੇ ਵਜੋਂ ਜਾਣੇ ਜਾਂਦੇ ਹਨ। ਸਤਿਗੁਰੂ ਭੁੱਖਿਆਂ ਨੂੰ ਰੋਟੀ ਖੁਆਉਣ ਵਾਲੇ, ਨੰਗਿਆਂ ਨੂੰ ਕੱਪੜਾ ਪਹਿਣਾਉਣ ਵਾਲੇ, ਦੁਖ ਦਰਦ ਵਾਲਿਆਂ ਨੂੰ ਖੁਸ਼ੀ ਦੇ ਪਲ ਦੇਣ ਵਾਲੇ, ਪ੍ਰੇਸ਼ਾਨੀਆਂ ਨੂੰ ਖੁਸ਼ੀਆਂ ਵਿਚ ਤਬਦੀਲ ਕਰਨ ਵਾਲੇ, ਦੁਨੀਆਂ ਦੇ ਝੰਬੇਲਿਆਂ ਤੋਂ ਮੁਕਤੀ ਕਰਵਾਉਣ ਵਾਲੇ ਹਨ।

ਸਤਿਗੁਰੂ ਪਾਪਾਂ ਨੂੰ ਮੁਆਫ ਕਰਨ ਵਾਲੇ, ਚਿੱਕੜ ਭਰਿਆਂ ਨੂੰ ਲਾਉਣ ਵਾਲੇ, ਕਮਜ਼ੋਰਾਂ, ਜ਼ਰੂਰਤ ਮੰਦਾਂ ਦੀ ਮਦਦ ਕਰਨ ਵਾਲੇ, ਵਧੀਕੀ ਦੇ ਖਿਲਾਫ ਡਟ ਜਾਣ ਵਾਲੇ, ਜ਼ੁਲਮ ਦੇ ਵਿਰੁੱਧ ਜੰਗ ਲੜਨ ਵਾਲੇ ਹਨ। ਮੁਸੀਬਤਾਂ, ਪ੍ਰੇਸ਼ਾਨੀਆਂ ਦਾ ਡਟ ਕੇ ਮੁਕਾਬਲਾ ਕਰਨ ਵਾਲੇ ਹਨ। ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਸਲਾਮਤੀ ਬਖਸ਼ਣ ਵਾਲੇ, ਸਲਾਮਤੀ ਲੈ ਆਉਣ ਵਾਲੇ ਹਰੇਕ ਕੰਮ ਸਲਾਮਤੀ ਦੇ ਨਾਲ ਕਰਨ ਵਾਲੇ ਹਨ।

ਅਸਮਾਨ ਵੱਲੋਂ ਆਉਣ ਵਾਲੀਆਂ ਮੁਸੀਬਤਾਂ ਤੋਂ ਪਨਾਹ ਦਿਵਾਉਣ ਵਾਲੇ, ਅਸਮਾਨ ਅਤੇ ਜ਼ਮੀਨ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਹਨ। ਸਤਿਗੁਰੂ ਚੰਗੇ ਨਸੀਬੇ ਵਾਲੇ, ਨੇਕ ਨਸੀਬਾਂ ਲੈ ਆਉਣ

ਵਾਲੇ ਹਨ। ਫਸੀ ਹੋਈ ਬੇੜੀ ਨੂੰ ਪਾਰ ਲੰਘਾਉਣ ਵਾਲੇ ਹਨ। ਲਗਾਤਾਰ ਮਦਦ ਕਰਨ ਵਾਲੇ, ਹੱਕ ਸੱਚ ਦਾ ਸਾਥ ਦੇਣ ਵਾਲੇ, ਹੱਕ ਸੱਚ ਦੀ ਗੱਲ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਹਨ। ਸਤਿਗੁਰੂ ਹਨੇਰੇ ਨੂੰ ਦੂਰ ਕਰਨ ਵਾਲੇ, ਹਨੇਰੇ ਵਿਚ ਡੁੱਬੇ ਲੋਕਾਂ ਨੂੰ ਰੌਸ਼ਨੀ ਵੱਲ ਲਿਆਉਣ ਵਾਲੇ ਹਨ; ਹੱਕ ਸੱਚ ਦਾ ਰਸਤਾ ਅਪਣਾਉਣ ਵਾਲੇ ਅਤੇ ਹੱਕ ਸੱਚ ਦੀ ਗੱਲ ਤੇ ਅੜ ਜਾਣ ਵਾਲੇ ਹਨ। ਸਮੁੱਚੇ ਤੌਰ ਤੇ ਸਤਿਗੁਰੂ ਰਹਿਬਰ ਦੇ ਤੌਰ ਤੇ ਜਾਣੇ ਜਾਂਦੇ ਹਨ। ਆਗੂ ਪੇਸ਼ਵਾ ਵਜੋਂ ਯਾਦ ਕੀਤੇ ਜਾਂਦੇ ਹਨ। ਇਨ੍ਹਾਂ ਦੇ ਪੈਰਾਂ ਦੀ ਧੂੜ ਅੱਖਾਂ ਲਈ ਸੁਰਮੇ ਦਾ ਕੰਮ ਕਰਦੀ ਹੈ। ਸੁਭਾਗੇ ਨੇ ਉਹ ਲੋਕ ਜਿਨ੍ਹਾਂ ਨੂੰ ਇਨ੍ਹਾਂ ਦੇ ਪੈਰਾਂ ਦੀ ਧੂੜ ਮਿਲ ਜਾਵੇ। ਸਤਿਗੁਰੂ ਦਾ ਲੰਗਰ ਸਭ ਲਈ ਹੈ ਕੋਈ ਅਮੀਰ ਹੋਵੇ ਜਾਂ ਗਰੀਬ ਸਾਰਿਆਂ ਲਈ ਇਕੋ ਦਸਤਰਖਾਨ ਹੈ। ਛੋਟਾ ਹੋਵ ਜਾਂ ਵੱਡਾ ਸਭ ਦੀ ਇਹੋ ਪਛਾਣ ਹੈ।

ਗੁਰੂ ਖੂਬਸੂਰਤ ਸ਼ਕਲ ਤੇ ਸੂਰਤ ਦੇ ਮਾਲਕ ਹਨ; ਨਾਲ ਹੀ ਧਾਰਮਿਕ ਝਗੜਿਆਂ ਦਾ ਫੈਸਲਾ ਕਰਨ ਵਾਲੇ ਹਨ। ਜਿਹੜੇ ਰੱਬ ਦੀਆਂ ਦਾਤਾਂ ਨੂੰ ਨਾ ਮੰਨਣ ਉਨ੍ਹਾਂ ਨੂੰ ਮਾਰ ਸੁੱਟਣ ਵਾਲੇ ਹਨ। ਧੋਖੇਬਾਜ਼ਾਂ, ਪਾਖੰਡੀਆਂ ਨੂੰ ਸਹੀ ਪੈਗਾਮ ਦੇਣ ਅਤੇ ਠੀਕ ਰਾਹ ਤੇ ਪਾਉਣ ਵਾਲੇ ਹਨ। ਭਾਈ ਨੰਦ ਲਾਲ ਗੋਯਾ ਲਿਖਦੇ ਹਨ ਕਿ ਸਤਿਗੁਰੂ ਹਰ ਧਰਮ ਦੇ ਪੂਜਨੀਕਾਂ, ਅਵਤਾਰਾਂ ਅਤੇ ਸਾਧੂ-ਸੰਤਾਂ ਵਾਂਗ ਨਹੀਂ ਹਨ। ਆਪ ਦੀ ਸ਼ਾਨ ਇਨ੍ਹਾਂ ਸਾਰਿਆਂ ਤੋਂ ਉੱਚੀ ਹੈ। ਦੇਵੀ-ਦੇਵਤਿਆਂ ਅਤੇ ਪੁਜਾਰੀਆਂ ਤੋਂ ਉਪਰ ਉੱਠ ਕੇ ਸਾਰਿਆਂ ਨੂੰ ਸਰਵਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਹਨ। ਇਸ ਸੰਬੰਧੀ ਆਪ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਘੱਟ ਹੈ। ਹੱਕ ਸੱਚ ਦਾ ਵਸਤਰ ਪਹਿਣ ਕੇ ਲੋਕਾਂ ਨੂੰ ਧੋਖਾ ਦੇਣ ਵਾਲਿਆਂ ਦੇ ਖਿਲਾਫ ਡੱਟ ਜਾਣ ਵਾਲੇ ਹਨ। ਹੰਕਾਰ, ਘੁਮੰਡ ਦੇ ਸਖ਼ਤ ਵਿਰੋਧੀ ਵਜੋਂ ਜਾਣੇ ਜਾਂਦੇ ਹਨ। ਪਾਖੰਡੀਆਂ ਤੇ ਰਿਆਕਾਰਾਂ ਨੂੰ ਵੰਗਾਰਣ ਵਾਲੇ ਹਨ। ਅਜਿਹੇ ਮਨੁੱਖ ਜਿਹੜੇ ਲੋਕਾਈ ਲਈ ਲਾਹੇਵੰਦ ਸਾਬਿਤ ਨਾ ਹੋਣ, ਉਨ੍ਹਾਂ ਲਈ ਸਖਤ ਕਾਰਵਾਈ ਕਰਨ ਵਾਲੇ ਹਨ। ਲੜਾਈ ਝਗੜਾ, ਦੰਗੇ ਫਸਾਦ ਕਰਨ ਵਾਲਿਆਂ ਦੇ ਖਿਲਾਫ਼ ਕਾਰਵਾਈ ਕਰਨ ਵਾਲਿਆਂ ਦੇ ਵਿਰੁੱਧ ਅਵਾਜ਼ ਬੁਲੰਦ ਕਰਨ ਵਾਲੇ ਹਨ। ਸਤਿਗੁਰੂ ਇੱਛਾਵਾਂ ਅਤੇ ਮਨ ਦੀ ਗੱਲ ਮੰਨਣ ਵਾਲਿਆਂ ਦੇ ਖਿਲਾਫ ਹਨ। ਈਰਖਾ ਕਰਨ ਵਾਲਿਆਂ ਨੂੰ ਸੱਚਾ-ਸੁੱਚਾ ਮਨੁੱਖ ਬਣਨ ਲਈ ਕਾਫ਼ੀ ਪ੍ਰੇਰਿਤ ਕਰਦੇ ਹਨ। ਈਰਖਾ ਕਰਨ ਵਾਲਿਆਂ ਨਾਲ ਨਫਰਤ ਕਰਨ ਵਾਲੇ ਹਨ। ਬੁਰੇ ਉਪਦੇਸ਼ ਦੇਣ ਅਤੇ ਬੁਰੇ ਰਾਹ ਪਾਉਣ ਵਾਲਿਆਂ ਦੇ ਖਿਲਾਫ਼ ਹਨ। ਵਾਅਦਾ ਕਰਕੇ ਤੋੜਨ ਵਾਲਿਆਂ ਅਤੇ ਵਾਅਦੇ ਦਾ ਪਾਲਣਾ ਨਾ ਕਰਨ ਵਾਲਿਆਂ ਦੇ ਵੀ ਖਿਲਾਫ਼ ਹਨ। ਸ਼ਰਨਾਰਥੀਆਂ ਦੀ ਪਹਿਲ ਦੇ ਆਧਾਰ ਤੇ ਗੱਲਬਾਤ ਸੁਣਨ ਵਾਲੇ ਹਨ। ਮੁਰਦਾ ਦਿਲਾਂ ਵਿਚ ਰੂਹ ਪਾਉਣ ਵਾਲੇ ਹਨ। ਸਫ਼ਰ ਵਿਚ ਯਾਦ ਸਮਗੱਰੀ ਦਾ ਪ੍ਰਬੰਧ ਕਰਨ ਵਾਲੇ ਹਨ। ਉਜੜੇ ਦਿਲਾਂ ਨੂੰ ਬਸਾਉਣ ਵਾਲੇ ਹਨ।

ਐਬਾਂ ਨੂੰ ਢਕਣ ਵਾਲੇ ਅਤੇ ਪਰਦਾ ਪਾਉਣ ਵਾਲੇ ਹਨ। ਉਹ ਆਪਣੇ ਹੱਥੀਂ ਆਪ ਕੰਮ ਕਰਨ ਨੂੰ ਮਹੱਤਵ ਦੇਣ ਵਾਲੇ ਹਨ। ਰੱਬ ਨੂੰ ਨਾ ਮੰਨਣ ਵਾਲਿਆਂ ਦੇ ਵਿਰੁੱਧ ਹਨ। ਸੰਸਾਰਕ ਜੀਵਨ ਬਤੀਤ ਕਰਨ ਵਾਲਿਆਂ ਦਾ ਵੀ ਹੌਸਲਾ ਅਫਜ਼ਾਈ ਕਰਨ ਵਾਲੇ ਹਨ। ਸਤਿਗੁਰੂ ਲੋਕਾਂ ਦੀਆਂ ਚੰਗੀਆਂ ਗੱਲਾਂ ਨੂੰ ਪਰਖਣ ਅਤੇ ਉਸਦਾ ਬਣਦਾ ਹੱਕ ਦੇਣ ਵਾਲੇ ਹਨ। ਇਹ ਤਾਂ ਅਮਲਾਂ ਸਦਕਾ ਸਮਾਜ ਵਿਚ ਖੁਸ਼ਬੂ ਬਖੇਰਣ ਵਾਲੇ ਹਨ। ਬੇਭਰੋਸੇ ਵਿਚ ਜ਼ਿੰਦਗੀ ਦੀ ਗੱਡੀ ਚਲਾਉਣ ਵਾਲਿਆਂ ਲਈ ਇਤਬਾਰ ਅਤੇ ਭਰੋਸਾ ਵਧਾਉਂਦੇ ਹਨ। ਸੰਸਾਰਿਕ ਜੀਵਨ ਵਿਚ ਵੀ ਲੋਕਾਈ ਲਈ ਸਵਰਗ ਬਣਾਉਣ ਵਾਲੇ ਹਨ। ਆਪਣੀ ਕਿਸਮਤ ਦੇ ਆਪ ਰਚੇਤਾ ਹਨ। ਬਜ਼ੁਰਗਾਂ ਦੀ ਇਜ਼ੱਤ ਅਤੇ ਸਤਿਕਾਰ ਕਰਨਾ ਆਪਣਾ ਫਰਜ਼ ਸਮਝਦੇ ਹਨ। ਇਨ੍ਹਾਂ ਦੇ ਵਿਰੋਧੀਆਂ ਲਈ ਰੱਬ ਦੀ ਕਰੋਪੀ ਤਿਆਰ ਰਹਿੰਦੀ ਹੈ। ਸੰਖੇਪ ਵਿਚ ਇਹ ਕਹਿ ਸਕਦੇ ਹਾਂ ਕਿ ਸਤਿਗੁਰੂ ਇਕ ਪੱਕੇ ਨਿਸ਼ਚੇ ਵਾਲੇ ਅਤੇ ਪੱਕੇ ਵਸੀਲੇ ਵਾਲੇ ਪੈਗੰਬਰ ਹਨ।

ਗੋਯਾ ਨੇ ਤੌਸੀਫ-ਓ-ਸਨਾ ਵਿਚ ਸਤਿਗੁਰੂ ਦੀ ਤਾਰੀਫ਼ ਕੀਤੀ ਹੈ ਜਿਸ ਵਿਚ ਵੱਖ-ਵੱਖ ਰੰਗ ਵਿਖਾਏ ਹਨ। ਤਿੰਨ ਸਦੀਆਂ ਗੁਜ਼ਰਣ ਤੋਂ ਬਾਅਦ ਵੀ ਨਿਵੇਕਲਾਪਣ ਝਲਕਦਾ ਨਜ਼ਰੀਂ ਆਉਂਦਾ। ਇਹ ਲਿਖਤ ਅਰਬੀ ਫਾਰਸੀ ਦੇ ਸ਼ਬਦਾਂ ਕਰਕੇ ਬੋਝਲ ਜ਼ਰੂਰ ਲਗਦੀ ਹੈ, ਪਰ ਅਰਬੀ ਫਾਰਸੀ ਦੀ ਸ਼ਬਦਾਵਲੀ ਨਾਲ ਲਿਖਤ ਵਿਚ ਨਵੀਂ ਚੀਜ਼ ਮਹਿਸੂਸ ਹੁੰਦੀ ਨਜ਼ਰੀਂ ਆਉਂਦੀ ਹੈ। ਸ਼ਬਦਾਂ ਖਿਆਲਾਂ ਅਤੇ ਜਜ਼ਬਿਆਂ ਨੂੰ ਇਸ ਢੰਗ ਨਾਲ ਬੰਨ੍ਹਿਆ ਗਿਆ ਹੈ ਕਿ ਪਾਠਕ ਥਕਾਵਟ (ਬੋਰੀਅਤ) ਮਹਿਸੂਸ ਨਹੀਂ ਕਰਦਾ। ਇਹ ਚੰਗੇ ਲੇਖਕ ਅਤੇ ਉਸਦੀ ਲਿਖਤ ਲਈ ਮਾਣ ਵਾਲੀ ਗੱਲ ਹੁੰਦੀ ਹੈ।

ਉਨ੍ਹਾਂ ਨੇ ਆਪਣੀ ਅਜਿਹੀ ਮਿਹਨਤ ਅਤੇ ਲਿਆਕਤ ਨਾਲ ਸੰਗ੍ਰਹਿ ਦੀ ਸੰਪਾਦਨਾ ਕੀਤੀ ਹੈ ਕਿ ਭਾਈ ਨੰਦ ਲਾਲ ਗੋਯਾ ਦੀ ਮਹਾਰਤ, ਸਮਝ, ਅਕਲ, ਸ਼ਬਦਾਵਲੀ, ਯੋਜਨਾਬੰਦੀ ਨੂੰ ਵੇਖ ਅਕਲ ਹੈਰਾਨ ਰਹਿ ਜਾਂਦੀ ਹੈ। ਇਹ ਇਲਮ ਅਤੇ ਕਮਾਲ ਦੀ ਬੇਨਜ਼ੀਰ ਤਸਵੀਰ ਹੈ ਜਿਸ ਵਿਚ ਸ਼ਾਇਰ ਨੇ ਅਰਥਾਂ ਦੇ ਵੱਖ-ਵੱਖ ਰੰਗ ਭਰ ਦਿੱਤੇ ਹਨ ਅਤੇ ਸ਼ਰਧਾ ਅਤੇ ਮੁਹੱਬਤ ਦੇ ਫੁੱਲ ਖਿੜੇ ਵਿਖਾਈ ਦਿੰਦੇ ਹਨ।

ਗੋਯਾ ਨੇ ਤੌਸੀਫ-ਓ-ਸਨਾ ਵਿਚ ਮਾਨਯੋਗ ਸਤਿਗੁਰੂ ਦੀ ਤਾਰੀਫ ਕੀਤੀ ਹੈ। ਸਾਰੀ ਇਬਾਰਤ ਵਿਚ ਢੁੱਕਵੇਂ ਅਲਫਾਜ਼, ਕਾਫੀਆ ਬੰਦੀ ਦੀ ਵਧੀਆ ਮਿਸਾਲ ਹੈ ਅਤੇ ਪੁਰਾਣੇ ਦੌਰ ਦੀ ਯਾਦ ਤਾਜ਼ਾ ਕਰਵਾਉਂਦੀ ਹੈ ਜਿਸ ਵੇਲੇ ਇਸ ਤਰਜ਼ ਦੀ ਲਿਖਤ ਨੂੰ ਪਸੰਦ ਕੀਤਾ ਜਾਂਦਾ ਸੀ। ਤਿੰਨ ਸਦੀਆਂ ਤੋਂ ਵੀ ਵੱਧ ਗੁਜ਼ਰਨ ਤੋਂ ਬਾਅਦ ਵੀ ਆਪ ਦੀ ਲਿਖਤ ਅਤੇ ਖੂਬਸੂਰਤੀ ਵਿਚ ਕੋਈ ਫਰਕ ਨਹੀਂ ਆਇਆ। ਇਸ ਲਿਖਤ ਵਿਚ ਅਲੰਕਾਰਾਂ, ਰੂਪਾਕਾਰਾਂ ਦੀ ਰੰਗੀਨੀ ਨਾਲ ਲਿਖਤ

ਵਿਚ ਹੋਰ ਖੂਬਸੂਰਤੀ ਨਿਖਰ ਕੇ ਆਈ ਹੈ ਜਿਸ ਤੋਂ ਲੇਖਕ ਅਤੇ ਲਿਖਤ ਦੀ ਅਜ਼ਮਤ, ਹਿਕਮਤ, ਫਜ਼ਲ, ਹੁਨਰ, ਗਿਆਨ ਅਤੇ ਸਾਹਿਤਕ ਪੱਖੋਂ ਮਜ਼ਬੂਤ ਹੋਣ ਦੀ ਨਿਸ਼ਾਨੀ ਉਭਰ ਕੇ ਸਾਹਮਣੇ ਆਉਂਦੀ ਹੈ ਜਿਸ ਵਿਚ ਸਤਿਗੁਰੂ ਦੀ ਤਾਰੀਫ ਕਰਦਿਆਂ ਨਿਵੇਕਲੇ ਅੰਦਾਜ਼ ਨੂੰ ਪੇਸ਼ ਕੀਤਾ ਗਿਆ ਹੈ। ਇਸ ਲਿਖਤ ਵਿਚ ਅਰਥਾਂ ਦੀ ਡੂੰਘਾਈ ਥਾਂ-ਕੁ-ਥਾਂ ਵੇਖਣ ਨੂੰ ਮਿਲਦੀ ਹੈ। ਕਈ ਜਗ੍ਹਾ ਹਿੰਦੀ ਅਤੇ ਬ੍ਰਿਜ ਭਾਸ਼ਾ ਦੇ ਲਫਜ਼ਾਂ ਨੂੰ ਵੀ ਇਸਤੇਮਾਲ ਕੀਤਾ ਗਿਆ ਹੈ। ਇਸ ਤਰ੍ਹਾਂ ਅਸੀਂ ਨਿਸੰਕੋਚ ਕਹਿ ਸਕਦੇ ਹਾਂ ਕਿ ਗੋਯਾ ਦੀ ਸਾਰੀਆਂ ਰਚਨਾਵਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਉਹ ਆਪਣੇ ਸਮੇਂ ਦੇ ਲਗਭਗ ਸਾਰੇ ਲੇਖਕਾਂ, ਰਚਨਾਕਾਰਾਂ ਅਤੇ ਕਵੀਆਂ ਵਿਚੋਂ ਇਕ ਖਾਸ ਹੀ ਮਹੱਤਵ ਅਤੇ ਸਥਾਨ ਰੱਖਦੇ ਸਨ, ਪਰ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਹੋਵੇਗਾ ਕਿ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਦੀ ਭਾਸ਼ਾ ਨੂੰ ਬਿਲਕੁਲ ਸਰਲ ਬਣਾ ਕੇ ਰੱਖਿਆ ਤਾਂ ਜੋ ਉਨ੍ਹਾਂ ਰਾਹੀਂ ਕਹੀ ਜਾਣ ਵਾਲੀ ਗੱਲ ਸਾਧਾਰਣ ਤੋਂ ਸਾਧਾਰਣ ਆਦਮੀ ਦੇ ਜ਼ਹਿਨ ਵਿਚ ਬੈਠ ਜਾਵਗੇ।

## ਅੰਤਿਕਾ– 1

## ਸ੍ਰੀ ਗੁਰੂ ਗ੍ਰੰਥ ਸਾਹਿਬ: ਭਾਈ ਨੰਦ ਲਾਲ ਦੀ ਨਜ਼ਰਾਂ 'ਚ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਅਤੇ ਸੰਗਤ ਦੀ ਹਾਜ਼ਰੀ ਵਿਚ ਨਿਤ ਹੁੰਦਾ ਸਿੱਖ-ਗਾਇਨ, ਜਿਸ ਨੂੰ ਅਸੀਂ 'ਕੀਰਤਨ' ਆਖਦੇਹਾਂ, ਸਦਾ ਬੈਠ ਕੇ ਕੀਤਾ ਜਾਂਦਾ ਹੈ। ਰਾਗੀ ਸਾਹਿਬਾਨ ਸ਼ਬਦ ਗਾਉਂਦੇ ਜਾਂਦੇ ਹਨ ਅਤੇ ਸੰਗਤ ਬੈਠੇ-ਬਿਠਾਹੇ ਸੁਣਦੀ ਤੇ ਆਨੰਦ ਮਾਣਦੀ ਰਹਿੰਦੀ ਹੈ। ਪਰ ਕੀਰਤਨ ਦੀ ਸਮਾਪਤੀ ਤੋਂ ਬਾਅਦ ਕੀਤੀ ਜਾਂਦੀ ਸਾਂਝੀ ਅਰਦਾਸ ਉਪਰੰਤ, ਹੇਠ-ਲਿਖੇ ਦੋਹਿਰੇ ਖੜੇ ਹੋ ਕੇ ਗਾਏ ਜਾਂਦੇ ਹਨ:

ਆਗਿਆ ਬਈ ਅਕਾਲ ਕੀ, ਤਬੀ ਚਲਾਯੋ ਪੰਥ<br>
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।<br>
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹਿ<br>
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੇਂ ਲੇਹਿ।

ਇਹ ਦੋਹੇ ਸਾਰੀ ਸੰਗਤ ਮਿਲ ਕੇ ਗਾਉਂਦੀ ਹੈ, ਦੋਹੇ ਹੱਥ ਜੋਡ ਕੇ ਉਚੀ ਹੇਕ ਨਾਲ ਅਲਾਉਂਦੀ ਹੈ। ਇਹ ਸਦੀਆਂ ਤੋਂ ਇਉਂ ਹੀ, ਬੜੀ ਸ਼ਰਧਾ ਤੇ ਸਿਦਕ ਨਾਲ ਗਾਏ ਜਾ ਰਹੇ ਹਨ- ਦੀਵਾਨ ਭਾਵੇਂ ਦੇਸ ਵਿਚ ਹੋ ਰਿਹਾ ਹੋਵੇ, ਭਾਵੇਂ ਪਰਦੇਸ ਵਿਚ ਸਮਾਗਮ ਭਾਵੇਂ ਦੁੱਖ ਦਾ ਹੋਵੇ, ਭਾਵੇਂ ਸੁੱਖ ਦਾ।

ਇਨ੍ਹਾਂ ਦੇ ਅਜਿਹੇ ਗਾਇਨ ਨੂੰ ਸਮੁੱਚੇ ਸਿੱਖ ਸੰਸਾਰ ਵਿਚ ਪ੍ਰਾਪਤ ਅਜਿਹੀ ਮਹੱਤਾ ਕਾਰਨ ਜਾਂ ਕੇਵਲ ਰਸਮੀ ਨਹੀਂ ਹੋ ਸਕਦੀ। ਮੇਰੀ ਜਾਚੇ, ਇਨ੍ਹਾਂ ਨੂੰ ਪ੍ਰਾਪਤ ਇਹ ਵਿਲੱਖਣ ਸਥਾਨ ਉਸ ਮਹੱਤਵਪੂਰਨ ਬਿਆਨ, ਫਰਮਾਨ, ਏਲਾਟ ਤੇ ਈਗਾਨ ਉਤੇਮਬਨੀ ਹੈ ਜੋ ਇੰਨੇ ਸੰਖੇਪ ਪਰ ਸਾਰ-ਅਰਭਿਤ ਲਫਜ਼ਾਂ ਵਿਚ, ਗੁਰਬਾਣੀ ਤੋਂ ਛੁੱਟ, ਸਮੁੱਚੇ ਸਿੱਖ ਸਾਹਿਤ ਵਿਚ ਸ਼ਾਇਦ ਹੀ ਕਿਤੇ ਹੋਰ ਇਉਂ ਕਾਨੀਬੰਦ ਹੋਵੇ। ਇਨ੍ਹਾਂ ਦੀ ਪਹਿਲੀ ਤੁਕ ਉਸ ਬਿਆਨ ਦੀ ਸੂਚਕ ਹੈ ਜੋ ਖਾਲਸਾ ਪੰਥ ਦੀ ਸਾਜਨਾ ਖੁਦ ਈਸ਼ਵਰ ਦੀ ਆਪਣੀ ਇੱਛਾ ਤੇ ਆਗਿਆ ਅਨੁਸਰ ਹੋਈ ਵਿਦਤ ਕਰਦਾ ਹੈ ਅਤੇ ਜਿਸ ਦੀ ਪ੍ਰੋੜਤਾ ਖਾਲਸੇ ਦੇ ਸਿਰਜਨਹਾਰ, ਗੁਰੂ ਗੋਬਿੰਦ ਸਿੰਘ ਜੀ (1666-1708) ਦੇ ਆਪਣੇ ਸ਼ਬਦਾਂ ਵਿਚ ਇਵੇਂ ਸੂਚਿਤ ਜਾਂ ਦੱਸੀ ਹੈ:

ਮੈਂ ਆਪਨਾ ਸੁਤ ਤੋਹਿ ਨਿਵਾਜਾ<br>
ਪੰਥੁ ਪ੍ਰਚੁਰ ਕਰਬੇ ਕੱਹ ਸਾਜਾ।

ਦੂਜੀ ਤੁਕ ਵਿਚ ਉਨ੍ਹਾਂ ਦਾ ਵੁਹ ਪਾਵਨ ਫਰਮਾਨ ਅੰਕਿਤ ਹੈ ਜਿਸ ਦੀ ਪੁਸ਼ਟੀ ਉਨ੍ਹਾਂ ਦੇ ਵਰੋਸਾਏ ਹੋਏ ਸਾਖੀਕਾਰਾਂ, ਬਿਲਾਸਕਾਰਾਂ ਤੇ ਇਤਿਹਾਸਕਾਰਾਂ ਦੇ ਅਜਿਹੇ ਕਥਨਾਂ ਤੋਂ ਪ੍ਰਗਟ ਹੈ:

1. ਤਾਂ ਤੇ ਜੋ ਮੁਹ ਸਿਖ ਸੁਜਾਨਾ
ਮਾਨਹਿ ਗੁਰੂ ਗ੍ਰੰਥ ਭਗਵਾਨਾ।...
ਦਰਸ਼ਨ ਗੁਰ ਕਾ ਹੈ ਸਵਧਾਨ,
ਸ੍ਰੀ ਗ੍ਰੰਥ ਜੀ ਸਾਹਿਬ ਮਾਨ।...
ਗ੍ਰੰਥ ਗੁਰੂ ਮੇਂ ਨਿਹਰਾ ਬਾਰੇ
ਤਾਂ ਬਿਨ ਚਾਹ ਨ ਧਰੇ ਪਯਾਰੇ।

2. ਮਮ ਆਗਯਾ ਸਬ ਹੀ ਸੁਨਹੁ, ਸਤਯ ਬਾਤ ਨਿਰਧਾਰ
ਗ੍ਰੰਥ ਗੁਰੂ ਸਮ ਮਾਨੀਓ, ਭੇਦ ਨਾ .... ਬਿਚਾਰ,
ਗੁਰੂ ਗ੍ਰੰਥ ਕਲਿਜੁਗ ਭਯੋ, ਸ੍ਰੀ ਗੁਰੂ ਰੂਪ ਮਹਾਨ
ਦਸ ਪਾਤਸ਼ਾਹੀਆਂ ਰੂਪ ਯਹ, ਗੁਰੂ ਗ੍ਰੰਥ ਕੀ ਜਾਨ।
ਗੁਰੂ ਦਰਸ ਜੇ ਦੇਖਨਾ, ਸ੍ਰੀ ਗ੍ਰੰਥ ਦਰਸਾਇ
ਬਾਤ ਕਰਨ ਗੁਰ ਸਿਉਂ ਚਹੈ, ਪੜ੍ਹੇ ਗ੍ਰੰਥ ਮਨ ਲਾਇ।

ਤੀਜੀ ਤੁਕ ਦੇ ਪਹਿਲੇ ਅੱਧ ਵਿਚ ਉਕਤ ਫਰਮਾਨ ਦੀ ਅਹਿਮੀਅਤ ਨੂੰ ਮੁੱਖ ਰੱਖਦਿਆਂ ਉਸਨੂੰ ਮੁੜ ਦੁਹਰਾਇਆ ਗਿਆ ਹੈ ਅਤੇ ਐਲਾਨਿਆ ਆਖਿਆ ਹੋਇਆ ਹੈ ਕਿ ਪਾਵਨ ਗ੍ਰੰਥ ਸਾਹਿਬ ਪ੍ਰਗਟ ਗੁਰੂ-ਰੂਪ ਜਾਂ ਸਾਕਰ ਗੁਰੂ ਹਨ। ਉਨ੍ਹਾਂ ਦੇ ਵਿਦਵਾਨ ਸਮਕਾਲੀ ਤੇ ਅਨਿੰਨ ਸਿੱਖ ਭਾਈ ਨੰਦ ਲਾਲ ਜੀ (1662-1715 ਈ.) ਦੇ ਲਫਜ਼ ਵਿਚ ਇਹ ਇਉਂ ਵਰਣਿਤ ਹੈ:

'ਸੋ ਮੁਝ ਬਚਨ ਸੁਣਨ ਕੀ ਚਾਇ।
ਗ੍ਰੰਥ ਜੀ ਪੜੇ ਸੁਣੇ ਚਿਤ ਲਾਇ॥
ਮੇਰਾ ਰੂਪ ਗ੍ਰੰਥ ਜੀ ਜਾਨ,
ਇਨ ਮੇ ਭੇਦ ਨਹੀ ਕਛ ਮਾਨ॥

ਚੌਥੀ ਤੁਕ ਵਿਚ ਗੁਰੂ ਸਾਹਿਬ ਦਾ ਇਕਰਾਰ ਤੇ ਸਿਦਕੀ ਸਿੱਖ ਦਾ ਈਮਾਨ ਸੂਚਿਤ ਹੈ ਜੋ ਉਸ ਨੂੰ ਇਸ ਗੱਲ ਦਾ ਯਕੀਨ ਦੁਆਉਂਦਾ ਹੈ ਕਿ ਪ੍ਰਭ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਚਿਤ 'ਸ਼ਬਦ' ਦੁਆਰਾ ਹੀ ਸਰਬ-ਵਿਆਪਕ ਅਤੇ ਅੰਗ-ਸੰਗ ਸਾਣਿਆ ਤੇ ਪਛਾਣਿਆ ਜਾ ਸਕਦਾ ਹੈ:

ਸਦ ਹੀ ਨੇੜੈ ਦੂਰਿ ਨ ਜਾਣਹੁ।
ਗੁਰ ਕੇ ਸਬਦਿ ਨਜੀਕਿ ਪਛਾਣਹੁ।

ਉਸ ਦੀ ਕੇਵਲ ਜਾਣ-ਪਛਾਣ ਹੀ ਨਹੀਂ, ਮੇਲ-ਮਿਲਾਪ ਦਾ ਸਾਧਨ ਵੀ ਉਕਤ ਸ਼ਬਦ, ਉਸ ਦੀ ਵਿਚਾਰ-ਸਿਮਰਨ-ਤੇ-ਗਾਇਕ ਹੀ ਹੈ:

ਕਾਇਆ ਕੰਚਨ ਸਬਦੁ ਵੀਚਾਰਾ
ਤਿਥੈ ਹਰਿ ਵਸੈ ਜਿਸ ਦਾ ਅੰਤੁ ਨ ਪਾਰਾਵਾਰਾ।
ਅਨਦਿਨੁ ਹਰਿ ਸੇਵਿਹੁ ਸਚੀ ਬਾਣੀ
ਹਰਿ ਜੀਉ ਸਬਦਿ ਮਿਲਾਇਦਾ।

ਇਨਾਂ ਦੋਹਰਿਆਂ ਦਾ ਅਜਿਹਾ ਨਿਤ ਗਾਇਨ ਗੁਰੂ ਦੇ ਸਿੱਖਾਂ ਨੂੰ ਦਸਵੇਂ ਪਾਤਸ਼ਾਹ ਦੀ ਇਹ ਅੰਤਮ ਨਸੀਹਤ ਤੋਂ ਵਸੀਅਤ ਵੀ ਨਿਤ ਚੇਤੇ ਕਰਾਉਂਦਾ ਰਹਿੰਦਾ ਹੈ:

ਪੂਜਾ ਅਕਾਲ ਕੀ
ਪਰਚਾ ਸ਼ਬਦ ਕਾ
ਦੀਦਾਰ ਖਾਲਸੇ ਕਾ।

ਨਾਲੇ ਇਹ ਉਨ੍ਹਾਂ ਦਾ ਆਪਣੇ ਪਾਵਨ ਤੋਂ ਸਾਖਿਆਤ ਇਸ਼ਤ ਉਤੇ ਆਪਦਾ ਨਿਸਰਾ ਵੀ ਐਲਾਨਿਆ ਤੋਂ ਸਮੂਹਕ ਤੌਰ ਤੇ ਦਰਿੜ੍ਹ ਕਰਾਉਂਦਾ ਰਹਿੰਦਾ ਹੈ। ਇਨ੍ਹਾਂ ਵਿਚ ਅੰਕਿਤ ਉਪਰੋਕਤ ‘ਹੁਕਮ’ ਤੋਂ ਇਹ ਨਿਸ਼ਚਾ ਹੀ ਸਿਖ ਧਰਮ, ਸਾਹਿਤ ਤੋਂ ਇਤਿਹਾਸ ਦੀ ਮਾਨੋ ਨੀਂਹ ਹੈ। ਖਾਲਸਾ ਪੰਥ ਦੇ ਤਸਵਰ, ਤਨਜ਼ੀਮ ਤੋਂਤਮਦਨ ਦਾ ਜਾਣੋ ਧੁਰਾ ਹੈ। ਗੁਰੂ ਗ੍ਰੰਥ ਸਾਹਿਬ ਇਕ ਆਮ ਇਨਸਾਨ ਲਈ ਕੇਵਲ ਇਕ ਪੁਸਤਕ ਹੀ ਹਨ, ਕਿਸੇ ਧਰਮੀ ਬੰਦੇ ਲਈ ਇਕ ਧਾਰਮਕ ਪੁਸਤਕ ਹਨ, ਸਿੱਖਾਂ ਬਾਰੇ ਕੁੱਝ ਵੀ ਜਾਣਨ ਵਾਲੇ ਲਈ ਇਹ ਸਿੱਖਾਂ ਦੀ ਧਰਮ-ਪੁਸਤਕ ਜਾਂ ਮੁਕਦਸ ਕਿਤਾਬ ਹਨ। ਅਜਿਹੇ ਕਈ ਲੋਕ ਇਨ੍ਹਾਂ ਨੂੰ ਸਿੱਖਾਂ ਦੇ ‘ਵੇਦ’, ‘ਕੁਰਾਨ’, ਜਾਂ ‘ਇੰਜੀਲ’ ਵੀ ਕਹਿੰਦੇ ਰਹਿੰਦੇ ਹਨ। ਪਰ ਜਿਥੋਂ ਤੱਕ ਸਿੱਖਾਂ ਦਾ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਮਲੇਵਿਆਂ ਦਾ ਸੰਬੰਧ ਹੈ, ਉਨ੍ਹਾਂ ਲਈ ਤਾਂ ਇਹ ਪਰਤੱਖ ਸਤਿਗੁਰੂ ਹਨ। ਜ਼ਾਹਿਰਾ-ਜ਼ਹੂਰ, ਸਰਬ-ਕਲਾ-ਭਰਪੂਰ, ਹਲਤ-ਪਲਤ ਦੇ ਰਾਖੇ, ਦਸਾਂ ਪਾਤਸ਼ਾਹੀਆਂ ਦੀ ਜੀਉਂਦੀ-ਜਾਗਦੀ ਜੋਤ, ਜੁਗੋ-ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਉਨ੍ਹਾਂ ਦਾ ਨਿਸ਼ਚਾ ਇਸ ਗੱਲ ਦੀ ਮੰਗ ਕਰਦਾ ਹੈ ਕਿ ਉਨ੍ਹਾਂ ਲਈ ਇਨ੍ਹਾਂ ਤੋਂ ਬਿਨਾਂ ਹੋਰ ਕੋਈ ਦੇਹ ਰਹਿਤ ਜਾਂ ਦੇਹਧਾਰੀ ਗੁਰੂ ਕਿਤੇ ਵੀ ਕਦੇ ਵੀ ਮੌਜੂਦ ਨਹੀਂ। ਤਦੇ ਤਾਂ ਗੁਰਾਂ ਦੇ ਸਿੱਖ ਇਨ੍ਹਾਂ ਨੂੰ ਮੱਥਾ ਟੇਕਣ ਲਗਿਆਂ, ਸੁਤੇ-ਸਿਰ ਇਹੋ ਸਮਝਦੇ ਤੇ ਮੰਨਦੇ ਹਨ ਕਿ ਉਹ ਆਪਣੇ ਸਾਕਾਰ ਤੇ ਸਾਖਿਆਤ ਇਸ਼ਟ ਦੇ ਸਾਹਮਣੇ ਆਪਣੇ ਸੀਸ ਨਿਵਾ ਰਹੇ ਹਨ। ਇਨ੍ਹਾਂ ਦੇ ਪਰਕਾਸ਼ ਤੋਂ ਰੁਮਾਲਾ ਚੁਕਦਿਆਂ ਹੀ, ਸਹਿਜ ਸੁਭਾ ਖੁਲ੍ਹੇ, ਹੋਏ ਜਾਂ ਉਦੋਂ ਉਲਤੇ ਗਏ ਪਨੇ ਉਤੇ ਨਜ਼ਰ ਪੈਂਦਿਆਂ ਹੀ ਸ਼ਿਦਤ ਹੋਏ ਸ਼ਬਦ ਦਾ ਵਾਕ ਲੈਣ ਜਾਂ ਸੁਣਨ ਲਗਿਆਂ, ਉਨ੍ਹਾਂ ਦਾ ਵਿਸ਼ਵਾਸ

ਉਨ੍ਹਾਂ ਨੂੰ ਇਹ ਗਲ ਦਰਿੜ੍ਹ ਕਹਾਉਂਦਾ ਹੈ ਕਿ ਉਹ ਕੁਝ ਉਨ੍ਹਾਂ ਦੇ ਸਤਿਗੁਰੂ ਦੇ ਮੁਖਾਰਬਿਦ ਤੋਂ ਉਨ੍ਹਾਂ ਲਈ ਨਿਕਲ ਆਇਆ ਹੁਕਮ ਹੈ। ਉਨ੍ਹਾਂ ਦੇ ਸਨਮੁਖ ਦੋਵੇਂ ਹਥ ਜੋੜ ਕੇ ਖੜੇ ਖੜੋਤ 'ਅਰਦਾਸ' ਕਰਦਿਆਂ, ਮਹਿਸੂਸ ਕਰਦੇ ਹਨ ਕਿ ਉਹ ਗੁਰੂਆਂ ਦੇ ਗੁਰੂ, ਪਾਤਸ਼ਾਹਾਂ ਦੇ ਪਾਤਸ਼ਾਹ, ਸਾਹਵੇਂ ਆਪਣੀਆਂ ਅਰਜਾਂ-ਬੇਨਤੀਆਂ ਕਰ ਰਹੇ ਹਨ। ਇਹ ਕੁਝ ਕਰਦਿਆਂ, ਉਨ੍ਹਾਂ ਨੂੰ ਇਸ ਗੱਲ ਦਾ ਯਕੀਨ ਵੀ ਹੁੰਦਾ ਹੈ ਕਿ:

ਬਿਰਥੀ ਕਦੇ ਨ ਹੋਵਈ
ਜਨ ਕੀ ਅਰਦਾਸਿ।

ਇਸ ਅਰਦਾਸਿ ਵਿਚ ਦਸ ਪਾਤਸ਼ਾਹੀਆਂ ਦੇ ਸ਼ੁਭ ਨਾਂ ਲੈਣ ਤੇ ਧਿਆਨ ਤੋਂ ਬਾਅਦ, ਕੇਵਲ ਇਨ੍ਹਾਂ ਦਾ ਹੀ ਪਵਿੱਤਰ ਨਾਂ ਲੈ ਕੇ ਅਤੇ ਇਨ੍ਹਾਂ ਤੋਂ ਹੀ ''ਪਾਠ ਦੀਦਾਰ ਦਾ ਧਿਆਨ ਕਰ ਕੇ ਬੋਲੋ ਜੀ ਵਾਹਿਗੁਰੂ'' ਆਖਿਆ ਜਾਂਦਾ ਹੈ, ਕਿਉਂਕਿ ਭਾਈ ਸੰਤੋਖ ਸਿੰਘ ਅਨੁਸਾਰ:

ਦਸ ਸਰੂਪ ਗੁਰੂ ਏਕ ਸਮ, ਜਯੋ ਜਾਨੈ ਸੋ ਮੋਰ
ਇਕ-ਦਸਮ ਗੁਰੂ ਗ੍ਰੰਥ ਜੀ, ਬਾਣੀ ਸਤਿਗੁਰੂ ਹੋਰ।

ਸੋ, ਇਹ ਪਾਵਨ ਪੁਸਤਕ ਸਿੱਖਾਂ ਦੀ ਕੇਵਲ ਧਰਮ-ਪੁਸਤਕ ਹੀ ਨਹੀਂ, ਉਨ੍ਹਾਂ ਦੇ ਪੂਜਨੀਕ ਪ੍ਰਗਟ ਗੁਰੂ, ਸਦੀਵੀ ਤੇ ਸਾਖਿਆਤ ਇਸ਼ਟ ਵੀ ਹਨ। ਸਿੱਖ ਵਿਸ਼ਵਾਸ ਦੇ ਇਸ ਬੁਨਿਆਦੀ ਨੁਕਤੇ ਵਲ ਹੀ ਧਿਆਨ ਦੁਆਉਂਦਿਆਂ ਮਿ: ਡੰਕਨ ਗਰੀਨਲੀਜ਼ ਨੇ ਲਿਖਿਆ ਸੀ, ''ਜੇ ਕੋਈ ਇਨ੍ਹਾਂ ਦੇ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਦਾ ਹੈ, ਗਾਂਦਾ ਜਾਂ ਸੁਣਦਾ ਹੈ, ਉਸ ਦਾ ਰਿਸ਼ਤਾ ਗੁਰੂ ਨਾਲ ਸਿੱਧਾ ਤੇ ਜਾਂਤੀ ਤੌਰ ਤੇ ਜੁੜ ਜਾਂਦਾ ਹੈ, ਕਿਉਂਕਿ ਗੁਰੂ ਆਪ ਇਨ੍ਹਾਂ ਵਿਖੇ, ਇਕ ਬੜੇ ਵਾਸਤਵਿਕ ਜਾਂ ਅਸਲੀ ਭਾਵ ਵਿਚ ਮੂਰਤੀਮਾਨ ਹਨ।''

ਇਸੇ ਲਈ ਇਹ ਕਹਿਣ ਵਿਚ ਕੋਈ ਸੰਗ ਜਾਂ ਅਤਿਕਥਨੀ ਨਹੀਂ ਕਿ ਸੰਸਾਰ ਦੀ ਕਿਸੇ ਵੀ ਹੋਰ ਧਰਮ-ਪੁਸਤਕ ਨੂੰ ਅਜਿਹੀ ਪਾਵਨ ਪਦਵੀ ਤੇ ਸਨਮਾਨ ਪ੍ਰਾਪਤ ਨਹੀਂ। ਇਨ੍ਹਾਂ ਦੀ ਸੇਵਾ-ਸੰਭਾਲ ਲਈ, ਰੋਜ਼ਾਨਾ ਪ੍ਰਕਾਸ਼ ਤੇ ਸੁਖਾਸਨ ਲਈ, ਸਵਾਰੀ ਤੋਂ ਸਜਾਵਟ ਲਈ, ਪਾਠ ਤੋਂ ਵਿਹਾਰ ਆਦਿ ਲਈ ਨਿਯਤ ਨੇਮ, ਮਰਯਾਦਾ, ਪ੍ਰਬੰਧ ਤੋਂ ਅਦਬ-ਅਦਾਬ ਬਾਕੀ ਸਭ ਧਰਮ ਪੁਸਤਕਾਂ ਨਾਲੋਂ ਵੱਖਰੇ ਤੇ ਵਿਲੱਖਣ ਹਨ। ਇਨ੍ਹਾਂ ਦੇ ਰਾਜ-ਯੋਗਕ ਠਾਠ ਤੋਂ ਦਰਬਾਰ ਵਿਚ ਚਾਨ੍ਹਣੀ, ਪਾਲਕੀ, ਚੌਰ ਤੇ ਤਖਤ ਆਦਿ ਸ਼ਾਹੀ ਚਿੰਨ੍ਹ, ਅਧਿਕਾਰ ਤੇ ਵਿਧੀ ਵਿਧਾਨ ਸ਼ਾਮਿਲ ਹਨ। ਉਚੀਂ ਤੋਂ ਉਚੀ ਪਦਵੀ ਦਾ ਮਾਲਕ ਵੀ ਇਨ੍ਹਾਂ ਦੇ ਹਜੂਰ ਇਨ੍ਹਾਂ ਦੇ ਪ੍ਰਕਾਸ਼-ਸਥਾਨ ਤੋਂ ਨੀਵੀਂ ਉਸੇ ਆਦਰ-ਸਤਿਕਾਰ ਤੇ ਭਗਤੀ ਭਾਵ ਨਾਲ ਬੈਠਦਾ ਹੈ, ਜੋ ਨੀਵੀਂ ਤੋਂ ਨੀਵੀਂ ਪੱਧਰ ਦੇ ਲੋਕਾਂ ਉਤੇ ਆਇਦ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ (1780-1839 ਈ.), ਦੀਆਂ ਫੌਜਾਂ

ਇਨ੍ਹਾਂ ਦੀ ਅਗਵਾਈ ਹੇਠ ਹੀ ਮਾਰਚ ਕਰਦੀਆਂ ਰਹੀਆਂ ਹਨ। ਸਭ ਸਿੱਖ ਦੀਵਾਨ ਇਨ੍ਹਾਂ ਦੀ ਪ੍ਰਧਾਨਗੀ ਹੇਠ ਹੀ ਸਜਦੇ ਸਨ ਅਤੇ ਸਾਰੇ ਸਿਖ ਜਲੂਸ ਇਨ੍ਹਾਂ ਦੀ ਸਰਪ੍ਰਸਤੀ ਹੇਠ ਹੀ ਨਿਕਲਦੇ ਸਨ। ਸੰਨ 1604 ਈ. ਵਿਚ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿਖੇ ਹੋਏ ਇਨ੍ਹਾਂ ਦੇ ਪਹਿਲੇ ਪ੍ਰਕਾਸ਼ ਦੀ ਯਾਦ ਨੂੰ ਜਿਸ ਸ਼ਾਨ, ਸ਼ਰਧਾ ਤੇ ਸਿਦਕ ਨਾਲ ਜਲੂਸਾਂ ਤੇ ਸਮਾਗਮਾਂ ਰਾਹੀਂ ਹਰ ਵਰ੍ਹੇ ਮਨਾਇਆ ਜਾਂਦਾ ਹੈ। ਉਸ ਦਾ ਸੁਭਾਗ ਵੀ ਦੁਨੀਆਂ ਦੀ ਕਿਸੇ ਹੋਰ ਧਰਮ ਗ੍ਰੰਥ ਨੂੰ ਪ੍ਰਾਪਤ ਨਹੀਂ। ਉਦੋਂ ਤਾਂ ਜਗਤ-ਪ੍ਰਸਿੱਧ ਇਤਿਹਾਸਕਾਰ, ਸਰ ਅਰਨਲ ਟੋਇਨਬੀ ਨੇ ਲਿਖਿਆ ਸੀ: Of all known religious scriptures, this book (Granth) is the most highly venerated. It means more to Sikhs than the *Quran* means to Muslims, the Bible to Christians, and the *Torah* to Jews. The *Adi Granth* is the Sikhs' perpetual *Guru* (spiritual guide).

ਇਹ ਇਸ ਲਈ ਕਿ ਇਨ੍ਹਾਂ ਦੇ ਮੂਲ ਲਿਖਾਰੀ, ਸਰਬੋਤਮ ਵਿਆਖਿਆਕਾਰ ਅਤੇ ... ਵਿਦਵਾਨ ਭਾਈ ਗੁਰਦਾਸ ਭੱਲਾ (1558-1637 ਈ.) ਅਨੁਸਾਰ ਇਨ੍ਹਾਂ ਵਿਚ ਸੰਚਿਤ ਗੁਰੂ ਦਾ ਸ਼ਬਦ ਹੀ ਗੁਰੂ ਦੀ ਸੂਰਤ ਅਤੇ ਪਰਤੱਖ ਦਰਸ਼ਨ ਹਨ:

1. ਗੁਰ ਮੂਰਤਿ ਗੁਰਸਬਦੁ ਹੈ
   ਸਾਧ ਸੰਗਤਿ ਵਿਚਿ ਪਰਗਟੀ ਆਇਆ।

2. ਗੁਰ-ਦਰਸਨ ਗੁਰ ਸਬਦ ਹੈ
   ਨਿਜ ਘਰਿ ਭਾਇ ਭਗਤਿ ਰਹਿਰ ਸੀ।

ਇਹ ਸ਼ਬਦ ਹੀ ਗੁਰੂ ਹੈ, ਇਸ ਲਈ ਇਸ ਨੂੰ ਗੁਰੂ ਕਰਕੇ ਹੀ ਜਾਣਿਆ ਤੇ ਧਿਆਣਾ ਹੈ,

ਸਬਦ ਗੁਰੂ ਗੁਰ ਜਾਣੀਐ
ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।

ਚੋਥੇ ਸਤਿਗੁਰੂ ਗੁਰੂ ਰਾਮਦਾਸ ਜੀ (1534-1581 ਈ.) ਨੇ ਖੁਦ ਇਸ ਪਾਵਨ ਸ਼ਬਦ-ਸਮੂਹ ਨੂੰ ਗੁਰੂ ਰੂਪ ਹੋਣ ਦਾ ਕੇਵਲ ਐਲਾਨ ਹੀ ਨਹੀਂ ਕੀਤਾ, ਪ੍ਰਤੱਖ ਗੁਰੂ ਮੰਨਣ ਦਾ ਆਦੇਸ਼ ਵੀ ਦਿੰਦਿਆਂ ਫੁਰਮਾਇਆ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨ ਮਾਨੈ
ਪਰਤਖਿ ਗੁਰੂ ਨਿਸਤਾਰੇ।

ਮੁਕਤੀ ਦਾ ਸਾਧਨ ਵੀ ਇਨ੍ਹਾਂ ਨੂੰ ਹੀ ਦਸਦਿਆਂ, ਇਹ ਵੀ ਉਨ੍ਹਾਂ ਆਪੇ ਫਰਮਾਅ ਦਿੱਤਾ ਹੈ:

ਸਤਿਗੁਰ ਬਚਨੁ ਬਚਨੁ ਹੈ ਠੀਕੋ ਗੁਰ ਬਚਨੀ
ਅੰਮ੍ਰਿਤੁ ਪਾਵੈਗੋ।

ਸਤਿਗੁਰੂਾਂ ਨੇ ਬਾਣੀ ਦੇ ਇਸੇ ਪਾਵਨ ਸੰਗ੍ਰਹਿ ਵਿਚ ਇਹ ਵੀ ਆਪੋ ਵਿਚੱਤ ਕਰ ਦਿੱਤਾ ਹੈ ਕਿ ਇਹ ਆਤਮਕ ਦੋਲਤ ਦਾ ਇਕ ਅਖੁਟ ਖਜ਼ਾਨਾ, ਇਕ ਮਹਾਨ ਸਾਗਰ ਵੀ ਹਨ:

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ, ਤਿਨ੍ਹ ਹਥਿ ਚੜਿਆ ਰਾਮ।

ਜੋ ਪਵਿੱਤਰ ਪੁਸਤਕ ਅਜਿਹੀ ਅਦੁਤੀ ਪਦਵੀ ਤੇ ਅਮੋਲਕ ਖਜ਼ਾਨੇ ਦੀ ਧਾਰਨੀ ਹੈ, ਉਸ ਦੇ ਪਾਵਨ ਨਿਰਮਾਤਾ ਦੇ ਅਨਿੰਨ ਸੇਵਕ ਉਸ ਇਵੇਂ ਪਿਆਰਨ ਤੇ ਸਤਿਕਾਰਨ ਤੋਂ ਕਿਵੇਂ ਨਾਬਰ ਰਹਿ ਸਕਦੇ ਹਨ?

## II

ਫਿਰ ਇਥੋਂ ਹੀ ਬਸ ਨਹੀਂ ਇਹ ਤਾਂ ਉਨ੍ਹਾਂ ਨੂੰ ਜਾਤੀ ਤੇ ਜਮਾਤੀ ਤੌਰ ਤੇ ਇਕ ਦੂਜੇ ਨਾਲ ਜੋੜੇ ਰੱਖਣ, ਇਕਸੁਰ ਤੋਂ ਇਕਮੁੱਠ ਰੱਖਣ ਲਈ ਵੀ ਸਭ ਤੋਂ ਵੱਡੀ ਤੇ ਸਰਬ-ਪ੍ਰਵਾਨ ਜੋੜਨ ਸ਼ਕਤੀ (Cementing force) ਹਨ। ਜਿਥੋਂ ਤੱਕ ਜਾਤੀ ਰਿਸ਼ਤਿਆਂ ਦਾ ਤੁਅੱਲਕ ਹੈ, ਹੋਰ ਤਾਂ ਹੋਰ ਕੋਈ ਵੀ ਸਿੱਖ-ਵਿਆਹ ਇਨ੍ਹਾਂ ਦੀ ਹਜ਼ੂਰੀ ਵਿਖੇ ਹਾਜ਼ਰ ਹੋਏ ਅਤੇ ਇਨ੍ਹਾਂ ਵਿਚ ਅੰਕਿਤ ਬਾਣੀ ਦੇ ਗਾਇਨ ਦੇ ਦੌਰਾਨ ਇਨ੍ਹਾਂ ਦੁਆਲੇ ਫੇਰੇ ਲਏ ਬਿਨਾਂ ਉਚਿਤ, ਪਵਿੱਤਰ ਤੇ ਪ੍ਰਵਾਨ ਨਹੀਂ ਮੰਨਿਆ ਜਾਂਦਾ।

ਜਿਥੋਂ ਤੱਕ ਜਮਾਤੀ ਸੰਬੰਧਾਂ ਦਾ ਤੁਅੱਲਕ ਹੈ, ਗੁਰੂ ਗ੍ਰੰਥ ਤੇ ਖਾਲਸਾ ਪੰਥ ਦਾ ਸੰਬੰਧ ਨਾਜ਼ਮ-ਮਲਜ਼ੂਮ ਦਾ ਸੰਬੰਧ ਹੈ, ਮੂਲਿਕ ਤੇ ਅਨਿੱਖੜ ਸੰਬੰਧ ਹੈ। ਸਿੱਖ ਧਰਮ ਦਾ ਆਧਰ-ਰੂਪ, ਖਾਲਸਾ ਪੰਥ ਦੀ ਓਟ ਤੇ ਆਸਰਾ, ਸਿੱਖ ਸਭਿਆਚਾਰ ਦਾ ਮੂਲ ਸੋਮਾ ਅਤੇ ਸਿੰਘਤਵ ਦੀ ਸੰਚਾਲਕ ਸ਼ਕਤੀ (motive force) ਵੀ ਇਹੋ ਗੁਰੂ ਗ੍ਰੰਥ ਸਾਹਿਬ ਹੀ ਹਨ। ਅੰਮ੍ਰਿਤਸਰ ਦੀ ਉਸਾਰੀ (1577 ਈ.) ਨੇ ਸਿੱਖਾਂ ਨੂੰ ਜਿਵੇਂ ਅਹਿਲੇ ਮਕਾਮ ਅਤੇ ਪੰਥ ਦੀ ਸਾਜਨਾ (1699 ਈ.) ਨੇ ਅਹਿਲੇ ਮਿਲੱਤ ਬਣਾ ਦਿੱਤਾ ਸੀ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਰਚਨਾ (1604 ਈ.) ਨੇ ਇਸ ਨੂੰ ਅਹਿਲੇ ਕਿਤਾਬ ਹੋਣ ਦਾ ਮਾਣ ਪ੍ਰਾਪਤ ਕਰਵਾ ਦਿੱਤਾ ਸੀ। ਫਿਰ ਖੂਬੀ ਇਹ ਕਿ ਇਨ੍ਹਾਂ ਦੀ ਇਕ-ਦ੍ਰਿਸ਼ਟੀ ਉਪਾਸਨਾ ਨੇ ਖਾਲਸਾ ਪੰਥ ਨੂੰ ਕਈ ਝਖੜਾਂ ਤੇ ਹਨੇਰੀਆਂ ਵਿਚ ਖੇਰੂੰ-ਖੇਰੂੰ ਤੋਂ

ਬਚਾਈ ਰੱਖਿਆ ਹੈ। ਮਿਸਾਲ ਵਜੋਂ, ਬੱਦਈ ਤੋਂ ਤਤ ਖਾਲਸਾ, ਘਨ੍ਹਈਆ ਤੋਂ ਸ਼ੁਕਰਚਕੀਆ ਮਿਸਲਾਂ, ਨਾਭੇ ਤੋਂ ਪਟਿਆਲਾ ਦੇ ਮਹਾਰਾਜਿਆਂ ਇਤਿਆਦਿ ਵਿਚ ਸਮੇਂ-ਸਮੇਂ ਦਰਜਨਾਂ ਵਿਚਾਰ-ਵਿਖੇਵੇਂ ਪੈਦਾ ਹੁੰਦੇ ਰਹੇ: ਪਰ ਉਨ੍ਹਾਂ ਸਭ ਧਿਰਾਂ ਨੂੰ ਇਕੋ ਲੜੀ ਵਿਚ ਪਰੋਏ ਰੱਖਣ ਅਤੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਲੜ ਲਾਏ ਰੱਖਣ ਵਾਲੀ ਤਾਕਤ ਤੋਂ ਸਾਧਨ ਗੁਰੂ ਗ੍ਰੰਥ ਸਾਹਿਬ ਹੀ ਬਣੇ ਰਹੇ ਹਨ। ਪੰਥ ਵਿਚ ਉਦਾਸੀ ਤੇ ਨਿਰਮਲੇ, ਨਾਮਧਾਰੀ ਤੇ ਨਿਰੰਕਾਰੀ ਆਦਿਕ ਕਈ ਸੰਪਰਦਾਵਾਂ ਵੀ ਉਗਮਈਆਂ ਤੋਂ ਵਿਕਸਦੀਆਂ ਰਹੀਆਂ ਹਨ ਪਰ ਸਿੱਖਾਂ ਦੇ ਸਾਂਝੇ ਇਸ਼ਟ ਅਤੇ ਸਭਨਾਂ ਦੀ ਓਟ ਆਸਰਾ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਰਹੇ ਹੋਣ ਕਰਕੇ, ਅਜਿਹਆਂ ਸਭ ਧਿਰਾਂ ਵੀ ਸਿੱਖਾਂ ਦੇ ਘੇਰੇ ਅੰਦਰ ਹੀ ਵਿਚਰਦੀਆਂ ਰਹੀਆਂ ਹਨ ਅਤੇ ਵਿਚਰਦੀਆਂ ਰਹਿਣਗੀਆਂ। ਬਰਤਾਨਵੀਂ ਰਾਜ ਸਮੇਂ ਭਾਵੇਂ ਕੋਈ ਸਿੱਖ ਦੇਸ਼-ਭਗਤ ਸੀ ਜਾਂ ਸਰਕਾਰ-ਪ੍ਰਸਤ ਅਜੋਕੇ ਰਾਜਨੀਤਿਕ ਖੇਤਰ ਵਿਚ ਭਾਵੇਂ ਕੋਈ ਅਕਾਲੀ ਹੈ ਜਾਂ ਕਾਂਗਰਸੀ, ਸੋਸ਼ਲਿਸਟ ਹੈ ਜਾਂ ਕਮਿਊਨਿਸਟ ਸਮਾਜਕ ਖੇਤਰ ਵਿਚ ਭਾਵੇਂ ਕੋਈ ਜੱਟ ਹੈ ਜਾਂ ਖੱਤਰੀ, ਲਬਾਣਾ ਹੈ ਜਾਂ ਰਾਮਦਾਸੀਆ- ਸਭਨਾਂ ਦੇ ਨਿਸ਼ਚੇ ਦੇ ਕੇਂਦਰ ਗੁਰੂ ਗ੍ਰੰਥ ਸਾਹਿਬ ਹੀ ਹੋਣ ਕਰਕੇ, ਉਹ ਭਿੰਨ-ਭਿੰਨ ਹਿੱਤਾਂ, ਵਿਚਾਰਾਂ, ਜਾਤਾਂ ਤੇ ਪੱਧਰਾਂ ਦੇ ਧਾਰਨੀ ਜਾਂ ਪ੍ਰਤੀਨਿਧ ਹੋਣ ਦੇ ਬਾਵਜੂਦ, ਕੇਵਲ ਉਨ੍ਹਾਂ ਦੀ ਹੀ ਹਾਜ਼ਰੀ ਭਰਦੇ, ਉਨ੍ਹਾਂ ਨੂੰ ਹੀ ਆਪਣੇ ਸੀਸ ਨਿਵਾਉਂਦੇ, ਅਰਦਾਸਾਂ ਕਰਦੇ ਤੇ ਬਖਸ਼ਿਸ਼ਾਂ ਪਾਪਤ ਕਰਦੇ ਰਹਿੰਦੇ ਹਨ। ਉਨ੍ਹਾਂ ਦੇ ਕਾਰ-ਵਿਹਾਰ ਹੀ ਹਾਵੀ ਰਹਿੰਦੀ ਹੈ।

ਲੱਖਾਂ ਸਿੱਖ ਪੰਜਾਬੋਂ ਬਾਹਰ, ਭਾਰਤ ਦੇ ਕਈ ਪ੍ਰਾਂਤਾਂ ਵਿਚ ਵੱਸ-ਰੱਸ ਰਹੇ ਹਨ, ਲੱਖਾਂ ਹੋਰ ਭਾਰਤ ਤੋਂ ਬਾਹਰ ਦੁਨੀਆਂ ਦੇ ਲਗਭਗ ਸਾਰੇ ਪ੍ਰਸਿੱਧ ਦੇਸ਼ਾਂ ਵਿਚ ਬੜੇ ਆਦਰ ਤੇ ਤਸੱਲੀ ਨਾਲ ਜੀਅ ਰਹੇ ਹਨ। ਉਹ ਆਪਣੇ ਜਨਮਦਾਤੇ ਦੇ ਜਨਮ-ਸਥਾਨ, ਨਨਕਾਣੇ, ਤੋਂ ਵਿਛੜੇ ਹੋਏ ਹਨ, ਖਾਲਸੇ ਦੀ ਵਾਸੀ ਅਨੰਦਪੁਰ ਤੋਂ ਨਿਖੜੇ ਹੋਏ ਹਨ, ਸਿੱਖ ਦੀ ਰਾਜਧਾਨੀ ਅੰਮ੍ਰਿਤਸਰ, ਤੋਂ ਬਡੇ ਦੂਰ ਬੈਠੇ ਹੋਏ ਹਨ। ਫਿਰ ਵੀ ਉਹ ਆਪਣੇ ਆਪ ਨੂੰ ਬਡੇ ਮਾਣ ਨਾਲ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਦਾ ਅਨਿੱਖਡ ਅੰਗ ਸਮਝਦੇ ਹਨ। ਉਨ੍ਹਾਂ ਨੂੰ ਵੀ ਜੇ ਕਿਸੇ ਇਕ ਚੀਜ਼ ਨੇ ਆਪੋ ਵਿਚ ਤੇ ਆਪਣੇ ਧੁਰੇ ਨਾਲ ਜੋੜਿਆ ਹੋਇਆ ਹੈ ਤਾਂ ਉਹ ਅਸਾਂ ਤੁਸਾਂ ਸਾਰਿਆਂ ਦੇ ਸਾਂਝੇ ਤੇ ਜੁਗੋ-ਜੁਗ ਅਟਲ, ਸ੍ਰੀ ਗੁਰੂ ਗ੍ਰੰਥ ਸਾਹਿਬ, ਹੀ ਹਨ। ਉਨ੍ਹਾਂ ਦੀ ਹੀ ਸੇਵਾ-ਸੰਭਾਲ, ਆਦਰ-ਸਤਿਕਾਰ ਅਤੇ ਸ਼ਾਨ-ਸ਼ੋਕਤ ਨੂੰ ਮੁੱਖ ਰੱਖਦਿਆਂ, ਉਨ੍ਹਾਂ ਨੂੰ ਇਉਂ ਤਾਂ ਅਜਿਹੇ ਆਲੀਸ਼ਾਨ ਗੁਰੁਦਆਰੇ ਬਣਾ ਕੇ ਇਨ੍ਹਾਂ ਦੇ ਦਰਬਾਰ ਸਜਾਏ ਹੋਏ ਹਨ ਕਿ ਉਨ੍ਹਾਂ ਦੇ ਪਸਾਰ ਸੱਜ ਧੱਜ ਵੇਖ ਕੇ ਪੰਜਾਬੋਂ ਬਾਹਰ ਰਹਿੰਦੀ ਸਿੱਖੀ ਦੇ ਸਿਦਕ ਤੇ ਸ਼ਰਧਾ ਸਾਹਵੇਂ ਸਿਰ ਝੁਕ ਜਾਂਦਾ ਹੈ। ਦੂਰ-ਦੁਰਾਡੇ ਨਗਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਸਵਾਰੀ ਦੇ ਕੱਡੇ ਜਾਂਦੇ ਜਲੂਸ ਅਜਿਹੀ ਸ਼ਰਧਾ ਤੇ

ਸਿਦਕ ਅਤੇ ਗੁਰੂ ਗ੍ਰੰਥ ਸਾਹਿਬ ਦੀ ਅਪਾਰ ਜੋੜਨ ਸ਼ਕਤੀ ਦੇ ਹੀ ਕੁੱਝ ਮਾਣ ਕਰਨ ਯੋਗ ਝਲਕਾਰੇ ਹਨ।

ਇਹ ਇਕ ਅਜਿਹੀ ਜੋੜਕ ਸ਼ਕਤੀ ਹਨ ਜਿਸ ਦੀ ਇਕ ਝਲਕ, ਮਿਸਾਲ ਵਜੋਂ, ਇੰਗਲਿਸਤਾਨ ਦੇ ਇਕ ਉੱਘੇ ਵਿਦਵਾਨ, ਟਾਮਸ ਕਾਰਲਾਈਲ (1795-1881 ਈ.) ਦੇ ਇਕ ਮਸ਼ਹੂਰ ਲੈਕਚਰ ਤੋਂ ਵਿਦਤ ਹੈ। ਇਹ ਲੈਕਚਰ ਉਸ ਨੇ 12 ਮਈ, 1840 ਨੂੰ ਦਿੱਤਾ ਸੀ ਅਤੇ ਇਸ ਵਿਚ ਆਪੇ ਪਾਏ ਇਕ ਸਵਾਲ ਦਾ ਆਪੇ ਹੀ ਜਵਾਬ ਦਿੰਦਿਆਂ ਉਸ ਨੇ ਆਖਿਆ ਸੀ; ਜੇ ਸਾਥੋਂ ਕੋਈ ਇਹ ਪੁੱਛੇ ਕਿ ਹਿੰਦੁਸਤਾਨ ਦੀ ਸ਼ਹਿਨਸ਼ਾਹੀ ਅਤੇ ਇੰਗਲਿਸ਼ਤਾਨ ਦੇ ਸ਼ੈਕਸਪੀਅਰ ਵਿਚੋਂ ਅਸੀਂ ਕਿਸ ਨੂੰ ਰੱਖਣ ਤੇ ਕਿਸ ਨੂੰ ਛੱਡਣ ਦੇ ਹੱਕ ਵਿਚ ਹੋਵਾਂਗੇ, ਤਾਂ ਸਾਡਾ ਸਿੱਧਾ ਤੇ ਸਪੱਸ਼ਟ ਜਵਾਬ ਇਹ ਹੋਵੇਗਾ: Indian empire or no Indian empire, We cannot do without Shakespeare. Indian Empire will go, at any rate, some day but Shakespeare does not go, he lasts for ever with us, we cannot give up our Shakespeare.

''ਹਿੰਦੁਸਤਾਨ ਦੀ ਸ਼ਹਿਨਸ਼ਾਹੀ ਸਾਡੇ ਪਾਸ ਹੋਵੇ ਜਾਂ ਨਾ ਹੋਵੇ, ਰਹੇ ਜਾਂ ਨਾ ਰਹੇ, ਪਰ ਸ਼ੈਕਸਪੀਅਰ ਬਿਨਾਂ ਤਾਂ ਸਾਡਾ ਕਦਾਚਿਤ ਗੁਜ਼ਾਰਾ ਨਹੀਂ। ਹਿੰਦੁਸਤਾਨ ਦੀ ਸ਼ਹਿਨਸ਼ਾਹੀ ਤਾਂ ਸਾਡੇ ਹੋਏ ਕਿਸੇ ਨਾ ਕਿਸੇ ਦਿਨ ਜ਼ਰੂਰ ਨਿਕਲ ਜਾਏਗੀ, ਪਰ ਸ਼ੈਕਸਪੀਅਰ ਕਦੇ ਨਹੀਂ, ਕਿਤੇ ਨਹੀਂ ਜਾਏਗਾ, ਉਹ ਹਮੇਸ਼ਾਂ ਸਾਡੇ ਨਾਲ ਰਹੇਗਾ। ਸੋ, ਅਸੀਂ ਆਪਣਾ ਸ਼ੈਕਸਪੀਅਰ ਕਦੇ ਨਹੀਂ ਛੱਡ ਸਕਦੇ।'' ਇਸ ਅਨੋਖੀ ਚੋਣ ਦਾ ਮੁੱਖ ਕਾਰਨ ਇਹ ਜਾਪਦਾ ਹੈ ਕਿ ਕਾਰਲਾਈਲ ਇੰਗਲਿਸਤਾਨ ਦੇ ਜਾਏ ਸ਼ੈਕਸਪੀਅਰ ਅਤੇ ਉਸ ਦੀ ਜਗਤ ਪ੍ਰਸਿੱਧ ਰਚਨਾ ਨੂੰ ਆਪਣੇ ਦੇਸ਼ ਦਾ ਗੌਰਵ ਅਤੇ ਆਪਣੀ ਕੌਮ ਨੂੰ ਜੋੜੇ ਰੱਖਣ ਵਾਲੀ ਸਭ ਤੋਂ ਵੱਡੀ ਸ਼ਕਤੀ ਮੰਨਦਾ ਸੀ। ਉਸਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਉਸਦੀ ਮਾਤ-ਭੂਮੀ ਤੇ ਲੱਖਾਂ ਜਾਏ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚ ਚੁੱਕੇ ਆਪਣੇ ਦੇਸ਼ ਦਾ ਰਾਜ-ਭਾਗ ਪ੍ਰਸਾਰ ਚੁਕੇ ਹਨ। ਹੋਰ ਤਾਂ ਹੋਰ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਕਾਇਮ ਕੀਤੀ ਹੋਈ ਪੰਜਾਬ ਦੀ ਸਲਤਨਤ ਤੋਂ ਸਿਵਾ, ਸਾਰੇ ਹਿੰਦੁਸਤਾਨ ਉਤੇ ਵੀ ਕਾਬਜ਼ ਹੋ ਚੁੱਕੇ ਹਨ। ਇਹ ਹਿੰਦੁਸਤਾਨ ਉਨ੍ਹਾਂ ਦਾ ਆਪਣਾ ਨਹੀਂ ਸੀ। ਇਹ ਉਨ੍ਹਾਂ ਦੇ ਆਪਣੀ ਤਾਕਤ ਤੋਂ ਸਿਆਸਤ ਦੇ ਜ਼ੋਰ ਨਾਲ ਪ੍ਰਸਾਤ ਕੀਤਾ ਸੀ। ਕਿਸੇ ਵੀ ਸਮੇਂ ਤੇ ਸਥਿਤੀ ਵਿਚ ਉਨ੍ਹਾਂ ਤੋਂ ਵੀ ਵਧੇਰੇ ਤਾਕਤਵਰ ਤੇ ਸਿਆਸਤਦਾਨ ਕੋਈ ਹੋਰ ਧਿਰ ਉਨ੍ਹਾਂ ਤੋਂ ਹਿੰਦੁਸਤਾਨ ਖੋਹ ਕੇ ਆਪ ਉਸ ਉਤੇ ਕਾਬਜ਼ ਹੋ ਸਕਦੀ ਸੀ। ਖੁਦ ਹਿੰਦੁਸਤਾਨ ਦੇ ਵਸਨੀਕ ਵੀ ਕਿਸੇ ਨਾ ਕਿਸੇ ਸਮੇਂ ਗੁਲਾਮੀ ਦਾ ਜੁੱਲਾ ਉਤਾਰਨ ਲਈ ਪਾਸਾ ਪਰਤ ਕੇ ਉਨ੍ਹਾਂ ਤੋਂ ਆਪਣਾ ਦੇਸ਼ ਖੋਹ ਕੇ, ਆਪਣਾ ਰਾਜ ਕਾਇਮ

ਕਰ ਸਕਦੇ ਸਨ। ਪਰ ਸ਼ੈਕਸਪੀਅਰ ਉਨ੍ਹਾਂ ਦਾ ਆਪਣਾ ਸੀ ਤੇ ਆਪਣਾ ਹੀ ਰਹੇਗਾ। ਉਸਨੂੰ ਨਾ ਕੋਈ ਖੋਹ ਸਕਿਆ ਹੈ ਅਤੇ ਨਾ ਹੀ ਖੋਹ ਸਕੇਗਾ। ਹੋਰ ਕੋਈ ਸਾਹਿਤਕ ਗੁਣਾਂ ਤੇ ਸਭਿਆਚਾਰਕ ਸਿਫਤਾਂ ਤੋਂ ਛੁਟ, ਉਹ ਸਮੂਹ ਅੰਗਰੇਜ਼ ਕੌਮ ਨੂੰ ਇਕੋ ਲੜੀ ਵਿਚ ਪਰੋਏ ਰੱਖਣ ਵਾਲੀ ਇਕੋ-ਇਕ ਸਰਬ-ਸਾਂਝੀ ਕੜੀ ਹੈ। ਦੇਸ਼ਾਂ-ਪਰਦੇਸ਼ਾਂ ਵਿਚ ਖਿਲਰੇ ਹੋਏ, ਕਈ ਤਰ੍ਹਾਂ ਦੀਆਂ ਸੰਸਥਾਵਾਂ ਤੇ ਸੰਪਰਦਾਵਾਂ ਵਿਚ ਵੰਡੇ ਹੋਏ ਕਈ ਕਿਸਮ ਦੇ ਵਿਚਾਰਾਂ ਨੂੰ ਧਾਰੇ ਹੋਏ ਸਭ ਇੰਗਲਿਸ਼ਤਾਨੀਆਂ ਨੂੰ ਇਕਸੁਰ ਤੇ ਇਕਮੁੱਠ ਰੱਖਣ ਵਾਲੀ ਸ਼ਕਤੀ ਤੇ ਸਾਧਨ, ਉਸ ਭਾਣੇ, ਸ਼ੈਕਸਪੀਅਰ ਅਤੇ ਉਸ ਦਾ ਅਸਰ ਸਾਹਿਤ ਹੀ ਹੈ। ਇਸ ਲਈ ਉਸ ਦੀ ਗੌਰਵਸ਼ਾਲੀ/ਮਹਾਨ ਸ਼ਖਸੀਅਤ ਅਤੇ ਸਾਹਿਤ ਤੋਂ ਬਰਤਾਨਵੀ ਸਰਕਾਰ ਦੇ ਤਾਜ ਦੇ ਸਭ ਤੋਂ ਚਮਕਦੇ ਸਿਤਾਰੇ ਭਾਵ ਹਿੰਦੁਸਤਾਨ ਦੀ ਸ਼ਹਿਨਸ਼ਾਹੀ ਨੂੰ ਉਸਦੀ ਜਾਚ ਰਾਹੀਂ ਵਾਚਿਆ ਜਾ ਸਕਦਾ ਸੀ। ਕਾਰਲਾਈਲ ਦੀ ਚੋਣ ਠੀਕ ਹੀ ਨਿਕਲੀ ਅਤੇ ਹਿੰਦੁਸਤਾਨ ਦੀ ਸ਼ਹਿਨਸ਼ਾਹੀ ਉਸ ਦੇ ਉਕਤ ਵਿਚਾਰ ਤੋਂ 107 ਵਰ੍ਹੇ ਬਾਅਦ ਇੰਗਲਿਸ਼ਤਾਨ ਤੋਂ ਖੁਸ ਗਈ, ਖੁਦ ਹਿੰਦੁਸਤਾਨੀਆਂ ਨੇ ਹੀ ਖੋਹ ਕੇ, 1947 ਵਿਚ ਉਸ ਉਤੇ ਆਪਣਾ ਸਵੈਰਾਜ ਕਾਹਿਮ ਕਰ ਲਿਆ। ਪਰ ਇੰਗਲਿਸ਼ਤਾਨ ਦੇ ਸ਼ੈਕਸਪੀਅਰ ਤੋਂ ਉਸ ਦੀ ਰਚਨਾ ਨੂੰ ਨਾ ਕੋਈ ਖੋਹ ਸਕਿਆ ਹੈ ਅਤੇ ਨਾ ਹੀ ਖੋਹ ਸਕੇਗਾ ਅਤੇ ਉਹ ਹੁਣ ਤਕ ਸਮੂਹ ਅੰਗਰੇਜ਼ ਕੌਮ ਨੂੰ ਇਕਸੁਰ ਤੇ ਇਕਮੁੱਠ ਰੱਖਣ ਲਈ ਸਭ ਤੋਂ ਵੱਡੀ ਜੋੜਕ ਸ਼ਕਤੀ ਬਣਿਆ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਪਾਵਨ ਜ਼ਾਤ ਤੇ ਉਨ੍ਹਾਂ ਵਿਚ ਸੁਰੱਖਿਅਤ ਪਵਿੱਤਰ ਬਾਣੀ ਨੇ ਇਉਂ ਹੀ, ਪਰ ਇਸ ਨਾਲੋਂ ਬਹੁਤ ਹੀ ਵਿਸ਼ਾਲ ਤੇ ਵਿਲੱਖਣ ਰੂਪ ਵਿਚ, ਸਮੂਹ ਸਿੱਖੀ ਨੂੰ ਇਕ ਲੜੀ ਵਿਚ ਪਰੋਏ ਰੱਖਿਆ ਹੈ। ਇਨ੍ਹਾਂ ਦੀ ਅਜਿਹੀ ਹੋਂਦ, ਪਰ ਭਾਵ ਤੋਂ ਕਿਰਪਾ ਬਿਨਾਂ ਸਿੱਖੀ ਦਾ ਸ਼ੀਰਾਜ਼ਾ ਸ਼ਾਇਦ ਉਵੇਂ ਹੀ ਬਿਖਰ ਜਾਦਾ ਜਿਵੇਂ ਮੱਧ ਕਾਲ ਵਿਚ ਉਗਮੇ ਕੋਈ ਹੋਰ ਮਤਾਂ ਤੇ ਸੰਪਰਦਾਵਾਂ ਦਾ ਬਿਖਰਿਆ ਹੈ।

## III

ਗੁਰੂ ਗ੍ਰੰਥ ਸਾਹਿਬ ਅਜਿਹੀਆਂ ਅਪਾਰ ਸਿਫਤਾਂ ਤੇ ਸ਼ਕਤੀਆਂ ਤੋਂ ਛੁੱਟ ਕਈ ਹੋਰ ਅਜਿਹੇ ਲੱਛਣਾਂ ਦੇ ਵੀ ਧਾਰਨੀ ਹਨ ਜੋ ਸੰਸਾਰ ਦੇ ਧਰਮ ਗ੍ਰੰਥਕ ਇਤਿਹਾਸ ਵਿਚ ਆਪਣੀ ਮਿਸਾਲ ਆਪ ਹਨ।

ਇਕ ਅਜਿਹਾ ਮੁੱਖ ਲੱਛਣ ਇਨ੍ਹਾਂ ਵਿਚ ਸੰਚਿਤ ਰਚਨਾ ਦੀ ਰੱਬੀਅਤ ਤੇ ਪਰਮਾਣੀਕਤਾ ਹੈ। ਸਿੱਖ ਸਿਧਾਂਤ ਅਨੁਸਾਰ ਸਿੱਖ ਸਤਿਗੁਰੂ ਰੱਬ ਜਾਂ ਵਾਹਿਗੁਰੂ ਦੇ ਅਵਤਾਰ ਨਹੀਂ ਉਸ ਦੇ ਗੁਰੂ ਰੂਪ ਦੇ ਅਵਤਾਰ ਸਨ। ਇਸ ਲਈ ਉਨ੍ਹਾਂ ਦੇ ਉਚਾਰੇ, ਸੰਭਾਲੇ ਤੇ ਕਾਨੀਬੰਦ ਕੀਤੇ ਹੋਏ ਸ਼ਬਦ ਠੀਕ

ਅਰਥਾਂ ਵਿਚ, ਰੱਬੀ ਕੁਲਾਮ ਜਾਂ ਪ੍ਰਭੂ ਬਾਣੀ ਹਨ। ਸਗੋਂ ਇਹ ਤਾਂ ਤੀਜੇ ਸਤਿਗੁਰੂ, ਗੁਰੂ ਅਮਰਦਾਸ ਜੀ (1479-1574 ਈ.) ਦੇ ਸ਼ੁਭ ਕਥਨ ਅਨੁਸਾਰ, ਪ੍ਰਭੂ ਦਾ ਰੂਪ ਹੀ ਹਨ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨਾ ਕੋਇ।

ਜਗਤ-ਗੁਰੂ, ਗੁਰੂ ਨਾਨਕ ਦੇਵ (1469-1539 ਈ.) ਅਤੇ ਮਗਰਲੀਆਂ ਗੁਰੂ ਜੋਤਾਂ ਨੇ ਖੁਦ ਆਪ ਇਨ੍ਹਾਂ ਨੂੰ ਧੁਰ ਕੀ ਬਾਣੀ, 'ਖਸਮ ਕੀ ਬਾਣੀ, ਤੇ 'ਗੋਬਿੰਦ ਕੀ ਬਾਣੀ' ਆਦਿ ਆਖ ਕੇ ਇਲਾਹੀ ਪੈਗਾਮ ਮੰਨਿਆ ਅਤੇ ਦੱਸਿਆ ਹੈ। ਜਿਵੇਂ:

1. ਧੁਰ ਕੀ ਬਾਣੀ ਆਈ
ਤਿਲਿ ਸਗਲੀ ਚਿੰਤ ਮਿਟਾਈ।

2. ਜੈਸੀ ਮੈ ਆਵੇ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ।

3. ਜਪਿ ਮਨ ਮੇਰੇ ਗੋਵਿੰਦ ਕੀ ਬਾਣੀ
ਸਾਧੂ ਜਨ ਰਾਮੁ ਰਸਨ ਵਖਾਣੀ॥

ਇਸੇ ਤੱਥ ਦੀ ਪੁਸ਼ਟੀ ਕਰਦਿਆਂ, ਸਤਿਗੁਰਾਂ ਨੇ ਇਹ ਵੀ ਆਪੇ ਦਸ ਦਿੱਤਾ ਹੈ ਕਿ ਇਹ ਬਚਨ, ਬਾਣੀ ਜਾਂ ਬੋਲ ਸਾਡੇ ਆਪਣੇ ਨਹੀਂ। ਇਹ ਤਾਂ ਸਭ ਦੇ ਮਾਲਕ ਤੇ ਪ੍ਰਿਤਪਾਲਕ, ਅਕਾਲ ਪੁਰਖ, ਦੇ ਹੀ ਆਪਣੇ ਬੋਲ ਜਾਂ ਬਾਣੀ ਹਨ। ਅਸੀਂ ਤਾਂ ਕੇਵਲ ਉਨ੍ਹਾਂ ਦੇ ਹੀ ਹੁਕਮ ਦੀ ਤਾਮੀਲ ਕਰਦਿਆਂ, ਉਨ੍ਹਾਂ ਦੀ ਹੀ ਮਿਹਰ ਸਦਕੇ, ਇਨ੍ਹਾਂ ਨੂੰ ਬੋਲ ਜਾਂ ਉਚਾਰ ਰਹੇ ਹਾਂ:

1. ਇਹ ਬਾਣੀ ਮਹਾ ਪੁਰਖ ਕੀ
ਨਿਜ ਘਰਿ ਵਾਰਾ ਹੋਇ॥

2. ਹਉ ਆਪਹੁ ਬੋਲਿ ਨ ਜਾਣਦਾ
ਮੈਂ ਕਹਿਆ ਸਭ ਹੁਕਮਾਉ ਜੀਉ।

3. ਤਾ ਮੈ ਕਹਿਆ ਕਹਣੁ,
ਜਾਂ ਤੁਝੈ ਕਹਾਇਆ।

4. ਨਾਨਕ ਬੋਲੈ
ਤਿਸ ਕਾ ਬੋਲਾਇਆ॥

5. ਬੋਲੇ ਸਾਹਿਬ ਕੈ ਭਾਣੈ॥
ਦਾਸ ਬਾਣੀ ਬ੍ਰਹਮ ਵਖਾਣੈ॥

6. ਜਿਉ ਬੁਲਾਵਹੁ
ਤਿਉ ਨਾਨਕ ਦਾਸ ਬੋਲੈ।

ਫਿਰ ਅਜਿਹੇ ਕਥਨਾਂ ਦੇ ਸਦੀਵੀ ਸੱਚ ਹੋਣ ਦੀ ਗਵਾਹੀ ਭਰਦਿਆਂ, ਇਨ੍ਹਾਂ ਦੇ ਪਾਵਨ ਸਗ੍ਰਹਕਾਰ ਤੋਂ ਮਹਾਨ ਸੰਪਾਦਕ, ਗੁਰੂ ਅਰਜਨ ਦੇਵ ਜੀ (1563-1606 ਈ.) ਦੇ ਪਿਤਾ ਗੁਰੂ ਰਾਮਦਾਸ ਜੀ, ਨੇ ਇਸੇ ਲਈ ਇਹ ਵੀ ਲਿੱਖ ਦਿੱਤਾ ਹੈ ਕਿ:

ਸਤਿਗੁਰ ਕੀ ਬਾਣੀ
ਸਤਿ ਕਰਿ ਜਾਣਹੁ
ਗੁਰਸਿਖਹੁ।
ਹਰਿ ਕਰਤਾ ਆਪਿ ਮੁਹਹੁ ਕਢਾਇ।

ਇਉਂ ਇਹ ਮਨੋਹਰ ਬਾਣੀ ਉਨ੍ਹਾਂ ਨੂਰਾਨੀ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਸਹਿਜ-ਸੁਭਾ ਫੁੱਟ ਨਿਕਲਦੀ ਰਹੀ ਹੈ ਜੋ ਆਪ ਰੱਬੀ ਜੋਤ ਦੇ ਸਾਕਾਰ ਰੂਪ ਸਨ ਅਤੇ ਸਦੀਵੀ ਸੱਚ (Eternal Reality) ਨਾਲ ਸਿੱਧੇ ਤੋਂ ਨਿਰੰਤਰ ਤੌਰ ਤੇ ਕੇਵਲ ਜੁੜੇ ਹੀ ਨਹੀਂ, ਇਕ ਸੁਰ ਵੀ ਹੋਏ ਪਏ ਸਨ। ਇਸੇ ਲਈ ਉਹ ਰੱਬੀ ਹੁਕਮ ਤੇ ਇਲਹਾਮ ਤੇ ਪਰਗਟਾਓ ਦਾ, ਇਸ ਬਾਣੀ ਦੇ ਰੂਪ ਵਿਚ, ਪਰਮਾਣੀਕ ਮਾਧਿਅਮ ਬਣ ਚੁੱਕੇ ਹਨ। ਇਸ ਦਾ ਲੱਛਣ ਦੱਸਦਿਆਂ ਉਨ੍ਹਾਂ ਇਹ ਵੀ ਫੁਰਮਾਇਆ ਸੀ:

ਅੰਮ੍ਰਿਤ ਬਾਣੀ ਤਤੁ ਵਖਾਣੀ
ਗਿਆਨ ਧਿਆਨ ਵਿਚਿ ਆਈ।
ਗੁਰਮੁਖਿ ਆਖੀ ਗੁਰਮੁਖਿ ਜਾਤੀ
ਸੁਰਤੀ ਗਰਮਿ ਧਿਆਈ।

ਇਸੇ ਕਾਰਨ ਗੁਰੂ ਗ੍ਰੰਥ ਸਾਹਿਬ ਉਕਤ ਸਦੀਵੀ ਸੱਚ ਦਾ ਪ੍ਰਕਾਸ਼, ਬ੍ਰਹਮ-ਗਿਆਨ ਦੀ ਜਾਗਦੀ ਜੋਤ ਅਤੇ ਦਸ ਸਤਿਗੁਰਾਂ ਦਾ ਆਤਮਕ ਸਰੂਪ ਮੰਨੇ ਗਏ ਹਨ। ਫਿਰ ਖੂਬੀ ਇਹ ਕਿ ਸਿੱਖ ਸਤਿਗੁਰਾਂ ਨੇ ਇਸ ਬ੍ਰਹਮ ਗਿਆਨ ਨੂੰ ਖੁੱਦ ਆਪਣੇ ਜੀਵਨ ਕਾਲ ਵਿਚ ਹੀ ਆਪੈ ਸੰਭਾਲ ਕੇ ਇਸ ਦੀ ਪ੍ਰਮਾਣੀਕਤਾ ਤੇ ਸ਼ੁੱਧ ਸਰੂਪਤਾ ਉਤੇ ਸਦੀਵੀ ਮੋਹਰ ਵੀ ਲਾ ਦਿੱਤੀ ਸੀ। ਗੁਰੂ ਗ੍ਰੰਥ ਸਾਹਿਬ ਦੇ ਦੂਜੇ ਅਨੁਵਾਦਕ, ਮਿ: ਮੈਕਸ ਆਰਥਰ ਮੈਕਾਲਫ (1837-1913 ਈ.) ਨੇ ਇਨ੍ਹਾਂ ਦੇ ਇਸ ਵਿਲੱਖਣ ਵਸਫ ਨੂੰ ਮੁੱਖ ਰੱਖਦਿਆਂ, ਇਨ੍ਹਾਂ ਦੇ ਪਹਿਲਐ ਪ੍ਰਕਾਸ਼ ਤੋਂ ਲਗਭਗ ਦੋ ਸੋ ਵਰ੍ਹੇ

ਬਾਅਦ, ਸਨ 1899 ਨੂੰ ਦਿੱਤੇ, ਆਪਣੇ ਇਕ ਪੰਜਾਬੀ ਲੈਕਚਰ ਵਿਚ ਇਹ ਬਿਲਕੁਲ ਠੀਕ ਆਖਿਆ ਸੀ:

''ਸਿੱਖ ਧਰਮ ਵਿਚ ਹਿਕ ਹੋਰ ਵੱਡਾ ਭਾਰੀ ਗੁਣ ਇਹ ਹੇ ਕਿ ਸੰਸਾਰ ਵਿਚ ਧਰਮਾਂ ਦੇ ਜੋ ਵੱਡੇ ਵੱਡੇ ਗੁਰੂ ਹੋ ਬੀਤੇ ਹਨ, ਉਨ੍ਹਾਂ ਨੇ ਕਦੀ ਇਕ ਸਤਰ ਤਕ ਵੀ ਆਪਣੇ ਹੱਥੀ ਨਹੀਂ ਲਿਖੀ ਸੀ। ਆਪ ਵਿਚੋਂ ਸ਼ਾਇਦ ਕਿਸੇ ਕਿਸੇ ਨੇ ਸੁਣਿਆ ਹੋਵੇਗਾ ਕਿ ਯੂਨਾਨ ਦੇਸ਼ ਦਾ ਤਤਵੇਤਾ, ਜਿਸ ਦਾ ਨਾਉਂ ਫੀਤੋਗੰਰਸ ਸੀ, ਜਿਸ ਦੇ ਬਹੁਤ ਸਾਰੇ ਚੇਲੇ ਬਣ ਗਏ ਸਨ ਤੇ ਜੋ ਇਤਿਹਾਸ ਵਿਚ ਬਹੁਤ ਹੀ ਪ੍ਰਸਿੱਧ ਪੁਰਸ਼ ਹੋ ਗਿਆ ਸੀ, ਉਸ ਨੇ ਇਕ ਸਤਰ ਵੀ ਆਪਣੇ ਹੱਥੀਂ ਲਿਖ ਕੇ, ਪਿਛੇ ਨਾ ਛੱਡੀ ਜਿਸ ਕਰਕੇ ਅਸੀਂ ਵੀ ਜਾਣ ਲੈਂਦੇ ਕਿ ਇਹ ਉਸ ਦੇ ਨਿਯਮ ਸਨ। ਇਸ ਸੰਸਾਰ ਵਿਚ ਦੂਜਾ ਵੱਡਾ ਉਸਤਾਦ ਸੁਕਰਾਤ ਸੀ, ਜੋ ਮਸੀਂਹ ਤੋਂ ਪੰਜ ਸੋ ਵਰ੍ਹੇ ਪਹਿਲਾਂ ਯੂਨਾਨ ਦੇਸ਼ ਵਿਚ ਇਕ ਵੱਡਾ ਧਾਰਮਿਕ ਮਹਾਤਮਾ ਪ੍ਰਸਿੱਧ ਹੋਇਆ ਸੀ। ਉਹ ਆਖਦਾ ਸੀ ਮੇਰੇਂ ਅੰਦਰੋਂ ਪਰਮਾਤਮਾ ਦੀ ਅਕਾਸ਼ਬਾਣੀ ਉਤਰਦੀ ਹੈ, ਜੋ ਮੈਨੂੰ ਚੰਗੇ ਕਰਮਾਂ ਵਲ ਪ੍ਰੇਰਦੀ ਹੈ ਤੇ ਮੰਦੇ ਕੰਮਾਂ ਤੋਂ ਹਟਾਉਂਦੀ ਹੈ, ਪਰ ਉਹ ਵੀ ਆਪਣੇ ਪਿਛੇ ਕੋਈ ਤੁਕ ਅਜਿਹੀ ਲਿਖ ਕੇ ਨਾ ਛੱਡ ਗਿਆ, ਜਿਸ ਤੋਂ ਉਸ ਦਾ ਆਸ਼ਯ ਅਰ ਉਸਦੇ ਧਰਮ ਦੇ ਨਿਯਮ ਦੀ ਯਾਦ ਬਣੀ ਰਹਿੰਦੀ, ਜੋ ਕੁਝ ਉਸਦੀ ਸਿੱਖਿਆ ਪ੍ਰਗਟ ਹੈ ਉਹ ਵੀ ਉਸ ਦੇ ਚੇਲੇ ਅਫਲਾਤੂਨ ਦੀ ਰਾਹੀਂ ਹੀ ਪ੍ਰਸਿੱਧ ਹੋਈ ਹੈ। ਉਪਤ ਇਸ ਭਾਰਤ ਵਰਸ਼ ਵਿਚ ਵੱਡਾ ਧਾਰਮਿਕ ਗੁਰੂ ਬੁੱਧ ਹੋਇਆ। ਉਸ ਨੇ ਵੀ ਆਪਣੇ ਹੱਥੀਂ ਕੋਈ ਸਤਰ ਨਹੀਂ ਲਿਖੀ ਸੀ। ਫੇਰ ਇਸ ਦੇ ਪਿਛੋਂ ਬੜਾ ਪ੍ਰਸਿੱਧ ਮਹਾਨ ਗੁਰੂ ਮਸੀਹ ਹੋਇਆ ਸੀ, ਉਸਨੇ ਵੀ ਕੋਈ ਇਕ ਅੱਖਰ ਸ਼ਾਰਖ ਨਹੀਂ ਲਿਖਿਆ ਸੀ। ਇਸ ਦੀ ਸਿੱਖਿਆ ਵੀ ਅਜੀਲ ਨਾਮੇਂ ਪੋਥੀ ਦੁਆਰਾ ਹੀ ਪ੍ਰਸਿੱਧ ਹੋਈਆਂ ਸਨ। ਪਰੰਤੂ ਸਿੱਖਾਂ ਦੇ ਧਾਰਮਕ ਗੁਰੂ ਇਨ੍ਹਾਂ ਸਭਨਾਂ ਤੋਂ ਵਿਲੱਖਣ ਹੋਏ ਹਨ, ਕਿਉਂ ਜੋ ਉਨ੍ਹਾਂ ਨੇ ਆਪਣੇ ਧਰਮ ਦੇ ਨਿਯਮਾਂ ਨੂੰ ਆਪ ਲਿਖਿਆ ਤੇ ਸਤਯ ਉਪਦੇਸ਼ਾਂ ਦਾ ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਵਾਸਤੇ ਰਚ ਗਏ, ਇਸ ਗੱਲ ਵਿਚ ਸਿੱਖਾਂ ਦਾ ਮਤ ਸਭ ਤੋਂ ਵੱਧ ਕੇ ਹੈ।" ਮੈਕਾਲਫ ਨੇ ਮਗਰੋਂ ਸਨ 1909 ਈ. ਵਿਚ ਪ੍ਰਕਾਸ਼ਿਤ ਕੀਤੀ ਆਪਣੀ ਯਾਦਗਾਰੀ ਰਚਨਾ 'ਦੀ ਸਿੱਖ ਰੀਲੀਜਨ' ਵਿਚ ਉਕਤ ਬਿਆਨ ਵਿਚ ਕੁਝ ਵਾਧੇ ਕਰਦਿਆਂ, ਇਹ ਵੀ ਲਿਖ ਦਿੱਤਾ ਸੀ: ''King fu-tze, known to Europeazns as confucious, left no documents in which he detailed the principles of his moral and social system... The Arabian prophet did not himself reduced to wirting the chapter of the *Quran*. They were written or compiled by his adorents

and followers. But the composition of the Sikh Gurus are preserved, and we know at first hand what they taught."

ਅਰਥਾਤ ਕਨਫੀਊਸਿਸ਼ ਨੇ ਆਪਣੇ ਪਿਛੇ ਕੋਈ ਲਿਖਤ ਨਹੀਂ ਛੱਡੀ ਜਿਸ ਵਿਚ ਉਸ ਨੇ ਆਪਣੇ ਸਦਾਚਾਰਕ ਤੇ ਸਮਾਜਿਕ ਪ੍ਰਣਾਲੀ ਤੋਂ ਅਸੂਲ ਸਵਿਸਥਾਰ ਲਿਖੇ ਹੋਣ।... ਅਰਬ ਦੇ ਪੈਗੰਬਰ (ਹਜ਼ਰਤ ਮੁਹੰਮਦ ਸਾਹਿਬ) ਨੇ ਵੀ ਕੁਰਾਨ ਸਜੀਦ ਜਾਂ ਸ਼ਰੀਫ ਦੇ ਕਾਂਡ ਆਪ ਨਹੀਂ ਲਿਖੇ ਸਨ, ਇਹ ਉਨ੍ਹਾਂ ਦੇ ਚੇਲਿਆਂ ਤੇ ਪੈਰੋਕਾਰਾਂ ਨੇ ਲਿਖੇ ਜਾਂ ਸੰਕਲਿਤ ਕੀਤੇ ਸਨ। ਪਰੰਤੂ ਸਿੱਖ ਸਤਿਗੁਰੂਾਂ ਦੀਆਂ ਕਿਰਤਾਂ (ਗੁਰੂ ਗ੍ਰੰਥ ਸਾਹਿਬ ਵਿਚ) ਸੁਰੱਖਿਅਤ ਹਨ ਅਤੇ ਸਾਨੂੰ ਉਨ੍ਹਾਂ ਦੀ ਸਿੱਖਿਆ, ਇਨ੍ਹਾਂ ਰਾਹੀਂ, ਆਪਣੇ ਮੂਲ ਰੂਪ ਵਿਚ ਹੀ ਪ੍ਰਾਪਤ ਹੈ।" ਫਿਰ ਕਮਾਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਚਿਤ ਉਨ੍ਹਾਂ ਦੇ ਸ਼ੁਭ ਬਚਨ ਅਜੇ ਤੰਥ ਇੰਨ-ਬਿੰਨ ਆਪਣੇ ਅਸਲ ਰੂਪ ਵਿਚ ਹੀ ਸੁਰੱਖਿਅਤ ਹੈ। ਹੋਰ ਤਾਂ ਹੋਰ, ਸੰਤਾਂ-ਫਕੀਰਾਂ ਦੀ ਸੰਕਲਿਤ ਰਚਨਾ ਵਲ ਵੀ ਇਨ੍ਹਾਂ ਵਿਚ ਸ਼ਾਮਲ ਹੋ ਜਾਣ ਤੋਂ ਬਾਅਦ ਅਜੇ ਤੱਕ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਨਹੀਂ ਕੀਤੀ ਗਈ ਅਤੇ ਅਜਿਹੀ ਤਬਦੀਲੀ, ਸ਼ਬਦ ਜਾਂ ਅੱਖਰ ਤਾਂ ਕੀ ਲਗਾ ਮਾਤਰਾ ਤਕ ਵਿਚ ਵੀ, ਕਰਨ ਦਾ ਹਕ ਅਧਿਕਾਰ ਮੁੱਢ ਤੋਂ ਹੀ ਕਿਸੇ ਨੂੰ ਵੀ ਪ੍ਰਾਪਤ ਨਹੀਂ। ਇਸੇ ਲਈ ਗੁਰੂ ਗ੍ਰੰਥ ਸਾਹਿਬ ਨਾ ਕੇਵਲ ਸੰਚਿਤ ਬਾਣੀ ਦੀ ਪ੍ਰਮਾਣੀਕਤਾ ਕਰਕੇ ਹੀ ਬੇਮਿਸਾਲ ਹਨ, ਸਗੋਂ ਇਸ ਦੇ ਪਾਠ (Text) ਦੀ ਸ਼ੁੱਧਤਾ ਦੀ ਬਰਾਬਰੀ ਕਰਕੇ ਵੀ ਵਿਸ਼ੇਸ਼ ਤੇ ਵਿਲੱਖਣ ਹਨ।

## IV

ਇਸ ਤੋਂ ਛੁੱਟ ਹਰੀ-ਰਸ ਤੇ ਭਗਤੀ-ਭਾਵ: ਆਤਮਕ ਗੁਣਾਂ ਤੇ ਸਦਾਚਾਰਕ ਸਿਫਤਾਂ, ਸਮਾਜਕ ਹਿੱਤਾਂ ਤੇ ਸਭਿਆਚਾਰਕ ਸਾਂਝਾਂ ਦੀ ਜੋ ਮਹਾਨ ਧਾਰਾ ਬਾਰ੍ਹਵੀਂ ਤੇ ਸਤਾਰ੍ਹਵੀਂ ਸਦੀ ਈਸਵੀ ਦੇ ਦੌਰਾਨ ਹਿੰਦੁਸਤਾਨ ਉਪ ਮਹਾਂਦੀਪ ਵਿਚ ਚਲ ਰਹੀ ਸੀ, ਗੁਰੂ ਗ੍ਰੰਥ ਸਾਹਿਬ ਉਸ ਦੇ ਕੇਵਲ ਸੰਗਮ ਦੇ ਪ੍ਰਤੀਨਿਧ ਹੀ ਨਹੀਂ, ਉਸ ਦੀ ਹੱਦ ਦੇ ਵੱਡੇ ਸਬੂਤ, ਉਸ ਦੇ ਨਖਸ਼ਿਖ ਦੀ ਸਭ ਤੋਂ ਵੱਡੀ ਗਵਾਹੀ, ਉਸ ਦੀ ਦੇਣ ਦੀ ਸਭ ਤੋਂ ਭਾਰੀ ਯਾਦਗਾਰ ਵੀ ਹਨ।

ਇਸ ਕਥਨ ਦੀ ਸਾਖ ਇਨਾਂ ਦੇ ਪੰਨਿਆਂ ਵਿਚ ਸਿੱਖ ਸਤਿਗੁਰਾਂ ਦੀ ਆਪਣੀ ਬਾਣੀ ਦੇ ਤੁਲ ਅਤੇ ਨਾਲੋਂ-ਨਾਲ ਸੰਚਿਤ ਉਹ ਰੂਹਾਨੀ ਗੀਤ ਵੀ ਭਰ ਰਹੇ ਹਨ ਜੋ ਪੂਰਬੀ ਹਿੰਦੁਸਤਾਨ ਵਿਚ ਬਾਰ੍ਹਵੀਂ ਸਦੀ ਦੇ ਬ੍ਰਹਮਣ ਭਗਤ ਜੈਦੇਵ ਜੀ, ਦੱਖਣੀ ਹਿੰਦੁਤਸਾਨ ਵਿਚ ਤੇਰ੍ਹਵੀਂ ਸਦੀ ਦੇ ਸੂਫੀ ਫਕੀਰ, ਸ਼ੇਖ ਫਰੀਦ ਜੀ, ਦੱਖਣੀ ਹਿੰਦੁਸਤਾਨ ਵਿਚ ਚੌਧਵੀਂ ਸਦੀ ਦੇ ਮਰਾਠਾ ਭਗਤ, ਨਾਮਦੇਵ ਜੀ ਅਤੇ ਉਤਰੀ ਹਿੰਦੁਸਤਾਨ ਵਿਚ ਪੰਦਰਵੀਂ ਸਦੀ ਦੇ ਉੱਤੇ ਸੰਤ, ਕਬੀਰ ਜੀ, ਗਾ-ਸੁਣਾ ਕੇ ਆਪੋਂ ਆਪਣੇ ਇਲਾਕੇ ਦੇ ਲੋਕਾਂ ਨੂੰ ਇਕ ਦੂਜੇ ਨਾਲ ਅਤੇ ਇਕ ਦੂਜੇ ਨੂੰ ਰੱਬ ਨਾਲ ਜੋੜ ਰਹੇ

ਸਨ। ਇਹ ਅਜਿਹੇ ਰੂਹਾਨੀ ਨਾਮ ਸਨ ਜਿਨ੍ਹਾਂ ਦਾ ਲੱਛਣ ਦਸਦਿਆਂ, ਭਗਤ ਕਬੀਰ ਜੀ ਨੇ ਇਕ ਤਾਂ ਆਪ ਇਉਂ ਫੁਰਮਾ ਦਿੱਤਾ ਸੀ:

ਲੋਗੁ ਜਾਨੈ ਇਹੁ ਗੀਤੁ ਹੈ
ਇਹੁ ਤਉ ਬ੍ਰਹਮ ਬੀਚਾਰ।

ਸਿੱਖ ਸਤਿਗੁਰਾਂ ਨੇ ਆਪ ਸੋਲ੍ਹਵੀਂ ਤੋਂ ਸਤਾਰ੍ਹਵੀਂ ਸਦੀ ਵਿਚ ਵਿਚਰਦਿਆਂ, ਇਨ੍ਹਾਂ ਰੂਹਾਨੀ ਤਰਾਨਿਆਂ ਨੂੰ ਕੇਵਲ ਸਾਂਭਣ ਤੋਂ ਕਲਮਬੱਦ ਕਰਨ ਦੀ ਹੀ ਪਹਿਲ ਨਹੀਂ ਕੀਤੀ, ਸਗੋਂ ਹਜ਼ਾਰਾਂ ਨਗਮੇ ਖੁਦ ਆਪਣੇ ਸ਼ਾਮਿਲ ਕਰਕੇ, ਇਸ ਪਾਵਨ ਨਿਧੀ ਨੂੰ ਅਮਰ, ਭਰਪੂਰ ਤੇ ਸਦਾ ਲਈ ਸੁਰੱਖਿਅਤ ਕਰ ਦਿੱਤਾ। ਫਿਰ ਇਨ੍ਹਾਂ ਸਾਰਿਆਂ ਨੂੰ ਇਕੋ ਥਾਂ, ਇਕੋ ਨਿਯਮ ਅਨੁਕੂਲ, ਇਕ ਬੜੀ ਕਲਾਤਮਕ ਤੇ ਵਿਗਿਆਨਕ ਤਰਤੀਬ ਵਿਚ ਬੀੜ ਕੇ, ਸਭ ਨੂੰ ਇਕ ਸਹੈ ਸਥਾਨ ਤੇ ਅਸਮਾਨ ਦਾ ਭੀਗੀ ਬਣਾ ਕੇ, ਰੱਬੀ ਨੂਰ, ਰੂਹਾਨੀ ਗਿਆਨ, ਰਹੱਸਵਾਦੀ ਅਨੁਭਵ ਤੇ ਆਦਰਸ਼ਕ ਸ੍ਰੇਸ਼ਟਾਚਾਰ ਦਾ ਇਕ ਅਜਿਹਾ ਵਿਸ਼ਾਲ ਸਾਗਰ ਵੀ ਬਣਾ ਦਿੱਤਾ ਜਿਸ ਵਿਚ ਜਦੋਂ ਕਦੇ ਵੀ, ਜੋ ਕੋਈ ਵੀ, ਜਿਥੇ ਕਿੱਥੇ ਵੀ, ਜਿਵੇਂ-ਤਿਵੇਂ ਵੀ ਉਮੀਦਾਂ ਲਾ ਕੇ ਸ਼ਰਮਸਾਰ ਤੇ ਨਦਰਿ ਨਿਰਾਲਾ ਹੋ ਸਕਦਾ ਹੈ।

ਇਸੇ ਲਈ ਗੁਰੂ ਗ੍ਰੰਥ ਸਾਹਿਬ ਕੇਵਲ ਸਿੱਖ ਧਰਮ ਦੇ ਹੀ ਪਵਿੱਤਰ ਧਰਮ ਗ੍ਰੰਥ ਨਹੀਂ, ਇਹ ਤਾਂ ਇਸ ਉਪ ਮਹਾਂਦੀਪ, ਭਾਵ ਸਮੁੱਚੇ ਹਿੰਦੁਸਤਾਨ, ਦੇ ਰਾਸ਼ਟਰੀ ਗ੍ਰੰਥ (National Scripture) ਵੀ ਹਨ। ਇਨ੍ਹਾਂ ਵਿਚ ਸ਼ਾਮਿਲ ਗੁਰੂਆਂ, ਭਗਤਾਂ ਤੇ ਫਕੀਰਾਂ ਦੀ ਸ਼ੁਭ ਸੂਚੀ ਵਿਚ ਹਿੰਦੁਸਤਾਨ ਦੇ ਵਿਭਿੰਨ ਮਤਾਂ-ਮਤਾਂਤਰਾਂ ਤੇ ਭੌਗੁਲਕ ਖੇਤਰਾਂ ਨਾਲ ਸੰਬੰਧਤ ਮਹਾਂਪੁਰਖਾਂ ਦੀ ਮਨੋਹਰ ਬਾਣੀ ਬੜੀ ਉੱਚੀ ਰਾਸ਼ਟਰੀ ਪੱਧਰ ਤੇ ਸੱਚੀ-ਸੁੱਚੀ ਸਮਦ੍ਰਿਸ਼ਟੀ ਤੋਂ, ਸਚਿਤ ਹੈ। ਜੇ ਇਕ ਪਾਸੇ ਵੈਸ਼ਨਵ ਹਿੰਦੂ ਰਾਮਾਨੰਦ ਜੀ (1366-1467 ਈ.), ਤਾਂ ਦੂਜੇ ਪਾਸੇ ਮੁਸਲਮਾਨ ਸੂਫੀ ਸ਼ੇਖ ਫਰੀਦ ਜੀ (1175-1265 ਈ.); ਜੋ ਤੀਜੇ ਪਾਸੇ ਅਵਤਾਰ-ਪੂਜ ਸੂਰਦਾਸ ਜੀ (1478-1585) ਤਾਂ ਚੌਥੇ ਪਾਸੇ ਮੂਰਤੀ ਪੂਜ ਧੰਨਾ ਜੀ (1415 ਈ.) ਦੀ ਬਾਣੀ ਇਕਈ ਸਵਰਵਾਦੀ ਸਿੱਖ ਸਤਿਗੁਰਾਂ ਗੁਰੂ ਨਾਨਕ ਦੇਵ ਜੀ (1469-1539 ਈ.) ਤੇ ਗੁਰੂ ਅਰਜਨ ਦੇਵ ਜੀ (1563-1606 ਈ.)- ਦੀ ਬਾਣੀ ਦੇ ਨਾਲੋਂ ਨਾਲ ਅੰਕਿਤ ਹੈ। ਇਉਂ ਹੀ ਬ੍ਰਾਹਮਣ ਪਰਮਾਨੰਦ ਜੀ (1493-1553 ਈ.) ਖੱਤਰੀ ਸੁੰਦਰ ਦਾਸ ਜੀ (1574 ਈ. ਲਾ.ਤਾ.) ਵੈਸ਼ ਤ੍ਰਿਲੋਚਨ ਜੀ (ਜ. 1267 ਈ.) ਭੱਟ ਕੀਰਤ ਜੀ ( ਦੋ 1634 ਈ.) ਅਤੇ ਚੋਹਾਨ ਰਾਜਾ ਪੀਪਾ ਜੀ (ਜ. 1426 ਈ.) ਵੀ ਨਾਲੋਂ ਨਾਲ ਬਰਾਜਮਾਨ ਹਨ। ਇਨ੍ਹਾਂ ਵਿਚ ਕਈ ਹੋਰ ਤਾਂ ਅਜਿਹੀਆਂ ਪਰਸਪਰ ਵਿਰੋਧੀ ਜਾਤਾਂ ਤਬਕਿਆਂ ਤੋਂ ਕੰਮ ਕਿੱਤਿਆਂ ਨਾਲ ਸੰਬੰਧਤ ਰਹੇ ਸਨ- ਜਿਵੇਂ ਕਬੀਰ ਜੀ ਜੁਲਾਹਾ (1398-1518 ਈ.) ਰਵਿਦਾਸ ਜੀ (1376-1527 ਈ.), ਰਮਾਹਰ, ਸੱਤਾ ਜੀ ਡੂਮ (1600 ਈ. ਲਾ.ਤਾ.) ਸਧਨਾ ਜੀ

ਕਸਾਈ ਅਤੇ ਨਾਮਦੇਵ ਜੀ ਛੀਬਾ (1270-1350 ਈ.)- ਜਿਨ੍ਹਾਂ ਨੂੰ ਹੁਣ ਤਕ ਨਿਚਲੀਆਂ ਜਾਤਾਂ ਜਾਂ ਪਿਛੜੀਆਂ ਸ਼੍ਰੇਣੀਆਂ ਦੱਸਿਆ ਜਾਂਦਾ ਹੈ। ਤਦੇ ਤਾਂ ਡਾ. ਰਾਧਾ ਕ੍ਰਿਸ਼ਨਨ ਨੇ ਇਨ੍ਹਾਂ ਦੀ ਵਿਸ਼ੇਸ਼ਤਾ ਤੇ ਮਹਾਨਤਾ ਦਾ ਜ਼ਿਕਰ ਕਰਦਿਆਂ ਲਿਖਿਆ ਸੀ: ਗੁਰੂ ਗ੍ਰੰਥ ਸਾਹਿਬ ਦੀ ਇਕ ਸਿਰਕੱਢ ਤੇ ਧਿਆਨਯੋਗ ਸਿਫਤ ਇਹ ਵੀ ਹੈ ਕਿ ਇਨ੍ਹਾਂ ਵਿਚ ਹਿੰਦੂ ਧਰਮ ਤੇ ਇਸਲਾਮ ਆਦਿਕ ਤੋਂ ਹੋਰ ਧਰਮਾਂ ਦੇ ਧਾਰਮਕ ਉਪਦੇਸ਼ਾਂ ਦੀਆਂ ਕਿਰਤਾਂ ਵੀ ਸ਼ਾਮਲ ਹਨ।''

ਸਿੱਖ ਸਤਿਗੁਰਾਂ ਨੇ ਇਨ੍ਹਾਂ ਦੀਆਂ ਕਿਰਤਾਂ ਨੂੰ ਖੁੱਦ ਆਪਣੀ ਧਰਮ ਪੁਸਤਕ ਵਿਚ ਆਪਣੀਆਂ ਕਿਰਤਾਂ ਦੇ ਨਾਲ ਸ਼ਾਮਿਲ ਕਰਨ ਲੱਗਿਆਂ, ਇਹ ਨਹੀਂ ਸੋਚਿਆ ਕਿ ਉਹ ਸ਼ੁਭ ਉਪਦੇਸ਼ਕ ਕਿਸ ਨਸਲ, ਮਤ, ਮਜ਼੍ਹਬ, ਜਾਤੀ, ਸ਼੍ਰੇਣੀ ਜਾਂ ਸਮੇਂ ਨਾਲ ਸੰਬੰਧਤ ਰਹੇ ਸਨ, ਨਾ ਹੀ ਇਹ ਕਿ ਉਹ ਕਿਹੜੀ ਬੋਲੀ ਬੋਲਣ ਵਾਲੇ, ਕਿਹੜੇ ਸੂਬੇ ਜਾਂ ਇਲਾਕੇ ਦੇ ਜੰਮਪਲ ਸਨ। ਉਹ ਤਾਂ ਨਾਮ ਦੇ ਇਸ ਪਾਵਨ ਜਹਾਜ਼ ਨੂੰ ਤਿਆਰ ਕਰਨ ਲੱਗਿਆਂ, ਆਪਣੇ ਉਸ ਸਰਬ-ਸਿਧਾਂਤ ਦੇ ਕਾਇਲ ਤੇ ਪਾਬੰਦ ਸਨ ਜਿਸ ਨੂੰ ਬਿਆਨ ਕਰਦਿਆਂ ਉਨ੍ਹਾਂ ਨੇ ਆਪ ਇਹ ਖੁਲ੍ਹੇ ਬੰਦ ਆਖਿਆ ਸੀ:

1. ਖਤ੍ਰੀ ਬ੍ਰਾਹਮਣ ਸੂਦ ਵੈਸ
   ਸਭ ਏਕੈ ਨਾਮਿ ਤਰਾਨਥ॥
   ਗੁਰੂ ਨਾਨਕ ਉਪਦੇਸੁ ਕਹਤੁ ਹੈ
   ਜੋ ਸੁਨੈ ਸੋ ਪਾਰਿ ਪਰਾਨਥ॥

2. ਖਤ੍ਰੀ ਬ੍ਰਾਹਮਣ ਸੂਦ ਵੈਸ
   ਉਪਦੇਸੁ ਚਹੁ ਵਰਨਾ ਕਉ ਸਾਝਾ॥

ਇਹ ਇਕ ਹਕੀਕਤ ਹੈ ਕਿ ਦੁਨੀਆਂ ਦੀ ਹੋਰ ਕਿਸੇ ਵੀ ਧਰਮ-ਪੁਸਤਕ ਜਾਂ ਗ੍ਰੰਥ ਵਿਚ ਅੰਨਯਮਤੀਆਂ ਦੇ ਬਰਨਾਂ ਜਾਂ ਵਿਚਾਰਾਂ ਲਈ ਇਸ ਤਰ੍ਹਾਂ ਦੀ ਕੋਈ ਜੁਗਤ, ਉਦਾਰਤਾ ਤੇ ਸਮਦ੍ਰਿਸ਼ਟੀ ਪ੍ਰਗਟ ਕੀਤੀ ਨਹੀਂ। ਉਨ੍ਹਾਂ ਵਿਚ ਕਿਸੇ ਵੀ ਗੈਰ ਧਰਮ ਦੇ ਆਗੂ ਜਾਂ ਉਪਦੇਸ਼ਕ ਨੂੰ ਅਜਿਹਾ ਧਰਮ ਗ੍ਰੰਥਕ ਸਥਾਨ (scriptural status) ਕਿਤੇ ਵੀ ਨਹੀਂ ਦਿੱਤਾ ਗਿਆ ਜਿਹੋ ਜਿਹਾ ਕਿ ਗੈਰ ਸਿੱਖ ਸੰਤਾਂ ਫਕੀਰਾਂ ਨੂੰ ਸਿੱਖ ਧਰਮ ਦੀ ਇਸ ਪਾਵਨ ਧਰਮ ਪੁਸਤਕ ਵਿਚ, ਜੋ ਇਸ ਧਰਮ ਦੇ ਪੈਰੋਕਾਰਾਂ ਦੇ ਪੂਜਨੀਕ ਇਸ਼ਟ ਵੀ ਹਨ, ਇਉਂ ਦਿੱਤਾ ਹੋਇਆ ਹੈ। ਸਿਰਫ ਇਹ ਕੁਝ ਹੀ ਨਹੀਂ। ਸਿੱਖ ਸਤਿਗੁਰਾਂ ਨੇ ਉਨ੍ਹਾਂ ਨੂੰ ਅਜਿਹੀ ਪਾਵਨ ਪਦਵੀ ਤੇ ਅਦੁੱਤੀ ਸਥਾਨ ਦੇਣ ਲੱਗਿਆਂ, ਉਨ੍ਹਾਂ ਦੇ ਮਾਣ ਤੇ ਸਨਮਾਨ ਵਿਚ ਇਥੋਂ ਤੱਕ ਇਸ ਮਹਾਨ ਤੇ ਅਦੁਤੀ ਗ੍ਰੰਥ ਵਿਚ ਲਿਖ ਦਿੱਤਾ ਹੈ:

1. ਨਾਮਾ ਛੀਬਾ ਕਬੀਰ ਜੋਲਾਹਾ
ਪੂਰੇ ਗੁਰ ਤੇ ਗਤਿ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ
ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ
ਕੋਇ ਨ ਮੇਟੈ ਭਾਈ॥

2. ਭਲੋ ਕਬੀਰੁ ਦਾਸੁ ਦਾਸਨ ਕੋ
ਊਤਮੁ ਸੈਨੁ ਜਨੁ ਨਾਈ੍
ਊਚ ਤੋਂ ਊਚ ਨਾਮਦੇਉ ਸਮਦਰਸੀ
ਰਵਿਦਾਸ ਠਾਕੁਰ ਬਣਿ ਆਈ੍

3. ਸਾਧ ਸੰਗਿ ਨਾਨਕ ਬੁਧਿ ਪਾਈ
ਹਰਿ ਕੀਰਤਨੁ ਆਧਾਰੋ।
ਨਾਮਦੇਉ, ਤ੍ਰਿਲੋਚਨੁ ਕਬੀਰ ਦਾਸਰੋ
ਮੁਕਤਿ ਭੋਇਓ ਚੰਮਿਆਰੋ॥

ਇਸੇ ਲਈ ਗੁਰਾਂ ਦੇ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਲੱਗਿਆਂ, ਕਦੇ ਨਹੀਂ ਸੋਚਦੇ ਕਿ ਉਹ ਆਪਣੇ ਆਦਿ ਗੁਰੂ, ਗੁਰੂ ਨਾਨਕ ਸਾਹਿਬ, ਨੂੰ ਟੇਕ ਰਹੇ ਹਨ ਕਿ ਨਿਮਾਜ਼ੀ ਫਰੀਦ ਜਾਂ ਸਧਨੇ ਕਸਾਈ ਜਾਂ ਸੈਨ ਨਾਈ ਜੀ ਨੂੰ। ਉਨ੍ਹਾਂ ਦਾ ਵਾਕ ਵਜੋਂ ਸਹਿਜ਼ ਸੁਭਾ ਨਿਕਲਿਆ ਸ਼ਬਦ ਗੁਰੂ ਦੇ ਸਿੱਖਾਂ ਲਈ ਉਸੇ ਤਰ੍ਹਾਂ ਦਾ ਹੁਕਮ ਹੁੰਦਾ ਹੈ ਜਿਸ ਤਰ੍ਹਾਂ ਦਾ ਗੁਰੂ ਅਰਜਨ ਸਾਹਿਬ ਦਾ ਸ਼ਬਦ ਨਿਕਲਣ ਤੇ ਉਹ ਉਹਨੂੰ ਹੁਕਮ ਵਜੋਂ ਪ੍ਰਵਾਨ ਕਰਦੇ ਹਨ।

ਇਥੇ ਇਹ ਕਹਿਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਚਿਤ ਇਹ ਸਮੂਹ ਬਾਣੀ- ਗੁਰਬਾਣੀ ਅਤੇ ਭਗਤਬਾਣੀ- ਕੇਵਲ ਕਾਵਿ ਬੱਧ ਹੀ ਨਹੀ਼, ਰਾਗਬੱਧ ਵੀ ਹੈ। ਇਹ ਤਾਂ ਹਿੰਦੁਸਤਾਨੀ ਤੇ ਗੈਰ ਹਿੰਦੁਸਤਾਨੀ ਰਾਗਾਂ ਵਿਚ ਗਾਏ ਜਾਣ ਲਈ ਸਪੱਸ਼ਟ ਤੌਰ ਤੇ ਸੂਚਿਤ ਹੈ। ਇਨ੍ਹਾਂ ਵਿਚੋਂ ਕੁਝ ਤਾਂ ਹਿੰਦੁਸਤਾਨ ਦੇ ਵਿਸ਼ੇਸ਼ ਧਰਮਾਂ ਜਾਂ ਫਿਰਕਿਆਂ ਦੇ ਮਨ ਭਾਉਂਦੇ ਰਾਗ ਹਨ- ਜਿਵੇਂ ਰਾਮਕਲੀ ਹਿੰਦੂ ਯੋਗੀਆਂ ਦਾ ਅਤੇ ਆਸਾ ਮੁਸਲਮਾਣ ਸੂਫੀਆਂ ਦਾ। ਕੁਝ ਹੋਰ ਸਭ ਹਿੰਦੁਸਤਾਨੀਆਂ ਦੇ ਸਾਂਝੇ ਮਨ- ਭਾਉਂਦੇ ਰਾਗ ਹਨ- ਜਿਵੇਂ ਬਸੰਤ ਤੇ ਮਲ੍ਹਾਰ ਆਦਿ। ਪਰ ਗੁਰੂ ਗ੍ਰੰਥ ਸਾਹਿਬ ਵਿਚ ਇਹ ਸਭ ਇਕ ਸਮਾਨ, ਬਿਨਾਂ ਕਿਸੇ ਭੇਦ-ਭਾਵ ਦੇ, ਵਰਤੇ ਹੋਏ ਹਨ ਅਤੇ ਇਉਂ ਸਭਿਆਚਾਰਕ ਪੱਖੋਂ ਵੀ ਕੌਮੀ ਏਕਤਾ ਤੇ ਇਕਸੁਰਤਾ ਦੀ ਇਕ ਵਧੀਆ ਮਿਸਾਲ ਪੇਸ਼ ਕਰ

ਰਹੇ ਹਨ। ਉਨ੍ਹਾਂ ਦੇ ਸ਼ਰਧਾਲੂ ਇਨ੍ਹਾਂ ਨੂੰ, ਇਸੇ ਲਈ, ਇਕ ਸਮਾਨ ਪਿਆਰਦੇ ਤੇ ਸਤਿਕਾਰਦੇ ਹਨ ਅਤੇ ਇਨ੍ਹਾਂ ਦੇ ਸਿਰਨਾਵਿਆਂ ਹੇਠ ਅੰਕਿਤ ਬਾਣੀ ਨੂੰ ਗਾਉਂਦੇ ਅਤੇ ਸਮੁੱਚੇ ਦੇਸ ਤੇ ਦੇਸਵਾਸੀਆਂ ਨਾਲ ਆਪਣੀ ਸਭਿਆਚਾਰਕ ਸਾਂਝ ਦਰਿੜ੍ਹ ਕਰਦੇ ਰਹਿੰਦੇ ਹਨ।

ਇਹ ਸਾਂਝ ਭਾਸ਼ਾਈ ਤੇ ਸਾਹਿਤਕ ਤੌਰ ਤੇ ਵੀ ਰਾਸ਼ਟਰੀ ਹਿੱਤ ਤੇ ਪੱਧਰ ਦੀ ਧਾਰਨੀ ਹੈ। ਜਿੱਥੋਂ ਤੱਕ ਇਨ੍ਹਾਂ ਦੀ ਭਾਸ਼ਾਈ ਮਹੱਤਤਾ ਦਾ ਸੰਬੰਧ ਹੈ, ਇਨ੍ਹਾਂ ਦੇ ਪਹਿਲੇ ਆਲੋਚਕ, ਅਨੁਵਾਦਕ ਤੇ ਵਿਆਕਰਣੀ, ਡਾ. ਅਰਨਸਟ ਟ੍ਰੰਪ (1828-1885 ਈ.) ਅਨੁਸਾਰ, 'It is .... in a linguistic point of view, of the greatest interest to us, as it is a real treasury of the old Hindui dialects, specimens of whch have been preserved therein which are not to be found anywhere else.'

ਇਹ ਸਾਡੇ ਲਈ ਭਾਸ਼ਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਭ ਨਾਲੋਂ ਵੱਧ ਦਿਲਚਸਪੀ ਦੇ ਧਾਰਨੀ ਹਨ ਕਿਉਂਕਿ ਇਹ ਪੁਰਾਤਨ ਹਿੰਦੁਈ ਬੋਲੀਆਂ ਦਾ ਅਸਲ ਭੰਡਾਰ ਹਨ ਜਿਨ੍ਹਾਂ ਦੀਆਂ ਵੰਨਗੀਆਂ ਇਨ੍ਹਾਂ ਵਿਚ ਸੁਰੱਖਿਅਤ ਹਨ ਅਤੇ ਜੋ ਹੋਰ ਕਿਤੋਂ ਵੀ ਸੁਲਭ ਨਹੀਂ। ਪੰਡਤ ਤਾਰਾ ਸਿੰਘ ਨਰੋਤਮ (1887) ਨੇ ਵੀ ਇਨ੍ਹਾਂ ਦੇ ਭਾਸ਼ਾ ਪ੍ਰਬੰਧ ਦਾ ਜ਼ਿਕਰ ਕਰਦਿਆਂ ਉਨ੍ਹਾਂ ਵੱਲੋਂ ਹੋਏ ਅਨੁਵਾਦ ਦੇ ਪਰਕਾਸ਼ਨ ਵਰ੍ਹੇ, ਪਾਵ ਸੰਨ 1877, ਵਿਚ ਲਿਖਿਆ ਸੀ:

ਗ੍ਰੰਥ ਗੁਰੂ ਮੇਂ ਗੁਰ ਕਹੀ  
ਭਾਸ਼ਾ ਦੇਸ਼ ਅਨੇਕ।  
ਸੰਸਕ੍ਰਿਤ ਪੁਨ ਪਾਰਸੀ  
ਤਿਨ ਕੋ ਕੋਸ਼ ਬਿਬੇਕ।

ਪਰੰਤੂ ਗੁਰੂ ਗ੍ਰੰਥ ਸਾਹਿਬ ਦੀ ਪ੍ਰਮੁੱਖ ਭਾਸ਼ਾ 'ਸੰਤ ਭਾਸ਼ਾ', 'ਸਧੁਕੜੀ', ਜਾਂ 'ਸਾਧ ਭਾਸ਼ਾ' ਹੈ ਜੋ ਉਤੋਕੇ ਹਿੰਦੁਸਤਾਨ ਦੀ ਇਕ ਸਰਬ-ਸਾਂਝੀ ਅਤੇ ਸੰਪਰਕ ਭਾਸ਼ਾ (Lingua franca) ਸੀ। ਸਿੱਖ ਸਤਿਗੁਰਾਂ ਦੇ ਸਮੇਂ ਇਹੋ ਭਾਸ਼ਾ ਸਮੁੱਚੇ ਦੇਸ਼ ਦੀ ਟਕਸਾਲੀ ਤੇ ਸਰਬ-ਪ੍ਰਵਾਨ ਹਿੰਦੁਸਤਾਨੀ ਸੀ, ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਹੁਤੀ ਬਾਣੀ ਦਾ ਉਸ ਰਾਸ਼ਟਰੀ ਭਾਸ਼ਾ ਵਿਚ ਰਚਿਆ ਹੋਣਾ ਇਨ੍ਹਾਂ ਦੇ ਰਾਸ਼ਟਰੀ ਗ੍ਰੰਥ (National scripture) ਹੋਣ ਦਾ ਇਕ ਹੋਰ ਪ੍ਰਤੱਖ ਸਬੂਤ ਹੈ।

ਜਿਥੋਂ ਤੱਕ ਇਨ੍ਹਾਂ ਦੀ ਸਾਹਿਤਕ ਵਿਸ਼ੇਸ਼ਤਾ ਤੇ ਮਹਾਨਤਾ ਦਾ ਸੰਬੰਧ ਹੈ, ਉਹ ਵੀ ਇਨ੍ਹਾਂ ਦੀ ਅਜਿਹੀ ਅਮੋਲਕ ਕੌਮੀ ਨਿਧੀ ਹੋਣ ਦੀ ਭਰਪੂਰ ਸਾਖ ਭਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੰਚਿਤ ਸਮੂਹ ਬਾਣੀ ਅਜਿਹੀ ਸਰਬੋਰ ਦੈਵੀ ਕਵਿਤਾ ਵਿਚ ਕਲਮਬੱਧ ਹੈ ਜਿਸ ਦਾ ਕਾਵਿ ਸੌਂਦਰਯ ਨਿਰੋਲ ਭਾਰਤੀ ਹੈ ਅਤੇ ਜੋ ਉਚਤਮ ਕਾਵਿ ਦੀਆਂ ਹਰ ਪੱਖੋਂ ਸਿਖਰਾਂ ਛੋਂਹਦੀ ਹੈ। ਸੰਸਾਰ ਦੇ ਬਹੁਤ ਸਾਰੇ

ਵਿਦਵਾਨ ਜਿਵੇਂ ਗਰੀਨਲੀਜ਼ ਲਿਖਦੇ ਹਨ: ''Among the world scriptures few, if any, attain so high a literary level or so constant a height of inspiration.... is, a part form its great religious value, certainly one of the world's masterpieces of poetry.''

ਸਾਹਿਤਕ ਪੱਧਰ ਜਾਂ ਅਨੁਭਵੀ ਗਿਆਨ ਦੀ ਅਜਿਹੀ ਨਿਰਭਰ ਉਚਾਈ ਪ੍ਰਾਪਤ ਹੋ ਸਕੀ ਹੈ।... ਗੁਰੂ ਗ੍ਰੰਥ ਸਾਹਿਬ ਮਹਾਨ ਧਾਰਮਕ ਮਹੱਤਤਾ ਦੇ ਮਾਲਕ ਹੋਣ ਤੋਂ ਛੁੱਟ ਜਾਂ ਇਲਾਵਾ ਵਿਸ਼ਵ ਕਾਵਿ ਖੇਤਰ ਦੇ ਇਕ ਸ਼ਾਹਕਾਰ ਵੀ ਹਨ। ਕਾਰਨ ਇਹ ਕਿ ਇਹ ਅਮਰ ਤੇ ਅਦੁੱਤੀ ਸ਼ਾਹਕਾਰ, ਅਜਿਹੀਆਂ ਕੋਈ ਹੋਰ ਵਿਸ਼ੇਸ਼ਤਾਈਆਂ ਤੋਂ ਇਲਾਵਾ ਕਾਵਿ ਬੱਧ ਹੋਣ ਦੇ ਨਾਲ-ਨਾਲ, ਰਾਗ-ਬੱਧ ਵੀ ਤੇ ਤਾਲ-ਬੱਧ ਵੀ ਹੈ। ਇਸ ਦੇ ਪੰਨਿਆਂ ਵਿਚ ਹਰ ਸਮੇਂ ਸਥਾਨ ਤੇ ਸਥਿਤੀ ਨਾਲ ਸੰਬੰਧਤ ਮਨੁੱਖ ਜਾਤੀ ਤੇ ਸੁਧਾਰ ਤੇ ਉਧਾਰ ਲਈ ਜੋ ਆਦਰਸ਼ਕ ਸਾਡੀ ਰਾਹ ਅੰਕਿਤ ਹੈ, ਉਸਨੂੰ ਜਿਸ ਸਾਹਿਤਕ ਰੰਗ ਤੇ ਕਲਾਤਮਕ ਢੰਗ ਨਾਲ ਬਿਆਨ ਕੀਤਾ ਗਿਆ ਹੈ, ਉਹ ਬੜੀ ਅਨੂਠੀ, ਰੂਹ-ਖੇੜਵੀਂ ਅਤੇ ਰੂਹ-ਟੁੰਬਵੀਂ ਹੈ। ਤਦੇ ਤਾਂ, ਨੋਬਲ ਪ੍ਰਾਇਜ਼ ਜੇਤੂ, ਮਿਸ ਪਰਲ ਬਕ ਨੇ ਆਪਦੇ ਨਿਜੀ ਅਧਿਐਨ ਤੋਂ ਅਨੁਭਵ ਦੇ ਆਧਾਰ ਤੇ ਲਿਖਿਆ ਸੀ: ''I have studied the scriptures of other great religions, but I do not find else where the same power of appeal to the heart and mind us I find here."

ਮੈਂ ਹੋਰ ਮਹਾਨ ਧਰਮਾਂ ਦੀਆਂ ਧਰਮ ਪੁਸਤਕਾਂ ਵੀ ਪੜ੍ਹੀਆਂ ਵਿਚਾਰੀਆਂ ਹਨ ਪਰ ਦਿਲ ਤੇ ਮਨ ਨੂੰ ਅਪੀਲਣ ਦੀ ਜੋ ਸ਼ਕਤੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਦਿਆਂ ਪ੍ਰਾਪਤ ਹੋਈ ਹੈ, ਉਹ ਹੋਰ ਕਿਸੇ ਵੀ ਧਰਮ ਪੁਸਤਕ ਦੇ ਅਧਿਐਨ ਤੋਂ ਪ੍ਰਾਪਤ ਨਹੀਂ ਹੋ ਸਕਦੀ। ਪਰਲ ਬਕ ਨੇ ਇਹ ਵਿਚਾਰ ਡਾ. ਗੋਪਾਲ ਸਿੰਘ ਵਲੋਂ ਹੋਏ ਇਨ੍ਹਾਂ ਦੇ ਅੰਗਰੇਜ਼ੀ ਅਨੁਵਾਦ (ਭਾਵ ਮੂਲ ਪਾਠ ਨੂੰ ਨਹੀਂ ਜੋ ਉਨ੍ਹਾਂ ਨੂੰ ਮਾਨੋ ਕੀਲ ਹੀ ਲੈਂਦਾ) ਨੂੰ ਹੀ ਪੜ ਕੇ ਪ੍ਰਗਟ ਕੀਤਾ ਸੀ ਅਤੇ ਅੱਗੇ ਜਾ ਕੇ ਇਹ ਵੀ ਲਿਖਿਆ ਸੀ: 'Perhaps this sense of unity is the source of power, I find in these volumes. They speak to persons of any religion or of name. They speak for the human heart and the searching mind. ... Through them we see a Beyond that belongs to us all. The result is a universal rerelation.'

ਉਪਰੋਕਤ ਸ਼ਕਤੀ ਦਾ ਸੋਮਾ ਸ਼ਾਇਦ ਮਾਨਵ ਏਕਤਾ ਦੀ ਇਹ ਸੂਝ ਹੈ। ਇਨ੍ਹਾਂ ਦਾ ਉਪਦੇਸ਼ ਹਰ ਧਰਮ ਨਾਲ ਸੰਬੰਧਤ ਲੋਕਾਂ ਲਈ ਹੈ। ਉਹ ਇਨਸਾਨੀ ਦਿਲ ਅਤੇ ਖੋਜੀ ਮਨ ਦੀ

ਆਵਾਜ਼ ਹਨ।.... ਉਨ੍ਹਾਂ ਰਾਹੀਂ ਅਸੀਂ ਪਰਲੋਕ ਦੇ ਦੀਦਾਰ ਕਰਦੇ ਹਾਂ ਜਿਸ ਨਾਲ ਅਸੀਂ ਸਾਰੇ ਸੰਬੰਧਿਤ ਹਾਂ। ਇਸ ਦਾ ਸਿੱਟਾ ਇਕ ਵਿਸ਼ਵਪਿਆਪੀ ਇਲਹਾਮ ਹੈ।''

# ਅੰਤਿਕਾ - 2

## ਭਾਈ ਨੰਦ ਲਾਲ ਦੇ ਵਿਚਾਰਾਂ ਵਿਚ : ਗੁਰੂ ਗ੍ਰੰਥ ਸਾਹਿਬ ਇਕ ਬੇਮਿਸਾਲ ਰਚਨਾ

ਗੁਰੂ ਗ੍ਰੰਥ ਸਾਹਿਬ ਦੀ ਇਹ ਵਿਲੱਖਣ ਵਡਿਆਈ ਉਨ੍ਹਾਂ ਨੂੰ ਕੇਵਲ ਰਾਸ਼ਟਰੀ ਹੀ ਨਹੀਂ, ਆਪਣੀ ਕਿਸਮ ਦਾ ਇਕੋ-ਇਕ ਅੰਤਰ-ਰਾਸ਼ਟਰੀ ਗ੍ਰੰਥ (International Scripture) ਵੀ ਸਿੱਧ ਕਰਦੀ ਹੈ। ਸਾਧੂ ..... ਐਲ.ਵਸਵਾਨੀ ਨੇ ਇਸੇ ਕਰਕੇ ਇਨ੍ਹਾਂ ਨੂੰ a wonderful scripture... a world scripture ਇਕ ਅਦਭੂਤ ਧਰਮ ਗ੍ਰੰਥ ... ਵਿਸ਼ਵ ਪਰਮਗ੍ਰੰਥ ਮੰਨਿਆ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ Of all the great gifts of Divine Poetry of the Realised Being to mankind, the most fascinating is that we Sikhs in the Punjab call Guru Granth. It is the scripture of all nations, for it is the lyric of Divine Love, and all people of this earth subsist on such glowing lyrical prayer.

''ਗਿਆਨਵਾਨ ਪੁਰਖਾਂ ਵੱਲੋਂ ਮਨੁੱਖਤਾ ਨੂੰ ਦੈਵੀ ਕਾਵਿ ਦੀਆਂ ਦਿੱਤੀਆਂ ਸਭ ਮਹਾਨ ਸੁਗਾਤਾਂ ਵਿਚੋਂ ਸਭ ਤੋਂ ਵੱਧ ਮਨੋਹਰ ਸੁਗਾਤ ਉਹ ਹੈ ਜਿਸ ਨੂੰ ਅਸੀਂ ਪੰਜਾਬ ਵਿਚ ਰਹਿ ਰਹੇ ਸਿੱਖ ਗੁਰੂ ਗ੍ਰੰਥ ਸਾਹਿਬ ਆਖਦੇ ਹਾਂ। ਇਹ ਸਭ ਕੋਮਾਂ ਦੇ ਸਾਂਝੇ ਧਰਮ ਗ੍ਰੰਥ ਹਨ ਕਿਉਂਕਿ ਇਹ ਈਸ਼ਵਰੀ ਪ੍ਰੀਤ ਦਾ ਸਰੋਦੀ ਕਾਵਿ ਹਨ ਅਤੇ ਇਸ ਧਰਤੀ ਦੇ ਸਭ ਲੋਕ ਅਜਿਹੀ ਨਿੱਘੀ ਸਰੋਦੀ ਅਰਦਾਸ ਸਦਕੇ ਹੀ ਜੀਅ ਰਹੇ ਹਨ।''

ਈਸ਼ਵਰੀ ਪ੍ਰੀਤ ਦਾ ਇਹ ਅਦੁੱਤੀ ਸਰੋਦੀ ਕਾਵਿ ਕੇਵਲ ਸਿੱਖਾਂ, ਪੰਜਾਬੀਆਂ ਜਾਂ ਹਿੰਦੁਸਤਾਨੀਆਂ ਲਈ ਹੀ ਨਹੀਂ, ਸਮੂਹ ਮਨੁੱਖ ਜਾਤੀ ਦੀ ਭਲਾਈ ਅਗਵਾਈ ਤੇ ਨਿਸਤਾਰੇ ਲਈ ਤਿਆਰ ਕੀਤਾ ਗਿਆ ਸੀ। ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ, ਦੇ ਹੇਠ-ਲਿਖੇ ਫਰਮਾਨ ਮੁਤਾਬਕ 'ਇਹ ਤਾਂ ਸਾਰੇ ਜਹਾਨ ਦੇ ਤਾਰਨ ਲਈ ਬਣਾਇਆ ਗਿਆ ਸੀ। ਇਸ ਨੂੰ (ਹਿੰਦੂ, ਮੁਸਲਮਾਨ, ਈਸਾਈ ਬੋਧੀ, ਜੈਨੀ) ਕੋਈ ਪਿਆਰ ਕਰੇ, ਕਰ ਸਕਦਾ ਹੈ। ਇਸ ਵਿਚ ਕਿਸੇ ਲਈ ਕੋਈ ਬੰਦਸ਼ ਨਹੀਂ।'

ਗੁਰ ਦਰਸਨਿ ਉਧਰੈ ਸੰਸਾਰਾ॥
ਜੇ ਕੋ ਲਏ ਭਾਉ ਪਿਆਰਾ॥

ਗੁਰੂ ਗ੍ਰੰਥ ਸਾਹਿਬ ਦਾ ਮੁੱਖ ਉਦੇਸ਼ ਹੀ ਮਾਨਵ-ਕਲਿਆਣ ਹੈ। ਇਨ੍ਹਾਂ ਦਾ ਸੰਦੇਸ਼ ਤੇ ਉਪਦੇਸ਼, ਹੇਠ ਲਿਖੇ ਨਿਸ਼ਚੇ ਤੇ ਨਿਸ਼ਾਨੇ ਅਨੁਸਾਰ, ਸਭ ਦੇ ਸਾਂਝੇ ਰੱਬ, ਸਾਂਝੀ ਮਨੁੱਖਤਾ ਤੇ ਸਾਂਝੇ ਸਦਾਚਾਰ ਨਾਲ ਹੀ ਸੰਬੰਧਤ ਹੈ:

1. ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭਸੈ ਲਏ ਮਿਲਾਇ ਜੀਉ।

2. ਸਤਿਗੁਰੁ ਸਭਨਾ ਦਾ ਭਲਾ ਮਨਾਇਦਾ,
ਤਿਸ ਦਾ ਬੁਰਾ ਕਿਉ ਹੋਇ॥

3. ਏਕੁ ਪਿਤਾ
ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰ ਹਾਈ।

4. ਸਭ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ।

5. ਐ ਜੀ ਨ ਹਮ ਉਤਮ
ਨੀਚ ਨ ਮਧਿਮ
ਹਰਿ ਸਰਣਾਗਤਿ
ਹਰਿ ਕੇ ਲੋਗ।

6. ਸਰਹੁ ਓਰੈ ਸਭ ਕੋ।

ਇਨ੍ਹਾਂ ਵਿਚ ਜਿਸ ਧਰਮ ਤੇ ਸਦਾਚਾਰ ਨੂੰ ਅਮਲੀ ਤੌਰ ਤੇ ਅਪਣਾਉਣ ਤੇ ਕਮਾਉਣ ਲਈ ਪਰੇਰਿਆ ਗਿਆ ਹੈ ਉਹ ਸਾਰੀ ਮਨੁੱਖਤਾ ਲਈ ਇਕੋ ਹੈ, ਸਰਬ ਸਾਂਝਾ ਤੇ ਸਰਬਕਾਲੀ ਹੈ; ਅਤੇ ਉਸ ਦਾ ਲੱਛਣ ਵੀ ਇਨ੍ਹਾਂ ਦੇ ਵਿਲੱਖਣ ਹੋਣ ਦਾ ਇਕ ਹੋਰ ਸਬੂਤ ਪੇਸ਼ ਕਰਦਾ ਹੈ:

1. ਏਕੋ ਧਰਮੁ ਦ੍ਰਿੜੈ ਸਚੁ ਕੋਈ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ॥

2. ਸਰਬ ਧਰਮ ਮਹਿ ਸ੍ਰੇਸ਼ਟ ਧਰਮ॥
ਹਰਿ ਕੋ ਨਾਮ ਜਪਿ ਨਿਰਮਲ ਕਰਮੁ॥

ਅਜਿਹੇ ਧਰਮ ਅਨੁਸਾਰ ਮਨੁੱਖ ਦੀ ਆਤਮਕ, ਸਰੀਰਕ, ਸਮਾਜਕ ਤੇ ਆਰਥਕ ਉਨਤੀ ਲਈ ਜੋ ਜੀਵਨ ਜੁਗਤੀ ਦਸੀ ਗਈ ਹੈ, ਇਕੋ ਪ੍ਰਭੂ ਦਾ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਜੋ ਫਾਰਮੂਲਾ ਪੇਸ਼ ਕੀਤਾ ਗਿਆ ਹੈ, ਉਹ ਸਰਬ ਸਾਂਝਾ ਤੇ ਸਰਬ ਹਿਤਕਾਰੀ ਹੈ:

1. ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

2. ਵਿਚਿ ਦੁਨੀਆ ਸੇਵ ਕਮਾਈਐ॥
ਤਾਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥

3. ਉਦਮੁ ਕਰੇਦਿਆ ਜੀਉ ਤੂੰ
ਕਮਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ
ਨਾਨਕ ਉਤਰੀ ਚਿੰਤ॥

ਗੁਰੂ ਗ੍ਰੰਥ ਸਾਹਿਬ ਵਿਚ, ਕੁਝ ਹੋਰ ਧਰਮ ਗ੍ਰੰਥਾਂ ਵਾਂਗ ਕਿਸੇ ਵੀ ਧਰਮ ਜਾਂ ਫਿਰਕੇ ਦੀ ਨਾ ਕੋਈ ਕਥਾ-ਕਹਾਣੀ। ਨਾ ਇਤਿਹਾਸ ਮਿਥਿਹਾਸ, ਨਾ ਜੰਤਰ-ਮੰਤਰ, ਨਾ ਕਰਮ-ਕਾਂਢ, ਨਾ ਰੀਤਾਂ-ਰਸਮਾਂ ਅਤੇ ਨਾ ਹੀ ਵਿਧੀਆਂ-ਵਿਧਾਨ ਵਰਣਿਤ ਹਨ। ਜੋ ਕੁਝ ਕਿਤੇ ਚਿੰਨ੍ਹ, ਬਿੰਬ ਜਾਂ ਦ੍ਰਿਸ਼ਟਾਂਤ ਵਜੋਂ ਵਰਤਿਆ ਗਿਆ ਹੈ, ਉਸ ਦੀ ਵਰਤੋਂ ਵੀ ਹੇਠ ਲਿਖੇ ਅਸੂਲ ਅਨੁਸਾਰ ਸਰਬਤ ਦੇ ਭਲੇ ਨੂੰ ਮੁਖ ਰੱਖ ਕੇ ਕੀਤੀ ਗਈ ਹੈ:

ਪਰਥਾਇ ਸਾਖੀ ਮਹਾ ਪੁਰਖ ਬੋਲਦੇ
ਸਾਝੀ ਸਗਲ ਜਹਾਨੈ।

ਉਕਤ ਸੰਦੇਸ਼ਾਂ ਤੇ ਉਪਦੇਸ਼ਾਂ ਆਦਿ ਤੋਂ ਛੁੱਟ, ਜੋ ਅਰਜਾਂ ਤੇ ਬੇਨਤੀਆਂ ਵੀ ਕੀਤੀਆਂ ਗਈਆਂ ਹਨ, ਉਹ ਸਾਰੀ ਸ੍ਰਿਸ਼ਟੀ ਦੇ ਸਿਰਜਨਹਾਰ ਨੂੰ ਹੀ ਸੰਬੋਧਿਤ ਹਨ ਅਤੇ ਸਰਬਤ ਦੇ ਭਲੇ ਲਈ ਹੀ ਕੀਤੀਆਂ ਹੋਈਆਂ ਹਨ। ਜਿਵੇਂ:

1. ਸਭੇ ਜੀਅ ਸਮਾਲਿ
ਆਪਦੀ ਮਿਹਰ ਕਰੁ॥
ਅੰਨੁ ਪਾਣੀ ਮੁਚੁ ਉਪਾਇ
ਦੁਖ ਦਾਲਦੁ ਭੰਨਿ ਤਰੁ।

2. ਤੁਮ ਕਰਹੁ ਦਇਆ ਮੇਰੇ ਸਾਈ॥
ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ
ਸਦਾ ਧਿਆਈ॥

3. ਸਭੁ ਕੋ ਤੇਰਾ
ਤੂੰ ਸਭਨਾ ਕਾ

ਮੇਰੇ ਕਰਤੇ ਤੁਧੁ ਸਭਨਾ ਸਿਰਿ ਲਿਖਿਆ ਲੇਖੁ॥

4. ਤੇਰੇ ਜੀਅ ਜੀਆ ਕਾ ਤੋਹਿ
ਕਿਤ ਕਉ ਸਾਹਿਬ ਆਵਹਿ ਰੋਹਿ॥

5. ਸਭੁ ਕੋ ਆਸੈ ਤੇਰੀ ਬੈਠਾ
ਘਟ ਘਟ ਅੰਤਰਿ ਤੂੰਹੈ ਵੂਠਾ॥
ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੇ ਨ ਦਿਸਹਿ ਬਾਹਰਾ ਜੀਉ॥

ਇਹ ਅਰਜਾਂ ਤੇ ਬੇਨਤੀਆਂ ਅਜਿਹੇ ਅਨੂਠੇ ਅੰਦਾਜ਼, ਤੇ ਵਿਸ਼ਵਾਸ਼, ਆਸ਼ਾਵਾਦ ਤੇ ਸਰਵਸ਼ੁਭਵਾਦ, ਸਾਹਿਤ ਕੀਤੀਆਂ ਹੋਈਆਂ ਹਨ ਕਿ ਇਨ੍ਹਾਂ ਨੂੰ ਪੜ੍ਹਨ, ਗਾਉਣ, ਸੁਣਨ ਨਾਲ ਡੋਲ ਰਹੇ ਮਨੁੱਖ ਦੀ ਅੰਤਰ-ਆਤਮਾ ਮੁੜ ਸਾਵਧਾਨ ਹੋ ਜਾਂਦੀ ਹੈ, ਨਿਰਾਸ਼ ਬੰਦੇ ਦੀਆਂ ਅੱਖਾਂ ਸਾਹਮਣੇ ਕੇਵਲ ਆਸ ਹੀ ਨਹੀਂ, ਚੜ੍ਹਦੀਕਲਾ ਵੀ ਲਿਸ਼ਕਾਰੇ ਮਾਰਨ ਲਗ ਪੈਂਦੀ ਹੈ ਜਿਵੇਂ:

1. ਮਿਹਰਵਾਨ, ਸਾਹਿਬ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨ॥
ਜੀਅ ਸਗਲ ਕਉ ਦੇਇ ਦਾਨੁ।
ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ
ਜਿਨ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ।

2. ਜਿਸ ਕੇ ਸਿਰ ਊਪਰਿ
ਤੂੰ ਸੁਆਮੀ
ਸੋ ਦੁਖੁ ਕੈਸਾ ਪਾਵੈ॥

3. ਪ੍ਰਭਜੀਉ ਤੂ ਮੇਰੋ ਸਾਹਿਬੁ ਦਾਤਾ॥
ਕਰਿ ਕਿਰਪਾ ਪ੍ਰਭੁ ਦੀਨ ਦਇਆਲਾ
ਗੁਣ ਗਾਵਉ ਰੰਗਿ ਰਾਤਾ।

4. ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ॥
ਤੂ ਮੇਰੇ ਜੀਅ ਪ੍ਰਾਨ ਸੁਖਦਾਤਾ॥
ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ॥
ਤੁਝ ਬਿਨੁ ਅਵਰੁ ਨਹੀ ਕੋ ਮੇਰਾ॥

ਗੁਰੂ ਗ੍ਰੰਥ ਸਾਹਿਬ ਵਿਚ ਸਚਿਤ ਅਜਿਹੀ ਸਾਰੀ ਰਚਨਾ ਦਾ ਵਿਤ ਤੇ ਆਸ਼ਾ ਇਵੇਂ ਹੀ ਵਿਸ਼ਾਲ, ਸਰਬ-ਦੇਸੀ ਤੇ ਸਰਬ-ਕਾਲੀ ਹੈ। ਉਸਦਾ ਦ੍ਰਿਸ਼ਟੀਕੋਣ ਵਿਸ਼ਵਾਰਬੀ, ਸਰਬ-ਹਿਤਕਾਰੀ ਅਤੇ ਸਰਬ- ਕਲਿਆਣਕਾਰੀ ਹੈ। ਤਦੇ ਤਾਂ ਟੋਇਨਬੀ ਨੇ ਇਨ੍ਹਾ ਨੂੰ a catholic anthology

ਇਕ ਸਰਬ-ਹਿਤਕਾਰੀ ਸ਼ਬਦ-ਸੰਗ੍ਰਹ' ਦਸਦਿਆਂ ਅਤੇ 'mankind's common spiritual treasure' 'ਮਨੁੱਖ ਜਾਤੀ ਦਾ ਸਾਂਝਾ ਰੂਹਾਨੀ ਖਜ਼ਾਨਾ ਮੰਨਦਿਆਂ, ਲਿਖਿਆ ਹੈ: ''It is important that it should be brought within the direct reach of as many people as possible.'' ਇਹ ਜ਼ਰੂਰੀ ਹੈ ਕਿ ਵਧ ਤੋਂ ਵੱਧ ਲੋਕਾਂ ਨੂੰ ਇਸ (ਖਜ਼ਾਨੇ) ਦੇ ਨੇੜੇ ਪਹੁੰਚਾਇਆ ਅਤੇ ਇਸ ਤੋਂ ਵਰੋਸਾਇਆ ਜਾਵੇ।'

## II

ਸੰਨ 1960 ਈ. ਵਿਚ ਆਪਣੇ ਉਕਤ ਵਿਚਾਰ ਨੂੰ ਦੱਸਣ ਲਗਿਆਂ East to West ਦੇ ਵਿਦਵਾਨ ਕਰਤਾ ਤੇ ਸੁਪ੍ਰਸਿੱਧ ਇਤਿਹਾਸਕਾਰ, ਟੌਇਨਬੀ, ਨੇ ਇਹ ਵੀ ਦੱਸਿਆ ਸੀ ਕਿ 'ਮਨੁੱਖਤਾ ਦਾ ਧਾਰਮਕ ਭਵਿੱਖ ਧੁੰਦਲਾ ਹੋ ਸਕਦਾ ਹੈ, ਫਿਰ ਵੀ ਇਕ ਗੱਲ ਪਹਿਲਾਂ ਹੀ ਭਾਂਖੀ ਜਾ ਸਕਦੀ ਹੈ, ਇਨ੍ਹਾਂ ਦਿਨਾਂ ਵਿਚ ਦੁਨੀਆਂ ਦੇ ਸਭ ਹਿੱਸਿਆਂ ਅਤੇ ਮਨੁੱਖੀ ਨਸਲ ਦੀਆਂ ਸਭ ਸ਼ਾਖਾਂ ਵਿਚ ਆਵਾਜਾਈ ਤੇ ਸੰਚਾਰ ਦੇ ਵੱਧ ਰਹੇ ਸਾਧਨਾਂ ਦੇ ਸਦਕੇ, ਮੌਜੂਦਾ ਵੱਡੇ ਧਰਮ ਇਕ ਦੂਜੇ ਉਤੇ ਪਹਿਲਾਂ ਨਾਲੋਂ ਕਿਤੇ ਵਧੇਰੇ ਅਸਰ ਪਾਉਣ ਵਾਲੇ ਹਨ। ਇਸ ਹੋਣ ਵਾਲੇ ਧਾਰਮਕ ਵਿਚਾਰ-ਵਟਾਂਦਰੇ ਵਿਚ ਸਿੱਖ ਧਰਮ ਅਤੇ ਉਸ ਦੀ ਧਰਮ-ਪੁਸਤਕ, ਗੁਰੂ ਗ੍ਰੰਥ ਸਾਹਿਬ, ਕੋਲ ਬਾਕੀ ਦੁਨੀਆਂ ਨੂੰ ਦੱਸ ਦੇਣ ਲਈ ਖਾਸ ਵੱਡਮੁਲੀ ਵਸਤ ਮੌਜੂਦ ਹੋਵੇਗੀ।' ਟੌਇਨਬੀ ਨੇ ਇਸ 'ਖਾਸ ਵੱਡਮੁੱਲੀ ਵਸਤ' ਨਾਂ ਦੱਸਿਆ ਹੈ ਅਤੇ ਨਾ ਹੀ ਇਸ ਦੀ ਵਿਆਖਿਆ ਕੀਤੀ ਹੈ। ਉਸਦੀ ਇਹ ਭਵਿੱਖ ਬਾਣੀ ਅੱਜ ਤੋਂ 25 ਵਰ੍ਹੇ ਪਹਿਲਾਂ ਦੀ ਕਲਮਬੱਧ ਹੈ। ਪਰ ਇਸ ਪਾਵਨ ਤੇ ਮਹਾਨ ਧਰਮਗ੍ਰੰਥ ਦੇ ਪੂਜਯ ਨਿਰਮਾਤਾ, ਗੁਰੂ ਅਰਜਨ ਦੇਵ ਜੀ, ਨੇ ਇਹ ਸਭ ਕੁੱਝ, ਅੱਜ ਤੋਂ 407 ਵਰ੍ਹੇ ਪਹਿਲਾਂ, ਇਨ੍ਹਾਂ ਦਾ ਭੋਗ ਪਾਉਣ ਲਗਿਆਂ ਇਉਂ ਐਲਾਨਿਆ ਦੱਸ ਦਿੱਤਾ ਸੀ:

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ॥

ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ॥
ਏਹੁ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ॥

ਟੋਇਨਬੀ ਨੇ ਇਸ ਮਹਾਨ ਧਰਮ ਗ੍ਰੰਥ ਜਾਂ ਪੁਸਤਕ ਲਈ ਖਜ਼ਾਨੇ ਦੀ ਤਸ਼ਬੀਹ ਵਰਤੀ ਹੈ, ਸੁਤਿਗੁਰਾਂ ਨੇ ਉਸ ਨੂੰ ਇਹ ਅਨੂਠੇ ਬਾਲ ਨਾਲ ਤੁਲਨਾਉਂਦਿਆਂ ਫਰਮਾਇਆ ਸੀ: ''ਇਸ ਗ੍ਰੰਥ ਸਾਹਿਬ ਰੂਪੀ ਬਾਲ ਵਿਚ ਜੋ ਆਤਮਕ ਖੁਰਾਕ ਪਰੋਸੀ ਗਈ ਹੈ ਉਸ ਵਿਚ ਤਿੰਨ ਵਸਤਾਂ... ਸੱਚਾਈ, ਸੰਤੋਖ ਤੇ ਵਿਚਾਰ- ਸ਼ਾਮਿਲ ਹਨ। (ਉਨ੍ਹਾਂ ਨੂੰ ਰਲਾ-ਮਿਲਾ ਕੇ ਓਜੋਨ ਬਣਾਉਣ ਲਈ ਪਾਦੀ ਦੀ ਥਾਂ) ਪ੍ਰਭੂ ਦਾ ਅੰਮ੍ਰਿਤਈ ਨਾਮ ਪਿਆ ਹੋਇਆ ਹੈ ਜਿਸ ਦਾ ਸਮੂਹ ਸੰਸਾਰ ਨੂੰ ਆਸਰਾ ਹੈ। ਅਧਿਆਤਮਕ ਅਨੁਭਵ ਤੇ ਵਿਵੇਕ ਦੇ ਇਸ ਅੰਮ੍ਰਿਤਮਈ ਭੋਜਨ ਨੂੰ, ਜੋ ਕੋਈ ਖਾਏਗਾ, ਪਚਾਏਗਾ ਤੇ ਇਉਂ ਇਸ ਦਾ ਅਨੰਦ ਮਾਣੇਗਾ, ਉਸ ਦੀ ਪੂਰਨ ਤ੍ਰਿਪਤੀ ਤੇ ਕਲਿਆਣ ਹੋਵੇਗਾ। (ਹੇ ਦੁਨੀਆਂ ਦੇ ਲੋਕੋ! ਦੁਨੀਆ ਦੀਆਂ ਹੋਰ ਸਭ ਖੁਰਾਕਾਂ ਬਿਨਾ ਗੁਜ਼ਾਰਾ ਹੋ ਸਕਦਾ ਹੈ ਪਰ ਇਸ ਬਿਨਾਂ ਮਨੁੱਖ ਜਾਤੀ ਜੀਉਂਦੀ ਨਹੀਂ ਰਹਿ ਸਕਦੀ। ਇਸ ਲਈ ਇਹ ਖੁਰਾਕ ਛੱਡੀ ਨਹੀਂ ਜਾ ਸਕਦੀ। ਤਦੇ ਤਾਂ ਇਸ ਨੂੰ ਸਦਾ ਹਿਰਦੇ ਵਿਚ ਸੰਭਾਲ ਕੇ ਰਖੋ। ਅਗਿਆਨ ਦੇ ਹਨੇਰੇ ਸੰਸਾਰ-ਸਾਗਰ ਤੋਂ ਗੁਰੂ ਦੇ ਚਰਨੀਂ ਲਗ ਕੇ ਤਰੀਦਾ ਹੈ। ਫਿਰ ਸਭ ਪਾਸੇ ਪ੍ਰਭੂ ਦਾ ਪਸਾਰਾ ਹੀ ਨਜ਼ਰ ਆਉਣ ਲਗ ਪੈਂਦਾ ਹੈ।'' ਗੁਰੂ ਅਰਜਨ ਦੇਵ ਜੀ ਦੇ ਇਸ ਪਾਵਨ ਸ਼ਬਦ ਦੇ ਉਕਤ ਭਾਵ ਨੂੰ ਇਸ ਲੇਖ ਦੇ ਸ਼ੁਰੂ ਵਿਚ ਵਰਣਿਤ ਦੋਹਿਆਂ (ਆਗਿਆ ਬਈ ਅਕਾਲ ਕੀ....) ਦੇ ਭਾਵ ਨਾਲ ਮੇਲਿਆਂ, ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਾ ਤੇ ਮਿਹਰ ਦਾ ਅਹਿਸਾਸ ਹੋਰ ਤੀਖਣ ਹੋ ਜਾਂਦਾ ਹੈ।

## III

ਗੁਰੂ ਗ੍ਰੰਥ ਸਾਹਿਬ ਦੀ ਅਜਿਹੀ ਅਦੁੱਤੀ ਮਹੱਤਾ ਤੇ ਮਹਾਨਤਾ, ਵਿਸ਼ੇਸ਼ਤਾ ਤੇ ਵਿਲੱਖਣਤਾ ਨੂੰ ਹੀ ਮੁੱਖ ਰੱਖਦਿਆਂ, ਟੋਇਨਬੀ ਤੋਂ ਵੀ ਦਹਾਕਾ ਕੁ ਪਹਿਲਾਂ ਯੇਲ ਯੂਨੀਵਰਸਿਟੀ, ਅਮਰੀਕਾ ਵਿਚ ਤੁਲਨਾਤਮਕ ਧਰਮਾਂ ਦੇ ਪ੍ਰੋਫੈਸਰ, ਜੇ.ਸੀ. ਆਰਚਰ, ਨੇ 1949 ਈ. ਵਿਚ ਲਿਖਿਆ ਸੀ ਕਿ ਗੁਰੂ ਗ੍ਰੰਥ ਸਾਹਿਬ is a sacred scripture worth knowing in the west ਇਕ ਅਜਿਹੀ ਪਵਿੱਤਰ ਧਰਮ ਪੁਸਤਕ ਹਨ ਜਿਨ੍ਹਾਂ ਤੋਂ ਜਾਣੂ ਹੋਣਾ ਪੱਛਮ ਲਈ ਲਾਹੇਵੰਦ ਹੈ। ਪਰ ਪੱਛਮ ਨੂੰ ਪੂਰਬ ਵਿਚ ਪਰੋਸੇ ਹੋਏ ਇਸ ਅਦੁੱਤੀ ਥਾਲ ਨੂੰ ਅਧਿਆਤਮਕ ਖਜ਼ਾਨੇ ਦੀ ਸ਼ੋਅ ਅਠਾਰ੍ਹਵੀਂ ਸਦੀ ਦੇ ਅਖੀਰ ਹੀ ਮਿਲਣੀ ਸ਼ੁਰੂ ਹੋ ਗਈ ਸੀ।

# ਪੁਸਤਕ-ਸੂਚੀ


**ਫਾਰਸੀ ਕਿਤਾਬਾਂ:**

1. ਅਮਰਨਾਮਾ ਸੰਪਾਦਨਾ ਗੰਡਾ ਸਿੰਘ, ਸਿੱਖ ਹਿਸਟਰੀ ਸੁਸਾਇਟੀ, ਅੰਮ੍ਰਿਤਸਰ, 1975.
2. ਅਦਵਾਰ ਬਰਾਊਨ, ਤਾਰੀਖੇ ਅਦਬੀਯਾਤੇ ਈਰਾਨ, ਜਿਲਦ ਨੰ: 1, ਅਨੁਵਾਦਕ ਅਲੀਪਾਸ਼ਾ ਸਾਲਿਹ, ਕਿਤਾਬ ਖਾਨਾ ਇਬਨੇ ਸੈਨਾ, ਤਹਿਰਾਨ, 1335 ਹਿਜ਼.
3. ਬੋਸਤਾਨੇ ਸਅਦੀ, ਵਿਆਖਿਆਕਾਰ ਮੌਲਾਨਾ ਕਾਜ਼ੀ ਸੱਜਾਦ ਹੁਸੈਨ, ਸਬਰੰਗ ਕਿਤਾਬਘਰ, ਦਿੱਲੀ, 1374.
4. ਤਸਨੀਫਤੇ-ਗੋਯਾ, ਸੰਪਾਦਨਾ ਗਿਆਨੀ ਮਹਾ ਸਿੰਘ, ਖਾਲਸਾ ਟਰੈਕਟ ਸੁਸਾਇਟੀ, ਅੰਮ੍ਰਿਤਸਰ, 1963.
5. ਰਜ਼ਾ ਜ਼ਾਦਾ ਸ਼ਫਕ, ਤਾਰੀਖੇ ਅਦਬੀਯਾਤੇ ਈਰਾਨ, ਇੰਤਸ਼ਾਰਾਤ ਅਮੀਰ ਕਬੀਰ, ਤਹਿਰਾਨ, 1341 ਹਿਜ.
6. ਜਲਾਲ ਇਬਨੇ ਹੁਮਾਈ, ਤਾਰੀਖੇ ਅਦਬੀਯਾਤੇ ਈਰਾਨ, ਇੰਤਰਾਸ਼ਾਰਾਤ, ਕਿਤਾਬ ਫਰੋਸ਼ੀ, ਫਰੋਗੀ, ਤਹਿਰਾਨ 1340 ਹਿਜ.
7. ਦਰਬਾਰਾ-ਏ-ਰੁਬਾਈਯਾਤੇ ਉਮਰ ਖੱਯਾਮ, ਸੰਪਾਦਨਾ ਹਸਨ ਦਾਨਿਸ਼ਖਰ ਇੰਤਸਾਰਾਤ ਤਹਿਰਾਨ, ਮਿਤੀਹੀਣ।
8. ਦੀਵਾਨੇ ਅਮੀਰ ਖੁਸਰੋ ਦਿਹਲਵੀ, ਸੰਪਾਦਨਾ ਡਾ. ਅਨਵਾਹੁਲ ਹਸਨ, ਰਾਜਾ ਰਾਮ ਕੁਮਾਰ ਬੁੱਕ ਡਿੱਪੂ, ਨਵਲ ਕਿਸ਼ੋਰ ਬੁੱਕ ਡਿੱਪੂ, ਲਖਨਊ, 1967.
9. ਦੀਵਾਨੇ ਕਾਮਿਲ ਅਮੀਰ ਖੁਸਰੋ ਦਿਹਲਵੀ ਸੰਪਾਦਨਾ ਮੀਮ ਦਰਵੇਸ਼ ਇੰਤਸ਼ਾਰਾਤ ਜਾਵਿਲਾਂ, ਤਹਿਰਾਨ, 1393 ਹਿਜ.
10. ਦੀਵਾਨੇ ਅਸ਼ਆਰ ਬਾਬਾ ਫੁਗਾਨੀ ਸ਼ੀਰਾ ਜੀ, ਸੰਪਾਦਨਾ ਅਹਿਮਦ ਸੁਹੇਲ ਖਾਨਸਾਰੀ ਸਿਰਕਤ ਨਸਬੀ ਇਕਬਾਲ, 1353 ਹਿਜ.
11. ਦੀਵਾਨੇ ਹਾਫਿਜ਼ ਅਨੁਵਾਦ ਮੌਲਾਨਾ ਕਾਜ਼ੀ ਸੱਜਾਦ ਹੁਸੈਨ, ਸਬਰੰਗ ਕਿਤਾਬ ਘਰ, ਦਿੱਲੀ, 1972 ਈ.

12. ਜ਼ਬੀਹੁੱਲਾ ਸਫਾ, ਕਿਤਾਬੇ ਅਦਬੀਯਾਤੇ ਈਰਾਨ, ਇੰਤਸ਼ਾਰਾਤ, ਕਿਤਾਬਖਾਨਾ ਇਬਨੇ ਸੈਨਾ ਤਹਿਰਾਨ, 1347 ਹਿਜ਼.

13. ਰੁਬਾਈਯਾਤੇ ਅਬੂਸਈਦ ਅਬੂਅਲਖੈਰ, ਸਾਦਿਕ ਬੁੱਕ ਡਿੱਪੂ ਬਾਜ਼ਾਰ, ਕਾਕੇ ਜੀਅ ਲਾਹੌਰ, ਮਿਤੀਹੀਣ।

14. ਰੁਬਾਈਯਾਤੇ ਉਮਰ ਖੱਯਾਮ ਸੰਪਾਦਨਾ ਯੂਸਫ ਜਮਜ਼ੇਦੀਪਰ, ਕਿਤਾਬ, ਫਰੋਗੀ, ਤਹਿਰਾਨ, ਮਿਤੀਹੀਣ।

15. ਰਸ਼ੀਦੋ ਲਵਾਤ, ਹਦਾਇਕ ਅਲ ਸ਼ਿਅਰ ਫੀ ਕਦਾਇਕੁਸ ਸ਼ਿਅਰ, ਮਿਤੀਹੀਣ।

16. ਜੈਨੁਲ ਆਬਿਦੀਨ ਪ੍ਰਬੰਧਦਕ ਸਿਅਰੋ ਅਦਬ ਫਾਰਸੀ, ਬੰਗਾ ਮੁਤਬੂਆਤੀ ਅਫਸਾਰੀ 1346 ਹਿਜ.

17. ਸਈਦ ਨਫੀਸੀ ਤਾਰੀਖੇ ਨਜ਼ਰਮ ਉਨਸਰ ਦਰ ਈਰਾਨ ਦਰ ਜ਼ਬਾਨੇ ਫਾਰਸੀ, ਕਿਤਾਬ ਫਰੋਗੀ ਫਰੋਗੀ, ਤਹਿਰਾਨ 1344 ਹਿਜ਼.

18. ਮੁਹੀਤੇ ਜਿਰਾਂਦੀ ਵ ਅਹਿਵਾਲ ੳ ਅਸ਼ਆਰ ਰੂਦਕੀ, ਸੰਪਾਦਨਾ, ਈਰਾਨ 1342 ਹਿਜ਼, ਤਹਿਰਾਨ।

19. ਸ਼ਿਅਰੇ ਫਾਰਸੀ ਦਰ ਹਿੰਦੋ ਪਾਕਿਤਸਾਨ, ਸੰਪਾਦਨਾ ਮੁਜ਼ੱਫਰ ਹੁਸੈਨ ਸਮੀਮ, ਸ਼ਿਰਕਤ ਨਸਬੇ ਇਕਬਾਲ ਵ ਮੁਰਫਾ ਤਹਿਰਾਨ 1349 ਹਿਜ਼.

20. ਅਬਦੁੱਲਾ ਰਾਜ਼ੀ, ਤਾਰੀਖੇ ਕਾਮਿਲ ਈਰਾਨ, ਸ਼ਿਰਰਤ ਨਸਬੀ ਹਾਜ਼ੀ ਮੁਹੰਮਦ ਹੁਸੈਨ ਇਕਬਾਲ ਵ ਮੁਰਫਾ, ਤਹਿਰਾਨ 1337 ਹਿਜ.

21. ਅਲੀ ਹਿਜੈਵਰੀ, ਜਸ਼ਫੁਲ ਮਹਜਬ ਸੰਪਾਦਨਾ ਜੋ ਕੋਂਸੀ ਇੰਤਸ਼ਾਰਾਤ ਅਮੀਰ ਕਬੀਰ, ਤਹਿਰਾਨ 1336 ਹਿਜ.

22. ਔਫੀ, ਲੁਬਾਬੁਲ ਲੁਬਾਬ ਸੰਪਾਦਨਾ, ਸਈਦ ਨਫੀਸੀ ਛਾਪਕ ਤਹਰਿਾਨ 1335 ਹਿਜ.

23. ਗਜ਼ਲੀਆਤੇ ਜਾਵੇਦਾਨੇ ਪਾਰਸੀ ਲੇਖਕ ਮੁਰਤਜ਼ਾ ਤੈਮੂਰੀ, ਕਿਤਾਬਘਰ ਸ਼ਹਿਰਯਾਰ ਅਸਫਹਾਨ 1344 ਹਿਜ.

24. ਗਜ਼ਲੀਆਤੇ ਸ਼ੋਰਅੰਗਜੇਜ਼ ਸ਼ਮਜ ਤਬਰੇਜ਼ੀ, ਸੰਪਾਦਨਾ ਫਰੀਦੂਨਕਾਰ ਕਿਤਾਬਖਾਨਾ ਫਰੋਗੀ, ਤਹਿਰਾਨ 1343 ਹਿਜ.

25. ਗਜ਼ਲੀਆਤੇ ਨਜ਼ੀਰੀ, ਨੀਸ਼ਾਪੁਰੀ, ਛਾਪਕ ਸ਼ੇਖ ਮੁਬਾਰਕ ਅਲੀ ਤਾਜਰ ਕੁਤਬ, ਆਲਮਹੀਰ ਇਲੈਕਟ੍ਰਿਕ ਪ੍ਰੈਸ, ਲਾਹੌਰ।

26. ਮਨਤੱਕੁਤੈਰ ਫਰੀਦੁੱਦੀਨ ਅੱਤਾਰ ਸੰਪਾਦਨਾ ਡਾ. ਮੁਹੰਮਦ ਜਵਾਦ ਮਸ਼ਕੂਰ ਕਿਤਾਬਫਰੋਸ਼ੀ ਤਲਾਰਾਨ ਤਬਰੇਜ਼ ਬਾਜ਼ਾਰ, ਸ਼ੀਸ਼ਰਾਖਾਨਾ ਤਹਿਰਾਨ, 1347 ਹਿਜ.

27. ਫਰ ਹਨਰਾ ਅੰਦਰਾਜ਼ ਸੰਪਾਦਨਾ ਮੁਹੰਮਦ ਪਾਧਸ਼ਾਹਾ, ਕਿਤਾਬ ਫਰੋਸ਼ੀ ਖਿਆਮ, ਤਹਿਰਾਨ 1335 ਹਿਜ.

28. ਕੁਲੀਆਤੇ-ਇਰਾਕੀ-ਸੰਪਾਦਨਾ ਸਯੀਦ ਨਫੀਸੀ-ਇੰਤਸਾਰਾਤ ਕਿਤਾਬਖਾਨਾ ਸੁਨਾਈ, ਤਹਿਰਾਨ 1338 ਹਿਜ.

29. ਕੁਲੀਯਾਤੇ-ਅਸ਼-ਆਰ-ਫਾਰਸੀ, ਮੌਲਾਨਾ ਇਕਬਾਲ ਲੌਹਰੀ, ਸੰਪਾਦਨਾ ਅਹਿਮਦ ਇਨਤਸ਼ਾਰਧ ਕਿਤਾਬਖਾਨਾ ਸੁਨਾਈ ਤਹਿਰਾਨ, 1343 ਹਿਜ.

30. ਕੁਲਿਯਾਤੇ-ਸ਼ੇਖ ਸਅਦੀ, ਸੰਪਾਦਨਾ ਮੁਹੰਮਦ ਅਲੀ ਫਿਰੌਗੀ ਇੰਤਸ਼ਾਹ ਰਾਤ-ਏ-ਜਾਬੇਦਾਨ, ਤਹਿਰਾਨ

31. ਕੁਲਿਯਾਤੇ ਸਅਦੀ ਅਲੀ ਭਾਈ ਸ਼ਰਫ ਅਲੀ ਐਂਡ ਕੰਪਨੀ, ਪਰਾਈਵੇਟ ਲਿਮ. ਮੁੰਬਈ, 1961 ਈ.

32. ਕੁਲਿਯਾਤੇ-ਖਵਾਜ਼ਾ ਜਲਾਲੂਦੀਨ ਸਲਮਾਨ ਸਾਊਜੀ, ਸੰਪਾਦਨਾ ਅਵਸਥਾ ਕਿਤਾਬ ਫਰੋਸ਼ੀ ਜ਼ਵਾਜ਼ ਤਹਿਰਾਨ, ਮਿਤੀਹੀਣ।

33. ਕੁਲਿਯਾਤੇ ਭਾਈ ਨੰਦ ਲਾਲ ਗੋਯਾ ਸੰਪਾਦਨਾ ਗੰਢਾ ਸਿੰਘ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1963.

34. ਕੁਲਿਯਾਤੇ ਗਾਲਿਬ ਸੰਪਾਦਨਾ ਅਮੀਰ ਹਸਨ ਨੂਰਾਨੀ ਰਾਮ ਕੁਮਾਰ ਬੁੱਕ ਡਿੱਪੂ, ਵਾਰਿਸ ਛਾਪਖਾਨਾ, ਮੁਨਸ਼ੀ ਨਵਲ ਕਿਸ਼ੋਰ, 1968.

35. ਮੂਲਾ ਵਾਇਜ਼ ਹੁਸੇਨ ਕਾਸ਼ਕੀ, ਅਖਲਾਕੇ, ਮੌਹਸਨੀ ਅਨੁਵਾਦ ਮੌਲਾਨਾ ਕਾਜ਼ੀ ਸੱਜਾਦ ਹੁਸੇਨ ਸਬਰੰਗ ਕਿਤਾਬਘਰ, ਦਿੱਲੀ, 1946.

36. ਸਮਨਵੀ ਮੌਲਵੀ ਮਅਨਵੀ, ਮੁਨਸ਼ੀ ਨਵਲ ਕਿਸ਼ੌਰ ਪ੍ਰੈਸ ਲਖਨਊ, 1894.

37. ਈਕੈਸਰੀ, ਬਜਮੇਸੁਖਨ, ਇੰਤਸ਼ਾਹਰਾਤ ਕਿਤਾਬ ਫਿਰੋਸ਼ੀ ਜਵਾਜ਼, ਤਹਿਰਾਨ 1342 ਹਿਜ.

**ਉਰਦੂ ਕਿਤਾਬਾਂ- 1**


1. ਆਸੀਫ ਆ ਜ਼ਮਾਨੀ, ਮਲਿਕ ਕੁਸ਼ਅਰਾ, ਤਾਲੀਬ ਆਮਲੀ, ਫਿਕਰੋਫਨ ਨਾਮੀ ਪ੍ਰੈਸ ਲਖਨਊ, 1968.
2. ਇਸਤਲਾ ਹਾਤੇ ਸੂਫੀਆ ਸੰਪਾਦਨਾ ਫਰੀਦ ਅਹਿਮਦ ਸੰਸਦੀ ਦਿੱਲੀ ਪ੍ਰਿੰਟਿੰਗ ਪ੍ਰੈਸ, 1929.
3. ਇਕਬਾਲ ਬਾਗੇਦਰਾ, ਐਜੂਕੇਸ਼ਨਲ ਬੁੱਕ ਹਾਊਸ, ਮੁਸਲਿਮ ਯੂਨੀਵਰਸਿਟੀ ਮਾਰਕਿਟ, ਅਲੀਗੜ੍ਹ, 1975.
4. ਅਨਵਬੈਗ ਐਵਾਨ, ਧਨੀਅਦਬ ਵਸਕਾਫਦ, ਵਜਮੇ ਸਕਾਫਤ ਚਕਵਾਲ ਜੇਲਮ, 1968.
5. ਅਲਤਾਫ ਹੁਸੈਨ ਹਾਲੀ ਹਿਯਾਤੇ ਸਅਦੀ ਮਕਤਬਾ ਯਾਮੀਆ ਲਿਮ. ਦਿੱਲੀ, 1970.
6. ਅਬੂਅਲ ਲੈਸ ਸਦੀਕੀ, ਗਜ਼ਲ ਅਤੇ ਮੁਤ ਗਜ਼ਲੀਨ, ਭਾਰਤੀ ਪਬਲਿਕੇਸ਼ਨਜ਼, ਬਾਜ਼ਾਰ ਮਟਿਆ ਮਹਿਲ ਦਿੱਲੀ, 1968.
7. ਅਮੀਰ ਹਸਨ ਨੂਰਾਨੀ, ਯਦੀਦ ਤਾਰੀਖੇ ਅਦਬੇ ਉਰਦੂ ਇਦਾਰੇ ਇਸ਼ਾਤ-ਏ-ਤਰਕੀ ਉਰਦੂ ਦਿੱਲੀ, 1973.
8. ਇੰਤਖਾਬੇ ਯੋਕੇ ਜ਼ਫਰ, ਅੰਜਮਨ ਤਰਕੀ, ਉਰਦੂ, ਦਿੱਲੀ, 1945.
9. ਇੰਤਖਾਬੇ-ਨੌ ਐਜੂਕੇਸ਼ਨ ਬੁੱਕ ਹਾਊਸ, ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ, 1967.
10. ਪੂਰਨ ਸਿੰਘ, ਹੁਨਰ ਯਾਮ ਵਾ ਸੰਨਦਾਨ, ਅੰਜਮਨ ਤਰੱਕੀ ਉਰਦੂ, ਅੰਮ੍ਰਿਤਸਰ, 1963.
11. ਤਨਕੀਦ ਕੇ ਬੁਨਿਆਦੀ ਮੁਸਾਇਲ ਸੰਪਾਦਨਾ, ਆਲਮ ਸਰੂਰ ਉਰਦੂ ਇਬਾਦ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ, 1967.
12. ਤਿਲਕ ਚੰਦ ਮਹਿਰੂਮ, ਰੂਬਾਈਆਤੇ ਮਹਿਰੂਮ ਮਕਤਬਾ ਯਾਮੀਆ ਲਿਮ. ਨਵੀਂ ਦਿੱਲੀ, 1971.
13. ਜਲਾਊਦੀਨ ਅਹਿਮਦ ਜਾਫਰੀ, ਨਸੀਮਉਲ ਬਲਾਗਤ ਛਾਪਾਖਾਨਾ ਅਨਵਰ ਅਹਿਮਦ, ਇਲਾਹਾਬਾਦ।
14. ਆਮਿਦ ਉੱਲਾ ਅਫਸਰ, ਨਕਦਉਲ ਅਦਬ ਨਵਲ ਕਿਸ਼ੌਰ ਪ੍ਰੈਸ, ਲਖਨਊ, 1933.

15. ਦਿਵਾਨੇ ਖਾਜ਼ਾ ਮੀਰ ਦਰਦ, ਸੰਪਾਦਨ ਡਾ. ਯਹੀਰ ਅਹਿਮਦ ਸਦੀਕੀ, ਛਾਪਾਖਾਨਾ ਸ਼ਹਰਾ ਉਰਦੂ ਬਾਜ਼ਾਰ, ਦਿੱਲੀ।

16. ਦਿਵਾਨੇ ਗਾਲਿਬ, ਸੰਪਾ. ਮਾਲਿਕ ਰਾਮ ਪ੍ਰਕਾਸ਼ਨਾ ਸਾਅਦ ਸਾਲਾ ਯਾਦਗਾਰ-ਏ-ਗਾਲਿਬ ਕਮੇਟੀ, ਦਿੱਲੀ, 1969.

17. ਦੇਵੀ ਪ੍ਰਸਾਦ ਮਿਆਰੁਲ ਬਲਾਗਤ ਨਵਲ ਕਿਸ਼ੋਰ ਪ੍ਰੈਸ, ਲਖਨਊ, 1945.

18. ਦੌਲਤ ਰਾਏ, ਸੰਖੇਪ ਜੀਵਨੀ ਗੁਰੂ ਗੋਬਿੰਦ ਸਿੰਘ ਜੀ, ਆਰੀਆ ਸਿਸਟਮ ਪ੍ਰੈਸ, ਲਾਹੌਰ, 1910.

19. ਰਜ਼ਾਜਾਦਾ ਸਫਰਕ, ਤਾਰੀਖੇ-ਏ-ਅਦਬੀ ਆਤੇ ਈਰਾਨ ਅਨੁਵਾਦ, ਸੱਸਦ ਮੁਬਾਰ ਜ਼ੁਦੀਨ ਰਿਫਅਤਨਦਵਾ ਯਾਮਾ ਮਸਜਿਦ, ਦਿੱਲੀ।

20. ਰਾਮ ਸਰੂਪ ਕੌਸ਼ਲ, ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ, ਦ ਪੰਜਾਬ ਸਕੂਲ ਸਪਲਾਈ ਡਿੱਪੂ, ਚੰਡੀਗੜ੍ਹ।

21. ਸਲਾਮ ਸਨਦੇਲਵੀ ਉਰਦੂ ਰੁਬਾਇਅਤ, ਨਸੀਮ ਬੁੱਕ ਡਿੱਪੂ, ਲਖਨਊ, 1963.

22. ਸਯੀਅਦ ਅਬਦੁੱਲਾ, ਅਦਬੀਅਤ ਫਾਰਸੀ ਮੇਲ ਹਿੰਦਊਜਾ ਹਿੱਸਾ, ਅੰਜਮਨ ਤਰੱਕੀ, ਉਰਦੂ, ਦਿੱਲੀ, 1943.

23. ਸ਼ਵਾਲੀ ਨਊਮਾਨੀ, ਸ਼ੇਰੁਵੁਲਅਜ਼ਮ (5 ਹਿੱਸੇ) ਛਾਪਾਖਾਨਾ ਮੁਅਰਫ ਆਜ਼ਮਗੜ੍ਹ, 1945-1957.

24. ਸ਼ਵਲੀਨਊਮਾਨੀ, ਮੌਲਾਨਾ ਰੂਮ ਕਿਤਾਬਖਾਨਾ ਨਜ਼ੀਰੀਅ ਮੁਸਲਿਮ ਮੰਜ਼ਿਲ, ਦਿੱਲੀ।

25. ਸਵਾਹੂਦੀਨ ਅਬਦੁਲ ਰਹੀਮਾਨ, ਬਜਮ-ਏ-ਸੂਫੀਆ, ਮਅਰਫ ਦਾ-ਊਲ ਮੂਸਾਨਾਫੀ ਆਜ਼ਮਗੜ੍ਹ, 1971.

26. ਅਬਦੁਲ ਆਹਦ ਖਾਨ, ਖਲੀਲ, ਉਰਦੂ ਗਜ਼ਲ ਕੇ 50 ਸਾਲ, ਨਸੀਮ ਬੁੱਕ ਡਿੱਪੂ, ਲਖਨਊ, 1967.

27. ਅਬਦੁਲ ਕਾਜੀਰ ਸਰਵਰੀ ਜਦੀਦ, ਉਰਦੂ ਸ਼ਾਅਰੀ ਅਜ਼ਾਦ ਬੁੱਕ ਡਿੱਪੂ, ਅੰਮ੍ਰਿਤਸਰ, 1945.

28. ਫਿਰੋਜ਼ੁਦੀਨ, ਫਿਰੋਜ਼ਉਲ ਲੁਗਾਤ, ਜੇ.ਐਸ. ਸੰਤ ਸਿੰਘ ਐਂਡ ਸੰਨਜ਼, ਦਿੱਲੀ।

29. ਕਦਾਮਾਬਿਨ ਜ਼ਾਫਰ ਨਕਦਊਲ ਸ਼ੇਅਰ ਨਿਜ਼ਾਮੀ ਪ੍ਰੈਸ, ਲਖਨਊ, 1933.

30. ਕੁਲਿਯਾਤੇ ਮੀਰ ਸੰਪ. ਯੀਮੇ ਅਬਾਸ ਅਬਾਸੀ ਇਲਮੀ, ਮਜਲੀਮ 1968.

31. ਮੁਹੰਮਦ ਸਾਲੇਹ ਕੰਮਬੋਜ਼, ਅਮਲੇ ਸਾਲਿਹ ਜਾ ਸ਼ਾਹਯਾਰਾ ਨਾਮਾ, ਲਾਹੌਰ, 1974.

32. ਨਵਾਏਜ਼ਫਰ ਕਲਾਮੇ ਬਹਾਦੁਰਸ਼ਾਹ ਜ਼ਫਰ ਸੰਪ. ਖਲੀਲ ਉਲ ਰਹਿਮਾਨ ਆਦਮੀ ਅੰਜਮਨ ਤਰੱਕੀ, ਉਰਦੂ ਦਿੱਲੀ, 1775.

33. ਵਹੀਦ ਅਖਤਰ, ਖਵਾਜ਼ਾ ਮੀਰ ਦਰਦ, ਸੂਫੀ ਇਬਾਦਤ ਸ਼ਾਇਰੀ, ਅੰਜ਼ਮਨ ਤਰੱਕੀ, ਉਰਦੂ, ਅਲੀਗੜ੍ਹ, 1971.

34. ਡਾ. ਗੁਰਦੇਵ ਸਿੰਘ (ਸੰਪ.), ਹੀਰ ਦਮੋਦਰ, ਲਾਹੌਰ, 1869.

**ਅਰਬੀ**

1. ਕੁਰਆਨ ਮਜ਼ੀਦ ਅਕਸੀ, ਕਰੀਮੀ ਪ੍ਰੈਸ, ਮੁੰਬਈ।

**ਪੰਜਾਬੀ ਕਿਤਾਬਾਂ:**

1. ਅਸ਼ੋਕ, ਸ਼ਮਸ਼ੇਰ ਸਿੰਘ, **ਰਹਿਤਮਾਨਾ,** ਸਿੱਖ ਹਿਸਟਰੀ ਰੀਸਰਚ ਬੋਰਡ, ਅੰਮ੍ਰਿਤਸਰ, 1979.

2. ਇੰਦੂਭੂਸ਼ਨ ਬੈਨਰਜੀ, **ਖਾਲਸੇ ਦੀ ਉਤਪਤੀ** (ਪਹਿਲੀ ਜਿਲਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

3. ਸਰੂਪਦਾਸ ਭੱਲਾ, **ਮਹਿਮਾ ਪ੍ਰਕਾਸ਼,** ਗੋਬਿੰਦ ਸਿੰਘ ਲਾਂਬਾ, ਖਜਾਨ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

4. ਸਾਹਿਬ ਸਿੰਘ (ਪ੍ਰੋ.), **ਜੀਵਨ ਬਿਰਤਾਂਤ ਗੁਰੂ ਗੋਬਿੰਦ ਸਿੰਘ ਜੀ,** ਸਿੰਘ ਬ੍ਰਦਰਜ਼, ਮਾਈ ਸੇਵਾ, ਅੰਮ੍ਰਿਤਸਰ, 1972.

5. ________, **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,** ਰਾਜ ਪਬਲਿਸ਼ਰਜ਼ (ਰਜਿ.), ਜਲੰਧਰ, 1969.

6. ________, **ਜੀਵਨ ਬਿਰਤਾਂਤ ਗੁਰੂ ਗੋਬਿੰਦ ਸਿੰਘ ਜੀ,** ਸਿੰਘ ਬ੍ਰਦਰਜ਼, ਮਾਈ ਸੇਵਾ, ਅੰਮ੍ਰਿਤਸਰ, 1972.

7. ਸਿੱਖ ਮਿਸ਼ਨਰੀ ਸੈਂਟਰ, **ਸਿੱਖ ਧਰਮ,** ਰੀਜੈਂਨਸੀ ਪਬਲੀਕੇਸ਼ਨ, ਨਵੀਂ ਦਿੱਲੀ, 1971.

8. **ਸ੍ਰੀ ਗੁਰੂ ਗ੍ਰੰਥ ਸਾਹਿਬ,** ਸ਼ਬਦਾਰਥ (ਚਾਰੇ ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1965.

9. ਹਰਭਜਨ ਸਿੰਘ, **ਸਾਚਿ ਪ੍ਰੀਤਿ** ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, 1967.

10. ਹਰਬੰਸ ਸਿੰਘ ਤੇਗ, ਗਿਆਨੀ, **ਮਨੁ ਰਾਜਾ ਸੁਲਤਾਨ,** ਸਿੰਘ ਬ੍ਰਦਰਜ਼, ਮਾਈ ਸੇਵਾ, ਅਮ੍ਰਿਤਸਰ, 1975.

11. ਕਾਨ੍ਹ ਸਿੰਘ ਨਾਭਾ, ਭਾਈ, **ਮਹਾਨ ਕੋਸ਼,** ਡਾ. ਚਤਰ ਸਿੰਘ ਜੀਵਨ ਸਿੰਘ, ਅਮ੍ਰਿਤਸਰ,

12. ਕੁਇਰ ਸਿੰਘ, **ਗੁਰਬਿਲਾਸ ਪਾਤਸ਼ਾਹੀ-10,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

13. ਗੰਡਾ ਸਿੰਘ, **ਭਾਈ ਨੰਦ ਲਾਲ ਗ੍ਰੰਥਾਵਲੀ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

14. ਗੁਰਬਖਸ਼ ਸਿੰਘ, ਕਾਲਾ ਅਫਗਾਨਾ, **ਸੱਚ ਦਾ ਮਾਰਗ** (ਭਾਗ ਦੂਜਾ), ਸ੍ਰੀ ਅਕਾਲ ਸਹਾਇ ਸੁਸਾਇਟੀ (ਰਜਿ.), ਅੰਮ੍ਰਿਤਸਰ, 1998.

15. ਗੁਰਦਾਸ ਜੀ, ਭਾਈ, **ਵਾਰਾਂ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1966.

16. ਜੱਗੀ, ਰਤਨ ਸਿੰਘ, **ਸਿੱਖ ਪੰਥ ਵਿਸ਼ਵਕੋਸ਼,** ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.

17. ________, ਗੁਰਸ਼ਰਨ ਕੌਰ ਜੱਗੀ, **ਸ੍ਰੀ ਦਸਮ ਗ੍ਰੰਥ ਸਾਹਿਬ, ਪਾਠ-ਸੰਪਾਦਨ ਅਤੇ ਵਿਆਖਿਆ,** ਗੋਬਿੰਦ ਸਦਨ, ਗਦਾਈਪੁਰ, ਮਹਿਰੌਲੀ, ਨਵੀਂ ਦਿੱਲੀ, 1999.

18. ਜੋਧਾ ਸਿੰਘ, ਪ੍ਰਿੰ. **ਗੁਰਮਤਿ ਨਿਰਣਧਿ,** ਪ੍ਰਕਾਸ਼ਕ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003.

19. ਜੰਗ ਸਿੰਘ, ਗਿਆਨੀ, **ਹਰਿ ਕੀਆ ਕਥਾ ਕਹਾਣੀਆਂ,** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮ., ਲੁਧਿਆਣਾ, 2007.

20. ________, **ਤੇਰਾ ਏਕੁ ਨਾਮੁ ਤਾਰੇ ਸੰਸਾਰ,** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮ., ਲੁਧਿਆਣਾ, 2007.

21. ਢਿੱਲੋਂ, ਜਸਵਿੰਦਰ ਕੌਰ, **ਪ੍ਰਮੁੱਖ ਸਿੱਖ ਸੰਸਥਾਵਾਂ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005.

22. ਢਿੱਲੋਂ, ਨਸੀਬ ਕੌਰ, **ਗੁਰਮਤਿ ਵਿਚਾਰ,** ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟਰੀਅਲ ਸੋਸਾਇਟੀ ਲਿਮ., ਦਿੱਲੀ, 1985.

23. ਤਰਲੋਚਨ ਸਿੰਘ (ਸੰਪਾ.), **ਸਿੱਖਾਂ ਦੀ ਭਗਤ ਮਾਲਾ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

24. ਦਰਸ਼ਨ ਸਿੰਘ (ਡਾ.), **ਭਾਈ ਗੁਰਦਾਸ-ਸਿੱਖੀ ਦੇ ਪਹਿਲੇ ਵਿਆਖਿਆਕਾਰ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

25. ਦੀਵਾਨ ਸਿੰਘ (ਡਾ.), **ਗੁਰਮਤਿ ਵਿਚਾਰ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1998.

26. _______, **ਸਿੱਖ ਧਰਮ ਬਾਰੇ,** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮ., ਲੁਧਿਆਣਾ, 1988.

27. _______, **ਗੁਰਮਤਿ ਸਿਧਾਂਤ,** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਮਿਲ., ਲੁਧਿਆਣਾ, 1988.

28. _______, **ਗੁਰਮਤਿ ਗਿਆਨ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1994.

29. ਦਿਲਗੀਰ ਹਰਜਿੰਦਰ ਸਿੰਘ (ਡਾ.), **ਸਿੱਖ ਕਲਚਰ,** ਲੇਖਕ ਅਤੇ ਪ੍ਰਕਾਸ਼ਕ, ਡਾ. ਹਰਜਿੰਦਰ ਸਿੰਘ ਦਿਲਗੀਰ, P.O. Box 1103, ISHOJ, OK-2635-Denmark, 1994.

30. ਧਰਿ, ਕੁਲਦੀਪ ਸਿੰਘ, **ਸਿੱਖ ਧਰਮ ਦਰਸ਼ਨ,** ਵੈਲਵਿਸ਼ਰ ਪਬਲਿਸ਼ਰਜ਼, ਦਿੱਲੀ, 1998.

31. _______, **ਗੁਰਬਾਣੀ: ਜੋਤਿ ਅਤੇ ਜੁਗਤ,** ਪੰਜਾਬੀ ਪਬਲੀਕੇਸ਼ਨ, ਪਟਿਆਲਾ, 1994.

32. ਪਰਵਾਨਾ, ਜਸਵੰਤ ਸਿੰਘ (ਗਿਆਨੀ), **ਧਰਕ ਕਲਾ,** ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ, 1994.

33. ਪਦਮ, ਪ੍ਰੋ. ਪਿਆਰਾ ਸਿੰਘ, **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ,** ਛਾਪਕ ਹਮਦਰਦ ਪ੍ਰਿੰਟਿੰਗ ਪ੍ਰੈਸ, ਮਾਈ ਹੀਰਾ ਗੇਟ, ਜਲੰਧਰ, 1976.

34. _______, **ਕਲਾਮ ਭਾਈ ਨੰਦ ਲਾਲ ਜੀ,** ਕਮਲ ਮੰਦਿਰ ਲੋਅਰ ਮਾਲ, ਪਟਿਆਲਾ, 1985.

35. _______, **ਰਹਿਤਨਾਮਾ,** ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 1974.

36. _______, **ਗੁਰੂ ਗ੍ਰੰਥ ਸੰਕੇਤ ਕੋਸ਼,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

37. _______, **ਗੁਰੂ ਗ੍ਰੰਥ ਵਿਚਾਰ ਕੋਸ਼,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

38. **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,** ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 1977.

39. ਪ੍ਰਤਾਪ ਸਿੰਘ (ਗਿਆਨੀ), **ਗੁਰਮਤਿ ਫਿਲਾਸਫੀ,** ਪ੍ਰਕਾਸ਼ਕ, ਖਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ।

40. ਬਲਕਾਰ ਸਿੰਘ (ਡਾ.), **ਸਿੱਖ ਅਧਿਐਨ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

41. ਬੇਦੀ, ਗੁਰਨਾਮ ਕੌਰ, **ਗੁਰਮਤਿ ਸੰਕਲਪ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1999.

42. ਭਗਤ ਸਿੰਘ, **ਗੁਰੂ ਬਿਲਾਸ ਪਾਤਸ਼ਾਹੀ-6,** ਗੁਰਮੁਖ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

43. ਭਾਈ ਵੀਰ ਸਿੰਘ, **ਗੰਜਨਾਮਾ,** ਖਾਲਸਾ ਸਮਾਚਾਰ, ਅੰਮ੍ਰਿਤਸਰ।

44. ਮਹਿੰਦਰ ਸਿੰਘ, **ਸਿੱਖ ਸੰਸਕਾਰ ਅਤੇ ਮਰਿਆਦਾ,** ਧਰਮ ਪ੍ਰਚਾਰ ਕਮੇਟੀ, ਚੀਫ ਖਾਲਸਾ ਦੀਵਾਨ।

45. ਮਨੀ ਸਿੰਘ (ਸਿੰਘ ਸਾਹਿਬ ਗਿਆਨੀ), **ਵਾਰਾਂ ਭਾਈ ਗੁਰਦਾਸ ਜੀ ਸਟੀਕ,** ਪ੍ਰਕਾਸ਼ਕ: ਗਿਆਨੀ ਮਨੀ ਸਿੰਘ ਗੁਰਮਤਿ ਸਾਹਿਬ ਚੈਰੀਟੇਬਲ ਟਰਸਟ, ਸ੍ਰੀ ਅੰਮ੍ਰਿਤਸਰ, 1998.

**English Books:**

1. Hari Ram Gupta, **History of Sikh Gurus,** Kapoor & Sons, Publication, New Delhi, 1973.

2. Sher Singh (Dr.), **Philosophy of Sikhism,** Shiromani Gurudwara Prabandhak Committee, Amritsar, 1986.

# ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ

**ਨਿਗਰਾਨ: ਡਾ. ਰਾਜਿੰਦਰ ਕੌਰ ਰੋਹੀ ਪ੍ਰੋਫੈਸਰ, ਧਰਮ ਅਧਿਐਨ ਵਿਭਾਗ,**

**ਖੋਜਾਰਥੀ: ਰੁਪਿੰਦਰਜੀਤ ਸਿੰਘ**

**ਮੁੱਖ ਸ਼ਬਦ: ਜ਼ਿੰਦਗੀਨਾਮਾ, ਗਜ਼ਲੀਅਤ, ਤੌਸੀਫ-ਓ-ਸਨਾ, ਗੰਜਨਾਮਾ, ਜੋਤਿ ਬਿਗਾਸ**

ਇਸ ਖੋਜ ਨਿਬੰਧ ਦਾ ਵਿਸ਼ਾ ਹੈ, **'ਭਾਈ ਨੰਦ ਲਾਲ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ'**। ਨਿਰਸੰਦੇਹ ਅਤੇ ਬਿਨਾਂ ਕਿਸੇ ਵਾਦ-ਵਿਵਾਦ ਤੋਂ ਭਾਈ ਨੰਦ ਲਾਲ ਜੀ ਸਿੱਖ ਕੌਮ ਦੇ ਇਕ ਮਹਾਨ ਅਤੇ ਉੱਘੇ ਵਿਦਵਾਨ ਹੋਏ ਹਨ, ਪਰ ਨਾਲ ਹੀ ਉਹ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਇਕ ਮੰਨੇ-ਪ੍ਰਮੰਨੇ ਕਵੀ ਵੀ ਰਹੇ ਸਨ। ਇਸ ਖੋਜ-ਨਿਬੰਧ ਵਿਚ ਉਨ੍ਹਾਂ ਦੀਆਂ ਰਚਨਾਵਾਂ ਵਿਚ ਮਿਲੇ ਸਿੱਖੀ ਸਿਧਾਂਤਾਂ ਨੂੰ ਵਿਸਥਾਰਪੂਰਵਕ ਅਤੇ ਆਲੋਚਨਾਤਮਕ ਤਰੀਕੇ ਨਾਲ ਬਿਆਨ ਕਰਨ ਦਾ ਮੇਰਾ ਨਿਮਾਣਾ ਜਿਹਾ ਯਤਨ ਜਾਂ ਕੋਸ਼ਿਸ਼ ਰਹੀ ਹੈ। ਸਭ ਤੋਂ ਪਹਿਲਾ ਅਧਿਆਏ ਭੂਮਿਕਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਵਿਚ ਭਾਈ ਨੰਦ ਲਾਲ ਦੇ ਸਮੇਂ ਦੀਆਂ ਹੋਰ ਰਚਨਾਵਾਂ ਦਾ ਜ਼ਿਕਰ ਆਉਂਦਾ ਹੈ ਅਤੇ ਉਨ੍ਹਾਂ ਰਚਨਾਵਾਂ ਦਾ ਭਾਈ ਨੰਦ ਲਾਲ ਜੀਹ ਤੇ ਕੀ ਪ੍ਰਭਾਵ ਸੀ ਅਤੇ ਭਾਈ ਨੰਦ ਲਾਲ ਨੇ ਖੁੱਦ ਕਿੰਨ੍ਹਾਂ ਵਿਸ਼ਿਆਂ ਨੂੰ ਲੈ ਕੇ ਵੱਖ-ਵੱਖ ਪੁਸਤਕਾਂ ਰਚੀਆਂ ਇਸ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਗਿਆ ਹੈ। ਦੂਜੇ ਅਧਿਆਏ ਵਿਚ ਭਾਈ ਸਾਹਿਬ ਦੇ ਮੁੱਢਲੇ ਜੀਵਨ ਦੀ ਭਰਪੂਰ ਚਰਚਾ ਕੀਤੀ ਗਈ ਹੈ। ਉਨ੍ਹਾਂ ਦੇ ਬਚਪਨ, ਸਿੱਖਿਆ, ਮੁੱਢਲੀ ਨੌਕਰੀ, ਮਾਤਾ-ਪਿਤਾ ਅਤੇ ਉਨ੍ਹਾਂ ਦੇ ਪਰਿਵਾਰ ਦੀ ਹਾਲਤ ਬਾਰੇ ਦਸਦਿਆਂ ਹੋਇਆਂ ਕਿਹੜੀਆਂ ਉਨ੍ਹਾਂ ਦੇ ਜੀਵਨ ਵਿਚ ਤਬਦੀਲੀਆਂ ਆਈਆਂ, ਉਨ੍ਹਾਂ ਦੀ ਆਲੋਚਨਾਤਮਕ ਢੰਗ ਨਾਲ ਚਰਚਾ ਕੀਤੀ ਗਈ ਹੈ। ਤੀਜੇ ਅਧਿਆਇ ਦਾ ਸਿਰਲੇਖ ਜਾਣ-ਪਛਾਣ: ਰਚਨਾਵਾਂ ਭਾਈ ਨੰਦ ਲਾਲ ਗੋਯਾ ਦੇ ਅਧੀਨ ਯਤਨ ਰਿਹਾ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਦੇ ਹਰੇਕ ਪਹਿਲੂ ਨੂੰ ਉਭਾਰਿਆ ਜਾਵੇ ਅਤੇ ਭਾਈ ਨੰਦ ਲਾਲ ਦੀ ਲੇਖਕ ਦੇ ਰੂਪ ਵਿਚ ਸ਼ਖਸੀਅਤ ਨੂੰ ਕੇਵਲ ਉਭਾਰਿਆ ਹੀ ਨਾ ਜਾਵੇ ਸਗੋਂ ਹੋਰ ਲੇਖਕਾਂ ਨਾਲ ਉਨ੍ਹਾਂ ਦੀ ਤੁਲਨਾ ਕਰਕੇ ਉਨ੍ਹਾਂ ਨੂੰ ਇਕ ਖਾਸ ਲੇਖਕਾਂ ਦੇ ਵਰਗ ਵਿਚ ਰੱਖਿਆ ਜਾਵੇ। ਸਿਧਾਂਤਕ ਵਿਸ਼ਲੇਸ਼ਣ: ਰਚਨਾਵਾਂ ਭਾਈ ਨੰਦ ਲਾਲ ਗੋਯਾ ਚੌਥੇ ਅਧਿਆਇ ਦਾ ਸਿਰਲੇਖ ਹੈ। ਇਸ ਵਿਚ ਭਾਈ ਸਾਹਿਬ ਦੀਆਂ ਰਚਨਾਵਾਂ ਦਾ ਸਿਧਾਂਤਕ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਇਸ ਆਧਾਰ ਤੇ ਉਸ ਸਮੇਂ ਦੀ ਕੀ ਹਾਲਤ ਸੀ, ਉਸਦਾ ਵਰਣਨ ਕੀਤਾ ਗਿਆ ਹੈ। ਜਿੱਥੇ ਤੱਕ ਇਸ ਖੋਜ ਕੰਮ ਦੇ ਸਿੱਟੇ ਦਾ ਪ੍ਰਸ਼ਨ ਹੈ ਉਸ ਵਿਚ ਇਹ ਦੱਸਣ ਦਾ ਯਤਨ ਰਿਹਾ ਹੈ ਕਿ ਭਾਈ ਨੰਦ ਲਾਲ ਜੀ ਦਾ ਜੀਵਨ ਕਿੰਨ੍ਹਾਂ-ਕਿੰਨ੍ਹਾਂ ਪੜਾਵਾਂ ਵਿਚੋਂ

ਨਿਕਲ ਕੇ ਇਕ ਬਹੁਤ ਹੀ ਉੱਘੇ ਵਿਚਾਰਵਾਨ ਲੇਖਕ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ। ਉਨ੍ਹਾਂ ਦੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚ ਕੀ ਥਾਂ ਰਹੀ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੇ ਉਨ੍ਹਾਂ ਨੂੰ ਕਿਸ ਕਿਸਮ ਦਾ ਸਿਹਰਾ ਦਿੱਤਾ, ਇਸ ਦਾ ਵੀ ਪਤਾ ਚੱਲਦਾ ਹੈ। ਇਸ ਖੋਜ-ਕਾਰਜ ਦੇ ਅੰਤ ਵਿਚ ਪੁਸਤਕ-ਸੂਚੀ ਦਿੱਤੀ ਗਈ ਹੈ ਜਿਸ ਦੇ ਆਧਾਰ ਤੇ ਇਹ ਕੰਮ ਪੂਰਾ ਕੀਤਾ ਗਿਆ ਹੈ। ਨਿਚੋੜ ਵਜੋਂ ਫਿਰ ਦੋਹਰਾਣਾ ਠੀਕ ਹੋਵੇਗਾ ਕਿ ਸਿੱਖ ਵਿਦਵਾਨਾਂ ਵਿਚ ਭਾਈ ਨੰਦ ਲਾਲ ਗੋਯਾ ਦਾ ਨਾਂ ਮੋਢੀਆਂ ਵਿਚੋਂ ਇਕ ਹੈ। ਆਪ ਦੀਆਂ ਰਚਨਾਵਾਂ ਸਿੱਖ ਰੂਹਾਨੀਅਤ ਦਾ ਅਨਮੋਲ ਸੋਮਾ ਬਣ ਗਈਆਂ ਹਨ।